ੴ ਸਤਿਗੁਰ ਪ੍ਰਸਾਦਿ ॥

*ਸ਼੍ਰੀ ਹਜ਼ੂਰ ੧੧੧ ਸਰਬੋਪਮਾਯੋਗਯ*

# ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੀ

# ਜੀਵਨ ਗਾਥਾ

ਅਤੇ ਉਨ੍ਹਾਂ ਤੋਂ ਵਰੋਸਾਏ ਹੋਏ ਕਈ ਹੋਰ ਮਹਾਂਪੁਰਸ਼ਾਂ ਦੇ

# ਜੀਵਨ ਚਮਤਕਾਰ

ਲੇਖਕ: ਗਿਆਨੀ ਮੋਹਣ ਸਿੰਘ ਜੀ 'ਆਜ਼ਾਦ'

ਪ੍ਰਕਾਸ਼ਕ: ਗੁਰਦਵਾਰਾ ਕਰਮਸਰ ਰਾੜਾ ਸਾਹਿਬ ਟਰੱਸਟ

This book is available from Gurdwara Karamsar Rara Sahib Trust. However for internet users, it is being provided in Acrobat PDF format. All copyrights of its publishing & digital format are reserved with Gurdwara Karamsar Rara Sahib Trust.

ਨੋਟ: ਪੁਸਤਕ ਵਿੱਚ ਲਿਖੇ ਵੀਚਾਰ ਲੇਖਕ ਦੇ ਆਪਣੇ ਨਿੱਜੀ ਹਨ। ਜ਼ਰੂਰੀ ਨਹੀਂ ਕਿ ਪ੍ਰਕਾਸ਼ਕ ਲੇਖਕ ਦੇ ਸਾਰੇ ਵੀਚਾਰਾਂ ਨਾਲ ਸਹਿਮਤ ਹੋਣ।

Dedicated to 100th Birth Anniversary of His Holiness Sant Isher Singh ji Maharaj Rara Sahib Wale

# ਤਤਕਰਾ ਜੀਵਨ ਗਾਥਾ

## ਪਹਿਲਾ ਭਾਗ

ਸਮਰਪਣ
ਮੁੱਖ ਬੰਦ
ਪੁਸਤਕ ਬਾਰੇ
ਲੇਖਕ ਦੀ ਜਾਣ-ਪਛਾਣ
ਲੇਖਕ ਦੀ ਕਲਮ ਦਾ ਪ੍ਰਭਾਵ
ਲੇਖਕ ਵਲੋਂ
ਫੋਟੋ ਕਿਵੇਂ ਮਿਲੀ?
ਹੋਰ ਰੀਕਾਰਡ ਦੀ ਪ੍ਰਾਪਤੀ
ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਉਦਾਰਤਾ
ਅੰਤਮ ਬੇਨਤੀ
ਮਾਨਯੋਗ ਹਸਤੀਆਂ ਦੇ ਸ਼ੁਭ ਵਿਚਾਰ
ਸੰਤ ਗਿਆਨੀ ਕਿਰਪਾਲ ਸਿੰਘ ਜੀ
ਗਿਆਨੀ ਵਰਿਆਮ ਸਿੰਘ ਜੀ ਧੂਰਕੋਟ
ਸਿੰਘ ਸਾਹਿਬ ਕਪੂਰ ਸਿੰਘ ਜੀ
ਕੁਝ ਸ਼ਬਦ (ਸੂ: ਸ਼ਮਸ਼ੇਰ ਸੰਘ ਜੀ 'ਅਸ਼ੋਕ')
ਗੁਰਮਤਿ ਕਸਵੱਟੀ (ਗਯਾਨੀ ਮਹਿੰਦਰ ਸਿੰਘ ਜੀ 'ਰਤਨ')
ਧੰਨਵਾਦ
ਆਰੰਭਕ ਪ੍ਰਾਰਥਨਾ

## ਪਹਿਲਾ ਭਾਗ

### ਪਹਿਲਾ ਕਾਂਡ

ਜਨਮ ਅਸਥਾਨ
ਜਨਮ
ਬਿੰਦੀ ਬੰਸਵਾਲੀ
ਜਨਮ ਸੰਸਕਾਰ ਤੇ ਨਾਮ ਸੰਸਕਾਰ
ਗੁਰਮਤਿ ਦੀ ਪੜ੍ਹਾਈ

### ਦੂਸਰਾ ਕਾਂਡ

ਫੌਜ ਦੀ ਨੌਕਰੀ
ਹੋਤੀ ਮਰਦਾਨ ਵਾਲੇ ਮਹਾਂ-ਪੁਰਸ਼
ਸੰਤ ਮਿਲਾਪ
ਨਾਮ ਦੀ ਦਾਤ ਪ੍ਰਾਪਤ ਹੋਣੀ
ਸੰਤ ਸੰਪ੍ਰਦਾਇ ਦੀ ਨਾਦੀ ਬੰਸਾਵਲੀ
ਰੇਰੂ ਸਾਹਿਬ ਦੇ ਦਰਸ਼ਨ

ਹੌਲਦਾਰੀ ਦਾ ਵਰ
ਰੇਰੂ ਸਾਹਿਬ ਦੀ ਸੇਵਾ ਕਰਾਉਣ ਦਾ ਹੁਕਮ
ਸਰਕਾਰ ਵਲੋਂ ਇਨਾਮ
ਰੇਰੂ ਸਾਹਿਬ ਦੇ ਦਰਸ਼ਨ
ਕਲਗੀਆਂ ਵਾਲੇ ਪਾਤਸ਼ਾਹ ਦੇ ਰੇਰੂ ਸਾਹਿਬ ਆਉਣ ਦਾ ਪ੍ਰਸੰਗ
ਗੁਰਦੁਆਰਾ ਰੇਰੂ ਸਾਹਿਬ ਦੀ ਸੇਵਾ ਦਾ ਆਰੰਭ
ਸੰਤਾਂ ਦੀ ਪੈਨਸ਼ਨ ਹੋਣੀ

## ਤੀਸਰਾ ਕਾਂਡ

ਸੰਤਾਂ ਨੇ ਕਠਨ ਤਪ ਕੀਤਾ
ਪਸ਼ੂ ਪਰੇਤ ਮੁਗਧ ਕਉ ਤਾਰੇ
ਸੰਤਾਂ ਦੀ ਨਿਤ ਕਿਰਿਆ
ਮੰਜੀ ਸਾਹਿਬ ਦੀ ਆਰੰਭਤਾ
ਮਹਾਰਾਜਾ ਪਟਿਆਲੇ ਦਾ ਦਰਸ਼ਨਾਂ ਵਾਸਤੇ ਆਉਣਾ
ਪਟਿਆਲੇ ਤੋਂ ਰਾਜ ਮਾਤਾ ਦਰਸ਼ਨ ਕਰਣ ਆਈ
ਰਾਮਪੁਰ ਪਿੰਡ ਦੇ ਦਾਰੇ ਤੇ ਕ੍ਰਿਪਾ ਕਰਨੀ
ਨੇਤ੍ਰਹੀਨਾਂ ਨੂੰ ਕੀਰਤਨ ਦੀ ਦਾਤ ਤੇ ਗ਼ਰੀਬ ਬੱਚੇ ਪੰਜਾਬੀ ਪੜ੍ਹਾਏ
ਭੈਣੀ ਸਾਹਿਬ ਤੋਂ ਬਾਬਾ ਪ੍ਰਤਾਪ ਸਿੰਘ ਜੀ ਦਰਸ਼ਨਾਂ ਨੂੰ ਆਏ
ਬੱਬਰ ਅਕਾਲੀ
ਸੈਦੂ ਸਾਹਿਬ ਦੀ ਯਾਤਰਾ
ਜਿਥੇ ਪ੍ਰੇਮ ਨਾ ਹੋਵੇ ਉਥੋਂ ਜਾਣਾ ਹੀ ਭਲਾ ਹੈ
ਸੰਤਾਂ ਦੀ ਕਠਨ ਤਤਿੱਖਿਆ
ਮਾਘ ਨੌਮੀ ਦਾ ਜੋੜ ਮੇਲਾ
ਚੌਂਕੀਦਾਰ ਨੂੰ ਬਖ਼ਸ਼ਿਸ਼
ਹੋਤੀ ਮਰਦਾਨ ਦੇ ਦਰਸ਼ਨ
ਰੇਰੂ ਸਾਹਿਬ ਵਾਪਸ ਆਏ
ਸੈਦੂ ਸਾਹਿਬ ਦੀ ਯਾਤਰਾ

## ਚੌਥਾ ਕਾਂਡ

ਨਜ਼ੁੱਲਾ ਖ਼ਾਂ ਪਠਾਣ ਨੂੰ ਪੁੱਤਰ ਦੀ ਦਾਤ ਬਖ਼ਸ਼ਣੀ
ਗ਼ਰੀਬ ਨਿਵਾਜ਼ ਬਿਰਦ ਦੀ ਪਾਲਣਾ
ਭਗਤ ਨਾਨਕ ਸਿੰਘ ਰਵਿਦਾਸੀਆ
ਸਾਲਾਨਾ ਜੋੜ ਮੇਲੇ ਤੇ ਸੈਦੂ ਪੁੱਜਣਾ
ਸੈਦੂ ਦਾ ਜੋੜ ਮੇਲਾ
ਜ਼ਿਆਰਤ ਕਾਕਾ ਸਾਹਿਬ
ਪੰਜਾਬ ਨੂੰ ਵਾਪਸ ਆਉਣ ਦੀ ਤਿਆਰੀ
ਪੰਜਾ ਸਾਹਿਬ ਦੀ ਯਾਤਰਾ
ਸ੍ਰੀ ਰੇਰੂ ਸਾਹਿਬ ਪੁੱਜਣਾ
ਬੇ-ਅਵਾਜ਼ ਹਲਟ ਦਾ ਕੁੱਤਾ

ਅਤਰਸਰ

## ਪੰਜਵਾਂ ਕਾਂਡ

ਹੋਲੇ-ਮਹੱਲੇ ਨੂੰ ਆਨੰਦਪੁਰ ਸਾਹਿਬ ਜਾਣਾ
ਬੱਚਾ ਰਾਜ਼ੀ ਕੀਤਾ ਤੇ ਅਹੁਦਾ ਬਖ਼ਸ਼ਿਆ
ਕਟਾਹਰੀ ਪਿੰਡ ਦੇ ਤਾਰਾ ਸਿੰਘ ਨੂੰ ਪੁੱਤਰ ਦਾ ਵਰ
ਸੰਤਾ ਸਿੰਘ ਸ੍ਰੀ ਮਾਨ
ਭਾਈ ਤਾਰਾ ਸਿੰਘ
ਲੰਗੜੇ ਸਿੱਖ ਦੀ ਲੱਤ ਠੀਕ ਹੋਣੀ
ਚੰਗੀ ਸਿਹਤ ਬਣਾਉਣ ਲਈ ਸਿੱਖਿਆ
ਬੀਬੀ ਭਗਵਾਨ ਕੌਰ ਤੇ ਕਿਰਪਾ
ਸ਼ੁੱਧ ਅੰਨ ਦੀ ਬਰਕਤ
ਵੰਡ ਕੇ ਛਕਣ ਦਾ ਉਪਦੇਸ਼
ਬਾਬਾ ਆਇਆ ਸਿੰਘ ਜੀ ਦਾ ਮਿਲਾਪ

## ਛੇਵਾਂ ਕਾਂਡ

ਉਗਾਹੀ ਨਹੀਂ ਦੇਣੀ
ਸਿੱਖ ਦੀ ਮਹਿਮਾਂ
ਸ਼ਿਵਾਲਕ ਦੀਆਂ ਪਹਾੜੀਆਂ ਵਿੱਚ ਪਿਆਰੇ ਦੀ ਭਾਲ ਕਰਦਿਆਂ ਸੰਗਤ ਵਲੋਂ ਵੈਰਾਗ

## ਸੱਤਵਾਂ ਕਾਂਡ

ਓਵਰਸੀਅਰ ਨੂੰ ਬਖ਼ਸ਼ਿਸ਼
੩੫ ਨੰ: ਸਿੱਖ ਪਲਟਨ ਦੇ ਫੌਜੀਆਂ ਨੂੰ ਬਖ਼ਸ਼ਿਸ਼
ਬਾਬਾ ਨੱਥਾ ਸਿੰਘ ਜੀ ਦਾ ਜੀਵਨ
ਬਾਬਾ ਨੱਥਾ ਸਿੰਘ ਜੀ ਦੇ ਉਪਕਾਰ
ਬਾਬਾ ਗੁਰਮੁਖ ਸਿੰਘ ਜੀ
ਨੂਰੂ ਮਲਾਹ ਨੂੰ ਉਪਦੇਸ਼

## ਅੱਠਵਾਂ ਕਾਂਡ

ਪਟਿਆਲੇ ਦੀ ਸੰਗਤ
ਸੰਗਤ ਤੋਪਖਾਨਾ ਪਟਿਆਲਾ
ਸ੍ਰੀ ਹਜ਼ੂਰ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਦਾ ਜਨਮ-ਬ੍ਰਿਤਾਂਤ
ਬਾਬਾ ਹੀਰਾ ਸਿੰਘ
ਰੇਰੂ ਸਾਹਿਬ ਵਾਲੇ ਸੰਤਾਂ ਦੀ ਸ਼ਰਣ ਵਿੱਚ ਪੁੱਜਣਾ
ਪ੍ਰਮੇਸ਼ਰ ਦਾ ਨਾਮ
ਸ਼ੰਕਾ ਨਵਿਰਤੀ
ਨਾਮ ਅਭਿਆਸ ਦਾ ਢੰਗ
ਸੰਤ ਈਸ਼ਰ ਸਿੰਘ ਜੀ ਦੀ ਸੇਵਾ

## ਨੌਵਾਂ ਕਾਂਡ

ਅਮਾਨਤ ਵਿੱਚ ਖਿਆਨਤ ਨਾ ਕਰੋ

ਹਰਿਦੁਆਰ ਦੀ ਯਾਤਰਾ
ਸਾਧੂ ਤੇ ਕਿਰਪਾ
ਤਿਆਗੀ ਸੰਤ ਨੂੰ ਉਪਦੇਸ਼
ਅਵਧੂਤ ਦੇ ਲੱਛਣ
ਘੋੜੀ ਦਾ ਚੋਰੀ ਹੋਣਾ
ਸੈਦੂ ਸਾਹਿਬ ਦੀ ਯਾਤਰਾ
ਕਰਮ ਚੰਦ ਸੇਠ ਨੂੰ ਬਖ਼ਸ਼ਿਸ਼
ਸੰਤ ਮਹਾਰਾਜ ਈਸ਼ਰ ਸਿੰਘ ਜੀ ਤੇ ਕਿਰਪਾ
ਫ਼ਕੀਰੀ ਦੇ ਲੱਛਣ
ਵੈਰਾਗ ਦੇ ਲੱਛਣ
ਸਿੱਖੀ ਦੇ ਲੱਛਣ
ਸੰਤ ਈਸ਼ਰ ਸਿੰਘ ਜੀ ਨੂੰ ਵਰ
ਸਿਧਾਂਤ ਰੂਪੀ ਕਵਿਤਾ
ਸੂਬੇਦਾਰ ਵਜ਼ੀਰ ਖ਼ਾਨ ਦੀ ਵਾਰਤਾ
ਪਠਾਣਾਂ ਦੀ ਤਰਫੋਂ
ਅਕੋੜੇ ਨਗਰ ਦੀ ਮਾਈ ਗੁਲਾਬੀ

## ਦਸਵਾਂ ਕਾਂਡ

ਕਾਮਲ ਪੀਰ ਦਾ ਮਿਲਾਪ
ਭਾਈ ਅਤਰ ਸਿੰਘ ਦੀ ਭਾਵਨਾ ਪੂਰੀ ਕੀਤੀ
ਪੰਜਾਬ ਨੂੰ ਵਾਪਸੀ
ਰੱਬ ਦੀ ਹੋਂਦ ਦੱਸੀ
ਮੁੜ ਸੈਦੂ ਜਾਣ ਦੀ ਤਿਆਰੀ
ਆਨੰਦਪੁਰ ਸਾਹਿਬ ਦਾ ਹੋਲਾ ਮਹਲਾ

## ਗਿਆਰ੍ਹਵਾਂ ਕਾਂਡ

ਅਮੋਲਕ ਬਚਨ ਕਰਮ-ਫਿਲਾਸਫੀ
ਦੁਖ
ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ
ਪ੍ਰਮੇਸ਼ਰ ਦਾ ਮਿਲਾਪ ਕਿਵੇਂ ਹੋਵੇ ?
ਦੁਨੀਆਂ ਮਨ ਦੇ ਖ਼ਿਆਲਾਂ ਦੀ ਰਚਨਾ ਹੈ
ਮੁਕਤੀ ਦਾ ਸਰੂਪ
ਭਜਨ ਤੇ ਮੁਕਤੀ
ਕੋਸ਼ਾਂ ਦਾ ਨਿਰਣਯ
ਅਗਿਆਨ ਦਾ ਪੜਦਾ
ਜੀਵ ਦੀ ਅਵਸਥਾ
ਛੇ ਪ੍ਰਕਾਰ ਦੀ ਗਤੀ
ਇਕੋਤ੍ਰ ਸੌ ਕੁਲਾਂ ਤਰਣ ਦਾ ਵੇਰਵਾ
ਬੀਰ ਯਾਤਰਾ ਵਾਲੇ ਰਾਜੇ ਦੀ ਸਾਖੀ

## ਬਾਰ੍ਹਵਾਂ ਕਾਂਡ

ਵੈਸਾਖੀ ਦੇ ਸਮੇਂ ਦਮਦਮੇ ਸਾਹਿਬ ਦੀ ਯਾਤਰਾ
ਸਾਬੋ ਕੀ ਤਲਵੰਡੀ
ਸ਼ੁਧ ਪਾਠ ਕਰਨ ਦਾ ਹੀ ਪੁੰਨ ਹੈ
ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ
ਸਿਧਾਂਤ ਰੂਪ ਪ੍ਰਸੰਗ
ਸਚਖੰਡ ਸ੍ਰੀ ਹਜ਼ੂਰ ਸਾਹਿਬ ਦਾ ਇਤਿਹਾਸ
ਸੰਤ ਜੀ ਨੇ ਹਜ਼ੂਰ ਸਾਹਿਬ ਦੇ ਦਰਸ਼ਨਾਂ ਨੂੰ ਤਿਆਰ ਹੋਣਾ
ਅੰਮ੍ਰਿਤਸਰ ਦੀ ਯਾਤਰਾ
ਦੋਰਾਹੇ ਮੰਡੀ ਦੇ ਕਿਸ਼ੋਰੀ ਮੱਲ ਸੇਠ ਨੂੰ ਪੁੱਤਰਾਂ ਦਾ ਵਰ
ਕਿਸ਼ੋਰੀ ਮਲ ਨੂੰ ਪੁੱਤਰ ਦਾ ਵਰ ਕਵਿਤਾ
ਵਲੈਤ ਖ਼ਾਂ ਹਕੀਮ ਨੂੰ ਉਪਦੇਸ਼
ਮਾਨਸਕ ਰੋਗਾਂ ਦਾ ਇਲਾਜ
ਅਦਭੁਤ ਨੁਸਖਾ

## ਤੇਰ੍ਹਵਾਂ ਕਾਂਡ

ਗੋਖੇ ਦੀ ਛਪੜੀ ਨੂੰ ਵਰ
ਰਾਮਪੁਰ ਪਿੰਡ ਦਾ ਰਸਤਾ ਠੀਕ ਕਰਵਾਇਆ
ਸੰਤਾਂ ਦੀ ਨਿਜਧਾਮ ਵਾਸਤੇ ਤਿਆਰੀ
ਫੋਟੋ ਵਾਸਤੇ ਸੰਗਤਾਂ ਦੀ ਬੇਨਤੀ
ਅੰਤਮ ਵੈਰਾਗ-ਮਈ ਬਚਨ
ਸੰਤਾਂ ਨੇ ਜੋਤੀ ਜੋਤ ਸਮਾਉਣਾ
ਬੀਤ ਰਾਗ ਸਾਧੂ ਤੇ ਵੇਸਵਾ ਦਾ ਪ੍ਰਸੰਗ
ਪਿਆਰੇ ਦੀ ਯਾਦ ਵਿੱਚ ਕਵਿਤਾ
ਸੰਤ ਭਗਵਾਨ ਸਿੰਘ ਜੀ ਨੂੰ ਦਸਤਾਰ-ਬੰਦੀ

## ਚੌਧਵਾਂ ਕਾਂਡ

ਕੈਂਮਲਪੁਰ ਵਾਲੇ ਰਾਗੀ ਲਾਲ ਸਿੰਘ ਨੂੰ ਸੰਤਾਂ ਦੇ ਅੰਤਮ ਬਚਨ
ਰਾਗੀ ਲਾਲ ਸਿੰਘ ਨੂੰ ਭਵਿੱਖਤ ਵਾਕ
ਬਾਬਾ ਜੀ ਤੋਂ ਵਰੋਸਾਈਆਂ ਕੁਝ ਕੁ ਪੂਜਯ ਵਿਅਕਤੀਆਂ ਦੇ ਸ਼ੁਭ ਨਾਮ
ਰੇਰੂ ਸਾਹਿਬ ਗੁਰਦੁਆਰੇ ਤੋਂ ਵਰੋਸਾਏ ਅਸਥਾਨ
ਸੰਤ ਜੀ ਦੀ ਤਪੋ ਭੂਮੀ ਦੀ ਪ੍ਰਤੱਖ ਕਰਾਮਾਤ
ਮਹਾਰਾਜ ਜੀ ਦੀ ਵਿਸ਼ੇਸ਼ਤਾ
ਲੇਖਕ ਵਲੋਂ ਪ੍ਰਾਰਥਨਾ

# ਦੂਸਰਾ ਭਾਗ

### ਬਾਬਾ ਜੀ ਤੋਂ ਵਰੋਸਾਏ ਮਹਾਂ-ਪੁਰਸ਼ਾਂ ਦੇ ਸੰਖੇਪ ਜੀਵਨ

## ਪਹਿਲਾ ਕਾਂਡ

ਸੰਤ ਭਗਵਾਨ ਸਿੰਘ ਜੀ

ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦਾ ਸੰਖੇਪ ਜੀਵਨ ਚਮਤਕਾਰ
ਲਾਇਨ ਸਫ਼ਾਈ
ਪਵਿੱਤਰ ਉਪਦੇਸ਼
ਨੌਕਰੀ ਦਾ ਤਿਆਗ

## ਦੂਜਾ ਕਾਂਡ

ਸੰਤ ਬਿਸ਼ਨ ਸਿੰਘ ਜੀ ਦੀਆਂ ਜੀਵਨ ਝਲਕੀਆਂ
ਕੌਰੀਆਂ ਨਗਰ ਨੂੰ ਵਰ
ਡੇਰੇ ਦੀ ਰਚਨਾ
ਡਾਕਟਰ ਦੀ ਲੜਕੀ ਨੂੰ ਵਰ
ਸੂਦਾਰ ਬਸੰਤ ਸਿੰਘ ਤੇ ਕਿਰਪਾ
ਕਰਾਮਾਤ ਕੀ ਹੈ?
ਡੇਰਾ ਛੱਡਣਾ
ਗਾਗੇ ਨਗਰ ਦੇ ਹਰਨਾਮ ਸਿੰਘ ਤੇ ਖ਼ੁਸ਼ੀ
ਕੌਰੀਆਂ ਦੇ ਸੁਘੜੂ ਸ਼ਾਹ ਨੂੰ ਪੁੱਤਰਾਂ ਦੀ ਦਾਤ
ਭਾਈ ਹਰਨੇਕ ਸਿੰਘ ਤੇ ਕਿਰਪਾ
ਜੋਤੀ ਜੋਤ ਸਮਾਉਣਾ
ਜਥੇਦਾਰ ਸੰਤੋਖ ਸਿੰਘ ਜੀ ਦੀਆਂ ਜੀਵਨ ਯਾਦਾਂ
ਸੰਤ ਨੰਦ ਸਿੰਘ ਜੀ ਭੌਰਲੇ
ਲਛਮਣ ਸਿੰਘ ਜੀ ਗੰਧਰਬ
ਵਿੱਦਿਆ
ਸੇਵਾਵਾਂ
ਧੰਨਵਾਦਕ-ਪ੍ਰਾਰਥਨਾ
ਗਿਆਨੀ ਮੋਹਨ ਸਿੰਘ ਜੀ "ਅਜ਼ਾਦ" ਦੀ ਕਲਮ ਤੋਂ ਲਿਖੀਆਂ ਅਦਭੁਤ ਪੁਸਤਕਾਂ

# ਸਮਰਪਣ

*ਉਸ ਮਹਾਨ ਉੱਚ-ਆਤਮਾ, ਨਿਰਗੁਣ ਉਪਾਸਕ*

*ਪੂਰਨ ਬ੍ਰਹਮ ਗਿਆਨੀ, ਬੀਤ ਰਾਗ*

*ਸੰਸਾਰਕ ਰਚਨਾ ਵਿੱਚੋਂ ਕੰਵਲ ਵਾਂਗ ਨਿਰਲੇਪ*

*ਮਹਾਂ ਪਰਉਪਕਾਰੀ, ਸਿੱਖ ਪੰਥ ਦੀ ਮਾਇਨਾਜ਼ ਹਸਤੀ*

*ਜਿਨ੍ਹਾਂ ਦੀ ਜ਼ਿੰਦਗੀ ਦਾ ਪ੍ਰੋਗਰਾਮ ਨਿਰੋਲ ਧਾਰਮਕ ਪ੍ਰਚਾਰ*

*ਅਤੁੱਟ ਲੰਗਰ ਚਲਾਉਣਾ, ਗੁਰਬਾਣੀ ਦਾ ਰਸ ਭਿੰਨਾ ਕੀਰਤਨ ਤੇ ਵਿਆਖਿਆ*

*ਹਰ ਪ੍ਰਾਣੀ ਮਾਤ੍ਰ ਨੂੰ 'ਕੇਵਲ ਨਾਮੁ ਜਪਹੁ ਰੇ ਪ੍ਰਾਨੀ'*

*ਸਾਂਝੀਵਾਲਤਾ ਦਾ ਉਪਦੇਸ਼ ਦੇਣਾ*

*ਖੰਡੇ ਦਾ ਅੰਮ੍ਰਿਤ ਛਕਾ ਲੱਖਾਂ ਪ੍ਰਾਣੀਆਂ ਨੂੰ ਸਿੰਘ ਸਜਾਉਣਾ*

*ਸਕੂਲਾਂ, ਕਾਲਜਾਂ, ਲਾਇਬਰੇਰੀਆਂ, ਸੜਕਾਂ*

*ਗੁਰਦੁਆਰਿਆਂ ਤੇ ਹੋਰ ਧਾਰਮਿਕ ਅਸਥਾਨਾਂ ਦੀ ਸੇਵਾ*

*ਅਤੇ 'ਆਪਿ ਜਪੈ ਅਵਰਹ ਨਾਮੁ ਜਪਾਵੈ' ਦੇ ਮਿਸ਼ਨ ਦੀ ਪੂਰਤੀ ਹੈ।*

*ਐਸੇ ਸਰਬਗੁਣ ਸੰਪੰਨ, ਉਦਾਰ ਮੂਰਤੀ, ਨਿਰਛਲ, ਨਿਰਮੋਹ, ਨਿਰਾਲੰਬ ਪਰਉਪਕਾਰੀ*

## *ਸ੍ਰੀ ਮਾਨ ੧੧੧ ਸੰਤ ਮਹਾਰਾਜ ਬਾਬਾ ਈਸ਼ਰ ਸਿੰਘ ਜੀ*

## *ਰਾੜਾ ਸਾਹਿਬ*

*ਨੂੰ ਸਤਿਕਾਰ ਸਹਿਤ ਤੁੱਛ ਅਰਪਣਾ ਕਰਨ ਦੀ ਤੀਬਰ ਇੱਛਾ ਰੱਖਦਾ ਹਾਂ।*

*ਪੂਰਨ ਭਰੋਸਾ ਹੈ ਕਿ 'ਬਿਰਦ ਪਾਲਕ' ਨੇਮ ਅਨੁਸਾਰ*

*ਇਸ ਭੇਟਾ ਨੂੰ ਪਰਵਾਨ ਕਰਨ ਦੀ ਮਹਾਨ ਕਿਰਪਾ ਹੋ ਜਾਵੇਗੀ।*

*[ਚਰਨ ਰਜ ਭਿਕਸ਼ੂ - ਮੋਹਨ ਸਿੰਘ]*

*(ਕਥਾ ਵਾਚਕ - ਰਾੜਾ ਸਾਹਿਬ)*

ੴ ਸਤਿਗੁਰ ਪ੍ਰਸਾਦਿ ॥

# ਮੁੱਖ ਬੰਦ

ਵਲੋਂ:- ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ
ਸਾਬਕਾ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ।

## ਅਵਤਾਰ:

ਜਗਤ ਵਿੱਚ ਨੇਕੀ ਅਤੇ ਬਦੀ ਦੀ ਜੰਗ ਸਦਾ ਛਿੜੀ ਰਹਿੰਦੀ ਹੈ। ਇੱਕ ਸਮੇਂ ਵਿਸ਼ਵ ਅੰਦਰ ਜੇ ਨੇਕੀ ਦਾ ਬੋਲ-ਬਾਲਾ ਹੁੰਦਾ ਹੈ ਤਾਂ ਦੂਜੇ ਸਮੇਂ ਬਦੀ ਨੇਕੀ ਤੇ ਭਾਰੂ ਹੋ ਜਾਂਦੀ ਹੈ। ਜਦ ਮਨੁੱਖਤਾ ਪਾਪਾਂ ਦੇ ਭਾਰ ਹੇਠ ਦਬ ਜਾਂਦੀ ਹੈ ਅਤੇ ਜ਼ਾਲਮ ਤੇ ਅਨਿਆਈ ਸ਼ਾਸ਼ਕ ਪਰਜਾ ਨੂੰ ਆਪਣੀ ਕੁਟਲਨੀਤੀ ਦੀ ਚੱਕੀ ਵਿੱਚ ਪਿਸ ਰਹੇ ਹੁੰਦੇ ਹਨ ਤਾਂ ਜਗਤ-ਜੀਵਾਂ ਦੀ ਰੱਖਿਆ ਹਿਤ ਅਤੇ ਉਨ੍ਹਾਂ ਨੂੰ ਸੰਸਾਰ ਸਮੁੰਦਰ ਵਿੱਚ ਗੋਤੇ ਖਾਂਦਿਆਂ ਨੂੰ ਤਾਰਨ ਲਈ ਕਰਤਾ ਪੁਰਖ ਜੀ ਵਲੋਂ ਜਿਨ੍ਹਾਂ ਮਹਾਨ ਵਿਅਕਤੀਆਂ ਨੂੰ ਆਪਣੇ ਹੁਕਮ ਅਨੁਸਾਰ ਇਸ ਮਾਤ-ਲੋਕ ਵਿੱਚ ਭੇਜਿਆ ਜਾਂਦਾ ਹੈ ਉਨ੍ਹਾਂ ਨੂੰ ਅਸਾਡੀ ਭਾਸ਼ਾ ਵਿੱਚ ਅਵਤਾਰ ਆਖਦੇ ਹਨ। ਅਵਤਾਰ ਸ਼ਬਦ ਦੇ ਅਰਥ ਹਨ, ਜੋ ਰੱਖਿਆ ਕਰੇ ਅਤੇ ਡੁੱਬਦਿਆਂ ਨੂੰ ਤਾਰੇ ਅਵ=ਰੱਖਿਆ ਕਰੇ। ਤਾਰ=ਤਾਰੇ]।

ਕਲਗੀਧਰ ਜੀ ਨੇ ਫੁਰਮਾਇਆ ਹੈ ਕਿ:

ਜਬ ਜਬ ਹੋਤ ਅਰਿਸਟਿ ਅਪਾਰਾ ॥
ਤਬ ਤਬ ਦੇਹ ਧਰਤ ਅਵਤਾਰਾ ॥

(ਦਸਮ ਗ੍ਰੰਥ)

ਵਿਦਵਾਨਾਂ ਨੇ ਅਵਤਾਰਾਂ ਨੂੰ ਸੱਤ ਸ਼੍ਰੇਣੀਆਂ ਵਿੱਚ ਵੰਡਿਆ ਹੈ

| | | | |
|---|---|---|---|
| ੧. ਨਿੱਤ | ੨. ਨਮਿੱਤ | ੩. ਅੰਸ਼ਾ | ੪. ਅਵੇਸ਼ਾ |
| ੫. ਕਲਾ | ੬. ਪੂਰਨ | ੭. ਤਮ ਜਾਂ ਗੁਰ ਅਵਤਾਰ। | |

### ੧. ਨਿੱਤ-ਅਵਤਾਰ:

ਜਿਨ੍ਹਾਂ ਵਿਅਕਤੀਆਂ ਵਿੱਚ ਅਵਤਾਰਾਂ ਵਾਲੇ ਗੁਣ ਹੋਣ ਤੇ ਉਹ ਸਦਾ ਜਗਤ ਵਿੱਚ ਜੀਵਾਂ ਦੀ ਬੁਰਾਈਆਂ ਤੋਂ ਰੱਖਿਆ ਕਰਨ ਤੇ ਨਾਮ ਸਿਮਰਨ ਵਿੱਚ ਜੋੜ ਕੇ ਸੰਸਾਰ ਸਮੁੰਦਰ ਤੋਂ ਤਾਰਨ, ਉਹ ਹਨ ਸੰਤ, ਭਗਤ, ਗੁਰਮੁਖ, ਗੁਰਸਿੱਖ ਆਦਿ।

### ੨. ਨਮਿੱਤ-ਅਵਤਾਰ:

ਜੋ ਕਿਸੇ ਖ਼ਾਸ ਸਮੇਂ ਕਿਸੇ ਖ਼ਾਸ ਨਮਿੱਤ (ਕਾਰਣ) ਨੂੰ ਲੈ ਕੇ ਅਵਤਾਰ ਧਾਰੇ ਜਿਵੇਂ ਕੇਵਲ ਪ੍ਰਹਲਾਦ ਦੀ ਰੱਖਿਆ ਲਈ ਨਰਸਿੰਘ ਅਤੇ ਬਲ ਰਾਜੇ ਦੇ ਛਲਣ ਲਈ ਬਾਵਨ ਆਦਿ।

### ੩. ਅੰਸ਼ਾ ਅਵਤਾਰ:

ਜਿਨ੍ਹਾਂ ਪੁਰਸ਼ਾਂ ਵਿੱਚ ਅਵਤਾਰਾਂ ਦੀ ਕੋਈ ਅੰਸ਼ ਹੋਵੇ ਜਿਵੇਂ ਰਾਜੇ, ਮਹਾਰਾਜੇ ਤੇ ਸ਼ਹਿਨਸ਼ਾਹ ਆਦਿ। ਇਨ੍ਹਾਂ ਵਿੱਚ ਪਰਜਾ ਪਾਲਨ, ਨਿਆਇ ਕਰਨਾ, ਚੋਰ ਡਾਕੂਆਂ ਤੇ ਬੁਰੇ ਲੋਕਾਂ ਤੋਂ ਪਰਜਾ ਦੀ ਰੱਖਿਆ ਕਰਨ ਆਦਿ ਅਵਤਾਰੀ ਅੰਸ਼ਾਂ ਹੁੰਦੀਆਂ ਹਨ।

### ੪. ਅਵੇਸ਼ਾ ਅਵਤਾਰ:

ਜਿਸ ਸਾਧਾਰਨ ਮਨੁੱਖ ਵਿੱਚ ਤਪ ਕਰਕੇ ਅਵਤਾਰਾਂ ਵਾਲੀ ਕੋਈ ਸ਼ਕਤੀ ਪ੍ਰਵੇਸ਼ ਕਰੇ ਉਸਨੂੰ ਅਵੇਸ਼ਾ-ਅਵਤਾਰ ਕਹਿੰਦੇ ਹਨ ਜਿਵੇਂ ਪਰਸ ਰਾਮ ਵਿੱਚ ਤਪ ਕਰਨ ਨਾਲ ਦੋ ਕਲਾਂ ਪ੍ਰਵੇਸ਼ ਹੋਈਆਂ ਸਨ।

### ੫. ਕਲਾ-ਅਵਤਾਰ:

ਜਿਸ ਅਵਤਾਰ ਅੰਦਰ ਗਿਣਤੀ ਦੀਆਂ ਕਲਾਂ ਹੋਣ ਜਿਵੇਂ ਸ੍ਰੀ ਰਾਮ ਚੰਦਰ ਜੀ ਵਿੱਚ ੧੪ ਕਲਾਂ ਮੰਨੀਆਂ ਹਨ।

### ੬. ਪੂਰਨ ਅਵਤਾਰ:

ਜਿਸ ਅਵਤਾਰ ਵਿੱਚ ੧੬ ਕਲਾਂ ਹੋਣ ਉਸ ਨੂੰ ਪੂਰਨ ਅਵਤਾਰ ਆਖਦੇ ਹਨ। ਸ੍ਰੀ ਕ੍ਰਿਸ਼ਨ ਜੀ ਨੂੰ ਸੋਲਾਂ ਕਲਾਂ ਸਪੰਨ ਪੂਰਨ ਅਵਤਾਰ ਮੰਨਦੇ ਹਨ। ਇਹ ਉਪ੍ਰੋਕਤ ਛੇ ਪ੍ਰਕਾਰ ਦੇ ਅਵਤਾਰਾਂ ਵਿੱਚੋਂ ਨਿੱਤ ਤੇ ਅੰਸ਼ਾ ਅਵਤਾਰਾਂ ਨੂੰ ਛੱਡਕੇ ਬਾਕੀ ਚਾਰ ਪ੍ਰਕਾਰ ਦੇ ਅਵਤਾਰ ਵਿਸ਼ਨੂੰ ਜੀ ਦੇ ਅਵਤਾਰ ਹੀ ਮੰਨੇ ਹਨ।

### ੭. ਪੂਰਨ-ਤਮ ਜਾਂ ਗੁਰ ਅਵਤਾਰ:

ਜੋ ਅਕਾਲ ਪੁਰਖ ਨੇ ਆਪ ਅਵਤਾਰ ਧਾਰਿਆ ਹੋਵੇ ਜਿਨ੍ਹਾਂ ਵਿੱਚ ਅਨੰਤ ਕਲਾ ਹੋਣ ਜੇਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਏ ਮਹਾਂਵਾਕਾਂ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪੂਰਨ-ਤਮ ਜਾਂ ਗੁਰ-ਅਵਤਾਰ ਹਨ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥

(ਪੰਨਾ ੧੪੦੮)

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥

(ਪੰਨਾ ੧੩੯੫)

ਸੋਲਹ ਕਲਾ ਸੰਪੂਰਨ ਫਲਿਆ ॥
ਅਨਤ ਕਲਾ ਹੋਇ ਠਾਕੁਰੁ ਚੜਿਆ ॥

(ਪੰਨਾ ੧੦੮੧)

### ਨਿੱਤ-ਅਵਤਾਰ:

ਜਿਥੇ ਕਰਤਾ ਪੁਰਖ ਜੀ ਖ਼ਾਸ-ਖ਼ਾਸ ਸਮਿਆਂ ਉਪਰ ਕਿਸੇ ਖ਼ਾਸ-ਖ਼ਾਸ ਨਮਿੱਤ ਨੂੰ ਲੈਕੇ ਉਨ੍ਹਾਂ ਸਮਿਆਂ ਦੇ ਜ਼ਾਲਮ ਤੇ ਅਨਿਆਈ ਬਾਦਸ਼ਾਹਾਂ ਦੇ ਜ਼ੁਲਮੀ ਪੰਜਿਆਂ ਚੋਂ ਧਰਮੀ ਤੇ ਗ਼ਰੀਬ ਜਨਤਾ ਨੂੰ ਛੁਟਕਾਰਾ ਦੁਵਾਉਣ ਲਈ ਆਪਣੇ ਵਲੋਂ ਨਮਿੱਤ ਅਵਤਾਰਾਂ ਨੂੰ ਭੇਜਦਾ ਹੈ, ਓਥੇ ਜਗਤ-ਜੀਵਾਂ ਦੀ ਸਦਾ ਰੱਖਿਆ ਤੇ ਕਲਿਆਣ ਹਿਤ ਨਿੱਤ ਅਵਤਾਰਾਂ ਨੂੰ ਸਦਾ ਜਗਤ ਵਿੱਚ ਭੇਜਦਾ ਰਹਿੰਦਾ ਹੈ। ਇਨ੍ਹਾਂ ਨਿੱਤ ਅਵਤਾਰਾਂ ਨੂੰ ਗੁਰਬਾਣੀ ਅੰਦਰ ਸਾਧ, ਸੰਤ, ਬਾਬਾ, ਗੁਰਮੁਖਿ, ਸਿੱਖ, ਭਗਤ, ਜਨ, ਦਾਸ, ਸੇਵਕ, ਮਹਾਂਪੁਰਖ, ਸਤਪੁਰਖ ਆਦਿ ਨਾਵਾਂ ਨਾਲ ਯਾਦ ਕੀਤਾ ਗਿਆ ਹੈ ਇਹ ਨਿੱਤ ਅਵਤਾਰ ਸੰਤ, ਭਗਤ, ਗੁਰਸਿੱਖ ਕਿਸੇ ਨਾ ਕਿਸੇ ਇਲਾਕੇ ਅੰਦਰ ਕਿਸੇ ਨਾ ਕਿਸੇ ਫ਼ਿਰਕੇ ਦੇ ਲਿਬਾਸ ਤੇ ਰੂਪ ਵਿੱਚ ਸਦਾ ਵਿਚਰਦੇ ਰਹਿੰਦੇ ਹਨ, ਜੋ ਪ੍ਰਮੇਸ਼ਰ ਤੋਂ ਭੁੱਲੇ ਤੇ ਪਾਪਾਂ ਵਿੱਚ ਗ੍ਰਸੇ ਜੀਵਾਂ ਨੂੰ ਬੁਰਾਈ ਤੋਂ ਛੁਡਾ ਕੇ ਨੇਕੀ ਦੇ ਰਾਹ ਪਾਉਂਦੇ ਹਨ। ਨਾਮ ਸਿਮਰਨ ਵਿੱਚ ਜੋੜ ਕੇ ਰੱਬੀ ਰਜ਼ਾ ਵਿੱਚ ਤੋਰ ਕੇ, ਜਨਮਾਂ ਜਨਮਾਤਰਾਂ ਦੀਆਂ ਵਿਛੜੀਆਂ ਰੂਹਾਂ ਨੂੰ ਕਿਰਪਾ ਕਰਕੇ ਆਪਣੀ ਸਹਾਇਤਾ ਰਾਹੀਂ ਕਰਤਾ ਪੁਰਖ ਨਾਲ ਮਿਲਾ ਦੇਂਦੇ ਹਨ।

ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥

(ਪੰਨਾ ੧੩੬)

### ਸੰਤ:

ਗੁਰਬਾਣੀ ਅੰਦਰ ਸੰਤ ਸ਼ਬਦ ਦੀ ਵਰਤੋਂ ਕਈ ਅਰਥਾਂ ਵਿੱਚ ਕੀਤੀ ਗਈ ਹੈ।

੧. ਦਸਮ ਪਾਤਸ਼ਾਹ ਜੀ ਨੇ ਸੰਤ ਸ਼ਬਦ ਦੀ ਵਰਤੋਂ ਅਕਾਲ ਪੁਰਖ ਦੇ ਨਾਵਾਂ ਵਿੱਚ ਕੀਤੀ ਹੈ ਤੇ ਆਪ ਹੀ ਵਿਯੁਤਪਤੀ ਦਸਦਿਆਂ ਫੁਰਮਾਇਆ ਹੈ:

ਸਮੈ ਅੰਤ ਪਰ ਹੋਤ ਸਹਾਈ ॥
ਤਾਤੇ ਸੰਗਯਾ ਸੰਤ ਬਤਾਈ ॥

(ਚਉਬੀਸ ਅਵਤਾਰ-੯)

੨. ਪੂਰਨ ਬ੍ਰਹਮ ਗਿਆਨੀ ਮਹਾਂ-ਪੁਰਸ਼ ਜੋ ਰੋਮ-ਰੋਮ ਕਰਕੇ ਵਾਹਿਗੁਰੂ ਸਿਮਰਣ ਵਿੱਚ ਜੁੜਿਆ ਹੋਇਆ ਹੈ ਉਸ ਨੂੰ ਵੀ ਸੰਤ ਆਖਿਆ ਹੈ।

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥

(ਪੰਨਾ ੩੧੯)

੩. ਆਮ ਗੁਰਸਿਖਾਂ ਨੂੰ ਵੀ ਹਜ਼ੂਰ ਨੇ ਸੰਤ ਸ਼ਬਦ ਨਾਲ ਸੰਬੋਧਨ ਕੀਤਾ ਹੈ:
ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥

(ਪੰਨਾ ੯੧੮)

ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ ॥

(ਪੰਨਾ ੫੮੮)

੪. ਸਤ ਵਕਤਾ ਪੁਰਸ਼ ਨੂੰ ਵੀ ਸੰਤ ਕਿਹਾ ਹੈ:
ਸੰਤਨ ਕੀ ਸੁਣਿ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖਹਿ ਆਖੀ ॥

(ਪੰਨਾ ੮੯੪)

੫. ਦੈਵੀ ਗੁਣਾਂ ਦੇ ਧਾਰਨੀ ਨਿਰਮਲ ਕਰਮੀ ਨੂੰ ਸਾਧ ਸੰਤ ਦਾ ਦਰਜਾ ਪ੍ਰਾਪਤ ਹੈ।

੬. ਸ਼ਾਂਤ ਚਿੱਤ ਪੁਰਸ਼ ਨੂੰ ਵੀ ਸੰਤ ਸ਼ਬਦ ਨਾਲ ਯਾਦ ਕੀਤਾ ਹੈ।
ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ ॥

(ਪੰਨਾ ੮੫੬)

ਕਿਆ ਅਪਰਾਧੁ ਸੰਤ ਹੈ ਕੀਨ੍ਾ ॥ ਬਾਂਧਿ ਪੋਟ ਕੁੰਚਰ ਕਉ ਦੀਨ੍ਾ॥

(ਪੰਨਾ ੮੭੦)

### ਸੰਤ ਦੀ ਲੋੜ:

ਚਾਹੀਦਾ ਤਾਂ ਇਹ ਸੀ ਕਿ ਜਗਤ ਵਿੱਚ ਨੇਕੀ ਦੀ ਬਦੀ ਤੇ ਸਦਾ ਫਤਹਿ ਰਹਿੰਦੀ ਪਰ ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਬਦੀ ਹੀ ਨੇਕੀ ਤੇ ਸਦਾ ਭਾਰੂ ਰਹਿੰਦੀ ਹੈ। ਨੇਕੀ ਨੂੰ ਸੰਸਾਰ ਵਿੱਚ ਬਦੀ ਤੋਂ ਬਲਵਾਨ ਬਣਾਉਣ ਲਈ ਜ਼ਰੂਰੀ ਸੀ ਕਿ ਕੁਝ ਮਹਾਨ ਵਿਅਕਤੀਆਂ ਅਜਿਹੀਆਂ ਜ਼ਹੂਰ ਵਿੱਚ ਆਉਣ ਜੋ ਨਿਰਾ ਨੇਕੀ ਦਾ ਹੀ ਮੁਜੱਸਮਾ ਹੋਣ। ਇਸ ਮਕਸਦ ਲਈ ਵਾਹਿਗੁਰੂ ਜੀ ਆਪਣੇ ਵਲੋਂ ਦੈਵੀ ਗੁਣਾਂ ਦੇ ਭੰਡਾਰ ਤੇ ਨਾਮ ਸਿਮਰਨ ਵਿੱਚ ਸਦਾ ਲਿਵਲੀਨ ਰਹਿਣ ਵਾਲੇ ਪਰਉਪਕਾਰੀ ਮਹਾਂ-ਪੁਰਖ ਸੰਤਾਂ ਨੂੰ ਜਗਤ ਵਿੱਚ ਭੇਜਦਾ ਹੈ। ਉਹ ਆਪ ਤਾਂ ਖੁਦ ਮੁਕਤ ਰੂਪ ਹੀ ਹੁੰਦੇ ਹਨ ਇਸ ਲਈ ਉਨ੍ਹਾਂ ਦਾ ਦੁਨੀਆਂ ਵਿੱਚ ਆਉਣ ਦਾ ਕੋਈ ਨਿੱਜੀ ਪ੍ਰਯੋਜਨ ਨਹੀਂ ਹੁੰਦਾ, ਉਹ ਕੇਵਲ ਤੇ ਕੇਵਲ ਜਗਤ-ਭਲਾਈ, ਪਰਉਪਕਾਰ ਤੇ ਅਨ੍ਹੇਰੇ ਜਗਤ ਨੂੰ ਆਪਣੀ ਅਮਲੀ ਜ਼ਿੰਦਗੀ ਰਾਹੀਂ ਗਿਆਨ ਦਾ ਚਾਨਣ ਦੇ ਕੇ ਮੁਕਤ ਕਰਨ ਹੀ ਆਉਂਦੇ ਹਨ।

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥

(ਪੰਨਾ ੨੯੫)

### ਸੰਤ ਦਾ ਕੰਮ:

ਆਪ ਨਾਮ ਜਪਣਾ ਤੇ ਦੂਜਿਆਂ ਨੂੰ ਆਪਣੇ ਜੀਵਨ, ਤਜਰਬੇ, ਪ੍ਰੇਰਨਾ ਰਾਹੀਂ ਤੇ ਛੋਹ ਦੁਆਰਾ ਨਾਮ ਜਪਾਉਣਾ ਤੇ ਇਉਂ ਵਿਛੁੜੀਆਂ ਹੋਈਆਂ ਰੂਹਾਂ ਨੂੰ ਵਾਹਿਗੁਰੂ ਨਾਲ ਮੇਲਣਾ ਹੀ ਉਨ੍ਹਾਂ ਦਾ ਮੁੱਖ ਕੰਮ ਹੁੰਦਾ ਹੈ।

ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥

(ਪੰਨਾ ੧੩੨੩)

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

(ਪੰਨਾ ੩੦੬)

ਸੋਈ ਸੰਤੁ ਜਿ ਭਾਵੈ ਰਾਮ ॥ ਸੰਤ ਗੋਬਿੰਦ ਕੈ ਏਕੈ ਕਾਮ ॥

(ਪੰਨਾ ੮੬੭)

ਅਜਿਹੇ ਸੰਤ ਜਿਨ੍ਹਾਂ ਵਿੱਚ ਉਪ੍ਰੋਕਤ ਸਾਰੇ ਗੁਣ ਹੋਣ, ਗਿਣਤੀ ਵਿੱਚ ਬਹੁਤੇ ਨਹੀਂ ਹੁੰਦੇ ਸਗੋਂ ਬਹੁਤ ਘੱਟ ਤੇ ਵਿਰਲੇ ਹੁੰਦੇ ਹਨ।

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥

(ਪੰਨਾ ੧੪੧੧)

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥

(ਪੰਨਾ ੫੧੭)

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥

(ਪੰਨਾ ੧੪੨੭)

### ਸਿਖ ਕੌਮ ਵਿੱਚ ਸੰਤ:

ਸਿੱਖ ਰਾਜ ਦੇ ਅੰਤ ਤੋਂ ਬਾਅਦ ਅੰਗਰੇਜ਼ ਸਾਮਰਾਜ ਨੇ ਜਦੋਂ ਸਿੱਖ ਕੌਮ ਨੂੰ ਰਾਜਨੀਤਿਕ, ਧਾਰਮਕ, ਆਰਥਕ ਤੇ ਸਮਾਜਕ ਤੌਰ ਤੇ ਬਿਲਕੁਲ ਕਮਜ਼ੋਰ ਕਰ ਦਿੱਤਾ ਤਾਂ ਕੁਝ ਸਮੇਂ ਲਈ ਸਾਰੀ ਸਿੱਖ ਕੌਮ ਬੇਹਿਸ ਹੋ ਕੇ ਰਹਿ ਗਈ। ਭਾਵੇਂ ਪੰਥ ਦੇ ਸ਼ੇਰ ਮਰਦ ਯੋਧੇ ਬਾਬਾ ਮਹਾਰਾਜ ਸਿੰਘ ਅਤੇ ਬਾਬਾ ਬਿਕ੍ਰਮਾ ਸਿੰਘ ਜੀ ਬੇਦੀ ਆਦਿ ਇਨਕਲਾਬੀ ਸੂਰਬੀਰ ਸੰਤਾਂ ਨੇ ਮੁੜ ਕੌਮ ਵਿੱਚ ਜਾਗ੍ਰਤੀ ਲਿਆਉਣ ਦੀ ਬੇਹੱਦ ਕੋਸ਼ਿਸ਼ ਕੀਤੀ ਪਰ ਅੰਗਰੇਜ਼ ਦੀ ਕੂਟਲਨੀਤੀ ਨੇ ਉਨ੍ਹਾਂ ਜਾਂਬਾਜ਼ ਬਹਾਦਰਾਂ ਦੀਆਂ ਕੋਸ਼ਸ਼ਾਂ ਨੂੰ ਨਾਕਾਮ ਬਣਾ ਦਿੱਤਾ ਅਤੇ ਉਨ੍ਹਾਂ ਨੂੰ ਕਾਫ਼ੀ ਸਮੇਂ ਤੱਕ ਕੈਦ ਵਿੱਚ ਰੱਖਕੇ ਉਨ੍ਹਾਂ ਦੇ ਪਵਿੱਤ੍ਰ ਜੀਵਨਾਂ ਨੂੰ ਪੰਥ ਤੋਂ ਸਦਾ ਲਈ ਵਿਛੋੜ ਦਿੱਤਾ।

ਵੀਹਵੀਂ ਸਦੀ ਬਿਕ੍ਰਮੀ ਨੂੰ ਸਿੱਖ ਇਤਿਹਾਸ ਅੰਦਰ ਸੰਤ ਰਾਜ ਦਾ ਨਾਮ ਦਿੱਤਾ ਜਾ ਸਕਦਾ ਹੈ ਜਦੋਂ ਕਿ ਬੇਅੰਤ ਸਾਧੂ ਸੰਤਾਂ ਨੇ ਆਪਣੀ ਨਾਮ ਅਭਿਆਸ ਕਮਾਈ ਅਤੇ ਆਪਣੇ ਉੱਚੇ ਜੀਵਨ ਦਾ ਸਦਕਾ ਕੌਮ ਵਿੱਚੋਂ ਆਈਆਂ ਬੁਰਾਈਆਂ ਨੂੰ ਦੂਰ ਕਰਕੇ ਮੁੜ ਪੈਰਾਂ ਤੇ ਖੜਾ ਕਰਨ ਦਾ ਭਰਪੂਰ ਯਤਨ ਕੀਤਾ। ਧਰਮ ਵਿੱਚ ਪਰਪੱਕਤਾ ਤੇ ਉੱਚ ਇਖ਼ਲਾਕ ਤੋਂ ਬਿਨਾਂ ਕੋਈ ਵੀ ਕੌਮ ਸੰਸਾਰ ਵਿੱਚ ਜ਼ਿੰਦਾ ਨਹੀਂ ਰਹਿ ਸਕਦੀ ਅਤੇ ਨਾ ਹੀ ਉੱਨਤੀ ਦੀਆਂ ਮੰਜ਼ਲਾਂ ਵੱਲ ਅੱਗੇ ਹੀ ਵੱਧ ਸਕਦੀ ਹੈ।

ਸਿੱਖ ਰਾਜ ਦੇ ਖ਼ਾਤਮੇ ਤੋਂ ਮਗਰੋਂ ਜਿੱਥੇ ਨਾਮ ਸਿਮਰਨ ਤੇ ਗੁਰਸਿੱਖੀ ਦੀ ਬ੍ਰਿਧੀ ਲਈ ਸੂਬਾ ਸਰਹੱਦ ਵਿੱਚ ਹੋਤੀ ਮਰਦਾਨ ਵਾਲੇ ਮਹਾਂ-ਪੁਰਖ ਸੰਤ ਬਾਬਾ ਕਰਮ ਸਿੰਘ ਜੀ ਨੇ ਹੈਰਾਨ ਕਰ ਦੇਣ ਵਾਲਾ ਮਹਾਨ ਕਾਰਜ ਕੀਤਾ ਉਥੇ ਉਸੇ ਹੀ ਸਮੇਂ ਪੰਥ ਵਿੱਚ ਆਈਆਂ ਗਿਰਾਵਟਾਂ ਤੋਂ ਬਚਾਕੇ ਧਾਰਮਿਕ ਰਹੁ-ਰੀਤਾਂ, ਸਿੱਖ ਸੰਸਕਾਰਾਂ ਨੂੰ ਨਵੇਂ ਸਿਰੇ ਤੋਂ ਸੁਰਜੀਤ ਕਰਨ ਲਈ ਪੋਠੋਹਾਰ ਵਿੱਚ ਨਿਰੰਕਾਰੀ ਤੇ ਮਾਲਵੇ ਵਿੱਚ ਨਾਮਧਾਰੀ ਸੰਪ੍ਰਦਾਇ ਨੇ ਵਰਣਨ ਯੋਗ ਹਿੱਸਾ ਪਾਇਆ।

### ਮਾਲਵੇ ਵਿੱਚ ਸੰਤ:

ਮਾਲਵੇ ਦੀ ਧਰਤੀ ਨੇ ਵੀਹਵੀਂ ਸਦੀ ਬਿਕ੍ਰਮੀ ਵਿੱਚ ਜਿਨ੍ਹਾਂ ਮਹਾਂਪੁਰਸ਼ਾਂ ਨੂੰ ਜਨਮ ਦਿੱਤਾ। ਉਨ੍ਹਾਂ ਵਿੱਚੋਂ ਸੰਤ ਅਤਰ ਸਿੰਘ ਜੀ ਮਸਤੂਆਣਾ, ਸੰਤ ਅਤਰ ਸਿੰਘ ਜੀ ਰੇਰੂ ਸਾਹਿਬ, ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਅਤੇ ਸੰਤ ਮੱਘਰ ਸਿੰਘ ਜੀ ਰਾਮਗੜ੍ਹ, ਸੰਤ ਗੁਲਾਬ ਸਿੰਘ ਜੀ ਘੋਲੀਆ (ਮੋਗਾ) ਨੂੰ ਪ੍ਰਮੁੱਖ ਗਿਣਿਆ ਜਾ ਸਕਦਾ ਹੈ ਜਿਨ੍ਹਾਂ ਨੇ ਕੇਵਲ ਮਾਲਵੇ ਵਿੱਚ ਹੀ ਨਹੀਂ ਸਗੋਂ ਸਾਰੇ ਭਾਰਤ-ਵਰਸ਼ ਵਿੱਚ ਆਪਣੀ ਕਰਣੀ ਦੁਆਰਾ ਤੇ ਆਪਣੇ ਸ਼ੁਭ ਉਪਦੇਸ਼ਾਂ ਦੁਆਰਾ ਅਨੇਕਾਂ ਭੁੱਲੇ ਭਟਕਿਆਂ ਨੂੰ ਗੁਰਮਤਿ ਦੀ ਰੋਸ਼ਨੀ ਦਿਖਾਕੇ ਜੀਵਨ ਦੇ ਸਹੀ ਪੰਧ ਤੇ ਪਾਇਆ ਅਤੇ ਆਪਣੀਆਂ ਸ਼ਖਸੀਅਤਾਂ ਦੇ ਪ੍ਰਭਾਵ ਦਾ ਸਦਕਾ ਸਿੱਖ ਕੌਮ ਦਾ ਨਾਮ ਜਗਤ ਵਿੱਚ ਉੱਚਾ ਕੀਤਾ।

ਇਹ ਵਰਣਨ ਵੀ ਪਾਠਕਾਂ ਦੀ ਦਿਲਚਸਪੀ ਤੇ ਵਾਕਫ਼ੀਅਤ ਵਿੱਚ ਹੋਰ ਵਾਧਾ ਕਰੇਗਾ ਕਿ ਤਕਰੀਬਨ ਇੱਕੋ ਹੀ ਸਮੇਂ ਵਿੱਚ ਮਾਲਵੇ ਦੀ ਧਰਤੀ ਨੇ ਅਤਰ ਸਿੰਘ ਨਾਮ ਦੇ ਛੇ ਮਹਾਂ-ਪੁਰਖਾਂ ਨੂੰ ਜਨਮ ਦਿੱਤਾ ਜੋ ਆਪੋ ਆਪਣੇ ਇਲਾਕਿਆਂ ਵਿੱਚ ਕਾਫ਼ੀ ਪ੍ਰਸਿੱਧ ਤੇ ਮਾਨਯੋਗ ਹਸਤੀਆਂ ਸਨ। ਇਨ੍ਹਾਂ ਦੇ ਕ੍ਰਮਵਾਰ ਨਾਮ ਇਹ ਹਨ:

੧. ਸ੍ਰੀ ਮਾਨ ਸੰਤ ਅਤਰ ਸਿੰਘ ਜੀ ਗੁਰ-ਸਾਗਰ ਮਸਤੂਆਣਾ ਜ਼ਿਲ੍ਹਾ ਸੰਗਰੂਰ।
੨. ਸ੍ਰੀ ਮਾਨ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਜ਼ਿਲ੍ਹਾ ਲੁਧਿਆਣਾ।
੩. ਸ੍ਰੀ ਮਾਨ ਸੰਤ ਅਤਰ ਸਿੰਘ ਜੀ ਅਤਲਾ ਵੱਡਾ ਜ਼ਿਲ੍ਹਾ ਸੰਗਰੂਰ।
੪. ਸ੍ਰੀ ਮਾਨ ਸੰਤ ਅਤਰ ਸਿੰਘ ਜੀ ਘੁਣਸਾਂ ਵਾਲੇ ਜ਼ਿਲ੍ਹਾ ਸੰਗਰੂਰ।
੫. ਸ੍ਰੀ ਮਾਨ ਸੰਤ ਅਤਰ ਸਿੰਘ ਜੀ ਜਨੇਰ ਵਾਲੇ ਜ਼ਿਲ੍ਹਾ ਫ਼ੀਰੋਜ਼ਪੁਰ।
੬. ਸ੍ਰੀ ਮਾਨ ਸੰਤ ਅਤਰ ਸਿੰਘ ਜੀ ਪੰਜ ਗਰਾਈਆਂ ਜ਼ਿਲ੍ਹਾ ਬਠਿੰਡਾ।

### ਸੰਤ ਅਤਰ ਸਿੰਘ ਜੀ ਰੇਰੂ ਸਾਹਿਬ:

ਆਪ ਮਾਲਵੇ ਦੀ ਮਾਇਆ-ਨਾਜ਼ ਪਵਿੱਤ੍ਰ ਹਸਤੀ ਹੋ ਗੁਜ਼ਰੇ ਹਨ। ਆਪ ਨੇ ਇੱਕ ਅਪ੍ਰਸਿੱਧ ਜੇਹੇ ਪਿੰਡ ਲੋਪੋਂ (ਜ਼ਿਲ੍ਹਾ ਲੁਧਿਆਣਾ) ਵਿੱਚ ਜਨਮ ਲਿਆ। ਖ਼ਾਨਦਾਨੀ ਸਿੱਖੀ ਤੇ ਫੌਜ ਵਿੱਚ ਰਹਿਕੇ ਦੇਸ਼ ਕੌਮ ਦੀ ਸੇਵਾ ਦੇ ਨਾਲ-ਨਾਲ ਪ੍ਰਾਪਤ ਕੀਤੀ ਗੁਰਸਿੱਖੀ ਦੀ ਰਹੁਰੀਤ ਦੇ ਧਾਰਨੀ ਬਣੇ। ਪਵਿੱਤ੍ਰ ਆਤਮਾ, ਸਾਦਗੀ, ਪ੍ਰਾਣੀ ਮਾਤ੍ਰ ਨਾਲ ਪਿਆਰ, ਹਮਦਰਦੀ, ਸੇਵਾ ਭਾਵ ਤੇ ਫ਼ਰਾਖ਼ ਦਿਲੀ ਦੇ ਸ਼ੁਭ ਗੁਣਾਂ ਦੇ ਨਾਲ ਹੀ ਮਹਾਨ ਕਰਮ ਯੋਗੀ, ਤਪੱਸਵੀ, ਨਾਮ ਸਿਮਰਨ ਦੀ ਮੂਰਤਿ, ਰਾਖਸ਼ ਬੁੱਧੀ ਜ਼ਾਲਮ ਪਠਾਣਾਂ ਨੂੰ ਦੇਵਤੇ ਬਣਾ ਦੇਣ ਦੀ ਅਗੰਮੀ ਸ਼ਕਤੀ ਦੇ ਮਾਲਕ ਪਰਮ ਸਤਿਕਾਰ ਯੋਗ ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਦਰਸ਼ਨ, ਸੰਗਤ ਸੇਵਾ ਤੇ ਪ੍ਰਸੰਨਤਾ ਨੇ ਆਪ ਦੇ ਨਿਰਮਲ ਜੀਵਨ ਲਈ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਤੇ ਆਪ ਬਾਰਾਂ ਵੰਨੀ ਦੇ ਕੁੰਦਨ ਬਣ ਗਏ।

ਦਸਮ ਪਾਤਸ਼ਾਹ ਸ੍ਰੀ ਕਲਗੀਧਰ ਜੀ ਦੀ ਚਰਨ-ਛੋਹ ਪ੍ਰਾਪਤ ਧਰਤੀ ਰਾਮਪੁਰ ਪਿੰਡ ਦੇ ਨੇੜੇ ਘਣੇ ਜੰਗਲ ਅੰਦਰ ਰੇਰੂ ਸਾਹਿਬ ਵਾਲੀ ਥਾਂ ਤੇ ਜੰਗਲ ਵਿੱਚ ਮੰਗਲ ਬਣਾ ਦੇਣਾ ਆਪ ਜੀ ਦੇ ਸ਼ਕਤੀਆਂ ਭਰਪੂਰ ਜੀਵਨ ਦਾ ਹੀ ਇੱਕ ਕ੍ਰਿਸ਼ਮਾ ਸੀ। ਆਪ ਨੇ ਹੱਥੀਂ ਖੇਤੀ ਕਰਣੀ, ਹਲ ਵਾਹੁਣੇ, ਪੱਠੇ ਵੱਢਣੇ, ਚਾਰਾ ਕੁਤਰਨਾ, ਵੰਡ ਰਲਾਉਣੇ, ਪਸ਼ੂਆਂ ਨੂੰ ਚਾਰਾ ਪਾਉਣਾ, ਲੰਗਰ ਪਕਾਉਣਾ, ਵਰਤਾਉਣਾ ਤੇ ਸੰਗਤ ਦੇ ਜੂਠੇ ਭਾਂਡੇ ਮਾਂਜਣ ਤੱਕ ਦੀ ਸੇਵਾ ਆਪ ਹੱਥੀਂ ਕਰਣੀ; ਇਹ ਆਪ ਦੀ ਨਿੰਮ੍ਰਤਾ, ਸੇਵਾ, ਪਿਆਰ ਤੇ ਸਾਰਿਆਂ ਜੀਵਾਂ ਵਿੱਚ ਵਾਹਿਗੁਰੂ ਜੀ ਨੂੰ ਪ੍ਰਤੱਖ ਵੇਖਣ ਦੇ ਅਸਲੀ ਸਬੂਤ ਹਨ।

ਜਿਵੇਂ ਸੁਘੜ ਮਾਂ ਦੇ ਗੁਣ ਸੁਸ਼ੀਲ ਬੱਚੀ ਵਿੱਚੋਂ, ਪਿਤਾ ਦੇ ਗੁਣ ਲਾਇਕ ਪੁੱਤਰ ਵਿੱਚੋਂ ਅਤੇ ਸੁਜਾਣ ਉਸਤਾਦ ਦੇ ਗੁਣ ਸੁਯੋਗ ਸ਼ਾਗਿਰਦ ਵਿੱਚੋਂ ਪ੍ਰਤੱਖ ਵੇਖੇ ਜਾ ਸਕਦੇ ਹਨ ਤਿਵੇਂ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਸੰਪੂਰਨ ਗੁਣਾਂ ਦਾ ਝਲਕਾਰਾ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਸਰਬ ਗੁਣ ਸੰਪੰਨ ਜੀਵਨ ਵਿੱਚੋਂ ਡਲ੍ਹਕਾਂ ਮਾਰਦਾ ਤਕਿਆ ਜਾ ਸਕਦਾ ਹੈ।

## ਪੁਸਤਕ ਬਾਰੇ

ਸ੍ਰੀ ਮਾਨ ੧੦੮ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ 'ਜੀਵਨ-ਗਾਥਾ' ਨਾਮ ਦੀ ਪੁਸਤਕ (7×4) ਅਕਾਰ ਦੇ ੫੦੦ ਤੋਂ ਉਪਰ ਸਫ਼ਿਆਂ ਤੇ ਨਿਰਭਰ ਹੈ। ਇਸ ਦੇ ਦੋਵੇਂ ਹਿੱਸਿਆਂ ਵਿੱਚ ਕੁਲ ੧੬ ਕਾਂਡ ਹਨ। ਪਹਿਲੇ ਹਿੱਸੇ ਦੇ ੧੪ ਕਾਂਡਾਂ ਵਿੱਚ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦਾ ਜੀਵਨ-ਬਿਰਤਾਂਤ ਸੰਪੂਰਨ ਕੀਤਾ ਗਿਆ ਹੈ। ਦੂਜੇ ਭਾਗ ਦੇ ਦੋ ਕਾਂਡਾਂ ਵਿੱਚ ਸੰਤਾਂ ਤੋਂ ਅੱਗੋਂ ਵਰੋਸਾਈਆਂ ਮਹਾਨ ਵਿਅਕਤੀਆਂ ਦੇ ਸੰਖੇਪ ਜੀਵਨ ਅਤੇ ਉਨ੍ਹਾਂ ਵਲੋਂ ਆਬਾਦ ਕੀਤੇ ਗੁਰਮਤਿ ਪ੍ਰਚਾਰ ਦੇ ਮਹਾਨ ਕੇਂਦਰਾਂ ਬਾਰੇ ਵੀ ਸੰਖੇਪ ਜਿਹੀ ਵਾਕਫ਼ੀਅਤ ਦਿੱਤੀ ਹੈ। ਜਿਨ੍ਹਾਂ ਵਿੱਚ ਸੰਤ ਬਾਬਾ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲੇ, ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲੇ, ਸੰਤ ਕਿਸ਼ਨ ਸਿੰਘ ਜੀ ਰਾੜੇ ਸਾਹਿਬ ਵਾਲੇ, ਸੰਤ ਬਿਸ਼ਨ ਸਿੰਘ ਜੀ ਪਿੰਡ ਰੌਣੀ ਵਾਲੇ, ਰਾਗੀ ਲਛਮਣ ਸਿੰਘ ਜੀ ਗੰਧਰਬ, ਸੰਤ ਨੰਦ ਸਿੰਘ ਜੀ ਭੌਰਲੇ, ਸੁਆਮੀ ਸੰਤੋਖ ਸਿੰਘ ਰਾਜਸਥਾਨ ਦੇ ਨਾਮ ਵਰਣਨ ਯੋਗ ਹਨ।

ਵਿਦਵਾਨ ਲੇਖਕ ਜੀ ਨੇ ਇਸ ਪੁਸਤਕ ਵਿੱਚ ਸਾਦਾ, ਸਰਲ, ਸਪੱਸ਼ਟ ਆਮ ਸਮਝੀ ਜਾਣ ਵਾਲੀ ਰਸੀਲੀ ਭਾਸ਼ਾ ਦੀ ਵਰਤੋਂ ਕੀਤੀ ਹੈ। ਗੁਰਮਤਿ ਸਾਹਿਤ, ਬ੍ਰਿਜ ਭਾਸ਼ਾ ਤੇ ਹਿੰਦੀ ਸਾਹਿਤ ਦੇ ਅਧਿਐਨ ਦੇ ਕਾਰਣ ਭਾਵੇਂ ਇਸ ਰਚਨਾ ਵਿੱਚ ਸੰਤ ਭਾਸ਼ਾ ਦੇ ਵੀ ਕੁਝ ਸ਼ਬਦ ਆਪ ਮੁਹਾਰੇ ਆ ਗਏ ਹਨ ਪਰ ਫਿਰ ਵੀ ਬੋਲੀ ਵਧੇਰੇ ਕਰਕੇ ਠੇਠ ਤੇ ਟਕਸਾਲੀ ਪੰਜਾਬੀ ਹੀ ਵਰਤਣ ਦਾ ਯਤਨ ਕੀਤਾ ਗਿਆ ਹੈ। ਬੋਲੀ ਮੁਹਾਵਰੇਦਾਰ ਤੇ ਢੁਕਵੀਂ ਹੈ। ਗੁਰਬਾਣੀ ਤੇ ਹੋਰ ਗ੍ਰੰਥਾਂ ਦੀਆਂ

ਥਾਂ-ਥਾਂ ਸਿਰ ਜਚਦੀਆਂ ਫਬਦੀਆਂ ਤੁਕਾਂ ਦੇ ਪ੍ਰਮਾਣ ਦੇ ਕੇ ਸੁਜਾਣ ਲੇਖਕ ਜੀ ਨੇ ਆਪਣੀ ਰਚਨਾ ਨੂੰ ਵਧੇਰੇ ਖ਼ੂਬਸੂਰਤ ਤੇ ਦਿਲਕਸ਼ ਬਣਾ ਦਿੱਤਾ ਹੈ। ਸ਼ਰਧਾਲੂ ਸਜਣਾਂ ਲਈ ਖ਼ਾਸ ਕਰਕੇ ਤੇ ਹੋਰ ਲੋਕਾਂ ਲਈ ਆਮ ਕਰਕੇ ਇਹ ਪੁਸਤਕ ਬੜੀ ਹੀ ਲਾਭਦਾਇਕ ਸਾਬਤ ਹੋਵੇਗੀ।

ਭਾਵੇਂ ਇਸ ਤੋਂ ਪਹਿਲਾਂ ਵੀ ਗਿਆਨੀ ਮੇਹਰ ਸਿੰਘ ਜੀ ਕੁਰਛੇਤਰ (ਕਰਨਾਲ) ਨੇ ਅਮਰ-ਕਥਾ ਨਾਮ ਦੀ ਪੁਸਤਕ ਛਾਪੀ ਸੀ ਪਰ ਇਸ ਪੁਸਤਕ ਵਿੱਚ ਲੇਖਕ ਨੇ ਨਵੀਨ ਖੋਜਾਂ ਰਾਹੀਂ ਤੇ ਆਪਣੇ ਸ਼ਰਧਾ ਭਰਪੂਰ ਲਿਖਣ ਸ਼ੈਲੀ ਦੁਆਰਾ ਬਾਬਾ ਜੀ ਦੀਆਂ ਕਈ ਅਣਛੋਹੀਆਂ ਘਟਨਾਵਾਂ ਨੂੰ ਚਾਨਣੇ ਵਿੱਚ ਲੈ ਆਂਦਾ ਹੈ।

ਇਸ ਪੁਸਤਕ ਦੇ ਸੁਘੜ ਤੇ ਵਿਦਵਾਨ ਲੇਖਕ ਸ੍ਰੀ ਮਾਨ ਸੰਤ ਗਿਆਨੀ ਮੋਹਨ ਸਿੰਘ ਜੀ 'ਆਜ਼ਾਦ' ਰਾੜਾ ਸਾਹਿਬ ਨੇ ਬੜੀ ਮਿਹਨਤ, ਲਗਨ, ਖੋਜ ਤੇ ਸ਼ਰਧਾ ਨਾਲ ਬਾਬਾ ਜੀ ਦੀਆਂ ਜੀਵਨ ਘਟਨਾਵਾਂ ਨੂੰ ਥਾਂ-ਥਾਂ ਫਿਰ ਕੇ ਪੁਰਾਣੇ ਬਜ਼ੁਰਗਾਂ ਤੋਂ ਪੁੱਛ-ਪੁੱਛ ਕੇ ਤਰਤੀਬ ਦੇ ਕੇ ਸੁਚੱਜੇ ਢੰਗ ਨਾਲ ਕਲਮਬੰਦ ਕੀਤਾ ਹੈ। ਉਨ੍ਹਾਂ ਇਸ ਪੁਸਤਕ ਵਿੱਚ ਜੋ ਨਵੀਆਂ ਖੋਜਾਂ ਦਰਜ ਕੀਤੀਆਂ ਹਨ ਉਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

੧. ਸੰਤਾਂ ਦੇ ਜਨਮ ਨਗਰ ਅਤੇ ਬਾਬਾ ਜੀ ਦੀ ਵੰਸ਼ ਦਾ ਸਜ਼ਰਾ ਬੜੀ ਮਿਹਨਤ ਤੇ ਕੋਸ਼ਿਸ਼ ਨਾਲ ਪ੍ਰਾਪਤ ਕੀਤਾ ਜੋ ਆਪਣੀ ਕਿਸਮ ਦੀ ਪਹਿਲੀ ਖੋਜ ਹੈ।

੨. ਰੇਰੂ ਸਾਹਿਬ ਦਾ ਇਤਿਹਾਸਕ ਪਿਛੋਕੜ ਜੋ ਪੁਰਾਣੇ ਬਜ਼ੁਰਗਾਂ ਤੋਂ ਸੁਣਕੇ ਇਕੱਠਾ ਕੀਤਾ ਜੋ ਇਸ ਤੋਂ ਪਹਿਲਾਂ ਕਿਸੇ ਵੀ ਇਤਿਹਾਸਕ ਪੁਸਤਕ ਵਿੱਚ ਅੰਕਤ ਨਹੀਂ ਹੈ।

੩. ਸੰਤਾਂ ਦੀ ਕਠਨ ਤਪੱਸਿਆ ਦੇ ਵਾਕਿਆਤ, ਨੇਤ੍ਰਹੀਣਾਂ ਤੇ ਕਿਰਪਾ ਤੇ ਸ਼ੁੱਧ ਅੰਨ ਦੀ ਬਰਕਤ ਆਦਿ ਲੇਖ ਆਪ ਦੀ ਖੋਜ ਦਾ ਇੱਕ ਅਹਿਮ ਹਿੱਸਾ ਹਨ।

੪. ਤਿੰਨ ਤਰ੍ਹਾਂ ਦੀ ਫ਼ਕੀਰੀ, ਤਿੰਨ ਤਰ੍ਹਾਂ ਦਾ ਵੈਰਾਗ, ਪੰਜ ਤਰ੍ਹਾਂ ਦੀ ਸਿੱਖੀ, ਪ੍ਰਮੇਸ਼ਰ ਦੇ ਨਾਂ ਦਿਸਣ ਦੇ ਅੱਠ ਕਾਰਨ, ਪੰਜ ਨਿਮਾਜ਼ਾਂ ਦੀ ਭਰਪੂਰ ਜਾਣਕਾਰੀ ਤੇ ਅੰਤ੍ਰੀਵ ਨਿਮਾਜ਼ਾਂ ਦੀ ਵਿਆਖਿਆ ਲੇਖਕ ਦੀ ਵਿੱਦਵਤਾ ਦੀ ਮੂੰਹ ਬੋਲਦੀ ਤਸਵੀਰ ਹੈ।

੫. ਪਟਿਆਲੇ ਦੇ ਪ੍ਰੇਮੀ ਸੰਤਾਂ ਦੇ ਸੇਵਕਾਂ ਦੇ ਨਾਮ ਅਹੁਦੇ ਆਦਿ ਦੀ ਪੂਰਨ ਵਾਕਫ਼ੀਅਤ ਬੜੀ ਡੂੰਘੀ ਖੋਜ ਦਾ ਨਤੀਜਾ ਹੈ।

ਸੰਤ ਮਹਾਰਾਜ ਈਸ਼ਰ ਸਿੰਘ ਜੀ, ਸੰਤ ਮਹਾਰਾਜ ਕਿਸ਼ਨ ਸਿੰਘ ਜੀ, ਸੰਤ ਭਗਵਾਨ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ, ਸੰਤ ਸੰਤੋਖ ਸਿੰਘ ਜੀ, ਸੰਤ ਨੰਦ ਸਿੰਘ ਜੀ, ਗੰਧਰਬ ਲਛਮਣ ਸਿੰਘ ਜੀ ਆਦਿ ਵਿਅਕਤੀਆਂ ਦਾ ਜੀਵਨ ਬੜੀ ਮਿਹਨਤ ਅਤੇ ਖੋਜ ਦੁਆਰਾ ਲਿਖਿਆ ਹੈ।

## ਲੇਖਕ ਦੀ ਜਾਣ-ਪਛਾਣ

ਇਸ ਪੁਸਤਕ ਦੇ ਸੁਜਾਣ ਲੇਖਕ ਗਿਆਨੀ ਮੋਹਨ ਸਿੰਘ ਜੀ ਅਜ਼ਾਦ, ਸੁਭਾਵ ਦੇ ਨਰਮ, ਜ਼ਬਾਨ ਦੇ ਮਿੱਠੇ, ਗੰਭੀਰ, ਸਮਝਦਾਰ, ਮਿਲਣਸਾਰ, ਮਿਤ੍ਰਾਂ ਦੇ ਮਿਤ੍ਰ, ਮਿਹਨਤੀ, ਧੁੰਨ ਦੇ ਪੱਕੇ, ਦ੍ਰਿੜ ਇਰਾਦੇ ਦੇ ਮਾਲਕ, ਖੋਜੀ ਗੁਰਮਤ ਦੇ ਗਿਆਤਾ, ਸਿੱਖੀ ਰਹਿਤ ਵਿੱਚ ਪ੍ਰਪੱਕ, ਗੁਰਬਾਣੀ ਦੇ ਨਿਤਨੇਮੀ, ਨਾਮ ਅਭਿਆਸੀ ਤੇ ਵਿਦਵਾਨ ਸੱਜਣ ਸਨ। ਇਨ੍ਹਾਂ ਨੇ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਅਤੇ ਉਨ੍ਹਾਂ ਦੇ ਉੱਤ੍ਰਾਧਿਕਾਰੀਆਂ ਦੀਆਂ ਜੀਵਨ-ਝਲਕਾਂ ਦੀ ਇਹ ਸੁੰਦਰ ਪੁਸਤਕ ਰਚਕੇ ਸਿੱਖ ਸਾਹਿਤ ਵਿੱਚ ਇੱਕ ਨਵਾਂ ਮੀਲ ਪੱਥਰ ਗਡਿਆ ਹੈ। ਜੋ ਸਦਾ ਲਈ ਆਪਣੀ ਅਮਿੱਟ ਯਾਦ ਰਹੇਗਾ।

ਆਪ ਦਾ ਜਨਮ ੫ ਅਗਸਤ ੧੯੨੬ ਈਸਵੀ ਮੁ: ਸਾਵਣ ਸੁਦੀ ਤਰੌਸਦੀ ੧੯੮੩ ਬਿ: ਨੂੰ ਪਿੰਡ ਭੈਣੀ ਬਾਘਾ ਤਹਿਸੀਲ ਮਾਨਸਾ (ਅੱਜਕੱਲ੍ਹ ਜ਼ਿਲ੍ਹਾ ਹੈ) ਵਿੱਚ ਹੋਇਆ। ਆਪ ਦੇ ਪਿਤਾ ਸਰਦਾਰ ਅਗੂੜ ਸਿੰਘ ਅਤੇ ਬੀਬੀ ਗੰਗਾ ਦੇਈ ਜੀ ਸਹਿਜਧਾਰੀ ਸਿੱਖ ਹਨ। ਬਚਪਨ ਤੋਂ ਬਾਅਦ ਪੰਜ ਜਮਾਤਾਂ (ਪੰਜਾਬੀ ਤੇ ਉਰਦੂ) ਪਿੰਡ ਦੇ ਸਕੂਲ ਵਿੱਚ ਪਾਸ ਕੀਤੀਆਂ। ਹੁਣ ਉਹ ਸਕੂਲ ਬੀ. ਏ. ਤੱਕ ਹੈ।

੧੯ ਸਾਲ ਦੀ ਉਮਰ ਵਿੱਚ ਰਾੜੇ ਸਾਹਿਬ ਵਾਲੇ ਮਹਾਂਪੁਰਸ਼ ਸੰਤ ਬਾਬਾ ਈਸ਼ਰ ਸਿੰਘ ਜੀ ਤੋਂ ਵਰੋਸਾਏ ਇੱਕ ਮਹਾਂਪੁਰਸ਼ ਸੰਤ ਬਾਬਾ ਇੰਦਰ ਸਿੰਘ ਜੀ ਦੀ ਸੰਗਤ ਕੀਤੀ, ਜੋ ਰਾਜਸਥਾਨ ਦੇ ਇਲਾਕੇ ਜ਼ਿਲ੍ਹਾ ਗੰਗਾ ਨਗਰ ਚੱਕ ਨੰ: ੭

ਸੀ, ਵਿੱਚ ਰਹਿੰਦੇ ਸਨ। ਉਨ੍ਹਾਂ ਦੀ ਪ੍ਰੇਰਨਾ ਨਾਲ ਇੱਕ ਵਾਰ ਰਾੜੇ ਸਾਹਿਬ ਦਰਸ਼ਨਾਂ ਲਈ ਆਏ ਤਾਂ ਇੱਥੇ ਹੀ ਟਿਕ ਗਏ। ੧੯੪੫ ਈਸਵੀ ਤੋਂ ੧੯੫੦ ਈਸਵੀ ਤੱਕ ਲਗਭਗ ੬ ਸਾਲ ਉਥੇ ਹੀ ਰਹਿ ਕੇ ਸੇਵਾ ਤੇ ਸਿਮਰਨ ਦਾ ਅਨੰਦ ਮਾਣਦੇ ਰਹੇ। ਉਪਰੰਤ ਗੁਰਮਤਿ ਵਿੱਦਿਆ ਦੀ ਪੜ੍ਹਾਈ ਦਾ ਸ਼ੌਕ ਜਾਗਿਆ ਤਾਂ ਮਹਾਂ-ਪੁਰਸ਼ਾਂ ਤੋਂ ਆਗਿਆ ਲੈਕੇ ਜ਼ਿਲ੍ਹਾ ਸੰਗਰੂਰ ਦੇ ਪਿੰਡ ਧੂਰਕੋਟ ਸ੍ਰੀ ਮਾਨ ਗਿਆਨੀ ਵਰਿਆਮ ਸਿੰਘ ਜੀ ਹੁਰਾਂ ਪਾਸ ਪੁੱਜੇ। ਤਿੰਨ ਸਾਲ ਲਗਾਤਾਰ ਪੜ੍ਹਾਈ ਵਿੱਚ ਲੀਨ ਰਹੇ। ਇਸੇ ਤਰ੍ਹਾਂ ਛੋਟੇ-ਛੋਟੇ ਗ੍ਰੰਥ ਅਰਥਾਂ ਸਮੇਤ ਪੜ੍ਹਨ ਤੋਂ ਬਾਅਦ ਸ੍ਰੀ ਗੁਰੂ ਨਾਨਕ ਪ੍ਰਕਾਸ਼ ਅਤੇ ਗਿਆਨੀ ਗਿਆਨ ਸਿੰਘ ਜੀ ਰਚਿਤ ਸ੍ਰੀ ਗੁਰੂ ਪੰਥ ਪ੍ਰਕਾਸ਼ ਅਰਥਾਂ ਸਹਿਤ ਪੜ੍ਹੇ ਤੇ ਵਿਚਾਰੇ। ਏਥੋਂ ਫਿਰ ਮਸਤੂਆਣੇ ਸਾਹਿਬ ਆ ਗਏ ਅਤੇ ਸ੍ਰੀ ਮਾਨ ਗਿਆਨੀ ਚੰਨਣ ਸਿੰਘ ਜੀ ਗੁਰਨੇ ਵਾਲਿਆਂ ਤੋਂ ਇੱਕ ਸਾਲ ਵਿੱਚ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਅਤੇ 'ਭਾਈ ਗੁਰਦਾਸ ਜੀ ਦੀਆਂ ਵਾਰਾਂ' ਦਾ ਅਰਥਾਂ ਸਹਿਤ ਅਧਿਐਨ ਕੀਤਾ।

੧੯੫੪ ਈ: ਵਿੱਚ ਸਤਿਕਾਰ ਯੋਗ ਮਹਾਂ-ਪੁਰਖ ਸ੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਜਥੇ 'ਚ ਆ ਵਿਦਿਆਰਥੀ ਬਣੇ। ਜਥੇ ਵਿੱਚ ਰਹਿ ਕੇ ਤਕਰੀਬਨ ਤਿੰਨ ਕੁ ਸਾਲਾਂ ਵਿੱਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ, ਸ੍ਰੀ ਗੁਰੂ ਨਾਨਕ ਪ੍ਰਕਾਸ਼ ਤੇ ਵਾਰਾਂ ਭਾਈ ਗੁਰਦਾਸ ਜੀ ਅਰਥਾਂ ਸਮੇਤ ਪੜ੍ਹੀਆਂ ਤੇ ਮਹਾਂ-ਵਾਕ ਦੀ ਕਥਾ ਕਰਣ ਦਾ ਅਭਿਆਸ ਕਰਦੇ ਰਹੇ। ੧੯੫੭ ਈ: ਵਿੱਚ ਇੱਕ ਸਾਲ ਪਿੰਡ ਮੂਲੋਵਾਲ ਗੁਰਦੁਆਰਾ ਪਾਤਿਸ਼ਾਹੀ ਨੌਵੀਂ ਵਿਖੇ ਇਤਿਹਾਸ ਤੇ ਗੁਰਬਾਣੀ ਦੀ ਕਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

੧੯੫੮ ਈਸਵੀ ਵਿੱਚ ਸ੍ਰੀ ਅੰਮ੍ਰਿਤਸਰ ਆ ਗਏ, ਇੱਥੇ ਪੰਡਿਤ ਕਲਿਆਣ ਸਿੰਘ ਜੀ ਪਾਸੋਂ ਵਿਚਾਰ ਚੰਦ੍ਰੋਦਯ, ਵਿਚਾਰ ਸਾਗਰ ਤੇ ਮੋਖਸ਼ ਪੰਧ ਆਦਿ ਵੇਦਾਂਤ ਦੇ ਗੂੜ ਗ੍ਰੰਥ ਵਿਚਾਰੇ ਤੇ ਨਾਲ ਹੀ ਸ੍ਰੀ ਮਾਨ ਸੰਤ ਅਮੀਰ ਸਿੰਘ ਜੀ ਦੇ ਡੇਰੇ ਸ੍ਰੀ ਮਾਨ ਗਿਆਨੀ ਕਿਰਪਾਲ ਸਿੰਘ ਜੀ ਹੁਰਾਂ ਪਾਸੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਦੇ ਰਹੇ। ਇਸ ਦੌਰਾਨ ਰਹਾਇਸ਼ ਡੇਰਾ ਬਾਬਾ ਸ਼ਾਮ ਸਿੰਘ ਜੀ ਆਟਾ ਮੰਡੀ ਵਿਖੇ ਰੱਖੀ ਤੇ ਇਸੇ ਡੇਰੇ ਵਿੱਚ ਸ੍ਰੀ ਗੁਰ ਪ੍ਰਤਾਪ ਸੂਰਜ ਦੀਆਂ ਦੋ ਅਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਇੱਕ ਕਥਾ ਕੀਤੀ ਤੇ ਉਥੋਂ ਦੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੀ ਸੰਥਾ ਕਰਵਾਇਆ ਕਰਦੇ ਅਤੇ ਕੁਝ ਕੁ ਸਮਾਂ ਡੇਰਾ ਸੱਤੋ ਵਾਲੀ ਗਲੀ ਵਿਖੇ ਸ਼ਾਮ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਵਿਦਿਆਰਥੀਆਂ ਨੂੰ ਪੜ੍ਹਾਂਦੇ ਰਹੇ। ਇਨ੍ਹਾਂ ਹੀ ਦਿਨਾਂ ਵਿੱਚ ਗਿਆਨੀ ਹਰੀ ਸਿੰਘ ਜੀ ਬਜਾਜ਼ ਕੌਲਸਰ ਨੇ (ਜਿਹੜੇ ਦੋ ਵਾਰ ਕਾਬਲ ਅਤੇ ਇੱਕ ਵਾਰ ਮਲਾਇਆ ਵਿੱਚ ਪ੍ਰਚਾਰ ਦੌਰਾ ਕਰ ਆਏ ਹਨ) ਆਪ ਪਾਸੋਂ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੀ ਮੁਕੰਮਲ ਸੰਥਾ ਸੁਣੀ।

ਸੰਗਤਾਂ ਦੀ ਮੰਗ ਅਨੁਸਾਰ ਭਾਰਤ ਭਰ ਦੇ ਵੱਡੇ-ਵੱਡੇ ਸ਼ਹਿਰਾਂ ਕਲਕੱਤਾ, ਟਾਟਾ ਨਗਰ, ਰਾਂਚੀ ਤੇ ਕਾਨ੍ਹਪੁਰ ਆਦਿ ਵਿੱਚ ਵਿਚਰ ਕੇ ਕਥਾ ਕਰਦੇ ਰਹੇ। ਛੇ ਮਹੀਨੇ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੇ ਅਸਥਾਨ ਧਬਲਾਨ (ਪਟਿਆਲਾ) ਵਿਖੇ ਅਤੇ ਛੇ ਮਹੀਨੇ ਦੂਜੀ ਵਾਰ ਨੌਵੇਂ ਪਾਤਸ਼ਾਹ ਜੀ ਦੇ ਪਵਿੱਤ੍ਰ ਅਸਥਾਨ ਮੂਲੋਵਾਲ (ਸੰਗਰੂਰ) ਵਿਖੇ ਕਥਾ ਕੀਤੀ।

ਇਸ ਤੋਂ ਪਹਿਲਾਂ ਜੋ ਇਨ੍ਹਾਂ ਦੀ ਕਲਮ ਨੇ ਗੁਰਮਤਿ ਸਾਹਿਤ ਵਿੱਚ ਵਾਧਾ ਕੀਤਾ ਹੈ ਉਹ ਹੇਠ ਲਿਖੇ ਅਨੁਸਾਰ ਹੈ:

੧. ਗਿਆਨੀ ਗਿਆਨ ਸਿੰਘ ਜੀ ਰਚਿਤ 'ਪੰਥ ਪ੍ਰਕਾਸ਼' ਦੇ ਪ੍ਰਯਾ ੧੯੫੯ ਈ. ਵਿੱਚ ਛਪਵਾਏ।

੨. 'ਜਪੁਜੀ ਸਾਹਿਬ ਸਟੀਕ ਤੁਕ ਤੁਕ ਦਾ ਅਰਥ' ੧੯੬੦ ਈ. ਵਿੱਚ ਛਪਿਆ।

੩. 'ਗੁਰਮਤਿ ਰਹਿਤ ਮਰਯਾਦਾ' ਦੀ ਪਹਿਲੀ ਐਡੀਸ਼ਨ ੧੯੬੧ ਈਸਵੀ ਪ੍ਰਕਾਸ਼ਤ ਹੋਈ। ਹੁਣ ਨੌਵੀਂ ਐਡੀਸ਼ਨ ਛਪ ਚੁੱਕੀ ਹੈ।

੪. ਸ੍ਰੀ ਮਾਨ ਸੰਤ ਕਿਰਪਾਲ ਸਿੰਘ ਜੀ ਗਲੀ ਸਤੋ ਵਾਲੀ ਸ੍ਰੀ ਅੰਮ੍ਰਿਤਸਰ ਵਲੋਂ ਛਾਪੇ 'ਜਪੁਜੀ ਸਟੀਕ' ਦੇ ਆਰੰਭ ਵਿੱਚ ਸ੍ਰੀ ਮਾਨ ਸੰਤ ਬਾਬਾ ਉੱਤਮ ਸਿੰਘ ਜੀ, ਸ੍ਰੀ ਮਾਨ ਸੰਤ ਗਿਆਨੀ ਅਮੀਰ ਸਿੰਘ ਜੀ ਅਤੇ ਸ੍ਰੀ ਮਾਨ ਸੰਤ ਗਿਆਨੀ ਕਿਰਪਾਲ ਸਿੰਘ ਜੀ ਦਾ ਸੰਖੇਪ ਜੀਵਨ ਸੁੰਦਰ ਢੰਗ ਨਾਲ ਕਲਮਬੰਦ ਕੀਤਾ।

੫. ਉਹਨਾਂ ਵਲੋਂ ਹੀ ਛਪੀ 'ਭਗਤ ਬਾਣੀ ਸਟੀਕ' ਦੇ ਮੁੱਢ ਵਿੱਚ ਭਗਤਾਂ ਦਾ ਸੰਖੇਪ ਜੀਵਨ ਬੜੀ ਮਿਹਨਤ ਨਾਲ ਖੋਜ ਕੇ ਲਿਖਿਆ।

੬. ਸ੍ਰੀ ਮਾਨ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਵਲੋਂ ਪੁਸਤਕ 'ਗੁਰਬਾਣੀ ਪਾਠ ਦਰਸ਼ਨ' ਤੇ 'ਸ੍ਰੀ ਗੁਰਮੁਖਿ ਪ੍ਰਕਾਸ਼' ਗ੍ਰੰਥ ਦੇ ਛਪਣ ਸਮੇਂ ਦੋਹਾਂ ਪੁਸਤਕਾਂ ਦੇ ਪਰੂਫ਼ ਦੇਖਣ ਦੀ ਅਣਥੱਕ ਸੇਵਾ ਕਰਦੇ ਰਹੇ ਤੇ ਦੋਹਾਂ ਪੁਸਤਕਾਂ ਵਿੱਚ ਆਪਣੇ ਵਲੋਂ ਵਾਰਤਕ ਤੇ ਕਵਿਤਾ ਵਿੱਚ ਕੁਝ ਲੇਖ ਲਿਖੇ।

੭. 'ਬਾਰਹਮਾਹਾ ਤੁਖਾਰੀ ਸਟੀਕ' ੧੯੬੯ ਵਿੱਚ ਪ੍ਰਕਾਸ਼ਤ ਕਰਵਾਇਆ।

੮. ਸੰਨ ੧੯੭੦ ਵਿੱਚ ਬੜੀ ਮਿਹਨਤ ਖੋਜ ਤੇ ਲਗਨ ਨਾਲ ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਦਾ ਸੰਪੂਰਨ ਜੀਵਨ ਸਣੇ ਉਨ੍ਹਾਂ ਦੇ ਉੱਤ੍ਰਾਧਿਕਾਰੀਆਂ ਦੇ ਸੁੰਦਰ ਢੰਗ ਨਾਲ ਕਲਮ-ਬੰਦ ਕੀਤਾ ਅਤੇ ਛਪਵਾਇਆ।

## ਲੇਖਕ ਦੀ ਕਲਮ ਦਾ ਪ੍ਰਭਾਵ

ਸੁਘੜ ਲੇਖਕ ਜੀ ਦੀ ਕਲਮ ਨੇ ਆਮ ਪਾਠਕਾਂ ਦੇ ਮਨ ਉਪਰ ਤਾਂ ਅਸਰ ਪਾਉਣਾ ਹੀ ਹੈ ਪਰ ਇੱਕ ਪੜ੍ਹੇ ਲਿਖੇ ਨੌਜਵਾਨ ਸ੍ਰ: ਪਰਮਜੀਤ ਸਿੰਘ (ਸੁਪੁੱਤਰ ਸਿੰਘ ਸਾਹਿਬ ਗਿਆਨੀ ਪ੍ਰਤਾਪ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਜੀ ਜੋ ਦਰਬਾਰ ਪ੍ਰਿੰਟਿੰਗ ਪ੍ਰੈਸ ਦਾ ਇਨਚਾਰਜ ਹੈ ਨੇ ਜਦੋਂ ਇਸ ਕਲਮ ਦੀ ਪਹਿਲੀ ਪੁਸਤਕ 'ਪੱਛਮੀ ਪ੍ਰਕਾਸ਼ ਅਰਥਾਤ ਹੋਤੀ ਮਰਦਾਨ ਦਾ ਨੂਰ' (ਜੀਵਨ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ) ੬-੬-੭੧ ਨੂੰ ਪੜ੍ਹਿਆ ਤਾਂ ਉਸ ਨੌਜਵਾਨ ਦੇ ਮਨ ਤੇ ਅਜਿਹਾ ਪ੍ਰਭਾਵ ਪਿਆ ਜਿਸਦਾ ਵਿਸਥਾਰ ਉਸ ਨੇ ਆਪਣੀ ਜ਼ਬਾਨੀ ਲੇਖਕ ਨੂੰ ਦਸਿਆ ਕਿ ਤੁਹਾਡੀ ਕਲਮ ਨੇ ਮੇਰੀ ਧਾਰਮਕ ਜ਼ਿੰਦਗੀ ਵਿੱਚ ਮਹਾਨ ਉਭਾਰ ਲੈ ਆਂਦਾ ਹੈ। ਇਸ ਤੋਂ ਇਲਾਵਾ ਹੋਰ ਪਾਠਕਾਂ ਵਲੋਂ ਵੀ ਆਪਣੇ ਪ੍ਰਭਾਵ ਲੇਖਕ ਤੱਕ ਪੁੱਜੇ ਹਨ ਜਿਸ ਲਈ ਮੰਨਣਾ ਪਵੇਗਾ ਕਿ ਇਨ੍ਹਾਂ ਦੀ ਕਲਮ ਵਿੱਚ ਉਹ ਸ਼ਕਤੀ ਹੈ ਜੋ ਤਲਵਾਰ ਵਿੱਚ ਵੀ ਨਹੀਂ।

ਕਲਗੀਆਂ ਵਾਲੇ ਪਾਤਸ਼ਾਹ ਨੇ ਭੀ ਤਲਵਾਰ ਚਲਾਉਣ ਨਾਲੋਂ ਕਲਮੀ ਸੇਵਾ ਨੂੰ ਮਹੱਤਤਾ ਪ੍ਰਦਾਨ ਕੀਤੀ ਹੈ। ਆਨੰਦਪੁਰ ਸਾਹਿਬ ਦੇ ਘਮਸਾਣ ਜੰਗਾਂ ਨੂੰ ਵੇਖ ਕੇ ਇੱਕ ਦਿਨ ਭਾਈ ਨੰਦ ਲਾਲ ਜੀ ਨੂੰ ਵੀ ਜੋਸ਼ ਆਇਆ ਤੇ ਹੱਥ ਵਿੱਚ ਕ੍ਰਿਪਾਨ ਲੈ ਕੇ ਅੰਮ੍ਰਿਤ ਵੇਲੇ ਹੀ ਜਿੱਥੇ ਗੁਰੂ ਸਾਹਿਬ ਜੀ ਬੈਠੇ ਸਨ ਓਥੇ ਪੁੱਜੇ। ਨਮਸ਼ਕਾਰ ਕਰਕੇ ਸ੍ਰੀ ਸਾਹਿਬ ਅੱਗੇ ਧਰੀ ਤੇ ਅਰਦਾਸ ਕੀਤੀ, "ਹੇ ਯੋਧਿਆਂ ਦੇ ਸਰਦਾਰ ਸਤਿਗੁਰੂ ਜੀ! ਅੱਜ ਦਾਸ ਨੂੰ ਵੀ ਥਾਪੜਾ ਲਾਓ, ਹੱਥੀਂ ਤਲਾਵਰ ਪਹਿਨ ਕੇ ਮੋਰਚੇ ਵਿੱਚ ਭੇਜੋ, ਜਿਸ ਕਰਕੇ ਦਾਸ ਵੀ ਆਪਣੇ ਦਿਲ ਦੇ ਅਰਮਾਨ ਕੱਢ ਲਵੇ ਅਤੇ ਧਰਮ ਵਿਰੋਧੀ ਵੈਰੀਆਂ ਨੂੰ ਸੰਘਾਰ ਕੇ ਤਨ ਸਫ਼ਲਾ ਕਰੇ।"

ਗੁਰੂ ਕਲਗੀਧਰ ਜੀ ਨੇ ਇੱਕ ਅਦੁੱਤੀ ਤੇ ਲੋੜੀਂਦੇ ਵਿਦਵਾਨ ਨੂੰ ਜੋਸ਼ ਵਿੱਚ ਆਇਆ ਵੇਖ ਉਸਦੀ ਤਲਵਾਰ ਫੜ ਲਈ ਤੇ ਆਪਣੇ ਪਾਸੋਂ ਕਲਮ ਦੇ ਦਿੱਤੀ ਤੇ ਆਖਿਆ, "ਭਾਈ ਨੰਦ ਲਾਲ! ਤਲਵਾਰ ਤਾਂ ਕੇਵਲ ਅਸਥੂਲ ਸਰੀਰ ਨੂੰ ਹੀ ਘਾਤ ਕਰ ਸਕਦੀ ਹੈ ਪਰ ਇਹ ਕਲਮ ਦਿਲਾਂ ਤੇ ਡੂੰਘੇ ਘਾਉ ਪਾਉਂਦੀ ਹੈ, ਕਲਮ ਦਾ ਮੁਰਾਤਬਾ ਤਲਵਾਰ ਨਾਲੋਂ ਵੀ ਉੱਚਾ ਹੈ ਇਸ ਲਈ ਤੁਸੀਂ ਕਲਮ ਨੂੰ ਲਓ। ਕ੍ਰਿਪਾਨ ਵਾਹੁਣ ਵਾਲੇ ਸਿੰਘ ਮੇਰੇ ਪਾਸ ਬਹੁਤ ਮੌਜੂਦ ਹਨ ਪਰ ਕਲਮ ਦੇ ਧਨੀ ਬਹੁਤ ਘੱਟ ਹਨ, ਮੈਨੂੰ ਅੱਜ ਵਿਦਵਾਨਾਂ ਦੀ ਡਾਢੀ ਲੋੜ ਹੈ। ਮੈਂ ਤੁਹਾਨੂੰ ਕਦੇ ਵੀ ਜੰਗ ਵਿੱਚ ਨਹੀਂ ਘੱਲਾਂਗਾ।" ਇਉਂ ਧਾਰਮਕ ਜੰਗਾਂ ਵਿੱਚ ਗੁਰੂ ਜੀ ਨੇ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ ਪਰ ਗੁਣੀਆਂ ਦੇ ਕਦਰਦਾਨ ਨੇ ਵਿਦਵਾਨਾਂ ਨੂੰ ਤੱਤੀ ਹਵਾ ਨਹੀਂ ਲੱਗਣ ਦਿੱਤੀ।

ਕਿਸੇ ਕਵੀ ਨੇ ਵੀ ਕਲਮ ਦੀ ਕੁਰਬਾਨੀ ਨੂੰ ਆਪਣੇ ਖਿਆਲਾਂ ਦੁਆਰਾ ਇਉਂ ਪ੍ਰਗਟ ਕੀਤਾ ਹੈ:

ਪ੍ਰਸ਼ਨ: *ਇਕ ਦਿਨ ਕਲਮ ਤਾਂਈ ਮੈਂ ਕਿਹਾ ਹੇ ਵਡਭਾਗਣ ਕਾਨੀ।*
*ਹੁਕਮ ਤੇਰਾ ਕੁਲ ਦੁਨੀਆਂ ਮੰਨੇ ਕਿਉਂ ਖਲਕਤ ਭਰਦੀ ਪਾਨੀ?*
ਉੱਤਰ: *ਧੁੱਪਾਂ ਸੁੱਕੀ ਚਾਕੂ ਛਿੱਲੀ, ਸੀਨੇ ਚੀਰ ਪਵਾਇਆ।*
*ਸਬਰ ਸ਼ੁਕਰ ਵਿਚ ਰਹਿ ਉਲਟੀ ਚੱਲੀ ਪਾਇਆ ਮਾਣ ਨਿਮਾਨੀ।*

ਇਸੇ ਤਰ੍ਹਾਂ ਪੰਥ ਦੇ ਮਹਾਨ ਵਿਦਵਾਨ ਗਿਆਨੀ ਗਿਆਨ ਸਿੰਘ ਕਰਤਾ 'ਸ੍ਰੀ ਗੁਰੂ ਪੰਥ ਪ੍ਰਕਾਸ਼' ਤੇ 'ਤਵਾਰੀਖ ਗੁਰੂ ਖਾਲਸਾ' ਨੇ ਆਪਣੀਆਂ ਜੀਵਨ ਘਟਨਾਵਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਜਦ ਫੌਜੀ ਨੌਕਰੀ ਕਰਦਿਆਂ

ਮੇਰੀ ਲੱਤ ਵਿੱਚ ਗੋਲੀ ਲੱਗਣ ਨਾਲ ਮੈਂ ਖੇਤੀ ਤੇ ਜੰਗ ਦੋਹਾਂ ਹੀ ਕੰਮਾਂ ਵਲੋਂ ਅਸਮਰਥ ਹੋ ਗਿਆ ਤਾਂ ਮੇਰੀ ਉਦਾਸ ਦਸ਼ਾ ਨੂੰ ਤੱਕ ਕੇ ਸਤਿਗੁਰਾਂ ਵਲੋਂ ਆਕਾਸ਼ਬਾਣੀ ਹੋਈ ਕਿ ਕਲਮ ਦੀ ਚੁੰਝ ਤਾਂ ਹਲ ਦੇ ਫਾਲੇ ਤੇ ਤਲਵਾਰ ਦੀ ਤਿੱਖੀ ਨੋਕ ਨਾਲੋਂ ਕਿਤੇ ਬਲਵਾਨ ਹੈ।

*ਕੁਲ ਕਾਰਜ ਮਮ ਦੋਊ ਥੇ, ਖੇਤੀ ਔ ਸੰਗ੍ਰਾਮ।*
*ਲਾਤ ਨਿਕਾਰੀ ਹੋਨ ਤੇ, ਛੁਟ ਗਏ ਦੋਨੋ ਕਾਮ।*
*ਭੋ ਗਯਾਨ ਹਰਿ ਤੇਗ, ਹਲ ਛੁਟੇ ਤੇ ਨ ਕਰ ਸੋਕ।*
*ਹਲ ਤਲਵਾਰੋਂ ਬਲੀ ਹੈ, ਤੁੱਛ ਕਲਮ ਦੀ ਨੋਕ।*
*ਕਲਮ ਪਕੜ ਕਰ ਦਾਹਨੇ, ਭੇਸ ਫ਼ਕੀਰੀ ਧਾਰ।*
*ਦੇਸ਼ਰਟਨ ਕਰ ਪੰਥ ਕੀ, ਸੇਵਾ ਕਰ ਦਿਲ ਠਾਰ।*

ਲੇਖਕ ਨੇ ਇਸ ਪੁਸਤਕ ਵਿੱਚ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਦਾ ਅਤੇ ਉਨ੍ਹਾਂ ਤੋਂ ਵਰੋਸਾਇਆਂ ਹੋਰ ਮਹਾਨ ਵਿਅਕਤੀਆਂ ਦਾ ਜੀਵਨ ਅੰਕਤ ਕੀਤਾ ਹੈ ਅਤੇ ਹੁਣ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਜੀਵਨ ਵਿਸਥਾਰ ਪੂਰਬਕ ਲਿਖ ਰਹੇ ਹਨ ਜੋ ਜਗਿਆਸੂ ਜਨਾਂ ਲਈ ਅਤੀ ਲਾਭਦਾਇਕ ਸਿੱਧ ਹੋਵੇਗਾ। ਸਤਿਗੁਰੂ ਜੀ ਇਨ੍ਹਾਂ ਨੂੰ ਇਸ ਸਰਬ ਸ੍ਰੇਸ਼ਟ ਕਾਰਜਾਂ ਵਿੱਚ ਪੂਰਨ ਸਫ਼ਲਤਾ ਬਖ਼ਸ਼ਣ।

ਕਿਰਪਾਲ ਸਿੰਘ
ਮਕਾਨ ਨੰ: ੧੦੦੮ ਗਲੀ ਸ਼ਹੀਦ ਬੁੰਗਾ
ਨੇੜੇ ਕੌਲਸਰ, ਅੰਮ੍ਰਿਤਸਰ
੫-੮-੧੯੭੧ ਈ: ਮੁਤਾਬਿਕ (੨੧ ਸਾਵਣ ੨੦੨੮ ਬਿਕ੍ਰਮੀ)

# ਲੇਖਕ ਵਲੋਂ

੨੦੦੨ ਬਿਕ੍ਰਮੀ ਦਾ ਭਾਗਾਂ ਭਰਿਆਂ ਜੇਠ ਆਇਆ, ਹਰੀ ਦੇ ਨਾਲ ਜੁੜਨ ਦਾ ਉਪਦੇਸ਼ ਕਰਨ ਵਾਲਾ ਜੇਠ:

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥

(ਪੰਨਾ ੧੩੪)

ਆਮ ਦੁਨੀਆਂ ਵਾਸਤੇ ਜੋ ਦੁਖਦਾਈ ਤੇ ਤਪਸ਼ ਵਾਲਾ ਜੇਠ ਹੈ ਉਹ ਸਾਧੂ ਦੀ ਸੰਗਤ ਦੁਆਰਾ ਅਨੰਦੀ ਤੇ ਸੁਖਦਾਈ ਬਣ ਜਾਂਦਾ ਹੈ।

ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥

(ਪੰਨਾ ੧੩੪)

ਅੱਜ ੨੭ ਜੇਠ ਬਿ: ਸੰਮਤ ੨੦੦੨ ਮੁਤਾਬਕ ੧੦ ਜੂਨ ੧੯੪੫ ਈਸਵੀ ਐਤਵਾਰ ਦਾ ਸ਼ੁੱਭ ਦਿਹਾੜਾ ਹੈ ਜਦੋਂ ਕਿ ਪਹਿਲੀ ਵਾਰ ਕਰਮਸਰ ਦੀ ਪਾਵਨ ਧਰਤੀ ਦਾ ਦੀਦਾਰ ਕੀਤਾ। ਤੀਰਥਾਂ ਨੂੰ ਪਵਿੱਤ੍ਰ ਕਰਣਹਾਰ, ਬੀਤਰਾਗ ਸਾਧੂ ਦੀ ਚਰਨ ਧੂੜੀ ਦੇ ਕਿਣਕੇ ਪਰਸੇ। ਮਨ ਨੂੰ ਟਿਕਾਉ ਤੇ ਸ਼ਾਂਤੀ ਅਨੁਭਵ ਹੋਈ।

ਦੂਸਰੇ ਦਿਨ ਅੰਮ੍ਰਿਤ ਵੇਲੇ ਸ੍ਰੀ ਹਜ਼ੂਰ ਸੰਤ ਜੀ ਮਹਾਰਾਜ ਦਾ ਦੀਦਾਰ ਕਰਕੇ ਮਸਤੀ ਹੀ ਚੜ੍ਹ ਗਈ, ਦੇਸ਼ ਕਾਲ ਵਿਸਰ ਗਿਆ।

ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ,
ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ।

(ਭਾਈ ਗੁਰਦਾਸ ਜੀ)

ਤਥਾ:

*ਦੀਦ ਤੇਰੇ ਕੀ ਤਾਂਘ ਸੀ ਚਿੱਤ ਮੇਰੇ, ਦੂਰੋਂ ਆਣਕੇ ਕੀਤਾ ਦੀਦਾਰ ਤੇਰਾ।*
*ਭਰਿਆ ਸਰੋਵਰ ਤੇ ਲਿਸ਼ਕਦਾ ਨੀਰ ਸੋਹਣਾ, ਚੁਗਦੇ ਹੰਸ ਨੇ ਮੋਤੀ ਆਹਾਰ ਤੇਰਾ।*
*ਛਮ-ਛਮ ਵਰਸਦਾ ਆਬਿ-ਹਯਾਤ ਮੁਖੋਂ, ਬਹਿਸ਼ਤ ਬਣਿਆ ਡਿਠਾ ਦਰਬਾਰ ਤੇਰਾ।*
*ਰਾਗ ਗੰਧਰਵੀ, ਟਪਕਦਾ ਨੂਰ ਮੱਥੇ, 'ਕਿਰਣ-ਭਾਨ' ਕਰ ਰਹੀ ਸਤਿਕਾਰ ਤੇਰਾ।*

ਉਸ ਸਮੇਂ ਅਕਾਲ ਪੁਰਖ ਦਾ ਧੰਨਵਾਦ ਕਰਦਿਆਂ ਆਪਣੀ ਕਿਸਮਤ ਦੇ ਉਜਾਲੇ ਵੱਲ ਤੱਕਣ ਲਗਾ ਤਾਂ ਕਿਸੇ ਕਵੀ ਦੇ ਆਪਣੇ ਪ੍ਰੀਤਮ ਦੀ ਯਾਦ ਵਿੱਚ ਉਚਾਰਨ ਕੀਤੇ ਬਚਨ ਮੇਰੇ ਕੰਨਾਂ ਵਿੱਚ ਇਉਂ ਗੂੰਜਣ ਲਗੇ ਜੋ ਸੱਚਮੁੱਚ ਮੇਰੇ ਆਪਣੇ ਉਪਰ ਹੀ ਘਟਦੇ ਸਨ।

ਯਥਾ:

*ਧੂਣੀ ਲਗਾਇ ਬੈਠਾ ਹੂੰ ਮੰਦਰ ਕੇ ਸਾਮ੍ਹਣੇ,*
*ਬੇ ਘਰ ਹੂਆ ਹੂੰ ਆਜ ਕਿਸੀ ਘਰ ਕੇ ਸਾਮ੍ਹਣੇ।*
*ਹੰਸਤਾ ਹੈ ਜ਼ਮਾਨਾ ਯੇ ਮੇਰੀ ਖ਼ੂਬੀ ਏ ਕਿਸਮਤ,*
*ਬੇ ਜਰ ਕੋ ਖੈਂਚ ਲਾਈ ਬਾ-ਜ਼ਰ ਕੇ ਸਾਮ੍ਹਣੇ।*
*ਬੇਸ਼ਕ ਨ ਏਕ ਬੂੰਦ ਵੀ ਪੀਣੇ ਕੋ ਹੋ ਨਸੀਬ,*
*ਰੋਤਾ ਰਹੇ ਪਪੀਹਾ ਅੰਬਰ ਕੇ ਸਾਮ੍ਹਣੇ।*
*ਮਿਲ ਜਾਏ ਮੁਝੇ ਭੀਖ ਮੇ ਵਹੁ ਸਵਰੋ ਕਨਾਇਤ,*
*ਫਿਰ ਫਿਰ ਅਰਜ਼ ਕਰੂੰ ਨ ਤਵੰਗਰ ਕੇ ਸਾਮ੍ਹਣੇ।*
*ਬਣ ਬਣਕੇ ਵਿਗੜ ਜਾਇ ਨ ਤਸਵੀਰਿ ਮੁਕੱਦਰ,*
*ਨਿਰਮਲ ਯਹਿ ਇਲਤਜਾਅ ਹੈ ਮਸੱਵਰ ਕੇ ਸਾਮ੍ਹਣੇ।*

ਉਸ ਸਮੇਂ ਮੇਰੀ ਦਿਲੀ ਸ਼ਰਧਾ ਤੱਕ ਕੇ ਮੇਹਰਬਾਨ ਨੇ ਮੇਹਰ ਕਰ ਕੇ ਨਾਮ ਦੀ ਦਾਤ ਬਖ਼ਸ਼ਕੇ ਸੇਵਾ ਸਿਮਰਣ ਤੇ ਪਰਉਪਕਾਰ ਦਾ ਉੱਤਮ ਉਪਦੇਸ਼ ਕੀਤਾ। ਜਿਵੇਂ ਬਿਆਸ ਜੀ ਨੇ ਲਿਖਿਆ ਹੈ ਕਿ ਇਨ੍ਹਾਂ ਦੋ ਗੱਲਾਂ ਵਿੱਚ ਹੀ

ਅਠਾਰਾਂ ਪੁਰਾਣਾਂ ਦਾ ਸਿਧਾਂਤ ਆ ਜਾਂਦਾ ਹੈ:

*ਅਸ਼ਟਾ ਦਸ ਪੁਰਾਣੇਸੂ ਬਿਆਸਸ ਬਚਨ ਦੁਇਅਮੰ॥*
*ਪਰ ਉਪਕਾਰਾਇ ਸਰਬ ਪੁੰਨਯੰ ਪਾਖਾਇਯ ਪਰ ਪੀੜਨਹਿ।*

ਪਰਉਪਕਾਰ ਦੇ ਸਮਾਨ ਕੋਈ ਪੁੰਨ ਨਹੀਂ ਅਤੇ ਦੂਜੇ ਨੂੰ ਦੁੱਖ ਦੇਣ ਦੇ ਸਮਾਨ ਕੋਈ ਪਾਪ ਨਹੀਂ। ਇਸੇ ਤਰ੍ਹਾਂ ਸਾਰੇ ਵੇਦਾਂ ਸ਼ਾਸਤ੍ਰਾਂ ਅਤੇ ਮਤ-ਮਤਾਂਤ੍ਰਾਂ ਦਾ ਇਹੋ ਹੀ ਸਿਧਾਂਤ ਹੈ ਕਿ ਮਨੁੱਖ ਆਪਣੀ ਕਲਿਆਣ ਵਾਸਤੇ ਇਹ ਤਿੰਨ ਗੱਲਾਂ ਧਾਰਣ ਕਰੇ। ਇਹ ਸਾਰੇ ਧਾਰਮਕ ਗ੍ਰੰਥਾਂ ਦਾ ਸਾਰ ਹੈ।

ਯਥਾ:

*ਗ੍ਰੰਥ ਪੰਥ ਸਭ ਜਗਤ ਕੇ, ਬਾਤ ਬਤਾਵਨ ਤੀਨ।*
*ਹਿਰਦੇ ਸਿਮਰਣ, ਮਨ ਦਇਆ, ਤਨ ਸੇਵਾ ਮਹਿ ਲੀਨ।*

ਤਥਾ:

*ਖਿਮਾ, ਗ਼ਰੀਬੀ, ਬੰਦਗੀ, ਤੀਨੋ ਰੱਖ ਮਨ ਮਾਹਿ।*
*ਰਜਬ ਕਾਂਟਾ ਜੀਭ ਕਾ, ਕਿਸੇ ਚੁਭਾਵੋ ਨਾਹਿ।*

ਅਥਵਾ:

*ਤੁਲਸੀ ਇਸ ਸੰਸਾਰ ਮੇਂ, ਤੀਨ ਰਤਨ ਹੈਂ ਸਾਰ।*
*ਮਿਠਾ ਬੋਲਣ, ਨਿਵ ਚਲਣ, ਕਰਣਾ ਪਰਉਪਕਾਰ।*

ਜੇਕਰ ਇਨ੍ਹਾਂ ਤਿੰਨਾਂ ਗੱਲਾਂ ਨੂੰ ਧਾਰਣ ਕਰਕੇ ਜਗਿਆਸੂ ਪ੍ਰਮੇਸ਼ਰ ਦੇ ਸਿਮਰਨ ਤੇ ਸੇਵਾ ਵਿੱਚ ਆਪਣੀ ਜ਼ਿੰਦਗੀ ਲਗਾ ਦੇਵੇ ਤਾਂ ਫੇਰ ਉਸ ਦਾ ਏਸੇ ਇੱਕੋ ਹੀ ਜਨਮ ਵਿੱਚ ਭਲਾ ਹੋ ਜਾਂਦਾ ਹੈ।

ਉਪਰੰਤ ਆਗਿਆ ਪਾ ਕੇ ਅਸਥਾਨ ਦੀ ਸੇਵਾ ਵਿੱਚ ਜੁੜ ਗਿਆ। ਇਸ ਪਵਿੱਤਰ ਤੀਰਥ ਤੇ ਸੇਵਾ ਅਤੇ ਸਿਮਰਨ ਕਰਦਿਆਂ ਕਾਫ਼ੀ ਸਮਾਂ ਲੰਘ ਗਿਆ। ਤਦ ਪਿਛਲੇ ਸੰਸਕਾਰਾਂ ਅਨੁਸਾਰ ਪੜ੍ਹਣ ਦਾ ਸ਼ੌਕ ਜਾਗਿਆ, ਗੁਰਬਾਣੀ ਦੀਆਂ ਤਿੰਨੇ ਪੋਥੀਆਂ ਅਤੇ ਸੰਸਥਾ ਨਾਲ ਮਹਾਰਾਜ ਦੇ ਭਾਗਾਂ ਦਾ ਪਾਠ ਤੇ ਸਾਰਕੁਤਾਵਲੀ ਆਦਿ ਛੋਟੇ-ਛੋਟੇ ਗ੍ਰੰਥ ਤਾਂ ਏਥੇ ਹੀ ਸੰਤ ਮਹਾਰਾਜ ਤੋਂ ਵਰੋਸਾਏ ਸ੍ਰੀ ਮਾਨ ਗਿਆਨੀ ਬਲਬੀਰ ਸਿੰਘ ਜੀ ਪਾਸੋਂ ਜੋ ਉਸ ਸਮੇਂ ਅਸਥਾਨ ਤੇ ਕਥਾ ਕਰਣ ਦੀ ਸੇਵਾ ਕਰਦੇ ਸਨ, ਪੜ੍ਹ ਲਏ ਸਨ।

ਉਪਰੰਤ ਹਜ਼ੂਰ ਦੀ ਆਗਿਆ ਪਾਕੇ ਕਈ ਥਾਵਾਂ ਤੋਂ ਇਹ ਅਮੁੱਲੀ ਦਾਤ ਗੁਰਬਾਣੀ ਤੇ ਗੁਰ ਇਤਿਹਾਸ ਦੀ ਕਥਾ ਅਤੇ ਵੇਦਾਂਤ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਤਕਰੀਬਨ ੧੮ ਸਾਲ ਤੋਂ ਬਾਅਦ ਮੁੜ ਪ੍ਰਾਰਬਧ ਨੇ ਪਲਟਾ ਖਾਧਾ ਅਤੇ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਆਪਣੇ ਮਨ ਦੀ ਸੱਧਰ ਤੇ ਹੋਰ ਗੁਰਮੁਖ ਸੱਜਣਾਂ ਦੀ ਹੋਈ ਪ੍ਰੇਰਨਾ ਅਨੁਸਾਰ ਬੇਨਤੀ ਕਰਕੇ ਬਜ਼ੁਰਗਾਂ ਦੇ ਇਤਿਹਾਸ ਲਿਖਣ ਦੀ ਮੰਗ ਕੀਤੀ, ਪਰ ਇਸ ਮਹਾਨ ਕਾਰਜ ਆਰੰਭ ਕਰਣ ਦਾ ਹੌਂਸਲਾ ਨਾ ਪਵੇ।

*ਊਚ ਤਰੁ ਫ਼ਲ ਜਯੋਂ ਲਗਿ ਸੁੰਦਰ, ਵਾਮਨ ਹਾਥ ਪਸਾਰਤਿ ਤਾਹੂੰ।*

ਤਥਾ:

*ਰੁਚਿ ਅਤਿ ਊਚੀ ਮਨ ਕੀ ਮਤ ਕੀਰਾ। ਮਿਲੇ ਨ ਕੌਡੀ ਚਾਹੋ ਹੀਰਾ।*
*ਮਤ ਅਤਿ ਨੀਚ ਊਚ ਰੁਚਿ ਆਛੀ। ਚਾਹਹਿ ਅਮਿਅ ਜਗ ਜੁਰੇ ਨ ਛਾਛੀ।*
*ਛਿਮਹਿ ਸਜਨ ਮੋਰ ਢੀਠਾਈ। ਸੁਨਹਿ ਬਾਲ ਬਚਨ ਮਨ ਲਾਈ।*

*(ਤੁਲਸੀ ਰਾਮਾਇਣ)*

ਵਾਲੀ ਗੱਲ ਸੀ। ਦਿਲਾਂ ਦੀ ਜਾਨਣਹਾਰ ਨੇ ਮੇਰੀ ਬੇਨਤੀ ਪ੍ਰਵਾਨ ਕਰਕੇ ਇਹ ਕਲਮੀ ਸੇਵਾ ਬਖ਼ਸ਼ ਦਿਤੀ ਅਤੇ ਵੱਡੇ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦੇ ਜੀਵਨ ਲਿਖਣ ਦੀ ਆਗਿਆ ਮਿਲ ਗਈ। ਗੁਰ ਚਰਨਾਂ ਵਿੱਚ ਅਰਦਾਸ ਕਰਕੇ ਲਿਖਾਈ ਦਾ ਕਾਰਜ ਆਰੰਭ ਕਰ ਦਿਤਾ। ਕਈ ਥਾਵਾਂ ਤੇ ਫਿਰ ਕੇ ਖੋਜ ਕੀਤੀ, ਕਈ ਸਜਣਾਂ ਤੋਂ ਜਾ ਕੇ ਪੁੱਛਿਆ। ਲਗਾਤਾਰ ਦਸ ਮਹੀਨਿਆਂ ਦੀ ਅਣਥੱਕ ਮੇਹਨਤ ਨਾਲ ਪਿਛਲੇ ਸਾਲ ਹੋਤੀ ਮਰਦਾਨ ਵਾਲੇ

ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ 'ਪੱਛਮੀ ਪ੍ਰਕਾਸ਼' ਅਰਥਾਤ "ਹੋਤੀ ਮਰਦਾਨ ਦਾ ਨੂਰ" ਨਾਮ ਦੀ ਪੁਸਤਕ ਛਪ ਕੇ ਤਿਆਰ ਹੋ ਗਈ। ਜਦੋਂ ੫-੮-੭੦ ਨੂੰ ਜਿਲਦ ਬੰਧਵਾਕੇ ਮਹਾਂ-ਪੁਰਸ਼ਾਂ ਦੇ ਕਰ-ਕਮਲਾਂ ਵਿੱਚ ਭੇਟਾ ਕੀਤੀ ਤਾਂ ਸਿੱਖ ਸੰਗਤਾਂ ਨੇ ਉਸ ਨੂੰ ਮੇਰੀ ਆਸ ਤੋਂ ਕਿਤੇ ਵਧ ਪਸੰਦ ਕੀਤਾ। ਭਾਵੇਂ ਛੋਟੇ-ਛੋਟੇ ਲੇਖਾ ਟ੍ਰੈਕਟਾਂ ਤੋਂ ਇਲਾਵਾ ਇਹ ਮੇਰੀ ਕਲਮ ਦੀ ਪਹਿਲੀ ਹੀ ਪੁਸਤਕ ਹੈ, ਨਵੀਨ ਲਿਖਾਰੀਆਂ ਵਾਲਾ ਲਿਖਣ ਦਾ ਢੰਗ ਵੀ ਚੰਗਾ ਨਹੀਂ ਆਉਂਦਾ ਪਰ ਫੇਰ ਹੀ ਮਹਾਂਪੁਰਸ਼ਾਂ ਨੇ ਆਪਣੇ ਗ਼ਰੀਬ ਨਿਵਾਜ਼ ਬਿਰਦ ਦੀ ਪਾਲਣਾ ਕਰਦੇ ਹੋਇਆ ਉਹ ਰਚਨਾ ਪ੍ਰਵਾਨ ਕਰ ਲਈ।

*ਮੈਂ ਨਹੀਂ ਸਮਝਾ ਮੇਰੇ ਭਗਵਾਨ ਨੇ ਕਿਆ ਕਰ ਦੀਆ।*
*ਮੌਜ ਮੇਂ ਜਬ ਆ ਗਏ ਕਤਰਾ ਕੋ ਦਰਿਆ ਕਰ ਦੀਆ।*

ਫੇਰ ਤਾਂ ਹੋਰ ਵੀ ਉਤਸ਼ਾਹ ਵਧ ਗਿਆ ਕਿ ਆਪਣੇ ਤੇ ਹੋਰ ਜਗਿਆਸੂ ਜਨਾਂ ਦੀ ਭਲਿਆਈ ਵਾਸਤੇ ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਦਾ ਜਸ ਕਲਮ ਬੰਦ ਕੀਤਾ ਜਾਵੇ। ਜਦੋਂ ਕਈ ਕੁ ਮਹਾਂ-ਪੁਰਸ਼ਾਂ ਤੋਂ ਉਨ੍ਹਾਂ ਦੇ ਪਾਵਨ ਜੀਵਨ ਕ੍ਰਿਸ਼ਮੇਂ ਸੁਣੇ, ਉਨ੍ਹਾਂ ਦੀ ਪ੍ਰਭਾਵਸ਼ਾਲੀ ਸਾਦਗੀ ਵਾਲੀ ਜ਼ਿੰਦਗੀ, ਆਮ ਸੇਵਾਦਾਰਾਂ ਵਾਲਾ ਪਹਿਰਾਵਾ, ਕਠਨ ਤਪੱਸਿਆ ਤੇ ਆਪਣੇ ਹੱਥੀਂ ਹੈਰਾਨਕੁਨ ਸੇਵਾ ਦਾ ਕਰਣਾ ਅਤੇ ਰਸਾਂ ਕਸਾਂ ਦਾ ਇਤਨਾ ਤਿਆਗ ਸੁਣਕੇ ਜਿਨ੍ਹਾਂ ਨੇ ਸਾਧੂ ਬਣਕੇ ਅਖ਼ੀਰੀ ਸਵਾਸਾਂ ਤੱਕ ਅਲੂਣੀ ਦਾਲ ਸਬਜ਼ੀ ਦੀ ਵਰਤੋਂ ਕੀਤੀ ਤਾਂ ਰੋਮ ਖੜੇ ਹੋ ਗਏ। ਭਾਵੇਂ ਇਨ੍ਹਾਂ ਦੇ ਜੀਵਨ ਦੀ 'ਅਮਰ ਕਥਾ' ਨਾਮ ਦੀ ਪੁਸਤਕ ੧੯੬੬ ਈਸਵੀ ਵਿੱਚ ਸੰਤ ਜੀ ਮਹਾਰਾਜ ਨੇ ਗਿਆਨੀ ਮੇਹਰ ਸਿੰਘ ਜੀ ਕੁਰਛੇਤਰ ਤੋਂ ਲਿਖਵਾ ਕੇ ਆਪ ਛਾਪੀ ਪਰ ਜਦੋਂ ਦੂਰ ਦੁਰੇਡਿਉਂ ਫਿਰ-ਫਿਰਾ ਕੇ ਉੱਦਮ ਕੀਤਾ ਤਾਂ ਹੋਰ ਵਧੇਰੇ ਸਾਖੀਆਂ ਮਿਲ ਗਈਆਂ ਜੋ ਪਹਿਲੀ ਪੁਸਤਕ 'ਅਮਰ-ਕਥਾ' ਵਿੱਚ ਨਹੀਂ ਸਨ ਆ ਸਕੀਆਂ। ਕਿਉਂਕਿ:

*ਮਹਾਂ-ਪੁਰਸ਼ ਕੀ ਬਾਤ ਮੇਂ, ਬਾਤ ਬਾਤ ਮੇਂ ਬਾਤ।*
*ਜਿਉਂ ਕੇਲੇ ਕੇ ਪਾਤ ਮੇਂ, ਪਾਤ ਪਾਤ ਮੇਂ ਪਾਤ।*

ਜਦੋਂ ਉਨ੍ਹਾਂ ਨੂੰ ਇਕੱਤ੍ਰ ਕਰਕੇ ਸੰਤ ਜੀ ਮਹਾਰਾਜ ਦੇ ਪਾਵਨ ਚਰਨਾਂ ਵਿੱਚ ਬੇਨਤੀ ਕੀਤੀ ਤਾਂ ਹਜ਼ੂਰ ਨੇ ਪ੍ਰਸੰਨ ਹੋ ਕੇ ਲਿਖਣ ਦੀ ਪ੍ਰਵਾਨਗੀ ਬਖ਼ਸ਼ ਦਿੱਤੀ। ਉਪਰੰਤ ਕਈ ਜਗ੍ਹਾ ਫਿਰ ਕੇ ਖੋਜ ਕੀਤੀ ਜਿਹਾ ਕਿ ਹਰਿਦੁਆਰ ਜਾ ਕੇ ਪੰਡਿਆਂ ਦੀਆਂ ਵਹੀਆਂ ਤੋਂ ਸੰਤ ਜੀ ਮਹਾਰਾਜ ਦੀ ਬਿੰਦੀ ਬੰਸਾਵਲੀ ਪ੍ਰਾਪਤ ਕੀਤੀ।

ਰੇਰੂ ਸਾਹਿਬ, ਭੌਰਲੇ, ਲਛਮਣ ਸਿੰਘ ਗੰਧਰਵ ਪਾਸ ਲੁਧਿਆਣੇ ਤੇ ਸੰਤਾਂ ਦੇ ਜਨਮ ਨਗਰ ਲੋਪੋਂ ਪੁੱਜ ਕੇ ਸੰਤ ਜੀ ਮਹਾਰਾਜ ਦੇ ਸਕੇ ਭਤੀਜੇ ਸੰਤ ਭਗਵਾਨ ਸਿੰਘ ਜੀ ਨੂੰ ਮਿਲਿਆ।

ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਦੋਹਾਂ ਵਿਅਕਤੀਆਂ ਤੋਂ ਲਾਈਟ ਪ੍ਰਾਪਤ ਹੋਈ। ਗੁੱਜਰ ਸਿੰਘ (ਬਾਈ ਜੀ) ਤੇ ਬਾਬਾ ਹੀਰਾ ਸਿੰਘ, ਸ੍ਰੀ ਮਾਨ ਸੰਤਾ ਸਿੰਘ ਅਤੇ ਹੋਰ ਵੀ ਸੰਤ ਜੀ ਮਹਾਰਾਜ ਤੋਂ ਵਰੋਸਾਏ ਮਹਾਂਪੁਰਸ਼ਾਂ ਤੋਂ ਬਹੁਤ ਕੁਝ ਲਿਆ। ਸਭ ਤੋਂ ਜ਼ਿਆਦਾ ਰਾਮਪੁਰ ਪਿੰਡ ਦੇ ਬਾਬਾ ਬਿਸ਼ਨ ਸਿੰਘ ਜੀ ਨੇ ਉਨ੍ਹਾਂ ਦੇ ਜੀਵਨ ਸਬੰਧੀ ਰੋਸ਼ਨੀ ਪਾਈ। ਗਿਆਨੀ ਮੇਹਰ ਸਿੰਘ ਜੀ ਰਚਿਤ ਅਮਰ ਕਥਾ ਤੋਂ ਵੀ ਕਾਫ਼ੀ ਸੋਝੀ ਪਈ। ਇਉਂ ਸੱਤ ਮਹੀਨਿਆਂ ਦੀ ਲਗਾਤਾਰ ਖੋਜ ਦਾ ਸਦਕਾ ਇਤਨੇ ਆਕਾਰ ਵਾਲੀ ਪੁਸਤਕ ਜੋ ਤੁਹਾਡੇ ਹੱਥਾਂ ਵਿੱਚ ਹੈ ਛਪ ਕੇ ਤਿਆਰ ਹੋ ਗਈ। ਢਾਈ ਕੁ ਮਹੀਨੇ ਛਪਾਈ ਨੂੰ ਲੱਗ ਗਏ। ਇਉਂ ਸਾਲ ਦੇ ਅੰਦਰ-ਅੰਦਰ ਇਹ ਦੂਸਰੀ ਪੁਸਤਕ ਸੰਤ ਜੀ ਮਹਾਰਾਜ ਦੇ ਜੀਵਨ ਸਬੰਧੀ 'ਜੀਵਨ ਗਾਥਾ' ਲਿਖਣ ਦਾ ਸੁਭਾਗ ਪ੍ਰਾਪਤ ਹੋਇਆ।

ਜਿਵੇਂ ਤ੍ਰੇਤੇ ਜੁਗ ਦੇ ਅਵਤਾਰ ਭਗਵਾਨ ਰਾਮ ਚੰਦਰ ਜੀ ਨੇ ਪਸ਼ੂਆਂ ਤੋਂ ਵੀ ਨਿਸ਼ਿਧ ਜੂਨੀ ਜੰਗਲੀ ਜਾਨਵਰ ਬਾਨਰਾਂ ਤੋਂ ਲੰਕਾ ਫਤਹਿ ਕਰਣ ਦੀ ਸੇਵਾ ਲੈ ਕੇ ਉਨ੍ਹਾਂ ਨੂੰ ਮਾਣ ਬਖ਼ਸ਼ਿਆ, ਇਸੇ ਤਰ੍ਹਾਂ ਇਹ ਸਾਰੀ ਬਖ਼ਸ਼ਿਸ਼ ਤੇ ਕਿਰਪਾ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਹੈ ਜਿਨ੍ਹਾਂ ਨੇ ਇੱਕ ਨਾ-ਚੀਜ਼ ਸੇਵਕ ਤੋਂ ਆਪਣੀ ਪਾਵਨ ਸੇਵਾ ਲੈਕੇ ਇਹ ਮਾਣ ਬਖ਼ਸ਼ਿਆ ਹੈ।

ਸਹੀ ਰੂਪ ਵਿੱਚ ਮਹਾਂ-ਪੁਰਸ਼ਾਂ ਦਾ ਜਸ ਕਲਮ-ਬੰਦ ਕਰਣਾ ਕਠਨ ਹੀ ਨਹੀਂ ਬਲਕਿ ਸਮੁੰਦਰ ਤੇ ਰੇਤੇ ਦੇ ਪੁਲ ਬਨਾਉਣ ਸਮਾਨ ਬੜਾ ਅਸੰਭਵ ਹੈ ਕਿਉਂਕਿ ਉਹ ਵਾਹਿਗੁਰੂ ਵਿੱਚ ਅਭੇਦ ਹੋਏ ਖੁਦ ਪ੍ਰਮੇਸ਼ਰ ਦਾ ਸਰੂਪ ਹਨ ਜਿਵੇਂ ਪ੍ਰਮੇਸ਼ਰ ਦਾ ਸੰਪੂਰਨ ਜਸ ਨਹੀਂ ਲਿਖਿਆ ਜਾ ਸਕਦਾ ਚਾਹੇ ਸਾਰੀ ਧਰਤੀ ਦਾ ਕਾਗ਼ਜ਼ ਬਣਾਕੇ ਸਮੂਹ ਬਨਾਸਪਤੀ ਦੀਆਂ

ਕਲਮਾਂ ਘੜ ਲਵੇ, ਸੱਤਾਂ ਸਮੁੰਦਰਾਂ ਦੀ ਸ਼ਿਆਹੀ ਬਣਾਈ ਜਾਵੇ, ਗਣੇਸ਼ ਜਾਂ ਪੌਣ ਦੇਵਤਾ ਅਥਵਾ ਸੁਰਸਤੀ ਆਪ ਲਿਖਾਰੀ ਬਣੇ, ਤਾਂ ਵੀ ਪ੍ਰਮੇਸ਼ਰ ਦਾ ਸਮਗ੍ਰ ਜਸ ਨਹੀਂ ਲਿਖਿਆ ਜਾ ਸਕਦਾ।

ਯਥਾ:

ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ ॥
ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ ॥

(ਪੰਨਾ ੪੫੮)

ਤਥਾ:

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥

(ਪੰਨਾ ੧੩੬੮)

ਪ੍ਰਮੇਸ਼ਰ ਦੇ ਸਨਮੁਖ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਉਚਾਰਨ ਕੀਤਾ ਹੈ ਕਿ ਚਾਹੇ ਕੋਟਾਨ ਕੋਟ ਜੁਗਾਂ ਦੀ ਉਮਰ ਹੋ ਜਾਵੇ, ਅੰਨ ਜਲ ਦਾ ਤਿਆਗ ਕਰਕੇ ਕੇਵਲ ਪੌਣਾ-ਹਾਰੀ ਹੋ ਜਾਈਏ, ਜਿੱਥੇ ਚੰਦਰਮਾਂ ਤੇ ਸੂਰਜ ਇਹ ਦੋਵੇਂ ਨਾ ਦਿਸਣ, ਇਹੋ ਜਿਹੀ ਹਨੇਰੀ ਤੇ ਤੰਗ ਗੁਫ਼ਾ ਵਿੱਚ ਇਕਾਂਤ ਅਸਥਾਨ ਵਿਖੇ ਬੈਠਕੇ ਜਿਸ ਜਗ੍ਹਾ ਸੁਪਨੇ ਮਾਤਰ ਵੀ ਲੰਮੇ ਪੈ ਕੇ ਸਉਣ ਨੂੰ ਥਾਂ ਨਾ ਹੋਵੇ, ਤੇਰਾ ਜਸ ਕਰੀਏ ਪਰ ਹੇ ਅਕਾਲ ਪੁਰਖ! ਫੇਰ ਵੀ ਸਾਡੇ ਪਾਸੋਂ ਤਿਲ ਮਾਤਰ ਤੁਹਾਡੇ ਜਸ ਕੀ ਕੀਮਤ ਨਹੀਂ ਪੈ ਸਕਦੀ।

ਯਥਾ:

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥

(ਪੰਨਾ ੧੪)

ਜਿਵੇਂ ਪ੍ਰਮੇਸ਼ਰ ਆਪ ਬੇਅੰਤ ਹੈ, ਇਸੇ ਤਰ੍ਹਾਂ ਉਹਦੀ ਸਿਫ਼ਤ ਵੀ ਬੇਅੰਤ ਹੈ, ਕਹਿਣੇ ਕਰਕੇ ਅੰਤ ਨਹੀਂ ਪਾਇਆ ਜਾਂਦਾ।

ਅੰਤੁ ਨ ਸਿਫਤੀ ਕਹਣਿ ਨ ਅੰਤੁ ॥

(ਪੰਨਾ ੫)

ਅਤੇ ਉਸਦੇ ਪਿਆਰੇ ਮਹਾਂ-ਪੁਰਸ਼ ਵੀ ਉਸਦਾ ਰੂਪ ਹੋਣ ਕਰਕੇ ਸਦਾ ਬੇਅੰਤ ਹਨ, ਉਨ੍ਹਾਂ ਦਾ ਸੰਪੂਰਨ ਜਸ ਤੁਛ ਜੀਵ ਪਾਸੋਂ ਕਥਨ ਨਹੀਂ ਕੀਤਾ ਜਾਂਦਾ।

ਯਥਾ:

*ਕਹੈ ਮਹਤ ਕੀ ਮਹਤਹ ਸਾਖੀ।*
*ਨਹੀਂ ਅਲਪ ਤੇ ਜਾਏ ਭਾਖੀ।*

ਤਥਾ:

ਸਾਧ ਕੀ ਮਹਿਮਾ ਬੇਦ ਨ ਜਾਨਹਿ ॥

(ਪੰਨਾ ੨੭੧)

ਪ੍ਰੰਤੂ ਆਪਣੇ ਸਮੇਂ ਤੇ ਸੁਆਸਾਂ ਨੂੰ ਸਫ਼ਲਿਆਂ ਕਰਨ ਵਾਸਤੇ ਅਤੇ ਇਹ ਸਮਝਦਿਆਂ ਹੋਇਆਂ ਕਿ:

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥

(ਪੰਨਾ ੬੫੨)

ਇਸ ਪੁਸਤਕ ਵਿੱਚ ਕੁਝ ਕੁ ਸਾਖੀਆਂ ਅੰਕਤ ਕੀਤੀਆਂ ਹਨ ਜਿਨ੍ਹਾਂ ਵਿੱਚ ਤਰੁੱਟੀਆਂ ਰਹਿਣੀਆਂ ਸੰਭਵ ਹਨ

ਪਰ ਸਿਆਣੇ ਪੁਰਸ਼ ਔਗੁਣਾਂ ਵੱਲ ਨਹੀਂ ਤਕਦੇ ਉਹ ਤਾਂ ਗੁਣ ਗ੍ਰਾਹੀ ਦ੍ਰਿਸ਼ਟੀ ਨਾਲ ਰਹੱਸ ਲੈਂਦੇ ਹਨ ਜਿਵੇਂ ਸ਼ਰਧਾਲੂ ਜਨ ਗੰਗਾ ਦੇ ਪ੍ਰਵਾਹ ਦਾ ਟੇਢਾਪੁਣਾ ਤਿਆਗ ਕੇ ਉਸਦੇ ਜਲ ਨੂੰ ਪਾਵਨ ਸਮਝਕੇ ਭਾਵਨਾ ਨਾਲ ਪਾਨ ਤੇ ਇਸ਼ਨਾਨ ਕਰਦੇ ਹਨ। ਯਥਾ:

*ਨੋਰਾ ਸੁਰਸਰਿ ਬਕ੍ਰ ਗਤ ਗੁਨੀ ਨ ਔਗਨ ਜਾਨ ॥*
*ਸਾਦਰ ਸੋ ਤਿਹ ਮਹਿ ਸਦਾ ਕਰ ਹੈਂ ਪਾਨ ਸਨਾਨ ॥*

*(ਨਾਨਕ ਪ੍ਰਕਾਸ਼ ਪੂ: ਅ: ੪)*

ਜਿਵੇਂ ਬੱਚੇ ਦੀ ਜ਼ਬਾਨ ਚੋਂ ਨਿਕਲੇ ਤੋਤਲੇ ਬਚਨਾਂ ਨੂੰ ਸੁਣਕੇ ਮਾਤਾ-ਪਿਤਾ ਨਾਰਾਜ਼ ਨਹੀਂ ਹੁੰਦੇ ਬਲਕਿ ਉਸਦੇ ਅੰਦਰਲੇ ਭਾਵ ਨੂੰ ਸਮਝਕੇ ਪ੍ਰਸੰਨ ਹੁੰਦੇ ਹਨ:

*ਜੋ ਬਾਲਕ ਕਹਿ ਤੋਤਰੀ ਬਾਤਾ। ਸੁਨਹਿ ਮੁਦਤ ਮਨ ਪਿਤ ਅਰੁ ਮਾਤਾ।*
*ਹਸਹਿੰ ਕੂਰ ਕੁਟਲ ਕੁਵਿਚਾਰੀ। ਜੋ ਪਰ ਦੂਖਨ ਭੂਖਨ ਧਾਰੀ।*

*(ਤੁਲਸੀ ਰਾਮਾਇਣ)*

ਇਸੇ ਤਰ੍ਹਾਂ ਗੁਰਮੁਖ ਜਨ ਤਾਂ ਇਹ ਜਾਣਦੇ ਹਨ ਕਿ ਗੁਰੂ ਪ੍ਰਮੇਸ਼ਰ ਦੇ ਜਸ ਤੇ ਮਹਾਂ-ਪੁਰਸ਼ਾਂ ਦੀ ਸਿਫ਼ਤ ਵਾਲੀ ਅਟਪਟੀ ਰਚਨਾ ਵੀ:

*ਬਾਲ ਬਯਾਹ ਕੀ ਗਾਲ ਸਮ ਦੂਖਨ ਭੂਖਨ ਰੂਪ।*

*(ਵੈਰਾਗ ਸ਼ੱਤਕ)*

ਮੰਗਲ ਸਰੂਪ ਹੈ ਅਤੇ ਜੋ ਤਰਕਵਾਦੀ ਮਨਮੁਖ ਹਨ ਉਨ੍ਹਾਂ ਦਾ ਤਾਂ ਸੁਭਾਓ ਹੀ ਸਦਾ ਏਹੋ ਜੇਹਾ ਬਣ ਗਿਆ ਹੈ ਕਿ ਹਰ ਸਮੇਂ ਦੂਸਰੇ ਦੇ ਦੂਸ਼ਨਾ ਵੱਲ ਹੀ ਤੱਕਣਾ। ਜਿਵੇਂ ਲੱਖਾਂ ਰੁਪੈ ਦੇ ਸੁੰਦਰ ਮਕਾਨ ਵਿੱਚ ਪ੍ਰਵੇਸ਼ ਹੋਣ ਵਾਸਤੇ ਕੀੜੀ ਸਦਾ ਛੇਕ ਹੀ ਲਭਦੀ ਹੈ ਇਸੇ ਤਰ੍ਹਾਂ ਦੇ ਸਾਕਤ ਪੁਰਸ਼ਾਂ ਨੂੰ ਤਾਂ ਜੇਕਰ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਵਿਧਾਤਾ ਵੀ ਆਪ ਆਕੇ ਸਮਝਾਵੇ ਤਾਂ ਵੀ ਓਹ:

ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥

(ਪੰਨਾ ੩੩੨)

ਅੱਠੇ ਪਹਿਰ ਵਾਦ-ਵਿਵਾਦ ਵਿੱਚ ਲਗੇ ਰਹਿਣਾ, ਨਾ ਹਰੀ ਦਾ ਜਸ ਆਪ ਕਰਨਾ, ਨਾ ਕੰਨਾਂ ਦੁਆਰਾ ਸੁਣਨਾ ਪਰ ਗੱਲਾਂ ਬਾਤਾਂ ਨਾਲ ਧਰਤੀ ਤੇ ਅਸਮਾਨ ਦੇ ਕਲਾਵੇ ਮੇਲ ਦੇਣੇ।
ਯਥਾ:

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ ॥੧॥
ਐਸੇ ਲੋਗਨ ਸਿਉ ਕਿਆ ਕਹੀਐ ॥
ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥

(ਪੰਨਾ ੩੩੨)

ਉਹਨਾਂ ਦੇ ਤਾਈਂ ਏਹੋ ਜੇਹਾ ਅੰਮ੍ਰਿਤ-ਮਈ ਉਪਦੇਸ਼ ਨਹੀਂ ਪੋਂਹਦਾ, ਉਨ੍ਹਾਂ ਤੋਂ ਸਦਾ ਸੰਕੋਚ ਤੇ ਭੈਅ ਕਰਕੇ ਅਸੰਗ ਹੀ ਰਹਿਣਾ ਚੰਗਾ ਹੈ। ਉਹ ਹਰ ਸਮੇਂ ਨਿੰਦਾ ਚੁਗਲੀ ਤੇ ਪਰ ਦੂਖਨ ਦੇਖਣ ਵਿੱਚ ਹੀ ਪ੍ਰਸੰਨ ਰਹਿੰਦੇ ਹਨ।

ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ ॥

(ਪੰਨਾ ੮੨੩)

ਜਿਥੇ ਪ੍ਰਮੇਸ਼ਰ ਦਾ ਨਾਮ ਨਹੀਂ ਉਥੇ ਹੰਗਤਾ ਤੇ ਝਗੜਿਆਂ ਦਾ ਹੋਣਾ ਜ਼ਰੂਰੀ ਹੈ।

ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥

(ਪੰਨਾ ੬੧)

ਗੋਸਾਈ ਤੁਲਸੀ ਦਾਸ ਜੀ ਕਥਨ ਕਰਦੇ ਹਨ ਕਿ ਹਰੇਕ ਦੇ ਔਗੁਣ ਦੇਖਣ ਵਾਲਾ ਇਹ ਉਨ੍ਹਾਂ ਦਾ ਕੁਦਰਤੀ ਸੁਭਾਉ ਹੀ ਬਣ ਚੁੱਕਾ ਹੈ ਜੋ ਹਟਣਾ ਬੜਾ ਮੁਸ਼ਕਲ ਹੈ।

*ਉਪਜਹਿ ਏਕ ਸੰਗ ਜਲ ਮਾਹੀ। ਜਲਜ ਜ਼ੋਕ ਜਿਮ ਗੁਣ ਬਿਲਗਾਹੀ।*
*ਸੁਧਾ ਸੁਰਾ ਸਮ ਸਾਧ ਅਸਾਧੂ। ਜਨਕ ਏਕ ਜਗ ਜਲਧਿ ਅਗਾਧੂ।*

ਜਿਵੇਂ ਜਲ ਵਿੱਚ ਜ਼ੋਕ ਅਤੇ ਕਮਲ ਇਕੱਠੇ ਹੀ ਪੈਦਾ ਹੁੰਦੇ ਹਨ, ਉਸੇ ਤਰ੍ਹਾਂ ਇੱਕੋ ਹੀ ਸਮੁੰਦਰ ਵਿੱਚੋਂ ਵਿਹੁ ਤੇ ਅੰਮ੍ਰਿਤ ਦੋਵੇਂ ਇਕੱਠੇ ਹੀ ਨਿਕਲੇ ਹਨ। ਤੈਸੇ ਇੱਕ ਪ੍ਰਮੇਸ਼ਰ ਤੋਂ ਸਾਧੂ ਤੇ ਸਾਕਤਾਂ ਦੀ ਉਤਪਤੀ ਹੋਈ ਹੈ, ਪਰ ਸੁਭਾਵ ਦੋਹਾਂ ਦਾ ਅੱਡ-ਅੱਡ ਹੈ।

ਤਥਾ:

*ਸੁਧਾ, ਸੁਧਾਕਰ, ਸੁਰਸਰੀ ਸਾਧੂ। ਗਰਲ ਅਨਿਲ ਕਲਿਮਲ ਸਰਿ ਵਿਆਧੂ।*

ਅਰਥ-ਸੁਧਾ=ਅੰਮ੍ਰਿਤ, ਸੁਧਾਕਰ=ਚੰਦ੍ਰਮਾਂ, ਗੰਗਾ ਅਤੇ ਸਾਧੂ ਲੋਕ ਆਪਣੇ ਕਰਤਬ ਤੇ ਗੁਣਾਂ ਕਰਕੇ ਭਲੇ ਅਖਵਾਉਂਦੇ ਹਨ ਅਤੇ ਗਰਲ=ਵਿਖ ਅਗਨੀ ਅਤੇ ਕਰਮ ਨਾਸ਼ਾ ਨਦੀ ਤੈਸੇ ਦੁਸ਼ਟ ਪੁਰਸ਼ ਆਪਣੀ ਕਰਣੀ ਕਰਕੇ ਮਾੜੇ ਕਹੇ ਜਾਂਦੇ ਹਨ, ਉਨ੍ਹਾਂ ਦਾ ਨੀਚ ਸੁਭਾਉ ਯਤਨ ਕੀਤਿਆਂ ਵੀ ਨਹੀਂ ਮਿਟ ਸਕਦਾ।

*ਖਲਹੁ ਕਰੈ ਭਲ ਪਾਇ ਸੁ ਸੰਗੂ। ਮਿਟਹਿ ਨ ਮਲਿਨ ਸੁਭਾਉ ਅਭੰਗੂ।*
*ਲੱਖ ਸੁਵੇਸ ਜਗ ਬੰਚਕ ਜੇਊ। ਬੇਸ ਪ੍ਰਤਾਪ ਪੂਜੀਅਹਿ ਤੇਊ।*
*ਉਗਰਹ ਅੰਤ ਨ ਹੋਇ ਨਿਬਾਹੂ। ਕਾਲ ਨੇਮਿ ਜਿਉ ਰਾਵਣ ਰਾਹੂ।*

ਸੋ ਏਹੋ ਜੇਹੇ ਪੁਰਸ਼ਾਂ ਨੂੰ ਦੂਰੋਂ ਹੀ ਹੱਥ ਜੋੜਕੇ ਮਥਾ ਟੇਕ ਦੇਵੇ ਜੋ ਪ੍ਰਾਏ ਦੇ ਔਗੁਣਾਂ ਨੂੰ ਦੇਖਣ ਵਾਸਤੇ ਹਜ਼ਾਰਾਂ ਨੇਤਰਾਂ ਵਾਲੇ ਇੰਦਰ ਦੇਵਤਾ ਦਾ ਹੀ ਅਵਤਾਰ ਹਨ। ਭਾਵ ਹਜ਼ਾਰਾਂ ਅੱਖਾਂ ਨਾਲ ਦੂਸਰੇ ਦੇ ਦੂਸ਼ਣ ਹੀ ਦੇਖਦੇ ਰਹਿੰਦੇ ਹਨ ਅਤੇ ਪ੍ਰਾਏ ਦੇ ਕਾਰਜ ਵਿੱਚ ਵਿਘਨ ਪਾਉਣ ਵਾਸਤੇ ਮੱਖੀ ਦੇ ਸਮਾਨ ਆਪਣੇ ਆਪ ਨੂੰ ਕੁਰਬਾਨ ਕਰ ਦਿੰਦੇ ਹਨ, ਜਿਵੇਂ ਮੱਖੀ ਘਿਓ ਨੂੰ ਖ਼ਰਾਬ ਕਰਨ ਵਾਸਤੇ ਆਪਣੇ ਆਪ ਦੀ ਅਹੂਤੀ ਦੇ ਦਿੰਦੀ ਹੈ:

*ਜੋ ਪਰ ਦੋਸ਼ ਲਖਹਿ ਸਹਸਾਖੀ। ਪਰ ਹਿਤ ਘ੍ਰਿਤ ਜਿਨ ਕੇ ਮਨ ਮਾਖੀ।*
*ਬਹੁਰ ਬੰਦ ਖਲ ਗਨ ਸਤ ਭਾਇ। ਜਿਨ ਬਿਨ ਕਾਜ ਦਹਿਨਿਓ ਬਾਇ।*
*ਪਰ ਹਿਤ ਹਾਨ ਲਾਭ ਜਿਨ ਕੇਰੇ। ਉਜਰ ਹਰਸ਼ ਬਿਸਾਦ ਬਸੇਰੇ।*
*ਪਰ ਅਕਾਜ ਲਗ ਤਨ ਪਰਹਰਹੀ। ਜਿਸ ਹਿਮ ਉਪਲ ਕ੍ਰਿਖੀ ਦਲ ਗਰਹੀ।*
*ਬੰਦਉ ਖਲ ਜਸ ਸੇਖ ਸਰੋਸ਼ਾ। ਸਹਸ ਬਦਨ ਬਰਨਈ ਪਰ ਦੋਸ਼ਾ।*

*(ਤੁਲਸੀ ਰਮਾਇਣ)*

ਅੰਤ ਵਿੱਚ ਗੁਣੀ ਪੁਰਸ਼ਾਂ ਨੂੰ ਵੀ ਮੇਰੀ ਸਤਿਕਾਰ ਸਹਿਤ ਹੱਥ ਜੋੜਕੇ ਨਮਸ਼ਕਾਰ ਹੈ ਅਤੇ ਤਰਕਵਾਦੀ ਸਾਕਤ ਪੁਰਸ਼ਾਂ ਨੂੰ ਵੀ ਮੈਂ ਸਦਾ ਬੰਦਨਾਂ ਕਰਦਾ ਹਾਂ ਜੋ ਮੇਰੇ ਔਗੁਣਾਂ ਨੂੰ ਜਾਣਕੇ ਉਨ੍ਹਾਂ ਨੂੰ ਦੂਰ ਕਰਨ ਦੀ ਪ੍ਰੇਰਨਾ ਕਰਦੇ ਹੋਏ ਮੇਰਾ ਭਲਾ ਹੀ ਚਾਹੁੰਦੇ ਹਨ।

## ਫੋਟੋ ਕਿਵੇਂ ਮਿਲੀ?

ਜਦੋਂ ਸ੍ਰੀ ਹਜ਼ੂਰ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਬਾਰੰਬਾਰ ਬੇਨਤੀਆਂ ਕਰਨ ਤੇ ਦਾਸ ਦੀ ਤੀਬਰ ਇੱਛਾ ਜਾਣਕੇ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੀ ਜੀਵਨ-ਕਥਾ ਲਿਖਣ ਵਾਸਤੇ ਆਗਿਆ ਦੇ ਦਿੱਤੀ, ਉਸ ਸਮੇਂ ਬੜੀਆਂ ਸੱਧਰਾਂ ਤੇ ਰੀਝਾਂ ਨਾਲ ਲਿਖਾਈ ਸ਼ੁਰੂ ਕੀਤੀ ਅਤੇ ਉਤਸ਼ਾਹ ਫੁਰਿਆ ਕਿ ਕਿਤਨਾ ਚੰਗਾ ਹੋਵੇ ਜੇਕਰ ਬਾਬਾ ਅਤਰ ਸਿੰਘ ਜੀ ਮਹਾਰਾਜ ਦੀ ਕਿਤੋਂ ਫੋਟੋ ਮਿਲ ਜਾਵੇ। ਬੜੀ ਕੋਸ਼ਿਸ਼ ਕੀਤੀ, ਕਈ ਥਾਂ ਗਏ। ਰੇਰੂ ਸਾਹਿਬ ਤੋਂ ਪਤਾ ਕੀਤਾ ਤਿੰਨ ਵਾਰੀ ਲੋਪੋਂ ਨਗਰ ਜਾ ਕੇ ਬਾਬਾ ਜੀ ਦੇ ਭਤੀਜੇ ਸੰਤ ਭਗਵਾਨ ਸਿੰਘ ਜੀ (ਜੋ ਨਗਰ ਤੋਂ ਬਾਹਰ ਆਪਣੀ ਜ਼ਮੀਨ ਵਿੱਚ ਅਸਥਾਨ ਬਣਾਕੇ ਸਾਧੂ ਬਾਣੇ ਵਿੱਚ ਰਹਾਇਸ਼ ਰਖਦੇ ਹਨ) ਪਾਸੋਂ ਪੁੱਛਿਆ ਪਰ ਸਾਰੇ ਏਹ ਹੀ ਆਖਦੇ ਸਨ ਕਿ ਬਾਬਾ ਜੀ ਨੇ ਆਪਣੀ ਫੋਟੋ ਨਹੀਂ ਲਾਹੁਣ ਦਿੱਤੀ। ਲੋਪੋਂ ਨਗਰ ਤੋਂ ਬਾਬਾ ਜੀ ਦੇ ਪਾਵਨ ਸੀਸ ਵਾਲੇ ਚੱਕਰ ਦਾ ਦਰਸ਼ਨ ਕੀਤਾ ਜੋ ਸੰਤ ਭਗਵਾਨ ਸਿੰਘ ਜੀ ਦੇ ਪਾਸ ਪਿਆ ਹੈ ਜਿਸਦੇ ਉਪਰ ੪੦੩ ਨੰਬਰ ਲਿਖਿਆ ਹੈ। ਫੇਰ ਤਾਂ ਪੂਰਨ ਨਿਸ਼ਚਾ ਹੋ ਗਿਆ ਕਿ ਹੁਣ ਬਾਬਾ ਜੀ ਫੋਟੋ ਵਾਲੀ ਇੱਛਾ ਵੀ ਜ਼ਰੂਰ ਹੀ ਪੂਰੀ ਕਰਣਗੇ।

ਫੇਰ ੩੬ ਸਿੱਖ ਪਲਟਨ ਦਾ ਰੀਕਾਰਡ ਦੇਖਿਆ ਤਾਂ ਇੱਕ ਜਗ੍ਹਾ ਸੂਬੇਦਾਰਾਂ, ਜਮਾਂਦਾਰ ਤੇ ਹੋਰ ਛੇ ਸੱਤ ਫੌਜੀਆਂ

ਦੇ ਗਰੁੱਪ ਵਿੱਚ ਮੇਰਠ ਛਾਉਣੀ ਲੱਗੀ ਫੋਟੋ ਮਿਲ ਗਈ ਜਿਸਦੇ ਉਪਰ ਚੱਕਰ ਦਾ ਨੰਬਰ ਤੇ ਬਾਬਾ ਜੀ ਦਾ ਕੇਵਲ ਨਾਮ ਹੀ ਲਿਖਿਆ ਸੀ। ਕੋਈ ਪਛਾਣ ਨਾ ਹੋ ਸਕੀ ਕਿਉਂਕਿ ਇਹ ਫੋਟੋ ਬਰਦੀ ਸਮੇਤ ੨੭ ਸਾਲਾਂ ਦੀ ਉਮਰ ਵਿੱਚ ਇਕੱਠੇ ਫੌਜੀਆਂ ਦੇ ਗਰੁੱਪ ਵਿੱਚ ਲਾਹੀ ਗਈ ਸੀ। ਉਸਦਾ ਨੈਗਟਿਵ ਲੈ ਕੇ ਫੌਜੀ ਵਰਦੀ ਵਿੱਚ ਇਕੱਲਿਆਂ ਦੀ ਕਰਵਾਈ ਪਰ ਫੇਰ ਵੀ ਕੁਝ ਪਤਾ ਨਾ ਲੱਗਾ ਕਿਉਂਕਿ ਐਸ ਸਮੇਂ ਏਸ ਰੂਪ ਦਾ ਦਰਸ਼ਨ ਕਰਨ ਵਾਲਾ ਕੋਈ ਬਜ਼ੁਰਗ ਹੈ ਨਹੀਂ ਸੀ। ਅਖ਼ੀਰ ਨੂੰ ਸੰਤ ਜੀ ਮਹਾਰਾਜ ਨੇ ਅਸਥਾਨ ਵਿੱਚ ਰਹਿਕੇ ਨਿਰਬਾਣ ਸੇਵਾ ਕਰਨ ਵਾਲੇ ਫੋਟੋਗ੍ਰਾਫਰ ਸੂਬੇਦਾਰ ਗੁਰਦਿਆਲ ਸਿੰਘ ਨੂੰ ਆਖਿਆ ਕਿ ਇਸ ਦੀ ਬਿਹੰਗਮੀ ਲਿਬਾਸ ਵਿੱਚ ਫੋਟੋ ਬਣਾਉ। ਉਸਨੇ ਸ਼ੁੱਧ ਹਿਰਦੇ ਨਾਲ ਗੁਰ ਚਰਨਾਂ ਵਿਖੇ ਅਰਦਾਸ ਕਰਕੇ ਇਸ ਮਹਾਨ ਕਾਰਜ ਨੂੰ ਆਰੰਭ ਕੀਤਾ। ਵੀਹ ਤੀਹ ਵਾਰੀ ਰਫ ਫੋਟੋ ਤਿਆਰ ਕਰਕੇ ਸੰਤ ਜੀ ਮਹਾਰਾਜ ਨੂੰ ਦਿਖਾਈ ਜਿਸ ਵਿੱਚ ਕਈ ਵਾਰੀ ਅਦਲਾ ਬਦਲੀ ਕਰਨੀ ਪਈ। ਕਾਫ਼ੀ ਸਮੇਂ ਦੀ ਮਿਹਨਤ ਤੋਂ ਬਾਅਦ ਸਹੀ ਰੂਪ ਵਿੱਚ ਫੋਟੋ ਤਿਆਰ ਹੋ ਗਈ। ਰਾੜੇ ਸਾਹਿਬ ਵਾਲੇ ਦੋਵੇਂ ਸੰਤ ਜੀ ਮਹਾਰਾਜ ਤੇ ਹੋਰ ਵੀ ਜਿਨ੍ਹਾਂ-ਜਿਨ੍ਹਾਂ ਮਹਾਂ-ਪੁਰਸ਼ਾਂ ਨੇ ਬਾਬਾ ਜੀ ਦੇ ਪਾਵਨ ਸਰੂਪ ਦਾ ਪ੍ਰਤੱਖ ਦਰਸ਼ਨ ਕੀਤਾ ਸੀ ਉਹ ਸਾਰੇ ਹੀ ਅਸ਼-ਅਸ਼ ਕਰ ਉੱਠੇ। ਫੇਰ ਓਸੇ ਫੋਟੋ ਦਾ ਬਲਾਕ ਬਣਾਇਆ।

ਨੋਟ: ਇਹ ਫੋਟੋ ਜਲੰਧਰ ਛਾਉਣੀ ਵਿੱਚ ਇਨਾਮ ਜਿੱਤਣ ਦੇ ਸਮੇਂ ਗਰੁਪ ਵਿੱਚ ਉਤਾਰੀ ਗਈ ਜਦੋਂ ਅੰਗਰੇਜ਼ ਸਰਕਾਰ ਨੇ ਵੱਡੇ-ਵੱਡੇ ਅਫ਼ਸਰਾਂ ਨੂੰ ਜਲੰਧਰ ਛਾਉਣੀ ਸਦਿਆ। ਹੌਲਦਾਰਾਂ ਜਮਾਦਾਰਾਂ ਤੇ ਸੂਬੇਦਾਰਾਂ ਦੇ ਇਕੱਠ ਵਿੱਚ ਸਭਨਾਂ ਦੀ ਪ੍ਰੀਖਿਆ ਲੈਣ ਵਾਸਤੇ ਇਨਾਮ ਰੱਖੇ ਸਨ ਤਾਂ ਬਾਬਾ ਜੀ ਦੀਆਂ ਸਾਰੀਆਂ ਗੋਲੀਆਂ ਗ਼ੁਲਜ਼ਰੀ ਵਿੱਚ ਲੱਗੀਆਂ ਜਾਣਕੇ ਪੂਰੇ ਨੰਬਰ ਮਿਲੇ। ਪੰਜ ਸੌ ਰੁਪਿਆ ਤੇ ਸੋਨੇ ਦਾ ਮੈਡਲ ਇਨਾਮ ਵਿੱਚ ਪ੍ਰਾਪਤ ਹੋਇਆ ਜਿਸ ਨੂੰ ਦਿੱਲੀ ਦੀ ਯਾਤਰਾ ਸਮੇਂ ਬਾਬਾ ਜੀ ਨੇ ਸੀਸ ਗੰਜ ਗੁਰਦੁਆਰੇ ਦੀ ਭੇਟਾ ਕੀਤਾ ਸੀ, ਉਨ੍ਹਾਂ ਦੀ ਉਦਾਰਤਾ ਤੇ ਗੁਰ ਚਰਨਾਂ ਵਿੱਚ ਅਤੁੱਟ ਸ਼ਰਧਾ ਦੀ ਬੇ-ਮਿਸਾਲ ਝਾਕੀ ਹੈ।

ਹੁਣ ਇਹ ਫੋਟੋ ਵੱਡੀ ਕਰਵਾਕੇ ਚੇਤਰ ਦੇ ਮਹੀਨ ਬਿਕ੍ਰਮੀ ੨੦੨੮ ਮੁਤਾਬਿਕ ਮਾਰਚ ੧੯੭੧ ਈ: ਵਿਖੇ ਕੇਂਦਰੀ 'ਸਿੱਖ ਅਜਾਇਬ ਘਰ' ਅੰਮ੍ਰਿਤਸਰ ਜੀ ਵਿਖੇ ਲਗਵਾਈ ਗਈ ਹੈ।

## ਹੋਰ ਰੀਕਾਰਡ ਦੀ ਪ੍ਰਾਪਤੀ

ਸ੍ਰੀ ਹਜ਼ੂਰ ਬਾਬਾ ਅਤਰ ਸਿੰਘ ਜੀ ਮਹਾਰਾਜ ਦੀ ਫੋਟੋ ਮਿਲ ਜਾਣ ਤੋਂ ਬਾਅਦ ਫੇਰ ਤਾਂ ਹੋਰ ਵੀ ਰਿਕਾਰਡ ਪ੍ਰਾਪਤ ਕਰਣ ਲਈ ਉਤਸ਼ਾਹ ਵਧ ਗਿਆ ਕਿ ਜੇਕਰ ਖੋਜ ਕੀਤੀ ਜਾਵੇ ਤਾਂ ਬਾਬਾ ਜੀ ਦੀ ਪੈਨਸ਼ਨ ਲੈਣ ਵਾਲੀ ਕਾਪੀ ਤੋਂ ਭਰਤੀ ਹੋਣ ਤੇ ਪੈਨਸ਼ਨ ਹੋਣ ਦੀ ਤਰੀਕ ਵੀ ਲੱਭ ਸਕਦੀ ਹੈ। ਸੰਤ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੇ ਚਰਨਾਂ ਵਿੱਚ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਜਿਵੇਂ ਆਪ ਜੀ ਦੀ ਕਿਰਪਾ ਨਾਲ ਬਾਬਾ ਜੀ ਦੀ ਫੋਟੋ ਮਿਲ ਗਈ ਹੁਣ ਇਹ ਵੀ ਬਖ਼ਸ਼ਸ਼ ਕਰ ਦੇਵੋ ਕਿ ਭਰਤੀ ਹੋਣ ਤੇ ਪੈਨਸ਼ਨ ਹੋਣ ਦੀ ਸਹੀ ਤਰੀਕ ਮਿਲ ਜਾਵੇ।" ਸੰਤ ਜੀ ਮਹਾਰਾਜ ਨੇ ਮੁਸਕਰਾ ਕੇ ਉੱਤਰ ਦਿੱਤਾ, "ਚੰਗਾ ਉੱਦਮ ਕਰੋ, ਤੁਹਾਡੀ ਭਾਵਨਾ ਨੂੰ ਜ਼ਰੂਰ ਫ਼ਲ ਲਗੇਗਾ।" ਇਹ ਪਵਿੱਤ੍ਰ ਸੇਵਾ ਪਟਿਆਲੇ ਵਾਲੇ ਪ੍ਰੇਮੀ ਸ੍ਰ: ਕਰਨੈਲ ਸਿੰਘ ਨੇ ਮੰਗ ਕੇ ਲਈ। ਪੈਨਸ਼ਨ ਵਾਲੀ ਕਾਪੀ ਦਾ ਕਈ ਜਗ੍ਹਾ ਪਤਾ ਕੀਤਾ, ਰੇਰੂ ਸਾਹਿਬ ਗੁਰਦੁਆਰੇ ਅਤੇ ਸੰਤ ਮਹਾਰਾਜ ਦੇ ਭਤੀਜੇ ਸੰਤ ਭਗਵਾਨ ਸਿੰਘ ਜੀ ਪਾਸ ਲੋਪੋਂ ਤੇ ਹੋਰ ਵੀ ਜਿੱਥੇ ਦੱਸ ਪਈ ਗਏ ਪਰ ਕਾਪੀ ਨਾ ਮਿਲ ਸਕੀ। ਫੇਰ ਪਤਾ ਲਗਾ ਆਪ ਜੀ ਲੁਧਿਆਣੇ ਖਜ਼ਾਨੇ ਚੋਂ ਪੈਨਸ਼ਨ ਲੈਂਦੇ ਸਨ, ਜਦੋਂ ਉਸ ਜਗ੍ਹਾ ਗਏ ਤਾਂ ਉਨ੍ਹਾਂ ਕਿਹਾ ਕਿ ਪਹਿਲਾਂ ਏਥੋਂ ਲੈਂਦੇ ਸਨ, ਫੇਰ ਸਾਹ੍ਨੇਵਾਲ ਦੇ ਡਾਕਖਾਨੇ ਸਰਕਾਰ ਵਲੋਂ ਇੰਤਜ਼ਾਮ ਕਰ ਦਿੱਤਾ, ਉਥੋਂ ਪਤਾ ਕਰੋ ਕਿਉਂਕਿ ਅਖ਼ੀਰ ਤੱਕ ਆਪ ਜੀ ਸਾਹ੍ਨੇਵਾਲ ਦੇ ਡਾਕਖਾਨੇ ਤੋਂ ਪੈਨਸ਼ਨ ਲੈਂਦੇ ਰਹੇ ਸਨ।

੧੯੬੯ ਨੂੰ ਜੂਨ ਦੇ ਮਹੀਨੇ ਸਾਹ੍ਨੇਵਾਲ ਪਤਾ ਕੀਤਾ ਉਨ੍ਹਾਂ ਨੇ ਸਾਰਾ ਰੀਕਾਰਡ ਦੇਖ ਕੇ ਕਿਹਾ ਕਿ ਇੱਥੋਂ ਦਾ ਸਾਰਾ ਰੀਕਾਰਡ ਜ਼ਿਲ੍ਹੇ ਵਿੱਚ ਚਲਾ ਗਿਆ ਹੈ ਤੁਸੀਂ ਲੁਧਿਆਣੇ ਪਤਾ ਕਰੋ। ਦੁਪਹਿਰ ਦੇ ਸਮੇਂ ਧੁੱਪ ਵਿੱਚ ਬੱਸ ਸਟੈਂਡ ਤੇ ਆਏ ਜਿੱਥੇ ਬੱਸ ਦੀ ਉਡੀਕ ਵਿੱਚ ਕਾਫ਼ੀ ਚਿਰ ਰੁਕਣਾ ਪਿਆ ਪਰ ਮਨ ਵਿੱਚ ਪੂਰਨ ਵਿਸ਼ਵਾਸ ਸੀ ਕਿ ਮਹਾਂ-ਪੁਰਸ਼ਾਂ ਦੀ ਅਸ਼ੀਰਵਾਦ ਲਈ ਹੈ, ਕਾਰਜ ਜ਼ਰੂਰ ਹੋਵੇਗਾ। ਖੇਚਲ ਨਾ ਮਹਿਸੂਸ ਕੀਤੀ, ਬੱਸ ਆਈ ਤਾਂ ਅਸਵਾਰ ਹੋ ਕੇ ਲੁਧਿਆਣੇ ਗਿਆ, ਜਨਰਲ ਪੋਸਟ ਆਫਿਸ ਵਿੱਚ ਜਾਕੇ ਰਿਕਾਰਡ ਕਲਰਕ ਨੂੰ ਮਿਲਿਆ ਸਾਰੀ ਵਾਰਤਾ ਦੱਸੀ, ਪਰ ਉਸਨੇ ਇੱਕ ਦਮ ਨਾਂਹ ਕਰ ਦਿੱਤੀ, ਸ਼ਾਇਦ ਗਰਮੀ ਦੇ ਕਾਰਣ ਖੋਜ ਕਰਣ ਦੀ ਖੇਚਲ ਤੋਂ ਸੰਕੋਚ ਕਰਕੇ ਜਾਂ ਕਿਸੇ ਹੋਰ

ਖ਼ਿਆਲ ਨਾਲ? ਕਹਿਣ ਲੱਗਾ, ਇਤਨਾ ਸਮਾਂ ਹੋ ਗਿਆ ਪਤਾ ਨਹੀਂ ਰਜਿਸਟਰ ਕਿਸ ਜਗ੍ਹਾ ਪਏ ਹਨ। ਰੀਕਾਰਡ ਮਿਲਣਾ ਬੜਾ ਮੁਸ਼ਕਲ ਹੈ ਪਰ ਪ੍ਰੇਮੀ ਦੇ ਮਨ ਵਿੱਚ 'ਸਾਧ ਬਚਨ ਅਟਲਾਧਾ' ਤੇ ਪੂਰਨ ਨਿਸਚਾ ਸੀ ਕਿ ਫੋਟੋ ਵਾਂਗੂ ਰੀਕਾਰਡ ਵੀ ਜ਼ਰੂਰ ਮਿਲੇਗਾ, ਪਰ ਅੱਤ ਦੀ ਗਰਮੀ, ਸਿਖਰ ਦੁਪਹਿਰ, ਡਿਊਟੀ ਕਲਰਕ ਟਾਲ ਮਟੋਲਾ ਕਰਦਾ ਰਿਹਾ। ਜਦੋਂ ਇਸ ਨੇ ਆਪਣੇ ਅੰਦਰਲੇ ਜਜ਼ਬੇ ਪ੍ਰਗਟ ਕੀਤੇ ਕਿ ਦੇਖ! ਤੂੰ ਏਥੇ ਪੱਖਿਆਂ ਹੇਠ ਬੈਠਾ ਖੇਚਲ ਮੰਨਦਾ ਹੈਂ, ਮੈਂ ਕਿਸੇ ਮਹਾਨ ਸ਼ਕਤੀ ਦਾ ਪ੍ਰੇਰਿਆ ਕਿਥੋਂ ਚੱਲ ਕੇ ਆਇਆ ਹਾਂ, ਰੀਕਾਰਡ ਜ਼ਰੂਰ ਮਿਲੇਗਾ ਤੇ ਮੈਂ ਲੈ ਕੇ ਵੀ ਜਾਣਾ ਹੈ ਤਾਂ ਉਸਨੇ ਖਿਝ ਕੇ ਆਖਿਆ ਕਿ ਮੈਂ ਆਪ ਕੋਈ ਖੇਚਲ ਨਹੀਂ ਕਰਣੀ ਤੂੰ ਖੁਦ ਮੇਹਨਤ ਕਰ ਲੈ, ਮੈਂ ਅਲਮਾਰੀਆਂ ਖੋਲ੍ਹ ਦਿੰਦਾ ਹਾਂ।

ਇਉਂ ਆਖਕੇ ਜ਼ਿਲ੍ਹੇ ਦੇ ਰੀਕਾਰਡਾਂ ਵਾਲਾ ਵੱਡਾ ਕਮਰਾ ਖੋਲ੍ਹ ਕੇ ਆਖਿਆ, "ਦੱਸ ਇਨ੍ਹਾਂ ਚੋਂ ਕਿਹੜੀ ਅਲਮਾਰੀ ਖੋਲ੍ਹਾਂ?" ਕਮਰੇ ਅੰਦਰ ਪੈਰ ਪਾਉਣ ਦੇ ਸਮੇਂ ਹੈਰਾਨਗੀ ਵਾਲੀ ਹੱਦ ਨਾ ਰਹੀ ਕਿਉਂਕਿ ਖ਼ਬਰੇ ਕਿਸ ਸਮੇਂ ਦਾ ਬੰਦ ਕਮਰਾ ਖੋਲ੍ਹਿਆ, ਹਰੇਕ ਅਲਮਾਰੀ ਤੇ ਦੋ-ਦੋ ਇੰਚ ਮਿੱਟੀ ਜੰਮੀਂ ਪਈ ਸੀ। ਛੱਤਾਂ ਦੇ ਜਾਲੇ ਤੇ ਫਰਸ਼ਾਂ ਦਾ ਰੇਤਾ ਤਾਂ ਇਉਂ ਦਿਸ ਰਿਹਾ ਸੀ ਕਿ ਸਦੀਆਂ ਬਾਅਦ ਹੀ ਅੱਜ ਇਸ ਕਮਰੇ ਦੇ ਭਾਗ ਜਾਗੇ ਹਨ। ਬੰਦ ਕਮਰੇ ਦਾ ਬੂਹਾ ਖੋਲ੍ਹਦਿਆਂ ਗੰਦੀ ਹਵਾੜ ਨਾਲ ਸਾਹ ਹੁੱਟ ਹੁੰਦਾ ਜਾਵੇ, ਨਾ ਵਿੱਚ ਪੱਖਾ, ਨਾ ਕੋਈ ਰੋਸ਼ਨਦਾਨ ਤੇ ਬਾਰੀ। ਉਸ ਨੇ ਕਾਹਲੇ ਪੈਕੇ ਆਖਿਆ, "ਹੁਣ ਬਸਤਰ ਉਤਾਰਕੇ ਕੇਵਲ ਬਨੈਣ ਤੇ ਕਛਹਿਰੇ ਨਾਲ ਬੈਠਾ ਦੇਖੀ ਜਾਹ" ਤੇ ਨਾਲ ਇਹ ਵੀ ਆਖਿਆ ਕਿ ਬੜਾ ਮਜ਼ਬੂਤ ਇਰਾਦਾ ਕਰਕੇ ਆਇਆ ਹੈਂ, ਦੇਖੀਏ ਜੇ ਤੇਰਾ ਰਹਿਬਰ ਕੋਈ ਪੂਰਨ ਸ਼ਕਤੀ ਵਾਲਾ ਕਾਮਲ ਗੁਰੂ ਪੀਰ ਹੋਇਆ ਤਾਂ ਬੇਸ਼ੱਕ ਰੀਕਰਡ ਮਿਲ ਜਾਵੇ ਨਹੀਂ ਤਾਂ ਕੋਈ ਉਮੀਦ ਨਹੀਂ। ਇਸ ਪ੍ਰੇਮੀ ਨੇ ਸ਼ਰਧਾ ਤੇ ਸੱਟ ਮਾਰਨ ਵਾਲੇ ਬਚਨ ਸੁਣਕੇ ਕਿਹਾ, "ਤੂੰ ਇਸਦਾ ਜਿੰਦਰਾ ਤਾਂ ਖੋਲ੍ਹ ਮੈਂ ਵੀ ਕਿਸੇ ਬਖ਼ਸ਼ੀ ਰੂਹ ਦੇ ਹੁਕਮ ਦੀ ਪਾਲਣਾ ਕਰ ਰਿਹਾ ਹਾਂ।" ਜਦੋਂ ਚਾਬੀਆਂ ਦਾ ਗੁੱਛਾ ਲਿਆਂਦਾ ਤਾਂ ਉਨ੍ਹਾਂ ਵਿੱਚੋਂ ਇਸ ਕਲਰਕ ਦੇ ਨਾਸਤਕ ਖ਼ਿਆਲਾਂ ਵਾਂਗੂੰ ਸਭ ਜਵਾਬ ਦੇ ਗਈਆਂ। ਕੋਈ ਵੀ ਲਗਣ ਵਾਸਤੇ ਤਿਆਰ ਨਾ ਹੋਈ। ਜਿੰਦਰੇ ਹਿਲਾਏ, ਹੋਰ ਗੁੱਛਾ ਲਿਆਕੇ ਚਾਬੀਆਂ ਵਿੱਚ ਤੇਲ ਪਾਇਆ ਤਾਂ ਕਿਤੇ ਮਸਾਂ-ਮਸਾਂ ਅਲਮਾਰੀ ਨੇ ਖੁੱਲ੍ਹਣ ਲਈ ਹਾਂ ਕੀਤੀ। ਅਲਮਾਰੀ ਦੇ ਖੁੱਲ੍ਹਦਿਆਂ ਹੀ ਦਫਤਰ ਕਲਰਕ ਛੇਤੀ ਨਾਲ ਭਜਕੇ ਦੂਸਰੇ ਕਮਰੇ ਵਿੱਚ ਪੱਖੇ ਥੱਲੇ ਜਾ ਬੈਠਾ। ਇਸਨੇ ਆਵਾਜ਼ ਮਾਰਕੇ ਆਖਿਆ, "ਜ਼ਰਾ ਉਰੇ ਆ।" ਇਹ ਕਹਿੰਦਾ, "ਤੂੰ ਆਪ ਹੀ ਦੇਖ ਲੈ।" ਇਸਨੇ ਦੋ ਤਿੰਨ ਵਾਰੀ ਆਖਿਆ ਤਾਂ ਉਹ ਮਸਾਂ-ਮਸਾਂ ਮਜ਼ਬੂਰ ਕੀਤਾ ਕੁਰਸੀ ਤੋਂ ਉੱਠਿਆ ਤੇ ਨਰਾਜ਼ਗੀ ਨਾਲ ਕਹਿਣ ਲੱਗਾ, "ਦਸ ਕੀ ਗੱਲ ਹੈ?" ਉਹ ਕਹਿੰਦਾ, "ਕਿਤਾਬ ਤਾਂ ਬਾਹਰ ਕੱਢ ਦੇਹ।" ਉਸਨੇ ਬੇਰੁੱਖੀ ਨਾਲ ਕਿਹਾ, "ਕਿਹੜੀ ਕੱਢਾਂ? ਇਤਨੇ ਰਜਿਸਟਰਾਂ ਵਿੱਚੋਂ ਕੀ ਪਤਾ ਹੈ ਖਬਰੇ ਕਿਸ ਵਿੱਚ ਰੀਕਾਰਡ ਹੋਵੇਗਾ?"

ਇਸ ਪ੍ਰੇਮੀ ਨੇ ਅਲਮਾਰੀ ਅੱਗੇ ਖੜ੍ਹੇ ਹੋ ਕੇ ਨੇਤ੍ਰ ਬੰਦ ਕਰ ਲਏ, ਬਾਬਾ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਦਾਤਾ! ਆਪਣਾ ਕਾਰਜ ਆਪ ਹੀ ਕਰੋ ਮੈਂ ਤਾਂ ਕੇਵਲ ਤੁਹਾਡੇ ਹੁਕਮ ਦੀ ਪਾਲਣਾ ਕਰ ਰਿਹਾ ਹਾਂ। ਅੱਧੇ ਮਿੰਟ ਤੋਂ ਬਾਅਦ ਨੇਤ੍ਰ ਖੋਹਲੇ ਤਾਂ ਸਾਹਮਣੀ ਕਿਤਾਬ ਤੇ ਨਿਗ੍ਹਾ ਪਈ ਅਤੇ ਕਿਹਾ, "ਆਹ ਕੱਢ ਦੇਹ" ਜਦੋਂ ਉਸਨੇ ਰਜਿਸਟਰ ਬਾਹਰ ਕੱਢਿਆ ਫੇਰ ਓਸੇ ਪੱਖੇ ਵਾਲੇ ਕਮਰੇ ਵਿੱਚ ਕੁਰਸੀ ਤੇ ਜਾ ਬੈਠਾ। ਅਜੇ ਇਸ ਨੂੰ ਬੈਠਿਆਂ ਇੱਕੋ ਮਿੰਟ ਹੀ ਹੋਇਆ ਸੀ ਕਿ ਏਧਰੋਂ ਇਸ ਪ੍ਰੇਮੀ ਨੇ ਨਮਸ਼ਕਾਰ ਕਰਕੇ ਰਜਿਸਟਰ ਚੁੱਕਿਆ। ਜਦੋਂ ਉਸਨੂੰ ਖੋਹਲ ਕੇ ਦੇਖਿਆ ਤਾਂ ਓਹੇ ਹੀ ਸਫਾ ਸਾਹਮਣੇ ਆਇਆ ਜਿਸ ਵਿੱਚ ਬਾਬਾ ਜੀ ਦਾ ਸਾਰਾ ਰੀਕਾਰਡ ਲਿਖਿਆ ਸੀ। ਸ਼ਰਧਾਲੂ ਪ੍ਰੇਮੀ ਖ਼ੁਸ਼ੀ ਵਿੱਚ ਨੱਚ ਉੱਠਿਆ, ਸਤਿਕਾਰ ਨਾਲ ਸਿਰ ਝੁਕਾਇਆ, ਨੇਤ੍ਰਾਂ ਵਿੱਚ ਵੈਰਾਗ ਦਾ ਜਲ ਆ ਗਿਆ ਤੇ ਆਖਿਆ, "ਧੰਨ ਬਾਬਾ ਅਤਰ ਸਿੰਘ ਜੀ ਮਹਾਰਾਜ! ਆਪਣਾ ਕਾਰਜ ਆਪ ਕੀਤਾ ਹੈ।"

ਅਪੁਨਾ ਕਾਰਜੁ ਆਪਿ ਸਵਾਰਿਆ ॥੧॥

(ਪੰਨਾ ੩੭੬)

ਬੜੇ ਮਾਣ ਨਾਲ ਜਾਕੇ ਕੁਰਸੀ ਤੇ ਬੈਠੇ ਕਲਰਕ ਨੂੰ ਹਲੂਣ ਕੇ ਆਖਿਆ, "ਮਹਾਂ-ਪੁਰਸ਼ਾਂ ਦੀ ਪ੍ਰੀਖਿਆ ਕਰਣੀ ਚੰਗੀ ਨਹੀਂ ਹੁੰਦੀ, ਚੱਲ ਕੇ ਦੇਖ ਸਾਰਾ ਰੀਕਾਰਡ ਮਿਲ ਗਿਆ। ਤੂੰ ਜੋ ਕਹਿੰਦਾ ਸੀ ਜੇਕਰ ਤੇਰਾ ਗੁਰੂ ਪੂਰਨ ਕਰਾਮਾਤ ਵਾਲਾ ਹੈ ਤਾਂ ਰੀਕਾਰਡ ਮਿਲ ਜਾਵੇਗਾ। ਅੱਜ ਮੇਰੀ ਮਿਹਨਤ ਸਫ਼ਲੀ ਹੋ ਗਈ, ਤੂੰ ਵੀ ਅੱਗੇ ਵਾਸਤੇ ਗੁਰੂ ਪੀਰਾਂ ਤੇ

ਨਿਸਚਾ ਰੱਖੀਂ।" ਇਉਂ ਡਿਊਟੀ ਕਲਰਕ ਬੜਾ ਪ੍ਰਸੰਨ ਹੋਇਆ ਤੇ ਸਤਿਕਾਰ ਨਾਲ ਇਸਦਾ ਵੀ ਮਸਤਕ ਝੁਕ ਗਿਆ ਅਤੇ ਅੱਗੇ ਵਾਸਤੇ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ।

## ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਉਦਾਰਤਾ

ਉਦਾਰਤਾ ਇੱਕ ਰੱਬੀ ਗੁਣ ਹੈ ਜੋ ਹਰੇਕ ਵਿੱਚ ਨਹੀਂ ਪਾਇਆ ਜਾਂਦਾ, ਇਹ ਪੂਰਨ ਪੁਰਖ ਦੀ ਨਿਸ਼ਾਨੀ ਤੇ ਪਰਖ ਹੈ। ਜਿੱਥੇ ਆਪ ਮਹਾਨ ਕਿਰਪਾਲੂ ਬੀਤ ਰਾਗ ਦੇ ਸ਼ਾਂਤ ਚਿਤ ਸਨ ਉਥੇ ਆਪ ਜੀ ਦੀ ਦਾਨਧਾਰਾ ਵੱਲ ਤਕਿਆਂ ਰਾਜਾ ਕਰਣ, ਵਿਦੇਹੀ ਜਨਕ ਤੇ ਇੰਦਰ ਦੇਵਤਾ ਵੀ ਭੁੱਲ ਜਾਂਦਾ ਹੈ। ਇਹ ਆਪ ਜੀ ਦੀ ਉਦਾਰਤਾ ਦਾ ਪ੍ਰਤੱਖ ਸਬੂਤ ਹੈ ਕਿ ਆਪ ਗੁਣੀਆਂ ਦੇ ਕਦਰਦਾਨੀ, ਗ਼ਰੀਬ ਪਰਵਰ ਤੇ ਕਲਮਸ਼ਨਾਸ ਸਨ। ਜਦੋਂ ਪਿਛਲੇ ਸਾਲ ਹਜ਼ੂਰ ਦੀ ਆਗਿਆ ਪਾਕੇ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦਾ ਜੀਵਨ ਲਿਖਣਾ ਆਰੰਭ ਕੀਤਾ ਤਾਂ ਖੋਜ ਕਰਣ ਤੋਂ ਇਹ ਪਤਾ ਲੱਗਾ ਕਿ ਨਾਰੰਗਵਾਲ ਦੀਆਂ ਕੁਟੀਆ ਵਾਲੇ ਮਹਾਂ-ਪੁਰਸ਼ ਬਾਬਾ ਗੁਰਦਿਤ ਸਿੰਘ ਜੀ ਵੀ ਬਾਬਾ ਕਰਮ ਸਿੰਘ ਜੀ ਮਹਾਰਾਜ ਤੋਂ ਹੀ ਵਰੋਸਾਏ ਹਨ। ਜਦੋਂ ਉਨ੍ਹਾਂ ਦੇ ਅਸਥਾਨ ਤੇ ਜਾ ਕੇ ਪੁੱਛਿਆ ਤਾਂ ਖ਼ਾਸ ਜ਼ੁੰਮੇਂਵਾਰ ਸਜਣ ਤਾਂ ਉਥੇ ਹੈ ਨਹੀਂ ਸੀ ਉਹ ਕਿਤੇ ਬਾਹਰ ਗਏ ਹੋਏ ਸਨ। ਹੋਰ ਸੇਵਾਦਾਰਾਂ ਨੇ ਦਸਿਆ ਕਿ ਸੰਤ ਜੀ ਮਹਾਰਾਜ ਬਾਬਾ ਗੁਰਦਿਤ ਸਿੰਘ ਜੀ ਦਾ ਜੀਵਨ ਕਾਫ਼ੀ ਸਮਾਂ ਹੋ ਗਿਆ ਇੱਕ ਸਜਣ ਨੇ ਲਿਖਿਆ ਸੀ ਜਿਸਨੇ ਛੋਟੀ ਉਮਰ ਵਿੱਚ ਸੰਤਾਂ ਦੇ ਦਰਸ਼ਨ ਤੇ ਸੇਵਾ ਕੀਤੀ ਸੀ, ਪਰ ਆਪ ਤਾਂ ਇਹ ਕਈ ਸਾਲਾਂ ਦੇ ਪ੍ਰਲੋਕ ਗਵਨ ਕਰ ਚੁੱਕੇ ਹਨ। ਉਨ੍ਹਾਂ ਦੇ ਪ੍ਰਵਾਰ ਤੋਂ ਪੁੱਛੋ ਸ਼ਾਇਦ ਜੇ ਕਿਤੇ ਉਹ ਖਰੜਾ ਸੰਭਾਲ ਕੇ ਰੱਖਿਆ ਹੋਵੇ ਉਹ ਪ੍ਰੇਮੀ ਛੋਟੀ ਨਾਰੰਗਵਾਲ ਦਾ ਹੈ, ਜਿਸਦਾ ਨਾਮ ਵੀਰ ਸਿੰਘ ਸੀ ਹੁਣ ਉਸਦਾ ਪਰਵਾਰ ਲੁਧਿਆਣਾ ਮਾਡਲ ਟਾਊਨ ਵਿੱਚ ਰਹਿੰਦਾ ਹੈ। ਉਨ੍ਹਾਂ ਤੋਂ ਪਤਾ ਕਰੋ।

ਜਦੋਂ ਲੁਧਿਆਣੇ ਜਾਕੇ ਉਨ੍ਹਾਂ ਪਾਸ ਸਾਰੀ ਗੱਲ ਦਸਕੇ ਉਸ ਲਿਖੀ ਪੁਸਤਕ ਨੂੰ ਦੇਖਣ ਦੀ ਮੰਗ ਕੀਤੀ ਤਾਂ ਉਨ੍ਹਾਂ ਨੇ ਕਈ ਦਿਨਾਂ ਦੀ ਖੋਜ ਤੋਂ ਬਾਅਦ ਉਹ ਖਰੜਾ ਲੱਭ ਹੀ ਲਿਆ ਤੇ ਰਾੜੇ ਸਾਹਿਬ ਆਕੇ ਦੇ ਗਏ। ਜਦੋਂ ਉਸ ਦੇ ਦਰਸ਼ਨ ਕੀਤੇ ਤਾਂ ਉਸਦੀ ਲਿਖਤ (ਜੋ ਸਿਆਹੀ ਉਡਕੇ ਮਧਮ ਹੋ ਚੁੱਕੀ ਸੀ) ਤੇ ਕਾਗਜ਼ ਦਾ ਖਸਤਾਪਨ (ਜੋ ਹੱਥ ਲਾਇਆਂ ਹੀ ਭੁਰ ਜਾਂਦਾ ਸੀ) ਦਸ ਰਿਹਾ ਸੀ ਕਿ ਇਸਨੂੰ ਲਿਖਿਆਂ ਤੀਹ ਸਾਲਾਂ ਤੋਂ ਉਪਰ ਦਾ ਸਮਾਂ ਹੋ ਗਿਆ। ਕਾਸ਼! ਉਸ ਸਮੇਂ ਦੀ ਲਿਖੀ ਇਹ ਅਮੋਲਕ ਪੁਸਤਕ ਅੱਜ ਤੱਕ ਕੇਵਲ ਕਦਰਦਾਨਾਂ ਤੋਂ ਬਿਨਾਂ ਲੱਕੜ ਦੀ ਅਲਮਾਰੀ ਜਾਂ ਟੀਨ ਦੇ ਸੰਦੂਕ ਦਾ ਹੀ ਸ਼ਿੰਗਾਰ ਬਣੀ ਰਹੀ।

ਜਦੋਂ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਉਹ ਖਰੜਾ ਦੇਖਿਆ ਤਾਂ ਲੇਖਕ ਦੀ ਸ਼ਰਧਾ ਤੇ ਮਿਹਨਤ ਨੂੰ ਕਦਰਸ਼ਨਾਸ ਦ੍ਰਿਸ਼ਟੀ ਨਾਲ ਤੱਕ ਕੇ ਹਜ਼ੂਰ ਦੇ ਇਸ ਮਹਾਂ-ਵਾਕ ਦੀ ਸਫ਼ਲਤਾ ਕਰਣ ਵਾਸਤੇ:

ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥

(ਪੰਨਾ ੬੧੦)

ਉਸਦੇ ਛਾਪਣ ਦਾ ਸਾਰਾ ਖ਼ਰਚਾ ਆਪਣੇ ਜ਼ਿੰਮੇ ਲੈਕੇ ਪਰੂਫ ਦੇਖਣ ਦੀ ਸੇਵਾ ਦਾਸ ਨੂੰ ਬਖ਼ਸ਼ ਦਿੱਤੀ। ਭਾਵੇਂ ਬੋਲੀ ਸਾਧਾਰਨ ਤੇ ਪੁਰਾਤਨ ਬਜ਼ੁਰਗੀ ਖ਼ਿਆਲ ਵਰਤੇ ਹਨ, ਪਰ ਦਾਸ ਨੇ ਉਸੇ ਤਰ੍ਹਾਂ ਹੂ-ਬਹੂ ਛਾਪਣ ਦਾ ਯਤਨ ਕੀਤਾ ਹੈ। ਆਪਣੇ ਵਲੋਂ ਕਿਸੇ ਵੀ ਅੱਖਰ ਨੂੰ ਅਦਲ-ਬਦਲ ਕਰਣ ਦੀ ਕੋਸ਼ਸ਼ ਨਹੀਂ ਕੀਤੀ ਭਾਵੇਂ ਕੋਈ ਸ਼ਬਦ ਅਯੋਗ ਵੀ ਜਾਪਿਆ ਤਾਂ ਵੀ ਇਹ ਜਾਣਕੇ ਕਿ ਸ਼ਾਇਦ ਇਸਦੇ ਲੇਖਕ ਦੇ ਮਨ ਦਾ ਕੀ ਆਸ਼ਾ ਸੀ, ਉਸੇ ਤਰ੍ਹਾਂ ਹੀ ਰਹਿਣ ਦਿੱਤਾ। ਫੋਟੋ ਦਾ ਬਲਾਕ ਤੇ ਛਪਾਈ ਸਮੇਤ ਜਿਲਦਾਂ ਬਣਵਾਕੇ ਜਿਸ ਉਪਰ ਪੰਜ ਕੁ ਹਜ਼ਾਰ ਰੁਪਿਆ ਖਰਚ ਆ ਗਿਆ। ਇਹ ਹਨ ਮਹਾਂਪੁਰਸ਼ਾਂ ਦੇ ਪਰਉਪਕਾਰੀ ਜੀਵਨ ਦੇ ਕ੍ਰਿਸ਼ਮੇਂ ਜਿੱਥੇ ਆਪ ਜੀ ਨੇ ਗੁਰਦੁਆਰੇ, ਧਰਮਸ਼ਾਲਾ, ਲਾਇਬ੍ਰੇਰੀਆਂ, ਸਕੂਲਾਂ, ਕਾਲਜਾਂ ਤੇ ਹੋਰ ਬੇਅੰਤ ਧਾਰਮਿਕ ਅਸਥਾਨਾਂ ਨੂੰ ਬਨਾਉਣ ਵਿੱਚ ਪੂਰਾ ਸਹਿਯੋਗ ਦਿੱਤਾ; ਬੇਅੰਤ ਯਤੀਮ ਬੱਚੇ ਕਿਤਾਬਾਂ, ਫੀਸ ਤੇ ਹੋਰ ਖਰਚਾ ਦੇ ਕੇ ਪੜ੍ਹਾਏ; ਉਥੇ ਕਿਸੇ ਗੁਣੀ ਨੂੰ ਵੀ ਪਾਸ ਆਇਆਂ ਨਿਰਾਸ਼ਾ ਨਹੀਂ ਮੁੜਨ ਦਿੱਤਾ। ਸਾਧੂ ਬਾਣੇ ਦਾ ਖ਼ਾਸ ਆਦਰ ਕਰਦੇ ਰਹੇ, ਜਿਹਾ ਕਿ ਹਜ਼ੂਰ ਦੀ ਸ਼ੁਹਰਤ ਸੁਣ ਕੇ ਗਿਆਨੀ ਈਸ਼ਰ ਸਿੰਘ 'ਨਾਰਾ' ਕਰਤਾ *'ਰਾਜਾ ਜੋਗੀ'* ਜੀਵਨ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ, ਤੇ *'ਇਤਿਹਾਸ ਬਾਬਾ ਸ੍ਰੀ ਚੰਦ'* ਦਾ ਲੇਖਕ ਦਿੱਲੀ ਨਿਵਾਸੀ ਪਿਛਲੇ ਸਾਲ ੧੯੭੦ ਦੀ ਜਨਵਰੀ ਵਿੱਚ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਅਤੇ ਆਪਣੀ ਲਿਖੀ ਪੁਸਤਕ *'ਵਸਾਖ ਨਹੀਂ ਕੱਤਕ'* ਦਾ ਖਰੜਾ ਹਜ਼ੂਰ ਨੂੰ ਦਿਖਾ ਕੇ ਆਪਣੇ ਵਲੋਂ ਛਾਪਣ ਦੀ ਅਸਮਰੱਥਾ

ਪ੍ਰਗਟ ਕੀਤੀ ਤਾਂ ਲਾਲਾਂ ਦੀ ਕਦਰ ਕਰਣ ਵਾਲੇ ਸਾਲਸ ਰਾਏ ਜੌਹਰੀ ਵਾਂਗੂੰ ਉਸਦੀ ਕਲਮ ਦਾ ਸਤਿਕਾਰ ਕਰਦਿਆਂ ਜਿਤਨੇ ਪੈਸਿਆਂ ਦੀ ਉਸ ਨੇ ਮੰਗ ਕੀਤੀ ਉਸ ਪੁਸਤਕ ਦੀ ਸਮੇਤ ਜਿਲਦਾਂ ਦੇ ਮੁਕੰਮਲ ਛਪਾਈ ਦਾ ਖਰਚਾ ੨੫੦੦ ਰੁਪਿਆ ਹਜ਼ੂਰ ਨੇ ਆਪ ਦਿੱਤਾ ਅਤੇ ਇਸਦੇ ਇਵਜ਼ ਵਿੱਚ ਆਪਣੇ ਵਲੋਂ ਉਸਦੇ ਪਾਸੋਂ ਇੱਕ ਪੁਸਤਕ ਵੀ ਨਹੀਂ ਮੰਗੀ।

ਉਸਦੇ ਮੁਕੰਮਲ ਹੋ ਕੇ ਮਾਰਕੀਟ ਵਿੱਚ ਆ ਜਾਣ ਤੋਂ ਬਾਅਦ ਐਤਕੀਂ ਦੇ ਸਾਲ ਉਸਨੇ ਇੱਕ ਹੋਰ ਪੁਸਤਕ ਦਾ ਖਰੜਾ 'ਸ੍ਰੀ ਕਲਗੀਧਰ ਪਾਤਸ਼ਾਹ ਜੀ ਦਾ *'ਜ਼ਫਰਨਾਮਾ ਤੇ ਸਫਰਨਾਮਾ'* ਲਿਆ ਕੇ ਅਰਜ਼ ਕੀਤੀ, "ਮਹਾਰਾਜ! ਆਪ ਹੋਰ ਵੀ ਬਖ਼ਸ਼ਿਸ਼ ਕਰ ਦਿਓ ਤਾਂ ਕਿ ਮੇਰੀ ਇਹ ਚਿਰਾਂ ਦੀ ਲਿਖੀ ਪੁਸਤਕ ਵੀ ਛਪ ਜਾਵੇ। ਮੇਰੇ ਪਾਸ ਇਸਦੇ ਛਪਾਉਣ ਦੀ ਸਮਰੱਥਾ ਨਹੀਂ।" ਸੰਤ ਜੀ ਮਹਾਰਾਜ ਨੇ ਉਸਦੀ ਬੇਨਤੀ ਨੂੰ ਪਰਵਾਣ ਕਰਦਿਆਂ ਸਰਬੰਸ ਦਾਨੀ ਦੇ ਅਮੁਲੜੇ ਤੇ ਅਲੌਕਿਕ ਚੋਜਾਂ ਨੂੰ ਸਿੱਖ ਸੰਗਤਾਂ ਦੇ ਲਾਭ ਹਿਤ ਛਾਪੇ ਜਾਣ ਦੀ ਆਗਿਆ ਬਖ਼ਸ਼ ਦਿੱਤੀ ਅਤੇ ਉਸਦੀ ਮੰਗ ਅਨੁਸਾਰ ਛਪਾਈ ਦਾ ਸਾਰਾ ਖਰਚ ਦਸ ਹਜ਼ਾਰ ਰੁਪਿਆ ਆਪ ਦਿੱਤਾ। ਹੁਣ ਉਹ ਪੁਸਤਕ ਛਪ ਗਈ ਹੈ ਛੇਤੀ ਹੀ ਮਾਰਕੀਟ ਵਿੱਚ ਆ ਜਾਵੇਗੀ।

ਇਹ ਹੈ ਆਪ ਜੀ ਦੇ ਦਿਆਲੂ ਤੇ ਪਰਉਪਕਾਰੀ ਸੁਭਾਓ ਦਾ ਪ੍ਰਤੱਖ ਸਬੂਤ ਜੋ ਕਿਸੇ ਹੋਰ ਦੁਨਿਆਵੀ ਰਾਜੇ, ਮਹਾਰਾਜੇ, ਸੇਠ, ਸ਼ਾਹੂਕਾਰਾਂ, ਸਰਦਾਰਾਂ ਤੇ ਆਮ ਡੇਰੇਦਾਰਾਂ ਸਾਧੂਆਂ ਵਿੱਚ ਨਹੀਂ ਦੇਖੀਦਾ। ਦਾਸ ਤੇ ਵੀ ਆਪ ਜੀ ਦੀ ਮਹਾਨ ਬਖ਼ਸ਼ਸ਼ ਹੋਈ ਹੈ।

## ਅੰਤਮ ਬੇਨਤੀ

*ਨਿਸ ਬਾਸਰ ਔਗੁਣ ਕਰਤ ਹੀ ਬਤੀਤ ਜਾਤ,*
*ਗੁਣ ਤੋਂ ਮੂਲ ਹਿਤ ਚਿਤ ਸਿਉਂ ਬਿਸਾਰੇ ਹੈਂ।*
*ਬਿਘਨ ਭਰੇ ਹੈਂ ਬਹੁ ਬਾਧਾ ਮੇਂ ਪਰੇ ਹੈਂ,*
*ਮਾਇਆ ਮੋਹਨੀ ਕੇ ਸੰਗ ਸਭੀ ਗਤਮਿਤ ਹਾਰੇ ਹੈਂ।*
*ਕਹਤ 'ਰਸ ਰੰਗ' ਕਾਹੂ ਨਾਮ ਕੇ ਨ ਕਾਜ ਕੇ ਹਾਂ,*
*ਸ਼ਰਨ ਤਿਹਾਰੀ ਪਾਲ ਪਾਲਕ ਪਧਾਰੇ ਹੈਂ।*
*ਕਾਰਣ ਕਰਣ ਨਾਥ ਨਾਥ ਹੈਂ ਤਿਹਾਰੇ ਹਾਥ,*
*ਤਾਰੋ ਤੋ ਤੁਹਾਰੇ ਹੈਂ ਨ ਤਾਰੋ ਤੋ ਤਿਹਾਰੇ ਹੈਂ।*

ਸ੍ਵੈਯਾ: *ਭੂਲ ਜੋ ਚੂਕ ਭਈ ਹਮ ਤੇ*
*ਗੁਰ ਕਿੰਕਰ ਸੋ ਤੁਮ ਤੇ ਬਖਸ਼ਾਵਤਿ ॥*
*ਲਾਜ ਰਖੋ ਨਿਜ ਨਾਮਹਿ ਕੀ*
*ਸਿਖ ਮੈਂ ਤੁਮਰੋ ਜਗ ਮਾਹਿ ਕਹਾਵਤਿ ॥*
*ਤੂੰ ਬਖਸ਼ੰਦ ਸਦਾ ਸੁਖਦਾਇਕ*
*ਮੋ ਮਨ ਨਾਂਹਿ ਬਿਖੈ ਛੁਟਕਾਵਤਿ ॥*
*ਲੋਹ ਤੇ ਹੇਮ ਇਰੰਡ ਤੇ ਚੰਦਨ*
*ਮਾਨੁਖ ਤੇ ਸੁਰ ਤੂੰ ਹੀ ਬਨਾਵਤਿ ॥*

ਸਮੂੰਹ ਸੰਤਾਂ ਦਾ ਅਦਨਾ ਦਾਸ– ਗਿਆਨੀ ਮੋਹਨ ਸਿੰਘ 'ਆਜ਼ਾਦ'

# ਮਾਨਯੋਗ ਹਸਤੀਆਂ ਦੇ ਸ਼ੁਭ ਵਿਚਾਰ

## ਸ੍ਰੀ ਮਾਨ ੧੦੮ ਸੰਤ ਗਿਆਨੀ ਕਿਰਪਾਲ ਸਿੰਘ ਜੀ

ਮਹੰਤ (ਡੇਰਾ ਸ੍ਰੀ ਮਾਨ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਗਲੀ ਸੱਤੋ ਵਾਲੀ ਕਟੜਾ ਕਰਮ ਸਿੰਘ ਅੰਮ੍ਰਿਤਸਰ)

ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਤੋਂ ਵਰੋਸਾਏ ਇਸ ਪੁਸਤਕ ਦਾ ਲੇਖਕ ਸੰਤ ਗਿਆਨੀ ਮੋਹਨ ਸਿੰਘ ਜੀ 'ਅਜ਼ਾਦ' ਸੰਤ ਸਮਾਜ ਦੇ ਇੱਕ ਨਵੀਨ ਲਿਖਾਰੀ ਹਨ। ਜਿੱਥੇ ਉਨ੍ਹਾਂ ਨੇ ਕਾਫ਼ੀ ਸਮਾਂ ਮਿਹਨਤ ਕਰਕੇ ਗੁਰਬਾਣੀ ਦੀ ਵਿਚਾਰ ਤੇ ਗੁਰ ਇਤਿਹਾਸ ਦੀ ਪੂਰਨ ਵਾਕਫ਼ੀ ਹਾਸਲ ਕੀਤੀ, ਉਥੇ ਇਨ੍ਹਾਂ ਨੂੰ ਲਿਖਣ ਦਾ ਵੀ ਚੰਗਾ ਸ਼ੌਕ ਹੈ। ਛੋਟੇ-ਛੋਟੇ ਟ੍ਰੈਕਟਾਂ ਤੇ ਲੇਖਾਂ ਤੋਂ ਪਿਛਲੇ ਸਾਲ ਛਾਪੀ ਹੋਈ 'ਪੱਛਮੀ ਪ੍ਰਕਾਸ਼ ਅਰਥਾਤ ਹੋਤੀ ਮਰਦਾਨ ਦਾ ਨੂਰ' ਨਾਮੇ ਪੁਸਤਕ ਹੈ ਜਿਸ ਵਿੱਚ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦਾ ਜੀਵਨ ਬੜੀ ਖੋਜ ਤੇ ਮਿਹਨਤ ਨਾਲ ਲਿਖਿਆ, ਇਹ ਇਨ੍ਹਾਂ ਦੀ ਪਹਿਲੀ ਪੁਸਤਕ ਹੈ। ਅਸੀਂ ਆਪ ਪੜ੍ਹੀ ਹੈ, ਲੇਖਣੀ ਡਾਢੀ ਰਸਦਾਇਕ ਤੇ ਸ਼ਰਧਾ ਪੂਰਤ ਹੈ, ਜਿਸ ਵਿੱਚੋਂ ਅਜੇਹਾ ਕੋਈ ਨਿੱਘ ਤੇ ਅਗੰਮੀ ਸੁਆਦ ਆਉਂਦਾ ਹੈ ਜੋ ਕਥਨ ਤੋਂ ਬਾਹਰ ਹੈ।

ਹੁਣ ਦੂਸਰੀ ਪੁਸਤਕ 'ਜੀਵਨ ਗਾਥਾ' ਨਾਮ ਦੀ ਲਿਖਕੇ ਛਾਪੀ ਹੈ ਜਿਸ ਵਿੱਚ ਆਪਣੇ ਪਿਤਾਮੇ ਗੁਰੂ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦਾ ਪਵਿੱਤ੍ਰ ਜੀਵਨ ਬੜੀ ਮੇਹਨਤ ਤੇ ਖੋਜ ਨਾਲ ਅੰਕਿਤ ਕੀਤਾ ਹੈ। ਬੋਲੀ ਸਾਦੀ, ਮਿੱਠੀ ਸਰਲ ਤੇ ਠੇਠ ਪੰਜਾਬੀ ਹੈ ਕਿਤੇ-ਕਿਤੇ ਸੰਤ ਭਾਸ਼ਾ ਦੀ ਵਰਤੋਂ ਕੀਤੀ ਹੈ। ਗੁਰਬਾਣੀ ਦੇ ਢੁੱਕਵੇਂ ਪ੍ਰਮਾਣਾਂ ਤੋਂ ਇਲਾਵਾ ਆਪਣੀ ਵਾਕਫ਼ੀ ਅਨੁਸਾਰ ਵੇਦਾਂਤ ਤੇ ਹੋਰ ਸਨਾਤਨ ਗ੍ਰੰਥਾਂ ਦੀ ਝਲਕ ਭੀ ਪੈਂਦੀ ਹੈ।

ਕਈ ਜਗ੍ਹਾ ਵਿੱਦਿਆ ਅਧਿਐਨ ਕਰਣ ਉਪ੍ਰੰਤ ਦਸ ਬਾਰਾਂ ਸਾਲ ਏਥੇ ਰਹਿੰਦੇ ਰਹੇ ਜਿਸ ਕਰਕੇ ਅਸੀਂ ਇਨ੍ਹਾਂ ਦੇ ਚੰਗੀ ਤਰ੍ਹਾਂ ਜਾਣੂੰ ਹਾਂ। ਹਰੇਕ ਨਾਲ ਮਿਲਵਰਤਣ ਅਸਥਾਨ ਨਾਲ ਹਿਤ ਤੇ ਵਫ਼ਾਦਾਰੀ ਰਖਦੇ ਹਨ। ਪੜ੍ਹਣ ਸਮੇਂ ਵੀ ਚੰਗੀ ਲਗਨ ਨਾਲ ਮਿਹਨਤ ਕੀਤੀ। ਇਹ ਇਨ੍ਹਾਂ ਦੀ ਲਿਖੀ ਹੋਈ ਪੁਸਤਕ ਦੀ ਮੂੰਹ ਬੋਲਦੀ ਤਸਵੀਰ ਹੈ ਜਿਸ ਵਿੱਚ ਕਿਸੇ ਮਤ ਮਤਾਂਤ੍ਰ ਦਾ ਖੰਡਨ ਤੇ ਤਰਕ ਨਹੀਂ ਕੀਤਾ, ਕਿਸੇ ਦੇ ਵਿਰੁੱਧ ਕੋਈ ਦਿਲ ਦੁਖਾਵਾਂ ਸ਼ਬਦ ਨਹੀਂ ਵਰਤਿਆ। ਨਿਰੋਲ ਧਾਰਮਿਕ ਅੰਗ ਨੂੰ ਲੈ ਕੇ ਨਾਮ ਸਿਮਰਨ ਦਾ ਉਪਦੇਸ਼, ਸੰਤਾਂ ਦੀ ਤਪੱਸਿਆ ਤੇ ਗ਼ਰੀਬ ਪਰਵਰ ਆਦਿ ਬਿਰਦ ਦੀ ਪਾਲਣਾ ਕਥਨ ਕੀਤੀ ਹੈ। ਏਹੋ ਜੇਹੀ ਅਮੋਲਕ ਪੁਸਤਕ ਹਰ ਇੱਕ ਗੁਰਸਿੱਖ ਤੇ ਸਹਿਜਧਾਰੀ ਵੀਰ ਦੇ ਪੜ੍ਹਣ ਯੋਗ ਹੈ ਕਿਉਂਕਿ ਮਹਾਂ ਪੁਰਸ਼ਾਂ ਦੀ ਜੀਵਨੀ ਹੀ ਜਗਿਆਸੂ ਦੇ ਮਨਾਂ ਤੇ ਅਸਰ ਪਾ ਕੇ ਉੱਚ ਜੀਵਨ ਬਣਾਉਂਦੀ ਹੈ। ਗਿਆਨੀ ਜੀ ਦੀ ਇਸ ਅਥਾਹ ਮਿਹਨਤ ਪਰ ਮੈਂ ਹਾਰਦਿਕ ਧੰਨਵਾਦੀ ਹਾਂ ਜਿਨ੍ਹਾਂ ਨੇ ਕੇਵਲ ਪਰਉਪਕਾਰ ਨੂੰ ਮੁਖ ਰੱਖਦਿਆਂ ਹੋਇਆਂ ਇਹ ਪੁਸਤਕ ਹਰ ਇੱਕ ਪ੍ਰਾਣੀ ਦੇ ਹਸਤ ਕਮਲਾਂ ਵਿੱਚ ਪਹੁੰਚਾਈ ਹੈ।

ਦਾਸ

ਕ੍ਰਿਪਾਲ ਸਿੰਘ

# ਸ੍ਰੀ ਮਾਨ ਗਿਆਨੀ ਵਰਿਆਮ ਸਿੰਘ ਜੀ ਧੂਰਕੋਟ

ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ ॥
ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥

(ਪੰਨਾ ੬੪੮)

ਵਿਧਾਤਾ ਪੁਰਖ ਦੀ ਕ੍ਰਿਪਾ ਦੇ ਪਾਤਰ ਸਤਿਗੁਰੂ ਬਖ਼ਸ਼ਿਆਂ ਮਹਾਂ-ਪੁਰਸ਼ ਗੁਰਮੁਖਾਂ ਦੇ ਸਤਿਸੰਗ ਦੁਆਰਾ ਸਰਬੋਤਮ ਗੁਰਮਤ ਦੀ ਪਵਿੱਤ੍ਰ ਦਾਤ ਪਾ ਕੇ; ਨਿਮ੍ਰਤਾ ਵਾਲੇ ਮਨ ਖੇਤ ਵਿੱਚ, ਗੁਰੂ ਸ਼ਰਧਾ ਦਾ ਅੰਕੁਰ ਪੈਦਾ ਕਰਕੇ; ਪਾਵਨ ਗੁਰ ਚਰਨਾਂ ਦੀ ਪ੍ਰੀਤੀ ਰੂਪ ਤਕੜੀ ਗੋਡੀ ਦੁਆਰਾ, ਸਤਿ ਸੰਗਤ ਦੇ ਮਿਲਾਪੀ ਹੋਣ, ਰੂਪ ਸਿੱਖੀ ਵੇਲ ਨੂੰ ਵਧਾਇ ਕਰ; ਸੰਤ ਸਜਣਾਂ ਦੀ ਸੇਵਾ ਕਰਣੀ ਰੂਪ ਉੱਤਮ ਲਗਰਾਂ ਦੇ ਫੈਲਾਓ ਵਾਲੀ; ਸਾਰੇ ਸ਼ੁਭ ਗੁਣਾਂ ਦਾ ਧਾਰਣਾ ਰੂਪ ਹਰੇ ਪੱਤਰਾਂ ਸਹਿਤ; ਨਿਤ ਹੀ ਸੰਤ ਸੰਗਤ ਦੇ ਅਨੁਸਾਰ ਹੋਣਾ, ਬਹੁਤੀ ਹਰਿਆਵਲਤਾ ਵਾਲੀ ਕਰ; ਨਿਰਮੋਲਕ ਹੀਰਾ ਕੀਰਤਨ ਗਾਵਣਾ, ਸੁਣਨਾ ਰੂਪ ਜਲ ਦੇ ਨਾਲ ਸਿੰਚਦਿਆਂ; ਗੁਰ ਸ਼ਬਦ ਦੀ ਵਿਚਾਰ ਰੂਪੀ ਫ਼ੁੱਲਾਂ ਸਹਿਤ ਪ੍ਰਫੁਲਤ ਕਰਕੇ; ਸਰਬ ਸੁਖਦਾਈ ਹਰੀ ਜਸ ਰੂਪੀ ਸੁਗੰਧੀ ਸਹਿਤ; ਉਕਤ ਜੁਗਤ ਦਾ ਜਾਨਣਾ, ਪੂਰਨ ਰਸ ਦੇ ਸਹਿਤ; ਵਿਸ਼ਿਆਂ ਤੋਂ ਵੈਰਾਗ ਹੋਣਾ, ਫੁੱਲਾਂ ਦੇ ਖਿੜਾਓ ਵਾਲੀ; ਜਗਤ ਨੂੰ ਸਿੱਖਿਆ ਨਿਸ਼ਚੇ ਕਰਣਾ, ਰੂਪ ਸੁੰਦਰ ਫ਼ਲ ਹੈ; ਜੋ ਵਾਹਿਗੁਰੂ ਦੇ ਅਨੰਦ ਰੂਪੀ ਰਸ ਨਾਲ ਭਰਿਆ ਹੈ ਜੋ ਆਪਣੇ ਸਹੀ ਰੂਪ ਨੂੰ ਨਿਸ਼ਚੇ ਕਰਣਾ ਇਹੀ ਫ਼ਲ ਦੁਆਰਾ ਪੂਰਨ ਸੁਆਦ ਪਾਇਆ ਹੈ। ਐਸੇ ਅਮੁਲੜੇ ਗੁਰ-ਸਿੱਖੀ ਜੀਵਨ ਦੁਆਰਾ ਗੁਰਮੁਖ ਤੇ ਗੁਰਮੁਖਤਰ ਅਵਸਥਾ ਦੁਆਰਾ ਗੁਰਮੁਖਤਮ ਉੱਚ ਪਦਵੀ ਨੂੰ ਪਾ ਕੇ ਮਰਦਾਂ ਵਾਲੀ ਘਾਲ ਘਾਲਕੇ ਅਕਾਲ ਪੁਰਖ ਦੇ ਦਰ ਪ੍ਰਵਾਨ ਹੋਏ।

ਯਥਾ: ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥

(ਪੰਨਾ ੯੬੭)

ਸ਼ਰਧਾ ਪ੍ਰੇਮ ਨਾਲ ਪੂਰਨ ਸਤਿਗੁਰਾਂ ਦੀ ਪ੍ਰੇਮਾ ਭਗਤੀ ਕਰ ਜੋ ਅਕਾਲ ਪੁਰਖ ਦੇ ਵੀ ਆਦਰ ਯੋਗ ਬਣੇ ਹਨ।

ਯਥਾ: ਆਦਰੁ ਦਿਤਾ ਪਾਰਬ੍ਰਹਮਿ ਗੁਰੁ ਸੇਵਿਆ ਸਤ ਭਾਇ ਜੀਉ ॥

(ਪੰਨਾ ੭੬੦)

ਜਿਨ੍ਹਾਂ ਮਹਾਂ-ਪੁਰਸ਼ਾਂ ਨੇ ਸ੍ਰੇਸ਼ਟ ਪ੍ਰੇਮ ਨਾਲ ਸਤਿਗੁਰਾਂ ਨੂੰ ਸੇਵਿਆ ਹੈ ਅਕਾਲ ਪੁਰਖ ਵਾਹਿਗੁਰੂ ਵਲੋਂ ਵੀ ਉਨ੍ਹਾਂ ਪਿਆਰਿਆਂ ਨੂੰ ਬਹੁਤਾ ਸਤਿਕਾਰ ਦਿੱਤਾ ਹੈ। ਗੁਰ ਸ਼ਬਦ ਦੀ ਕਮਾਈ ਕਰਕੇ ਮਨ ਦੇ ਫੁਰਨਿਆਂ ਤੇ ਫਤਹਿ ਪਾ ਕੇ ਪਰਮ ਪੁਰਖ ਦੇ ਸਰਬੰਸ ਦੇ ਮਾਲਕ ਬਣੇ ਹਨ।

ਯਥਾ:

ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥
ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਹਾ ॥

(ਪੰਨਾ ੮੧੫)

ਪੂਰਨ ਪਰਾ ਭਗਤੀ ਦੇ ਅੰਤਰ ਲੀਨ ਹੋਏ ਜਨਾਂ ਵਿੱਚ ਅਕਾਲ ਪੁਰਖ ਦੇ ਸੱਤ ਸੰਕਲਪ ਸਰਬਗਤਾ ਆਦਿ ਗੁਣ ਆ ਜਾਂਦੇ ਹਨ। ਫਿਰ ਸੱਤ ਸੰਕਲਪ ਹੋਏ ਜੋ ਪਾਵਨ ਬਚਨ ਮੁਖ ਕੰਵਲੋਂ ਬੋਲਦੇ ਹਨ, ਸੋ ਸਫ਼ਲੇ ਹੁੰਦੇ ਹਨ।

ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥

(ਪੰਨਾ ੬੮੧)

ਤਿਨ੍ਹਾਂ ਗੁਰੂ ਬਖ਼ਸ਼ਿਆਂ ਦੀ ਸੰਗਤ ਦੁਆਰਾ ਭਾਵਨਾ ਵਾਲੇ ਜਨ ਸਾਰੇ ਹੀ ਲਾਭ ਪਾਉਂਦੇ ਹਨ।

ਯਥਾ: ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥
ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥੩॥

(ਪੰਨਾ ੭੪੮)

ਤਿਨ੍ਹਾਂ ਦੇ ਪਵਿੱਤ੍ਰ ਸਤਿਸੰਗ ਦੁਆਰਾ ਹੀ ਗੁਰਮਤ ਦੀ ਦਾਤ ਨੂੰ ਪਾਇ ਅਨਾਤਮ ਰਚਨਾ ਵਿੱਚ ਮਿਲਕੇ ਆਤਮਾ ਨਾਲ ਇੱਕ ਮਿੱਕ ਹੋ ਰਹੇ ਵਾਹਿਗੁਰੂ ਦੇ ਸਰੂਪ ਦੀ ਜਨ ਸੋਝੀ ਪਾਉਂਦੇ ਹਨ। ਜਿਸ ਤਰ੍ਹਾਂ ਬ੍ਰਿਛ ਦਾ ਰੂਪ ਹੋਇਆ ਬੀਜ

ਮੁੱਢ ਚੋਂ ਸ਼ਾਖਾਂ ਵਿੱਚੋਂ ਪੱਤਰਾਂ ਤੇ ਫੁੱਲਾਂ ਵਿੱਚੋਂ ਨਹੀਂ ਲਭਦਾ ਫ਼ਲ ਦੇ ਵਿੱਚੋਂ ਬੀਜ ਦਾ ਰੂਪ ਪਾ ਸਕੀਦਾ ਹੈ ਤੈਸੇ ਬੀਜ ਰੂਪ ਅਕਾਲ ਪੁਰਖ ਜੋ ਸੰਸਾਰ ਬ੍ਰਿਛ ਦਾ ਰੂਪ ਹੋ ਰਿਹਾ ਹੈ, ਤਾਮਸੀ ਸੁਭਾਇ ਵਾਲੇ ਪੁਰਸ਼ ਜੋ ਕਾਠ ਤੁਲ ਕਠੋਰ ਹਨ ਤਿੰਨਾਂ ਤੋਂ ਵੀ ਨਹੀਂ ਲੱਭਦਾ ਜੋ ਰਾਜਸੀ ਪੁਰਸ਼ ਪੱਤਰਾਂ ਦੇ ਸਮਾਨ ਹਨ ਉਨ੍ਹਾਂ ਤੋਂ ਵੀ ਨਹੀਂ ਮਿਲਦਾ, ਸਤੋ-ਗੁਣੀ ਸੁਭਾਉ ਵਾਲੇ ਜੋ ਫੁੱਲਾਂ ਦੇ ਸਮਾਨ ਹਨ ਤਿਨ੍ਹਾਂ ਦੁਆਰੇ ਸਾਮਾਨ ਸੋਝੀ ਹੁੰਦੀ ਹੈ ਪ੍ਰਤੱਖ ਨਹੀਂ ਜਾਣਿਆ ਜਾਂਦਾ। ਚੌਥੇ ਫ਼ਲ ਦੇ ਸਮਾਨ ਜੋ ਪੂਰਨ ਪਦ ਤੇ ਪਹੁੰਚੇ ਹੋਏ ਸੰਤ ਸਜਣ ਹਨ ਤਿੰਨ੍ਹਾਂ ਦੁਆਰੇ ਵਾਹਿਗੁਰੂ ਪ੍ਰਗਟ ਜਾਣ ਸਕੀਦਾ ਹੈ। ਹੋਰ ਕਿਸੇ ਉਪਾਓ ਨਾਲ ਨਹੀਂ ਲਭ ਸਕੀਦਾ।

ਯਥਾ:

ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ ॥
ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ ॥

(ਪੰਨਾ ੧੩੭੭)

ਜੋ ਬਖ਼ਸ਼ੇ ਹੋਏ ਗੁਰਮੁਖਾਂ ਦੇ ਸਤਿਸੰਗ ਦੁਆਰਾ ਵਾਹਿਗੁਰੂ ਨੂੰ ਨਹੀਂ ਜਾਣਦੇ ਅੰਧਿਆਂ ਦੀ (ਗਤਿ) ਤਰ੍ਹਾਂ ਖੋਜਦੇ ਫਿਰਦੇ ਹਨ। ਭਗਤ ਨਾਮਦੇਵ ਜੀ ਫੁਰਮਾਉਂਦੇ ਹਨ, ਸੰਤਾਂ ਭਗਤਾਂ ਦੇ ਸਤਿਸੰਗ ਬਿਨਾਂ ਭਗਵੰਤ ਨੂੰ ਕੈਸੇ ਪਾਈਐ, ਨਹੀਂ ਪਾਇ ਸਕੀਦਾ। ਐਸੇ ਸਰਬ ਪਵਿੱਤ੍ਰ ਸ਼ੁਭ ਗੁਣਾਂ ਦੀ ਧਾਰਨਾ ਸਹਿਤ ਸ੍ਰੀ ਸੰਤ ਜੀ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਮਹਾਂ-ਪੁਰਸ਼ ਹੋਏ ਹਨ ਜਿਨ੍ਹਾਂ ਮਹਾਨ ਵਿਅਕਤੀਆਂ ਦੀ ਰਚਨਾ ਰਚਕੇ ਕਰਤਾ ਪੁਰਖ ਸੰਸਾਰ ਦਾ ਰਚਨਾ ਸਫ਼ਲ ਜਾਣਦਾ ਹੈ।

ਯਥਾ:

*ਐਸਨ ਕਉ ਰਚਕੈ ਕਰਤਾਰਾ।*
*ਲਖੈ ਸਫਲ ਸਿਰਜਣ ਜਗ ਸਾਰਾ।* *(ਗੁਰਪ੍ਰਤਾਪ ਸੂਰਜ)*

ਐਸੇ ਪਵਿੱਤ੍ਰ ਪਾਵਨ ਗੁਰਮੁਖ ਪਿਆਰੇ ਮਹਾਂ-ਪੁਰਸ਼ਾਂ ਦੇ ਸੱਚੇ ਸੁੱਚੇ ਜੀਵਨ ਪੜ੍ਹਿਆਂ ਸੁਣਿਆਂ ਮਨ ਤੇ ਚੰਗਾ ਅਸਰ ਪਏ ਸ਼ੁਭ ਸਿੱਖਿਆ ਦੇ ਦਾਤੇ ਬਣੇ ਲੋਕ ਪ੍ਰਲੋਕ ਦੀ ਸਫ਼ਲਤਾ ਦੇ ਵੱਡੇ ਸਾਧਨ ਹੁੰਦੇ ਹਨ।

ਏਹੋ ਜੇਹੇ ਬੀਤ ਰਾਗ ਪੂਰਨ ਬ੍ਰਹਮ ਗਿਆਨੀ ਤਤਿਖਿਆ ਦੀ ਔਧੀ ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਦਾ ਪਾਵਨ ਜੀਵਨ ਗੁਰਮੁਖ ਪਿਆਰੇ ਗਿਆਨੀ ਮੋਹਨ ਸਿੰਘ ਜੀ 'ਅਜ਼ਾਦ' ਨੇ ਸੰਗਤਾਂ ਦੇ ਲਾਭ ਹਿਤ ਲਿਖਕੇ ਛਾਪਿਆ ਹੈ ਜੋ ਜਗਿਆਸੂ ਜਨਾਂ ਤੇ ਸ਼ਰਧਾਲੂ ਪ੍ਰੇਮੀਆਂ ਨੂੰ ਪੜ੍ਹਨਾ ਅਤਿ ਜ਼ਰੂਰੀ ਹੈ। ਸਰਬਤ ਪ੍ਰੇਮੀ ਇਸ ਅਮੋਲਕ ਦਾਤ ਨੂੰ ਆਪ ਪੜ੍ਹੋ, ਪ੍ਰਵਾਰ ਨੂੰ ਪੜ੍ਹਾਓ ਅਤੇ ਮਹਾਂ-ਪੁਰਸ਼ਾਂ ਦੇ ਜੀਵਨ ਚਰਿਤ੍ਰ ਪੜ੍ਹ ਸੁਣਕੇ ਲਾਭ ਉਠਾਉਂਦੇ ਹੋਏ ਆਪਣਾ ਮਨੁੱਖਾ ਜਨਮ ਸਫ਼ਲ ਕਰੋ।

# ਸਿੰਘ ਸਾਹਿਬ ਗਿਆਨੀ ਕਪੂਰ ਸਿੰਘ ਜੀ

ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ

ਮੈਂ ਗਿਆਨੀ ਮੋਹਨ ਸਿੰਘ ਜੀ ਨੂੰ ਕਾਫ਼ੀ ਸਮੇਂ ਤੋਂ ਜਾਣਦਾ ਹਾਂ, ਅਸੀਂ ਭਿੰਡਰਾਂਵਾਲੇ ਮਹਾਂ-ਪੁਰਖਾਂ ਪਾਸ ਇਕੱਠੇ ਪੜ੍ਹਦੇ ਰਹੇ ਹਾਂ। ਇਹ ਪਹਿਲਾਂ ਤੋਂ ਹੀ ਬੜੇ ਮਿਹਨਤੀ ਤੇ ਖੋਜੀ ਸੱਜਣ ਹਨ। ਗੁਰਬਾਣੀ ਦੇ ਅਰਥਾਂ ਦੀ ਮਿਹਨਤ ਕਰਨ ਕਰਕੇ ਇਨ੍ਹਾਂ ਤੇ ਮਹਾਂ-ਪੁਰਸ਼ਾਂ ਦੀ ਬੜੀ ਕਿਰਪਾ ਸੀ, ਆਪਣੇ ਆਰਾਮ ਦਾ ਨਾ ਖਿਆਲ ਕਰਦਿਆਂ ਹੋਇਆਂ ਦੁਪਹਿਰ ਦੇ ਸਮੇਂ ਪ੍ਰਸ਼ਾਦ ਛਕਣ ਤੋਂ ਬਾਅਦ ਇਨ੍ਹਾਂ ਨੂੰ ਬੁਲਾਕੇ ਇਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਂਦੇ ਜੋ ਇਹ ਆਪਣੀ ਕਾਪੀ ਵਿੱਚ ਨੋਟ ਕਰ ਲੈਂਦੇ। ਉਸ ਮਿਹਨਤ ਦਾ ਸਦਕਾ ਹੀ ਇਨ੍ਹਾਂ ਦੀ ਕਲਮ ਨੇ ਸਿੱਖ ਸਾਹਿਤ ਵਿੱਚ ਵਰਨਣ ਯੋਗ ਵਾਧਾ ਕੀਤਾ ਹੈ।

ਮੈਂ ਇਨ੍ਹਾਂ ਦੀਆਂ ਦੋਵੇਂ ਪੁਸਤਕਾਂ, 'ਪੱਛਮੀ ਪ੍ਰਕਾਸ਼' (ਜੀਵਨ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ) ਅਤੇ 'ਜੀਵਨ-ਗਾਥਾ' (ਜੀਵਨ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ) ਬੜੇ ਗਹੁ ਨਾਲ ਪੜ੍ਹੇ ਹਨ। ਇਨ੍ਹਾਂ ਨੇ ਇਨ੍ਹਾਂ ਪੁਸਤਕਾਂ ਰਾਹੀਂ ਜਿੱਥੇ ਮਹਾਂ-ਪੁਰਖਾਂ ਦੇ ਆਦਰਸ਼ਕ ਜੀਵਨ ਨੂੰ ਸੰਗਤਾਂ ਦੀ ਦ੍ਰਿਸ਼ਟੀ-ਗੋਚਰ ਕੀਤਾ ਹੈ ਉਥੇ ਆਪਣੀ ਕਲਮ ਦੁਆਰਾ ਕੇਵਲ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਦਾ ਹੀ ਨਾਮ ਨਹੀਂ ਚਮਕਾਇਆ ਬਲਕਿ ਆਪਣੇ ਵਿੱਦਿਆ ਦਾਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦਾ ਵੀ ਨਾਮ ਰੌਸ਼ਨ ਕੀਤਾ ਹੈ। ਮੈਂ ਸਭ ਸੰਗਤਾਂ ਨੂੰ ਇਸ ਪੁਸਤਕ ਦੇ ਪੜ੍ਹਣ ਦੀ ਪੁਰਜ਼ੋਰ ਅਪੀਲ ਕਰਦਾ ਹਾਂ।

-ਕਪੂਰ ਸਿੰਘ

# ਕੁਝ ਸ਼ਬਦ

ਵਲੋਂ- ਸ੍ਰ: ਸ਼ਮਸ਼ੇਰ ਸੰਘ ਜੀ 'ਅਸ਼ੋਕ'
(ਰੀਸਰਚ ਸਕਾਲਰ ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ)

ਮੈਂ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਜ਼ਿਲ੍ਹਾ ਲੁਧਿਆਣਾ ਦਾ ਜੀਵਨ, ਜੋ ਸੰਤ ਮੋਹਨ ਸਿੰਘ ਜੀ 'ਆਜ਼ਾਦ' ਨੇ ਬੜੇ ਹੁਨਰਮੰਦ ਤਰੀਕੇ ਨਾਲ ਆਪਣੇ ਸ਼ਬਦਾਂ ਰਾਹੀਂ ਅੰਕਿਤ ਕੀਤਾ ਹੈ, ਬੜੇ ਧਿਆਨ ਨਾਲ ਆਦਿ ਤੋਂ ਅੰਤ ਤੱਕ ਪੜ੍ਹਿਆ ਹੈ।

ਸੰਤ ਬਾਬਾ ਅਤਰ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜਾਂ ਪਿਆਰਿਆਂ ਵਿੱਚੋਂ ਪਹਿਲੇ ਪਿਆਰੇ ਭਾਈ ਦਯਾ ਸਿੰਘ ਜੀ ਦੇ ਨਾਦੀ ਵੰਸ਼ਜ ਸਨ। ਉਨ੍ਹਾਂ ਨੇ ਬ੍ਰਹਮ-ਗਿਆਨੀ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ (ਸੂਬਾ ਸਰਹੱਦ) ਦੀ ਚਰਣ-ਛੂਹ ਪ੍ਰਾਪਤ ਕੀਤੀ ਸੀ। ਇਸੇ ਕਾਰਨ ਬ੍ਰਹਮ-ਗਿਆਨੀ ਬਾਬਾ ਕਰਮ ਸਿੰਘ ਜੀ ਜਿਤਨੇ ਉੱਚੇ ਸੁੱਚੇ ਆਦਰਸ਼ਕ ਵਾਲੇ ਸਨ ਓਨਾ ਹੀ ਆਦਰਸ਼ਕ ਜੀਵਨ ਬਾਬਾ ਅਤਰ ਸਿੰਘ ਜੀ ਵੀ ਰੱਖਦੇ ਹਨ।

ਸੰਤ ਬਾਬਾ ਅਤਰ ਸਿੰਘ ਜੀ ਜਿਨ੍ਹਾਂ ਦੇ ਇਸ ਪਵਿੱਤ੍ਰ ਜੀਵਨ ਤੋਂ ਪਤਾ ਲਗਦਾ ਹੈ, ਗੁਰਮਤਿ ਦੇ ਆਸ਼ੇ ਅਨੁਸਾਰ "ਘਾਲਿ ਖਾਇ ਕਿਛੁ ਹਥਹੁ ਦੇਇ" ਦੇ ਕਥਨ ਮੁਤਾਬਿਕ ਹੱਥੀਂ ਕਿਰਤ ਕਰਣੀ, ਹਲ ਵਾਹੁਣਾ, ਖੇਤ ਬੀਜਣੇ, ਗੋਡੀ ਕਰਨੀ, ਖੇਤਾਂ ਨੂੰ ਪਾਣੀ ਦੇਣਾ, ਖੇਤੀ ਪੱਕਣ ਤੇ ਗਾਹ-ਗਹਾਈ ਕਰਕੇ ਦਾਣਾ ਫੱਕਾ ਗੁਰਦੁਆਰੇ ਲਿਆਉਣਾ, ਗੁਰਬਾਣੀ ਦਾ ਪਾਠ ਕਰਨਾ, ਨਾਮ ਜਪਣਾ, ਸਤਿਸੰਗ ਕਰਨਾ, ਸਤਿ ਧਰਮ ਦਾ ਉਪਦੇਸ਼ ਹਰ ਇੱਕ ਪ੍ਰਾਣੀ ਮਾਤ੍ਰ ਨੂੰ ਦੇਣਾ ਆਦਿ ਅਜਿਹੀਆਂ ਖ਼ੂਬੀਆਂ ਆਪਣੇ ਜੀਵਨ ਵਿੱਚ ਰਖਦੇ ਸਨ ਜਿਸਦੀ ਮਿਸਾਲ ਹੋਰ ਕਿਤੋਂ ਨਹੀਂ ਮਿਲਦੀ।

ਕਿਸੇ ਮਹਾਨ ਵਿਅਕਤੀ ਦਾ ਜੀਵਨ ਲਿਖਣਾ ਕੋਈ ਸੁਖਾਲਾ ਕੰਮ ਨਹੀਂ ਹੁੰਦਾ। ਉਸਦੇ ਜੀਵਨ ਦੀ ਇਕ-ਇਕ ਘਟਨਾ ਨੂੰ ਖੋਜ ਪੂਰਬਕ ਲੈਕੇ ਬੜੇ ਕਲਾਤਮਕ ਢੰਗ ਨਾਲ ਨਾ ਕੇਵਲ ਕਲਮ ਹੇਠ ਲਿਆਉਣਾ ਹੀ ਹੁੰਦਾ ਹੈ, ਸਗੋਂ ਉਸਨੂੰ ਕ੍ਰਮਕ ਰੂਪ ਦੇ ਕੇ ਉਸ ਵਿੱਚ ਅਜਿਹਾ ਹੁਨਰ ਭਰਣਾ ਹੁੰਦਾ ਹੈ ਜੋ ਕਿਸੇ ਮੁਸੱਵਰ ਦੀ ਕਲਾ-ਕ੍ਰਿਤ ਦੇ ਮੁਤਾਬਿਕ ਅਸਲੀਅਤ ਦਾ ਇੱਕ ਪ੍ਰਤੀਕ ਵੀ ਹੋਵੇ ਤੇ ਆਮ ਪਾਠਕਾਂ ਲਈ ਸਿੱਖਿਆਦਾਇਕ ਭੀ।

ਸੰਤ ਮੋਹਨ ਸਿੰਘ ਜੀ ਨੇ, ਜੋ ਕਿ ਪ੍ਰਸਿੱਧ ਮਾਨਯੋਗ ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲਿਆਂ ਦੇ ਅਤਿਅੰਤ ਨਿਕਟ-ਵਰਤੀ ਰਹੇ ਹਨ ਤੇ ਸੰਤ ਈਸ਼ਰ ਸਿੰਘ ਜੀ ਹੋਰਾਂ ਨੇ ਸੰਤ ਬਾਬਾ ਅਤਰ ਸਿੰਘ ਜੀ ਨੂੰ ਬਹੁਤ ਨੇੜਿਉਂ ਹੋ ਕੇ ਤੱਕਿਆ ਤੇ ਉਨ੍ਹਾਂ ਦੇ ਜੀਵਨ ਦੀ ਹਰੇਕ ਘਟਨਾ ਤੋਂ ਸਬਕ ਲਿਆ ਫੇਰ ਉਹੋ ਕੀਮਤੀ ਗੱਲਾਂ ਸੰਤ ਮੋਹਨ ਸਿੰਘ ਜੀ ਨੂੰ ਸਿਲਸਿਲੇਵਾਰ ਨੋਟ ਕਰਵਾਈਆਂ, ਇਸੇ ਕਾਰਣ ਸੰਤ ਬਾਬਾ ਅਤਰ ਸਿੰਘ ਜੀ ਦਾ ਇਹ ਜੀਵਨ ਇੱਕ ਅਮਲੀ ਗੁਰਸਿੱਖੀ ਦਾ ਜੀਵਨ ਹੈ ਜਿਸਨੂੰ ਪੜ੍ਹਕੇ ਸਾਡੀਆਂ ਵਰਤਮਾਨ ਤੇ ਆਉਂਦੀਆਂ ਨਸਲਾਂ ਬਹੁਤ ਕੁਝ ਗਿਆਨ ਪ੍ਰਾਪਤ ਕਰ ਸਕਦੀਆਂ ਹਨ।

ਮੈਂ ਸੰਤ ਮੋਹਨ ਸਿੰਘ ਜੀ ਨੂੰ ਇਸ ਅਮੋਲਕ ਜੀਵਨ ਬਾਰੇ, ਜੋ ਕਿ ਉਨ੍ਹਾਂ ਦੀ ਇੱਕ ਅਨੋਖੀ ਪ੍ਰੇਮ, ਲਗਨ ਦਾ ਪ੍ਰਤੀਫ਼ਲ ਹੈ, ਹਾਰਦਿਕ ਵਧਾਈ ਪੇਸ਼ ਕਰਦਾ ਹਾਂ ਤੇ ਆਸ ਕਰਦਾ ਹਾਂ ਕਿ ਉਨ੍ਹਾਂ ਦੀ ਇਹ ਸੇਵਾ ਗੁਰਮਤਿ ਪ੍ਰੇਮੀ ਪਾਠਕਾਂ ਵਲੋਂ ਅਵੱਸ਼ ਬੜੇ ਮਾਣ ਸਹਿਤ ਅਪਣਾਈ ਜਾਵੇਗੀ।

-ਸ਼ਮਸ਼ੇਰ ਸਿੰਘ ਅਸ਼ੋਕ, ਅੰਮ੍ਰਿਤਸਰ ੨੬-੭-੭੧

# ਗੁਰਮਤਿ ਕਸਵੱਟੀ

ਵਲੋਂ: ਪੰਥ ਪ੍ਰਸਿੱਧ, ਲਾਸਾਨੀ ਸੋਧਕ ਗਯਾਨੀ ਮਹਿੰਦਰ ਸਿੰਘ ਜੀ 'ਰਤਨ' ਸ੍ਰੀ ਅੰਮ੍ਰਿਤਸਰ।

ਪਾਵਨ ਗੁਰਬਾਣੀ ਵਿਖੇ ਸੰਤਾਂ, ਮਹਾਤਮਾਂ, ਤਤਬੇਤਿਆਂ, ਬੀਤ ਰਾਗ, ਫ਼ਕੀਰਾਂ ਦੇ ਜੋ ਲੱਛਣ ਅੰਕਿਤ ਹਨ ਉਸ ਕਸਵੱਟੀ ਉਪਰ ਜੋ ਪੂਰੇ ਉੱਤਰਦੇ ਹਨ ਉਹ ਹੀ ਆਤਮ ਦਰਸ਼ੀ ਮਹਾਂ-ਪੁਰਸ਼ ਉੱਝੜ ਰਾਹੇ ਪਏ ਅਗਿਆਨੀਆਂ ਨੂੰ ਸੁਮਾਰਗੇ ਪਾ ਸਕਦੇ ਹਨ। ਯਥਾ:

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥

(ਪੰਨਾ ੧੧੦੦)

ਇਸ ਕਸਵੱਟੀ ਪਰ ਜੇਕਰ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਨੂੰ ਪਰਖਿਆ ਜਾਵੇ ਤਦ ਪੂਰਾ-ਪੂਰਾ ਭਰੋਸਾ ਹੈ ਕਿ ਉਹ ਸੰਤਾਂ, ਮਹਾਤਮਾ ਦੀ ਮੁੱਢਲੀ ਕਤਾਰ ਵਿੱਚ ਮੁਖੀ ਸਥਾਨ ਪ੍ਰਾਪਤ ਕਰਨਗੇ।

ਵਿਕਾਰਾਂ ਦਾ ਦਮਨ, ਦ੍ਵੈਤ ਦਾ ਨਾਸ, ਨਾਮ ਦਾ ਵਪਾਰ, ਅੰਤਮ ਸੁਆਸਾਂ ਤੱਕ ਸਿਮਰਣ ਵਿੱਚ ਮਗਨ, ਭਾਣਾ ਮੰਨਣ ਦੀ ਸ਼ਕਤੀ, ਦਸਾਂ ਨੌਹਾਂ ਦੀ ਕਮਾਈ ਨਾਲ ਸਹਿਜ ਭਾਵ ਦਾ ਜੀਵਨ, ਦੁੱਖ ਸੁੱਖ ਵਿੱਚ ਸਮ, ਸੋਗ ਹਰਖ ਵਿੱਚ ਇੱਕ ਰਸ ਤੇ ਪ੍ਰਭੂ ਆਗਿਆ ਵਿਖੇ ਤਤਪਰ ਰਹਿਣ ਦੇ ਮਹਾਨ ਗੁਣ ਇਸ ਸ਼ਾਂਤ-ਸਰੂਪ, ਅਦਭੁਤ ਮਨਮੋਹਣੀ ਮੂਰਤ ਵਿਖੇ ਪੂਰਨ ਰੂਪ ਵਿੱਚ ਦਿਖਾਈ ਦਿੰਦੇ ਹਨ।

ਧੰਨ ਹਨ ਉਹ ਵਡਭਾਗੀ ਪੁਰਸ਼ ਜੋ ਇਨ੍ਹਾਂ ਮਹਾਤਮਾ ਦੀ ਸੰਗਤ ਪ੍ਰਾਪਤ ਕਰਕੇ ਅਤੇ ਜੀਵਨੀਆਂ ਲਿਖ ਕੇ ਆਪਣਾ ਜਨਮ ਮਰਨ ਸਵਾਰਣ ਵਿੱਚ ਸਫ਼ਲ ਹੋਏ ਹਨ।

ਪ੍ਰੋ:- ਮਹਿੰਦਰ ਸਿੰਘ 'ਰਤਨ'

# ਧੰਨਵਾਦ

੧. ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀ ਪ੍ਰੇਰਣਾ ਨਾਲ ਮੈਨੂੰ ਬਜ਼ੁਰਗਾਂ ਦੇ ਇਤਿਹਾਸ ਲਿਖਣ ਦਾ ਉਤਸ਼ਾਹ ਤੇ ਸ਼ੌਕ ਜਾਗਿਆ ਜਿਸ ਕਰਕੇ ਇਸ ਮਹਾਨ ਕਾਰਜ ਦੇ ਆਰੰਭ ਕਰਣ ਦਾ ਉੱਦਮ ਕੀਤਾ ਅਤੇ ਗੁਰੂ ਕਿਰਪਾ ਨਾਲ ਸਫ਼ਲਤਾ ਪ੍ਰਾਪਤ ਹੋਈ। ਜਿਨ੍ਹਾਂ ਨੇ ਪੁਸਤਕ ਛਪਣ ਸਮੇਂ ਵੀ ਪੂਰਾ ਸਹਿਯੋਗ ਦਿੱਤਾ ਅਤੇ ਇਸ ਪੁਸਤਕ ਦਾ ਮੁੱਖ ਬੰਦ ਲਿਖਕੇ ਇਸਨੂੰ ਹੋਰ ਵਧੇਰੇ ਚਮਕਾਇਆ।

੨. ਸੰਤ ਗਿਆਨੀ ਕਿਰਪਾਲ ਸਿੰਘ ਜੀ ਗਲੀ ਸਤੋ ਵਾਲੀ ਡੇਰਾ ਸ੍ਰੀ ਮਾਨ ਗਿਆਨੀ ਅਮੀਰ ਸਿੰਘ ਜੀ ਅੰਮ੍ਰਿਤਸਰ ਦਾ ਹਾਰਦਿਕ ਧੰਨਵਾਦੀ ਹਾਂ ਜਿਨ੍ਹਾਂ ਪਾਸੋਂ ਬ੍ਰਹਮ ਵਿੱਦਿਆ ਅਧਿਐਨ ਕਰਕੇ ਇਸ ਨਾਮਣਾ ਦੁਆਰਾ ਗੁਰੂ ਸਰੂਪ ਸੰਗਤ ਦੇ ਦਰਸ਼ਨ ਕਰਣ ਯੋਗ ਬਣਿਆਂ। ਪਹਿਲੀ ਅਤੇ ਇਸ ਪੁਸਤਕ ਦੇ ਛਪਣ ਸਮੇਂ ਉਨ੍ਹਾਂ ਦੀ ਛਤਰ ਛਾਇਆ ਹੇਠ ਡੇਰੇ ਰਿਹਾਇਸ਼ ਰੱਖਕੇ ਹਰ ਪ੍ਰਕਾਰ ਦੀ ਸਹੂਲਤ ਤੇ ਸੁੱਖ ਦੀ ਪ੍ਰਾਪਤੀ ਦੁਆਰਾ ਇਸ ਮਹਾਨ ਕਾਰਜ ਨੂੰ ਸੰਪੂਰਨ ਕੀਤਾ ਅਤੇ ਇਸ ਪੁਸਤਕ ਵਿੱਚ ਆਪਣੀ ਅਮੋਲਕ ਰਾਇ ਲਿਖਕੇ ਦਾਸ ਨੂੰ ਹੋਰ ਵੀ ਵਧੇਰੇ ਮਾਣ ਬਖ਼ਸ਼ਿਆ।

੩. ਸ੍ਰੀਮਾਨ ਗਿਆਨੀ ਵਰਿਆਮ ਸਿੰਘ ਜੀ ਧੂਰਕੋਟ (ਸੰਗਰੂਰ) ਦਾ ਵੀ ਅਤਿਅੰਤ ਧੰਨਵਾਦੀ ਹਾਂ ਜਿਨ੍ਹਾਂ ਨੇ ਪੁਸਤਕ ਦੀ ਸੋਭਾ ਵਧਾਉਣ ਵਾਸਤੇ ਅਮੋਲਕ ਸ਼ਬਦ ਲਿਖੇ ਹਨ।

੪. ਸ੍ਰ: ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਦਾ ਭੀ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਉੱਚ ਖਿਆਲ ਪ੍ਰਗਟਾਉਣ ਦੀ ਕਿਰਪਾ ਕੀਤੀ ਹੈ।

ਪ੍ਰਾਰਥਿਕ: ਗਿਆਨੀ ਮੋਹਨ ਸਿੰਘ 'ਆਜ਼ਾਦ'

# ਆਰੰਭਕ ਪ੍ਰਾਰਥਨਾ

ਦੋਹਰਾ: ਕਾਲ ਕਾਲ ਤੋਂ ਰਹਿਤ ਜੋ, ਰਹਿਤ ਜਨਮ ਅਰੁ ਕਾਲ ॥
ਕਾਲ ਕਰੇ ਜੋ ਕਾਲ ਕੋ, ਤਾਂ ਕੋ ਕਹਿਤ ਅਕਾਲ ॥੧॥
ਕਬਿਤ: ਬੇਦੀ ਬੰਸ ਹੰਸ, ਅਵਤੰਸ ਗੁਰੂ ਅੰਗਦ ਜੀ,
ਬਿਘਨ ਬਿਧ੍ਵੰਸ ਗੁਰੂ ਅਮਰ ਉਚਾਰੀਐ ॥
ਸ੍ਰੀ ਗੁਰੂ ਰਾਮਦਾਸ ਬਾਸ ਨਿਜ ਦਾਸਨ ਮੈ,
ਆਸ ਪੂਰੇ ਸਿੱਖਨ ਕੀ ਅਰਜਨ ਵਿਚਾਰਐ ॥
ਪਿਖ ਹਰਿ ਗੋਬਿੰਦ ਜੀ ਬਿੰਦ ਨ ਵਿਕਾਰ ਰਹੈ,
ਗੁਰੂ ਹਰੀ ਰਾਇ ਸਮ ਔਰ ਨ ਉਦਾਰੀਐ ॥
ਸ੍ਰੀ ਹਰਿ ਕ੍ਰਿਸ਼ਨ ਕਿਸ਼ਨ ਬਪੁ ਬਾਲ ਗੁਰ,
ਨੌਵੇਂ ਗੁਰੂ ਜੜ ਤੁਰਕਨ ਕੀ ਬਿਦਾਰੀਐ ॥੨॥
ਦੋਹਰਾ: ਕਲਗੀਧਰ ਦੇ ਤੀਰ ਜਦ, ਚਲਦੇ ਵਿਚ ਕਮਾਨ ॥
ਨਾਲੇ ਮਾਰਣ ਪਾਪੀਆਂ, ਨਾਲੇ ਬਖਸ਼ਨ ਜਾਨ ॥੩॥
ਮੱਲ੍ਹਣ ਲਾਵਣ ਜ਼ਖਮੀਆਂ, ਭੁਖਿਆਂ ਅੰਨ ਖਵਾਨ ॥
ਖਾਤਰ ਕੱਫਨ ਮੁਰਦਿਆਂ, ਸੋਨਾ ਕਰਦੇ ਦਾਨ ॥੪॥
ਕਬਿੱਤ: ਆਨੰਦ ਕੋ ਘਰ ਹੈ ਕਿ ਅੰਮ੍ਰਿਤ ਕੋ ਸਰ ਹੈ,
ਕਿ ਦੇਵੀ ਕੋ ਤੁਰ ਹੈ ਕਿ ਗਿਆਨ ਕੋ ਸਮਾਜ ਹੈ ॥
ਰੀਤ ਹੂੰ ਕੀ ਪਾਲ ਹੈ ਕਿ ਕਾਲ ਕਲੀ ਕਾਲ ਹੈ,
ਕਿ ਭਾਰਥੀ ਕੋ ਮਾਲ ਹੈ ਕਿ ਭਵ ਕੋ ਜਹਾਜ ਹੈ ॥
ਬੇਦ ਕੇ ਸਿਧਾਂਤ ਹੈ ਕਿ ਧਰਿਓ ਰੂਪ ਸ਼ਾਂਤ ਹੈ,
ਕਿ ਮੋਖ ਹੂੰ ਕੋ ਕਾਂਤ ਹੈ ਕਿ ਬ੍ਰਹਮ ਹੀ ਵਿਰਾਜ ਹੈ ॥
ਰਾਗਨ ਕੋ ਬਾਗ ਹੈ ਕਿ ਜੀਵਨ ਕੋ ਭਾਗ ਹੈ,
ਕਿ ਭੂਮੀ ਕੋ ਸੁਹਾਗ ਗੁਰੂ ਗਰੰਥ ਮਹਾਰਾਜ ਹੈ ॥੫॥
ਦੋਹਰਾ: ਸੰਗਤ ਪੰਗਤ ਕੇ ਸਮੇ ਵੈਰੀ ਮੀਤ ਸਮਾਨ ॥
ਪੂਜਕ ਇੱਕ ਅਕਾਲ ਕਾ, ਖਾਲਸ ਪੰਥ ਸੁਜਾਨ ॥੬॥
ਹੰਗਤਾ ਮਮਤਾ ਜਿਨ ਤਜੀ, ਹਰਖ ਸ਼ੋਕ ਇੱਕ ਸਾਰ ॥
ਮੁਕਤ ਪੰਥ ਨਿਸ ਦਿਨ ਪਰੇ, ਤਿਨ ਪਦ ਨਮੋ ਹਮਾਰ ॥੭॥
ਬੰਦੋ ਸੰਤ ਸਮਾਨ ਚਿਤ, ਹਿਤ ਅਨਹਿਤ ਨਹਿ ਕੋਇ ॥
ਅੰਜੁਲ ਗਤ ਸ਼ੁਭ ਸੁਮਨ ਜਿਮ, ਸਮ ਸੁਗੰਧ ਕਰ ਦੋਇ॥੮॥

ੴ ਸਤਿਗੁਰ ਪ੍ਰਸਾਦਿ ॥

*ਸ਼੍ਰੀ ਹਜ਼ੂਰ ੧੧੧ ਸਰਬੋਪਮਾਯੋਗਯ*

## ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ
# ਰੇਰੂ ਸਾਹਿਬ ਵਾਲਿਆਂ ਦੀ
# ਜੀਵਨ ਗਾਥਾ
# ਪਹਿਲਾ ਭਾਗ
## ਪਹਿਲਾ ਕਾਂਡ

### ਜਨਮ ਅਸਥਾਨ

ਕਲਕੱਤੇ ਤੋਂ ਪਿਸ਼ਾਵਰ ਜਾਣ ਵਾਲੀ ਜਰਨੈਲੀ ਸੜਕ ਜੋ ਕਿਸੇ ਸਮੇਂ ਸ਼ੇਰ ਸ਼ਾਹ ਸੂਰੀ ਨੇ ਤਿਆਰ ਕਰਵਾਈ ਸੀ, ਇਸਦੇ ਉਪਰ ਬਾਰਾਂ-ਬਾਰਾਂ ਮੀਲਾਂ ਤੇ ਉਸ ਸਮੇਂ ਦੀਆਂ ਬਣੀਆਂ ਹੋਈਆਂ ਸਰਾਵਾਂ ਵੀ ਦੇਖਣ ਵਿੱਚ ਆਉਂਦੀਆਂ ਹਨ। ਅੰਗਰੇਜ਼ ਦੇ ਸਮੇਂ ਇਹ ਸੜਕ ਲੁੱਕ ਵਾਲੀ ਪੱਕੀ ਬਣੀ ਜਿਸਨੂੰ ਹੁਣ ਜੀ. ਟੀ. ਰੋਡ ਕਹਿੰਦੇ ਹਨ। ਦਿੱਲੀ ਤੋਂ ਲਾਹੌਰ ਨੂੰ ਜਾਣ ਵਾਲਾ ਆਮ ਕਰਕੇ ਏਹੋ ਹੀ ਰਸਤਾ ਸੀ। ਇਸਦੇ ਉਪਰ ਲੁਧਿਆਣੇ ਤੋਂ ਦਿੱਲੀ ਨੂੰ ਜਾਂਦਿਆਂ ਕੋਈ ਤੇਰਾਂ ਕੁ ਮੀਲਾਂ ਤੇ ਇੱਕ ਦੋਰਾਹਾ ਨਾਮ ਦਾ ਛੋਟਾ ਜਿਹਾ ਨਗਰ ਹੈ, ਏਥੇ ਵੀ ਉਸ ਸਮੇਂ ਦੀ ਬਣੀ ਹੋਈ ਇੱਕ ਸਰਾਂ ਮੌਜੂਦ ਹੈ। ਇਸ ਦੇ ਪਾਸ ਹੀ ਦੋਰਾਹਾ ਨਾਮ ਦੀ ਇੱਕ ਛੋਟੀ ਜਿਹੀ ਮੰਡੀ ਹੈ ਜੋ ਥੋੜ੍ਹੇ ਹੀ ਸਮੇਂ ਦੀ ਬਣੀ ਹੋਈ ਹੈ। ਪਹਿਲੇ ਇਹ ਇਮਾਰਤੀ ਲਕੜੀ ਦੇ ਵਪਾਰ ਦਾ ਬੜਾ ਵੱਡਾ ਕੇਂਦਰ ਸੀ। ਨਹਿਰ ਸਰਹੰਦ ਦੇ ਕਾਰਣ ਇਸਦੇ ਚੌਗਿਰਦੇ ਦੀ ਧਰਤੀ ਬੜੀ ਰਮਣੀਕ ਤੇ ਸਰਸਬਜ਼ ਹੋ ਗਈ ਹੈ। ਸੜਕ ਦੇ ਚੌਤਰਫੇ ਮਨੁੱਖ ਵਸੋਂ, ਹਰੇ ਭਰੇ ਖੇਤ ਤੇ ਖੇਤੀ-ਬਾੜੀ ਦੇ ਫਾਰਮ ਹਨ।

ਅੱਜ ਤੋਂ ਕਈ ਸੌ ਸਾਲ ਪਹਿਲਾਂ ਜਦੋਂ ਦੀ ਅਸੀਂ ਗੱਲ ਕਰ ਰਹੇ ਹਾਂ, ਉਸ ਸਮੇਂ ਨਾ ਏਥੇ ਸੜਕ ਸੀ ਨਾ ਦੋਰਾਹਾ ਮੰਡੀ ਅਤੇ ਨਾ ਹੀ ਇਤਨੀ ਮਨੁੱਖ ਵਸੋਂ, ਸਗੋਂ ਇਹ ਇਲਾਕਾ ਵੀਰਾਣ ਤੇ ਡਾਕੂ ਚੋਰਾਂ ਦੇ ਰਹਿਣ ਦਾ ਝੱਲ ਸੀ। ਕਈਆਂ ਕੋਹਾਂ ਵਿੱਚ ਲੰਮਾਂ ਤੇ ਸੰਘਣਾ ਜੰਗਲ ਜਿਸ ਵਿੱਚ ਕਿੱਕਰਾਂ, ਬੇਰੀਆਂ, ਜੰਡ, ਕਰੀਰ, ਝਾੜ, ਛਿਛਰੇ ਤੇ ਹੋਰ ਪਿੱਪਲ ਫਲਾਹ ਆਦਿਕ ਮੋਟੇ ਤਣਿਆਂ ਵਾਲੇ ਦਰੱਖਤ ਹੁੰਦੇ ਸਨ।

ਇਹੋ ਜੇਹੀ ਖ਼ੁਸ਼ਕ ਰੋਹੀ ਤੇ ਉਜਾੜ ਵਿੱਚ ਇੱਕ ਬਹੁਤ ਸਮੇਂ ਦਾ ਵਸਿਆ ਹੋਇਆ ਪਿੰਡ ਹੈ ਜੋ ਲੁਧਿਆਣੇ ਤੋਂ ਅਠਾਰਾਂ ਮੀਲ ਚੜ੍ਹਦੇ ਵੱਲ, ਖੰਨੇ ਤੋਂ ਦਸ ਮੀਲ ਪੱਛਮ ਉੱਤਰ ਵੱਲ, ਜਸਪਾਲੋਂ ਤੋਂ ਤਿੰਨ ਮੀਲ ਅਤੇ ਚਾਵੇ ਤੋਂ ਚਾਰ ਮੀਲ ਪਹਾੜ ਵਲ, ਨਹਿਰ ਸਰਹੰਦ ਦੇ ਨੀਲੋਂ ਦੇ ਪੁਲ ਤੋਂ ਦੱਖਣ ਪੂਰਬ ਵਲ ਤਿੰਨ ਮੀਲ, ਰਾਮਪੁਰ ਰੇਰੂ ਸਾਹਿਬ ਤੋਂ ਚੜ੍ਹਦੇ ਵੱਲ ਚਾਰ ਕੁ ਮੀਲ (ਜਿਥੋਂ ਕਿ ਹੁਣ ਏਸ ਪਿੰਡ ਤੱਕ ਪੱਕੀ ਸੜਕ ਵੀ ਜਾਂਦੀ ਹੈ)। ਸਮਰਾਲੇ ਤੋਂ ਚਾਰ ਮੀਲ ਦੱਖਣ ਵੱਲ ਇੱਕ ਜੱਟ ਸਿੱਖਾਂ ਦਾ ਲੋਪੋਂ ਨਾਮ ਕਰਕੇ ਨਗਰ ਹੈ। ਪਹਿਲਾਂ ਇਹ ਮੁਸਲਮਾਨੀ ਰਾਜ ਸਮੇਂ ਸੂਬਾ ਸਰਹੰਦ ਦੇ

ਅਧੀਨ ਰਿਹਾ। ਫੇਰ ਰਿਆਸਤਾਂ ਦੇ ਸਮੇਂ ਇਸਦਾ ਅਮਰਗੜ੍ਹ ਜ਼ਿਲ੍ਹਾ ਹੋ ਗਿਆ। ਇਸ ਪਿੰਡ ਵਿੱਚ ਕੋਈ ਚਾਰ ਕੁ ਸੌ ਦੇ ਕਰੀਬ ਘਰ ਹਨ। ਜਿਨ੍ਹਾਂ ਵਿੱਚੋਂ ਦੋ ਕੁ ਸੌ ਘਰ ਜੱਟ ਸਿੱਖਾਂ ਦੇ ਹਨ ਜੋ ਆਪਣਾ ਜ਼ਿਮੀਂਦਾਰਾ ਕੰਮ ਕਰਦੇ ਹਨ। ਤੀਹ ਬੱਤੀ ਘਰ ਬ੍ਰਾਹਮਣਾਂ ਦੇ ਹਨ। ਏਨੇ ਕੁ ਹੀ ਮਿਸਤ੍ਰੀ ਸਿੰਘਾਂ ਦੇ ਹੋਣਗੇ। ਚਾਰ ਪੰਜ ਘਰ ਰਾਜਿਆਂ (ਨਾਈਆਂ) ਦੇ ਹਨ ਜੋ ਬੁੱਤੀਆਂ ਦੇਣ ਦਾ ਹੀ ਕੰਮ ਕਰਦੇ ਹਨ। ਸੌ ਕੁ ਘਰ ਹਰੀਜਨਾਂ ਦਾ ਹੈ, ਹੋਰ ਵੀਹ ਕੁ ਘਰਾਂ ਦੇ ਕਰੀਬ ਮਹਾਜਨਾਂ ਦੇ ਹਨ ਜੋ ਦੁਕਾਨਾਂ ਕਰਦੇ ਹਨ।

ਪਹਿਲਾਂ ਇਸ ਨਗਰ ਦੇ ਦੋ ਬਜ਼ੁਰਗ ਫੇਰੂ ਤੇ ਦਾਨਾ ਸਨ ਜੋ ਕੋਟ ਗੰਗੂ ਰਾਇ ਤੋਂ ਆਏ ਸਨ ਜੋ ਕਟਾਣੀ ਦੇ ਪਾਸ ਹੈ ਅਤੇ ਇਨ੍ਹਾਂ ਦੇ ਨਾਮ ਤੇ ਹੀ ਪਿੰਡ ਦੀਆਂ ਦੋ ਪੱਤੀਆਂ ਦੇ ਨਾਮ ਦਾਨਾ ਪੱਤੀ ਤੇ ਫੇਰੂ ਪੱਤੀ ਪੈਂਦੇ ਹਨ। ਬਾਬਾ ਫੇਰੂ ਕੁਨਰ ਗੋਤ ਦਾ ਬਜ਼ੁਰਗ ਚੰਗੀ ਭਾਉ ਭਗਤੀ ਵਾਲਾ ਸੀ। ਮੁਸਲਮਾਨੀ ਰਾਜ ਸਮੇਂ ਇਨ੍ਹਾਂ ਦੀ ਸਰਕਾਰੇ ਦਰਬਾਰੇ ਚੰਗੀ ਮੰਨੀ ਜਾਂਦੀ ਸੀ। ਉਸ ਸਮੇਂ ਸਰਕਾਰ ਨੇ ਇਸ ਨੂੰ ਨੰਬਰਦਾਰੀ ਦਾ ਖ਼ਿਤਾਬ ਦੇ ਦਿੱਤਾ ਫੇਰ ਅੰਗਰੇਜ਼ਾਂ ਦੇ ਰਾਜ ਸਮੇਂ ਵੀ ਇਸ ਘਰਾਣੇ ਦੀ ਨੰਬਰਦਾਰੀ ਬਣੀ ਰਹੀ ਜੋ ਅੱਜ ਤੱਕ ਕਾਇਮ ਹੈ।

ਉਹਨਾਂ ਸਮਿਆਂ ਦੀ ਨੰਬਰਦਾਰੀ ਬੜੀ ਮਾਨ ਇੱਜ਼ਤ ਵਾਲੀ ਹੁੰਦੀ ਸੀ। ਸਾਰੇ ਸਰਕਾਰੀ ਅਫ਼ਸਰਾਂ ਦੇ ਮੇਲ ਮਿਲਾਪ ਦਾ ਸਦਕਾ ਬੜੀਆਂ ਸਿਫ਼ਾਰਸ਼ਾਂ ਮੰਨੀਆਂ ਜਾਂਦੀਆਂ ਸਨ। ਇਨ੍ਹਾਂ ਨੇ ਨਗਰ ਦੀ ਭਲਿਆਈ ਵਾਸਤੇ ਬੜੇ ਚੰਗੇ ਕੰਮ ਕੀਤੇ। ਫਿਰ ਇਨ੍ਹਾਂ ਤੋਂ ਪਿਛੋਂ ਇਨ੍ਹਾਂ ਦਾ ਪੁੱਤਰ ਬਾਬਾ ਰਾਉ ਜੀ ਨੰਬਰਦਾਰ ਬਣਿਆ। ਉਹ ਵੀ ਲੋਕ ਭਲਿਆਈ ਦੇ ਕੰਮਾਂ ਵਿੱਚ ਆਪਣੇ ਪਿਤਾ ਵਾਂਗੂ ਪੂਰਨ ਹਿੱਸਾ ਲੈਂਦੇ ਰਹੇ। ਉਸ ਤੋਂ ਬਾਅਦ ਉਸਦੇ ਪੁੱਤਰ ਹਰੀ ਚੰਦ (ਹਰਚੰਦ ਸਿੰਘ) ਜੀ ਨੂੰ ਇਸ ਅਹੁਦੇ ਤੇ ਨੀਯਤ ਕੀਤਾ ਗਿਆ। ਉਸ ਨੇ ਵੀ ਇਸ ਕੰਮ ਨੂੰ ਦੇਸ਼ ਸੇਵਾ ਤੇ ਜਗਤ ਭਲਿਆਈ ਜਾਣ ਕੇ ਆਪਣੇ ਪਿਤਾ ਤੇ ਦਾਦੇ ਵਾਂਗ ਨਿਬਾਹਿਆ। ਉਸਦੀ ਉਮਰ ਪੂਰੀ ਹੋਈ ਤੋਂ ਬਾਅਦ ਫੇਰ ਉਸਦੇ ਪੁੱਤਰ ਤਖ਼ਤ ਸਿੰਘ ਨੂੰ ਇਹ ਖ਼ਿਤਾਬ ਦਿੱਤਾ ਗਿਆ ਅਤੇ ਇਸ ਖਾਨਦਾਨ ਦੀ ਈਮਾਨਦਾਰੀ ਦਾ ਸਦਕਾ ਹੋਰ ਵੀ ਮਾਨ ਪ੍ਰਤਿਸ਼ਟਾ ਤੇ ਇੱਜ਼ਤ ਹੋਣ ਲੱਗ ਪਈ। ਨੰਬਰਦਾਰੀ ਦੇ ਨਾਲ ਸਫ਼ੈਦਪੋਸ਼ੀ ਵੀ ਮਿਲ ਗਈ। ਜੋ ਉਸ ਸਮੇਂ ਬੜੀ ਵੱਡੀ ਪਦਵੀ ਤੇ ਸਰਕਾਰੀ ਅਹੁਦਾ ਮੰਨਿਆ ਜਾਂਦਾ ਸੀ। ਫੇਰ ਤਾਂ ਸਾਰਾ ਇਲਾਕਾ ਹੀ ਇਨ੍ਹਾਂ ਦਾ ਮਾਣ ਸਤਿਕਾਰ ਕਰਨ ਲੱਗ ਪਿਆ। ਪਰ ਇਹ ਗੁਰਮੁਖ ਸਿੱਖ ਘਰਾਣਾ ਜਿਵੇਂ ਫ਼ਲ ਲੱਗਿਆਂ ਬਿਰਛ ਝੁਕ ਜਾਂਦਾ ਹੈ ਪਰਉਪਕਾਰੀ ਤੇ ਗ਼ਰੀਬ-ਪਰਵਰ ਹੀ ਰਿਹਾ। ਗ਼ਰੀਬਾਂ ਦੀਆਂ ਅਸੀਸਾਂ ਸਦਕਾ ਇਨ੍ਹਾਂ ਦੇ ਘਰ ਵਿੱਚ ਨਾਮ ਬਾਣੀ ਦੇ ਪਿਆਰ ਵਾਲੇ ਗੁਰਮੁਖ ਹੀ ਆਉਂਦੇ।

ਇਹਨੀਂ ਦਿਨੀਂ ਭੈਣੀ ਸਾਹਿਬ ਵਾਲੇ ਸ੍ਰੀ ਮਾਨ ਬਾਬਾ ਰਾਮ ਸਿੰਘ ਜੀ ਮਹਾਰਾਜ ਨਾਮਧਾਰੀਆਂ ਦੇ ਬਜ਼ੁਰਗਾਂ ਦਾ ਇਸ ਇਲਾਕੇ ਵਿੱਚ ਬੜਾ ਬੋਲਬਾਲਾ ਸੀ। ਇਹ ਸੰਪਰਦਾਇ ਨਿਰੋਲ ਵੈਸ਼ਨਵ ਖਿਆਲਾਂ ਤੇ ਨਾਮਬਾਣੀ ਵਾਲੇ ਮਹਾਂ-ਪੁਰਸ਼ਾਂ ਦੀ ਹੈ। ਇਨ੍ਹਾਂ ਨੇ ਵੀ ਇਸ ਇਲਾਕੇ ਵਿੱਚ ਬੜਾ ਭਾਰੀ ਗੁਰਮਤਿ ਦਾ ਪ੍ਰਚਾਰ ਕੀਤਾ ਜਿਨ੍ਹਾਂ ਦੇ ਉਪਦੇਸ਼ ਦਾ ਸਦਕਾ ਆਸ ਪਾਸ ਦੇ ਨਗਰਾਂ ਦੇ ਸਾਰੇ ਹੀ ਪ੍ਰੇਮੀ ਗੁਰੂ ਕੇ ਸਿੰਘ ਸਜ ਗਏ। ਫੇਰ ਇਸ ਧਰਮ ਦੇ ਆਗੂਆਂ ਦੀ ਵਧ ਰਹੀ ਲਹਿਰ ਨੂੰ ਅੰਗਰੇਜ਼ ਗੌਰਮਿੰਟ ਨੇ ਆਪਣੇ ਰਾਜ ਨੂੰ ਖ਼ਤਰਾ ਸਮਝਕੇ ਦਬਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਇਸ ਕੰਮ ਵਿੱਚ ਸਫ਼ਲ ਨਾ ਹੋ ਸਕੇ ਅਤੇ ਨਾਮਬਾਣੀ ਦਾ ਪ੍ਰਵਾਹ ਇਸੇ ਤਰ੍ਹਾਂ ਹੀ ਜਾਰੀ ਰਿਹਾ ਜਿਸ ਦਾ ਨੇੜੇ ਦੇ ਨਗਰਾਂ ਤੇ ਵਧੇਰੇ ਅਸਰ ਪਿਆ। ਲੋਪੋਂ ਪਿੰਡ ਦੇ ਵਾਸੀ ਵੀ ਇਸ ਅਸਰ ਨੂੰ ਕਬੂਲਣ ਤੋਂ ਬਗ਼ੈਰ ਰਹਿ ਨਾ ਸਕੇ ਅਤੇ ਗੁਰਮਤਿ ਦੇ ਧਾਰਨੀ ਹੋਏ। ਬਹੁਤ ਸਾਰੇ ਮਹਾਂ-ਪੁਰਸ਼ ਇਸ ਗੁਰਮੁਖ ਘਰਾਣੇ, ਬਾਬਾ ਤਖ਼ਤ ਸਿੰਘ ਦੇ ਪਾਸ ਆਉਂਦੇ ਰਹੇ। ਇਹ ਵੀ ਉਨ੍ਹਾਂ ਦੀ ਸੇਵਾ ਆਪਣਾ ਮੁਖ ਧਰਮ ਅਤੇ ਵਿਰਸੇ ਵਿੱਚ ਆਈ ਦਾਤ ਸਮਝਕੇ ਬੜੇ ਪਿਆਰ ਨਾਲ ਕਰਦੇ।

ਸਮਾਂ ਪਾਕੇ ਬਿਰਧ ਅਵਸਥਾ ਵਿੱਚ ਕਿਸੇ ਮਹਾਂ-ਪੁਰਸ਼ ਦੀ ਅਸੀਸ ਨਾਲ ਬਾਬਾ ਤਖ਼ਤ ਸਿੰਘ ਦੇ ਘਰ ਇੱਕ ਭੁਝੰਗੀ ਦਾ ਜਨਮ ਹੋਇਆ। ਬੜਾ ਦਾਨ ਪੁੰਨ ਕੀਤਾ ਗਿਆ। ਪਰਵਾਰ ਵਿੱਚ ਖ਼ੁਸ਼ੀਆਂ ਹੋਈਆਂ ਤੇ ਵਧਾਈਆਂ ਵੰਡੀਆਂ ਗਈਆਂ। ਨਾਮ ਸੰਸਕਾਰ ਕਰਨ ਸਮੇਂ ਗ੍ਰੰਥੀ ਸਿੰਘ ਨੇ ਹੁਕਮ ਲਿਆ।

ਬਿਲਾਵਲੁ ਮਹਲਾ ੫

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥
ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥

ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥੧॥ ਰਹਾਉ॥
ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥
ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥੨॥
ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥
ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥੩॥
ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥
ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥੪॥

(ਪੰਨਾ ੮੦੮)

ਸਤਿਗੁਰਾਂ ਦੇ ਮੁਖ ਵਾਕ ਦੇ ਪਹਿਲੇ 'ਲ' ਅੱਖਰ ਤੋਂ ਲਾਲ ਸਿੰਘ ਨਾਮ ਰੱਖਿਆ। ਇਹੋ ਲਾਲ ਸਿੰਘ ਸਚਮੁਚ ਦੁਨੀਆਂ ਵਾਸਤੇ ਬੇਕੀਮਤਾ ਲਾਲ ਬਣਿਆ। ਜਿਸ ਦੇ ਘਰ ਇੱਕ ਅਮੋਲਕ ਹੀਰੇ ਨੇ ਜਨਮ ਲੈਕੇ ਇਸ ਲਾਲ ਨੂੰ ਹੋਰ ਵੀ ਸੰਸਾਰ ਵਿੱਚ ਚਮਕਾ ਦਿੱਤਾ।

ਬਾਬਾ ਲਾਲ ਸਿੰਘ ਦੇ ਘਰ ਸਮਾਂ ਪਾ ਕੇ ਵੱਡੇ ਲੜਕੇ ਦਾ ਜਨਮ ਹੋਇਆ ਜਿਸਦਾ ਨਾਮ ਬਾਬਾ ਕਾਲ੍ਹਾ ਸਿੰਘ ਰੱਖਿਆ। ਬਾਬਾ ਕਾਲ੍ਹਾ ਸਿੰਘ ਦੇ ਜਨਮ ਤੋਂ ਬਾਅਦ ਸਫ਼ੈਦਪੋਸ਼ ਸਰਦਾਰ ਲਾਲ ਸਿੰਘ ਜੀ ਤੇ ਉਸਦੇ ਘਰੋਂ ਵੱਡੇ ਭਾਗਾਂ ਵਾਲੇ ਸ੍ਰੀਮਤੀ ਮਹਿਤਾਬ ਕੌਰ ਜੀ ਨੇ ਵਧੇਰੇ ਪ੍ਰਮੇਸ਼ਰ ਦੀ ਬੰਦਗੀ ਕਰਨੀ ਅਰੰਭ ਦਿੱਤੀ ਜੋ ਪਹਿਲਾਂ ਵੀ ਕਰਿਆ ਕਰਦੇ ਸਨ, ਪਰ ਅੱਜ ਅੰਮ੍ਰਿਤ ਵੇਲੇ ਜਦੋਂ ਬਾਬਾ ਲਾਲ ਸਿੰਘ ਜੀ ਇਸ਼ਨਾਨ ਕਰਕੇ ਸਮਾਧੀ ਵਿੱਚ ਬੈਠੇ ਤਾਂ ਉਸ ਸਮੇਂ ਕਿਸੇ ਨੂਰਾਨੀ ਚਿਹਰੇ ਵਾਲੇ ਮਹਾਂ-ਪੁਰਸ਼ ਨੇ ਦਰਸ਼ਨ ਦਿੱਤੇ ਤੇ ਕਿਹਾ, "ਹੇ ਲਾਲ ਸਿੰਘ! ਤੇਰੇ ਘਰ ਇੱਕ ਅਮੋਲਕ ਲਾਲ ਪਰਗਟ ਹੋਣ ਵਾਲਾ ਹੈ ਉਹ ਦੁਨੀਆਂ ਦੇ ਭਲੇ ਵਾਸਤੇ ਸੰਤ ਰੂਪ ਵਿੱਚ ਪਰਗਟ ਹੋਵੇਗਾ ਜਿਸ ਨੇ ਕੁਲਾਂ ਤਾਰਨੀਆਂ ਹਨ ਅਤੇ ਮਾਲਵੇ ਦੇਸ਼ ਦੀ ਧਰਤੀ ਨੂੰ ਗੁਰਮਤਿ ਦੀ ਸਿੱਖਿਆ ਦੇ ਕੇ ਗੁਰ ਚਰਨਾਂ ਵਿੱਚ ਜੋੜੇਗਾ ਅਤੇ ਮਹਾਨ ਗੁਰਸਿੱਖੀ ਦਾ ਬੋਹਿਥਾ ਹੋਵੇਗਾ।" ਇਉਂ ਉਹ ਮਹਾਂਪੁਰਸ਼ ਇਤਨਾ ਬਚਨ ਕਰ ਕੇ ਅਲੋਪ ਹੋ ਗਏ। ਦਿਨ ਚੜ੍ਹਿਆ ਤਾਂ ਸਰਦਾਰ ਲਾਲ ਸਿੰਘ ਜੀ ਨੇ ਆਪਣੇ ਘਰ ਵਾਲੀ ਸ੍ਰੀਮਤੀ ਮਹਿਤਾਬ ਕੌਰ ਜੀ ਪਾਸ (ਜੋ ਖੰਨੇ ਕੋਲ ਚਕੋਹੀ ਨਗਰ ਤੋਂ ਗੁਰਸਿੱਖ ਘਰਾਣੇ ਦੇ ਸਨ) ਇਹ ਬਚਨ ਕੀਤਾ ਤਾਂ ਦੋਵੇਂ ਹੀ ਮਹਾਨ ਆਤਮਾ ਉਸ ਮਹਾਂਪੁਰਸ਼ ਦੇ ਕਹੇ ਹੋਏ ਬਚਨ ਵਿਚਾਰਨ ਲੱਗੇ ਕਿ ਸਤ ਪੁਰਸ਼ ਕੀ ਕਹਿ ਗਏ, ਕੋਈ ਸਮਝ ਨਹੀਂ ਪੈਂਦੀ ਕਿਉਂਕਿ ਮਹਾਂ-ਪੁਰਸ਼ਾਂ ਦੀਆਂ ਰਮਜ਼ਾਂ ਨੂੰ ਕੋਈ ਵਿਰਲਾ ਮਹਾਂਪੁਰਸ਼ ਹੀ ਸਮਝ ਸਕਦਾ ਹੈ।

ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥

(ਪੰਨਾ ੨੭੩)

ਅਲਪੱਗ ਜੀਵ ਨਹੀਂ ਜਾਣ ਸਕਦੇ ਕਿਉਂਕਿ ਸਾਧੂ ਰਮਜ਼ ਤਾਂ ਦਿੰਦਾ ਹੈ ਪਰ ਪੂਰਾ ਰਾਜ਼ (ਭੇਦ) ਨਹੀਂ ਦਸਦਾ। ਇਸ ਪ੍ਰਕਾਰ ਇਹ ਸਮਾਂ ਲੰਘਦਾ ਗਿਆ ਅਤੇ ਏਹ ਸੁਭਾਗ ਜੋੜਾ ਪਹਿਲਾਂ ਵਾਂਗੂੰ ਹੀ ਨਿਤਨੇਮੀ ਪ੍ਰੇਮੀ ਤੇ ਭਲਿਆਈ ਦੇ ਕੰਮਾਂ ਵਿੱਚ ਲੱਗਾ ਰਿਹਾ। ਖ਼ਾਸ ਕਰਕੇ ਮਾਤਾ ਜੀ ਤਾਂ ਕਿਸੇ ਸਵਾਲੀ ਨੂੰ ਬੂਹੇ ਤੇ ਆਇਆ ਦੇਖਕੇ ਖ਼ਾਲੀ ਨਹੀਂ ਸੀ ਮੋੜਨਾ ਜਾਣਦੇ। ਨਗਰ ਦੀਆਂ ਪੁਰਾਤਨ ਬਜ਼ੁਰਗ ਮਾਤਾਵਾਂ ਅਜੇ ਤੱਕ ਇਨ੍ਹਾਂ ਦਾ ਜਸ ਕਰਦੀਆਂ, ਦੂਜੀਆਂ ਨੂੰ ਕਹਿੰਦੀਆਂ ਹਨ, "ਕੁੜੇ! ਦੇਖ ਮਹਿਤਾਬ ਕੌਰ ਦਾ ਸੁਭਾਉ ਜਿਸ ਨੇ ਹਰ ਇੱਕ ਗ਼ਰੀਬ ਗੁਰਬੇ ਨੂੰ ਆਪਣੇ ਘਰ ਦੇ ਬੂਹੇ ਤੇ ਆਇਆ ਦੇਖਕੇ ਕਦੀ ਖ਼ਾਲੀ ਨਹੀਂ ਮੋੜਿਆ ਉਸਨੂੰ ਜ਼ਰੂਰ ਹੀ ਕੁਝ ਨਾ ਕੁਝ ਦਿੱਤਾ। ਫਿਰ ਉਹਦੇ ਘਰ ਗੁਰੂ ਵਲੋਂ ਘਾਟਾ ਵੀ ਕਿਸੇ ਚੀਜ਼ ਦਾ ਨਹੀਂ ਰਿਹਾ।" ਇਉਂ ਖ਼ੁਸ਼ੀਆਂ ਵਿੱਚ ਸਮਾਂ ਲੰਘਦਾ ਗਿਆ।

# ਜਨਮ

ਮਾਰਚ ੧੯੬੭ ਈਸਵੀ ਮੁਤਾਬਿਕ ੧੯੨੪ ਬਿਕ੍ਰਮੀ ਦਾ ਚੇਤਰ ਮਹੀਨਾ ਚੜ੍ਹਿਆ। ਭਾਗਾਂ ਭਰਿਆ ਚੇਤਰ:

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥

(ਪੰਨਾ ੧੧੦੭)

ਬਸੰਤ ਰੁੱਤ ਵਿੱਚ ਚੇਤ ਦਾ ਮਹੀਨਾ ਭਲਾ ਹੈ, ਗ੍ਰੰਥਕਾਰਾਂ ਨੇ ਫਗਣ ਤੇ ਚੇਤ ਨੂੰ ਬਸੰਤ ਰੁੱਤ ਕਰਕੇ ਮੰਨਿਆ ਹੈ। ਇਸ ਰੁੱਤ ਵਿੱਚ ਬਾਗ਼ਾਂ ਦੇ ਫ਼ੁੱਲ ਖਿੜਦੇ ਹਨ ਜਿਨ੍ਹਾਂ ਦੇ ਉਪਰ ਭੌਰੇ ਗੂੰਜਦੇ ਹਨ, ਕੋਇਲਾਂ ਕੂਕਦੀਆਂ ਹਨ ਜੋ ਬ੍ਰਿਹਨੀਆਂ ਦੇ ਮਨ ਨੂੰ ਆਪਣੇ ਵਿਛੋੜੇ ਪਿਆਰੇ ਦੀ ਯਾਦ ਵਿੱਚ ਜੋੜਦੀਆਂ ਹਨ। ਬਨਾਸਪਤੀ ਮੌਲਦੀ ਹੈ, ਬ੍ਰਿਛਾਂ ਦੀਆਂ ਟਾਹਣੀਆਂ ਤੇ ਨਵੀਆਂ ਕਰੂੰਬਲਾ ਫੁਟਦੀਆਂ ਹਨ, ਇਹ ਰੁਤ ਬੜੀ ਚੰਗੀ ਮੰਨੀ ਹੈ।

ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ ॥

(ਪੰਨਾ ੪੫੨)

ਸਤਿਗੁਰਾਂ ਨੇ ਇਸ ਮਹੀਨੇ ਨੂੰ ਮਨੁੱਖਾ ਜਨਮ ਦੇ ਦ੍ਰਿਸ਼ਟਾਂਤ ਵਿੱਚ ਵਰਤਿਆ ਹੈ, ਜਿਵੇਂ ਮਨੁੱਖਾ ਜਨਮ ਸਾਰੀਆਂ ਜੂਨਾਂ ਵਿੱਚੋਂ ਸ਼੍ਰੋਮਣੀ ਹੈ। ਇਸੇ ਤਰ੍ਹਾਂ ਬਸੰਤ ਰੁੱਤ ਵੀ ਸਾਰੀਆਂ ਰੁੱਤਾ ਦਾ ਬਾਦਸ਼ਾਹ ਹੈ ਅਤੇ ਇਸ ਚੇਤ ਦੇ ਮਹੀਨੇ ਵਿੱਚ ਹੁਕਮ ਕੀਤਾ ਹੈ:

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥

(ਪੰਨਾ ੩੨੬)

ਪਰਮੇਸ਼ਰ ਦੀ ਬੰਦਗੀ ਕਰੋ, ਨਾਮ ਜਪੋ, ਹਰੇਕ ਪ੍ਰਾਣੀ ਮਾਤਰ ਦਾ ਭਲਾ ਮੰਗੋ।

ਤਥਾ:

*ਗੀਤਕਾਂ ਨੂੰ ਮਾਸ ਦੇ ਹੁਲਾਸ ਦਾ ਏ ਖਾਸ ਕਰ,*
*ਦੁਖੀ ਹੋਣ ਸੁਖੀ ਆਵੇ ਰੁੱਤ ਜਾਂ ਬਸੰਤ ਏ।*
*ਪਿਆਰ ਦੀ ਸਤਾਰ ਵੀ ਤਾਂ ਆਪ ਹੂੰ ਟੁੰਕਾਰ ਪਵੇ,*
*ਪਲ ਫ਼ਲ ਯਾਦ ਆਵੇ ਦੂਰ ਗਿਆ ਕੰਤ ਏ।*
*ਭੌਰੇ ਖੌਰ ਦੌਰੇ ਗਏ ਅਜਹੂੰ ਨ ਫੌਰੇ ਮੁੜੇ,*
*ਕਾਲੇ ਮਤਵਾਲੇ ਰਹੇ ਗੂੰਜ ਹੀ ਬਿਅੰਤ ਏ।*
*ਸੰਤ ਅਵਤਾਰ ਸਰਕਾਰ ਸੰਸਾਰ ਲਿਆ,*
*ਰਚੀ ਤਾਹਿ ਐਸੀ ਰੁੱਤ ਸ੍ਰੀ ਅਨੰਤ ਏ।* *(ਸਤਿਜੁਗ ਵਿਚੋਂ)*

ਸੋ ਏਸੇ ਚੇਤ ਦੇ ਮਹੀਨੇ ਦੁਨੀਆਂ ਦਾ ਰਹਿਬਰ, ਸਿੱਖ ਜਗਤ ਨੂੰ ਗੁਰਮਤ ਦਾ ਉਪਦੇਸ਼ ਦੇ ਕੇ ਨਾਮ ਬਾਣੀ ਵਿੱਚ ਜੋੜਨ ਵਾਲਾ ਜਿਸਦਾ "...ਆਪਿ ਮੁਕਤੁ ਮੋਹਿ ਤਾਰੈ" ਵਾਲਾ ਸਦੀਵੀ ਵਰਤਾਵ ਰਿਹਾ। ਉਸ ਇਲਾਹੀ ਜੋਤ ਨੇ ਚੇਤਰ ਦੇ ਮਹੀਨੇ ਪੂਰਨਮਾਸ਼ੀ ਦੀ ਰਾਤ ਨੂੰ ਅੰਮ੍ਰਿਤ ਵੇਲੇ ਮਾਤਾ ਮਹਿਤਾਬ ਕੌਰ ਜੀ ਦੇ ਘਰ ਇੱਕ ਬਾਲਕ ਦੇ ਰੂਪ ਵਿੱਚ ਜਨਮ ਲਿਆ। ਉਸ ਸਮੇਂ ਮਾਤਾ ਜੀ ਦੇ ਚੁਫੇਰੇ ਹਨੇਰਾ ਘਰ ਇੱਕ ਦਮ ਪ੍ਰਕਾਸ਼ ਨਾਲ ਭਰ ਗਿਆ, ਦਾਈ ਹੈਰਾਨਗੀ ਨਾਲ ਏਧਰ ਓਧਰ ਤੱਕਣ ਲੱਗੀ ਕਿ ਇਹ ਕਿਸ ਚੀਜ਼ ਦਾ ਚਾਨਣ ਹੈ। ਦੂਸਰੇ ਛਿਨ ਵਿੱਚ ਓਹੋ ਰੋਸ਼ਨੀ ਅਲੋਪ ਹੋ ਗਈ, ਉਸ ਸਮੇਂ ਸਾਰਿਆਂ ਦੇ ਮਨ ਵਿੱਚ ਅਕਾਰਣ ਹੀ ਖ਼ੁਸ਼ੀ ਦੀ ਲਹਿਰ ਪਰਫੁੱਲਤ ਹੋ ਆਈ ਤੇ ਲੱਗੇ ਇੱਕ ਦੂਜੇ ਨੂੰ ਵਧਾਈਆਂ ਦੇਣ। ਉਸ ਸਮੇਂ ਮਾਤਾ ਪਿਤਾ ਨੇ ਬੜੀਆਂ ਖ਼ੁਸ਼ੀਆਂ ਕੀਤੀਆਂ। ਗੁਰਦੁਆਰੇ ਸਾਹਿਬ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਕੇ ਅਰਦਾਸ ਕਰਵਾਈ, ਨਗਰ ਨਿਵਾਸੀ ਵਧਾਈਆਂ ਦੇਣ ਆਏ। ਬਾਬਾ ਲਾਲ ਸਿੰਘ ਜੀ ਨੇ ਮੰਗਤਿਆਂ ਨੂੰ ਖੁੱਲ੍ਹਾ ਦਾਨ ਦੇ ਕੇ ਉਨ੍ਹਾਂ ਤੋਂ ਮਿੱਠੀਆਂ ਅਸੀਸਾਂ ਲਈਆਂ। ਇਉਂ ਬੜੇ ਲਾਡਾਂ ਚਾਵਾਂ ਨਾਲ ਸੰਤ ਬਾਲਕੇ ਦੀ ਪਾਲਣਾ ਪੋਸ਼ਣਾ ਹੋਣ ਲੱਗੀ। ਮਾਂ ਦੀਆਂ ਲੋਰੀਆਂ ਦੇ ਪਿਤਾ ਦੇ ਪਿਆਰ ਦਾ ਸਦਕਾ ਥੋੜ੍ਹੇ ਦਿਨਾਂ ਵਿੱਚ ਹੀ ਸਰੀਰ ਵਧਣ ਫੁੱਲਣ ਲੱਗਾ।

# ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੀ
# *ਬਿੰਦੀ ਬੰਸਵਾਲੀ*

ਬਾਬਾ ਫੇਰੂ ਮੱਲ ਜੀ
|
ਬਾਬਾ ਰਾਉ ਸਿੰਘ ਜੀ
|
ਬਾਬਾ (ਹਰੀ ਚੰਦ) ਹਰਿਚੰਦ ਸਿੰਘ ਜੀ
|
ਬਾਬਾ ਤਖ਼ਤ ਸਿੰਘ ਜੀ
|
ਬਾਬਾ ਲਾਲ ਸਿੰਘ ਜੀ
|

| | | |
|---|---|---|
| ਬਾਬਾ ਕਾਲਾ ਸਿੰਘ ਜੀ | **ਸੰਤ ਅਤਰ ਸਿੰਘ ਜੀ** | ਬਾਬਾ ਸੇਵਾ ਸਿੰਘ ਜੀ |
| ਸ. ਭਗਵਾਨ ਸਿੰਘ ਜੀ (ਨੰਬਰਦਾਰ) ਹੁਣ ਇਹ ਸੰਤ ਬਣੇ ਹਨ, ਇਹਨਾਂ ਸ਼ਾਦੀ ਨਹੀਂ ਕਰਵਾਈ । | ਸ੍ਰ: ਇੰਦਰ ਸਿੰਘ ਜੀ (ਸ੍ਵਰਗਵਾਸੀ) | ਸ੍ਰ: ਸੌਣ ਸਿੰਘ ਜੀ |

ਨੋਟ: ਬਾਬਾ ਜੀ ਦੀ ਛੋਟੀ ਭੈਣ ਬੀਬੀ ਅਤਰ ਕੌਰ ਜੀ ਹੋਏ ਜਿਨ੍ਹਾਂ ਦਾ ਪਰਵਾਰ ਜਸੋਵਾਲ ਵਿਖੇ ਹੈ।

# ਜਨਮ ਸੰਸਕਾਰ ਤੇ ਨਾਮ ਸੰਸਕਾਰ

ਉਸ ਸਮੇਂ ਦੇ ਰਿਵਾਜ ਅਨੁਸਾਰ ਅਤੇ ਗੁਰਮਤਿ ਦੇ ਤਰੀਕੇ ਨਾਲ ਜਦੋਂ ਸੰਤ ਬਾਲਕਾ ਚਾਲੀ ਦਿਨਾਂ ਦਾ ਹੋਇਆ ਤਾਂ ਘਰ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਕੇ ਸਹਿਜ ਪਾਠ ਪ੍ਰਾਰੰਭ ਕੀਤਾ। ਪਾਠ ਦੇ ਭੋਗ ਉਪਰੰਤ ਨਾਮ ਸੰਸਕਾਰ ਵਾਸਤੇ ਅਰਦਾਸ ਕੀਤੀ ਗਈ, ਹਜ਼ੂਰ ਦਾ ਹੁਕਮ ਆਇਆ:

ਸੋਰਠਿ ਮਹਲਾ ੫

ਅਪਨਾ ਗੁਰੂ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥
ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥੧॥
ਸੰਤਹੁ ਹਰਿ ਹਰਿ ਹਰਿ ਆਰਾਧਹੁ ॥
ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ ਰਹਾਉ ॥
ਪ੍ਰੇਮ ਭਗਤਿ ਪ੍ਰਭ ਲਾਗੀ ॥ ਸੋ ਪਾਏ ਜਿਸੁ ਵਡਭਾਗੀ ॥
ਜਨ ਨਾਨਕ ਨਾਮੁ ਧਿਆਇਆ ॥ ਤਿਨਿ ਸਰਬ ਸੁਖਾ ਫਲ ਪਾਇਆ ॥੨॥੧੨॥

(ਪੰਨਾ ੬੨੭)

ਗਰੰਥੀ ਸਿੰਘ ਨੇ ਸ਼ਬਦ ਦੇ ਪਹਿਲੇ 'ਅ' ਅੱਖਰ ਤੋਂ ਬੱਚੇ ਦਾ ਨਾਮ 'ਅਤਰ ਸਿੰਘ' ਰੱਖਿਆ। ਸੱਚਮੁਚ ਹੀ ਇਹ ਅਸਲੀ ਅਤਰ ਸੀ ਜਿਸ ਨੇ ਆਪਣੀ ਖ਼ੁਸ਼ਬੂ ਨਾਲ ਸਾਰਾ ਜਗਤ ਮਹਿਕਾ ਦਿੱਤਾ। ਜਿਸ ਦੀ ਛੋਹ ਨਾਲ ਅੱਕਾਂ ਤੇ ਅਰਿੰਡਾਂ ਵਿੱਚੋਂ ਵੀ ਅਤਰ ਦੀ ਹੀ ਵਾਸ਼ਨਾ ਆਉਣ ਲੱਗੀ। 'ਅਤਰ' ਦੇ ਅਰਥ ਪੰਥ ਦੇ ਮਹਾਨ ਵਿਦਵਾਨ ਸਰਦਾਰ ਕਾਹਨ ਸਿੰਘ ਜੀ ਨਾਭਾ ਨੇ ਇਸ ਪ੍ਰਕਾਰ ਕੀਤੇ ਹਨ:

*ਦੋਹਰਾ: ਸਦ ਪ੍ਰਫੁਲ ਸਮ ਵਾਸ਼ਨਾ, ਦਾਇਕ ਅਠੋਂ ਜਾਮ।*
*ਮੰਦ ਵਾਸ਼ਨਾ ਪਰਹਰੀ, ਅਤਰ ਸਿੰਘ ਇਸ ਨਾਮ।*

ਇਉਂ ਊਚ ਨੀਚ ਜਾਤੀ ਤੇ ਗ਼ਰੀਬ ਅਮੀਰ ਦੇ ਵਿਤਕਰੇ ਬਿਨਾਂ ਸਭਨਾਂ ਨੂੰ ਆਪਣੀ ਸੁਗੰਧੀ ਦੇਣ ਵਾਲਾ ਇਹੋ ਹੀ ਅਸਲੀ ਅਤਰ ਹੈ। ਨਾਮ ਰੱਖਣ ਤੋਂ ਪਿਛੋਂ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਕੇ ਫੇਰ ਪੰਗਤਾਂ ਲਗਵਾ ਕੇ ਸਭਨਾਂ ਨੂੰ ਖੁੱਲ੍ਹਾ ਲੰਗਰ ਪ੍ਰਸ਼ਾਦ ਵਰਤਾਇਆ। ਹਰੇਕ ਗ਼ਰੀਬ ਗੁਰਬਾ ਭੰਡਾਰੇ ਦਾ ਭੋਜਨ ਛਕ ਕੇ ਅਸੀਸਾਂ ਦਿੰਦਾ ਹੋਇਆ ਆਪਣੇ ਘਰਾਂ ਨੂੰ ਗਿਆ। ਇਉਂ ਬਾਲ ਲੀਲ੍ਹਾ ਦੇ ਕੌਤਕ ਕਰਦਿਆਂ ਸਮਾਂ ਬਤੀਤ ਹੋਣ ਲੱਗਾ।

# ਗੁਰਮਤਿ ਦੀ ਪੜ੍ਹਾਈ

ਜਦੋਂ ਆਪ ਜੀ ਪੰਜ ਸਾਲਾਂ ਦੇ ਹੋਏ ਤਾਂ ਮਾਤਾ ਪਿਤਾ ਨੇ ਸਲਾਹ ਕਰਕੇ ਨਗਰ ਦੇ ਗ੍ਰੰਥੀ ਭਾਈ ਗੁਰਮੁਖ ਸਿੰਘ ਪਾਸ ਪੰਜਾਬੀ ਪੜ੍ਹਣ ਬਿਠਾ ਦਿਤੇ। ਕੜਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕੀਤੀ ਗਈ ਤੇ ਆਪ ਜੀ ਨੂੰ ਗੁਰੂ ਘਰ ਦੇ ਨਿਰਮਾਨ ਸੇਵਾਦਾਰ ਭਾਈ ਸਾਹਿਬ ਨੇ ਪੰਜ ਅੱਖਰ ਪਾ ਕੇ ਦੱਸ ਦਿਤੇ। ਪਰ ਉਹ ਤਾਂ ਆਪ ਜੀ ਨੇ ਦੁਪਹਿਰ ਤੱਕ ਹੀ ਯਾਦ ਕਰ ਲਏ। ਤੀਖਣ ਬੁੱਧੀ, ਹੋਣਹਾਰ ਬਾਲਕਾ ਜਾਣਕੇ ਗ੍ਰੰਥੀ ਸਿੰਘ ਦਾ ਮਨ ਬੜਾ ਪ੍ਰਸੰਨ ਹੋਇਆ। ਫੇਰ ਆਪ ਜੀ ਨੇ ਪੈਂਤੀ ਅੱਖਰ ਤੇ ਮੁਹਾਰਨੀ ਪਕਾ ਲਈ ਅਤੇ ਦੋ ਚਾਰ ਦਿਨਾਂ ਵਿੱਚ ਨਾਵੇਂ ਪਾਉਣ ਲੱਗ ਪਏ। ਉਸ ਤੋਂ ਬਾਅਦ ਬਾਲ ਉਪਦੇਸ਼ ਸ਼ੁਰੂ ਕਰਵਾ ਦਿੱਤਾ। ਉਹ ਵੀ ਹਫ਼ਤੇ ਵਿੱਚ ਹੀ ਪੜ੍ਹ ਲਿਆ। ਉਪਰੰਤ ਸਤਿਗੁਰਾਂ ਅੱਗੇ ਅਰਦਾਸਾ ਕਰਕੇ ਪੰਜ ਗਰੰਥੀ ਪੋਥੀ ਦਾ ਪਾਠ ਸ਼ੁਰੂ ਕਰਾ ਦਿੱਤਾ। ਆਪ ਜੀ ਨੇ ਥੋੜ੍ਹੇ ਸਮੇਂ ਵਿੱਚ ਹੀ ਪੰਜ ਗਰੰਥੀ, ਬਾਈ ਵਾਰਾਂ ਅਤੇ ਭਗਤ ਬਾਣੀ ਤਿੰਨੇ ਪੋਥੀਆਂ ਪੜ੍ਹਕੇ ਮਹਾਰਾਜ ਦੇ ਪਾਠ ਦੀ ਸੰਥਿਆ ਸ਼ੁਰੂ ਕਰਵਾ ਲਈ। ਨਾਲ-ਨਾਲ ਗੁਰਦੁਆਰੇ ਸਾਹਿਬ ਦੀ ਸੇਵਾ ਵੀ ਕਰਦੇ ਰਹਿੰਦੇ।

ਆਪ ਜੀ ਦਾ ਇਹ ਨਿਯਮ ਸੀ ਕਿ ਸਵੇਰੇ ਸੁਵਖਤੇ ਜਾਗ ਕੇ ਇਸ਼ਨਾਨ ਕਰਨਾ। ਬਾਅਦ ਵਿੱਚ ਨਿੱਤਨੇਮ ਦਾ ਪਾਠ ਕਰਕੇ ਘਰੋਂ ਕੁਝ ਖਾ ਪੀ ਕੇ ਸਿੱਧੇ ਗੁਰਦੁਆਰੇ ਸਾਹਿਬ ਆਉਣਾ। ਸਤਿਗੁਰਾਂ ਦੇ ਪਾਵਨ ਸਰੂਪ ਨੂੰ ਸ਼ਰਧਾ ਨਾਲ ਮੱਥਾ ਟੇਕਣਾ ਤੇ ਫੇਰ ਗ੍ਰੰਥੀ ਸਿੰਘ ਨੂੰ ਸਤਿਕਾਰ ਨਾਲ ਫਤਹਿ ਬੁਲਾਉਣੀ। ਸਾਰੇ ਦਰਬਾਰ ਸਾਹਿਬ ਵਿੱਚ ਤੇ ਹੋਰ ਥਾਵਾਂ ਤੇ ਝਾੜੂ ਦੇਣਾ। ਹੋਰ ਵੀ ਜੋ ਭਾਈ ਸਾਹਿਬ ਕਹਿੰਦੇ ਸੇਵਾ ਕਰਨੀ। ਬਾਅਦ ਵਿੱਚ ਸੰਥਿਆ ਲੈ ਕੇ ਸਾਰਾ ਦਿਨ ਆਪਣੀ ਸੰਥਿਆ ਪਕਾਈ ਜਾਣਾ। ਦੁਪਹਿਰ ਦੇ ਸਮੇਂ ਕੇਵਲ ਪ੍ਰਸ਼ਾਦਾ ਛਕਣ ਹੀ ਘਰ ਆਉਣਾ, ਫੇਰ ਗੁਰਦੁਆਰੇ ਸਾਹਿਬ ਚਲੇ ਜਾਣਾ। ਸ਼ਾਮੀਂ ਚਾਰ ਵਜੇ ਘਰ ਆ ਕੇ ਫੇਰ ਮਾਤਾ ਪਿਤਾ ਦੀ ਆਗਿਆ ਅਨੁਸਾਰ ਥੋੜ੍ਹਾ ਬਹੁਤਾ ਘਰ ਦਾ ਕੰਮ ਕਰਨਾ। ਖ਼ਾਨਦਾਨੀ, ਨੰਬਰਦਾਰੀ ਤੇ ਸਫ਼ੈਦਪੋਸ਼ੀ ਹੋਣ ਕਰਕੇ ਜ਼ਮੀਨ ਤਾਂ ਸਾਰੀ ਦੀ ਸਾਰੀ ਬਟਾਈ ਤੇ ਹੀ ਦਿਤੀ ਹੁੰਦੀ। ਪਸ਼ੂ ਚਾਰਣ ਵਾਸਤੇ ਵੀ ਨੌਕਰ ਰੱਖੇ ਹੁੰਦੇ ਪਰ ਆਪਣੀ ਮੌਜ ਵਿੱਚ ਕਦੀ ਖੇਤਾਂ ਵੱਲ ਸੈਰ ਕਰਨ ਚਲੇ ਜਾਣਾ ਕਦੀ ਕਿਸੇ ਬ੍ਰਿਛ ਹੇਠਾਂ ਵੱਡੇ ਤਪੱਸਵੀਆਂ ਵਾਂਗੂੰ ਨੇਤਰ ਬੰਦ ਕਰਕੇ ਸਮਾਧੀ ਵਿੱਚ ਬੈਠ ਜਾਣਾ ਜਾਂ ਫਿਰ ਘਰ ਆ ਕੇ ਛੋਟੇ-ਛੋਟੇ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਣ ਲਗ ਜਾਣਾ।

ਇਉਂ ਦਸਾਂ ਸਾਲਾਂ ਦੀ ਉਮਰ ਵਿੱਚ ਛੇਤੀ ਹੀ ਮਹਾਰਾਜ ਦੇ ਪਾਠ ਦੀ ਸੰਥਿਆ ਪੂਰੀ ਕਰ ਲਈ। ਸੰਥਿਆ ਦੇ ਭੋਗ ਸਮੇਂ ਘਰ ਵਿੱਚ ਸਤਿਗੁਰਾਂ ਦੇ ਚਰਨ ਪਵਾਏ, ਬੜਾ ਖੁੱਲ੍ਹਾ ਜਗ ਕੀਤਾ ਜਿਸ ਵਿੱਚ ਅਨੇਕ ਪ੍ਰਕਾਰ ਦੇ ਸੁੰਦਰ ਭੋਜਨ ਬਣੇ। ਪਾਠ ਦੇ ਭੋਗ ਉਪਰੰਤ ਗਰੰਥੀ ਸਿੰਘ ਨੂੰ ਸਾਰੇ ਬਸਤਰ ਤੇ ਬਹੁਤ ਸਾਰੀ ਮਾਇਆ ਭੇਟਾ ਕੀਤੀ। ਉਸ ਸਮੇਂ ਸੰਗਤਾਂ ਦੇ ਇਕੱਠ ਵਿੱਚ ਗ੍ਰੰਥੀ ਸਿੰਘ ਨੇ ਸੰਤ ਬਾਲਕੇ ਦੀ ਬੜੀ ਤਾਰੀਫ਼ ਕੀਤੀ ਕਿ ਜਿਵੇਂ ਆਮ ਕਹਾਵਤ ਹੈ, 'ਹੋਣਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ' ਸੋ ਇਸ ਬੱਚੇ ਦਾ ਬਚਪਨ ਵਿੱਚ ਹੀ ਗੁਰਬਾਣੀ ਨਾਲ ਕਿਤਨਾ ਪਿਆਰ ਹੈ। ਸਵੇਰ ਦੇ ਟਾਇਮ ਪੰਜ ਬਾਣੀਆਂ ਦਾ ਸਾਰਾ ਨਿੱਤਨੇਮ ਕੀਤੇ ਬਗ਼ੈਰ ਆਪ ਜੀ ਨੇ ਕਦੇ ਅੰਨ ਜਲ ਨਹੀਂ ਸੀ ਅੰਗੀਕਾਰ ਕੀਤਾ। ਆਪ ਬੱਚਿਆਂ ਵਾਂਗੂੰ ਕਦੇ ਗ਼ੈਰ ਹਾਜ਼ਰ ਵੀ ਨਹੀਂ ਹੋਏ। ਪੜ੍ਹਣ ਦੇ ਸਮੇਂ ਕਿਸੇ ਪ੍ਰਕਾਰ ਦਾ ਏਧਰ ਓਧਰ ਦੇਖਣਾ ਤੇ ਸਰੀਰ ਦੀ ਚੰਚਲਤਾਈ ਤਾਂ ਕਦੇ ਵੀ ਨਹੀਂ ਤੱਕੀ। ਬਸਤਰਾਂ ਦੀ ਸਫ਼ਾਈ ਦਾ ਖ਼ਾਸ ਧਿਆਨ ਰਖਣਾ। ਫੇਰ ਜਿਤਨੀ ਵੀ ਮੈਂ ਸੰਥਿਆ ਕਰਵਾ ਦਿੰਦਾ ਉਹ ਜਦੋਂ ਸੁਣਦਾ ਤਾਂ ਏਹ ਇਉਂ ਸੁਣਾਉਂਦੇ ਜਿਵੇਂ ਮੇਰੇ ਕੋਲ ਆਉਣ ਤੋਂ ਪਹਿਲਾਂ ਹੀ ਕਿਤੋਂ ਹੋਰ ਪੜ੍ਹ ਕੇ ਆਏ ਹਨ। ਸੋ ਇਹੋ ਜਿਹੇ ਲਾਇਕ ਬੱਚੇ ਤਾਂ ਮਾਤਾ ਪਿਤਾ ਦਾ ਨਾਮ ਰੌਸ਼ਨ ਕਰਦੇ ਹਨ। ਧੰਨ ਭਾਗ ਹਨ ਸਰਦਾਰ ਲਾਲ ਸਿੰਘ ਜੀ ਦੇ ਜਿਸ ਨੂੰ ਈਸ਼ਵਰ ਨੇ ਇਹੋ ਜਿਹਾ ਸੁੰਦਰ ਲਾਲ ਬਖ਼ਸ਼ਿਆ। ਉਪ੍ਰੰਤ ਸਰਦਾਰ ਲਾਲ ਸਿੰਘ ਜੀ ਨੇ ਘਰ ਆਏ ਸਾਰੇ ਸਜਣਾਂ ਦਾ ਸਤਿਕਾਰ ਕੀਤਾ ਤੇ ਜੀ ਆਇਆ ਆਖਿਆ। ਫੇਰ ਸਾਰੇ ਹੀ ਪ੍ਰਸ਼ਾਦ ਛਕ ਕੇ ਸੰਤ ਬਾਲਕੇ ਦਾ ਜਸ ਕਰਦੇ ਹੋਏ ਆਪਣੇ, ਘਰਾਂ ਨੂੰ ਗਏ।

ਏਧਰ ਆਪ ਜੀ ਸਦਾ ਹੀ ਸ਼ਾਂਤ ਚਿਤ ਕੇ ਅੰਤਰਮੁਖ ਰਹਿੰਦੇ। ਅਮੀਰ ਘਰਾਣੇ ਵਿੱਚ ਵੀ ਪ੍ਰਗਟ ਹੋ ਕੇ ਆਪ ਜੀ ਦਾ ਬਹੁਤਾ ਗ਼ਰੀਬ ਬੱਚਿਆਂ ਨਾਲ ਹੀ ਪ੍ਰੇਮ ਹੁੰਦਾ। ਕਈ ਵਾਰੀ ਉਨ੍ਹਾਂ ਦੇ ਸਰੀਰ ਤੇ ਫਟੇ ਪੁਰਾਣੇ ਕਪੜੇ ਦੇਖ ਕੇ ਆਪਣੇ ਘਰੋਂ ਲਿਆ ਕੇ ਦੇਣੇ ਤੇ ਹੋਰ ਵੀ ਚੀਜ਼ਾਂ ਜੋ ਆਪ ਜੀ ਨੂੰ ਮਾਤਾ ਜੀ ਨੇ ਖਾਣ ਵਾਸਤੇ ਦੇਣੀਆਂ ਉਹ ਵੀ ਗ਼ਰੀਬ ਬੱਚਿਆਂ ਵਿੱਚ ਜਾ ਕੇ ਵੰਡ ਦੇਣੀਆਂ। ਕਦੀ-ਕਦੀ ਮਾਤਾ ਤੋਂ ਬਿਨਾਂ ਪੁੱਛਿਆ ਵੀ ਕੋਈ ਵਸਤੂ ਘਰੋਂ ਲਿਜਾ ਕੇ ਲੋੜਵੰਦਾਂ

ਨੂੰ ਦੇ ਆਉਣੀ। ਜੇ ਅੱਗੋਂ ਮਾਤਾ ਜੀ ਨੇ ਪੁੱਛਣਾ, "ਕਾਕਾ! ਇਹ ਚੀਜ਼ ਤੂੰ ਕਿੱਥੇ ਲੈ ਗਿਆ ਸੀ? ਤਾਂ ਆਪ ਜੀ ਨੇ ਚੁੱਪ ਕਰ ਜਾਣਾ, ਮਾਤਾ ਜੀ ਦੇ ਸਾਮ੍ਹਣੇ ਕਦੀ ਉੱਤਰ ਨਹੀਂ ਸੀ ਦਿੱਤਾ।"

ਕਦੇ-ਕਦੇ ਗ਼ਰੀਬ ਬਾਲਕੇ ਆਪਣੇ ਉਦਾਲੇ ਬਿਠਾ ਕੇ ਉਨ੍ਹਾਂ ਨੂੰ ਦੇਸ਼ ਸੇਵਾ, ਜਗਤ ਭਲਾਈ ਤੇ ਨੇਕੀ ਕਰਨ ਦਾ ਉਪਦੇਸ਼ ਕਰਨਾ। ਆਪ ਜੀ ਦੇ ਅੰਦਰ ਵੀ ਦੇਸ਼ ਸੇਵਾ ਦਾ ਬੜਾ ਭਾਰੀ ਪਿਆਰ ਸੀ। ਸਾਰਿਆਂ ਨਾਲੋਂ ਵੱਧ ਦੇਸ਼ ਭਗਤ ਆਪ ਫੌਜੀਆਂ ਨੂੰ ਹੀ ਸਮਝਦੇ। ਜੇ ਕੋਈ ਫੌਜ ਦਾ ਸਿਪਾਹੀ ਪਿੰਡ ਵਿੱਚ ਛੁੱਟੀ ਕੱਟਣ ਆਉਂਦਾ ਤਾਂ ਉਸ ਦੇ ਪਾਸ ਚਲੇ ਜਾਂਦੇ ਤੇ ਆਪਣੀ ਮੋਹਣੀ ਮੂਰਤ ਅਤੇ ਤੋਤਲੀ ਜ਼ਬਾਨ ਨਾਲ ਉਸ ਤੋਂ ਗੱਲਾਂ ਪੁਛਦੇ ਕਿ ਤੁਸੀਂ ਕਿਥੋਂ ਆਏ ਹੋ? ਕੀ ਕੰਮ ਕਰਦੇ ਹੋ? ਉਸ ਨੇ ਭੋਲੇ ਭਾਲੇ ਸੰਤ ਬਾਲਕੇ ਨੂੰ ਕਦੀ-ਕਦੀ ਤਾਂ ਦਸ ਦੇਣਾ ਤੇ ਕਈ ਵਾਰੀ ਐਵੇਂ ਹੀ ਟਾਲ ਦੇਣਾ। ਉਸ ਵਿਚਾਰੇ ਨੂੰ ਕੀ ਪਤਾ ਸੀ ਕਿ ਕਦੀ ਇਹ ਵੀ ਪੂਰਨ ਸੰਤ ਸਿਪਾਹੀ ਬਣ ਕੇ ਆਪਣੇ ਮੁਲਕ ਨੂੰ ਗ਼ੈਰਾਂ ਤੋਂ ਬਚਾਉਣ ਵਾਸਤੇ ਦੇਸ਼ ਦਾ ਰਖਵਾਲਾ ਹੋਵੇਗਾ।

ਇਉਂ ਆਪ ਜੀ ਦੀ ਉਮਰ ਅਠਾਰਾਂ ਕੁ ਸਾਲਾਂ ਦੀ ਹੋ ਗਈ। ਦੇਸ਼ ਸੇਵਾ ਤੇ ਕੌਮੀ ਪਿਆਰ ਦਾ ਜਜ਼ਬਾ ਪ੍ਰੇਰਦਾ ਰਿਹਾ। ਕਈ ਵਾਰੀ ਮਾਤਾ ਪਿਤਾ ਤੋਂ ਫੌਜ ਵਿੱਚ ਭਰਤੀ ਹੋਣ ਵਾਸਤੇ ਆਗਿਆ ਵੀ ਮੰਗੀ। ਪਰ ਹੋਣਹਾਰ ਤੇ ਆਗਿਆਕਾਰੀ ਪੁਤਰ ਨੂੰ ਕਿਹੜੇ ਮਾਪੇ ਆਪਣੀਆਂ ਅੱਖਾਂ ਤੋਂ ਉਹਲੇ ਹੋਣ ਦੇਣਾ ਚਾਹੁੰਦੇ ਹਨ? ਪਰੰਤੂ ਪੁਰਾਤਨ ਸੰਸਕਾਰਾਂ ਅਨੁਸਾਰ ਇਨ੍ਹਾਂ ਦੇ ਅੰਦਰ ਦਿਨੋਂ ਦਿਨ ਇਹ ਲਗਨ ਤੇ ਖਿੱਚ ਵਧਦੀ ਹੀ ਗਈ। ਮਾਤਾ ਪਿਤਾ ਨੇ ਸੋਚਿਆ ਕਿ ਘਰ ਵਿੱਚ ਕਿਸੇ ਚੀਜ਼ ਦਾ ਘਾਟਾ ਨਹੀਂ, ਗੁਰੂ ਦਾ ਦਿੱਤਾ ਸਭ ਕੁਝ ਹੈ, ਪਦਾਰਥਾਂ ਦੀ ਵੀ ਬੜੀ ਲਹਿਰ ਬਹਿਰ ਲੱਗੀ ਹੋਈ ਹੈ, ਪਿਆਰਾ ਪੁੱਤਰ ਕਿਸ ਵਾਸਤੇ ਫੌਜ ਵਿੱਚ ਭੇਜਣਾ ਹੈ ਜਿੱਥੇ ਹਰ ਸਮੇਂ ਮੌਤ ਦਾ ਖ਼ਤਰਾ ਹੀ ਬਣਿਆ ਰਹਿੰਦਾ ਹੈ। ਪਰ ਇਨ੍ਹਾਂ ਦੇ ਮਨ ਦੀ ਇੱਛਾ ਜਾਣ ਕੇ ਫੇਰ ਇਹ ਵਿਚਾਰ ਕੀਤੀ ਕਿ ਇਨ੍ਹਾਂ ਦਾ ਨੌਕਰੀ ਕਰਨ ਦਾ ਬੜਾ ਤੀਬਰ ਖ਼ਿਆਲ ਹੈ ਘਰ ਵਿੱਚ ਵੀ ਕੋਈ ਖ਼ਾਸ ਕੰਮ ਕਾਰ ਨਹੀਂ, ਜਿਸ ਕਰਕੇ ਮਨ ਪਰਚਿਆ ਰਹੇ ਸੋ ਹੁਣ ਇਨ੍ਹਾਂ ਦੀ ਸ਼ਾਦੀ ਕਰ ਦਿੱਤੀ ਜਾਵੇ ਤਾਂ ਠੀਕ ਹੈ। ਫੇਰ ਹੋ ਸਕਦਾ ਹੈ ਨੌਕਰੀ ਕਰਨ ਦਾ ਖ਼ਿਆਲ ਬਦਲ ਦੇਵਣ। ਸੋ ਇਸੇ ਤਰ੍ਹਾਂ ਹੀ ਕੀਤਾ।

ਭਾਵੇਂ ਬਾਬਾ ਜੀ ਜਗਤ ਜੰਜਾਲ ਵਿੱਚ ਪੈਣਾ ਨਹੀਂ ਸਨ ਚਾਹੁੰਦੇ ਪਰ ਆਗਿਆਕਾਰੀ ਪੁੱਤਰ ਨੂੰ ਮਾਤਾ ਪਿਤਾ ਦਾ ਹੁਕਮ ਮੋੜਨਾ ਵੀ ਬੜਾ ਮੁਸ਼ਕਲ ਹੁੰਦਾ ਹੈ। ਉਨ੍ਹਾਂ ਦੀਆਂ ਰੀਝਾਂ ਨੂੰ ਲਿਤਾੜਨਾ ਚੰਗਾ ਨਾ ਜਾਣਿਆ ਤੇ ਆਪ ਜੀ ਦੀ ਸ਼ਾਦੀ ਹੋ ਗਈ। ਘਰ ਵਾਲੀ ਜੀਵਨ ਸਾਥਣ ਮਾਤਾ ਬਿਸ਼ਨ ਕੌਰ ਜੀ ਟੋਡਰਪੁਰ ਨਗਰ (ਜੋ ਸਮਰਾਲੇ ਪਾਸ ਹੈ) ਦੇ ਸਨ, ਜਿਨ੍ਹਾਂ ਨੂੰ ਸਿੱਖੀ ਦੀ ਦਾਤ ਮਾਤਾ ਪਿਤਾ ਤੋਂ ਹੀ ਵਿਰਸੇ ਵਿੱਚ ਮਿਲੀ ਹੋਈ ਸੀ।

ਪੂਰਬਲੇ ਪੁੰਨਾਂ ਕਰਕੇ ਇਹ ਧ੍ਰਮੱਗ ਆਤਮਾ ਮਾਤਾ ਬਿਸ਼ਨ ਕੌਰ ਜੀ ਸਤਸੰਗਣ ਤੇ ਪਤੀਦੇਵ ਦੇ ਆਗਿਆਕਾਰੀ ਸਨ। ਸਮਾਂ ਪਾ ਕੇ ਇਨ੍ਹਾਂ ਦੇ ਘਰ ਇੱਕ ਬਾਲਕ ਨੇ ਜਨਮ ਲਿਆ, ਜਿਸਦਾ ਨਾਮ ਗੁਰੂ ਘਰ ਵਲੋਂ ਇੰਦਰ ਸਿੰਘ ਰੱਖਿਆ ਗਿਆ। ਇਹ ਵੀ ਆਪਣੇ ਪਿਤਾ ਜੀ ਤੇ ਦਾਦਾ ਜੀ ਵਾਂਗੂੰ ਪਰਉਪਕਾਰੀ ਤੇ ਦਾਨੀ ਸੁਭਾਉ ਵਿੱਚ ਇੰਦਰ ਦੇਵਤਾ ਦਾ ਹੀ ਰੂਪ ਸਨ। ਬੱਚੇ ਦੇ ਜਨਮ ਤੋਂ ਬਾਅਦ ਵੀ ਬਾਬਾ ਜੀ ਦੇ ਮਨ ਨੂੰ ਦੇਸ਼ ਪਿਆਰ ਦਾ ਜਜ਼ਬਾ ਟੁੰਬਦਾ ਰਿਹਾ ਅਤੇ ਅਨਡਿੱਠੀ ਮਰਦਾਨ ਦੀ ਧਰਤੀ ਦੀਆਂ ਆਵਾਜ਼ਾਂ ਵੀ ਕੰਨਾਂ ਵਿੱਚ ਗੂੰਜਣ ਲੱਗੀਆਂ। ਕਿਸੇ ਪਾਰਸ ਨੇ ਆਪਣੀ ਛੋਹ ਨਾਲ ਪਾਰਸ ਬਨਾਉਣ ਦੀ ਉਡੀਕ ਲਾਈ ਹੋਈ ਸੀ।

*ਪਾਰਸ ਮੇਂ ਅਰ ਸੰਤ ਮੈਂ ਬਡੋ ਅੰਤਰੋ ਜਾਨ।*
*ਵਹਿ ਲੋਹਾ ਕੰਚਨ ਕਰੈ ਵਹਿ ਕਰਹੈ ਆਪ ਸਮਾਨ।* *(ਵਿਚਾਰਮਾਲਾ)*

ਸੋ ਅੰਦਰੋਂ ਅੰਦਰ ਹੀ ਇਨ੍ਹਾਂ ਦੇ ਮਨ ਵਿੱਚ ਬੜੀ ਧੂਹ ਪੈ ਰਹੀ ਸੀ। ਮਾਤਾ ਪਿਤਾ ਦਾ ਪਿਆਰ, ਲੜ ਲੱਗੀ ਦੇ ਤਰਲੇ, ਪੁੱਤਰ ਦਾ ਮੋਹ, ਰਾਜ ਘਰਾਣੇ ਦੇ ਸੁੱਖ ਤੇ ਪਦਾਰਥਾਂ ਦੀ ਬਹੁਲਤਾ ਇਹ ਸਾਰੀਆਂ ਚੀਜ਼ਾਂ ਕਪਲ ਵਸਤੂ ਦੇ ਰਾਜ ਕੁਮਾਰ ਸਿਧਾਰਥ (ਮਹਾਤਮਾ ਬੁੱਧ) ਵਾਂਗੂੰ ਨਿਸ਼ਾਨੇ ਤੇ ਪੁੱਜਣ ਲਈ ਆਪ ਜੀ ਦੇ ਰਾਹ ਵਿੱਚ ਕੋਈ ਰੁਕਾਵਟ ਨਾ ਪਾ ਸਕੀਆਂ। ਅਖ਼ੀਰ ਨੂੰ ਆਪ ਜੀ ਇੱਕ ਦਿਨ ਰਾਤ ਦੇ ਸਮੇਂ ਸਾਰੇ ਪ੍ਰਵਾਰ ਨੂੰ ਸੁੱਤਿਆਂ ਛੱਡ ਦੋਰਾਹੇ ਸਟੇਸ਼ਨ ਤੋਂ ਗੱਡੀ ਬੈਠ ਕੇ ਲੁਧਿਆਣੇ ਪੁੱਜੇ। ਸੁਤੇ ਸਿਧ ਹੀ ਆਪ ਫੌਜੀ ਦਫਤਰ ਵੱਲ ਚਲੇ ਗਏ ਤਾਂ ਉਸ ਸਮੇਂ ਹੋਰ ਨੌਜਵਾਨਾਂ ਨੂੰ ਭਰਤੀ ਹੁੰਦਿਆਂ ਵੇਖ ਕੇ ਅੰਦਰੋਂ ਸੁੱਤੀ ਹੋਈ ਦੇਸ਼ ਸੇਵਾ ਫੇਰ ਜਾਗੀ ਤੇ ਬਿਨਾਂ ਹੀ ਵਿਚਾਰਿਆਂ ਕੌਮੀ ਪਿਆਰ ਨੇ ਭਰਤੀ ਅਫ਼ਸਰ ਦੇ ਅੱਗੇ ਲਿਆ ਖੜ੍ਹਿਆਂ ਕੀਤਾ।

ਜਦੋਂ ਆਪ ਜੀ ਦਾ ਕੱਦ ਨਾਪਿਆ ਤਾਂ ਪੰਜ ਫੁਟ ਤੇ ਸਾਢੇ ਸੱਤ ਇੰਚ ਸੀ (ਪੈਨਸ਼ਨ ਦੇ ਸਮੇਂ ਬਾਅਦ ਵਿੱਚ ਤਾਂ ਪੰਜ ਫੁਟ ਨੌ ਇੰਚ ਹੋ ਗਿਆ) ਚੌੜੀ ਛਾਤੀ, ਨੂਰਾਨੀ ਮਸਤਕ ਤੱਕ ਕੇ ਉਸ ਸਮੇਂ ਭਰਤੀ ਅਫ਼ਸਰ ਨੇ ਆਪ ਜੀ ਦਾ ਨਾਮ ਤੇ ਪੂਰਾ ਪਤਾ ਨੋਟ ਕਰ ਲਿਆ।

-o-

# ਦੂਸਰਾ ਕਾਂਡ

## ਫੌਜ ਦੀ ਨੌਕਰੀ

ਬਾਬਾ ਜੀ ਆਪਣੇ ਮਨ ਦਾ ਪੱਕਾ ਇਰਾਦਾ ਬਣਾ ਕੇ ੨੦ ਸਾਲ ਦੀ ਆਯੂ ਵਿੱਚ ੮ ਜੂਨ ੧੯੮੭ ਈਸਵੀ ਨੂੰ ਲੁਧਿਆਣੇ ਸ਼ਹਿਰ ਵਿੱਚ ੩੬ ਨੰਬਰ ਸਿੱਖ ਪਲਟਣ ਵਿਖੇ ਭਰਤੀ ਹੋ ਗਏ। ਸੁੰਦਰ ਸਰੀਰ, ਭਰਵਾਂ ਕੱਦ, ਚੌੜੀ ਛਾਤੀ, ਭਾਗਾਂ ਭਰਿਆ ਮਸਤਕ ਤੇ ਪੂਰੇ ਜਵਾਨ ਤੱਕ ਕੇ ਸਾਰੇ ਅਫ਼ਸਰ ਬੜੇ ਪ੍ਰਸੰਨ ਹੋਏ। ਜਾਂਦਿਆਂ ਹੀ ਰੰਗਰੂਟੀ ਸ਼ੁਰੂ ਕਰ ਲਈ, ਨਾਲ-ਨਾਲ ਗੁਰਦੁਆਰੇ ਦੀ ਸੇਵਾ ਤੇ ਪੰਜ ਬਾਣੀਆਂ ਦਾ ਨਿੱਤਨੇਮ ਵੀ ਕਰਦੇ ਰਹੇ।

# ਹੋਤੀ ਮਰਦਾਨ ਵਾਲੇ ਮਹਾਂ-ਪੁਰਸ਼

ਬਾਬਾ ਕਰਮ ਸਿੰਘ ਸਾਹਿਬ ਜੀ ਵੀ ਫੌਜ ਦੀ ਨੌਕਰੀ ਨੂੰ ਸੱਚੀ ਸੁੱਚੀ ਤੇ ਹੱਕ ਹਲਾਲ ਦੀ ਸਮਝਕੇ ਇਸ ਦਾ ਅੰਨ ਪਵਿੱਤਰ ਫੁਰਮਾਉਂਦੇ ਹੁੰਦੇ ਸਨ, ਕਿਉਂਕਿ ਇਸ ਡਿਊਟੀ ਤੇ ਸਦਾ ਹੀ ਮਨ ਵਿੱਚ ਕਾਲ ਦਾ ਭੈਅ ਬਣਿਆ ਰਹਿੰਦਾ ਹੈ ਜੋ ਰੱਬੀ ਯਾਦ ਲਈ ਸਭ ਤੋਂ ਵੱਡਾ ਸਾਧਨ ਹੈ। ਬਹੁਤ ਸਾਰੇ ਮਹਾਂ-ਪੁਰਸ਼ ਫੌਜੀ ਨੌਕਰੀ ਵਿੱਚੋਂ ਹੀ ਵੈਰਾਗਵਾਨ ਹੋਏ ਹਨ ਫੇਰ ਉਹ ਭਜਨ ਸਿਮਰਨ ਦੁਆਰਾ ਆਪ ਤਰੇ ਤੇ ਜਗਤ ਨੂੰ ਤਾਰਿਆ ਹੈ, ਏਸੇ ਲਈ ਬਾਬਾ ਅਤਰ ਸਿੰਘ ਜੀ ਮਹਾਰਾਜ ਦੇਸ਼ ਸੇਵਾ ਤੇ ਜਗਤ ਭਲਾਈ ਜਾਣਕੇ ਫੌਜ ਵਿੱਚ ਭਰਤੀ ਹੋਏ। ਸਰੀਰ ਬਲੀ ਤੇ ਦੀਦਾਰੀ ਜਵਾਨ ਸਨ, ਦੇਖਣ ਵਾਲੇ ਅਫ਼ਸਰਾਂ ਦਾ ਮਨ ਮੋਹ ਲੈਂਦੇ। ਨੌਕਰੀ ਵਿੱਚ ਵੀ ਪੂਰਾ ਨਿੱਤਨੇਮ ਕਰਨਾ ਤੇ ਡਿਊਟੀ ਵਿੱਚ ਪਹਿਰਾ ਵੀ ਬਰਾਬਰ ਦੇਣਾ। ਇਸ ਤੋਂ ਇਲਾਵਾ ਪਹਿਲਾਂ ਵਾਂਗੂੰ ਹੀ ਇੱਕ ਰਸ ਗੁਰੂ ਘਰ ਦੀ ਸੇਵਾ ਵਿੱਚ ਜੁੜੇ ਰਹਿੰਦੇ। ਸਾਰੇ ਫੌਜੀ ਇਉਂ ਸਮਝਦੇ ਕਿ ਮੇਰੇ ਨਾਲ ਹੀ ਸਭ ਤੋਂ ਬਹੁਤਾ ਹਿੱਤ ਕਰਦੇ ਹਨ। ਕਿਉਂਕਿ ਆਪ ਜੀ ਦੀ ਲੋਭ ਲਾਲਚ ਤੋਂ ਬਿਨਾਂ ਸਾਰਿਆਂ ਨਾਲ ਅਕਿਰਤਮ ਪ੍ਰੀਤੀ ਸੀ।

*ਉਪਕਾਰੀ ਪਯਾਰੀ ਗਿਰਾ, ਕਰੈ ਅਕਿਰਤਮ ਪ੍ਰੀਤ।*
*ਸੰਤਨ ਇਹੀ ਸੁਭਾਵ ਹੈ, ਸਸਿ ਸੀਤਲ ਕਿਨ ਕੀਤ।* *(ਸਾਰੁਕਤਾਵਲੀ)*

ਇਕ ਸਮੇਂ ਆਪ ਜੀ ਦੀ ਪਲਟਨ ਨੁਸ਼ਹਿਰੇ ਛਾਉਣੀ ਗਈ। ਉਸ ਜਗ੍ਹਾ ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਸਾਹਿਬ ਜੀ ਹੋਤੀ ਮਰਦਾਨ ਵਾਲਿਆਂ ਦੀ ਮਹਿਮਾ ਸੁਣਕੇ ਹੋਰ ਫੌਜੀਆਂ ਸਮੇਤ ਆਪ ਜੀ ਤਿੰਨ ਵੇਰ ਦਰਸ਼ਨਾਂ ਨੂੰ ਗਏ। ਦੀਦਾਰ ਕੀਤਾ, ਬਚਨ ਬਿਲਾਸ ਸੁਣੇ, ਸੁਤੇ ਹੀ ਮਨ ਵਿੱਚ ਖਿਚ ਪਈ। ਆਪ ਜੀ ਦੇ ਮਨ ਦਾ ਪਹਿਲਾ ਇਹ ਨਿਸ਼ਚਾ ਸੀ ਕਿ ਅੰਮ੍ਰਿਤ ਛਕਕੇ ਜੋ ਪੰਜਾਂ ਪਿਆਰਿਆਂ ਤੋਂ ਗੁਰੂ ਮੰਤ੍ਰ ਮਿਲਿਆ ਹੈ ਉਸੇ ਦਾ ਜਾਪ ਕਰਨਾ ਤੇ ਅੰਮ੍ਰਿਤ ਵੇਲੇ ਜਾਗਕੇ ਗੁਰਬਾਣੀ ਦਾ ਨਿੱਤਨੇਮ ਕਰਨਾ ਹੀ ਕਾਫ਼ੀ ਹੈ ਇਸ ਤੋਂ ਬਿਨਾਂ ਹੋਰ ਕਿਸੇ ਮਹਾਂ-ਪੁਰਸ਼ ਦੀ ਸੰਗਤ ਦੀ ਕੀ ਲੋੜ ਹੈ? ਇਸੇ ਕਰਕੇ ਹੀ ਤਿੰਨੇ ਵਾਰੀ ਜਾਕੇ ਵੀ ਕੋਈ ਬਚਨ ਬਿਲਾਸ ਨਾ ਕਰ ਸਕੇ।

# ਸੰਤ ਮਿਲਾਪ

ਥੋੜ੍ਹੇ ਸਮੇਂ ਤੋਂ ਪਿਛੋਂ ੩੬ ਨੰਬਰ ਸਿੱਖ, ਪਲਟਣ ਪਿਸ਼ਾਵਰ ਬਦਲ ਗਈ ਤਾਂ ਆਪ ਜੀ ਇੱਕ ਵਾਰੀ ਬਹੁਤ ਸਾਰੇ ਫੌਜੀਆਂ ਦੇ ਪ੍ਰੇਰੇ ਹੋਏ ਪਿਸ਼ਾਵਰ ਤੋਂ ਦਸਵੀਂ ਦੇ ਜੋੜ ਮੇਲੇ ਉਤੇ ਹੋਤੀ ਡੇਰੇ ਆਏ। ਅੱਗੋਂ ਡੇਰੇ ਤੋਂ ਬਾਹਰ 'ਕਲਪਾਣੀ' ਦੇ ਕੰਢੇ ਬਾਬਾ ਕਰਮ ਸਿੰਘ ਮਹਾਰਾਜ ਜੀ ਦਾ ਦੀਵਾਨ ਸਜਿਆ ਹੋਇਆ ਸੀ। ਰੱਬੀ ਬਾਣੀ ਦੇ ਕੀਰਤਨ ਦਾ ਅਨੰਦ ਮਾਣਦੇ ਹੋਏ ਪ੍ਰੇਮੀ ਅਰਸ਼ੀ ਦਾਤਾਰ ਦੇ ਚਰਨਾਂ ਵਿੱਚ ਜੁੜ ਰਹੇ ਸਨ। ਸੰਤਾਂ ਦੀ ਕੀਰਤਨ ਸਮੇਂ ਅਡੋਲ ਸਮਾਧੀ ਲੱਗੀ ਰਹਿੰਦੀ, ਉਸ ਸਮੇਂ ਕਿਸੇ ਨਾਲ ਕੋਈ ਬਚਨ ਨਹੀਂ ਸਨ ਕਰਦੇ। ਦੂਰ-ਦੂਰ ਦੇਸ਼ਾਂ ਤੋਂ ਸੰਗਤਾਂ ਦਰਸ਼ਨਾਂ ਨੂੰ ਆਈਆਂ ਹੋਈਆਂ ਸਨ। ਬੜੀ ਭਾਰੀ ਭੀੜ ਸੀ। ਡਿਊਟੀ ਤੇ ਖੜੇ ਸੇਵਾਦਾਰ ਵਾਰੋ-ਵਾਰੀ ਮਾਈ ਭਾਈ ਨੂੰ ਨਮਸ਼ਕਾਰ ਕਰਨ ਤੇ ਭੇਟਾ ਅਰਪਣ ਲਈ ਰਸਤਾ ਦੇ ਰਹੇ ਸਨ। ਸ਼ਰਧਾਲੂ ਪ੍ਰੇਮੀ ਆਪੋ ਆਪਣੀ ਭਾਵਨਾ ਅਨੁਸਾਰ ਨਕਦੀ, ਮਾਇਆ, ਬਰਤਨ, ਬਸਤਰ, ਫ਼ਲ ਫਰੂਟ, ਮਿਸ਼ਰੀ, ਪਤਾਸੇ, ਬਦਾਮ, ਮਿਠਾਈ ਆਦਿਕ ਪਦਾਰਥ ਸੰਤਾਂ ਅੱਗੇ ਰੱਖਕੇ ਚਰਨ ਧੂੜ ਮਸਤਕ ਨੂੰ ਲਾਕੇ ਜਿੱਥੇ ਕਿਸੇ ਨੂੰ ਜਗ੍ਹਾ ਮਿਲਦੀ ਸੰਗਤ ਵਿੱਚ ਬੈਠਦੇ ਜਾ ਰਹੇ ਸਨ। ਨਜ਼ਦੀਕ ਨਗਰ ਦੇ ਲੋਕਾਂ ਨੇ ਵੱਖੋ ਵੱਖਰੀਆਂ ਡਿਊਟੀਆਂ ਵੰਡ ਕੇ ਸੇਵਾ ਸੰਭਾਲੀ ਹੋਈ ਸੀ। ਨਕਦੀ ਮਾਇਆ ਲਿਖਣ ਵਾਲੇ ਲਿਖੀ ਜਾਂਦੇ ਹਨ। ਫ਼ਲ-ਮੇਵੇ ਤੇ ਹੋਰ ਪ੍ਰਸ਼ਾਦ ਦੇਣ ਵਾਲੇ ਦੋ ਸੇਵਾਦਾਰ ਸੰਗਤਾਂ ਨੂੰ ਪ੍ਰਸ਼ਾਦ ਦੇਈ ਜਾਂਦੇ ਸਨ। ਸ਼ਰਧਾਲੂ ਚਰਨ ਪਰਸਕੇ ਪ੍ਰਸ਼ਾਦ ਲੈਂਦੇ ਅਤੇ ਸੰਗਤ ਵਿੱਚ ਬੈਠਦੇ ਜਾਂਦੇ।

ਹੁਣ ਪਿਸ਼ਾਵਰ ਤੋਂ ਆਏ ਹੋਰ ਫੌਜੀਆਂ ਸਮੇਤ ਬਾਬਾ ਅਤਰ ਸਿੰਘ ਜੀ ਦੀ ਵਾਰੀ ਆਈ। ਜਦੋਂ ਇਨ੍ਹਾਂ ਅਰਸ਼ੀ ਦਾਤਾਰ ਦੇ ਦੀਵਾਨ ਦੀ ਸਜ-ਧਜ ਦੇਖੀ ਤੇ ਇਲਾਹੀ ਜੋਤ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਦਰਸ਼ਨ ਕੀਤਾ ਤਾਂ ਨੇਤ੍ਰਾਂ ਵਿੱਚੋਂ ਵੈਰਾਗ ਦਾ ਜਲ ਵਹਿ ਤੁਰਿਆ। ਆਪ ਜੀ ਜੋ ਸੰਤਾਂ ਵਾਸਤੇ ਦਸਤਾਰ, ਚੋਲਾ, ਚਰਨਾਂ ਦਾ ਜੋੜਾ ਤੇ ਹੋਰ ਭੇਟਾ ਲੈ ਕੇ ਆਏ ਸਨ ਉਹ ਨਕਦੀ ਮਾਇਆ ਸਮੇਤ ਫ਼ਲਾਂ ਦੇ ਟੋਕਰੇ ਨਾਲ ਜਦੋਂ ਅੱਗੇ ਰੱਖਕੇ ਚਰਨਾਂ ਤੇ ਸੀਸ ਲਾਇਆ ਤਾਂ ਬਿਜਲੀ ਦੇ ਕਰੰਟ ਸਮਾਨ ਸਰੀਰ ਵਿੱਚੋਂ ਝਰਨਾਹਟ ਛੁੱਟ ਪਈ ਤੇ ਰੋਮ-ਰੋਮ ਵਿੱਚੋਂ ਵਾਹਿਗੁਰੂ-ਵਾਹਿਗੁਰੂ ਸ਼ਬਦ ਦੀ ਆਵਾਜ਼ ਆਉਣ ਲੱਗੀ। ਨੇਤਰਾਂ ਦੇ ਹੰਝੂਆਂ ਨਾਲ ਬਾਬਾ ਜੀ ਦੇ ਚਰਨ ਧੋ ਦਿੱਤੇ। ਉਸ ਸਮੇਂ ਹਜ਼ੂਰ ਦੇ ਨੇਤ੍ਰ ਖੁੱਲ੍ਹੇ ਤੇ ਬਾਬਾ ਅਤਰ ਸਿੰਘ ਜੀ ਦੇ ਸਿਰ ਤੇ ਹੱਥ ਰੱਖਿਆ, ਕੰਡ ਤੇ ਥਾਪੜਾ ਦਿੱਤਾ ਤੇ ਪਿਆਰ ਨਾਲ ਆਖਿਆ, "ਉੱਠੋ! ਭਾਈ ਅਤਰ ਸਿੰਘ ਜੀ! ਵੈਰਾਗ ਰੋਕੋ ਤੇ ਕਰੋ ਸੰਗਤ ਦਾ ਦਰਸ਼ਨ।" ਸੰਤਾਂ ਦੀ ਰਸਨਾ ਤੋਂ ਇਹ ਮਿਹਰਾਂ ਭਰਿਆ ਬਚਨ ਸੁਣਕੇ ਸਾਰੀ ਸੰਗਤ ਹੈਰਾਨ ਹੋ ਗਈ ਕਿ ਇਹ ਗੁਰਮੁਖ ਬਾਬਾ ਜੀ ਨੂੰ ਬੜਾ ਪਿਆਰਾ ਲੱਗਾ ਹੈ ਜਿਸ ਕਰਕੇ ਸੰਤਾਂ ਨੇ ਇਸਦੇ ਸੀਸ ਅਤੇ ਪਿੱਠ ਤੇ ਹੱਥ ਫੇਰਿਆ ਹੈ। ਇਹ ਵੀ ਬੜਾ ਵੈਰਾਗ ਕਰ ਰਹੇ ਹਨ।

ਉਸ ਸਮੇਂ ਬਾਬਾ ਜੀ ਨੇ ਆਪਣੇ ਉਪਰ ਲਈ ਹੋਈ ਰਾਮ ਨੌਮੀ ਵਾਲੀ ਚਾਦਰ ਨਾਲ ਸੰਤ ਅਤਰ ਸਿੰਘ ਜੀ ਦੇ ਨੇਤ੍ਰਾਂ ਦਾ ਜਲ ਪੂੰਝਿਆ ਤੇ ਪਾਸ ਬਿਠਾ ਲਏ। ਬਾਕੀ ਦੀ ਸੰਗਤ ਜੋ ਪਿਸ਼ਾਵਰੋਂ ਆਈ ਹੋਈ ਸੀ ਉਨ੍ਹਾਂ ਨੇ ਵੀ ਦਰਸ਼ਨ ਕੀਤਾ, ਚਰਨ ਪਰਸੇ ਤੇ ਭੇਟਾ ਅਰਪੀ। ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਸੰਤ ਅਤਰ ਸਿੰਘ ਜੀ ਵਲੋਂ ਆਈ ਭੇਟਾ ਨੂੰ ਕਰ ਕਮਲ ਛੁਹਾਏ ਤੇ ਬਚਨ ਕੀਤਾ, "ਤੁਸਾਂ ਇਤਨੀ ਖੇਚਲ ਕਿਉਂ ਕੀਤੀ?" ਤਾਂ ਅੱਗੋਂ ਬਾਬਾ ਅਤਰ ਸਿੰਘ ਜੀ ਨੇ ਬੇਨਤੀ ਕੀਤੀ ਦਾਤਾ!

ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥

(ਪੰਨਾ ੧੩੭੫)

ਸੰਤਾਂ ਨੇ ਫੇਰ ਕਿਹਾ, "ਜਾਓ! ਆਪਣੇ ਨਾਲ ਦੀ ਸੰਗਤ ਨੂੰ ਲੰਗਰ ਵਿੱਚ ਲੈ ਜਾਓ ਅਤੇ ਛੋਟੇ ਸੰਤ ਲਾਲ ਸਿੰਘ ਦੀ ਆਗਿਆ ਨਾਲ ਲੰਗਰ ਵਰਤਾਉਣ ਦੀ ਸੇਵਾ ਕਰੋ।" ਹਜ਼ੂਰ ਦਾ ਹੁਕਮ ਪਾ ਕੇ ਸੰਤ ਅਤਰ ਸਿੰਘ ਜੀ ਪਿਸ਼ਾਵਰ ਤੋਂ ਨਾਲ ਆਏ ਫੌਜੀਆਂ ਸਮੇਤ ਲੰਗਰ ਵਿੱਚ ਆ ਗਏ ਤੇ ਲੰਗਰ ਵਰਤਾਉਣ ਲਗ ਪਏ। ਏਧਰੋਂ ਸ਼ਾਮ ਦੇ ਪੰਜ ਵਜੇ ਦੀਵਾਨ ਦੀ ਸਮਾਪਤੀ ਹੋਈ ਉਸ ਸਮੇਂ ਅਰਦਾਸਾ ਕੀਤਾ, ਕੜਾਹ ਪ੍ਰਸ਼ਾਦ ਵਰਤਿਆ ਫੇਰ ਸੰਤਾਂ ਵਾਸਤੇ ਝੰਪਾਨ ਆ ਗਿਆ। ਸੰਗਤਾਂ ਨੇ ਸੰਤਾਂ ਨੂੰ ਝੰਪਾਨ ਵਿੱਚ ਬਿਠਾ ਕੇ ਝੰਪਾਨ ਮੋਢਿਆਂ ਤੇ ਚੁੱਕ ਲਿਆ। ਝੰਪਾਨ ਵਿੱਚ ਬੈਠਣ ਸਮੇਂ ਸ੍ਰੀਮਾਨ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਸੰਤ ਅਤਰ ਸਿੰਘ ਜੀ ਨੂੰ ਪਾਸ ਬੁਲਾ ਲਿਆ ਤੇ ਪੁੱਛਿਆ ਲੰਗਰ ਵਰਤ ਗਿਆ ਹੈ? ਤਦ ਇਨ੍ਹਾਂ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਆਪ ਜੀ ਦੀ ਕ੍ਰਿਪਾ ਨਾਲ ਸਭ ਸੰਗਤਾਂ ਛਕ ਬੈਠੀਆਂ ਹਨ। ਸਾਰੇ

ਬਰਤਨ ਵੀ ਸਾਫ਼ ਕਰਕੇ ਵੱਡੇ ਲੰਗਰ ਵਿੱਚ ਰਖਵਾ ਦਿੱਤੇ ਸਨ।" ਉਸ ਸਮੇਂ ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਹੁਕਮ ਕੀਤਾ, "ਤੁਸੀਂ ਆਪਣੇ ਨਾਲ ਦੀ ਸੰਗਤ ਨੂੰ ਬੁਲਾ ਲਓ ਅਤੇ ਸਾਡੇ ਨਾਲ ਹੀ ਗੁਫ਼ਾ ਵਲ ਚਲੋ।" ਬਾਬਾ ਜੀ ਦੀ ਆਗਿਆ ਪਾ ਕੇ ਨਾਲ ਦੇ ਪ੍ਰੇਮੀ ਸੱਦੇ ਗਏ ਜੋ ਅਜੇ ਲੰਗਰ ਵਿੱਚ ਸੇਵਾ ਕਰ ਰਹੇ ਸਨ। ਸੰਤ ਅਤਰ ਸਿੰਘ ਜੀ ਦਾ ਸਵੇਰ ਤੋਂ ਹੀ ਲੰਗਰ ਵਰਤਾਉਣ ਸਮੇਂ ਦਾ ਕਮਰਕੱਸਾ ਲਗਾ ਹੋਇਆ ਸੀ। ਕਮਰਕੱਸੇ ਸਮੇਤ ਹੀ ਅਗਲੇ ਪਾਸੇ ਝੰਪਾਨ ਨੂੰ ਮੋਢਾ ਲਾ ਦਿਤਾ ਤੇ ਸਾਰਾ ਭਾਰ ਮੋਢੇ ਤੇ ਲੈਂਦਿਆਂ ਹੋਇਆਂ ਮਨ ਵਿੱਚ ਬੇਨਤੀ ਕੀਤੀ ਮਹਾਰਾਜ! ਆਪ ਅੰਤਰਜਾਮੀ ਹੋ ਮੇਰੇ ਤੇ ਕ੍ਰਿਪਾ ਕਰੋ ਤਾਂ ਕਿ ਬਾਹਰ ਬਰੇਤੀ ਤੱਕ ਇਹ ਪਵਿੱਤ੍ਰ ਸੇਵਾ ਮੇਰੇ ਪਾਸੋਂ ਖੋਹੀ ਨਾ ਜਾਵੇ। ਝੰਪਾਨ ਦੇ ਉਦਾਲੇ ਬੇਅੰਤ ਸੰਗਤਾਂ ਦਾ ਇਕੱਠ ਨਾਲ ਜਾ ਰਿਹਾ ਸੀ। ਬਾਕੀ ਦੇ ਪ੍ਰੇਮੀ ਤਾਂ ਵਾਰੋ-ਵਾਰੀ ਬਦਲਦੇ ਜਾਵਣ ਪਰ ਜਦੋਂ ਬਾਬਾ ਅਤਰ ਸਿੰਘ ਜੀ ਪਾਸ ਆਉਣ ਤਾਂ ਬਾਬਾ ਕਰਮ ਸਿੰਘ ਜੀ ਮਹਾਰਾਜ ਰੋਕ ਦੇਣ ਕਿ ਭਾਈ ਅਤਰ ਸਿੰਘ ਤੋਂ ਕੋਈ ਸੇਵਾ ਨਾ ਲਏ, ਇਨ੍ਹਾਂ ਨੂੰ ਹੀ ਲੱਗਾ ਰਹਿਣ ਦਿਓ। ਅਰਸ਼ੀ ਦਾਤਾਰ ਦੀ ਰਸਨਾ ਤੋਂ ਇਹ ਅੰਤਰਯਾਮਤਾ ਦੇ ਬਚਨ ਸੁਣਕੇ ਸੰਤਾਂ ਦਾ ਮਨ ਹੋਰ ਵੀ ਗਦ-ਗਦ ਹੋ ਗਿਆ। ਅਖ਼ੀਰ ਨੂੰ ਬਰੇਤੀ ਤੇ ਆ ਗਏ। ਬਾਬਾ ਕਰਮ ਸਿੰਘ ਜੀ ਝੰਪਾਨ ਚੋਂ ਬਾਹਰ ਆਏ, ਸੰਗਤਾਂ ਨੇ ਮਥਾ ਟੇਕਿਆ ਉਸ ਸਮੇਂ ਕਈ ਪ੍ਰੇਮੀ ਤਾਂ ਡੇਰੇ ਵੱਲ ਆ ਗਏ। ਕੁਝ ਸੰਗਤਾਂ ਨੇੜੇ ਦੇ ਨਗਰਾਂ ਦੀਆਂ ਆਪਣੇ ਪਿੰਡਾਂ ਨੂੰ ਤੁਰ ਗਈਆਂ। ਦੂਰ ਦੇ ਪ੍ਰੇਮੀ ਉਥੇ ਹੀ ਬਰੇਤੀ ਤੇ ਬੈਠ ਗਏ। ਉਸ ਸਮੇਂ ਬਾਬਾ ਕਰਮ ਸਿੰਘ ਸਾਹਿਬ ਜੀ ਨੇ ਸੰਤ ਅਤਰ ਸਿੰਘ ਜੀ ਦੇ ਮੋਢੇ ਤੇ ਹੱਥ ਰੱਖਿਆ ਤੇ ਹੁਕਮ ਕੀਤਾ, "ਚਲੋ! ਬਾਹਰ ਫਿਰ ਤੁਰ ਆਈਏ।" ਬਾਬਾ ਜੀ ਦੀ ਆਗਿਆ ਪਾ ਕੇ ਛੋਟੇ ਸੰਤ ਜਲ ਦਾ ਗੜਵਾ ਭਰ ਲਿਆਏ ਅਤੇ ਬਾਬਾ ਜੀ ਦੇ ਨਾਲ ਤੁਰ ਪਏ। ਥੋੜ੍ਹੀ ਦੂਰ ਜਾ ਕੇ ਫੇਰ ਸੰਤਾਂ ਦੇ ਮੋਢੇ ਤੇ ਹੱਥ ਰੱਖਕੇ ਹਜ਼ੂਰ ਨੇ ਬਚਨ ਕੀਤਾ, "ਸਾਰੇ ਰਸਤੇ ਪਾਲਕੀ ਨੂੰ ਮੋਢਾ ਦਿੱਤਾ ਹੈ। ਝੰਪਾਨ ਤੇ ਵਜਨ ਬਹੁਤ ਸੀ, ਥਕਾਵਟ ਤਾਂ ਨਹੀਂ ਹੋਈ?" ਉਸ ਸਮੇਂ ਸੰਤਾਂ ਨੂੰ ਮੇਹਰਾਂ ਦੇ ਘਰ ਵਿੱਚ ਆਏ ਜਾਣਕੇ ਦੋਵੇਂ ਹੱਥ ਜੋੜਕੇ ਸੰਤ ਅਤਰ ਸਿੰਘ ਜੀ ਨੇ ਅਰਜ਼ ਕੀਤੀ, "ਮਹਾਰਾਜ! ਆਪ ਜੀ ਨੇ ਤਾਂ ਅੱਜ ਜਨਮਾਂ ਜਨਮਾਂਤਰਾਂ ਦੀ ਥਕਾਵਟ ਦੂਰ ਕਰ ਦਿੱਤੀ। ਧੰਨ ਹੋ ਆਪ! ਐਸਾ ਆਨੰਦ ਆਇਆ ਹੈ ਜੋ ਪਤਾ ਹੀ ਨਹੀਂ ਲੱਗਾ ਕਿ ਕਦੋਂ ਬਰੇਤੀ ਤੇ ਪੁੱਜ ਗਏ ਹਾਂ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ ॥

(ਪੰਨਾ ੧੦੪)

ਆਪ ਜੀ ਦਾ ਮਿਲਾਪ ਤੇ ਦੀਦਾਰ ਪੂਰਬਲੇ ਪੁੰਨਾਂ ਕਰਕੇ ਹੋਇਆ ਹੈ।" ਇਹ ਸ਼ਰਧਾ ਭਰੇ ਬਚਨ ਸੁਣਕੇ ਬਾਬਾ ਕਰਮ ਸਿੰਘ ਜੀ ਮਹਾਰਾਜ ਕਹਿਣ ਲੱਗੇ, "ਭਾਈ ਅਤਰ ਸਿੰਘ! ਜਨਮਾਂ ਜਨਮਾਤਰਾਂ ਦੀ ਥਕਾਵਟ ਤਾਂ ਜ਼ਰੂਰ ਹੀ ਦੂਰ ਹੋ ਗਈ ਪਰ ਇਸ ਗੁਝੇ ਭੇਦ ਨੂੰ ਕੋਈ ਵਿਰਲਾ ਹੀ ਸਮਝਦਾ ਹੈ।"

ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥

(ਪੰਨਾ ੪੩੯)

ਬਾਬਾ ਜੀ ਨੇ ਛੋਟੇ ਸੰਤਾਂ ਤੋਂ ਜਲ ਵਾਲਾ ਗੜਵਾ ਲਿਆ ਤੇ ਬਾਹਰ ਨੂੰ ਚਲੇ ਗਏ। ਸੌਚ ਆਦਿ ਕਿਰਿਆ ਤੋਂ ਬਾਅਦ ਬਾਹਰੋਂ ਆਕੇ ਇਸ਼ਨਾਨ ਕੀਤਾ। ਉਸ ਸਮੇਂ ਬਾਬਾ ਜੀ ਨੂੰ ਇਸ਼ਨਾਨ ਕਰਵਾਕੇ ਸੰਤ ਅਤਰ ਸਿੰਘ ਜੀ ਨੇ ਵੀ ਇਸ਼ਨਾਨ ਕੀਤਾ ਅਤੇ ਫਿਰ ਬਰੇਤੀ ਤੇ ਆ ਬੈਠੇ। ਸੰਤਾਂ ਵਾਸਤੇ ਆਸਣ ਵਿਛਾ ਦਿੱਤਾ। ਹੋਰ ਵੀ ਬੇਅੰਤ ਸੰਗਤ ਪਾਸ ਬੈਠੀ ਹੋਈ ਸੀ ਤੇ ਉਥੇ ਹੀ ਸ੍ਰੀ ਰਹਿਰਾਸ ਸਾਹਿਬ ਜੀ ਦਾ ਪਾਠ ਹੋਇਆ ਅਤੇ ਆਰਤੀ ਆਰਤੇ ਦੇ ਸ਼ਬਦ ਪੜ੍ਹੇ। ਇਤਨੇ ਨੂੰ ਲੰਗਰ ਪ੍ਰਸ਼ਾਦਿ ਵੀ ਏਥੇ ਹੀ ਆ ਗਿਆ। ਡੇਰੇ ਦੇ ਸਾਧੂਆਂ ਦੀ ਤੇ ਹੋਰ ਸੰਗਤ ਦੀ ਪੰਗਤ ਲਗਵਾਕੇ ਸਭਨਾਂ ਨੂੰ ਪ੍ਰਸ਼ਾਦਿ ਵਰਤਾਇਆ।

ਸੰਤ ਅਤਰ ਸਿੰਘ ਜੀ ਨੇ ਵੀ ਸਵੇਰ ਦੇ ਸਮੇਂ ਪ੍ਰਸ਼ਾਦਿ ਨਹੀਂ ਸੀ ਛਕਿਆ, ਸੋ ਇਨ੍ਹਾਂ ਨੇ ਵੀ ਛਕ ਲਿਆ। ਦਸਵੀਂ ਦੇ ਜੋੜ ਮੇਲੇ ਨੂੰ ਦਿਨ ਦੇ ਸਮੇਂ ਬਾਬਾ ਜੀ ਤੇ ਹੋਰ ਡੇਰੇ ਦੇ ਸਾਧੂ ਪ੍ਰਸ਼ਾਦਿ ਨਹੀਂ ਸੀ ਛਕਦੇ। ਸਾਰਾ ਦਿਨ ਦੀਵਾਨ ਵਿੱਚ ਬੈਠਿਆਂ ਹੀ ਬਤੀਤ ਹੋ ਜਾਂਦਾ। ਸ਼ਾਮ ਨੂੰ ਬਿਰਾਜਣ ਦੇ ਸਮੇਂ ਛਕਿਆ ਕਰਦੇ। ਬਾਬਾ ਕਰਮ ਸਿੰਘ ਸਾਹਿਬ ਜੀ ਵੀ ਅਲਪ ਅਹਾਰ ਤੇ ਥੋੜ੍ਹਾ ਦੁੱਧ ਛਕ ਕੇ ਬਿਰਾਜ ਗਏ। ਰਾਤ ਦੇ ਇੱਕ ਵਜੇ ਸਾਵਧਾਨ ਹੋਏ। ਸੌਚ ਆਦਿ ਕਿਰਿਆ ਤੋਂ

ਬਾਅਦ ਬਾਹਰ ਨਦੀ ਵਿੱਚ ਇਸ਼ਨਾਨ ਕੀਤਾ ਤੇ ਕਿਨਾਰੇ ਤੇ ਬੈਠਕੇ ਸਮਾਧੀ ਦਾ ਆਨੰਦ ਮਾਣਿਆ ਫਿਰ ਪਹੁ-ਫੁਟਾਲੇ ਸੰਗਤਾਂ ਝੰਪਾਨ ਲੈ ਆਈਆਂ। ਸੰਤਾਂ ਨੂੰ ਵਿੱਚ ਬਿਠਾਕੇ ਸ਼ਰਧਾਲੂ ਪ੍ਰੇਮੀ ਡੇਰੇ ਲੈ ਆਏ, ਇੱਥੇ ੧੦੧ ਗਾਗਰ ਨਾਲ ਫਿਰ ਇਸ਼ਨਾਨ ਕੀਤਾ। ਜਿਸਦਾ ਜਲ ਪ੍ਰੇਮੀਆਂ ਨੇ ਹੇਠਾਂ ਨਹੀਂ ਸੀ ਡਿੱਗਣ ਦਿੱਤਾ। ਕੁਝ ਸ਼ੀਸ਼ੀਆਂ ਵਿੱਚ ਪਾਕੇ ਘਰੀਂ ਲੈ ਗਏ, ਕੁਝ ਚੁਲੀਆਂ ਨਾਲ ਛਕ ਲਿਆ। ਬਾਬਾ ਜੀ ਫਿਰ ਦੀਵਾਨ ਵਿੱਚ ਆ ਸਜੇ ਅਤੇ ਸਭਨਾਂ ਦੀਆਂ ਮਨੋ-ਕਾਮਨਾ ਪੂਰੀਆਂ ਕੀਤੀਆਂ। ਬਾਹਰੋਂ ਆਈ ਸੰਗਤ ਤੇ ਅਨੇਕ ਭੇਖਾਂ ਦੇ ਸਾਧੂ ਜੋ ਦਸਵੀਂ ਦੇ ਜੋੜ ਮੇਲੇ ਤੇ ਪੁੱਜੇ ਸਨ, ਸਭਨਾਂ ਨੇ ਸੰਤਾਂ ਤੋਂ ਆਗਿਆ ਮੰਗੀ। ਬਾਬਾ ਜੀ ਨੇ ਸਾਰਿਆਂ ਨੂੰ ਸਿਰੋਪਾਓ ਤੇ ਪ੍ਰਸ਼ਾਦਿ ਦੇ ਕੇ ਵਿਦਾ ਕੀਤਾ। ਸਾਧੂਆਂ ਨੂੰ ਕਿਰਾਏ ਵਾਸਤੇ ਪ੍ਰਸ਼ਾਦਿ ਨਾਲ ਮਾਇਆ ਵੀ ਭੇਟਾ ਕੀਤੀ ਅਤੇ ਗ਼ਰੀਬੀ ਦੀ ਸਿੱਖਿਆ ਦੇ ਦਾਤੇ ਨੇ ਉਸ ਸਮੇਂ ਸੇਵਾ ਵਿੱਚ ਹੋਈਆਂ ਭੁੱਲਾਂ ਦੀ ਖ਼ਿਮਾਂ ਮੰਗੀ। ਸੰਤਾਂ ਦੀ ਆਗਿਆ ਪਾਕੇ ਸੰਗਤਾਂ ਆਪੋ ਆਪਣੇ ਨਗਰਾਂ ਤੇ ਸ਼ਹਿਰਾਂ ਨੂੰ ਚਲੀਆਂ ਗਈਆਂ। ਪਿਸ਼ਵਾਰ ਦੇ ਫੌਜੀਆਂ ਨੇ ਵੀ ਹੱਥ ਜੋੜਕੇ ਛੁੱਟੀ ਮੰਗੀ। ਬਾਬਾ ਅਤਰ ਸਿੰਘ ਜੀ ਨੂੰ ਤਾਂ ਆਗਿਆ ਨਾ ਦਿੱਤੀ ਤੇ ਹੋਰ ਫੌਜੀਆਂ ਨੂੰ ਪ੍ਰਸ਼ਾਦਿ ਦੇ ਕੇ ਵਿਦਾ ਕੀਤਾ।

ਬਾਬਾ ਕਰਮ ਸਿੰਘ ਜੀ ਅੱਜ ਘੋੜੀ ਤੇ ਅਸਵਾਰ ਹੋ ਕੇ ਗੁਫ਼ਾ ਵਲ ਚਲ ਪਏ। ਸੰਤ ਅਤਰ ਸਿੰਘ ਜੀ ਨੂੰ ਨਾਲ ਲੈ ਲਿਆ। ਜਦੋਂ ਆਪ ਜੀ ਬਾਹਰ ਆਏ ਤਾਂ ਇੱਕ ਬਘਿਆੜੀ ਵਾਲੀ ਗੁਫ਼ਾ ਕਰਕੇ ਜਗ੍ਹਾ ਮਸ਼ਹੂਰ ਸੀ, ਉਥੇ ਆਪ ਇਕਾਂਤ ਵਿੱਚ ਆ ਕੇ ਬੈਠਿਆ ਕਰਦੇ ਸਨ। ਜਦੋਂ ਪਹਿਲਾਂ-ਪਹਿਲਾਂ ਬਾਬਾ ਕਰਮ ਸਿੰਘ ਜੀ ਮਹਾਰਾਜ ਇੱਥੇ ਆਏ ਸਨ ਤਾਂ ਬਾਬਾ ਜੀ ਦੇ ਪਾਸ ਸੰਗਤ ਦੀ ਆਵਾਜਾਈ ਦੇਖ ਕੇ ਇਸ ਇਲਾਕੇ ਦੇ ਪਠਾਨ ਬੜੇ ਦੁਖੀ ਹੁੰਦੇ। ਕਈਆਂ ਮਨਮੁਖਾਂ ਨੇ ਵਿਚਾਰ ਕਰਕੇ ਬਾਬਾ ਜੀ ਪਾਸ ਅਰਜ਼ ਕੀਤੀ ਕਿ ਪੀਰ ਜੀ! ਤੁਹਾਡੇ ਵਾਸਤੇ ਅਸੀਂ ਬਹੁਤ ਸੋਹਣੀ ਗੁਫ਼ਾ ਖੋਦੀ ਹੈ ਆਪ ਉਸ ਜਗ੍ਹਾ ਭਜਨ ਕਰਿਆ ਕਰੋ। ਇੱਥੇ ਇੱਕ ਪਹਾੜੀ ਵਿੱਚ ਕੁਦਰਤੀ ਗੁਫ਼ਾ ਬਣੀ ਹੋਈ ਸੀ ਜਿੱਥੇ ਕਿ ਆਪਣੇ ਦੋ ਬੱਚਿਆਂ ਸਮੇਤ ਬਘਿਆੜੀ ਰਹਿੰਦੀ ਸੀ। ਜਾਣੀ ਜਾਣ ਦਾਤੇ ਨੇ ਇੱਥੇ ਆਕੇ ਰਹਿਣਾ ਪਸੰਦ ਕਰ ਲਿਆ। ਫਿਰ ਮੁੜ ਕੇ ਉਹ ਬਘਿਆੜੀ ਇੱਥੇ ਕਦੀ ਨਹੀਂ ਸੀ ਆਈ ਤੇ ਇਸ ਦਾ ਨਾਮ ਹੀ ਬਘਿਆੜੀ ਵਾਲੀ ਗੁਫ਼ਾ ਪੈ ਗਿਆ। ਇਹ ਪਰਤੱਖ ਸ਼ਕਤੀ ਵੇਖਕੇ ਫਿਰ ਉਨ੍ਹਾਂ ਮਨਮੁਖ ਲੋਕਾਂ ਨੇ ਬਾਬਾ ਜੀ ਤੋਂ ਮਾਫ਼ੀ ਮੰਗੀ। ਇੱਥੇ ਆਪ ਇਕੱਲੇ ਹੀ ਇਕਾਂਤ ਵਿੱਚ ਆਕੇ ਬੈਠਿਆ ਕਰਦੇ ਸਨ।

# ਨਾਮ ਦੀ ਦਾਤ ਪ੍ਰਾਪਤ ਹੋਣੀ

ਅੱਜ ਜਦੋਂ ਆਪ ਜੀ ਇੱਥੇ ਆਏ ਤਾਂ ਸਿਰਫ ਸੰਤ ਅਤਰ ਸਿੰਘ ਜੀ ਹੀ ਨਾਲ ਸਨ। ਗੁਫ਼ਾ ਵਿੱਚ ਪੁੱਜਕੇ ਬਾਬਾ ਕਰਮ ਸਿੰਘ ਜੀ ਕੁਝ ਸਮਾਂ ਬਿਰਾਜ ਗਏ। ਸੰਤ ਅਤਰ ਸਿੰਘ ਜੀ ਚਰਨਾਂ ਨੂੰ ਮੁੱਠੀਆਂ ਭਰਣ ਲਗ ਪਏ। ਥੋੜ੍ਹੀ ਦੇਰ ਤੋਂ ਬਾਅਦ ਬਾਬਾ ਜੀ ਉੱਠ ਬੈਠੇ ਤੇ ਸੰਤ ਅਤਰ ਸਿੰਘ ਜੀ ਹੋਰਾਂ ਨਾਲ ਬਚਨ ਕਰਨ ਲਗੇ, "ਅਤਰ ਸਿੰਘ! ਮਨ ਵਿੱਚ ਕੀ ਇੱਛਾ ਹੈ ਕੁਝ ਮੰਗ ਲੈ?" ਬਾਬਾ ਜੀ ਦਾ ਬਚਨ ਸੁਣਕੇ ਸੰਤ ਅਤਰ ਸਿੰਘ ਜੀ ਨੇ ਗਲ ਪੱਲਾ ਪਾਇਆ, ਹੱਥ ਜੋੜੇ, ਝੋਲੀ ਅੱਡੀ ਤੇ ਅਰਜ਼ ਕੀਤੀ:

ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥

(ਪੰਨਾ ੬੧੫)

"ਜੀ ਸੱਚੇ ਸਾਹਿਬ! ਆਪ ਘਟ-ਘਟ ਦੀ ਜਾਨਣਹਾਰ ਹੋ।" ਨਿਮਾਣੇ ਨੂੰ ਮਾਣ ਬਖ਼ਸ਼ਣ ਵਾਸਤੇ ਦਿਲ ਦੀ ਜਾਣ ਲਈ। ਝੋਲੀ ਅੱਡੀ ਹੈ ਨਾਮ ਦੀ ਖ਼ੈਰ ਪਾਓ। ਬਾਬਾ ਜੀ ਨੇ ਹੱਸ ਕੇ ਕਿਹਾ, "ਬਰਤਨ ਤਾਂ ਬਹੁਤ ਸਾਫ਼ ਹੈ, ਲਓ ਫਿਰ ਜਗਤ ਗੁਰੂ ਸਤਿਗੁਰੂ ਨਾਨਕ ਸਾਹਿਬ ਜੀ ਦੇ ਘਰ ਦਾ ਪ੍ਰਸ਼ਾਦਿ।" ਬਾਬਾ ਜੀ ਨੇ ਨਾਮ ਦਾਨ ਦੇ ਕੇ ਐਸਾ ਰੰਗ ਚਾੜ੍ਹਿਆ ਕਿ ਉਸ ਸਮੇਂ ਦੁਨੀਆਂ ਦੇ ਰਹਿਬਰ ਬਣਾ ਦਿੱਤੇ। ਰਸਨਾ ਦੁਆਰਾ ਸਿਮਰਨ ਦੀ ਜੁਗਤੀ, ਸਵਾਸ-ਸਵਾਸ ਦਾ ਅਭਿਆਸ, ਸ਼ਬਦ ਸੁਰਤ ਦਾ ਮਿਲਾਪ, ਅੰਤਰ ਆਤਮੇਂ ਦੀਦਾਰ ਸਾਰੀਆਂ ਸਟੇਜਾਂ ਦੀ ਵਾਕਫ਼ੀ ਤੋਂ ਬਾਅਦ ਅੱਜ ਪਹਿਲੇ ਦਿਨ ਹੀ ਮੰਜ਼ਲੇ ਮਕਸੂਦ ਤੇ ਪਹੁੰਚਾ ਦਿੱਤੇ। ਵਾਹ-ਵਾਹ! ਅਰਸ਼ੀ ਦਾਤਾਰ ਦੀ ਮਿਹਰ ਨੇ ਇਸ ਜਗਤ ਨੂੰ ਹਰੀ ਦਾ ਰੂਪ ਦਰਸਾ ਦਿਤਾ, ਇਹ ਅਵਸਥਾ ਹੋ ਗਈ:

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥

(ਪੰਨਾ ੧੨੬੫)

ਸਾਰੇ ਤੱਤਾਂ ਤੋਂ ਸਿਮਰਨ ਦੀ ਆਵਾਜ਼ ਆਉਣ ਲਗ ਪਈ:

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ<br>
ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥

(ਪੰਨਾ ੫੪੦)

ਸਾਰੀਆਂ ਅਵਸਥਾ ਤੈਅ ਕਰਕੇ ਅੰਤਰ ਗਿਆਨ ਦਾ ਦੀਪ ਜਗਾ ਦਿਤਾ:

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥

(ਪੰਨਾ ੭੦੦)

ਨਿਰਵਿਕਲਪ ਅਵਸਥਾ ਪ੍ਰਾਪਤ ਹੋ ਗਈ ਤਾਂ ਬਾਬਾ ਜੀ ਨੇ ਬਚਨ ਕੀਤਾ ਕਿ ਭਾਈ ਅਤਰ ਸਿੰਘ! ਇਹ ਸਾਰੀ ਪ੍ਰਮੇਸ਼ਵਰ ਦੇ ਨਾਮ ਦੀ ਮਹਿਮਾ ਹੈ ਨਾਮ ਜਪਣ ਵਾਲੇ ਨਾਮੀ ਦਾ ਰੂਪ ਹੋ ਜਾਂਦੇ ਹਨ।

ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥

(ਪੰਨਾ ੬੬੭)

ਏਥੇ ਆ ਕੇ ਫੇਰ ਕਰਣ ਕਰਾਉਣ ਵਾਲਾ ਬਾਕੀ ਕੁਝ ਨਹੀਂ ਰਹਿ ਜਾਂਦਾ ਪ੍ਰੰਤੂ ਪਰਉਪਕਾਰੀ ਮਹਾਂਪੁਰਸ਼ ਏਸ ਅਵਸਥਾ ਨੂੰ ਪੁੱਜਕੇ ਵੀ ਦੁਨੀਆਂ ਦੇ ਭਲੇ ਵਾਸਤੇ ਨਿਤ ਦੀ ਕਿਰਿਆ ਤੇ ਸੇਵਾ ਸਿਮਰਨ ਵਿੱਚ ਪ੍ਰਵਿਰਤ ਹੋਏ ਰਹਿੰਦੇ ਹਨ ਤਾਂ ਕਿ ਉਨ੍ਹਾਂ ਨੂੰ ਦੇਖਕੇ ਹੋਰ ਸ਼ਰਧਾਲੂਆਂ ਦੀ ਕਲਿਆਣ ਹੋ ਸਕੇ।

ਆਪ ਨਾਮ ਨੂੰ ਜਪਦੇ ਹਨ ਦੂਜਿਆਂ ਨੂੰ ਜਪਾਉਣ ਵਾਸਤੇ ਨਾਮ ਹੀ ਉਨ੍ਹਾਂ ਦਾ ਜੀਵਨ ਬਣ ਜਾਂਦਾ ਹੈ। ਉਨ੍ਹਾਂ ਨੂੰ ਅੱਠੇ ਪਹਿਰ ਨਾਮ ਦੀ ਮਸਤੀ, ਨਾਮ ਦੀ ਖੁਮਾਰੀ ਹੀ ਚੜ੍ਹੀ ਰਹਿੰਦੀ ਹੈ:

*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ ॥*

ਤੁਸੀਂ ਵੀ ਬੇਅੰਤ ਜੀਵਾਂ ਦਾ ਭਲਾ ਕਰਣਾ ਹੈ, ਟੁੱਟੀਆਂ ਸੁਰਤਾਂ ਸਿਮਰਨ ਵਿੱਚ ਜੋੜਨੀਆਂ ਹਨ, ਵਿਛੜੀਆਂ ਰੂਹਾਂ ਦਾ ਹਰੀ ਨਾਲ ਮਿਲਾਪ ਕਰਾਉਣਾ ਹੈ, ਦੁਨੀਆਂ ਦੀ ਮਰਯਾਦਾ ਕਾਇਣ ਰਖਣ ਵਾਸਤੇ ਰੱਬੀ ਕਾਰਕ ਵੀ ਤੁਹਾਡੇ ਦਰ ਤੇ ਸੇਵਾ ਕਰਕੇ ਵਰੋਸਾਉਣਗੇ ਜੋ ਫੇਰ ਜੀਵਾਂ ਨੂੰ ਭਉਜਲ ਤੋਂ ਤਾਰਨ ਵਾਸਤੇ ਆਪ ਬੋਹਿਥਾ ਬਣਨਗੇ। ਆਖ਼ਰੀ ਸਵਾਸਾਂ

ਤੱਕ ਅੰਮ੍ਰਿਤ ਵੇਲੇ ਜਾਗਕੇ ਇਸ਼ਨਾਨ ਤੇ ਸਿਮਰਨ ਵਲੋਂ ਅਵੇਸਲੇ ਨਹੀਂ ਹੋਣਾ। ਸਭ ਤੋਂ ਵੱਡੀ ਇਹ ਸੂਰਬੀਰਤਾ ਹੈ ਕਿ ਪੰਜੇ ਵਿਕਾਰਾਂ ਦਾ ਨਾਸ ਕਰਨਾ।

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥

(ਪੰਨਾ ੪੦੪)

ਨਾਮ ਤੇ ਦ੍ਰਿੜ ਵਿਸ਼ਵਾਸ ਰਖਣਾ:

ਊਠਤ ਬੈਠਤ ਸੋਵਤ ਧਿਆਈਐ ॥
ਮਾਰਗਿ ਚਲਤ ਹਰੇ ਹਰਿ ਗਾਈਐ ॥੧॥
ਸ੍ਰਵਨ ਸੁਨੀਜੈ ਅੰਮ੍ਰਿਤ ਕਥਾ ॥
ਜਾਸੁ ਸੁਨੀ ਮਨਿ ਹੋਇ ਅਨੰਦਾ
ਦੂਖ ਰੋਗ ਮਨ ਸਗਲੇ ਲਥਾ ॥੧॥

(ਪੰਨਾ ੩੮੬)

ਅਧਿਕਾਰੀਆਂ ਨੂੰ ਅੱਗੇ ਨਾਮ ਜਪਣ ਦਾ ਉਪਦੇਸ਼ ਦੇਣਾ, ਲੰਗਰ ਚਲਾਉਣੇ, ਰਿਹਾਇਸ਼ ਦੁਆਰਾ ਸੰਗਤਾਂ ਨੂੰ ਆਰਾਮ ਦੇਣਾ, ਜਾਓ ਰਿੱਧੀਆਂ ਸਿੱਧੀਆਂ ਤੁਹਾਡੇ ਚਰਨ ਚੁੰਮਣਗੀਆਂ ਅਤੇ ਤੁਹਾਡੇ ਦਰ ਤੇ ਵੱਡੇ-ਵੱਡੇ ਆਕੜਖਾਨਾਂ ਦੀਆਂ ਧੌਣਾਂ ਝੁਕਣਗੀਆਂ। ਜਦ ਇਸ ਤਰ੍ਹਾਂ ਦੇ ਵਰ ਤੇ ਹੋਰ ਬਹੁਤ ਸਾਰੀ ਸਿੱਖਿਆ ਦੇ ਬਚਨ ਆਖਕੇ ਪਿੱਠ ਤੇ ਥਾਪੜਾ ਤੇ ਅਸ਼ੀਰਵਾਦ ਦਿੱਤੀ ਤਦ ਉਸ ਸਮੇਂ ਸੰਤ ਅਤਰ ਸਿੰਘ ਜੀ ਨੇ ਅਰਜ਼ ਕੀਤੀ, "ਮਹਾਰਾਜ! ਆਪ ਜੀਆਂ ਦੇ ਰਖਵਾਲੇ ਹੋ, ਆਪ ਜੀ ਦਾ ਹੀ ਆਸਰਾ ਹੈ ਜਿਵੇਂ ਕਿਵੇਂ ਆਪਣੇ ਬਿਰਦ ਬਾਣੇ ਦੀ ਆਪ ਹੀ ਲਾਜ ਰਖਣੀ ਹੈ। ਮਨ ਨੂੰ ਡੋਲਣ ਤੋਂ ਰੋਕਣਾ ਇਹ ਆਪ ਜੀ ਦੀ ਕ੍ਰਿਪਾ ਤੋਂ ਬਗ਼ੈਰ ਨਹੀਂ ਹੋ ਸਕਦਾ।"

ਮੁਝ ਤੇ ਕਛੂ ਨ ਹੋਆ ਹੋਨ ॥

(ਪੰਨਾ ੪੫੮)

ਇਤਨੇ ਨੂੰ ਟਾਈਮ ਹੋਇਆ ਜਾਣਕੇ ਛੋਟੇ ਸੰਤਾਂ ਬਾਬਾ ਲਾਲ ਸਿੰਘ ਜੀ ਹੋਰਾਂ ਆਕੇ ਅਰਜ਼ ਕੀਤੀ, "ਮਹਾਰਾਜ ਗੁਫ਼ਾ ਤੇ ਹਜ਼ੂਰ ਦਾ ਪ੍ਰਸ਼ਾਦ ਆ ਗਿਆ ਹੈ ਆਪ ਚੱਲ ਕੇ ਛਕੋ।" ਇਸ ਸਮੇਂ ਸੰਤ ਗੁਫ਼ਾ ਤੇ ਆ ਗਏ ਜਿੱਥੇ ਦਰਸ਼ਨਾਂ ਵਾਸਤੇ ਬੇਅੰਤ ਸੰਗਤ ਇਕੱਠੀ ਹੋਈ ਉਡੀਕ ਰਹੀ ਸੀ। ਇੱਥੇ ਆ ਕੇ ਬਾਬਾ ਜੀ ਨੇ ਪ੍ਰਸ਼ਾਦ ਛਕਿਆ ਅਤੇ ਬਾਅਦ ਵਿੱਚ ਬਿਰਾਜ ਗਏ।

ਜਦੋਂ ਬਾਬਾ ਜੀ ਦੇ ਪ੍ਰਸ਼ਾਦ ਛਕਣ ਦਾ ਟਾਈਮ ਹੁੰਦਾ ਤਾਂ ਸੇਵਾਦਾਰ ਥਾਲ ਪਰੋਸ ਕੇ ਗੁਫ਼ਾ ਅੰਦਰ ਸੰਤਾਂ ਅੱਗੇ ਜਾ ਰਖਦਾ ਅਤੇ ਆਪ ਬਾਹਰ ਆ ਜਾਂਦਾ ਜਿੱਥੇ ਹੋਰ ਬਹੁਤ ਸਾਰੀ ਸੰਗਤ ਸੀਤ ਪ੍ਰਸ਼ਾਦ ਲੈਣ ਦੀ ਉਡੀਕ ਵਿੱਚ ਬੈਠੀ ਹੁੰਦੀ। ਉਸ ਸਮੇਂ ਬਾਬਾ ਜੀ ਥਾਲ ਤੋਂ ਰੁਮਾਲ ਉਤਾਰ ਕੇ ਇੱਕ ਫੁਲਕਾ ਤੇ ਥੋੜ੍ਹੀ ਜਿਹੀ ਮੂੰਗੀ ਦੀ ਦਾਲ ਇੱਕ ਬਾਟੇ ਵਿੱਚ ਪਾ ਲੈਂਦੇ, ਬਾਕੀ ਦਾ ਥਾਲ ਉਸੇ ਤਰ੍ਹਾਂ ਸੁੱਚਾ ਹੀ ਰੁਮਾਲ ਦੇ ਕੇ ਢੱਕ ਦਿੱਤਾ ਜਾਂਦਾ। ਉਸ ਦਾਲ ਵਿੱਚ ਫੁਲਕਾ ਚੂਰ ਕੇ ਘੁੱਟ-ਘੁੱਟ ਕਰਕੇ ਛਕ ਲੈਂਦੇ, ਫੇਰ ਜਲ ਵਰਤ ਕੇ ਸੇਵਾਦਾਰ ਨੂੰ ਆਵਾਜ਼ ਦਿੰਦੇ ਕਿ ਥਾਲ ਬਾਹਰ ਲੈ ਜਾਓ।

ਹੁਕਮ ਅਨੁਸਾਰ ਸੇਵਾਦਾਰ ਆਉਂਦਾ ਅਰ ਜਦੋਂ ਥਾਲ ਲੈ ਕੇ ਗੁਫ਼ਾ ਤੋਂ ਬਾਹਰ ਨਿਕਲਦਾ ਤਾਂ ਬੈਠੀ ਹੋਈ ਸੰਗਤ ਸੰਤਾਂ ਦਾ ਸੀਤ ਪ੍ਰਸ਼ਾਦਿ ਜਾਣਕੇ ਥਾਲ ਵੱਲ ਉਡ ਕੇ ਪੈ ਜਾਂਦੀ ਤੇ ਮਸਾਂ ਕਿਣਕਾ-ਕਿਣਕਾ ਹੀ ਪ੍ਰਸ਼ਾਦਿ ਦਾ ਹਿੱਸੇ ਆਉਂਦਾ ਜਿਸਨੂੰ ਛਕ ਕੇ ਸ਼ਰਧਾਲੂ ਰੋਗੀਆਂ ਦੇ ਰੋਗ ਵੀ ਦੂਰ ਹੋ ਜਾਂਦੇ। ਬਹੁਤ ਸਾਰੇ ਪ੍ਰੇਮੀ ਆਪਣੇ ਘਰੀਂ ਲੈ ਜਾਂਦੇ। ਇਹ ਮਰਯਾਦਾ ਵੱਡੇ ਬਾਬਾ ਜੀ ਤੋਂ ਲੈ ਕੇ ਬਾਬਾ ਆਇਆ ਸਿੰਘ ਜੀ ਮਹਾਰਾਜ ਤੱਕ ਚੱਲੀ ਆਉਂਦੀ ਰਹੀ।

ਉਸ ਸਮੇਂ ਬਾਬਾ ਅਤਰ ਸਿੰਘ ਜੀ ਨੇ ਵੀ ਸੀਤ ਪ੍ਰਸ਼ਾਦਿ ਲਿਆ ਅਤੇ ਓਥੋਂ ਹੀ ਆਗਿਆ ਪਾਕੇ 'ਕਲਪਾਣੀ' ਦੇ ਸਟੇਸ਼ਨ ਤੋਂ ਗੱਡੀ ਬੈਠਕੇ ਪਿਸ਼ਾਵਰ ਚਲੇ ਗਏ।

# ਸੰਤ ਸੰਪ੍ਰਦਾਇ ਦੀ ਨਾਦੀ ਬੰਸਾਵਲੀ

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਭਾਈ ਦਇਆ ਸਿੰਘ ਜੀ (ਪੰਜਾਂ ਪਿਆਰਿਆਂ ਦੇ ਮੁੱਖੀ)

ਬਾਬਾ ਸ਼ੋਭਾ ਸਿੰਘ ਜੀ (ਅਨੰਦਪੁਰ ਸਾਹਿਬ ਵਾਲੇ)

ਬਾਬਾ ਸਾਹਿਬ ਸਿੰਘ ਜੀ ਬੇਦੀ (ਊਨਾ ਸਾਹਿਬ ਵਾਲੇ)

ਬਾਬਾ ਭਾਗ ਸਿੰਘ ਜੀ (ਕੁਰ੍ਹੀ ਵਾਲੇ)

ਬਾਬਾ ਬੀਰ ਸਿੰਘ ਜੀ (ਨੌਰੰਗਾਬਾਦ ਵਾਲੇ)

ਬਾਬਾ ਮਹਾਰਾਜ ਸਿੰਘ ਜੀ (ਨੌਰੰਗਾਬਾਦ ਵਾਲੇ)

ਬਾਬਾ ਖ਼ੁਦਾ ਸਿੰਘ ਜੀ (ਲਾਹੌਰ ਵਾਲੇ)

ਬਾਬਾ ਰਾਮ ਸਿੰਘ ਜੀ ਵਿਰੱਕਤ (ਨੌਰੰਗਾਬਾਦ ਵਾਲੇ)

### ਬਾਬਾ ਕਰਮ ਸਿੰਘ ਜੀ ਮਹਾਰਾਜ (ਹੋਤੀ ਮਰਦਾਨ ਵਾਲੇ)

ਬਾਬਾ ਆਇਆ ਸਿੰਘ ਜੀ (ਮਹੰਤ ਹੋਤੀ ਮਰਦਾਨ ਵਾਲੇ)

ਬਾਬਾ ਅਤਰ ਸਿੰਘ ਜੀ (ਰੇਰੂ ਸਾਹਿਬ ਵਾਲੇ)

ਸੰਤ ਗੁਰਦਿੱਤ ਸਿੰਘ ਜੀ (ਨਾਰੰਗਵਾਲ ਵਾਲੇ)

ਬਾਬਾ ਹਰਨਾਮ ਸਿੰਘ ਜੀ (ਜਿਆਣ ਵਾਲੇ)

ਸੰਤ ਅਤਰ ਸਿੰਘ ਜੀ ਘੁਨਸਾਂ ਵਾਲੇ

ਗਿਆਨੀ ਵਰਿਆਮ ਸਿੰਘ ਜੀ ਧੂਰਕੋਟ ਵਾਲੇ

ਸੰਤ ਭਗਵਾਨ ਸਿੰਘ ਜੀ (ਰੇਰੂ ਸਾਹਿਬ ਵਾਲੇ)

ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਵਾਲੇ)

ਸੰਤ ਕਿਸ਼ਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਵਾਲੇ)

ਸੰਤ ਤੇਜਾ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਵਾਲੇ) ਮੌਜੂਦਾ ਮੁਖੀ

# ਰੇਰੂ ਸਾਹਿਬ ਦੇ ਦਰਸ਼ਨ

ਨਾਲ ਦੇ ਫੌਜੀ ਤਾਂ ਪਹਿਲਾਂ ਹੀ ਭੇਜ ਦਿੱਤੇ ਸਨ ਬਾਬਾ ਜੀ ਨੇ ਤੁਰਨ ਸਮੇਂ ਪ੍ਰਸ਼ਾਦਿ ਤੇ ਸਿਰੋਪਾਓ ਦਿੱਤਾ, ਫੇਰ ਜਿਤਨਾ ਚਿਰ ੩੬ ਨੰਬਰ ਸਿੱਖ ਪਲਟਨ ਪਿਸ਼ਾਵਰ ਰਹੀ, ਆਪ ਜੀ ਦਾ ਨਿਯਮ ਬਣਿਆ ਰਿਹਾ। ਹਰੇਕ ਐਤਵਾਰ ਦੀ ਛੁੱਟੀ ਹੁੰਦੀ ਸੀ, ਸ਼ਨੀਵਾਰ ਸ਼ਾਮੀਂ ਡੇਰੇ ਆ ਜਾਣਾ, ਬਾਬਾ ਜੀ ਦੇ ਦਰਸ਼ਨ ਕਰਨੇ, ਬਚਨ ਸੁਣਨੇ ਤੇ ਹੋਰ ਗੁਰੂ ਘਰ ਦੀ ਸੇਵਾ ਕਰਨੀ। ਦੂਸਰੇ ਦਿਨ ਐਤਵਾਰ ਨੂੰ ਸ਼ਾਮੀਂ ਪਿਸ਼ਾਵਰ ਪਹੁੰਚ ਜਾਂਦੇ। ਕਾਫ਼ੀ ਸਮਾਂ ਇਹੋ ਹੀ ਨੇਮ ਨਿਭਾਉਂਦੇ ਰਹੇ। ਕਦੇ-ਕਦੇ ਛੁੱਟੀ ਦੇ ਸਮੇਂ ਜਦੋਂ ਪੰਜਾਬ ਜਾਣਾ ਤਾਂ ਇੱਕ ਦੋ ਦਿਨ ਘਰ ਠਹਿਰ ਕੇ ਫੇਰ ਹੋਤੀ ਡੇਰੇ ਹੀ ਆ ਜਾਂਦੇ ਜਾਂ ਰਾਮਪੁਰ ਪਿੰਡ ਜੈਮਲ ਸਿੰਘ ਸੂਬੇਦਾਰ ਦੇ ਘਰ ਟਿਕਦੇ ਜਾਂ ਲੈਫਟੀਨੈਂਟ ਪ੍ਰਤਾਪ ਸਿੰਘ ਦੇ ਖੂਹ ਤੇ ਰਹਿੰਦੇ ਸਨ। ਇਹ ਦੋਵੇਂ ਤੇ ਹੋਰ ਪ੍ਰੇਮੀ ਜਿਹਾ ਕਿ ਬਾਰਾ ਸਿੰਘ ਸੂਬੇਦਾਰ ਚੰਦੋਪੱਤੀ ਦਾ ਚੰਨਣ ਸਿੰਘ ਹੌਲਦਾਰ ਇਹ ਸਾਰੇ ੩੬ ਨੰਬਰ ਸਿੱਖ ਪਲਟਣ ਵਿੱਚ ਭਰਤੀ ਸਨ ਤੇ ਸੰਤਾਂ ਦੇ ਜੋੜੀਦਾਰ ਸਨ। ਇਨ੍ਹਾਂ ਦੇ ਪ੍ਰੇਮ ਦਾ ਸਦਕਾ ਹੀ ਆਪ ਕਈ-ਕਈ ਦਿਨ ਰਾਮਪੁਰ ਨਗਰ ਠਹਿਰ ਜਾਂਦੇ ਬਾਅਦ ਵਿੱਚ ਗੇਂਦਾ ਸਿੰਘ ਸੂਦ ਵੀ ਬੜਾ ਪ੍ਰੇਮੀ ਬਣ ਗਿਆ, ਜਿਸਦੀ ਦੁਕਾਨ ਤੋਂ ਡੇਰੇ ਦਾ ਸਾਰਾ ਸਮਾਨ ਆਇਆ ਕਰਦਾ ਸੀ ਤੇ ਮਹੀਨੇ ਬਾਅਦ ਹਿਸਾਬ ਕਰਕੇ ਇਕੱਠੀ ਮਾਇਆ ਦਿੱਤੀ ਜਾਂਦੀ ਸੀ।

ਛੁੱਟੀ ਦਾ ਬਹੁਤਾ ਸਮਾਂ ਹੋਤੀ ਮਰਦਾਨ ਡੇਰੇ ਜਾਂ ਰਾਮਪੁਰ ਨਗਰ ਹੀ ਬਤੀਤ ਕਰਦੇ। ਲੋਪੋਂ ਪਿੰਡ ਬਹੁਤ ਘੱਟ ਜਾਂਦੇ। ਜਦੋਂ ਵੀ ਰਾਮਪੁਰ ਨਗਰ ਆਉਂਦੇ ਤਾਂ ਕਲਗੀਆਂ ਵਾਲੇ ਪਾਤਸ਼ਾਹ ਜੀ ਦੇ ਚਰਨ-ਛੁਹ ਵਾਲੀ ਜਗ੍ਹਾ ਦਾ (ਜਿਥੇ ਹੁਣ ਰੇਰੂ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ) ਦੀਦਾਰ ਕਰਦੇ। ਉਸ ਸਮੇਂ ਇਹ ਥਾਂ ਬੇ-ਆਬਾਦ ਸੀ ਜੋ ਨਗਰੋਂ ਬਾਹਰ ਰੋਹੀ ਵਿੱਚ ਲਹਿੰਦੇ ਵੱਲ ਨੂੰ ਫਰਲਾਂਗ ਕੁ ਦੇ ਫਾਸਲੇ ਤੇ ਹੈ ਪਰ ਖ਼ਾਸ-ਖ਼ਾਸ ਪ੍ਰੇਮੀ ਜਿਨ੍ਹਾਂ ਨੂੰ ਪਤਾ ਸੀ ਇਸ ਥਾਂ ਦੀ ਪੂਜਾ ਤੇ ਧੂਪ ਦੀਪ ਵੀ ਕਰਦੇ। ਕਈ ਗੁਰਪੁਰਬ ਅਤੇ ਤਿਥ ਤਿਉਹਾਰ ਨੂੰ ਕੜਾਹ ਪ੍ਰਸ਼ਾਦ ਦੀ ਦੇਗ ਅਰਪਦੇ ਤੇ ਭਾਵਨਾ ਵਾਲਿਆਂ ਦੀਆਂ ਭਾਵਨਾ ਪੂਰੀਆਂ ਹੁੰਦੀਆਂ। ਬੇ-ਅਦਬੀ ਤੋਂ ਸਾਰੇ ਹੀ ਭੈਅ ਕਰਦੇ ਪਰ ਇਸ ਅਸਥਾਨ ਦੀ ਸੇਵਾ ਕਰਵਾਉਣ ਦਾ ਕਿਸੇ ਨੂੰ ਕੋਈ ਖ਼ਿਆਲ ਨਹੀਂ ਸੀ। ਨਗਰ ਦਾ ਇੱਕ ਚੰਦਾ ਸਿੰਘ ਨਾਮੇ ਪ੍ਰੇਮੀ ਝੀਵਰ ਝਾੜੂ ਬੁਹਾਰੂ ਦੇ ਜਾਇਆ ਕਰਦਾ। ਛੋਟਾ ਜਿਹਾ ਕੱਚਾ ਕੋਠਾ ਵੀ ਬਣਿਆ ਹੋਇਆ ਸੀ, ਕਾਫ਼ੀ ਜੰਗਲ ਪਿਆ ਹੋਣ ਕਰਕੇ ਆਸੇ-ਪਾਸੇ ਉੱਚੀ ਨੀਵੀਂ ਥਾਂ ਟੋਏ ਟਿੱਬੇ ਤੇ ਝਾੜ ਵੀ ਉਗੇ ਸਨ।

ਜਦੋਂ ਸੰਤਾਂ ਨੇ ਪਹਿਲੀ ਵਾਰ ਦਰਸ਼ਨ ਕੀਤਾ ਤਾਂ ਨਗਰ ਨਿਵਾਸੀਆਂ ਨੂੰ ਪ੍ਰੇਰਕੇ ਉਸਦੇ ਉਦਾਲੇ ਕੱਚੀ ਦੀਵਾਰ ਚਿਣਵਾ ਦਿੱਤੀ, ਟੋਏ ਟਿੱਬੇ ਵੀ ਭਰਵਾ ਦਿੱਤੇ, ਜੰਗਲ ਤੇ ਝਾੜ ਸਾਫ਼ ਕਰਵਾ ਦਿੱਤੇ ਤਾਂ ਕਿ ਥਾਂ ਦਾ ਅਦਬ ਬਣਿਆ ਰਹੇ। ਇਤਨੇ ਨੂੰ ਛੁੱਟੀ ਦੇ ਦਿਨ ਪੂਰੇ ਹੋ ਗਏ ਫਿਰ ਆਪਣੀ ਪਲਟਨ ਵਿੱਚ ਪਿਸ਼ਾਵਰ ਆ ਗਏ।

## ਹੌਲਦਾਰੀ ਦਾ ਵਰ

ਐਤਕੀਂ ਜਦੋਂ ਸੰਤ ਸ਼ਨੀਵਾਰ ਨੂੰ ਹੋਤੀ ਮਰਦਾਨ ਬਾਬਾ ਜੀ ਦੇ ਦਰਸ਼ਨਾਂ ਵਾਸਤੇ ਗਏ ਤਾਂ ਉਸ ਸਮੇਂ ਵੱਡੇ ਸੰਤ ਬਾਹਰ ਬਰੇਤੀ ਤੇ ਬੈਠੇ ਸਨ। ਆਪ ਜੀ ਨੇ ਪਾਵਨ ਚਰਨਾਂ ਤੇ ਸਿਰ ਰੱਖਕੇ ਸਜਲ ਨੇਤ੍ਰੀ ਮੱਥਾ ਟੇਕਿਆ। ਉਸ ਵੇਲੇ ਮਿਹਰਾਂ ਦੇ ਘਰ ਵਿੱਚ ਆ ਕੇ ਬਾਬਾ ਜੀ ਕਹਿਣ ਲੱਗੇ, "ਆ ਬਈ ਹੌਲਦਾਰਾ! ਰਾਜ਼ੀ ਹੈਂ? ਬੜੇ ਚਿਰ ਬਾਅਦ ਆਇਆ ਹੈਂ।" ਸੰਤਾਂ ਅਰਜ਼ ਕੀਤੀ, "ਹਜ਼ੂਰ! ਐਤਕੀਂ ਛੁੱਟੀ ਕਟਣ ਪੰਜਾਬ ਚਲਾ ਗਿਆ ਸੀ, ਰਾਮਪੁਰ ਨਗਰ ਦਸਵੇਂ ਪਾਤਸ਼ਾਹ ਜੀ ਦਾ ਪਾਵਨ ਅਸਥਾਨ ਹੈ ਪਰ ਅਜੇ ਉਹ ਆਬਾਦ ਨਹੀਂ ਹੋਇਆ। ਉਸ ਜਗ੍ਹਾ ਦੀ ਸੇਵਾ ਕਰਵਾਉਂਦੇ ਰਹੇ, ਉਦਾਲੇ ਕੱਚੀ ਚਾਰ ਦਿਵਾਰੀ ਤੇ ਉੱਚੀ ਨੀਵੀਂ ਥਾਂ ਪੱਧਰ ਕਰਵਾ ਦਿੱਤੀ ਹੈ।"

ਇਹ ਬਚਨ ਸੁਣਕੇ ਬਾਬਾ ਕਰਮ ਸਿੰਘ ਜੀ ਮਹਾਰਾਜ ਬੜੇ ਪ੍ਰਸੰਨ ਹੋਏ ਤੇ ਬਚਨ ਕੀਤਾ, "ਇਹ ਤੁਸਾਂ ਬਹੁਤ ਚੰਗਾ ਕੀਤਾ ਹੈ ਸਾਡਾ ਤਾਂ ਤੁਹਾਨੂੰ ਕਹਿਣ ਦਾ ਪਹਿਲਾਂ ਹੀ ਖ਼ਿਆਲ ਸੀ। ਹੁਣ ਤੁਸੀਂ ਉਸੇ ਅਸਥਾਨ ਦੀ ਸੇਵਾ ਮੁਕੰਮਲ ਕਰਵਾਓ ਤੇ ਮਾਲਵੇ ਦੇਸ਼ ਵਿੱਚ ਗੁਰਮਤਿ ਦਾ ਪ੍ਰਚਾਰ ਕਰੋ।" ਤਾਂ ਸੰਤਾਂ ਅਰਜ਼ ਕੀਤੀ, "ਦਾਤਾ! ਜੇਕਰ ਹੁਕਮ ਹੋਵੇ ਤਾਂ ਫੌਜ ਵਿੱਚੋਂ ਨਾਵਾਂ ਕਟਵਾ ਲਵਾਂ? ਤੁਹਾਡੇ ਚਰਨਾਂ ਵਿੱਚ ਰਹਿਕੇ ਸਿਮਰਨ ਕਰਨ ਨੂੰ ਬੜਾ ਜੀਅ ਕਰਦਾ ਹੈ।" ਬਾਬਾ ਜੀ ਨੇ ਹੁਕਮ ਕੀਤਾ, "ਅਜੇ ਨਹੀਂ, ਹੌਲਦਾਰੀ ਪੈਨਸ਼ਨ ਹੋਏ ਤੋਂ ਨਾਵਾਂ ਕਟਵਾਉਣਾ ਫੇਰ ਤੁਹਾਨੂੰ ਕਿਸੇ ਦਾ ਮੁਹਤਾਜ ਨਹੀਂ ਹੋਣਾ ਪਵੇਗਾ। ਪੈਨਸ਼ਨ ਦੀ ਮਾਇਆ ਵਿੱਚ ਵੀ ਗੁਜ਼ਾਰਾ ਚੱਲੀ ਜਾਏਗਾ। ਸਿਮਰਨ ਵਾਸਤੇ ਬੜਾ ਸਮਾਂ ਪਿਆ ਹੈ ਇਹ ਵੀ ਤੁਹਾਡੇ ਮਨ ਦੀ ਇੱਛਾ ਪੂਰੀ ਹੋ ਜਾਵੇਗੀ।"

ਬਾਬਾ ਜੀ ਦੀ ਰਸਨਾ ਤੋਂ ਇਹ ਮਿਹਰਾਂ ਭਰੇ ਬਚਨ ਸੁਣਕੇ ਸੰਤਾਂ ਨੇ ਫੇਰ ਅਰਜ਼ ਕੀਤੀ, "ਮਹਾਰਾਜ! ਅਜੇ ਤਾਂ ਲੈਸ ਨਾਇਕ ਵੀ ਨਹੀਂ ਹੋਇਆ, ਹਵਾਲਦਾਰੀ ਤਾਂ ਬੜੀ ਦੂਰ ਹੈ।" ਹਜ਼ੂਰ ਕਹਿਣ ਲਗੇ, "ਕੋਈ ਗੱਲ ਨਹੀਂ ਤੈਨੂੰ ਅਸੀਂ ਸਿੱਧਾ ਹੀ ਹਵਾਲਦਾਰ ਬਣਾ ਦੇਣਾ ਹੈ।" ਏਸ ਤਰ੍ਹਾਂ ਦੇ ਬਚਨ ਬਿਲਾਸ ਕਰਨ ਤੋਂ ਬਾਅਦ ਉਸੇ ਜਗ੍ਹਾ ਹੀ ਰਾਤ ਦਾ ਪ੍ਰਸ਼ਾਦਾ ਆ ਗਿਆ, ਸਾਰਿਆਂ ਨੇ ਛਕਿਆ। ਬਾਬਾ ਜੀ ਪਲੰਘ ਤੇ ਬਿਰਾਜੇ ਸਨ ਆਪ ਕਾਫ਼ੀ ਸਮਾਂ ਚਰਨ ਘੁੱਟਦੇ ਰਹੇ ਫੇਰ ਬਾਬਾ ਜੀ ਦੀ ਆਗਿਆ ਪਾ ਕੇ ਪਲੰਘ ਦੇ ਹੇਠਾਂ ਬਰੇਤੀ ਤੇ ਹੀ ਸੌਂ ਗਏ। ਰਾਤ ਦੇ ਇੱਕ ਵਜੇ ਸਾਵਾਧਾਨ ਹੋ ਕੇ ਸੰਤਾਂ ਦੇ ਨਾਲ ਹੀ ਇਸ਼ਨਾਨ ਕੀਤਾ ਤੇ ਉਸ ਜਗ੍ਹਾ ਸਿਮਰਨ ਵਿੱਚ ਜੁੜ ਬੈਠੇ। ਪਹੁ ਫੁਟਾਲਾ ਹੋਏ ਤੋਂ ਪਾਲਕੀ ਲੈਕੇ ਸੰਗਤ ਆਈ ਬਾਬਾ ਜੀ ਅਸਵਾਰ ਹੋ ਕੇ ਡੇਰੇ ਨੂੰ ਚੱਲੇ। ਅਗਲੇ ਪਾਸੇ ਸੰਤ ਅਤਰ ਸਿੰਘ ਜੀ ਨੇ ਮੋਢਾ ਦਿੱਤਾ ਪਿਛਲੇ ਪਾਸੇ ਬਦਲ-ਬਦਲ ਕੇ ਸਾਰੀ ਸੰਗਤ ਚਲਦੀ ਰਹੀ। ਸੰਤਾਂ ਨੇ ਡੇਰੇ ਪੁੱਜ ਕੇ ਸੰਗਤਾਂ ਨੂੰ ਦਰਸ਼ਨ ਦਿੱਤਾ।

ਏਥੋਂ ਹੀ ਬਾਬਾ ਜੀ ਤੋਂ ਆਗਿਆ ਪਾਕੇ ਆਪ ਪਿਸ਼ਾਵਰ ਛਾਉਣੀ ਵਿੱਚ ਆ ਗਏ। ਦੂਸਰੇ ਦਿਨ ਚਾਂਦਮਾਰੀ ਹੋਣੀ ਸੀ, ਰਾਤ ਨੂੰ ਹੀ ਵੱਡੇ ਅਫ਼ਸਰਾਂ ਨੇ ਸਾਰੀ ਫੌਜ ਨੂੰ ਸੁਣਾ ਦਿਤਾ। ਅਗਲੇ ਦਿਨ ਸਾਰੀ ੩੬ ਨੰ. ਸਿੱਖ ਪਲਟਨ ਨੀਯਤ ਜਗ੍ਹਾ ਤੇ ਪੁੱਜ ਗਈ। ਸਾਰੇ ਸਿਪਾਹੀ ਆਪੋ-ਆਪਣੀ ਵਾਰੀ ਅਨੁਸਾਰ ਗੋਲੀਆਂ ਚਲਾਉਂਦੇ ਰਹੇ। ਜਦੋਂ ਸੰਤ ਅਤਰ ਸਿੰਘ ਜੀ ਦੀ ਵਾਰੀ ਆਈ ਤਾਂ ਇਨ੍ਹਾਂ ਨੇ ਬਾਬਾ ਕਰਮ ਸਿੰਘ ਜੀ ਮਹਾਰਾਜ ਅੱਗੇ ਅਰਦਾਸ ਕਰਕੇ ਬੰਦੂਕ ਹੱਥ ਵਿੱਚ ਫੜੀ ਤੇ ਗੋਲੀ ਚਲਾਉਣ ਵਾਸਤੇ ਸਾਈਡ ਸਿੱਧੀ ਕੀਤੀ। ਸਾਰੀ ਪਲਟਨ ਵਿੱਚੋਂ ਕਿਸੇ ਦੀ ਇੱਕ ਗੋਲੀ ਕਿਸੇ ਦੀਆਂ ਦੋ ਗੋਲੀਆਂ ਤੇ ਕਿਸੇ ਦੀਆਂ ਤਿੰਨ ਗੋਲੀਆਂ ਨਿਸ਼ਾਨੇ ਤੇ ਬੈਠੀਆਂ ਪਰ ਜਦੋਂ ਇਨ੍ਹਾਂ ਨੇ ਸਵਾਸ ਰੋਕ ਕੇ ਨਿਸ਼ਾਨੇ ਵੱਲ ਘੋੜਾ ਦਬਿਆ ਤਾਂ ਸਾਰੀਆਂ ਗੋਲੀਆਂ ਇੱਕੋ ਥਾਂ ਤੇ ਗੁਲਜ਼ਰੀ ਵਿੱਚ ਲਗੀਆਂ। ਦੇਖਣ ਵਾਲੇ ਸਾਰੇ ਅਫ਼ਸਰ ਤੇ ਫੌਜੀ ਅਸ਼-ਅਸ਼ ਕਰ ਉੱਠੇ। ਉਸੇ ਸਮੇਂ ਪ੍ਰਸੰਨ ਹੋ ਕੇ ਸਿਪਾਹੀ ਅਤਰ ਸਿੰਘ ਜੀ ਨੂੰ ੧੯ ਜੂਨ ੧੯੯੬ ਈਸਵੀ ਨੂੰ ਇੱਕ ਦਮ ਹੌਲਦਾਰ ਅਤਰ ਸਿੰਘ ਬਣਾ ਦਿਤਾ। ਸਾਰੇ ਹੀ ਯਾਰ ਦੋਸਤ ਵਧਾਈਆਂ ਦੇਣ ਲੱਗੇ। ਸਜਣ ਮਿੱਤਰ ਬੜੇ ਪ੍ਰਸੰਨ ਹੋਏ ਕਿ ਬੜੀ ਚੰਗੀ ਗੱਲ ਹੋਈ। ਅੱਜ ਸਾਡਾ ਮਿੱਤਰ ਤਰੱਕੀ ਤੇ ਪੁੱਜਾ ਹੈ। ਸੰਤਾਂ ਨੇ ਖ਼ੁਸ਼ੀ ਵਿੱਚ ਸਤਿਗੁਰਾਂ ਦਾ ਧੰਨਵਾਦ ਕਰਦਿਆਂ ਹੋਇਆਂ ਗੁਰਦੁਆਰੇ ਸਾਹਿਬ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ ਤੇ ਗੁਰ ਚਰਨਾਂ ਵਿੱਚ ਅਰਦਾਸ ਕਰਕੇ ਰਹਿਮਤ ਮੰਗੀ।

# ਰੇਰੂ ਸਾਹਿਬ ਦੀ ਸੇਵਾ ਕਰਾਉਣ ਦਾ ਹੁਕਮ

ਉਸ ਦਿਨ ਤੋਂ ਬਾਅਦ ਸਾਰੇ ਹੀ ਫੌਜੀ ਅਫ਼ਸਰ ਤੇ ਪਲਟਨ ਦੇ ਸਿਪਾਹੀ ਆਪ ਜੀ ਦਾ ਵਧੇਰੇ ਸਤਿਕਾਰ ਕਰਨ ਲੱਗ ਪਏ। ਸ਼ਨੀਵਾਰ ਦੀ ਸ਼ਾਮ ਨੂੰ ਆਪ ਸੰਤਾਂ ਦੇ ਦਰਸ਼ਨਾਂ ਲਈ ਹੋਤੀ ਡੇਰੇ ਪੁੱਜੇ। ਹਜ਼ੂਰ ਨੂੰ ਭੇਟਾ ਅਰਪ ਕੇ ਨਮਸਕਾਰ ਕੀਤੀ ਤੇ ਤਰੱਕੀ ਹੋਣ ਵਾਲੀ ਸਾਰੀ ਵਾਰਤਾ ਦੱਸੀ ਤਾਂ ਬਾਬਾ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ, "ਹੁਣ ਤੁਹਾਡੀ ਪੈਨਸ਼ਨ ਵੀ ਹੌਲਦਾਰੀ ਹੀ ਹੋ ਜਾਵੇਗੀ ਫਿਰ ਉਸ ਪਵਿੱਤਰ ਅਸਥਾਨ ਦੀ ਸੇਵਾ ਕਰਵਾਉਣੀ, ਜਿੱਥੇ ਨੀਲੇ ਦੇ ਅਸਵਾਰ ਨੇ ਉੱਚ ਦਾ ਪੀਰ ਬਣਨ ਸਮੇਂ ਆਪਣਾ ਪਲੰਘ ਰੱਖਿਆ ਤੇ ਧਰਤੀ ਨੂੰ ਭਾਗ ਲਾਇਆ ਹੈ ਕਿਉਂਕਿ ਸੇਵਾਦਾਰ ਦੀ ਮੌਜੂਦਗੀ ਤੋਂ ਬਿਨਾਂ ਸੇਵਾ ਹੋ ਨਹੀਂ ਸਕਦੀ ਇਹ ਸੇਵਾ ਤਾਂ ਭਾਈ ਅਤਰ ਸਿੰਘ ਸੂਰਮੇ ਨੇ ਹੀ ਕਰਵਾਉਣੀ ਹੈ ਅਸੀਂ ਨੌਕਰੀ ਸਮੇਂ ਫਤੇ ਜੰਗ ਦੇ ਸ਼ਾਹਾਂ ਪਾਸੋਂ ਸੌ ਸਾਖੀ ਤੋਂ ਇਹ ਬਚਨ ਪੜ੍ਹੇ ਸਨ, ਜਿਸ ਤੇ ਕਲਗੀਆਂ ਵਾਲੇ ਪਾਤਸ਼ਾਹ ਨੇ ਆਪਣੇ ਤੀਰ ਨਾਲ ਦਸਤਖ਼ਤ ਕੀਤੇ ਹੋਏ ਸਨ। ਉਹ ਲਿਖਤੀ ਸਾਖੀ ਕਿਤੇ-ਕਿਤੇ ਮਿਲਦੀ ਹੈ ਆਮ ਨਹੀਂ ਕਿਉਂਕਿ ਅੰਗਰੇਜ਼ਾਂ ਨੇ ਜ਼ਬਤ ਕਰ ਲਈਆਂ ਹਨ, ਉਸ ਵਿੱਚ ਲਿਖਿਆ ਸੀ:

*"ਸੰਤ ਅਤਰ ਸਿੰਘ ਮਾਲਵੇ ਸੰਤ ਕਰਮ ਸਿੰਘ ਪੋਠੋਹਰੀ"*

ਅਸੀਂ ਉਸ ਵਿੱਚੋਂ ਇਹ ਵੀ ਬਚਨ ਪੜ੍ਹੇ ਸਨ:

*"ਕਰਮ ਸਿੰਘ ਪੂਰਾ ਅਤਰ ਸਿੰਘ ਸੂਰਾ"*

ਬਾਬਾ ਜੀ ਤੋਂ ਇਹ ਬਚਨ ਸੁਣਕੇ ਉਸ ਸਮੇਂ ਸੰਤ ਅਤਰ ਸਿੰਘ ਜੀ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਫੇਰ ਅੰਮ੍ਰਿਤ ਦਾਤੇ ਸਤਿਗੁਰਾਂ ਨੇ ਤਾਂ ਹਜ਼ੂਰ ਦਾ ਵੀ ਨਾਮ ਲਿਖਿਆ ਹੈ।" ਬਾਬਾ ਜੀ ਕਹਿਣ ਲੱਗੇ, "ਹਾਂ ਭਾਈ! ਪਿਤਾ ਨੂੰ ਪੁੱਤਰ ਪਿਆਰੇ ਹੁੰਦੇ ਹਨ, ਚੰਗੇ ਪਿਤਾ ਜੀ ਆਪਣਾ ਜਾਣ ਕੇ ਪੁੱਤਰ ਨੂੰ ਵਡਿਆਉਂਦੇ ਹਨ।" ਵੱਡੇ ਸੰਤਾਂ ਫੇਰ ਪੁੱਛਿਆ ਕਿ ਮਨ ਦੀ ਕੀ ਦਸ਼ਾ ਹੈ? ਸਿਮਰਨ ਵਿੱਚ ਜੁੜਿਆ ਹੈ? ਅੰਤਰ ਆਤਮੇਂ:

ਗੁਰਿ ਸਬਦਿ ਦੀਪਕੁ ਪਰਗਾਸਾ ॥

(ਪੰਨਾ ੨੦੭)

ਸਤਿਗੁਰ ਸਬਦਿ ਉਜਾਰੋ ਦੀਪਾ ॥

(ਪੰਨਾ ੮੨੧)

ਗਿਆਨ ਦਾ ਪ੍ਰਕਾਸ਼ ਹੋ ਗਿਆ। ਸੰਤ ਅਤਰ ਸਿੰਘ ਜੀ ਨੇ ਅਰਜ਼ ਕੀਤੀ ਕਿ ਆਪ ਹੀ ਮਨ ਜੋੜਨ ਵਾਲੇ ਤੇ ਗਿਆਨ ਦੀਪਕ ਜਗਾਉਣ ਵਾਲੇ ਹੋ।

ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜੀਉ ॥

(ਪੰਨਾ ੧੭੩)

ਇਸ ਕੀਟ ਦੀ ਕੀ ਸ਼ਕਤੀ ਹੈ, ਆਪ ਅੰਤਰਯਾਮੀ ਜੀਅ ਦੇ ਦਾਤੇ ਮਨ ਦੀ ਭਾਵਨਾ ਪੂਰੀ ਕਰਨ ਵਾਲੇ ਹੋ। ਮੇਰੀ ਵੀ ਇੱਛਾ ਪੂਰੀ ਕਰੋ।

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥

(ਪੰਨਾ ੧੩)

ਆਪ ਦੀ ਚਰਨ ਧੂੜ ਪ੍ਰਾਪਤ ਹੁੰਦੀ ਰਹੇ। ਬਾਬਾ ਜੀ ਨੇ ਏਸ ਤਰ੍ਹਾਂ ਦੀ ਨਿੰਮ੍ਰਤਾ ਤੱਕ ਕੇ ਬਚਨ ਕੀਤਾ, "ਤੇਰੀ ਘਾਲਣਾ ਥਾਂ ਪੈ ਗਈ ਸਾਧਾ! ਤੇਰਾ ਤਾਂ ਮਨ ਸਦਾ ਅਫੁਰ ਹੈ ਗੁਰੂ ਅੰਗ ਸੰਗ ਰਾਖਾ ਹੈ ਤੇਰੀ ਚੜ੍ਹਦੀ ਕਲਾ ਰਹੇਗੀ।" ਇਉਂ ਬਚਨਾਂ ਦੁਆਰਾ ਬਾਬਾ ਜੀ ਨੇ ਬੜੇ ਵਰ ਦਿੱਤੇ। ਦੂਸਰੇ ਦਿਨ ਸ਼ਾਮ ਨੂੰ ਬਾਬਾ ਜੀ ਤੋਂ ਆਗਿਆ ਲੈਕੇ ਆਪ ਪਿਸ਼ਾਵਰ ਪਲਟਨ ਵਿੱਚ ਆ ਗਏ।

# ਸਰਕਾਰ ਵਲੋਂ ਇਨਾਮ

ਇਸੇ ਤਰ੍ਹਾਂ ਇੱਕ ਵਾਰ ਜਦੋਂ ਦਿੱਲੀ ਵਿੱਚ ਵਾਇਸਰਾਏ ਹਿੰਦ ਆਇਆ ਸੀ ਉਸ ਸਮੇਂ ਵੀ ਆਪ ਜੀ ੩੬ ਨੰਬਰ ਸਿੱਖ ਪਲਟਨ ਵਲੋਂ ਦਿੱਲੀ ਵਿੱਚ ਪੁੱਜੇ ਹੋਏ ਸੀ ਕਿਉਂਕਿ ਹਰੇਕ ਪਲਟਨ ਦਾ ਇੱਕ ਸੂਬੇਦਾਰ ਤੇ ਇੱਕ ਹੌਲਦਾਰ ਸੱਦਿਆ ਗਿਆ ਸੀ। ਉਸ ਸਮੇਂ ਵੀ ਫੌਜੀ ਮੁਕਾਬਲੇ ਤੇ ਆਪ ਜੀ ਦੀਆਂ ਸਾਰੀਆਂ ਗੋਲੀਆਂ ਗੁਲਜ਼ਰੀ ਵਿੱਚ ਲੱਗੀਆਂ ਸਨ ਜਿਸਦਾ ਸਦਕਾ ਆਪ ਜੀ ਨੂੰ ਇੱਕ ਸੋਨੇ ਦਾ ਤਗਮਾ ਤੇ ੫੦੦ ਰੁਪਿਆ ਇਨਾਮ ਦਾ ਮਿਲਿਆ ਸੀ ਪਰ ਆਪ ਜੀ ਨੇ ਇਹ ਦੋਵੇਂ ਚੀਜ਼ਾਂ ਹਿੰਦਵੈਣ ਦੇ ਰਾਖੇ ਨੌਵੇਂ ਪਾਤਿਸ਼ਾਹ ਦੇ ਸ਼ਹੀਦੀ ਅਸਥਾਨ ਸੀਸ ਗੰਜ ਗੁਰਦੁਆਰੇ ਅਰਪ ਦਿੱਤੀਆਂ ਸਨ।

# ਰੇਰੂ ਸਾਹਿਬ ਦੇ ਦਰਸ਼ਨ

ਐਤਕੀਂ ਛੁੱਟੀ ਦੇ ਸਮੇਂ ਰਾਮਪੁਰ ਨਗਰ ਦੇ ਪ੍ਰੇਮੀ ਜੋ ਆਪ ਜੀ ਨਾਲ ੩੬ ਨੰਬਰ ਸਿੱਖ ਪਲਟਨ ਵਿੱਚ ਭਰਤੀ ਹੋਏ ਸਨ ਸਿੱਧੇ ਆਪਣੇ ਪਿੰਡ ਰਾਮਪੁਰ ਲੈ ਗਏ ਤੇ ਸਾਰਿਆਂ ਦਾ ਗੁਰਦੁਆਰੇ ਦੀ ਸੇਵਾ ਵਾਸਤੇ ਬੇਨਤੀ ਕਰਨ ਦਾ ਖ਼ਿਆਲ ਸੀ, ਅੰਤਰਯਾਮੀਂ ਦਾਤੇ ਨੇ ਐਤਕੀਂ ਆਪਣੀ ਰਿਹਾਇਸ਼ ਵੀ ਬਾਹਰ ਗੁਰਦੁਆਰੇ ਵਾਲੀ ਜਗ੍ਹਾ ਤੇ ਹੀ ਰਖੀ। ਪ੍ਰਸ਼ਾਦ ਪਾਣੀ ਇਨ੍ਹਾਂ ਪ੍ਰੇਮੀਆਂ ਨੇ ਭੇਜ ਦੇਣਾ ਤੇ ਆਪ ਜੀ ਇਕਾਂਤ ਵਿੱਚ ਅੱਠੇ ਪਹਿਰ ਬੰਦਗੀ ਵਿੱਚ ਜੁੜੇ ਰਹਿੰਦੇ। ਕੁਝ ਕੁ ਦਿਨਾਂ ਤੋਂ ਬਾਅਦ ਨਗਰ ਦੇ ਲੋਕ ਇਕੱਠੇ ਹੋ ਕੇ ਆਪ ਜੀ ਪਾਸ ਆਏ (ਜਿਨ੍ਹਾਂ ਵਿੱਚ ਭਗਤ ਗੇਂਦਾ ਸਿੰਘ ਲੈਫਟੀਨੈਂਟ, ਪ੍ਰਤਾਪ ਸਿੰਘ, ਚੰਨਣ ਸਿੰਘ ਹੌਲਦਾਰ ਆਦਿ ਮੁਖੀ ਸੱਜਣ ਸਨ) ਨੇ ਅਰਜ਼ ਕੀਤੀ, "ਮਹਾਰਾਜ! ਇਹ ਕਲਗੀਆਂ ਵਾਲੇ ਪਾਤਸ਼ਾਹ ਦੀ ਪਾਵਨ ਯਾਦਗਾਰ ਹੈ ਆਪ ਜੀ ਜੈਸੇ ਮਹਾਂ-ਪੁਰਸ਼ਾਂ ਨੂੰ ਹੀ ਸਰਬੰਸ ਦਾਨੀ ਇਸ ਅਸਥਾਨ ਦੀ ਸੇਵਾ ਸੌਂਪ ਗਏ ਹਨ ਸੋ ਆਪ ਇਸਦੀ ਸੇਵਾ ਕਰਵਾਓ।" ਸੰਤਾਂ ਨੇ (ਜੋ ਉਨ੍ਹਾਂ ਵਿੱਚੋਂ ਬ੍ਰਿਧ ਸਨ) ਪੁੱਛਿਆ ਕਿ ਤੁਸੀਂ ਸਾਨੂੰ ਸਾਰੀ ਵਾਰਤਾ ਖੋਲ੍ਹਕੇ ਦੱਸੋ। ਦਸ਼ਮੇਸ਼ ਪਾਤਸ਼ਾਹ ਜੀ ਨੇ ਏਥੇ ਕਦੋਂ ਚਰਨ ਪਾਏ ਤੇ ਇਸ ਧਰਤੀ ਨੂੰ ਕੀ-ਕੀ ਵਰ ਦਿਤੇ? ਸੰਤਾਂ ਦੀ ਪਾਵਨ ਰਸਨਾ ਤੋਂ ਇਸ ਤਰ੍ਹਾਂ ਦੇ ਬਚਨ ਸੁਣਕੇ ਮੁਖੀ ਬਜ਼ੁਰਗਾਂ ਨੇ ਹੱਥ ਜੋੜਕੇ ਅਰਜ਼ ਕੀਤੀ।

## ਕਲਗੀਆਂ ਵਾਲੇ ਪਾਤਸ਼ਾਹ ਦੇ ਰੇਰੂ ਸਾਹਿਬ ਆਉਣ ਦਾ ਪ੍ਰਸੰਗ

ਜਿਸ ਸਮੇਂ ਤਖ਼ਤਾਂ ਤਾਜ਼ਾਂ ਦੇ ਮਾਲਕ ਸਰਬੰਸ ਦਾਨੀ ਕਲਗੀਆਂ ਵਾਲੇ ਪਾਤਸ਼ਾਹ ਸੰਮਤ ੧੭੬੧ ਬਿਕ੍ਰਮੀ ੩ ਪੋਹ ਦੀ ਅੱਧੀ ਰਾਤ ਨੂੰ ਅਨੰਦਪੁਰੀ ਤੋਂ ਵਿਦਾ ਹੋ ਕੇ ਸਰਸੇ ਨਦੀ ਦੇ ਕੰਢੇ ਪੁਜੇ। ਏਥੋਂ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ, ਗੰਗੂ ਬ੍ਰਾਹਮਣ ਨਾਲ ਖੇੜੀ ਨੂੰ ਚਲੇ ਗਏ। ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਨੂੰ ਰਵਾਨਾ ਹੋ ਗਏ। ਉਸ ਸਮੇਂ ਹਜ਼ੂਰ ਨੇ ਅੱਠਾਂ ਮਹੀਨਿਆਂ ਦੇ ਭੁੱਖੇ ਕੇਵਲ ੪੦ ਸਿੰਘਾਂ ਤੇ ਦੋ ਵੱਡੇ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ ਲੈਕੇ ਚਮਕੌਰ ਦੀ ਕੱਚੀ ਗੜ੍ਹੀ ਵਿੱਚ ੧੪ ਲੱਖ ਵੈਰੀ ਦਾ ਮੁਕਾਬਲਾ ਕੀਤਾ। ਜਦੋਂ ਅੱਠ ਪੋਹ ਨੂੰ ੩੫ ਸਿੰਘ ਅਤੇ ਵੱਡੇ ਸਾਹਿਬਜ਼ਾਦੇ ਸ਼ਹੀਦੀ ਪਾ ਗਏ ਤਾਂ ਰਾਤ ਦੇ ਸਮੇਂ ਖਾਲਸੇ ਦੀ ਬਾਰੰਬਾਰ ਬੇਨਤੀ ਕਰਨ ਤੇ ਤਾੜੀ ਮਾਰਕੇ ਚਮਕੌਰ ਤੋਂ ਬਾਹਰ ਹੋਏ ਅਤੇ ਮਾਛੀਵਾੜੇ ਦੇ ਜੰਗਲ ਨੂੰ ਭਾਗ ਲਾਇਆ।

*ਗੜ੍ਹੀ ਚਮਕੌਰ ਨੂੰ ਛਡਕੇ ਤੁਰੇ ਸਤਿਗੁਰ,*
*ਹੁਕਮ ਕੀਤਾ ਜਾਂ ਪੰਜਾਂ ਪਿਆਰਿਆਂ ਨੇ।*
*ਗੁਰੂ ਸਿਖਾਂ ਦੇ ਤੁਰਿਆ ਇਸ਼ਾਰਿਆਂ ਤੇ,*
*ਬਦਲੀ ਜ਼ਿੰਦਗੀ ਜੀਹਦੇ ਇਸ਼ਾਰਿਆਂ ਨੇ।*
*ਦਿਤਾ ਆਸਰਾ ਰਾਹ ਦੀਆਂ ਠੋਹਕਰਾਂ ਨੇ,*
*ਜੀਹਤੋਂ ਆਸਰਾ ਲਿਆ ਸਹਾਰਿਆਂ ਨੇ।*
*ਰਕੜ ਵਿੱਚ ਬਹਾਰਾਂ ਨੂੰ ਜਨਮ ਦਿਤਾ,*
*ਓਹਦੇ ਨੈਣਾਂ ਦੇ ਬੰਦ ਨਜ਼ਾਰਿਆਂ ਨੇ।*
*ਮਾਛੀਵਾੜੇ ਵਿੱਚ ਪੈਰਾਂ ਦੇ ਹੋਏ ਛਾਲੇ,*
*ਹੰਝੂ ਖ਼ੂਨ ਦੇ ਸੁਟੇ ਵਿਚਾਰਿਆਂ ਨੇ।*
*ਅਰਸ਼ੀ ਚੰਦ ਨੂੰ ਤੱਕ ਤੱਕ ਭਰਨ ਹੌਕੇ,*
*ਸੱਬਰ ਸੁੱਤਾ ਜਾਂ ਵੇਖਿਆ ਤਾਰਿਆਂ ਨੇ।*

ਏਥੇ ਕੁਝ ਦਿਨ ਗੁਲਾਬੇ ਮਸੰਦ ਦੇ ਘਰ ਠਹਿਰ ਕੇ ਫੇਰ ਸਿੰਘਾਂ ਦਾ ਭਰੋਸਾ ਦੇਖਣ ਵਾਸਤੇ ਆਪ ਉੱਚ ਦੇ ਪੀਰ ਬਣੇ। ਕਟਾਣੇ ਸਾਹਿਬ ਤੋਂ ਅੱਗੇ ਆਕੇ ਕਨੇਚ ਨੂੰ ਜਾਂਦਿਆਂ ਹੋਇਆਂ ਰਾਮਪੁਰ ਪਿੰਡ ਦੇ ਬਾਹਰ ਆਏ, ਉਸ ਸਮੇਂ ਇਹ ਨਗਰ ਬਹੁਤ ਛੋਟਾ ਸੀ। ਇਸਦਾ ਮਾਲਕ ਜਗਤੀਆ ਔਰੰਗਜ਼ੇਬ ਦਾ ਆਦਮੀ ਸੀ। ਆਸੇ ਪਾਸੇ ਦੇ ਪਿੰਡਾਂ ਤੋਂ ਦਾਣੇ ਉਗਰਾਹ ਕੇ ਪਾਤਿਸ਼ਾਹੀ ਢਾਲ ਭਰਦਾ ਸੀ। ਜਦੋਂ ਇਸਨੇ ਬਾਜਾਂ ਵਾਲੇ ਗੁਰੂ ਦਾ ਆਉਣਾ ਸੁਣਿਆ (ਕਿਉਂਕਿ ਸਤਿਗੁਰਾਂ ਨੇ ਇਸਦੇ ਘਰ ਅੱਗੋਂ ਦੀ ਲੰਘਣਾ ਸੀ) ਇਸ ਮੰਦਭਾਗੀ ਨੇ ਘਰ ਦਾ ਦਰਵਾਜ਼ਾ ਬੰਦ ਕਰ ਲਿਆ ਕਿ ਮੈਂ ਇਨ੍ਹਾਂ ਦੇ ਦਰਸ਼ਨ ਨਹੀਂ ਕਰਦਾ, ਇਨ੍ਹਾਂ ਨੇ ਮੇਰੇ ਬਾਦਸ਼ਾਹ ਦੀ ਸੈਨਾ ਮਾਰ ਦਿੱਤੀ ਹੈ। ਇਸਦਾ ਇੱਕ ਭਤੀਜਾ ਸੀ ਜਿਸਦਾ ਪਿਓ ਮਰ ਚੁੱਕਾ ਸੀ। ਇਹ ਆਪਣੇ ਚਾਚੇ ਤੋਂ ਡਰਦਾ ਹੋਇਆ ਆਪਣੀ ਮਾਤਾ ਸਮੇਤ ਨਾਨਕੇ ਪਿੰਡ 'ਘੁਲਾਲ' ਜੋ ਕੁੱਬਿਆਂ ਦੇ ਪਾਸ ਹੈ ਰਹਿੰਦਾ ਸੀ। ਜਦੋਂ ਇਸਨੂੰ ਸਤਿਗੁਰਾਂ ਦੇ ਆਉਣ ਦਾ ਪਤਾ ਲੱਗਾ ਤਾਂ ਇਹ ਦੁੱਧ ਦੀ ਕਾਹੜਣੀ ਲੈ ਕੇ ਹਜ਼ੂਰੀ ਵਿੱਚ ਪੁੱਜਾ। ਭਾਵਨਾ ਨਾਲ ਨਮਸਕਾਰ ਕਰੀ ਤੇ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਦੁੱਧ ਛਕੋ।" ਇਸਦਾ ਪ੍ਰੇਮ ਦੇਖਕੇ ਹਜ਼ੂਰ ਨੇ ਦੁੱਧ ਸੰਗਤ ਵਿੱਚ ਵਰਤਾ ਦਿੱਤਾ ਅਤੇ ਪੁੱਛਿਆ, "ਕਾਕਾ! ਤੇਰਾ ਕੀ ਨਾਮ ਹੈ?" ਇਸਨੇ ਬੇਨਤੀ ਕੀਤੀ, "ਮਹਾਰਾਜ! ਨਾਮ ਤਾਂ ਮੇਰਾ ਬਹੁਤ ਵੱਡਾ ਹੈ ਲੋਕੀਂ ਭਾਰਾ ਕਹਿੰਦੇ ਹਨ ਪਰ ਹਾਂ ਮੈਂ ਬਹੁਤ ਗ਼ਰੀਬ ਨਿਤਾਣਾ, ਨਿਰਬਲ ਜਿਹਾ ਆਦਮੀ। ਜਾਇਦਾਦ ਦਾ ਲਾਲਚ ਕਰਕੇ ਚਾਚਾ ਮਾਰਨ ਨੂੰ ਫਿਰਦਾ ਹੈ।" ਸਤਿਗੁਰਾਂ ਕਿਹਾ, "ਉਸਦਾ ਕੀ ਨਾਮ ਹੈ?" ਉਸਨੇ ਅਰਜ਼ ਕੀਤੀ, "ਮਹਾਰਾਜ! ਜਗਤੀਆ ਹੈ। ਤੁਹਾਨੂੰ ਦੇਖਕੇ ਘਰ ਦਾ ਬੂਹਾ ਬੰਦ ਕਰ ਲਿਆ ਹੈ ਕਿ ਮੈਂ ਉਨ੍ਹਾਂ ਦਾ ਦਰਸ਼ਨ ਨਹੀਂ ਕਰਦਾ।" ਹਜ਼ੂਰ ਕਹਿੰਦੇ, "ਨਹੀਂ ਬਈ ਤੂੰ ਗ਼ਰੀਬ ਕਮਜ਼ੋਰ ਨਹੀਂ ਤੂੰ ਤਾਂ ਗੁਰੂ ਕਾ ਭਾਰਾ ਮੱਲ ਹੈਂ ਜਾਹ ਤੇਰੀ ਤੌੜੀ ਵਿੱਚ ਸਵਾ ਮਣ ਲੂਣ ਰੋਜ਼ ਪਿਆ ਕਰੇਗਾ ਤੇਰੀ ਸੰਤਾਨ ਦਾ ਕਈ ਪਿੰਡਾਂ ਵਿੱਚ ਵਾਧਾ ਹੋ ਜਾਵੇਗਾ ਤੇ ਉਹ ਗੁਰੂ ਤੋਂ ਬੇਮੁਖ ਜਿਸਨੇ ਸਾਡੇ ਆਉਣ ਤੋਂ ਘਰ ਦੇ ਦਰਵਾਜ਼ੇ ਬੰਦ ਕਰ ਲਏ ਹਨ ਨਾ ਜਗਤੀਆ ਨਾ ਭਗਤੀਆ ਕੁਮੌਤੇ ਮਰੇਗਾ।"

ਇਤਨੇ ਨੂੰ ਹੋਰ ਬਹੁਤ ਸਾਰੇ ਲੋਕਾਂ ਨੂੰ ਪਤਾ ਲਗ ਗਿਆ, ਉਹ ਵੀ ਭੇਟਾ ਲੈ ਕੇ ਦਰਸ਼ਨਾਂ ਨੂੰ ਆਏ। ਸਤਿਗੁਰਾਂ ਨੇ ਸਭਨਾਂ ਦੀ ਭਾਵਨਾ ਪੂਰੀ ਕਰਕੇ ਵਰ ਦਿੱਤੇ। ਉਸ ਸਮੇਂ ਨਗਰ ਨਿਵਾਸੀਆਂ ਨੇ ਅਰਜ਼ ਕੀਤੀ, "ਮਹਾਰਾਜ! ਆਪਣੇ ਏਥੇ ਆਵਣ ਦੀ ਸਾਨੂੰ ਕੋਈ ਨਿਸ਼ਾਨੀ ਬਖ਼ਸ਼ ਜਾਓ ਜਿਸ ਕਰਕੇ ਹਮੇਸ਼ਾ ਲਈ ਹਜ਼ੂਰ ਦੀ ਯਾਦ ਬਣੀ ਰਹੇ।" ਅੰਮ੍ਰਿਤ ਵੇਲੇ ਦਾ ਸਮਾਂ ਸੀ ਸਤਿਗੁਰਾਂ ਨੇ ਰੇਰੂ ਦੀ ਦਾਤਣ ਕਰਕੇ ਉਹ ਧਰਤੀ ਵਿੱਚ ਗੱਡ ਦਿੱਤੀ ਤੇ ਕਿਹਾ, "ਸਮਾਂ ਪਾ ਕੇ ਇਸਦਾ ਬ੍ਰਿਛ ਬਣ ਜਾਵੇਗਾ ਇਸ ਥਾਂ ਦੀ ਪੂਜਾ ਕੀਤਿਆਂ ਸੰਗਤਾਂ ਦੀਆਂ ਮਨੋਕਾਮਨਾਂ ਪੂਰੀਆਂ ਹੋਣਗੀਆਂ। ਵੀਹਵੀਂ ਸਦੀ ਵਿੱਚ ਪੂਰਨ ਮਹਾਂ-ਪੁਰਸ਼ ਇਸੇ ਥਾਂ ਨੂੰ ਪ੍ਰਗਟ ਕਰੇਗਾ।" ਇਹ ਬਚਨ ਕਹਿਕੇ ਫੇਰ ਆਪਣਾ ਪਲੰਘਾ ਚੁਕਵਾ ਕੇ ਆਪ ਅੱਗੇ ਕਨੇਚ ਚਲੇ ਗਏ। ਸੋ ਦਾਤਾ ਜੀ! ਸਤਿਗੁਰਾਂ ਦੇ ਉਹ ਬਚਨ ਸਫ਼ਲੇ ਹੋਣ ਦਾ ਸਮਾ ਆ ਚੁੱਕਾ ਹੈ ਆਪ ਸਾਡੇ ਤੇ ਕ੍ਰਿਪਾ ਕਰੋ ਤੇ ਧਰਤੀ ਨੂੰ ਭਾਗ ਲਾਓ।

ਸੰਤਾਂ ਨੇ ਫਿਰ ਉਨ੍ਹਾਂ ਪ੍ਰੇਮੀਆਂ ਨੂੰ ਪੁੱਛਿਆ ਉਸ ਜਗਤੀਏ ਦੀ ਕੀ ਹਾਲਤ ਹੋਈ? ਇਨ੍ਹਾਂ ਨੇ ਅਰਜ਼ ਕੀਤੀ ਕਿ ਮਹਾਰਾਜ। ਇਹ ਜਗਤੀਆ ਉਸੇ ਦਿਨ ਹੀ ਘੋੜੀ ਤੇ ਅਸਵਾਰ ਹੋ ਕੇ ਬਾਹਰ ਗਿਆ ਜਦੋਂ ਇੱਕ ਵੱਡਾ ਖਾਲ ਟੱਪਣ ਲੱਗਾ ਤਾਂ ਘੋੜੀ ਨੇ ਛਾਲ ਮਾਰੀ ਅਤੇ ਝਾੜ ਵਿੱਚ ਬੈਠਾ ਸਿਹਾ ਡਰਕੇ ਭਜ ਗਿਆ, ਉਸ ਸਮੇਂ ਘੋੜੀ ਤ੍ਰਬਕ ਗਈ ਜਗਤੀਆ ਹੇਠ ਆ ਡਿਗਿਆ। ਡਿਗਦਿਆਂ ਹੀ ਰਕਾਬ ਵਿੱਚ ਪੈਰ ਫਸ ਗਿਆ ਤੇ ਘਿਸਰਦਿਆਂ-ਘਿਸਰਦਿਆਂ ਸਾਰਾ ਸਰੀਰ ਛਿੱਲਿਆ ਗਿਆ ਤੇ ਉਹ ਕਮੌਤੇ ਮਰ ਗਿਆ ਅਤੇ ਭਾਰੇ ਮਲ ਦੀ ਔਲਾਦ ਦੇ ਮਾਂਗਟ ਇਤਨੇ ਵਧੇ ਹਨ ਕਿ ਉਨ੍ਹਾਂ ਦੇ ਹੁਣ ਕਈ ਪਿੰਡ ਹਨ। ਸਵਾ ਮਣ ਲੂਣ ਰੋਜ਼ ਦਾ ਖਰਚ ਹੁੰਦਾ ਹੈ ਅਤੇ ਜਗਤੀਏ ਦੀ ਬੰਸ ਵਿੱਚੋਂ ਸਿਰਫ ਤਿੰਨ ਘਰ ਹੀ ਰਾਮਪੁਰ ਪਿੰਡ ਵਿੱਚ ਵਸਦੇ ਹਨ।

ਇਉਂ ਚੋਜੀ ਪ੍ਰੀਤਮ ਦੇ ਏਥੇ ਪੁੱਜਣ ਦਾ ਸਾਰਾ ਪ੍ਰਸੰਗ ਸੁਣਕੇ ਸੰਤਾਂ ਦੇ ਨੇਤਰਾਂ ਵਿੱਚੋਂ ਵੈਰਾਗ ਦਾ ਜਲ ਆ ਗਿਆ ਅਤੇ ਉਸ ਸਮੇਂ ਇਸ ਅਸਥਾਨ ਨੂੰ ਆਬਾਦ ਕਰਨ ਦਾ ਪੱਕਾ ਇਰਾਦਾ ਬਣਾ ਲਿਆ। ਇੱਕ ਤਾਂ ਸਰਬੰਸ ਦਾਨੀ ਸਤਿਗੁਰਾਂ ਦੀ ਯਾਦਗਾਰ ਕਾਇਮ ਹੋ ਜਾਵੇਗੀ ਜਿੱਥੇ ਸ਼ਰਧਾਲੂਆਂ ਦੀਆਂ ਮਨੋਕਾਮਨਾਂ ਪੂਰੀਆਂ ਹੁੰਦੀਆਂ ਹਨ। ਦੂਜੀ ਗੱਲ ਵੱਡੇ ਸਾਹਿਬ ਹੋਤੀ ਮਰਦਾਨ ਵਾਲਿਆਂ ਦਾ ਵੀ ਹੁਕਮ ਹੈ ਅਤੇ ਨਾਲ ਹੀ ਨਗਰ ਨਿਵਾਸੀਆਂ ਦੀ ਸ਼ਰਧਾ ਵੀ ਤੋੜੀ ਨਹੀਂ ਜਾ ਸਕਦੀ।

# ਗੁਰਦੁਆਰਾ ਰੇਰੂ ਸਾਹਿਬ ਦੀ ਸੇਵਾ ਦਾ ਆਰੰਭ

੧੯੦੧ ਈਸਵੀ ਨੂੰ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਵਾਕੇ ਇੱਟਾਂ ਤੇ ਚੂਨਾ ਮੰਗਵਾਕੇ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕਰਕੇ ਸੇਵਾ ਸ਼ੁਰੂ ਕਰਵਾ ਦਿਤੀ। ਪਹਿਲਾਂ ਹਜ਼ੂਰ ਦੀ ਪੁਰਾਣੀ ਯਾਦਗਾਰ ਰੇਰੂ ਬ੍ਰਿਛ ਦੇ ਉਦਾਲੇ ਛੋਟਾ ਜਿਹਾ ਮੰਜੀ ਸਾਹਿਬ ਬਣਵਾਇਆ ਹੋਰ ਸੇਵਾ ਕਰਨ ਦੀ ਆਗਿਆ ਦੇ ਕੇ ਛੁੱਟੀ ਪੂਰੀ ਹੋਈ ਤੋਂ ਆਪ ਵਾਪਸ ਫੌਜ ਵਿੱਚ ਚਲੇ ਗਏ ਤੇ ਨੌਂ ਸੌ ਰੁਪਿਆ ਸੇਵਾ ਵਾਸਤੇ ਦੇ ਗਏ। ਸੇਵਾ ਉਸੇ ਤਰ੍ਹਾਂ ਜਾਰੀ ਰਹੀ ਜਿਸਦੇ ਕਰਵਾਉਣ ਦੀ ਜ਼ਿੰਮੇਂਵਾਰੀ ਗੇਂਦਾ ਸਿੰਘ ਸੂਦ, ਪ੍ਰਤਾਪ ਸਿੰਘ ਲੈਫਟੀਨੈਂਟ ਆਦਿਕ ਨਗਰ ਨਿਵਾਸੀਆਂ ਨੂੰ ਸੌਂਪ ਗਏ। ਚੂਨਾ ਤੇ ਗਾਡਰ ਨਵੇਂ ਪਿੰਡ ਦੇ ਬਿਸ਼ਨੇ ਨੇ ਸੇਵਾ ਵਿੱਚ ਦਿੱਤੇ, ਫਿਰ ਜਦੋਂ ਵੀ ਆਪ ਛੁੱਟੀ ਆਉਂਦੇ ਤਾਂ ਸਿੱਧੇ ਰਾਮਪੁਰ ਨਗਰ ਪੁੱਜਦੇ ਅਤੇ ਹੋ ਰਹੀ ਸੇਵਾ ਦੀ ਦੇਖਭਾਲ ਕਰਦੇ ਤੇ ਅੱਗੇ ਵਾਸਤੇ ਹੋਰ ਸੇਵਾ ਦਸਦੇ। ਦੋ ਰਾਜ, ਚਾਰ ਮਜ਼ਦੂਰ ਕੰਮ ਕਰੀ ਜਾਂਦੇ। ਡਾਲੀ ਰਾਮਪੁਰ ਦਾ ਨਿਰਮਲਾ ਸੰਤ ਦਿਆਲ ਸਿੰਘ ਲਿਆ ਦਿੰਦਾ।

ਜਦੋਂ ੧੯੦੨ ਈ. ਵਿੱਚ ਬਾਬਾ ਕਰਮ ਸਿੰਘ ਜੀ ਜੋਤੀ-ਜੋਤ ਸਮਾਉਣ ਲੱਗੇ ਤਾਂ ਆਪ ਜੀ ਨੂੰ ਵੀ ਪਤਾ ਲੱਗ ਗਿਆ (ਕਿਉਂਕਿ ਸੰਤਾਂ ਨੇ ਦੋ ਸਾਲ ਪਹਿਲਾਂ ਹੀ ਆਪਣੀ ਜਗ੍ਹਾ ਤੇ ਛੋਟੇ ਸੰਤ ਭਾਈ ਲਾਲ ਸਿੰਘ ਜੀ ਨੂੰ ਭੇਜ ਕੇ ਆਪਣੇ ਜੋਤੀ ਜੋਤ ਸਮਾਉਣ ਦਾ ਸਮਾਂ ਨੀਯਤ ਕਰ ਰੱਖਿਆ ਸੀ) ਆਪ ਜੀ ਨੇ ਹਜ਼ੂਰੀ ਵਿੱਚ ਪੁਜਕੇ ਭੇਟਾ ਅਰਪੀ। ਦੀਦਾਰ ਕਰਕੇ ਭਾਵਨਾ ਨਾਲ ਚਰਨਾਂ ਤੇ ਸਿਰ ਰੱਖਿਆ। ਬਾਬਾ ਜੀ ਨੇ ਬੜੇ ਪਿਆਰ ਨਾਲ ਸੁੱਖ ਆਨੰਦ ਪੁੱਛੀ ਤੇ ਆਖਿਆ, "ਆ ਬਈ ਹੌਲਦਾਰਾ! ਕੀ ਹਾਲ ਹੈ? ਗੁਰਦੁਆਰੇ ਦੀ ਸੇਵਾ ਚਲ ਰਹੀ ਹੈ?" ਹਜ਼ੂਰ ਦੇ ਪਾਵਨ ਬਚਨ ਸੁਣਕੇ ਸੰਤਾਂ ਨੇ ਹੱਥ ਜੋੜੇ ਤੇ ਅਰਜ਼ ਕੀਤੀ ਕਿ ਦਾਤਾ! ਆਪ ਜੀ ਦੀ ਕ੍ਰਿਪਾ ਹੈ ਹੁਕਮ ਹੋਵੇ ਤਾਂ ਫੌਜ ਚੋਂ ਨਾਵਾਂ ਕਟਵਾ ਲਵਾਂ ਤੇ ਓਥੇ ਹੀ ਰਹਿਣ ਲਗ ਜਾਵਾਂ। ਸੇਵਾਦਾਰ ਦੀ ਹਾਜ਼ਰੀ ਤੋਂ ਬਗ਼ੈਰ ਪੂਰੀ ਸੇਵਾ ਨਹੀਂ ਹੋ ਸਕਦੀ। ਸੰਤਾਂ ਉੱਤਰ ਦਿੱਤਾ, "ਅਤਰ ਸਿੰਘ! ਅਜੇ ਕੁਝ ਸਮਾਂ ਹੋਰ ਠਹਿਰੋ ਹੌਲਦਾਰੀ ਪੈਨਸ਼ਨ ਲੈ ਕੇ ਜਾਣਾ ਫਿਰ ਸਾਰੀ ਉਮਰ ਸੇਵਾ ਵਿੱਚ ਹੀ ਬਤੀਤ ਕਰਨੀ ਹੈ।" ਇਉਂ ਆਖਕੇ ਬਾਬਾ ਜੀ ਹੋਰ ਪ੍ਰੇਮੀਆਂ ਨਾਲ ਬਚਨ ਬਿਲਾਸ ਕਰਣ ਲਗ ਪਏ। ਜਦੋਂ ਸੰਤ ਅਤਰ ਸਿੰਘ ਜੀ ਦੀ ਛੁੱਟੀ ਪੂਰੀ ਹੋਈ ਤਾਂ ਜਾਣ ਦੇ ਸਮੇਂ ਵੱਡੇ ਸੰਤਾਂ ਦੀ ਅੰਦਰ ਕੁਰਸੀ ਲੱਗੀ ਹੋਈ ਸੀ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਦਾ ਇਕੱਠ ਜੁੜਿਆ ਹੋਇਆ ਸੀ, ਆਉਣ ਜਾਣ ਵਾਸਤੇ ਦੋ ਰਸਤੇ ਬਣੇ ਹੋਏ ਸਨ। ਇਕੱਲਾ ਪ੍ਰੇਮੀ ਇੱਕ ਪਾਸੇ ਦੀ ਜਾਈ ਜਾਂਦਾ ਤੇ ਇੱਕ ਮੰਗ, ਮੰਗ ਕੇ ਦੂਜੇ ਪਾਸੇ ਦੀ ਬਾਹਰ ਆ ਜਾਂਦਾ, ਸੇਵਾਦਾਰ ਪਹਿਰੇ ਤੇ ਖੜੇ ਸਨ। ਜਦੋਂ ਬਾਬਾ ਅਤਰ ਸਿੰਘ ਜੀ ਦੀ ਵਾਰੀ ਆਈ ਤਦ ਇਨ੍ਹਾਂ ਬਾਹਰ ਤਾਂ ਮਨ ਵਿੱਚ ਇਹ ਸੰਕਲਪ ਕੀਤਾ ਕਿ ਸੰਤਾਂ ਤੋਂ ਇਸ ਤਰ੍ਹਾਂ ਦਾ ਵਰ ਮੰਗਾਂਗੇ ਜਿਸ ਕਰਕੇ ਸਾਰੀ ਜ਼ਿੰਦਗੀ ਕਿਸੇ ਨਦੀ ਦੇ ਕਿਨਾਰੇ ਇਕਾਂਤ ਵਿੱਚ ਬੈਠਕੇ ਬੰਦਗੀ ਕਰਦੇ ਰਹੀਏ, ਪਰ ਜਦੋਂ ਪਾਸ ਗਏ ਤਾਂ ਸੰਤਾਂ ਨੇ ਪੁੱਛਿਆ, "ਕੀ ਚਾਹੁੰਦੇ ਹੋ?" ਤਦ ਮਨ ਦੇ ਸੰਕਲਪ ਅਨੁਸਾਰ ਜਦੋਂ ਬੇਨਤੀ ਕਰਨ ਲੱਗੇ ਤਾਂ ਮੁਖੋਂ ਇਹ ਬਚਨ ਨਿਕਲੇ, "ਜੀ ਸੱਚੇ ਸਾਹਿਬ! ਆਪਣੇ ਘਰ ਦੀ ਸੇਵਾ ਬਖ਼ਸ਼ੋ।" ਦਿਲ ਦੀ ਜਾਨਣ ਵਾਲੇ ਪ੍ਰੀਤਮ ਨੇ ਹੱਸ ਕੇ ਕਿਹਾ, "ਜਾਹ! ਹਲ ਜੋੜ ਲੈ ਕਰੀ ਜਾਈਂ ਸਾਰੀ ਜ਼ਿੰਦਗੀ ਗੁਰੂ ਘਰ ਦੀ ਸੇਵਾ ਤੇ ਅੰਤਰ ਆਤਮੇਂ ਗੁਰ ਸ਼ਬਦ ਦਾ ਅਭਿਆਸ ਵੀ ਜਾਰੀ ਰਹੇਗਾ, ਤੈਨੂੰ ਸੇਵਾ ਦੇ ਨਾਲ ਸਿਮਰਨ ਦੀ ਦਾਤ ਵੀ ਬਖ਼ਸ਼ੀ।"

ਇਹ ਬਚਨ ਸੰਤ ਅਤਰ ਸਿੰਘ ਜੀ ਆਪਣੀ ਰਸਨਾ ਤੋਂ ਆਪ ਦਸਿਆ ਕਰਦੇ ਕਿ ਮਨ ਵਿੱਚ ਫੁਰਨਾ ਤਾਂ ਇਕਾਂਤ ਅਸਥਾਨ ਵਿੱਚ ਬੈਠਕੇ ਸਿਮਰਨ ਦੀ ਮੰਗ ਦਾ ਸੀ ਪਰ ਮੁਖੋਂ ਸੇਵਾ ਦੇ ਮੰਗਣ ਦਾ ਬਚਨ ਨਿਕਲ ਗਿਆ। ਕਈ ਵਾਰੀ ਸੇਵਾ ਕਰਦਿਆਂ ਜੇ ਕਿਸੇ ਪ੍ਰੇਮੀ ਨੇ ਬਚਨ ਨਾ ਮੰਨਣਾ ਤਾਂ ਮਨ ਵਿੱਚ ਵਿਖਸ਼ੇਪਤਾ ਆ ਜਾਣੀ ਪਰ ਉਸੇ ਸਮੇਂ ਮਨ ਨੂੰ ਧੀਰਜ ਦੇਣੀ ਕਿ ਹੇ ਮਨਾ! ਇਹ ਸੇਵਾ ਦੀ ਦਾਤ ਤਾਂ ਪਿਆਰੇ ਤੋਂ ਮੰਗਕੇ ਲਈ ਹੈ ਇਹ ਚੀਜ਼ ਉਸ ਪ੍ਰੀਤਮ ਦੀ ਰਹਿਮਤ ਨਾਲ ਮਿਲੀ ਹੈ। ਚਾਅ ਨਾਲ ਕਰੀ ਜਾਹ, ਘਾਬਰ ਨਾ।

ਸੇਵਾ ਦਾ ਵਰ ਮੰਗ ਕੇ ਫੇਰ ਆਪ ਬਾਬਾ ਕਰਮ ਸਿੰਘ ਜੀ ਤੋਂ ਆਗਿਆ ਪਾ ਕੇ ਫੌਜ ਵਿੱਚ ਆ ਗਏ। ਭਾਵੇਂ ਬਾਬਾ ਕਰਮ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਸਮੇਂ ਛੁੱਟੀ ਨਾ ਮਿਲਣ ਦੇ ਕਾਰਣ ਆਪ ਪਾਸ ਨਹੀਂ ਸੀ ਪੁੱਜ ਸਕੇ ਪਰ ਫੇਰ ਵੀ ਸਾਰੀ ਜ਼ਿੰਦਗੀ ਇਤਨੀ ਸ਼ਰਧਾ ਰਖੀ ਕਿ ਸੈਦੂ ਨਗਰ ਸਾਲ ਦੇ ਸਾਲ ਉਸ ਪਵਿੱਤ੍ਰ ਅਸਥਾਨ ਦੀ ਯਾਤਰਾ ਕਰਨ ਜਾਇਆ ਕਰਦੇ ਜਿੱਥੇ ਵੱਡੇ ਸਾਹਿਬਾਂ ਨੇ ਭਾਗ ਭਰੀ ਧਰਤੀ ਨੂੰ ਆਪਣੀ ਅੰਤਮ ਆਰਾਮਗਾਹ ਬਣਾਇਆ ਸੀ। ਬਾਬਾ ਕਰਮ ਸਿੰਘ ਜੀ ਨੂੰ ਵੱਡੇ ਸਾਹਿਬ ਅਤੇ ਉਸ ਗੱਦੀ ਦੇ ਮਾਲਕ ਬਾਬਾ ਆਇਆ ਸਿੰਘ ਜੀ ਨੂੰ ਆਪ ਛੋਟੇ ਸਾਹਿਬ ਆਖਕੇ

ਬੁਲਾਇਆ ਕਰਦੇ। ਉਸ ਹੋਤੀ ਡੇਰੇ ਦੀ ਪਾਵਨ ਧਰਤੀ ਦੀ ਧੂੜੀ ਦੇ ਕਿਣਕਿਆਂ ਚੋਂ ਪਿਆਰੇ ਦੇ ਪਿਆਰ ਦੀ ਨਿੱਘ ਪ੍ਰਾਪਤ ਹੁੰਦੀ। ਉਥੋਂ ਦੇ ਰਹਿਣ ਵਾਲੇ ਸਾਧੂ ਸਲੋਕ ਮੁਕਤੀ ਵਾਲੇ ਭਗਤਾਂ ਸਮਾਨ ਜਾਪਦੇ। ਇਲਾਕੇ ਦੇ ਮਾਈ ਭਾਈ ਨੂੰ ਦੇਵਤਿਆਂ ਸਮਾਨ ਸਮਝਦੇ। ਉਥੋਂ ਦੇ ਪਸ਼ੂ ਵੀ ਭਾਗਾਂ ਵਾਲੇ ਸਨ ਜੋ ਹਰ ਰੋਜ਼ ਅਰਸ਼ੀ ਦਾਤਾਰ ਦਾ ਦਰਸ਼ਨ ਕਰਦੇ। ਇਹੋ ਜਿਹੀ ਸ਼ਰਧਾ ਤੇ ਪਿਆਰ ਦਾ ਨਮੂਨਾ ਆਪ ਜੀ ਦੇ ਹਿਰਦੇ ਤੋਂ ਬਗ਼ੈਰ ਹੋਰ ਥਾਂ ਘੱਟ ਹੀ ਦੇਖਣ ਵਿੱਚ ਆਇਆ ਹੈ।

## ਸੰਤਾਂ ਦੀ ਪੈਨਸ਼ਨ ਹੋਣੀ

ਆਪ ਜੀ ਫੌਜ ਦੀ ਨੌਕਰੀ ਕਰਦੇ ਹੋਏ ਨਾਲ-ਨਾਲ ਰੇਰੂ ਸਾਹਿਬ ਗੁਰਦੁਆਰੇ ਦੀ ਸੇਵਾ ਵੀ ਕਰਵਾਈ ਗਏ। ਜਦੋਂ ੧੯੦੭ ਈਸਵੀ ਨੂੰ ਆਪ ਜੀ ਨੇ ਪੈਨਸ਼ਨ ਵਾਸਤੇ ਵੱਡੇ ਆਫ਼ੀਸਰ ਪਾਸ ਦਰਖ਼ਾਸਤ ਦਿਤੀ ਤਾਂ ਉਨ੍ਹਾਂ ਨੇ ਕਿਹਾ, "ਅਤਰ ਸਿੰਘ! ਅਸੀਂ ਤੇਰੇ ਤੇ ਬੜੇ ਪ੍ਰਸੰਨ ਹਾਂ ਤੁਸਾਂ ਸਾਰਾ ਸਮਾਂ ਬੜੀ ਈਮਾਨਦਾਰੀ ਨਾਲ ਨੌਕਰੀ ਕੀਤੀ ਹੈ ਅੱਜ ਤੱਕ ਦੇ ਰਿਕਾਰਡ ਵਿੱਚ ਕੋਈ ਸ਼ਿਕਾਇਤ ਨਹੀਂ ਦੇਖਣ 'ਚ ਆਈ, ਅਸੀਂ ਛੇਤੀ ਹੀ ਤੁਹਾਡੀ ਤਰੱਕੀ ਕਰਕੇ ਜਮਾਂਦਾਰ ਬਣਾ ਰਹੇ ਹਾਂ, ਪੈਨਸ਼ਨ ਨ ਲਓ।" ਪਰ ਆਪ ਜੀ ਦਾ ਸਭਨਾਂ ਨੂੰ ਏਹੋ ਹੀ ਉੱਤਰ ਸੀ ਕਿ ਹੁਣ ਤਾਂ ਵੱਡੇ ਸਾਹਿਬਾਂ ਵਾਂਗੂ ਸੱਚੀ ਸਰਕਾਰ ਦੀ ਹੀ ਨੌਕਰੀ ਕਰਨੀ ਹੈ। ਸਰਕਾਰੀ ਅਫ਼ਸਰਾਂ ਨੇ ਬਥੇਰਾ ਤਰੱਕੀ ਦਾ ਲਾਲਚ ਤੇ ਅਹੁਦਾ ਵਧਾਉਣ ਵਾਸਤੇ ਆਖਿਆ ਪਰ ਸੰਤ ਜੀ ਮਹਾਰਾਜ ਨੇ ਕਿਸੇ ਦੀ ਇੱਕ ਨਾ ਮੰਨੀ ਅਤੇ ੧੯-੧੦-੧੯੦੭ ਈਸਵੀ ਨੂੰ ਸੱਤ ਰੁਪੈ ਹੌਲਦਾਰੀ ਪੈਨਸ਼ਨ ਕਰਵਾ ਕੇ ਰਾਮਪੁਰ ਪਿੰਡ ਆ ਗਏ। ਬਾਅਦ ਵਿੱਚ ਫੇਰ ਨੌਂ ਰੁਪੈ ਹੋ ਗਈ। ਪਹਿਲਾਂ-ਪਹਿਲਾਂ ਕੁਝ ਸਮਾਂ ਤਾਂ ਲੁਧਿਆਣੇ ਤੋਂ ਪੈਨਸ਼ਨ ਲੈਂਦੇ ਰਹੇ ਫੇਰ ਰੇਰੂ ਸਾਹਿਬ ਰਹਿੰਦਿਆਂ ਨੇ ਸਾਨ੍ਹੇਵਾਲ ਕਰਵਾ ਲਈ ਜੋ ਏਥੇ ਹੀ ਅਖ਼ੀਰ ਤੱਕ ਲੈਂਦੇ ਰਹੇ।

ਮਾਝੇ ਦੇ ਇਲਾਕੇ ਦਾ ਬਾਈ ਸੁੰਦਰ ਸਿੰਘ ਸੰਤਾਂ ਦਾ ਜੋੜੀਦਾਰ ਸੀ, ਇਕੱਠਿਆਂ ਹੀ ਫੌਜ ਵਿੱਚ ਨੌਕਰੀ ਕੀਤੀ, ਇਕੱਠੇ ਹੀ ਰਾਮਪੁਰ ਗੁਰਦੁਆਰੇ ਦੀ ਸੇਵਾ ਕਰਦੇ ਰਹੇ। ਉਸ ਸਮੇਂ ਸੰਤਾਂ ਨੇ ਸਰਕਾਰੀ ਕਾਗ਼ਜ਼ਾਂ ਵਿੱਚ ਲਿਖਵਾ ਦਿਤਾ ਸੀ ਕਿ ਜੇਕਰ ਅਸੀਂ ਨਾ ਆ ਸਕੀਏ ਤਾਂ ਸਾਡੀ ਪੈਨਸ਼ਨ ਇਸ ਗੁਰਮੁਖ ਨੂੰ ਦਿੱਤੀ ਜਾਵੇ। ਭਾਈ ਨੰਦ ਸਿੰਘ ਕਟਾਰੀ ਦਾ ਵਸਾਵਾ ਸਿੰਘ, ਸੁੰਦਰ ਸਿੰਘ ਤੇ ਸੰਤ ਜੀ ਮਹਾਰਾਜ ਇਨ੍ਹਾਂ ਚੌਹਾਂ ਦਾ ਫੌਜ ਵਿੱਚ ਵੀ ਪ੍ਰਸ਼ਾਦਾ ਇਕੱਠਾ ਤਿਆਰ ਹੁੰਦਾ ਰਿਹਾ ਕਿਉਂਕਿ ਇਹ ਚਾਰੇ ਹੀ ਵੈਸ਼ਨੋ ਖ਼ਿਆਲਾਂ ਦੇ ਸਨ। ਹੋਰ ਵੀ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਉਪਦੇਸ਼ੀ ਇਨ੍ਹਾਂ ਨਾਲ ਮਿਲ ਜਾਂਦੇ ਪਰ ਆਪ ਜੀ ਚਾਰੇ ਕਦੇ ਵੱਖਰੇ ਨਹੀਂ ਸੀ ਹੋਏ। ਰਾਮਪੁਰ ਗੁਰਦੁਆਰੇ ਆਕੇ ਸਭ ਤੋਂ ਪਹਿਲਾਂ ਆਪ ਜੀ ਦਾ ਲਾਂਗਰੀ ਭਾਈ ਮੰਗਲ ਸਿੰਘ ਜੀ ਰਿਹਾ, ਫੇਰ ਕਨੇਚ ਪਿੰਡ ਦੇ ਭਾਈ ਲਹਿਣਾ ਸਿੰਘ ਨੇ ਕੁਝ ਸਮਾਂ ਸੇਵਾ ਕੀਤੀ ਫੇਰ ਮੇਤ ਪੁਰ ਦਾ ਸੇਵਾ ਸਿੰਘ ਸੰਤਾਂ ਦਾ ਪ੍ਰਸਾਦਾ ਤਿਆਰ ਕਰਦਾ ਰਿਹਾ। ਬਾਅਦ ਵਿੱਚ ਕਟਾਰੀ ਨਗਰ ਦੇ ਬਾਬਾ ਸੰਤਾ ਸਿੰਘ ਜੀ ਨੇ ਇਸ ਡਿਊਟੀ ਨੂੰ ਬੜੀ ਸ਼ਰਧਾ ਤੇ ਪਿਆਰ ਨਾਲ ਨਿਭਾਇਆ ਜੋ ਬਾਅਦ ਵਿੱਚ ਲੰਗਰ ਦੇ ਸ੍ਰੀ ਮਾਨ ਹੋ ਕੇ ਵੀ ਉਸੇ ਤਰ੍ਹਾਂ ਸੇਵਾ ਨੂੰ ਨਿਭਾਉਂਦੇ ਰਹੇ। ਹੋਰ ਸਭ ਸਾਧਨਾਂ ਨਾਲੋਂ ਵੱਡੀ ਕੁਰਬਾਨੀ ਇਸ ਗੱਲ ਦੀ ਸੀ ਕਿ ਜਦੋਂ ਦਾ ਆਪ ਜੀ ਨੇ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਪਾਸੋਂ ਉਪਦੇਸ਼ ਲਿਆ ਉਸ ਸਮੇਂ ਤੋਂ ਹੀ ਰਸਾਂ ਕਸਾਂ ਨੂੰ ਐਸਾ ਠੁਕਰਾਇਆ ਕਿ ਅੰਤਮ ਸੁਆਸਾਂ ਤੱਕ ਅਲੂਣੀ ਦਾਲ ਸਬਜ਼ੀ ਛਕਦੇ ਰਹੇ ਕਦੇ ਵੀ ਲੂਣ ਤੇ ਲਾਲ ਮਿਰਚ ਦੀ ਵਰਤੋਂ ਨਹੀਂ ਸੀ ਕੀਤੀ, ਹਾਂ ਕਦੇ-ਕਦੇ ਕੇਵਲ ਮਾਮੂਲੀ ਜੇਹੀ ਕਾਲੀ ਮਿਰਚ ਵਰਤ ਲੈਂਦੇ।

ਸਭ ਤੋਂ ਪਹਿਲਾਂ ਇੱਕ ਵੱਡਾ ਛੱਪਰ ਤਿਆਰ ਕਰਵਾਕੇ ਉਸ ਜਗ੍ਹਾ ਮਹਾਰਾਜ ਦਾ ਪ੍ਰਕਾਸ਼ ਕੀਤਾ। ਫੇਰ ਆਪਣੀ ਪੈਨਸ਼ਨ ਦੀ ਮਾਇਆ ਚੋਂ ਇੱਕ ਬੈਲਾਂ ਦੀ ਜੋੜੀ ਮੁੱਲ ਲੈ ਕੇ ਹਲ ਤਿਆਰ ਕਰ ਲਿਆ, ਜੋ ਗੁਰਦੁਆਰੇ ਦੇ ਉਦਾਲੇ ਥੋੜ੍ਹੀ ਬਹੁਤੀ ਜ਼ਮੀਨ ਸੀ ਉਸਨੂੰ ਹੋਰ ਪਧਰ ਕਰਕੇ ਹੱਲ ਵਾਹਕੇ ਬੀਜ ਪਾ ਦਿੱਤਾ। ਸਮੇਂ ਸਿਰ ਕਣਕ ਹੋ ਗਈ ਤੇ ਗੁਰੂ ਕੇ ਲੰਗਰ ਦਾ ਕੰਮ ਚਾਲੂ ਹੋ ਗਿਆ। ਏਸ ਸੰਪ੍ਰਦਾਇ ਦਾ ਮੁੱਢ ਤੋਂ ਏਹੋ ਹੀ ਅਸੂਲ ਰਿਹਾ ਜੋ ਕਿ ਅੱਜ ਤੱਕ ਮੌਜੂਦਾ ਸਮੇਂ ਦੇ ਮਹਾਂਪੁਰਸ਼ਾਂ ਨੇ ਵੀ ਕਾਇਮ ਰੱਖਿਆ ਹੋਇਆ ਹੈ ਕਿ ਕਿਸੇ ਚੀਜ਼ ਦੀ ਕੋਈ ਮੰਗ ਨਹੀਂ ਕਰਨੀ। ਗੁਰੂ ਕੇ ਲੰਗਰ ਚਲਾਉਣੇ, ਆਏ ਗਏ ਨੂੰ ਮੰਜੇ ਬਿਸਤਰੇ ਤੇ ਕਮਰੇ ਦੁਆਰਾ ਆਰਾਮ ਦੇਣਾ। ਬਜ਼ੁਰਗ ਕਿਹਾ ਕਰਦੇ ਕਿ ਰੱਬ ਦਾ ਫ਼ਕੀਰ ਹੋ ਕੇ ਮੰਗੇ ਦੁਨੀਆਂਦਾਰਾਂ ਤੋਂ? ਕਿਤਨੀ ਗਿਰਾਵਟ ਵਾਲੀ ਗੱਲ ਹੈ। ਦੁਨੀਆਂ ਦੇ ਲੋਕ ਤਾਂ ਬਾਦਸ਼ਾਹਾਂ ਤੱਕ ਵੀ ਫ਼ਕੀਰ ਦੇ ਦਰ ਦੇ ਮੰਗਤੇ ਹਨ ਇਹ ਉਨ੍ਹਾਂ ਤੋਂ ਮੰਗੇ, ਇਹ ਗੱਲ ਸੋਭਦੀ ਨਹੀਂ, ਏਹੋ ਜੇਹੇ ਨਿਸ਼ਚੇ ਵਾਲੇ ਮਹਾਂ-ਪੁਰਸ਼ਾਂ ਨੂੰ ਘਾਟਾ ਵੀ ਫੇਰ ਕਿਸੇ ਪਦਾਰਥ ਦਾ ਨਹੀਂ। ਉਨ੍ਹਾਂ ਦੇ ਲੰਗਰਾਂ ਵਿੱਚ ਨਿਤਾ ਪ੍ਰਤੀ ਮਣਾਂ ਮੂੰਹ ਆਟਾ ਪਕਦਾ ਹੈ।

ਇਸ ਸਮੇਂ ਇੱਕ ਸੁਹੇਲ ਸਿੰਘ ਨਾਮ ਦਾ ਸੂਰਮਾ ਸਿੰਘ ਜੋ ਰਾਮਪੁਰ ਪਿੰਡ ਦਾ ਹੀ ਸੀ, ਸੰਤਾਂ ਪਾਸ ਰੇਰੂ ਸਾਹਿਬ ਆ ਗਿਆ, ਜੋ ਬੜਾ ਹੀ ਬਲੀ ਤੇ ਹਰ ਇੱਕ ਕੰਮ ਨੂੰ ਸੁੱਚਾ ਸੀ। ਹੱਥਾਂ ਨਾਲ ਸੇਵਾ ਕਰਨੀ, ਰਸਨਾ ਨਾਲ ਬਾਣੀ ਦਾ ਪਾਠ ਕਰਨਾ। ਸੰਤਾਂ ਨੇ ਇਸ ਨੂੰ ਕੁਠਾਰੀ ਬਣਾ ਦਿੱਤਾ। ਭਾਵੇਂ ਉਹ ਸੂਰਮਾ ਸਿੰਘ ਸੀ ਪਰ ਆਪਣੀ ਡਿਊਟੀ ਦਾ ਸੁਜਾਖਿਆਂ ਤੋਂ ਵੱਧ ਖਿਆਲ ਰਖਦਾ।

# ਤੀਸਰਾ ਕਾਂਡ

## ਸੰਤਾਂ ਨੇ ਕਠਨ ਤਪ ਕੀਤਾ

ਕਈ ਵਾਰੀ ਆਪਣੀ ਮੌਜ ਵਿੱਚ ਆਏ ਸੰਤ ਜੀ ਮਹਾਰਾਜ ਆਪਣੇ ਨਿਕਟ-ਵਰਤੀ ਪ੍ਰੇਮੀਆਂ ਪਾਸ ਆਖਿਆ ਕਰਦੇ ਸਨ ਕਿ ਇਹ ਫ਼ਕੀਰੀ ਦਾ ਦਰਜਾ ਬੜਾ ਔਖਾ ਮਿਲਦਾ ਹੈ।

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥
ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥

(ਪੰਨਾ ੧੩੭੮)

ਪ੍ਰਮੇਸ਼ਰ ਦੇ ਦਰ ਦੀ (ਦਰਵੇਸੀ) ਫ਼ਕੀਰੀ ਧਾਰਨ ਕਰਨੀ ਬੜੀ (ਗਾਖੜੀ) ਕਠਨ ਹੈ। ਹੋਤੀ ਮਰਦਾਨ ਵਾਲੇ ਵੱਡੇ ਸਾਹਿਬਾਂ ਨੂੰ ਕਦੇ ਰਾਤ ਦੇ ਸਮੇਂ ਆਰਾਮ ਕਰਦੇ ਨਹੀਂ ਸੀ ਦੇਖਿਆ। ਅਸੀਂ ਵੀ ਜਦੋਂ ਉਨ੍ਹਾਂ ਪਾਸੋਂ ਉਪਦੇਸ਼ ਲੈ ਕੇ ਫੌਜ ਦੀ ਨੌਕਰੀ ਕਰਦਿਆਂ ਨਦੀ ਕਿਨਾਰੇ ਜਾਂ ਕਿਸੇ ਜੰਗਲ ਵਿੱਚ ਰਾਤ ਦੇ ਸਮੇਂ ਪਿਆਰੇ ਦੀ ਯਾਦ ਵਿੱਚ ਜੁੜਦੇ ਸਾਂ:

ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥
ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥
ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥
ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥

(ਪੰਨਾ ੪੫੯)

ਉਸ ਸਮੇਂ ਬਿਰਤੀ ਇਤਨੀ ਇਕਾਗਰ ਹੁੰਦੀ ਕਿ ਜੰਗਲ ਦੇ ਹਰਨ ਵੀ ਉਦਾਲੇ ਆ ਬੈਠਦੇ। ਜਦੋਂ ਉਠਾਂਦੇ ਓਦੋਂ ਉੱਠਦੇ ਅਤੇ ਗਰਦਨਾਂ ਨੀਵੀਆਂ ਕਰਕੇ ਖੜੋ ਜਾਂਦੇ ਤੇ ਸਿਰ ਝੁਕਾਉਂਦੇ। ਜਦੋਂ ਉਨ੍ਹਾਂ ਨੂੰ ਆਖਣਾ ਕਿ ਜਾਓ ਭਾਈ ਤੁਹਾਡੀ ਹਾਜ਼ਰੀ ਮਨਜ਼ੂਰ ਹੋ ਗਈ ਤਾਂ ਫੇਰ ਉਨ੍ਹਾਂ ਨੇ ਚਲੇ ਜਾਣਾ। ਇਹ ਕੋਈ ਪੂਰਬਲੇ ਜਨਮ ਦੇ ਚੰਗੇ ਪੁਰਸ਼ ਹੀ ਸਨ ਕਿਸੇ ਕੀਤੇ ਹੋਏ ਕਰਮ ਦਾ ਫ਼ਲ ਭੋਗਣ ਵਾਸਤੇ ਮ੍ਰਿਗ ਬਣੇ ਪਰ ਪਿਛਲੇ ਜਨਮ ਦੀ ਸਾਰੀ ਸੋਝੀ ਸੀ, ਇਸੇ ਕਰਕੇ ਜੂਨੀ ਭੋਗਕੇ ਫੇਰ ਮਨੁੱਖਾ ਦੇਹ ਮਿਲ ਜਾਵੇਗੀ।

ਕਈ ਵਾਰ ਭਜਨ ਕਰਦਿਆਂ ਪਾਸ ਜ਼ਹਿਰੀਲੇ ਸਰਪ ਵੀ ਆ ਜਾਂਦੇ। ਪਹਿਲਾਂ ਕੋਲ ਆਕੇ ਉੱਚੇ ਫਨਾਂ ਨਾਲ ਨ੍ਰਿਤਕਾਰੀ ਕਰਨੀ, ਫੇਰ ਪਾਸ ਬੈਠ ਜਾਣਾ। ਜਦੋਂ ਉਠਾਈਏ ਉਹ ਵੀ ਫਨਾਂ ਨੀਵੀਆਂ ਕਰਕੇ ਮੱਥਾ ਟੇਕਦੇ। ਜਦੋਂ ਆਗਿਆ ਦੇਈਏ ਚਲੇ ਜਾਣਾ। ਸੰਤ ਜੀ ਮਹਾਰਾਜ ਹਰ ਇੱਕ ਜੀਵ ਜੰਤੂ ਨਾਲ ਪ੍ਰਮੇਸ਼ਰ ਦਾ ਰੂਪ ਜਾਣਕੇ ਪਿਆਰ ਕਰਦੇ। ਕਦੇ ਆਪਣੇ ਹੱਥੀਂ ਸਰਪ ਨਹੀਂ ਸੀ ਮਾਰਿਆ, ਨਾ ਅੱਖੀਂ ਦੇਖਦਿਆਂ ਕਿਸੇ ਨੂੰ ਮਾਰਨ ਹੀ ਦਿੱਤਾ। ਇਸ ਕਰਕੇ ਸਾਰੀ ਸ੍ਰਿਸ਼ਟੀ ਚਾਰ ਖਾਣੀਆਂ ਦੀ ਉਨ੍ਹਾਂ ਨਾਲ ਪ੍ਰੇਮ ਕਰਦੀ ਸੀ। ਇਹ ਸਾਰਾ ਭਜਨ ਸਿਮਰਨ ਦਾ ਹੀ ਪ੍ਰਤਾਪ ਹੈ। ਪ੍ਰਹਿਲਾਦ ਨੂੰ ਸੱਪਾਂ ਵਾਲੇ ਕੋਠੇ ਵਿੱਚ ਬੰਦ ਕਰ ਦਿੱਤਾ ਸੀ। ਮੀਰਾਂ ਬਾਈ ਨੂੰ ਪੀਤੀ ਜ਼ਹਿਰ ਦਾ ਕੋਈ ਅਸਰ ਨਾ ਹੋਇਆ। ਇਉਂ ਚੌਰਾਸੀ ਲੱਖ ਜੂਨ ਦੇਵਤੇ, ਦੈਂਤ, ਮਨੁੱਖ, ਜੱਛ, ਕਿੰਨਰ, ਨਾਗ, ਚਰਾਚਰ ਸ੍ਰਿਸ਼ਟੀ ਭਜਨ ਕਰਨ ਵਾਲੇ ਮਹਾਂ-ਪੁਰਸ਼ ਦਾ ਹੁਕਮ ਮੰਨਦੀ ਤੇ ਭੈਅ ਕਰਦੀ ਹੈ।

# ਪਸ਼ੂ ਪਰੇਤ ਮੁਗਧ ਕਉ ਤਾਰੇ

ਇਕ ਵੇਰ ਦੀ ਗੱਲ ਹੈ ਕਿ ਸੰਤਾਂ ਨਾਲ ਇੱਕ ਢੱਠਾ (ਸਾਹਨ) ਗਿੱਝ ਗਿਆ। ਜਦੋਂ ਵੀ ਸੰਤ ਤੁਰਨ ਉਹ ਮਗਰ-ਮਗਰ ਤੁਰੀ ਜਾਵੇ। ਜਦੋਂ ਬੈਠਣ ਤਾਂ ਸਿਰ ਨੀਵਾਂ ਕਰਕੇ ਬੈਠ ਜਾਵੇ। ਜਦੋਂ ਸੰਤ ਪ੍ਰਸ਼ਾਦ ਛਕਣ ਤਾਂ ਉਸਦੇ ਵਾਸਤੇ ਵੱਖਰੇ ਪ੍ਰਸ਼ਾਦੇ ਰੱਖ ਲੈਣ ਤੇ ਬਾਅਦ ਵਿੱਚ ਉਸ ਨੂੰ ਖੁਆ ਦੇਣ। ਇਉਂ ਕਾਫ਼ੀ ਸਮਾਂ ਲੰਘ ਗਿਆ, ਸੰਤ ਇਸ ਨਾਲ ਬੜਾ ਹੀ ਹਿੱਤ ਕਰਨ, ਸਿਰ ਤੇ ਹੱਥ ਫੇਰਨ, ਦਿਲਾਸਾ ਦੇਣ।

ਇਕ ਦਿਨ ਕਿਸੇ ਪ੍ਰੇਮੀ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਇਸਦੇ ਉਪਰ ਆਪ ਜੀ ਦੀ ਮਹਾਨ ਕਿਰਪਾ ਹੈ। ਇਹ ਵਡਭਾਗੀ ਕੌਣ ਹੈ?" ਸੰਤਾਂ ਕਿਹਾ, "ਭਾਈ! ਇਹ ਪਿਛਲੇ ਜਨਮ ਗੰਧਰਬ ਲੋਕ ਦਾ ਰਾਗੀ ਸੀ, ਰਾਗ ਕਰਦਾ-ਕਰਦਾ ਇੱਕ ਦਿਨ ਹੰਕਾਰ ਗਿਆ ਕਿ ਮੈਂ ਤੁਹਾਨੂੰ ਰਾਗ ਸੁਣਾਉਂਦਾ ਹਾਂ ਤਾਂ ਉਸ ਸਮੇਂ ਦੇਵਤਿਆਂ ਦੇ ਗੁਰੂ ਬ੍ਰਿਹਸਪਤ ਨੇ ਸਰਾਪ ਦੇ ਦਿੱਤਾ ਜਾਹ ਬੈਲ ਬਣ। ਤੂੰ ਏਥੇ ਰਹਿਣ ਦੇ ਕਾਬਲ ਨਹੀਂ, ਤੇਰੀ ਬੈਲ ਬੁੱਧੀ ਹੈ ਐਵੇਂ ਹੀ ਹੰਕਾਰ ਕਰੀ ਜਾਂਦਾ ਹੈਂ। ਉਸਦੇ ਸਰਾਪ ਨਾਲ ਇਹ ਢੱਠਾ (ਸਾਹਨ) ਬਣ ਗਿਆ ਤੇ ਹੁਣ ਇਹ ਬਖ਼ਸ਼ਿਆ ਜਾਵੇਗਾ।" ਇਉਂ ਸੰਤਾਂ ਨੇ ਉਸ ਤੇ ਵੀ ਕਿਰਪਾ ਕੀਤੀ ਤੇ ਜਨਮ ਮਰਨ ਕੱਟ ਦਿਤਾ।

ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥

(ਪੰਨਾ ੮੧੭)

ਖ਼ਾਸ-ਖ਼ਾਸ ਪ੍ਰੇਮੀਆਂ ਪਾਸ ਇੱਕ ਦਿਨ ਸੰਤਾਂ ਨੇ ਬਚਨ ਕੀਤਾ ਕਿ ਇੱਕ ਵਾਰ ਦੀ ਗੱਲ ਹੈ ਕਿ ਬੜੀ ਝੜੀ ਲੱਗੀ, ਸਾਰਾ ਦਿਨ ਬਾਰਸ਼ ਪੈਂਦੀ ਰਹੀ, ਸ਼ਾਮ ਨੂੰ ਵੀ ਨਾ ਰੁਕੀ, ਅਸੀਂ ਗੁਰਦੁਆਰੇ ਸਾਹਿਬ ਦੀ ਹਾਜ਼ਰੀ ਭਰਨੀ ਸੀ, ਵਕਤ ਹੋ ਚੁੱਕਾ ਸੀ, ਮੀਂਹ ਜ਼ੋਰਾਂ ਤੇ ਵਰ੍ਹਦਾ ਸੀ ਸੁਤੇ ਹੀ ਸੰਕਲਪ ਕੀਤਾ, ਸੱਚੇ ਪਾਤਸ਼ਾਹ! ਕੀ ਅੱਜ ਆਪ ਜੀ ਦਾ ਦਰਸ਼ਨ ਨਹੀਂ ਹੋਵੇਗਾ? ਉਸੇ ਸਮੇਂ ਹੀ ਬਾਰਸ਼ ਬੰਦ ਹੋ ਗਈ।

ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥

(ਪੰਨਾ ੪੦੩)

ਸਾਰੀ ਸੰਗਤ ਸਮੇਤ ਝੁੰਬ ਮਾਰਕੇ ਗੁਰਦੁਆਰੇ ਸਾਹਿਬ ਆਏ, ਬਾਰਸ਼ ਫੇਰ ਸ਼ੁਰੂ ਹੋ ਗਈ, ਦੀਵਾਨ ਸਮਾਪਤ ਹੋਇਆ ਤੇ ਬਾਹਰ ਗੋਖੇ ਦੀ ਛਪੜੀ ਤੇ ਜਾਣ ਦਾ ਫੁਰਨਾ ਹੋਇਆ। ਬਾਰਸ਼ ਫੇਰ ਰੁਕ ਗਈ, ਜਿਤਨਾਂ ਸਮਾਂ ਛਪੜ ਤੇ ਬੈਠੇ ਬੰਦ ਰਹੀ, ਫੇਰ ਬਾਹਰ ਖੂਹੀ ਤੇ ਗਏ, ਫੇਰ ਸ਼ੁਰੂ ਹੋ ਗਈ ਤੇ ਉਸੇ ਤਰ੍ਹਾਂ ਪੈਂਦੀ ਰਹੀ। ਇਉਂ ਭਾਈ ਨਾਮ ਜਪਣ ਵਾਲਿਆਂ ਦੇ ਸੰਕਲਪ ਸੁਤੇ ਹੀ ਪੂਰੇ ਹੋ ਜਾਂਦੇ ਹਨ। ਉਸ ਤੋਂ ਬਾਅਦ ਫੇਰ ਅਸੀਂ ਕਦੇ ਵੀ ਏਹੋ ਜਿਹਾ ਸੰਕਲਪ ਨਹੀਂ ਕੀਤਾ। ਇਹ ਵੀ ਰਾਜ਼ਕ ਦੀ ਰਜ਼ਾ ਤੋਂ ਉਲਟ ਹੈ:

ਮੀਤੁ ਕਰੈ ਸੋਈ ਹਮ ਮਾਨਾ ॥
ਮੀਤ ਕੇ ਕਰਤਬ ਕੁਸਲ ਸਮਾਨਾ ॥

(ਪੰਨਾ ੧੮੭)

ਸਾਧੂ ਦਾ ਮੁਖ ਫ਼ਰਜ਼ ਹੈ ਧੀਰਜ ਧਾਰੇ:

ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥

(ਪੰਨਾ ੧੩੮੧)

ਇਉਂ ਸੰਤਾਂ ਦਾ ਬਚਨ ਸੁਣਕੇ ਸੰਗਤ ਨੇ ਕਿਹਾ, "ਜੀ ਹਜ਼ੂਰ ਦਾ ਹੁਕਮ ਹੈ:

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥

(ਪੰਨਾ ੨੬੩)

ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥

(ਪੰਨਾ ੨੦੦)

ਆਪ ਸਮਰਥ ਹੋ, ਆਪ ਦੇ ਰੋਮ-ਰੋਮ ਵਿੱਚ ਨਾਮ ਵਸਿਆ ਹੋਇਆ ਹੈ, ਜੇ ਆਪ ਜੀ ਦਾ ਹੁਕਮ ਪ੍ਰਵਾਨ ਨਾ ਹੋਵੇ, ਫੇਰ ਹੋਰ ਕਿਸ ਦਾ ਹੋਣਾ ਹੈ? ਤੇਤੀ ਕਰੋੜ ਦੇਵਤੇ ਦਾ ਮਾਲਕ, ਬਾਰਸ਼ਾਂ ਦੇ ਕਰਣ ਵਾਲਾ ਇੰਦਰ ਰਾਜਾ ਵੀ ਹਜ਼ੂਰ

ਦੇ ਹੁਕਮ ਵਿੱਚ ਹੀ ਹੈ।"

ਸਾਧ ਕੈ ਸੰਗਿ ਸੋਭਾ ਸੁਰਦੇਵਾ ॥

(ਪੰਨਾ ੨੭੧)

ਸੰਤਾਂ ਨੇ ਕਿਹਾ, "ਗੱਲ ਤਾਂ ਠੀਕ ਹੈ, ਪਰ ਇਸ ਅਗੰਮੀ ਵਾਰਤਾ ਨੂੰ ਕੋਈ ਵਿਰਲਾ ਹੀ ਜਾਣਦਾ ਹੈ।"

# ਸੰਤਾਂ ਦੀ ਨਿਤ ਕਿਰਿਆ

ਆਪ ਜੀ ਦਾ ਸਰੀਰ ਬੜਾ ਬਲੀ ਤੇ ਕਰੜਾ ਸੀ, ਕਿਸੇ ਵੀ ਕੰਮ ਵਿੱਚ ਥਕਾਵਟ ਨਹੀਂ ਸਨ ਮੰਨਦੇ। ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਕਦੇ ਸੰਤ ਜੀ ਮਹਾਰਾਜ ਆਪ ਕਰਿਆ ਕਰਦੇ[1] ਜਾਂ ਤਿਲੋਕ ਸਿੰਘ ਰਾਗੀ, ਕਦੀ ਹੋਰ ਸਿੰਘ ਕਰਦੇ। ਸ਼ਾਮੀਂ ਸ੍ਰੀ ਰਹਿਰਾਸ ਸਾਹਿਬ ਜੀ ਦਾ ਪਾਠ ਉਪਰੰਤ ਗੁਰ-ਇਤਿਹਾਸ ਦੀ ਕਥਾ (ਜੋ ਪਹਿਲਾਂ ਪਹਿਲਾਂ ਕੁਝ ਸਮਾਂ ਰਾਮਪੁਰ ਦਾ ਗਿਆਨੀ ਸੰਪੂਰਨ ਸਿੰਘ ਕਰਦਾ ਰਿਹਾ। ਫੇਰ ਕੁਝ ਸਮਾਂ ਆਨੰਦਪੁਰ ਸਾਹਿਬ ਦਾ ਸੋਭਾ ਸਿੰਘ ਕਦੀ-ਕਦੀ ਹਰਿਦੁਆਰ ਵਾਲੇ ਪੰਡਿਤ ਪ੍ਰੇਮ ਸਿੰਘ ਜੀ ਵੀ ਮਹੀਨਾ-ਮਹੀਨਾ ਠਹਿਰ ਜਾਂਦੇ ਤੇ ਕਥਾ ਕਰਦੇ (ਜਿਨ੍ਹਾਂ ਦੇ ਸ਼ਿਸ਼ ਪੰਡਤ ਮਨੀ ਸਿੰਘ ਜੀ ਤੇ ਅਰਜਨ ਸਿੰਘ ਜੀ ਮੁਨੀ ਮਧਸੂਦਨ ਸਿੰਘ ਜੀ ਮਾਧੋ ਹਰਿਦਵਾਰ ਨਿਰਮਲ ਛਾਉਣੀ ਪ੍ਰੇਮ ਸਦਨ ਵਿੱਚ ਨਿਵਾਸ ਰਖਦੇ ਹਨ) ਬਾਅਦ ਵਿੱਚ ਸਾਧੂ ਸਿੰਘ ਸੂਰਮਾ ਗਿਆਨੀ ਆ ਗਿਆ ਜੋ ਸੰਤਾਂ ਤੋਂ ਪਿਛੋਂ ਵੀ ਕਾਫ਼ੀ ਸਮਾਂ ਕਥਾ ਕਰਦਾ ਰਿਹਾ। ਇਹ ਅਸਥਾਨ ਦੇ ਨਿੱਤਨੇਮ ਦੀ ਮਰਯਾਦਾ ਸੀ।

ਕਥਾ ਦੇ ਭੋਗ ਪਏ ਤੋਂ ਆਪ ਨੇ ਸਾਰੀ ਰਾਤ ਗੋਖੇ ਦੀ ਛਪੜੀ ਤੇ ਬੈਠਕੇ ਭਜਨ ਕਰਨਾ ਜਾਂ ਬਾਹਰਲੀ ਖੂਹੀ ਤੇ ਚਲੇ ਜਾਣਾ। ਦਿਨੇਂ ਹਲ ਵਾਹੁਣਾ ਇਹ ਆਪ ਜੀ ਦੀ ਨਿਤ ਕਿਰਿਆ ਸੀ। ਸਤਿਸੰਗ ਦੇ ਸਮੇਂ ਰਾਮਪੁਰ, ਕਨੇਚ, ਕਟਾਣਾ, ਕਟਾਣੀ, ਦੋਰਾਹਾ, ਨੀਲੋਂ, ਬਿਲਗਾ ਤੇ ਨਵੇਂ ਪਿੰਡ ਤੱਕ ਦੀ ਸੰਗਤ ਪੁਜਦੀ। ਹੋਰ ਵੀ ਇਰਦ-ਗਿਰਦ ਦੇ ਪ੍ਰੇਮੀ ਦਰਸ਼ਨਾਂ ਨੂੰ ਆਏ ਹੀ ਰਹਿੰਦੇ। ਰਾਤ ਦੇ ਦੀਵਾਨ ਵਿੱਚ ਜ਼ਿਆਦਾ ਹਾਜ਼ਰੀ ਹੁੰਦੀ। ਭੋਗ ਪੈਣ ਤੋਂ ਬਾਅਦ ਆਪ ੯ ਵਜੇ ਗੋਖੇ ਦੀ ਛਪੜੀ ਕਿਨਾਰੇ ਆ ਜਾਂਦੇ। ੧੧ ਵਜੇ ਬਗ਼ੀਚੀ ਵਿੱਚ ਜਾ ਕੇ ਭੋਰੇ ਵਿੱਚ ਬਿਰਾਜ ਜਾਣਾ, ਸਵੇਰੇ ਦੋ ਵਜੇ ੧੦੧ ਡੋਲ ਨਾਲ ਇਸ਼ਨਾਨ ਕਰਨਾ, ਜਿਸ ਡੋਲ ਦਾ ਵਜ਼ਨ ਬੜਾ ਭਾਰੀ ਸੀ, ਹਰੇਕ ਨਹੀਂ ਸੀ ਖਿੱਚ ਸਕਦਾ, ਕੋਈ-ਕੋਈ ਬਲੀ ਹੀ ਖਿੱਚਦਾ ਸੀ। ਕਾਫ਼ੀ ਸਮਾਂ ਲੱਗ ਜਾਂਦਾ ਤੇ ਆਪ ਜੀ ਉਤਨਾ ਚਿਰ ਬਾਣੀ ਦਾ ਪਾਠ ਕਰੀ ਜਾਂਦੇ। ਕਿਸੇ ਨਾਲ ਬਚਨ ਨਹੀਂ ਸਨ ਕਰਦੇ। ਸੰਤਾਂ ਦੇ ਇਸ਼ਨਾਨ ਵਾਲਾ ਜਲ ਇੱਕ ਵੱਡੀ ਕੁੰਡ ਵਿੱਚ ਪਈ ਜਾਂਦਾ, ਜਿਸ ਵਿੱਚੋਂ ਨਾਲ ਦੇ ਪ੍ਰੇਮੀ ਇਸ਼ਨਾਨ ਕਰੀ ਜਾਂਦੇ ਸਨ। ਫੇਰ ਸਾਥੀਆਂ ਸਮੇਤ ਗੋਖੇ ਦੀ ਛੱਪੜੀ ਕਿਨਾਰੇ ਆ ਕੇ ਭਜਨ ਕਰਨਾ। ਪਹੁ-ਫੁਟਾਲੇ ਗੁਰਦੁਆਰੇ ਸਾਹਿਬ ਆ ਜਾਣਾ, ਦੀਵਾਨ ਵਿੱਚ ਸਜਕੇ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਨਾ। ਫੇਰ ਭੋਗ ਪਏ ਤੋਂ ਬਾਅਦ ਅੰਮ੍ਰਿਤ ਵੇਲੇ ਹੀ ਜਲ-ਪਾਣੀ ਛਕਕੇ ਹਲ ਜੋੜ ਲੈਣਾ। ਦੁਪਹਿਰ ਨੂੰ ੧ ਵਜੇ ਨਿਮਕ ਤੋਂ ਬਗ਼ੈਰ ਭਾਜੀ ਨਾਲ ਪ੍ਰਸ਼ਾਦਾ ਛੱਕਕੇ ਬਗ਼ੀਚੀ ਵਿੱਚ ਬਿਰਾਜ ਜਾਣਾ। ਸ਼ਾਮ ਨੂੰ ਥੋੜ੍ਹੀ ਜਿਹੀ ਚਾਹ ਛਕਣੀ। ਹਰ ਸਮੇਂ ਆਪਣਾ ਪਹਿਰਾਵਾ ਬੜਾ ਮਸਕੀਨੀ ਵਾਲਾ ਸਾਦਾ ਰਖਣਾ। ਆਪ ਜੀ ਦਾ ਸਰੂਪ ਮਿੱਠ-ਬੋਲੜਾ ਤੇ ਮੋਹਣੀ ਮੂਰਤ ਵਾਲਾ ਸੀ, ਜੋ ਵੀ ਦਰਸ਼ਨਾਂ ਨੂੰ ਆਉਂਦਾ ਹਰ ਇੱਕ ਦਾ ਮਨ ਸ਼ਾਂਤ ਹੋ ਜਾਂਦਾ। ਆਪ ਜੀ ਨੇ ਹਰੇਕ ਪ੍ਰਾਣੀ ਮਾਤਰ ਦੇ ਭਲੇ ਵਾਸਤੇ ਭਜਨ ਸਿਮਰਨ ਤੇ ਸੇਵਾ ਕਰਨ ਦਾ ਹੀ ਉਪਦੇਸ਼ ਬਖ਼ਸ਼ਣਾ। ਹਿਰਦਾ ਕਮਾਈ ਵਾਲਾ ਤੇ ਕੋਮਲ ਸੀ, ਉਪਦੇਸ਼ ਵਿੱਚ ਬੜੀ ਆਕਰਸ਼ਨ ਸ਼ਕਤੀ ਸੀ। ਜੋ-ਜੋ ਵੀ ਸੁਣਦਾ ਸੁਤੇ ਹੀ ਸੁਰਤਾਂ ਜੁੜ ਜਾਂਦੀਆਂ। ਆਪ ਜੀ ਦੇ ਉਪਦੇਸ਼ ਦਾ ਸਦਕਾ ਵੱਡੇ-ਵੱਡੇ ਡਾਕੂ ਵੀ ਸੁਧਰ ਗਏ। ਇਉਂ ਰਾਮਪੁਰ ਪਿੰਡ ਦੇ ਬਹੁਤ ਸਾਰੇ ਲੋਕ ਜੋ ਪਹਿਲਾਂ ਬੜੇ ਧਾੜਵੀ ਤੇ ਬਦਮਾਸ਼ ਸਨ, ਸੰਤਾਂ ਦੀ ਕ੍ਰਿਪਾ ਨਾਲ ਉਹ ਵੀ ਗੁਰੂ ਘਰ ਦੇ ਪੂਰਨ ਸ਼ਰਧਾਲੂ ਬਣ ਗਏ।

ਖ਼ਾਸ ਕਰਕੇ ਸ੍ਰਦਾਰ ਬਖਤੌਰ ਸਿੰਘ ਜ਼ੈਲਦਾਰ ਜੋ ਬੜਾ ਹੀ ਸੰਤ ਸਰੂਪ ਤੇ ਬਾਬਾ ਜੀ ਦਾ ਆਗਿਆਕਾਰੀ ਅਨਿੰਨ ਸੇਵਕ ਸੀ ਜਿਸ ਨੇ ਆਪਣੀ ਪ੍ਰੀਤੀ ਅੰਤਮ ਸਵਾਸਾਂ ਤੱਕ ਨਿਭਾਈ। ਲੈਫਟੀਨੈਂਟ ਸ੍ਰਦਾਰ ਪ੍ਰਤਾਪ ਸਿੰਘ, ਸ੍ਰਦਾਰ ਸੁਰਜਨ ਸਿੰਘ, ਸ੍ਰਦਾਰ ਜਗਜੀਤ ਸਿੰਘ, ਹੌਲਦਾਰ ਚੰਨਣ ਸਿੰਘ ਤੇ ਬਾਬਾ ਬਿਸ਼ਨ ਸਿੰਘ ਜੋ ਕਈ ਵਾਰੀ ਸੰਤਾਂ ਨਾਲ ਸੈਦੂ ਤੇ ਹੋਤੀ ਮਰਦਾਨ ਵੀ ਗਿਆ ਸੀ, ਹਜ਼ੂਰ ਸਾਹਿਬ ਤੇ ਹਰਿਦੁਆਰ ਦੀ ਯਾਤਰਾ ਵੀ ਸੰਤਾਂ ਦੇ ਨਾਲ ਹੀ ਕੀਤੀ ਜੋ ਡੇਰੇ ਦਾ ਪਰਮ ਸ਼ਰਧਾਲੂ ਸੇਵਕ ਸੀ। ਇਸੇ ਤਰ੍ਹਾਂ ਕਨੇਚ ਤੋਂ ਸੰਤ ਨਾਹਰ ਸਿੰਘ ਜੀ, ਬਾਬਾ ਆਇਆ ਸਿੰਘ ਜੀ ਦੇ ਸੇਵਕ ਸੰਤ ਨੱਥਾ ਸਿੰਘ ਜੀ, ਸੰਤ ਭਗਵਾਨ ਸਿੰਘ ਜੀ, ਅੰਬਾਲੇ ਜ਼ਿਲ੍ਹੇ ਦੇ ਗਿਆਨੀ ਰਤਨ ਸਿੰਘ ਜੀ ਜੋ ਕਿ ਹੁਣ ੩੬ ਸਾਲਾਂ ਤੋਂ

---

[1] ਸੰਤ ਜੀ ਮਹਾਰਾਜ ਨੂੰ ਇੱਕ ਗਿਆਨ ਦਾਸ ਉਦਾਸੀ ਸੰਤ ਨੇ ਬੜੀ ਨਿੰਮ੍ਰਤਾ ਨਾਲ ਬੇਨਤੀ ਕਰ ਕੇ ਵਾਜੇ ਦੀਆਂ ਦੋ ਚਾਰ ਸੁਰਾਂ ਦਸੀਆਂ। ਫੇਰ ਤਾਂ ਆਪ ਜੀ ਦੀ ਅਸੀਸ ਨਾਲ ਲਛਮਣ ਸਿੰਘ ਜੈਸੇ ਗੰਧਰਬ ਰਾਗੀ ਬਣੇ। ਇਸ ਨੂੰ ਸੰਤ ਜੀ ਮਹਾਰਾਜ ਨੇ ਨਿਰਮਲ ਸਿੰਘ ਰਾਗੀ ਤੋਂ ਰਾਗ ਸਿਖਾਇਆ ਜਿਸ ਨੇ ਕਾਫੀ ਸਮਾਂ ਆਲਮਗੀਰ ਗੁਰਦੁਆਰੇ ਸਾਹਿਬ ਦੀ ਸੇਵਾ ਕੀਤੀ।

ਰਾਮਪੁਰ ਨਗਰ ਗੁਰਦੁਆਰੇ ਦੀ ਸੇਵਾ ਕਰਦੇ ਅਤੇ ਬੱਚੇ ਬੱਚੀਆਂ ਨੂੰ ਪੜ੍ਹਾ ਰਹੇ ਹਨ। ਸੰਤਾਂ ਦੇ ਵੱਡੇ ਭਰਾ ਬਾਬਾ ਕਾਲ੍ਹਾ ਸਿੰਘ ਦਾ ਦੋਹਤਰਾ ਬਾਬਾ ਹਾਕਮ ਸਿੰਘ ਜੀ, ਤਾਰਾ ਸਿੰਘ ਜੀ, ਮਸਤਾਨ ਸਿੰਘ ਜੀ, ਜੁਗਿੰਦਰ ਸਿੰਘ ਖਾਲਸਪੁਰ ਦਾ ਜੋ ਬਸੀ ਦੇ ਪਾਸ ਹੈ ਇਉਂ ਪਿਛਲੇ ਸੰਸਕਾਰ ਅਨੁਸਾਰ ਹੋਰ ਵੀ ਬਹੁਤ ਸਾਰੇ ਪ੍ਰੇਮੀ ਆ ਪਹੁੰਚੇ।

ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ
ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥

(ਪੰਨਾ ੮੫੩)

ਇਸੇ ਤਰ੍ਹਾਂ ਗੇਂਦਾ ਸਿੰਘ ਸੂਦ ਤੇ ਪਾਤਸ਼ਾਹ ਵੀ ਡੇਰੇ ਦੀ ਸੇਵਾ ਕਰਦੇ ਰਹੇ। ਇਉਂ ਹੋਰ ਵੀ ਬਹੁਤ ਸਾਰੇ ਸਤਸੰਗੀ ਡੇਰੇ ਨਾਲ ਤੇ ਸੰਤਾਂ ਨਾਲ ਪ੍ਰੇਮ ਰਖਣ ਵਾਲੇ ਹਰ ਸਮੇਂ ਹੁਕਮ ਦੀ ਉਡੀਕ ਵਿੱਚ ਹਾਜ਼ਰ ਰਹਿੰਦੇ।

ਇਸ ਪ੍ਰਕਾਰ ਨਿਤਾ ਪ੍ਰਤੀ ਸੰਤਾਂ ਦਾ ਤੇਜ ਪ੍ਰਤਾਪ ਵਧਦਾ ਗਿਆ, ਦਰਸ਼ਨਾਂ ਵਾਸਤੇ ਦੁਨੀਆਂ ਉਡੀਕਦੀ ਰਹੀ:

ਦਰਸਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ।

(ਭਾਈ ਗੁਰਦਾਸ ਜੀ)

ਪਹਿਲਾਂ ਪਹਿਲਾਂ ਡੇਰੇ ਦੇ ਨਾਮ ਜ਼ਮੀਨ ਕੋਈ ਨਹੀਂ ਸੀ ਪਰ ਸੰਤਾਂ ਦੇ ਪ੍ਰਤਾਪ ਕਰਕੇ ਫੇਰ ਤਾਂ ਖੇਤੀ-ਬਾੜੀ ਵਾਸਤੇ ਕਾਫ਼ੀ ਜ਼ਮੀਨ ਹੋ ਗਈ। ਬਾਬਾ ਆਇਆ ਸਿੰਘ ਜੀ ਦੇ ਆਇਆਂ ਤੋਂ ਬਾਹਰਲੀ ਬਗ਼ੀਚੀ ਜਿੱਥੇ ਹੁਣ ਸੰਤਾਂ ਦਾ ਭੋਰਾ ਹੈ, ਸੂਦਾਰ ਲਾਲ ਸਿੰਘ ਨੇ ਅਰਦਾਸ ਕਰਵਾ ਦਿੱਤੀ ਜਿਸਦੇ ਵਿੱਚ ਖੂਹੀ ਲੱਗੀ ਹੋਈ ਸੀ। ਪੰਜ ਸੱਤ ਬੂਟੇ ਅੰਬਾਂ ਦੇ, ਦੋ ਚਾਰ ਨਿੰਬੂ ਤੇ ਗਲਗਲਾਂ ਦੇ ਵੀ ਖੜੇ ਸਨ। ਫਿਰ ਕਿਸੇ ਨੇ ਵਿਘਾ, ਕਿਸੇ ਨੇ ਅੱਧਾ ਵਿਘਾ ਦੇ ਦਿੱਤਾ। ਇਉਂ ਪੰਜ ਸੱਤ ਵਿਘੇ ਤਾਂ ਬਾਹਰ ਖੂਹੀ ਕੋਲ ਹੀ ਹੋ ਗਈ।

ਗੁਰਦੁਆਰੇ ਦੇ ਉਦਾਲੇ ਦੀ ਧਰਤੀ ੨੫ ਵਿਘੇ ਕਾਲਾ ਸਿੰਘ ਦੇ ਭਤੀਜੇ ਰਾਜੂ ਦੀ ਸੀ ਜੋ ਉਸਨੇ ਕਟਾਣੀ ਦੇ ਹੀਰਾ ਸਿੰਘ ਸੂਬੇਦਾਰ ਕੋਲ ਗਹਿਣੇ ਕਰ ਦਿੱਤੀ ਸੀ। ਸੂਬੇਦਾਰ ਨੇ ਸੰਤਾਂ ਪਾਸ ਆਕੇ ਅਰਜ਼ ਕੀਤੀ, "ਮਹਾਰਾਜ! ਇਹ ਨਾਲ ਦੀ ੨੫ ਵਿਘੇ ਜ਼ਮੀਨ ਮੇਰੇ ਕੋਲ ਗਹਿਣੇ ਹੈ ਜਿਤਨਾ ਚਿਰ ਨਹੀਂ ਛੁੱਟਦੀ ਆਪ ਇਸਨੂੰ ਗੁਰੂ ਕੇ ਲੰਗਰ ਵਾਸਤੇ ਬੀਜੀ ਜਾਓ, ਮੇਰੀ ਸੇਵਾ ਹੋ ਜਾਵੇਗੀ।" ਬਾਹਰ ਖੂਹੀ ਦੇ ਨੇੜੇ ਸੱਤ ਵਿਘੇ ਬਖਤੌਰ ਸਿੰਘ ਜ਼ੈਲਦਾਰ ਦੇ ਪਿਤਾ ਸੂਦਾਰ ਕੇਹਰ ਸਿੰਘ ਨੇ ਦੇ ਦਿੱਤੀ। ਇਉਂ ਸਾਰੀ ਪੰਜਾਹ ਕੁ ਵਿਘੇ ਹੋ ਗਈ ਜਿਸ ਵਿੱਚ ਸੰਤ ਜੀ ਮਹਾਰਾਜ ਆਪ ਹੱਥੀਂ ਖੇਤੀ ਕਰਦੇ ਰਹੇ।

ਇਸੇ ਤਰ੍ਹਾਂ ਪਹਿਲੇ ਪਹਿਲ ਇੱਕ ਗਊ ਤੇ ਸੰਤਾਂ ਦੀ ਅਸਵਾਰੀ ਵਾਸਤੇ ਇੱਕ ਘੋੜੀ ਕਟਾਹਰੀ ਪਿੰਡ ਦੇ ਜਗਤ ਸਿੰਘ ਦਰਜੀ ਨੇ ਅਰਦਾਸ ਕਰਵਾਈ। ਫੇਰ ਇੱਕ ਘੋੜੀ ਕਿਲ੍ਹਾ ਰਾਇਪੁਰ ਤੋਂ ਸੂ: ਗੁਰਦਿੱਤ ਸਿੰਘ ਲੈਫਟੀਨੈਂਟ ਨੇ ਭੇਜ ਦਿੱਤੀ। ਜਦੋਂ ਮੰਜੀ ਸਾਹਿਬ ਤਿਆਰ ਕੀਤਾ ਫੇਰ ਤਾਂ ਹੋਰ ਵੀ ਗਊਆਂ ਮੱਝਾਂ ਮੁੱਲ ਲੈ ਲਈਆਂ ਸਨ। ਵੱਡੇ ਹਾਲ ਵਾਲਾ ਗੁਰਦੁਆਰਾ, ਸਿੰਘਾਂ ਦੀ ਰਹਾਇਸ਼ ਵਾਸਤੇ ਕੋਠੜੀਆਂ, ਆਏ ਗਏ ਦੀ ਸੇਵਾ ਵਾਸਤੇ ਗਊਆਂ, ਮੱਝਾਂ, ਦੁੱਧ, ਦਹੀਂ, ਚਾਹ, ਲੱਸੀ ਹਰ ਚੀਜ਼ ਦਾ ਪ੍ਰਵਾਹ ਜਾਰੀ ਰਿਹਾ। ਤਿੰਨ ਸਮੇਂ ਲੰਗਰ ਦੀ ਘੰਟੀ ਵਜਣੀ, ਸਾਰੀ ਮਰਯਾਦਾ ਤੇ ਜੋਤ ਹੋਤੀ ਮਰਦਾਨ ਦੇ ਡੇਰੇ ਵਾਂਗੂ ਜਗਣ ਲੱਗੀ।

ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਥੋੜ੍ਹਾ-ਥੋੜ੍ਹਾ ਸਮਾਂ ਆਪਣੇ ਠਹਿਰਣ ਵਾਸਤੇ ਹੋਤੀ ਮਰਦਾਨ ਵੀ ਤਿੰਨ ਜਗ੍ਹਾ ਬਣਾਈਆਂ ਸਨ ਡੇਰਾ, ਛਪਰੀਆਂ ਤੇ ਗੁਫ਼ਾ ਵਾਲਾ ਅਸਥਾਨ। ਏਸੇ ਤਰ੍ਹਾਂ ਅਤਰ ਸਿੰਘ ਜੀ ਮਹਾਰਾਜ ਦੇ ਵੀ ਡੇਰਾ, ਗੋਖੇ ਦੀ ਛੱਪੜੀ ਤੇ ਬਾਹਰ ਬਗ਼ੀਚੀ ਵਾਲਾ ਭੋਰਾ ਤਿੰਨ ਥਾਂ ਬਣੇ ਹੋਏ ਸਨ। ਬਾਅਦ ਵਿੱਚ ਕਨੇਚ ਦੇ ਜਿਉਣ ਸਿੰਘ ਨੇ ਜੀ.ਟੀ. ਰੋਡ ਤੇ ਤਿੰਨ ਵਿਘੇ ਜ਼ਮੀਨ ਅਰਦਾਸ ਕਰਵਾ ਦਿੱਤੀ। ਆਪ ਕਈ ਸਾਲ ਲਗਾਤਾਰ ਸਵੇਰ ਦੇ ਟਾਈਮ ਓਥੇ ਵੀ ਜਾ ਕੇ ਬੰਦਗੀ ਕਰਦੇ ਰਹੇ। ਕਦੇ-ਕਦੇ ਰਸਤੇ ਵਿੱਚ ਜੋ ਰੇਲਵੇ ਲਾਇਨ ਦੇ ਪਾਸ ਬਉਲੀ ਹੈ, ਏਸ ਧਰਤੀ ਨੂੰ ਵੀ ਭਜਨ ਸਿਮਰਨ ਦੁਆਰਾ ਭਾਗ ਲਾਉਂਦੇ। ਆਪ ਜੀ ਦਾ ਹਰ ਰੋਜ਼ ਦਾ ਇਹ ਨਿਯਮ ਹੁੰਦਾ ਕਿ ਸ਼ਾਮ ਦਾ ਇਸ਼ਨਾਨ ਬਾਹਰ ਖੂਹੀ ਤੋਂ ਹੀ ਕਰਦੇ। ਫੇਰ ਉਸੇ ਜਗ੍ਹਾ ਤੋਂ ਰਹਿਰਾਸ ਸਾਹਿਬ ਦਾ ਪਾਠ ਕਰਦੇ ਡੇਰੇ ਨੂੰ ਚਲੇ ਆਉਣਾ। ਗੋਖੇ ਦੀ ਛਪੜੀ ਕੋਲ ਭੋਗ ਪੈ ਜਾਣਾ ਉਸੇ ਥਾਂ ਅਰਦਾਸਾਂ ਸੋਧਕੇ ਫੇਰ ਹੋਰ ਸੰਗਤ ਦੇ ਨਾਲ ਸ਼ਬਦ ਪੜ੍ਹਦੇ ਆਉਣਾ ਤੇ ਗੁਰਦੁਆਰੇ ਅੱਗੇ ਖਲੋ ਕੇ ਇਹ ਸ਼ਬਦ ਪੂਰਾ ਪੜ੍ਹਨਾ:

ਠਾਕੁਰ ਤੁਮ੍ ਸਰਣਾਈ ਆਇਆ ॥
ਉਤਰਿ ਗਇਓ ਮੇਰੇ ਮਨ ਕਾ ਸੰਸਾ
ਜਬ ਤੇ ਦਰਸਨੁ ਪਾਇਆ ॥੧॥ ਰਹਾਉ ॥
ਅਨਬੋਲਤ ਮੇਰੀ ਬਿਰਥਾ ਜਾਨੀ
ਅਪਨਾ ਨਾਮੁ ਜਪਾਇਆ ॥
ਦੁਖ ਨਾਠੇ ਸੁਖ ਸਹਜਿ ਸਮਾਏ
ਅਨਦ ਅਨਦ ਗੁਣ ਗਾਇਆ ॥੧॥
ਬਾਹ ਪਕਰਿ ਕਢਿ ਲੀਨੇ ਅਪੁਨੇ
ਗ੍ਰਿਹ ਅੰਧ ਕੂਪ ਤੇ ਮਾਇਆ ॥
ਕਹੁ ਨਾਨਕ ਗੁਰਿ ਬੰਧਨ ਕਾਟੇ
ਬਿਛੁਰਤ ਆਨਿ ਮਿਲਾਇਆ ॥੨॥

(ਪੰਨਾ ੧੨੧੯)

ਦਰਵਾਜੇ ਅੱਗੇ ਮੱਥਾ ਟੇਕ ਕੇ ਅੰਦਰ ਜਾਣਾ ਤੇ ਸਤਿਗੁਰਾਂ ਦੇ ਸਨਮੁਖ:
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥

(ਪੰਨਾ ੨੫੬)

ਸਲੋਕ ਪੜ੍ਹਕੇ ਗੁਰੂ ਚਰਨ ਪਰਸਕੇ ਪ੍ਰਕਰਮਾਂ ਕਰਨੀਆਂ, ਫੇਰ ਆਪ ਵਾਜਾ ਲੈਕੇ ਸਿੱਧੀਆਂ ਧਾਰਨਾਂ ਦੇ ਜੋਟੀਆਂ ਵਿੱਚ ਸ਼ਬਦ ਪੜ੍ਹਨੇ। ਬਾਅਦ ਵਿੱਚ ਗੁਰੂ ਇਤਿਹਾਸ ਦੀ ਕਥਾ ਸੁਣਨੀ। ਇਉਂ ਆਪ ਜੀ ਦਾ ਇਹ ਹਰ ਰੋਜ਼ ਦਾ ਨਿੱਤਨੇਮ ਸੀ। ਇਸੇ ਨਾਮ ਬਾਣੀ ਦੀਆਂ ਬਰਕਤਾਂ ਕਰਕੇ ਹੀ ਰਿੱਧੀਆਂ ਸਿੱਧੀਆਂ ਚਰਨ ਚੁੰਮਦੀਆਂ ਸਨ। ਅੱਠੇ ਪਹਿਰ ਅਤੁੱਟ ਲੰਗਰ, ਆਏ ਗਏ ਸਾਧੂ ਬਿਹੰਗਮ ਦਾ ਪੂਰਨ ਸਤਿਕਾਰ, ਨਿਰੋਲ ਗੁਰਬਾਣੀ ਦੀ ਉਪਦੇਸ਼, ਸ਼ਰਨਾਗਤ ਬਿਰਦ ਦੀ ਪਾਲਣਾ ਵਾਸਤੇ ਸੇਵਕਾਂ ਦੇ ਮਨੋਰਥ ਪੂਰਨੇ। ਫੇਰ ਸਭ ਤੋਂ ਵੱਡੀ ਗੱਲ ਤਾਂ ਇਹ ਸੀ ਕਿ ਚਾਹੇ ਬਹੁਤ ਸਾਰੇ ਸੇਵਾਦਾਰ ਵੀ ਹਜ਼ੂਰੀ ਵਿੱਚ ਰਹਿੰਦੇ ਸਨ ਪਰ ਫੇਰ ਵੀ ਸੇਵਾ ਕਰਨ ਦੀ ਸਿੱਖਿਆ ਸਿਖਾਉਣ ਵਾਸਤੇ ਆਪਣੇ ਹੱਥੀਂ ਸੇਵਾ ਨਹੀਂ ਛੱਡੀ, ਇਹ ਆਪ ਜੀ ਦੀ ਬੜੀ ਨਿਰਮਲ ਤੇ ਉੱਤਮ ਮਰਯਾਦਾ ਸੀ।

ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥
ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥

(ਪੰਨਾ ੨੯੫)

# ਮੰਜੀ ਸਾਹਿਬ ਦੀ ਆਰੰਭਤਾ

ਜਦੋਂ ਰੇਰੂ ਸਾਹਿਬ ਗੁਰਦੁਆਰੇ ਦਾ ਹਾਲ ਮੁਕੰਮਲ ਹੋ ਚੁੱਕਾ ਤਾਂ ਬਾਬਾ ਜੀ ਨੇ ਅਰਸ਼ੀ ਦਾਤਾਰ ਕਲਗੀਆਂ ਵਾਲੇ ਪਾਤਸ਼ਾਹ ਦੇ ਹੁਕਮ ਅਨੁਸਾਰ ਮੰਜੀ ਸਾਹਿਬ ਦੀ ਸੇਵਾ ਆਰੰਭ ਕਰਨ ਦਾ ਖ਼ਿਆਲ ਕੀਤਾ। ਤਦ ਬਾਬਾ ਜੀ ਨੇ ਉਸ ਸਮੇਂ ਨਗਰ ਦੇ ਮੁਖੀ ਤੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਬੁਲਾਕੇ ਪੁੱਛਿਆ ਕਿ ਹੁਣ ਇਸ ਰੇਰੂ ਦੇ ਬ੍ਰਿਛ ਨੂੰ ਕਾਇਮ ਰਹਿਣ ਦਿੱਤਾ ਜਾਵੇ ਜਾਂ ਇਸੇ ਥਾਂ ਹੀ ਮੰਜੀ ਸਾਹਿਬ ਤਿਆਰ ਕਰੀਏ? ਉਸ ਸਮੇਂ ਸਾਰਿਆਂ ਨੇ ਹੱਥ ਜੋੜ ਕੇ ਅਰਜ਼ ਕੀਤੀ, ਗ਼ਰੀਬ ਨਿਵਾਜ਼! ਆਪ ਜੀ ਦਾ ਜਿਵੇਂ ਖ਼ਿਆਲ ਹੋਵੇ ਸੰਗਤ ਉਸੇ ਤਰ੍ਹਾਂ ਤਿਆਰ ਹੈ ਪਰ ਸਾਰੇ ਇਲਾਕੇ ਨੂੰ ਪਤਾ ਹੈ ਕਿ ਇਹ ਜਗ੍ਹਾ ਸ਼ਕਤੀ ਵਾਲੀ ਹੈ ਕੋਈ ਵੀ ਇਸ ਥਾਂ ਦੀ ਬੇਅਦਬੀ ਨਹੀਂ ਕਰਦਾ। ਰੇਰੂ ਦਾ ਬ੍ਰਿਛ ਤਾਂ ਕਟਣਾ ਕੀ ਸੀ ਭੈਅ ਕਰਕੇ ਅੱਜ ਤੱਕ ਕਿਸੇ ਨੇ ਇੱਕ ਦਾਤਨ ਵੀ ਨਹੀਂ ਤੋੜੀ। ਹੁਣ ਆਪ ਸਮਰਥ ਹੋ ਜਿਵੇਂ ਯੋਗ ਸਮਝੋ ਕਰੋ।

ਹਜ਼ੂਰ ਕਹਿਣ ਲਗੇ ਤੁਹਾਡੀ ਗੱਲ ਠੀਕ ਹੈ ਪਰ ਹੁਣ ਜੇਕਰ ਮੰਜੀ ਸਾਹਿਬ ਵੱਖਰੀ ਬਣਾ ਦਿੱਤੀ ਗਈ ਤਾਂ ਫੇਰ ਏਸ ਰੇਰੂ ਬ੍ਰਿਛ ਦੀ ਲੋਕਾਂ ਨੇ ਉਸੇ ਤਰ੍ਹਾਂ ਹੀ ਪੂਜਾ ਕਰੀ ਜਾਣੀ ਹੈ ਜਿਵੇਂ ਪਹਿਲਾਂ ਕਰਦੇ ਹਨ ਗੁਰੂ ਘਰ ਵਿੱਚ ਇਹ ਗੱਲ ਠੀਕ ਨਹੀਂ। ਏਥੇ ਤਾਂ ਕੇਵਲ ਸ਼ਸਤ੍ਰ ਤੇ ਗੁਰਬਾਣੀ ਦਾ ਸਤਿਕਾਰ ਕਰਨ ਦਾ ਹੀ ਸਤਿਗੁਰਾਂ ਦਾ ਹੁਕਮ ਹੈ। ਅਸੀਂ ਸਾਰਿਆਂ ਨੂੰ ਨਾਮ ਬਾਣੀ ਦੇ ਆਸਰੇ ਨਿਰਗੁਣ ਦੀ ਉਪਾਸ਼ਨਾ ਵਿੱਚ ਜੋੜਣਾ ਹੈ ਹੁਣ ਆਪਾਂ ਸਾਰੇ ਹੀ ਸਰਬੰਸ ਦਾਨੀ ਦਸਮ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਆਗਿਆ ਮੰਗਦੇ ਹਾਂ ਜਿਵੇਂ ਉਨ੍ਹਾਂ ਨੂੰ ਭਾਵੇਗਾ ਉਸੇ ਤਰ੍ਹਾਂ ਦਾ ਹੁਕਮ ਬਖ਼ਸ਼ ਦੇਣਗੇ।

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥

(ਪੰਨਾ ੯੧)

ਉਸੇ ਸਮੇਂ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਵਾਕੇ ਰੇਰੂ ਬ੍ਰਿਛ ਦੇ ਪਾਸ ਪਹੁੰਚੇ ਅਤੇ ਸੰਗਤ ਦੀ ਬੇਨਤੀ ਪ੍ਰਵਾਨ ਕਰਦਿਆਂ ਸੰਤਾਂ ਨੇ ਗੁਰ ਚਰਨਾਂ ਵਿੱਚ ਆਪ ਅਰਦਾਸ ਕੀਤੀ, "ਗ਼ਰੀਬ ਨਿਵਾਜ਼! ਸਤਿਗੁਰੂ ਸੱਚੇ ਪਾਤਸ਼ਾਹ! ਸੋਢੀ ਸੁਲਤਾਨ! ਮਾਲਕ ਦੋ ਜਹਾਨ ਜੀ! ਇਹ ਆਪ ਜੀ ਦੀ ਪਾਵਨ ਯਾਦਗਾਰ ਰੇਰੂ ਦੇ ਬ੍ਰਿਛ ਵਾਲੀ ਜਗ੍ਹਾ ਸੰਗਤਾਂ ਦਾ ਮੰਜੀ ਸਾਹਿਬ ਬਨਾਉਣ ਦਾ ਖ਼ਿਆਲ ਹੈ। ਜੋ ਇਹ ਹਜ਼ੂਰ ਦੀ ਯਾਦਗਾਰ ਮੁਕੰਮਲ ਤੌਰ ਤੇ ਜੁਗੋ ਜੁਗ ਅਟੱਲ ਰਹੇ। ਆਪ ਜੀ ਦਾ ਹੁਕਮ ਚਾਹੁੰਦੇ ਹਾਂ। ਜੇਕਰ ਆਪ ਜੀ ਦੀ ਆਗਿਆ ਵੱਖਰਾ ਮੰਜੀ ਸਾਹਿਬ ਤਿਆਰ ਕਰਨ ਦੀ ਹੈ ਤਾਂ ਇਹ ਬ੍ਰਿਛ ਇਸੇ ਤਰ੍ਹਾਂ ਹੀ ਹਰਿਆ ਭਰਿਆ ਰਹੇ। ਜੇਕਰ ਇਸੇ ਜਗ੍ਹਾ ਮੰਜੀ ਸਾਹਿਬ ਬਨਾਉਣ ਵਾਸਤੇ ਹਜ਼ੂਰ ਦਾ ਹੁਕਮ ਹੈ ਤਾਂ ਫੇਰ ਇਸ ਬ੍ਰਿਛ ਨੂੰ ਆਪ ਜੀ ਸੰਤੋਖ ਲਵੋ ਇਹ ਹੌਲੀ-ਹੌਲੀ ਸਮਾਪਤ ਹੋ ਜਾਵੇ ਤੇ ਇਸਨੂੰ ਕੱਟਕੇ ਇਸੇ ਥਾਂ ਤੇ ਪਾਵਨ ਯਾਦਗਾਰ ਮੰਜੀ ਸਾਹਿਬ ਤਿਆਰ ਕਰੀਏ।" ਇਉਂ ਜਦੋਂ ਸੰਤਾਂ ਨੇ ਗੁਰੂ ਚਰਨਾਂ ਵਿੱਚ ਲੀਨ ਹੋ ਕੇ ਅਰਦਾਸ ਕੀਤੀ:

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥

(ਪੰਨਾ ੮੧੯)

ਕੜਾਹ ਪ੍ਰਸ਼ਾਦ ਦੀ ਦੇਗ ਵਰਤਾਕੇ ਅਜੇ ਵਾਪਸ ਹੀ ਮੁੜੇ ਸਨ ਕਿ ਉਸੇ ਸਮੇਂ ਬ੍ਰਿਛ ਦੇ ਪੱਤੇ ਕੁਮਲਾਉਣੇ ਸ਼ੁਰੂ ਹੋ ਗਏ। ਸ਼ਾਖਾਂ ਤੱਕ ਕਰੂੰਬਲਾਂ ਉਦਾਸ ਹੋ ਗਈਆਂ ਤੇ ਹਫ਼ਤੇ ਵਿੱਚ ਬ੍ਰਿਛ ਸੁੱਕ ਗਿਆ। ਫੇਰ ਤਾਂ ਸਤਿਗੁਰਾਂ ਦੀ ਆਗਿਆ ਹੋ ਗਈ ਪਰ ਅਜੇ ਵੀ ਇਸਨੂੰ ਹੱਥ ਲਾਉਣ ਵਾਸਤੇ ਕਿਸੇ ਦਾ ਹੀਆ ਨਹੀਂ ਪੈਂਦਾ। ਕਾਫ਼ੀ ਸਮਾਂ ਉਸੇ ਤਰ੍ਹਾਂ ਸੁੱਕਾ ਹੀ ਖੜ੍ਹਾ ਰਿਹਾ।

ਫੇਰ ਇਲਾਕੇ ਦੀ ਸੰਗਤ ਨੇ ਇਕੱਠਿਆਂ ਹੋ ਕੇ ਸੰਤਾਂ ਦੇ ਚਰਨਾਂ ਵਿੱਚ ਅਰਜ਼ ਕੀਤੀ, "ਮਹਾਰਾਜ! ਹੁਣ ਆਪ ਹੀ ਇਸਨੂੰ ਕੱਟੋ, ਹੋਰ ਸਾਰੇ ਭੈਅ ਕਰਦੇ ਹਨ।" ਉਸ ਸਮੇਂ ਸੰਤਾਂ ਨੇ ਅਰਦਾਸ ਕਰਕੇ ਉਸਨੂੰ ਆਪਣੇ ਹੱਥੀਂ ਉਪਰੋਂ ਸਮਾਪਤ ਕਰ ਦਿੱਤਾ ਅਤੇ ਜਿਤਨੀ ਜਗ੍ਹਾ ਹੁਣ ਮੰਜੀ ਸਾਹਿਬ ਦਾ ਥੜਾ ਬਣਿਆ ਹੋਇਆ ਹੈ ਉਤਨਾ ਉੱਚਾ ਤੇ ਚੌੜਾ ਮੁੱਢ ਰੱਖ ਲਿਆ। ਉਸ ਉਪਰ ਮੰਜੀ ਸਾਹਿਬ ਦੀ ਨੀਂਹ ਰਖੀ, ਜਿਸਦੇ ਬਨਾਉਣ ਦੀ ਸੇਵਾ ਕੱਦੋਂ ਦੇ ਬਸੰਤ ਸਿੰਘ, ਭਾਈ ਵੀਰ ਸਿੰਘ ਤੇ ਮਿਸਤ੍ਰੀ ਉੱਤਮ ਸਿੰਘ ਨੇ ਕੀਤੀ ਜੋ ੧੯੭੨ ਬਿਕ੍ਰਮੀ ਨੂੰ ਮੁਕੰਮਲ ਬਣ ਗਈ ਜਿਸਦਾ ਦਰਸ਼ਨ ਕਰਕੇ ਸੰਗਤਾਂ ਆਪਣੀਆਂ ਮਨੋ-ਕਾਮਨਾਂ ਪੂਰੀਆਂ ਕਰਦੀਆਂ ਹਨ ਅਤੇ ਪ੍ਰੇਮੀ ਭੇਟਾ ਅਰਪਦੇ ਹਨ।

## ਮਹਾਰਾਜਾ ਪਟਿਆਲੇ ਦਾ ਦਰਸ਼ਨਾਂ ਵਾਸਤੇ ਆਉਣਾ

ਸੰਤ ਜੀ ਮਹਾਰਾਜ ਦਾ ਤੇਜ਼ ਪ੍ਰਤਾਪ ਚੰਦਨ ਦੀ ਖ਼ੁਸ਼ਬੂ ਵਾਂਗੂੰ ਦਿਨ-ਬਦਿਨ ਫੈਲਦਾ ਗਿਆ। ਮਹਿਮਾਂ ਵਡਿਆਈ ਵਧਦੀ ਗਈ। ਸ਼ਰਧਾਲੂ ਮਨੋ-ਕਾਮਨਾ ਪੂਰੀਆਂ ਕਰਵਾਕੇ ਵਰਸਾਉਂਦੇ ਰਹੇ।

ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥

(ਪੰਨਾ ੩੦੦)

ਮਹਾਰਾਜ ਪਟਿਆਲੇ ਨੇ ਵੀ ਆਪ ਜੀ ਦਾ ਜੱਸ ਸੁਣਿਆ, ਪਰ ਅਜੇ ਤੱਕ ਦਰਸ਼ਨ ਨਹੀਂ ਸਨ ਕੀਤੇ। ਇਸ ਦੇ ਅੰਦਰ ਪੂਰਨ ਸਾਧੂ ਦਾ ਤਾਂ ਪੂਰਾ ਸਤਿਕਾਰ ਸੀ ਅਤੇ ਆਮ ਭੇਖੀ ਲੋਕਾਂ ਦਾ ਉਹ ਪਾਖੰਡ ਵੀ ਨਹੀਂ ਸੀ ਰਹਿਣ ਦਿੰਦਾ। ਅੱਜ ਖ਼ਾਸ ਨਿਕਟਵਰਤੀ ਵਜ਼ੀਰ ਤੇ ਇੱਕ ਦੋ ਨੌਕਰਾਂ ਦੇ ਸਮੇਤ ਗੁਪਤ ਭੇਸ ਵਿੱਚ ਭੁਪਿੰਦਰ ਸਿੰਘ ਸੰਤਾਂ ਦੇ ਦਰਸ਼ਨ ਕਰਨ ਰੇਰੂ ਸਾਹਿਬ ਆਇਆ।

ਇਹ ਉਸ ਸਮੇਂ ਦੀ ਵਾਰਤਾ ਹੈ ਜਦੋਂ ਸੰਤ ਜੀ ਮਹਾਰਾਜ ਆਪਣੇ ਹੱਥੀਂ ਡੇਰੇ ਦੀ ਸੇਵਾ ਕਰਦੇ ਹੁੰਦੇ ਸਨ। ਬਾਅਦ ਵਿੱਚ ਤਾਂ ਫੇਰ ਪ੍ਰੇਮੀਆਂ ਨੇ ਬੇਨਤੀ ਕਰਕੇ ਸੇਵਾ ਲੈ ਲਈ ਸੀ। ਸੇਵਾ ਦੇ ਸਮੇਂ ਆਪ ਜੀ ਦੇ ਪਹਿਰਾਵੇ ਤੋਂ ਅਨਜਾਣ ਆਦਮੀ ਇਹ ਅੰਦਾਜ਼ਾ ਨਹੀਂ ਸੀ ਲਗਾ ਸਕਦਾ ਕਿ ਏਹੋ ਹੀ ਸੰਤ ਹਨ। ਉਸ ਸਮੇਂ ਸਾਦੇ ਬਸਤਰਾਂ ਵਿੱਚ ਆਏ ਮਹਾਰਾਜਾ ਪਟਿਆਲੇ ਨੇ ਆਪਣੇ ਸਾਥੀਆਂ ਸਮੇਤ ਗੁਰਦੁਆਰੇ ਸਾਹਿਬ ਨਮਸ਼ਕਾਰ ਕੀਤੀ। ਮੰਜੀ ਸਾਹਿਬ ਨੂੰ ਮੱਥਾ ਟੇਕਿਆ ਤੇ ਫੇਰ ਕਮਰਿਆਂ ਦੇ ਦਰਸ਼ਨ ਕਰਨ ਲੱਗੇ।

ਅੱਗੇ ਇੱਕ ਕਮਰੇ ਵਿੱਚ ਸੰਤ ਜੀ ਮਹਾਰਾਜ ਖੱਦਰ ਦੀ ਚਾਦਰ ਦਾ ਝੁੰਬ ਮਾਰਕੇ ਬੈਲਾਂ ਵਾਸਤੇ ਆਪਣੇ ਹੱਥੀਂ ਟੋਕਾ ਕੱਟ ਰਹੇ ਸਨ। ਪਾਸ ਆ ਕੇ ਇਸ ਨੂਰਾਨੀ ਚੇਹਰੇ ਵਾਲੇ ਬ੍ਰਿਧ ਬਾਬੇ ਤੋਂ ਪੁੱਛਿਆ, "ਬਾਬਾ ਜੀ! ਰੇਰੂ ਸਾਹਿਬ ਵਾਲੇ ਸੰਤ ਕਿੱਥੇ ਹਨ?" ਉਸ ਸਮੇਂ ਦਿਲਾਂ ਦੀ ਜਾਨਣ ਵਾਲੇ ਅਰਸ਼ੀ ਦਾਤਾਰ ਨੇ ਸਭਨਾਂ ਨੂੰ ਬਿਠਾਕੇ ਸਤਿਕਾਰ ਨਾਲ ਪੁੱਛਿਆ, "ਦੱਸੋ! ਤੁਸੀਂ ਕੀ ਛਕੋਗੇ? ਦੁੱਧ ਛਕਣਾ ਹੈ ਤਾਂ ਹੁਕਮ ਕਰੋ, ਨਹੀਂ ਤਾਂ ਪ੍ਰਸ਼ਾਦਾ ਵੀ ਤਿਆਰ ਹੈ। ਸੰਤ ਜੀ ਵੀ ਹੁਣੇ ਹੀ ਆ ਜਾਂਦੇ ਹਨ।" ਮਹਾਰਾਜਾ ਪਟਿਆਲੇ ਨੇ ਅਰਜ਼ ਕੀਤੀ, "ਦੁੱਧ ਪਾਣੀ ਤਾਂ ਛਕ ਆਏ ਹਾਂ ਸਿਰਫ ਸੰਤਾਂ ਦੇ ਦਰਸ਼ਨ ਕਰਨ ਦੀ ਹੀ ਆਸ਼ਾ ਹੈ।" ਸੰਤ ਜੀ ਮਹਾਰਾਜ ਫੇਰ ਟੋਕਾ ਕਰਨ ਲੱਗ ਪਏ।

ਇਤਨੇ ਨੂੰ ਰਾਮਪੁਰ ਤੋਂ ਇੱਕ ਦੋ ਪ੍ਰੇਮੀ ਆਏ, ਦਰ ਅੱਗੇ ਨਮਸ਼ਕਾਰ ਕੀਤੀ ਤਾਂ ਸੰਤ ਜੀ ਉਸ ਸਮੇਂ ਬਾਹਰ ਨਿਕਲ ਆਏ ਅਤੇ ਨਲਕੇ ਤੋਂ ਹੱਥ ਪੈਰ ਧੋਣ ਲੱਗ ਪਏ। ਫੇਰ ਇਨ੍ਹਾਂ ਪ੍ਰੇਮੀਆਂ ਤੋਂ ਮਹਾਰਾਜੇ ਨੇ ਪੁੱਛਿਆ ਕਿ ਸੰਤ ਜੀ ਕਿੱਥੇ ਹਨ ਅਤੇ ਕਦੋਂ ਆਉਣਗੇ? ਅਸੀਂ ਦਰਸ਼ਨ ਕਰਨੇ ਹਨ। ਇਹ ਸੁਣ ਕੇ ਇਨ੍ਹਾਂ ਦੇ ਨੇਤਰਾਂ 'ਚੋਂ ਜਲ ਆ ਗਿਆ ਅਤੇ ਆਖਿਆ, "ਏਹੋ ਹੀ ਸੰਤ ਅਤਰ ਸਿੰਘ ਜੀ ਮਹਾਰਾਜ ਹਨ ਜੋ ਟੋਕਾ ਕਰ ਰਹੇ ਸਨ।" ਇਹ ਸੁਣਕੇ ਮਹਾਰਾਜਾ ਤੇ ਹੋਰ ਸਾਰੇ ਪ੍ਰੇਮੀ ਵੈਰਾਗ ਵਿੱਚ ਭਰ ਗਏ ਅਤੇ ਉਨ੍ਹਾਂ ਦੇ ਨੇਤਰ ਤਰ ਹੋ ਗਏ।

ਏਧਰ ਬਾਬਾ ਅਤਰ ਸਿੰਘ ਜੀ ਮਹਾਰਾਜ ਵੀ ਹੱਥ ਸਾਫ਼ ਕਰਕੇ ਅਜੇ ਨਲਕੇ ਪਾਸ ਹੀ ਖੜੇ ਸਨ ਤਾਂ ਮਹਾਰਾਜਾ ਤੇ ਹੋਰ ਨਾਲ ਦੇ ਪ੍ਰੇਮੀ ਚਰਨੀਂ ਆ ਡਿੱਗੇ ਅਤੇ ਅਰਜ਼ ਕੀਤੀ, "ਦੀਨ ਦਿਆਲ ਜੀ! ਇਤਨੀ ਵੱਡੀ ਬੇਅਦਬੀ ਕਿ ਸਾਨੂੰ ਮੰਜੇ ਤੇ ਬਿਠਾਇਆ ਤੇ ਆਪ ਹੇਠਾਂ ਬਹਿਕੇ ਟੋਕਾ ਕਰਦੇ ਰਹੇ। ਆਪ ਹੀ ਸੰਤ ਹੋ ਤੇ ਕਹਿੰਦੇ ਹੋ ਸੰਤ ਆ ਜਾਂਦੇ ਹਨ।" ਉਸ ਸਮੇਂ ਬਾਬਾ ਜੀ ਸਾਰਿਆਂ ਨੂੰ ਗੁਰਦੁਆਰੇ ਸਾਹਿਬ ਲੈ ਆਏ ਹਜ਼ੂਰੀ ਵਿੱਚ ਨਮਸ਼ਕਾਰ ਕਰਕੇ ਸਤਿਗੁਰਾਂ ਅੱਗੇ ਬੇਨਤੀ ਕੀਤੀ ਕਿ ਕਲਜੁਗ ਵਿੱਚ ਇਹੋ ਹੀ ਪੂਰਨ ਸੰਤ ਹਨ, ਮੈਂ ਤਾਂ ਕੋਈ ਪ੍ਰੇਮੀ ਆਏ ਤਾਂ ਉਸ ਨੂੰ ਜਲ-ਪਾਣੀ ਤੇ ਪ੍ਰਸ਼ਾਦ ਛਕਾਉਣ ਦੀ ਤੇ ਗੁਰੂ ਦਰਬਾਰ ਵਿੱਚ ਝਾੜੂ ਬੁਹਾਰੂ ਦੀ ਸੇਵਾ ਹੀ ਕਰਦਾ ਹਾਂ ਪਰ ਲੋਕੀਂ ਮੈਨੂੰ ਹੀ ਸੰਤ ਆਖਣ ਲੱਗ ਪਏ ਹਨ।

ਉਸ ਸਮੇਂ ਸੰਤਾਂ ਨੇ ਸਤਿਗੁਰਾਂ ਅੱਗੇ ਨਿਮਰਤਾ ਸਹਿਤ ਅਰਦਾਸ ਕੀਤੀ, "ਜੀ ਗ਼ਰੀਬ ਨਿਵਾਜ਼! ਹਜ਼ੂਰ ਦੇ ਦਰਸ਼ਨਾਂ ਵਾਸਤੇ ਪਟਿਆਲੇ ਤੋਂ ਮਹਾਰਾਜਾ ਸਾਹਿਬ ਆਏ ਹਨ, ਆਪ ਜੀ ਆਪਣੀ ਰਸਨਾ ਤੋਂ ਸ੍ਰੇਸ਼ਟ ਬਚਨਾਂ ਦੁਆਰਾ ਉਪਦੇਸ਼ ਬਖ਼ਸ਼ ਕੇ ਨਿਹਾਲ ਕਰੋ।" ਉਸ ਵੇਲੇ ਤਾਬਿਆ ਬੈਠੇ ਸਿੰਘ ਨੂੰ ਸੰਤਾਂ ਆਗਿਆ ਕੀਤੀ ਸਤਿਗੁਰਾਂ ਦਾ ਹੁਕਮ ਸੁਣਾਓ। ਜਦੋਂ ਗ੍ਰੰਥੀ ਸਿੰਘ ਨੇ ਬੰਦਨਾਂ ਕਰ ਕੇ ਸਤਿਗੁਰਾਂ ਉਪਰੋਂ ਰੁਮਾਲਾ ਉਤਾਰਿਆ ਤਾਂ ਹਜ਼ੂਰ ਨੇ ਇਹ ਮਹਾਂ ਵਾਕ ਦੀ ਬਖ਼ਸ਼ਿਸ਼ ਕੀਤੀ:

ਦੇਵਗੰਧਾਰੀ ਮਹਲਾ ੫
ਤੇਰਾ ਜਨੁ ਰਾਮ ਰਸਾਇਣਿ ਮਾਤਾ ॥
ਪ੍ਰੇਮ ਰਸਾ ਨਿਧਿ ਜਾ ਕਉ ਉਪਜੀ
ਛੋਡਿ ਨ ਕਤਹੂ ਜਾਤਾ ॥੧॥ ਰਹਾਉ ॥
ਬੈਠਤ ਹਰਿ ਹਰਿ ਸੋਵਤ ਹਰਿ ਹਰਿ
ਹਰਿ ਰਸੁ ਭੋਜਨੁ ਖਾਤਾ ॥
ਅਠਸਠਿ ਤੀਰਥ ਮਜਨੁ ਕੀਨੋ
ਸਾਧੂ ਧੂਰੀ ਨਾਤਾ ॥੧॥
ਸਫਲੁ ਜਨਮੁ ਹਰਿ ਜਨ ਕਾ ਉਪਜਿਆ
ਜਿਨਿ ਕੀਨੋ ਸਉਤੁ ਬਿਧਾਤਾ ॥
ਸਗਲ ਸਮੂਹ ਲੈ ਉਧਰੇ ਨਾਨਕ
ਪੂਰਨ ਬ੍ਰਹਮੁ ਪਛਾਤਾ ॥੨॥੨੧॥

(ਪੰਨਾ ੫੩੨)

ਇਹ ਬਚਨ ਸੁਣ ਕੇ ਮਹਾਰਾਜੇ ਨੇ ਸੰਤਾਂ ਨੂੰ ਨਮਸ਼ਕਾਰ ਕੀਤੀ ਤੇ ਕਿਹਾ, "ਅੱਜ ਕਲਗੀਆਂ ਵਾਲੇ ਪਾਤਸ਼ਾਹ ਨੇ ਬੜੀ ਮੇਹਰ ਕੀਤੀ ਹੈ ਜੋ ਪੂਰਨ ਸੰਤਾਂ ਦੇ ਦਰਸ਼ਨ ਕਰਵਾਏ ਹਨ। ਆਪ ਜੀ ਧੰਨ ਹੋ! ਸਤਿਗੁਰਾਂ ਨੇ ਆਪ ਜੀ ਜੈਸੇ ਮਹਾਂਪੁਰਸ਼ਾਂ ਬਾਬਤ ਹੀ ਬਚਨ ਕਥਨ ਕੀਤਾ ਹੈ। ਆਪ ਜੈਸੇ ਮਹਾਂ-ਪੁਰਸ਼ਾਂ ਨੇ ਬਿਧਾਤੇ ਨੂੰ ਸੌਂਤਰਾ ਕਰ ਦਿੱਤਾ ਹੈ।" ਫੇਰ ਬਾਬਾ ਜੀ ਨੇ ਨਾਲ ਦੇ ਸਾਥੀਆਂ ਸਮੇਤ ਮਹਾਰਾਜੇ ਨੂੰ ਬਾਹਰ ਇੱਕ ਕਮਰੇ ਵਿੱਚ ਲਿਆ ਕੇ ਦੁੱਧ ਛਕਾਇਆ ਅਤੇ ਸ੍ਰੇਸ਼ਟ ਉਪਦੇਸ਼ ਕੀਤਾ ਕਿ ਪੂਰਬਲੇ ਜਨਮ ਦੇ ਤਪ ਅਤੇ ਪੁੰਨ ਕਰਕੇ ਇਹ ਰਾਜ ਮਿਲਿਆ ਹੈ ਹੁਣ ਪਰਜਾ ਨੂੰ ਸੰਭਾਲੋ ਤੇ ਆਪਣੇ ਧਰਮ ਕਰਮ ਵਿੱਚ ਪੱਕੇ ਰਹੋ। ਪਰਜਾ ਨੂੰ ਵੀ ਧਰਮੀ ਬਣਾਓ। ਨਾਮ ਜਪੋ ਤੇ ਨਾਮ ਜਪਾਓ। ਇਨਸਾਫ ਕਰੋ। ਗੁਰੂ ਘਰ ਤੇ ਪੂਰਨ ਸ਼ਰਧਾ ਤੇ ਵਿਸ਼ਵਾਸ ਰਖੋ, ਜਿਨ੍ਹਾਂ ਦੀ ਬਖ਼ਸ਼ਿਸ਼ ਨਾਲ ਤੁਸੀਂ ਰਾਜ ਦੇ ਮਾਲਕ ਬਣੇ ਹੋ। ਫੇਰ ਸੰਤਾਂ ਨੇ ਸਭਨਾਂ ਨੂੰ ਪ੍ਰਸ਼ਾਦ ਤੇ ਸਿਰੋਪਾਓ ਦੇ ਕੇ ਵਿਦਾ ਕੀਤਾ।

## ਪਟਿਆਲੇ ਤੋਂ ਰਾਜ ਮਾਤਾ ਦਰਸ਼ਨ ਕਰਣ ਆਈ

ਜਦੋਂ ਰੇਰੂ ਸਾਹਿਬ ਦੇ ਦਰਸ਼ਨ ਕਰਕੇ ਮਹਾਰਾਜਾ ਸਾਹਿਬ ਪਟਿਆਲੇ ਆਇਆ ਤੇ ਮਹਿਲਾਂ ਵਿੱਚ ਸੰਤਾਂ ਦੀ ਮਹਿਮਾ ਸੁਣਾਈ ਕਿ ਮੈਂ ਅੱਜ ਪੂਰਨ ਮਹਾਂ-ਪੁਰਸ਼ਾਂ ਦਾ ਦੀਦਾਰ ਕਰਕੇ ਆਇਆ ਹਾਂ ਤਾਂ ਉਸ ਸਮੇਂ ਰਾਜ ਮਾਤਾ ਨੇ ਮਹਾਰਾਜਾ ਪਾਸ ਬੇਨਤੀ ਕੀਤੀ ਏਹੋ ਜੇਹੇ ਪੂਰਨ ਪੁਰਖ ਦਾ ਮੈਨੂੰ ਵੀ ਦਰਸ਼ਨ ਕਰਾਓ। ਮਹਾਰਾਜੇ ਨੇ ਆਗਿਆ ਦੇ ਦਿੱਤੀ। ਦੂਸਰੇ ਦਿਨ ਕੁਝ ਕੁ ਅਹਿਲਕਾਰਾਂ ਤੇ ਨੌਕਰਾਂ ਸਮੇਤ ਰਾਜ ਮਾਤਾ ਵੀ ਦਰਸ਼ਨਾਂ ਨੂੰ ਆਈ, ਰਾਮਪੁਰ ਪਿੰਡ ਕੋਲੋਂ ਹੀ ਕਾਰਾਂ ਤੋਂ ਹੇਠਾਂ ਉੱਤਰ ਕੇ ਸ਼ਬਦ ਪੜ੍ਹਦੇ ਹੋਏ ਪੈਦਲ ਚਲ ਪਏ। ਐਤਵਾਰ ਦਾ ਦਿਨ ਸੀ ਦਸ ਕੁ ਵਜੇ ਦੇ ਕਰੀਬ ਗੁਰਦੁਆਰੇ ਸਾਹਿਬ ਪਹੁੰਚ ਗਏ। ਸੰਤਾਂ ਦਾ ਦੀਵਾਨ ਸਜਿਆ ਹੋਇਆ ਸੀ। ਐਤਵਾਰ ਵਾਲੇ ਦਿਨ ਆਪ ਸੰਗਤ ਨੂੰ ਦਰਸ਼ਨ ਦੇਣ ਵਾਸਤੇ ਵਧੇਰੇ ਸਮਾਂ ਬਖ਼ਸ਼ਦੇ ਸਨ। ਸ਼ਹਿਰੀ ਪ੍ਰੇਮੀ ਤੇ ਦਫਤਰਾਂ ਦੇ ਮੁਲਾਜ਼ਮ ਐਤਵਾਰ ਨੂੰ ਹੀ ਆਇਆ ਕਰਦੇ। ਰਾਜ ਮਾਤਾ ਨੇ ਦਰਵਾਜ਼ੇ ਪਾਸ ਆਕੇ ਇਹ ਸ਼ਬਦ ਪੜ੍ਹਿਆ (ਅਸੀਂ ਧੂੜ ਲੈਣ ਨੂੰ ਆਏ ਸੰਤਾਂ ਦੇ ਚਰਨਾਂ ਦੀ)

ਦਾਨੁ ਮਹਿੰਡਾ ਤਲੀ ਖਾਕੁ
ਜੇ ਮਿਲੈ ਤ ਮਸਤਕਿ ਲਾਈਐ ॥

(ਪੰਨਾ ੪੬੮)

ਇਉਂ ਸ਼ਬਦ ਪੜ੍ਹਦਿਆਂ ਨਾਲ ਦੀ ਸੰਗਤ ਸਮੇਤ ਪਹਿਲਾਂ ਮੰਜੀ ਸਾਹਿਬ ਦੇ ਦਰਸ਼ਨ ਕੀਤੇ ਫੇਰ ਦਰਬਾਰ ਸਾਹਿਬ ਅੰਦਰ ਭੇਟਾ ਅਰਪ ਕੇ ਸਤਿਗੁਰਾਂ ਨੂੰ ਨਮਸ਼ਕਾਰ ਕੀਤੀ। ਬਾਅਦ ਵਿੱਚ ਜਦੋਂ ਚਰਨ ਪਰਸਨ ਲੱਗੇ ਤਾਂ ਸੇਵਾਦਾਰਾਂ ਨੇ ਆਖਿਆ ਕਿ ਮਾਤਾ ਜੀ! ਦੂਰੋਂ ਹੀ ਨਮਸ਼ਕਾਰ ਕਰੋ। ਸੰਤਾਂ ਦਾ ਹੁਕਮ ਹੈ, ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰੋ ਤੇ ਕੀਰਤਨ ਸੁਣੋ। ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਤੇ ਸੰਤ ਮਹਾਰਾਜ ਬਾਬਾ ਆਇਆ ਸਿੰਘ ਜੀ ਵੀ ਇਸਤ੍ਰੀ ਨੂੰ ਨੇੜੇ ਆਕੇ ਚਰਨ ਪਰਸਨ ਤੋਂ ਰੋਕਦੇ ਸਨ। ਜੇ ਕੋਈ ਬਦੋਬਦੀ ਨੇੜੇ ਆਕੇ ਮੱਥਾ ਟੇਕੇ ਤਾਂ ਕਹਿਣਾ ਬੱਸ ਹੋ ਗਿਆ ਦੂਰੋਂ ਹੀ ਦਰਸ਼ਨ ਤੇ ਨਮਸ਼ਕਾਰ ਕਰ ਲਵੋ। ਇਹੋ ਹੀ ਮਰਯਾਦਾ ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੀ ਰਹੀ। ਉਸ ਸਮੇਂ ਰਾਜ ਮਾਤਾ ਵਲੋਂ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕੀਤੀ ਗਈ। ਸਤਿਗੁਰਾਂ ਦੇ ਪਾਵਨ ਸਰੂਪ ਤੇ ਸੁੰਦਰ ਰੁਮਾਲਾ ਪਾਇਆ। ਸੰਤਾਂ ਅੱਗੇ ਫ਼ਲ ਫਰੂਟ ਤੇ ਨਕਦੀ ਮਾਇਆ ਲੰਗਰ ਵਾਸਤੇ ਭੇਟਾ ਕੀਤੀ। ਅੱਜ ਦਾ ਭੰਡਾਰਾ ਵੀ ਰਾਜ ਮਾਤਾ ਨੇ ਹੀ ਕਰਵਾਇਆ। ਅਰਦਾਸ ਤੋਂ ਬਾਅਦ ਕੜਾਹ ਪ੍ਰਸ਼ਾਦ ਵਰਤਿਆ ਫੇਰ ਸੰਤ ਜੀ ਮਹਾਰਾਜ ਨੇ ਰਾਜ ਮਾਤਾ ਤੇ ਹੋਰ ਸਭਨਾਂ ਨੂੰ ਆਪੋ-ਆਪਣੇ ਧਰਮ ਵਿੱਚ ਚਲਣ ਤੇ ਕਾਲ ਚੇਤੇ ਰੱਖਣ ਦੀ ਸਿੱਖਿਆ ਦਿੱਤੀ। ਭਜਨ ਸਿਮਰਨ ਕਰਨ ਦਾ ਉਪਦੇਸ਼ ਕੀਤਾ। ਉਪ੍ਰੰਤ ਗੁਰੂ ਘਰੋਂ ਪ੍ਰਸ਼ਾਦ ਤੇ ਸਿਰੋਪਾਓ ਦੇ ਕੇ ਵਿਦਾ ਕੀਤਾ। ਉਸ ਸਮੇਂ ਸਾਰੀ ਸੰਗਤ ਨੂੰ ਪ੍ਰਸ਼ਾਦ ਛਕਾ ਕੇ ਸੰਤ ਜੀ ਮਹਾਰਾਜ ਬਾਹਰ ਬਗ਼ੀਚੀ ਵਿੱਚ ਆ ਗਏ ਅਤੇ ਏਥੇ ਆਕੇ ਭੋਰੇ ਵਿੱਚ ਆਰਾਮ ਕੀਤਾ।

# ਰਾਮਪੁਰ ਪਿੰਡ ਦੇ ਦਾਰੇ ਤੇ ਕ੍ਰਿਪਾ ਕਰਨੀ

ਰਾਮਪੁਰ ਪਿੰਡ ਦੇ ਰਹਿਣ ਵਾਲਾ ਦਾਰਾ ਸਿੰਘ ਜੱਟ ਜੋ ਪਹਿਲਾਂ ਬਦਮਾਸ਼ਾਂ ਦਾ ਮੋਢੀ ਸੀ, ਉਸਨੇ ਆਪਣੀ ਹੱਡ-ਬੀਤੀ ਇਉਂ ਦੱਸੀ ਕਿ ਮੈਂ ਬੜਾ ਹੀ ਸ਼ਰਾਬੀ ਕਬਾਬੀ ਧਾੜਵੀ ਤੇ ਗਈ ਗੁਜਰੀ ਜ਼ਿੰਦਗੀ ਵਾਲਾ ਸਖਸ਼ ਸਾਂ। ਇੱਕ ਵੇਰਾਂ ਰਾਤ ਦੇ ਸਮੇਂ ਸੰਤ ਜੀ ਮਹਾਰਾਜ ਗੁਰਦੁਆਰੇ ਦੇ ਮਕਾਨਾਂ ਵਾਸਤੇ ਦੋਰਾਹੇ ਮੰਡੀ ਤੋਂ ਇਮਾਰਤੀ ਲੱਕੜੀ ਦਾ ਗੱਡਾ ਲੈਕੇ ਆ ਰਹੇ ਸਨ। ਮੈਂ ਵੀ ਆਪਣੇ ਖੂੰਖਾਰ ਸੁਭਾਓ ਅਨੁਸਾਰ ਸ਼ਰਾਬ ਦਾ ਰੱਜਿਆ ਰਾਮਪੁਰ ਦੇ ਪੁਲ ਤੇ ਖੜਾ ਸੀ ਕਿ ਐਸ ਵੇਲੇ ਕੋਈ ਢੱਗ ਫਸੇ ਤੇ ਮੇਰੀ ਬੋਤਲ ਬਣੇ। ਮੈਨੂੰ ਕੋਈ ਪਤਾ ਹੀ ਨਹੀਂ ਲੱਗਾ ਕਿ ਕਦੋਂ ਸੰਤ ਜੀ ਮਹਾਰਾਜ ਮੇਰੇ ਪਾਸ ਆ ਗਏ। ਜਦੋਂ ਸੰਤਾਂ ਦੇ ਚਰਨਾਂ ਦੀ ਪਾਵਨ ਧੂੜੀ ਉਡਕੇ ਮੇਰੇ ਸਰੀਰ ਤੇ ਪਈ ਤਾਂ ਮੇਰਾ ਦੂਸਰੇ ਪਾਸੇ ਲੱਗਿਆ ਹੋਇਆ ਖ਼ਿਆਲ ਟੁੱਟਿਆ ਤੇ ਮੈਨੂੰ ਕਿਸੇ ਨੇ ਇਉਂ ਝੰਝੋੜਿਆਂ ਜਿਵੇਂ ਕਿਸੇ ਪਰਮਾਦੀ ਪੁਰਸ਼ ਨੂੰ ਗਾਹੜੀ ਨੀਂਦਰਾ ਚੋਂ ਜਗਾਈਦਾ ਹੈ। ਇਕ-ਦਮ ਨਸ਼ਾ ਲਹਿ ਗਿਆ ਤੇ ਸੰਤਾਂ ਦੇ ਚਰਨਾਂ ਤੇ ਮੱਥਾ ਟੇਕਿਆ। ਬੱਸ ਫੇਰ ਕੀ ਸੀ ਖ਼ਬਰੇ ਕਿਸ ਸ਼ੁਭ ਮਹੂਰਤ ਦੇ ਸਮੇਂ ਮੇਰਾ ਨਿਕਾਰਾ ਸਿਰ ਕਿਸੇ ਬਖ਼ਸ਼ੀ ਰੂਹ ਦੇ ਚਰਨੀਂ ਲੱਗਿਆ ਤਾਂ ਉਸ ਸਮੇਂ ਕਾਂਸ਼ੀ ਸ਼ਹਿਰ ਵਿਖੇ ਗੰਗਾ ਦੀਆਂ ਪਉੜੀਆਂ ਵਿੱਚ ਪਏ ਕਬੀਰ ਨੂੰ ਰਾਮਾਨੰਦ ਦੇ ਚਰਨ ਦਾ ਠੇਡਾ ਲੱਗਣ ਸਮਾਨ ਮੇਰੇ ਪੂਰਬਲੇ ਭਾਗ ਜਾਗੇ। ਸੰਤਾਂ ਨੇ ਨੇਤਰਾਂ ਦੁਆਰਾ ਅੰਮ੍ਰਿਤ ਦ੍ਰਿਸ਼ਟੀ ਪਾਈ ਤੇ ਨਿਹਾਲ ਕਰ ਦਿੱਤਾ।

ਕਰਿ ਹੁਕਮੁ ਮਸਤਕਿ ਹਥੁ ਧਰਿ
ਵਿਚਹੁ ਮਾਰਿ ਕਢੀਆ ਬੁਰਿਆਈਆ ॥

(ਪੰਨਾ ੪੭੩)

ਪੁੱਛਿਆ, "ਦਾਰਾ ਸਿੰਘ! ਕੀ ਹਾਲ ਹੈ ਤੇ ਹੁਣ ਮਰਜ਼ੀ ਕੀ ਹੈ?" ਮੈਂ ਹੱਥ ਜੋੜਕੇ ਅਰਜ਼ ਕੀਤੀ, "ਦਾਤਾ! ਮਾਰ ਦਿੱਤਾ ਬਾਨ, ਕਰ ਦਿਤਾ ਘਾਇਲ ਤੇ ਮਰਜ਼ੀ ਮੇਰੀ ਪੁੱਛਦੇ ਹੋ?

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥

(ਪੰਨਾ ੧੩੭੪)

ਹੁਣ ਤਾਂ ਦਾਤਾ ਤੇਰੇ ਦਰ ਦਾ ਬੰਦਾ ਬਣ ਗਿਆ। ਹੁਣ ਮੇਰੀ ਨਹੀਂ ਤੁਹਾਡੀ ਮਰਜ਼ੀ ਹੈ।" ਸੰਤਾਂ ਪੁੱਛਿਆ, "ਤਾਂ ਫੇਰ ਸੌਦਾ ਕੀ ਕਰੇਂਗਾ?" ਮੈਂ ਕਿਹਾ ਜੀ, "ਸੌਦੇ ਕਰਣ ਵਾਲਾ ਵਪਾਰੀ ਤਾਂ ਲੱਦ ਗਿਆ। ਹੁਣ ਤਾਂ ਸਚਾ ਵਣਜ ਬਖ਼ਸ਼ੋ ਤੇ ਰੱਖ ਲਓ ਚਰਨਾਂ ਦੀ ਪਨਿਹਾਰਾ ਬਣਾਕੇ।" ਕਰ ਦਿੱਤੀ ਕਿਰਪਾ ਬਾਲਮੀਕ ਵਾਂਗ ਪੂਰਨ ਸੰਤਾਂ ਨੇ, ਉਸ ਸਮੇਂ ਮੇਹਰਾਂ ਦੇ ਘਰ ਵਿੱਚ ਆ ਕੇ ਆਖਿਆ, ਫੇਰ ਸੱਚਾ ਵਣਜ ਤਾਂ ਇਹ ਹੈ:

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥
ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥

(ਪੰਨਾ ੫੯੫)

ਇਹ ਤਾਂ ਹੈ ਦੁਕਾਨਦਾਰੀ ਕਰਨ ਦਾ ਤਰੀਕਾ। ਜੇਕਰ ਦੇਸਾਂ ਪ੍ਰਦੇਸਾਂ ਵਿੱਚ ਫਿਰ ਕੇ ਹੀ ਵਪਾਰ ਕਰਨਾ ਹੈ ਤਾਂ ਸਤਿਗੁਰਾਂ ਦਾ ਹੁਕਮ ਹੈ:

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥

(ਪੰਨਾ ੫੯੬)

ਰਾਮ ਨਾਮ ਉਪਦੇਸ ਕਰ ਖੇਲ ਗਿਆ ਦੇ ਵਣਜ ਸਉਤਾ।

(ਭਾਈ ਗੁਰਦਾਸ ਜੀ)

ਚਲਿਆ ਗਿਆ ਮਾਰਕੇ ਨਿਸ਼ਾਨੇ ਤੇ ਤੀਰ। ਫੇਰ ਤਾਂ ਸਾਰੀ ਜ਼ਿੰਦਗੀ ਓਹੋ ਹੀ ਦਾਰਾ ਧਾੜਵੀ ਪੂਰਨ ਗੁਰਸਿੱਖ

ਬਣਕੇ ਡੇਰੇ ਦਾ ਸੱਚਾ ਸੇਵਾਦਾਰ ਬਣਿਆ ਰਿਹਾ ਤੇ ਸੰਤਾਂ ਦਾ ਜਸ ਕਰਦਾ ਕਿ ਮੇਰੇ ਵਰਗੇ ਪਾਪੀ ਅਤੇ ਕੁਕਰਮੀ ਉਤੇ ਸੰਤਾਂ ਬਗ਼ੈਰ ਕਿਸਨੇ ਕਿਰਪਾ ਕਰਨੀ ਸੀ? ਕਿਸਨੇ ਛੁਡਾਉਣਾ ਸੀ ਜਮਾਂ ਤੋਂ? ਹੁਣ ਉਨ੍ਹਾਂ ਦੀ ਮੇਹਰ ਕਿ ਜਿਸ ਵੱਲ ਵੇਖਦਾ ਹਾਂ ਓਹੋ ਹੀ ਪਿਆਰੀ ਸੂਰਤ ਬਲੀ ਬਹਾਦਰ ਮੂਰਤ ਨਜ਼ਰ ਪਈ ਆਉਂਦੀ ਹੈ। ਫੇਰ ਉਸਨੇ ਆਖਿਆ ਕਿ ਮੈਨੂੰ ਸੰਤਾਂ ਨੇ ਆਪਣੇ ਨਾਲ ਲਿਜਾਕੇ ਹੋਤੀ ਦੇ ਦਰਸ਼ਨ ਕਰਵਾਏ ਜਿਥੋਂ ਦੀ ਧਰਤੀ ਦੇ ਰਾਕਸ਼ ਬੁਧੀ ਵਾਲੇ ਪਠਾਣਾਂ ਨੂੰ ਦੇਵਤੇ ਬਣਾਇਆ ਸੀ। ਇਉਂ ਸਤਿਗੁਰਾਂ ਦਾ ਪਾਵਨ ਹੁਕਮ ਹੈ:

ਕੋਟਿ ਅਪ੍ਰਾਧੀ ਸੰਤਸੰਗਿ ਉਧਰੈ
ਜਮੁ ਤਾ ਕੈ ਨੇੜਿ ਨ ਆਵੈ ॥

(ਪੰਨਾ ੭੪੮)

# ਨੇਤ੍ਰਹੀਨਾਂ ਨੂੰ ਕੀਰਤਨ ਦੀ ਦਾਤ ਤੇ ਗ਼ਰੀਬ ਬੱਚੇ ਪੰਜਾਬੀ ਪੜ੍ਹਾਏ

ਗ਼ਰੀਬ ਬੱਚਿਆਂ ਦੀ ਪੜ੍ਹਾਈ ਕਰਾਉਣ ਵਾਸਤੇ ਆਪ ਜੀ ਦੇ ਮਨ ਵਿੱਚ ਬੜਾ ਹੀ ਖ਼ਿਆਲ ਰਹਿੰਦਾ। ਪੂਰਨ ਸਾਧੂ ਦਾ ਸਤ ਸੰਕਲਪ ਹੋਣ ਕਰਕੇ ਉਹੋ ਹੀ ਖ਼ਿਆਲ ਹੁਣ ਕਾਲਜਾਂ ਦੇ ਰੂਪ ਵਿੱਚ ਪ੍ਰਗਟ ਹੋ ਆਇਆ। ਆਪ ਜੀ ਨੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਵਾਸਤੇ ਡੇਰੇ ਵਿੱਚ ਹੀ ਸਕੂਲ ਖੋਲ੍ਹ ਦਿੱਤਾ ਤੇ ਉਸ ਸਕੂਲ ਵਿੱਚ ਪੜ੍ਹਾਈ ਕਰਾਕੇ ਸਿਆਣੇ-ਸਿਆਣੇ ਬੱਚੇ ਗੁਰਮੁਖਤਾਈ ਵਾਲੇ ਪੂਰਨ ਗੁਰਸਿੱਖ ਬਣੇ ਜਿਨ੍ਹਾਂ ਨੇ ਅੱਗੇ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਏਸੇ ਤਰ੍ਹਾਂ ਕਈ ਸੂਰਮੇਂ ਵੀ ਆਪ ਜੀ ਪਾਸ ਰਹਿੰਦੇ ਸਨ, ਜਿਨ੍ਹਾਂ ਨੂੰ ਰਾਗ ਸਿਖਾਕੇ ਰਾਗੀ ਸਿੰਘ ਬਣਾਕੇ ਪਿੰਡਾਂ ਵਿੱਚ ਪ੍ਰਚਾਰ ਲਈ ਭੇਜਿਆ ਕਰਦੇ ਸਨ ਅਤੇ ਸੰਗਤਾਂ ਵਿੱਚ ਮਾਨ ਪ੍ਰਾਪਤ ਕਰਦੇ। ਜਿਵੇਂ ਭਾਈ ਲਛਮਣ ਸਿੰਘ ਗੰਧਰਬ ਜੋ ਕਾਫ਼ੀ ਸਮਾਂ ਆਲਮਗੀਰ ਗੁਰਦੁਆਰੇ ਦੇ ਪ੍ਰਬੰਧਕ ਰਹੇ ਹਨ। ਇਮਾਰਤਾਂ ਬਣਵਾਈਆਂ, ਲੰਗਰ ਚਲਾਇਆ ਇਸ ਤੇ ਵੀ ਆਪ ਜੀ ਦੀ ਕ੍ਰਿਪਾ ਹੋਈ ਹੈ। ਇਸਨੂੰ ਨਿਰਮਲ ਸਿੰਘ ਰਾਗੀ ਤੋਂ ਰਾਗ ਸਿਖਾਇਆ ਸੀ।

ਇਸੇ ਤਰ੍ਹਾਂ ਇੱਕ ਮਹਿਮਾਂ ਸਿੰਘ ਵਾਲੇ ਦੇ ਭਾਈ ਜੀ ਨੂੰ ਤੇ ਇੱਕ ਨਾਈ ਸਿੱਖ ਨੂੰ ਜੋ ਪਹਿਲਾਂ ਕਿਸੇ ਸਾਧੂ ਦਾ ਚੇਲਾ ਸੀ, ਆਪ ਜੀ ਨੇ ਹੀ ਕੀਰਤਨ ਦੀ ਦਾਤ ਬਖ਼ਸ਼ੀ ਸੀ।। ਹੋਰ ਵੀ ਬੇਅੰਤ ਸੂਰਮੇਂ ਆਪ ਜੀ ਦੀ ਕ੍ਰਿਪਾ ਦੇ ਪਾਤਰ ਬਣਕੇ ਪਿੰਡਾਂ ਵਿੱਚ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਆਪ ਜੀ ਨੇ ਡੇਰੇ ਦੀ ਮਰਯਾਦਾ ਵੀ ਹੋਤੀ ਮਰਦਾਨ ਵਾਂਗੂੰ ਹੀ ਕਾਇਮ ਰੱਖੀ ਜੋ ਆਪ ਜੀ ਤੋਂ ਵਰੋਸਾਏ ਪੂਰਨ ਬ੍ਰਹਮ ਗਿਆਨੀ ਮਹਾਂ-ਪੁਰਸ਼ ਸੰਤ ਜੀ ਮਹਾਰਾਜ ਰਾੜੇ ਸਾਹਿਬ ਵਾਲੇ ਤੇ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਹੁਣ ਉਸੇ ਤਰ੍ਹਾਂ ਦੀ ਮਰਯਾਦਾ ਚਲਾ ਰਹੇ ਸਨ।

## ਭੈਣੀ ਸਾਹਿਬ ਤੋਂ ਬਾਬਾ ਪ੍ਰਤਾਪ ਸਿੰਘ ਜੀ ਦਰਸ਼ਨਾਂ ਨੂੰ ਆਏ

ਨਾਮਧਾਰੀ ਸੰਪ੍ਰਦਾਇ ਦੇ ਬਜ਼ੁਰਗ ਸ੍ਰੀ ਮਾਨ ਪਰਮ ਪੂਜਯ ਬਾਬਾ ਪ੍ਰਤਾਪ ਸਿੰਘ ਜੀ ਜੋ ਸ੍ਰੀ ਮਾਨ ਬਾਬਾ ਰਾਮ ਸਿੰਘ ਜੀ ਮਹਾਰਾਜ ਦੇ ਗੱਦੀ ਨਸ਼ੀਨ ਭੈਣੀ ਸਾਹਿਬ ਨਾਮ ਬਾਣੀ ਦਾ ਉਪਦੇਸ਼ ਕਰਕੇ ਇਸ ਨਿਰੋਲ ਸੰਸਥਾ ਦੇ ਪ੍ਰਵਾਹ ਨੂੰ ਚਲਾ ਰਹੇ ਸਨ, ਉਹ ਵੀ ਅੱਜ ਨਾਮਧਾਰੀ ਮਹਾਂ-ਪੁਰਸ਼ਾਂ ਨੂੰ ਨਾਮ ਰਸੀਏ ਬਜ਼ੁਰਗ ਮਾਤਾਵਾਂ ਨੂੰ ਨਾਲ ਲੈ ਕੇ ਸ਼ਬਦ ਬਾਣੀ ਪੜ੍ਹਦੇ ਹੋਏ ਰੇਰੂ ਸਾਹਿਬ ਦਰਸ਼ਨਾਂ ਨੂੰ ਆਏ। ਅੱਗੇ ਸਤਿਗੁਰਾਂ ਦੀ ਹਜ਼ੂਰੀ ਵਿੱਚ ਦੀਵਾਨ ਸਜਿਆ ਹੋਇਆ ਸੀ। ਸੰਤ ਜੀ ਮਹਾਰਾਜ ਖੱਦਰ ਦੀ ਚਾਦਰ ਦਾ ਝੁੰਬ ਮਾਰ ਕੇ ਤਖ਼ਤ ਨਾਲ ਸਿਰ ਲਾ ਕੇ ਸਮਾਧੀ ਵਿੱਚ ਅੰਤਰ-ਮੁਖ ਹੋਏ ਬੈਠੇ ਸਨ। ਬਾਬਾ ਪ੍ਰਤਾਪ ਸਿੰਘ ਜੀ ਦੇ ਨਾਲ ਆਈ ਸੰਗਤ ਨੇ ਮੰਜੀ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਦੀਦਾਰ ਕਰਕੇ ਮਿਸ਼ਰੀ ਅਤੇ ਬਦਾਮਾਂ ਦੀ ਭੇਟਾ ਅਰਪੀ ਤੇ ਅਦਬ ਸਹਿਤ ਮੱਥਾ ਟੇਕਕੇ ਦੀਵਾਨ ਵਿੱਚ ਬੈਠ ਗਏ। ਮਨ ਇਕਾਗਰ ਕਰਕੇ ਗੁਰਬਾਣੀ ਦਾ ਕੀਰਤਨ ਸੁਣਿਆ। ਜਦੋਂ ਦੀਵਾਨ ਦਾ ਭੋਗ ਪਿਆ ਅਤੇ ਸਤਿਗੁਰਾਂ ਦੇ ਪਾਵਨ ਚਰਨਾਂ ਵਿੱਚ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤੀ ਤਾਂ ਉਸ ਸਮੇਂ ਸੰਤ ਜੀ ਮਹਾਰਾਜ ਪ੍ਰਸ਼ਾਦਿ ਲੈਕੇ ਬਾਹਰ ਬਰਾਂਡੇ ਵਿੱਚ ਆ ਗਏ ਅਤੇ ਉਸੇ ਜਗ੍ਹਾ ਵਿਛੀ ਹੋਈ ਦਰੀ ਤੇ ਸਜ ਗਏ।

ਉਸ ਸਮੇਂ ਭੈਣੀ ਸਾਹਿਬ ਤੋਂ ਨਾਲ ਆਈ ਹੋਈ ਸੰਗਤ ਸਮੇਤ ਬਿਰਧ ਮਾਤਾਵਾਂ ਨੂੰ ਨਾਲ ਲੈ ਕੇ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਸੰਤਾਂ ਪਾਸ ਬਰਾਂਡੇ ਵਿੱਚ ਹੀ ਆ ਬੈਠੇ। ਦੋਹਾਂ ਵਿਅਕਤੀਆਂ ਨੇ ਇੱਕ ਦੂਜੇ ਦੇ ਪਰਸਪਰ ਚਰਨ ਪਰਸੇ। ਮਾਤਾਵਾਂ ਨੇ ਵੀ ਨਮਸ਼ਕਾਰ ਕਰਕੇ ਅਸ਼ੀਰਵਾਦ ਦਿੱਤਾ ਕਿ ਧੰਨ ਹਨ ਆਪ ਦੇ ਮਾਤਾ ਪਿਤਾ ਅਤੇ ਧੰਨ ਹੈ ਇਹ ਪਾਵਨ ਧਰਤੀ। ਧੰਨ ਹੋ ਆਪ ਜੋ ਨਾਮ ਬਾਣੀ ਦਾ ਪ੍ਰਵਾਹ ਚਲਾ ਕੇ ਆਪ ਜਪਦੇ ਤੇ ਹੋਰਨਾਂ ਨੂੰ ਜਪਾ ਰਹੇ ਹੋ।

ਬਾਬਾ ਪ੍ਰਤਾਪ ਸਿੰਘ ਜੀ ਨੇ ਬੜੇ ਵੈਰਾਗ ਤੇ ਪ੍ਰੇਮ ਵਿੱਚ ਆ ਕੇ ਸ਼ਬਦ ਪੜ੍ਹਿਆ:

*ਭਾਗ ਜਾਗੇ, ਅੱਜ ਸਾਡੇ ਭਾਗ ਜਾਗੇ, ਗੁਰਾਂ ਨੇ ਸੰਤ ਮਿਲਾਏ।*

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ ॥੪॥
ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ ॥

(ਪੰਨਾ ੯੭)

ਸਾਰਾ ਸ਼ਬਦ ਪੜ੍ਹਿਆ। ਮਾਤਾਵਾਂ ਨੇ ਪਿਆਰ ਵਿੱਚ ਆ ਕੇ ਸੰਤਾਂ ਦੀ ਪਿੱਠ ਤੇ ਹੱਥ ਫੇਰ ਕੇ ਆਖਿਆ, "ਧੰਨ ਹੋ ਗੁਰੂ ਕੇ ਸਪੂਤ ਬੇਟੇ ! ਤੇਰੇ ਦਰਸ਼ਨ ਤੋਂ ਬਲਿਹਾਰ।"

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥

(ਪੰਨਾ ੩੨)

ਇਹ ਦੋਵੇਂ ਮਾਤਾਵਾਂ ਮਾਨੋ ਦਯਾ ਧਰਮ ਦੀਆਂ ਮੂਰਤੀਆਂ ਨੇ ਹੀ ਅਵਤਾਰ ਲਿਆ ਹੋਇਆ ਸੀ। ਸੀਤਲ ਹਿਰਦਾ, ਸਾਦਾ ਲਿਬਾਸ, ਖੱਦਰ ਦੇ ਬਸਤਰ, ਮਿਠ ਬੋਲੇ, ਨੇਕ ਸੁਭਾਓ ਹਰ ਸਮੇਂ ਆਪਣੇ ਹੱਥੀਂ ਸੇਵਾ ਕਰਦੇ ਰਹਿਣਾ। ਉਸ ਸਮੇਂ ਸੰਤਾਂ ਨੇ ਨਿਮਰਤਾ ਸਹਿਤ ਮਾਤਾਵਾਂ ਅੱਗੇ ਅਰਜ਼ ਕੀਤੀ, "ਮਾਤਾ ਜੀ ! ਕ੍ਰਿਪਾ ਕਰਕੇ ਅਸ਼ੀਰਵਾਦ ਦਿਓ ਤਾਂ ਕਿ ਤੋੜ ਨਿਭ ਜਾਵੇ ਅਤੇ ਬਾਣੇ ਦੀ ਲਾਜ ਰਹਿ ਆਵੇ।" ਫੇਰ ਸੰਤਾਂ ਨੇ ਸਭਨਾਂ ਨੂੰ ਦੁੱਧ ਛਕਾਇਆ, ਸਿਰੋਪਾਓ ਦਿਤੇ, ਗਲ੍ਹਾਂ ਵਿੱਚ ਫੁੱਲਾਂ ਦੇ ਹਾਰ ਪਾਏ। ਮਠਿਆਈ ਬਦਾਮ ਤੇ ਹੋਰ ਮਿਸ਼ਰੀ ਆਦਿਕ ਦਾ ਪ੍ਰਸ਼ਾਦਿ ਦੇ ਕੇ ਵਿਦਾ ਕੀਤਾ ਅਤੇ ਆਪ ਸੰਤ ਜੀ ਮਹਾਰਾਜ ਬਾਹਰ ਖੂਹੀ ਤੇ ਚਲੇ ਗਏ।

## ਬੱਬਰ ਅਕਾਲੀ

ਅੱਜ ਕੁਝ ਕੁ ਬੱਬਰ ਅਕਾਲੀ ਤੇ ਹੋਰ ਲੋਕ ਇਕੱਠੇ ਹੋ ਕੇ ਗੁਰਦੁਆਰੇ ਸਾਹਿਬ ਸੰਤਾਂ ਦੇ ਪਾਸ ਆਏ। ਸੰਤਾਂ ਨੇ ਸਭਨਾਂ ਦਾ ਆਦਰ ਸਤਿਕਾਰ ਕੀਤਾ ਤੇ ਸਭਨਾਂ ਨੂੰ ਦੁੱਧ ਚਾਹ ਛਕਾਇਆ। ਉਨ੍ਹਾਂ ਵਿੱਚੋਂ ਕਈ ਕੁ ਇਹੋ ਜਿਹੇ ਸੁਭਾਵ ਦੇ ਵੀ ਸਨ ਜੋ ਸੰਤਾਂ ਦੀ ਮਹਿਮਾਂ ਵਡਿਆਈ ਦੇਖ ਸੁਣਕੇ ਜਰ ਨਹੀਂ ਸਨ ਸਕਦੇ ਜਿਵੇਂ ਸੂਰਜ ਦੀ ਰੋਸ਼ਨੀ ਹਰ ਇੱਕ ਵਾਸਤੇ ਸੁਖਦਾਈ ਹੈ ਪਰ ਉਸਦੇ ਪ੍ਰਕਾਸ਼ ਵਿੱਚ ਉੱਲੂ ਅੰਨ੍ਹੇ ਹੋ ਜਾਂਦੇ ਹਨ।

*ਚੂ ਨਾ ਬੀਨੀ ਸ਼ਪਰਾਇ ਚਸ਼ਮ।*
*ਚਸ਼ਮਾਇ ਆਫਤਾਬ ਰਾਚਿ ਗੁਨਾਹ।*

ਅਰਥ: ਚੂ=ਜੇਕਰ ਸ਼ਪਰਾਇ=ਉੱਲੂ ਨੂੰ ਚਸ਼ਮ=ਅੱਖਾਂ ਨਾਲ ਕੁਝ ਨਹੀਂ ਦਿਸਦਾ ਤਾਂ ਇਸ ਵਿੱਚ ਆਫ਼ਤਾਬ=ਸੂਰਜ ਦਾ ਕੀ ਰਾਚਿ=ਗੁਨਾਹ ਹੈ।

ਚੰਦਰਮਾਂ ਦੀ ਚਾਂਦਨੀ ਸਭਨਾਂ ਨੂੰ ਭਾਉਂਦੀ ਹੈ ਪਰ ਚਕਵੇ ਤੇ ਚੋਰ ਦੇਖਕੇ ਦੁਖੀ ਹੁੰਦੇ ਹਨ। ਇਸੇ ਤਰ੍ਹਾਂ ਮਹਾਂਪੁਰਸ਼ ਵੀ ਹਰ ਇੱਕ ਦਾ ਭਲਾ ਚਾਹੁੰਦੇ ਹਨ, ਜਿਵੇਂ ਚੰਦਰਮਾਂ ਦਾ ਸੀਤਲਪੁਣਾ ਕੁਦਰਤੀ ਹੈ। ਇਸੇ ਤਰ੍ਹਾਂ ਮਹਾਂ-ਪੁਰਸ਼ਾਂ ਦਾ ਉਪਕਾਰ ਕਰਨਾ ਹੀ ਉਨ੍ਹਾਂ ਦੇ ਜੀਵਨ ਦਾ ਇੱਕ ਅੰਗ ਹੁੰਦਾ ਹੈ।

*ਉਪਕਾਰੀ ਪਯਾਰੀ ਗਿਰਾ, ਕਰੈ ਅਕਿਰਤਮ ਪ੍ਰੀਤਿ।*
*ਸੰਤਨ ਇਹੀ ਸੁਭਾਵ ਹੈ, ਸਸਿ ਸੀਤਲ ਕਿਨ ਕੀਤ।*

ਪਰ ਦੁਸ਼ਟ ਪੁਰਸ਼ ਬਿਨਾਂ ਹੀ ਪ੍ਰਯੋਜਨ ਤੋਂ ਉਨ੍ਹਾਂ ਦੇ ਨਾਲ ਈਰਖਾ ਕਰਨ ਲੱਗ ਜਾਂਦੇ ਹਨ।

*ਮ੍ਰਿਗ ਝਖ ਸੰਤਨ ਵਿਹਤ ਬ੍ਰਿਤ ਤ੍ਰਿਣ ਸੰਬਰ ਸੰਤੋਖ।*
*ਲੁਭਧ ਕੁਝੀਵਰ ਦੁਸ਼ਟ ਜਨ ਕਰਹਿ ਅਕਾਰਣ ਦੋਖ।*

*(ਸਾਰਕੁਤਾਵਲੀ ਧਿ. ੧੧)*

ਮਿਰਗਾਂ ਦੀ, ਮੱਛੀਆਂ ਦੀ ਸੰਤਾਂ ਦੀ ਬ੍ਰਿਤ (ਉਪਜੀਵਕਾ) (ਵਿਹਤ) ਜਾਇਜ਼ ਹੈ, ਕਿਸੇ ਨੂੰ ਦੁੱਖ ਨਹੀਂ ਦਿੰਦੇ। ਮਿਰਗ ਘਾਹ ਤੇ ਮੱਛ ਪਾਣੀ ਦਾ ਜਾਲਾ ਖਾਂਦਾ ਹੈ ਅਤੇ ਸੰਤ ਸੰਤੋਖ ਵਿੱਚ ਹੀ ਮਸਤ ਰਹਿੰਦੇ ਹਨ, ਕਿਸੇ ਪਾਸੋਂ ਕੁਝ ਮੰਗਦੇ ਨਹੀਂ। ਪਰ (ਲੁਭਧ) ਮਾਸਾਹਾਰੀ ਲੋਭੀ ਪੁਰਸ਼ ਬਿਨਾਂ ਦੋਸ਼ ਤੋਂ ਮਿਰਗ ਨੂੰ ਤੇ ਕੁ-ਝੀਵਰ ਬਿਨਾਂ ਵੈਰ ਤੋਂ ਮੱਛ ਨੂੰ ਮਾਰਦੇ ਹਨ ਤੇ ਇਸੇ ਤਰ੍ਹਾਂ ਦੁਸ਼ਟ ਪੁਰਸ਼ ਅਕਾਰਨ ਹੀ ਸੰਤਾਂ ਨਾਲ ਦਵੈਸ਼ ਕਰਨ ਲੱਗ ਪੈਂਦੇ ਹਨ। ਕਈ ਕੁ ਮਨਮਤੀਏ ਕਹਿਣ ਲੱਗੇ, "ਤੁਸੀਂ ਸਾਨੂੰ ਗੁਰਦੁਆਰੇ ਦੀ ਆਮਦਨ ਖਰਚ ਦਾ ਹਿਸਾਬ ਦਿਓ ਤੇ ਦਸਤਾਰ ਨੀਲੀ ਬੰਨ੍ਹੋ।" ਸੰਤਾਂ ਨੇ ਧੀਰਜ ਨਾਲ ਉੱਤਰ ਦਿੱਤਾ, "ਪ੍ਰੇਮੀਉਂ! ਇਹ ਦਸਵੇਂ ਪਾਤਸ਼ਾਹ ਦਾ ਅਸਥਾਨ ਹੈ ਆਏ ਗਏ ਸਾਧੂ ਬਿਹੰਗਮਾਂ ਤੇ ਅਭਿਆਗਤਾਂ ਵਾਸਤੇ ਲੰਗਰ ਚਲਦਾ ਹੈ। ਆਰਾਮ ਵਾਸਤੇ ਕੋਠੀਆਂ ਬਣੀਆਂ ਹੋਈਆਂ ਹਨ, ਦੋਵੇਂ ਟਾਇਮ ਸਤਸੰਗ ਹੁੰਦਾ ਹੈ। ਮੰਗ ਸਾਡੀ ਕਿਸੇ ਤੋਂ ਕੋਈ ਹੈ ਨਹੀਂ ਅਕਾਸ਼ੀ ਬਿਰਤ ਹੈ। ਪ੍ਰਾਰਬਧ ਅਨੁਸਾਰ ਜੋ ਪਦਾਰਥ ਗੁਰੂ ਵਲੋਂ ਆਵੇ ਵੰਡਕੇ ਛਕ ਲੈਂਦੇ ਹਾਂ। ਹਿਸਾਬ ਨਾ ਅਸੀਂ ਕਿਸੇ ਤੋਂ ਲਿਆ ਹੈ ਅਤੇ ਨਾ ਹੀ ਕਿਸੇ ਨੂੰ ਦੇਣਾ ਹੈ ਅਤੇ ਨਾ ਹੀ ਆਪਣੇ ਪਾਸ ਹੀ ਰਖਦੇ ਹਾਂ। ਪਹਿਰਾਵਾ ਵੀ ਜੋ ਸਾਡਾ ਧਾਰਨ ਕੀਤਾ ਹੈ ਸੋ, ਹੈ। ਗੁਰੂ ਘਰ ਵਿੱਚ ਕੇਸਰੀ, ਸੁਰਮਈ ਤੇ ਚਿੱਟਾ ਤਿੰਨੇ ਰੰਗ ਜਾਇਜ਼ ਹਨ। ਬਜ਼ੁਰਗਾਂ ਦੀ ਮਰਯਾਦਾ ਅਨੁਸਾਰ ਬਿਹੰਗਮੀਂ ਬਾਣਾ ਧਾਰਿਆ ਹੈ, ਕਿਸੇ ਦੇ ਦਬਾ ਹੇਠਾਂ ਆਕੇ ਇਸਨੂੰ ਬਦਲਿਆ ਨਹੀਂ ਜਾ ਸਕਦਾ। ਹਾਂ! ਸਤਿਕਾਰ ਹਰ ਇੱਕ ਦਾ ਹੀ ਕਰਦੇ ਹਾਂ। ਕਿਸੇ ਵੀ ਰੰਗ ਤੇ ਤਰਕ ਕੋਈ ਨਹੀਂ।"

ਉਨ੍ਹਾਂ ਵਿੱਚੋਂ ਇੱਕ ਦੋ ਨੇ ਸਖ਼ਤੀ ਦੇ ਲਫ਼ਜ਼ ਵਰਤਣੇ ਚਾਹੇ ਪਰ ਨਾਲ ਦੇ ਪ੍ਰੇਮੀਆਂ ਨੇ ਰੋਕ ਦਿਤਾ। ਸੰਤ ਜੀ ਮਹਾਰਾਜ ਉਸ ਸਮੇਂ ਬਾਹਰ ਖੂਹੀ ਤੇ ਆ ਗਏ। ਦਿਨ ਦਾ ਸਮਾਂ ਬਗ਼ੀਚੀ ਵਿੱਚ ਹੀ ਟਿਕੇ। ਕੁਝ ਕੁ ਸੇਵਾਦਾਰਾਂ ਸਮੇਤ ਸਾਨ੍ਹੇਵਾਲ ਤੋਂ ਰਾਤ ਦੀ ਗੱਡੀ ਬੈਠ ਕੇ ਤੀਸਰੇ ਦਿਨ ਸੈਦੂ ਸਾਹਿਬ ਪੁੱਜੇ। ਏਧਰੋਂ ਸਵੇਰੇ ਗੁਰਦੁਆਰੇ ਸਾਹਿਬ ਤੋਂ ਪਤਾ ਲਗਾ ਕਿ ਕਲ੍ਹ ਸ਼ਾਮੀਂ ਸੰਤ ਜੀ ਮਹਾਰਾਜ ਦੀਵਾਨ ਵਿੱਚ ਨਹੀਂ ਆਏ, ਕੀ ਕਾਰਣ? ਖੂਹੀ ਤੋਂ ਪਤਾ ਕੀਤਾ ਕਿ ਸੰਤ ਤਾਂ ਰਾਤ ਦੀ ਗੱਡੀ ਚਲੇ ਗਏ ਪਰ ਪਤਾ ਨਹੀਂ ਕਿੱਥੇ ਚਲੇ ਗਏ।? ਰਾਮਪੁਰ ਪਿੰਡ ਵਿੱਚ ਵੀ ਖ਼ਬਰ ਫੈਲ ਗਈ। ਸਾਰੀ ਸੰਗਤ ਸਮੇਤ ਜ਼ੈਲਦਾਰ ਬਖਤੌਰ ਸਿੰਘ ਡੇਰੇ ਆਇਆ। ਸਭ ਪ੍ਰਸੰਗ ਸੁਣਿਆ ਕਿ ਕਲ੍ਹ ਕੁਝ ਕੁ ਬੰਦਿਆਂ ਨੇ ਹਿਸਾਬ ਮੰਗਿਆ ਜਿਸ ਕਰਕੇ ਸੰਤ ਸੈਦੂ ਸਾਹਿਬ ਚਲੇ ਗਏ। ਤਾਂ ਉਸ ਸਮੇਂ ਪਿੰਡ ਦੇ ਮੁਖੀਆ ਨੇ ਹਿਸਾਬ ਮੰਗਣ ਵਾਲਿਆਂ ਨੂੰ

ਬੜਾ ਤਾੜਿਆ ਕਿ ਤੁਸੀਂ ਸੰਤਾਂ ਨੂੰ ਇਹੋ ਜਿਹੇ ਬਚਨ ਕਿਉਂ ਆਖੇ? ਇਨ੍ਹਾਂ ਤੋਂ ਹਿਸਾਬ ਮੰਗਣ ਵਾਲਾ ਕੌਣ ਹੈ? ਉਹ ਖੁਦ ਮਾਲਕ ਹਨ। ਤੁਸੀਂ ਕੀ ਲਗਦੇ ਹੋ? ਤਾਂ ਉਹ ਸਾਰੇ ਹੀ ਡਰਦੇ ਹੋਏ ਨੱਸ ਗਏ। ਪਰ ਸੰਤਾਂ ਦੇ ਗਿਆਂ ਤੋਂ ਬਾਅਦ ਅਸਥਾਨ ਦੀ ਬੜੀ ਬੇਰੌਣਕੀ ਹੋ ਗਈ। ਪਿੰਡਾਂ ਦੀਆਂ ਸੰਗਤਾਂ ਵੀ ਉਦਾਸ, ਡੇਰੇ ਦੇ ਸਾਧੂ ਵੀ ਉਪਰਾਮ, ਗਊਆਂ-ਮੱਝੀਆਂ ਤੱਕ ਪਸ਼ੂ ਵੀ ਵਿਛੋੜੇ ਵਿੱਚ ਹੰਝੂ ਕੇਰਦੇ ਸਨ। ਉਸ ਸਮੇਂ ਸਾਰਿਆਂ ਨੇ ਸਲਾਹ ਕੀਤੀ ਕਿ ਚਲੋ ਸੰਤਾਂ ਨੂੰ ਵਾਪਸ ਲੈਕੇ ਆਈਏ। ਸਰਦਾਰ ਬਖਤੌਰ ਸਿੰਘ ਤੇ ਹੋਰ ਰਾਮਪੁਰ ਦੇ ਮੁਖੀ ਇਕੱਠੇ ਹੋ ਕੇ ਸੈਦੂ ਸਾਹਿਬ ਪਹੁੰਚ ਗਏ। ਸੰਤਾਂ ਨਾਲ ਸੰਤ ਭਗਵਾਨ ਸਿੰਘ ਤੇ ਹੋਰ ਇੱਕ ਦੋ ਸੇਵਾਦਾਰ ਆਏ ਸਨ।

# ਸੈਦੂ ਸਾਹਿਬ ਦੀ ਯਾਤਰਾ

ਇਥੇ ਪਹੁੰਚ ਕੇ ਸੰਤਾਂ ਨੇ ਇਸ਼ਨਾਨ ਕੀਤਾ, ਦੇਗ ਤਿਆਰ ਕਰਵਾਕੇ ਗੁਰੂ ਦਰਬਾਰ ਨੂੰ ਨਮਸ਼ਕਾਰ ਕਰਕੇ ਕੀਰਤਨ ਦੁਆਰੇ ਹਾਜ਼ਰੀਆਂ ਭਰੀਆਂ। ਦੀਵਾਨ ਦੀ ਸਮਾਪਤੀ ਤੋਂ ਬਾਅਦ ਅਰਦਾਸ ਕੀਤੀ, ਫੇਰ ਦੇਗ ਵਰਤਾ ਕੇ ਜਲ-ਪਾਣੀ ਛਕਿਆ ਅਤੇ ਆਪ ਬਾਹਰ ਲੁੰਢੇ ਦਰਿਆ ਵੱਲ ਚਲੇ ਗਏ। ਭਾਵੇਂ ਸੈਦੂ ਦੀ ਸੰਗਤ ਬਹੁਤੀ ਸਹਿਜਧਾਰੀ ਵੀਰਾਂ ਦੀ ਹੈ ਤੇ ਹਨ ਵੀ ਮਾਇਆ ਕਰਕੇ ਗ਼ਰੀਬ ਪਰ ਅੰਦਰ ਪਿਆਰ ਬੜਾ ਹੈ। ਇਹ ਕੁਦਰਤੀ ਗੱਲ ਹੈ ਕਿ ਜਿੱਥੇ ਸ਼ਰਧਾ ਪਿਆਰ ਤੇ ਪ੍ਰੇਮਾ ਭਗਤੀ ਹੈ ਉਥੇ ਮਾਇਆ ਵਲੋਂ ਗ਼ਰੀਬੀ। ਜਿੱਥੇ ਮਾਇਕੀ ਪਦਾਰਥਾਂ ਦੀ ਬਹੁਲਤਾ ਉਥੇ ਅਸ਼ਰਧਾ ਤੇ ਕੁਤਰਕਾਂ

ਮਾਇਆਧਾਰੀ ਅਤਿ ਅੰਨਾ ਬੋਲਾ ॥

(ਪੰਨਾ ੩੧੩)

ਹੋ ਜਾਂਦੀਆਂ ਹਨ। ਮਾਇਆ ਮਨੁੱਖ ਦੀ ਮੱਤ ਮਾਰ ਦਿੰਦੀ ਹੈ। ਗ਼ਰੀਬੀ ਵਿੱਚ ਰੱਬ ਚੇਤੇ ਆਉਂਦਾ ਹੈ।

ਕਬੀਰ ਜੋ ਸਾਰੇ ਭਗਤਾਂ ਚੋਂ ਸ਼੍ਰੋਮਣੀ ਸੀ ਉਸਦੇ ਘਰ ਇਤਨੀ ਗ਼ਰੀਬੀ ਸੀ ਕਿ ਜੇਕਰ ਦੋ ਚਾਰ ਸਾਧੂ ਵੀ ਆ ਜਾਵਣ ਤਾਂ ਉਸ ਦਿਨ ਪਰਵਾਰ ਨੂੰ ਭੁੰਜੇ ਸੌਣਾ ਪੈਂਦਾ, ਸਾਧੂਆਂ ਨੂੰ ਮੰਜੇ ਦਿੱਤੇ ਜਾਂਦੇ। ਘਰ ਦਾ ਆਟਾ ਰੋਟੀਆਂ ਪਕਾ ਕੇ ਸੰਤਾਂ ਨੂੰ ਛਕਾਇਆ ਜਾਂਦਾ ਤੇ ਪ੍ਰਵਾਰ ਦੇ ਜੀਅ ਛੋਲੇ ਚੱਬ ਕੇ ਹੀ ਗੁਜ਼ਾਰਾ ਕਰਦੇ। ਕਈ ਵਾਰ ਕਬੀਰ ਜੀ ਦੀ ਮਾਂ ਨੇ ਇਹੋ ਜੇਹੀ ਹਾਲਤ ਤੋਂ ਤੰਗ ਆ ਕੇ ਆਂਢਣਾਂ-ਗੁਆਂਢਣਾਂ ਦੇ ਪਾਸ ਇਉਂ ਆਖਿਆ:

ਇਕ ਦੁਇ ਮੰਦਰਿ ਇਕ ਦੁਇ ਬਾਟ ॥
ਹਮ ਕਉ ਸਾਥਰੁ ਉਨ ਕਉ ਖਾਟ ॥
ਮੂਡ ਪਲੋਸਿ ਕਮਰ ਬਧਿ ਪੋਥੀ ॥
ਹਮ ਕਉ ਚਾਬਨੁ ਉਨ ਕਉ ਰੋਟੀ ॥੩॥

(ਪੰਨਾ ੮੭੧)

ਇਸੇ ਤਰ੍ਹਾਂ ਨਾਮਦੇਵ ਚੰਦੇ ਛਾਪਕੇ ਗੁਜ਼ਾਰਾ ਕਰਦੇ ਸੀ। ਰਵਿਦਾਸ ਜੀ ਜੁੱਤੀਆਂ ਗੰਢਕੇ ਪ੍ਰਵਾਰ ਦਾ ਨਿਰਬਾਹ ਕਰਦੇ ਸਨ। ਸੈਨ ਨਾਈ ਦਾ ਕੰਮ ਬੁੱਤੀਆਂ ਦੇਣ ਦਾ ਸੀ। ਜਿਤਨੇ ਵੀ ਭਗਤ ਹੋਏ ਹਨ ਸਾਰੇ ਹੀ ਗ਼ਰੀਬੀ ਦੀ ਹਾਲਤ ਵਿੱਚ ਪਰਮੇਸ਼ਰ ਨੂੰ ਯਾਦ ਕਰਦੇ ਰਹੇ। ਫਿਰ ਕਦੇ ਕੋਈ ਮੰਗ ਨਹੀਂ ਕੀਤੀ। ਕਦੇ ਪਰਮੇਸ਼ਰ ਨੂੰ ਉਲਾਂਭਾ ਨਹੀਂ ਦਿਤਾ। ਪ੍ਰਮਾਰਥੀ ਮਾਰਗ ਵਿੱਚ ਮਨ ਦੀ ਗ਼ਰੀਬੀ ਧਾਰਨ ਵਾਲੇ ਨੂੰ ਹੀ ਸਭ ਕੁਝ ਮਿਲਦਾ ਹੈ। ਜਿਵੇਂ ਸਤਵੇਂ ਪਾਤਸ਼ਾਹ ਜੀ ਨੇ ਸਿਰਕੀ ਬਾਸ ਕਾਲ੍ਹੇ ਦੇ ਭਤੀਜੇ, ਲੋਈਆ ਤੇ ਸੰਦਲੀ ਬਾਦਸ਼ਾਹ ਬਣਾ ਦਿੱਤੇ। ਗੁਰੂ ਨਾਨਕ ਦੇਵ ਜੀ ਨੇ ਹੋਲ੍ਹਾਂ ਦੇ ਬਦਲੇ ਬਾਲਕ ਨੂੰ ਰਾਜ ਬਖ਼ਸ਼ ਦਿੱਤਾ ਤੇ ਹਮਾਯੂੰ ਜੈਸੇ ਮਾਨੀ ਜਿਸ ਨੇ ਦੂਸਰੇ ਪਾਤਸ਼ਾਹ ਜੀ ਤੇ ਤਲਵਾਰ ਉਠਾਈ, ਗੁਰੂ ਘਰੋਂ ਖ਼ਾਲੀ ਤੇ ਨਿਰਾਸੇ ਮੁੜੇ। ਧੰਨ ਹੈ ਗੁਰੂ ਨਾਨਕ ਦਾ ਦਰਬਾਰ। ਧੰਨ ਹੈ ਗੁਰੂ ਪਿਆਰਿਆਂ ਦੀ ਸਾਧ ਸੰਗਤ, ਜਿੱਥੇ ਨਿਮਾਣਿਆਂ ਨੂੰ ਮਾਣ ਮਿਲਦਾ ਹੈ ਅਤੇ ਵੱਡੇ-ਵੱਡੇ ਆਕੜਖਾਨਾਂ ਦੀਆਂ ਧੌਣਾਂ ਵੀ ਝੁਕ ਜਾਂਦੀਆਂ। ਕਿਸੇ ਕਵੀ ਨੇ ਕੈਸਾ ਸੁੰਦਰ ਕਥਨ ਕੀਤਾ ਹੈ:

*ਇਹ ਦਰਬਾਰ ਹੈ ਸਚ ਦਾ ਸਾਧ ਸੰਗਤ,*
*ਆਪ ਵੱਸਦਾ ਰਾਮ ਭਗਵਾਨ ਏਥੇ।*
*ਇਹ ਕਸਵੱਟੀ ਹੈ ਦਿਲਾਂ ਨੂੰ ਪਰਖਣੇ ਦੀ,*
*ਸਦਾ ਖਰੇ ਖੋਟੇ ਪਰਖੇ ਜਾਣ ਏਥੇ।*
*ਇਹ ਟਕਸਾਲ ਹੈ ਸੱਚ ਦੇ ਸਿੱਕਿਆਂ ਦੀ,*
*ਸੱਚੇ ਸੱਚ ਦੇ ਸਦਾ ਢਲਾਨ ਏਥੇ।*
*ਇਹ ਤਾਂ ਬ੍ਰਹਮ ਸਰੂਪ ਦਾ ਖੇੜਾ,*
*ਸਦਾ ਬਖ਼ਸ਼ਿਆ ਜਾਂਵਦਾ ਗਿਆਨ ਏਥੇ।*
*ਉਚ ਨੀਚ ਦਾ ਵਿਤਕਰਾ ਨਹੀਂ ਹੁੰਦਾ,*

*ਹੁੰਦਾ ਪ੍ਰੇਮ ਦਾ ਹੈ ਇਮਤਿਹਾਨ ਏਥੇ।*
*ਇਹ ਓਹ ਨਿਆਂ ਦੀ ਸੱਥ ਹੈ ਜਿਸ ਅੰਦਰ,*
*ਬਿਧੀ ਚੰਦ ਵਰਗੇ ਡਾਕੇ ਮਾਰ ਸੁਧਰੇ।*
*ਏਸੇ ਧਰਮ ਆਸ਼ਰਮ ਦੇ ਵਿੱਚ ਪੜ੍ਹਕੇ,*
*ਭਾਈ ਮੰਝ ਵਰਗੇ ਸੇਵਾਦਾਰ ਸੁਧਰੇ।*
*ਚੋਰ ਠੱਗ ਉਧਰੇ ਤਰੇ ਜੀਵ ਲੱਖਾਂ,*
*ਪਾਪੀ ਪਾਪ ਛੱਡ ਕੇ ਬੇਸ਼ੁਮਾਰ ਸੁਧਰੇ।*
*ਰੁੜ੍ਹੇ ਜਾਣ ਵਾਲੇ ਗੋਤੇ ਖਾਣ ਵਾਲੇ,*
*ਹਾੜੇ ਪਾਣ ਵਾਲੇ ਲੱਗੇ ਪਾਰ ਸੁਧਰੇ।*
*ਦੁਨੀਆਂ ਆਖਦੀ ਹੈ ਮੁਕਤਪੁਰੀ ਏਹਨੂੰ,*
*ਪਾਈ ਭਾਈ ਕਲਿਆਣੇ ਕਲਿਆਨ ਏਥੇ।*
*ਮੂੰਹ ਦੇ ਭਾਰ ਡਿੱਗੇ ਮਾਣ ਕਰਨ ਵਾਲੇ,*
*ਬਾਬਰ ਜਾਬਰ ਜਿਹੇ ਆਕੜਖਾਨ ਏਥੇ।*

ਇਉਂ ਸੈਦੂ ਸਾਹਿਬ ਦੇ ਪ੍ਰੇਮੀ ਬੜੇ ਸਿਦਕਵਾਨ ਅਤੇ ਗੁਰੂ ਘਰ ਦੇ ਪੂਰਨ ਸ਼ਰਧਾਲੂ ਸਨ। ਸੰਤਾਂ ਦਾ ਦਰਸ਼ਨ ਕਰ ਕੇ ਬੜੇ ਖ਼ੁਸ਼ ਹੋਏ। ਇਹ ਜਾਣਦੇ ਸਨ ਕਿ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਦਰਸ਼ਨ ਤੇ ਸੇਵਾ ਇਨ੍ਹਾਂ ਨੇ ਕੀਤੀ ਹੈ ਤੇ ਉਨ੍ਹਾਂ ਦੇ ਵਰਾਂ ਨਾਲ ਇਹ ਭਾਰਤ ਦਾ ਸੂਰਜ ਬਣ ਦਿਲਾਂ ਦਾ ਅੰਧਕਾਰ ਮੇਟਦੇ ਹਨ। ਬਾਬਾ ਜੀ ਦਾ ਸਰੂਪ ਵੀ ਵੱਡੇ ਸਾਹਿਬਾਂ ਦੇ ਸਮਾਨ ਹੀ ਸੀ ਜਿਸ ਕਰਕੇ ਸਾਰੇ ਹੀ ਪਿਆਰ ਕਰਦੇ ਸਨ। ਇਤਨੇ ਨੂੰ ਸੰਗਤ ਵਲੋਂ ਲੰਗਰ ਤਿਆਰ ਹੋ ਗਿਆ। ਸੰਤਾਂ ਨੇ ਬਾਹਰੋਂ ਦਰਿਆ ਵਲੋਂ ਵਾਪਸ ਆ ਕੇ ਪ੍ਰੇਮੀਆਂ ਸਮੇਤ ਪ੍ਰਸ਼ਾਦ ਛਕਿਆ ਤੇ ਦੁਪਹਿਰ ਨੂੰ ਬਿਰਾਜ ਗਏ। ਏਧਰੋਂ ਰਾਮਪੁਰ ਪਿੰਡ ਦੀ ਸੰਗਤ ਵੀ ਆ ਗਈ। ਸਭਨਾਂ ਨੇ ਭੇਟਾ ਰੱਖਕੇ ਸੰਤਾਂ ਨੂੰ ਨਮਸ਼ਕਾਰ ਕੀਤੀ। ਇਨ੍ਹਾਂ ਨੂੰ ਵੀ ਪ੍ਰਸ਼ਾਦ ਛਕਾਇਆ ਤੇ ਸੁੱਖ ਅਨੰਦ ਪੁੱਛੀ। ਇਨ੍ਹਾਂ ਨੇ ਬੜਾ ਵੈਰਾਗ ਕੀਤਾ, "ਮਹਾਰਾਜ! ਰੇਰੂ ਸਾਹਿਬ ਤੇ ਇਲਾਕੇ ਦੀ ਸੰਗਤ ਬੜੀ ਉਦਾਸ ਹੈ ਜਿਵੇਂ ਰਾਮ ਚੰਦਰ ਜੀ ਮਹਾਰਾਜ ਦੇ ਬਨਵਾਸ ਗਿਆਂ ਉਨ੍ਹਾਂ ਦੇ ਵਿਛੋੜੇ ਕਰ ਕੇ ਅਵਧਪੁਰੀ ਦੇ ਲੋਕਾਂ ਦੀ ਹਾਲਤ ਹੋ ਗਈ ਸੀ ਇਉਂ ਸਾਰੇ ਹੀ ਰੁਦਨ ਕਰ ਰਹੇ ਹਨ। ਆਪ ਸਾਡੇ ਤੇ ਨਰਾਜ਼ ਹੋ ਕੇ ਕਿਉਂ ਆ ਗਏ?" ਪਰਉਪਕਾਰੀ ਮਹਾਂਪੁਰਸ਼ਾਂ ਨੇ ਬਚਨ ਕੀਤਾ, "ਗੁਰੂ ਪਿਆਰਿਓ! ਉਹ ਪਾਵਨ ਅਸਥਾਨ ਕਲਗੀਆਂ ਵਾਲੇ ਪਾਤਸ਼ਾਹ ਦੀ ਚਰਨ ਛੋਹ ਨੂੰ ਪ੍ਰਾਪਤ ਕਰ ਚੁੱਕਿਆ ਹੈ। ਸੰਗਤਾਂ ਵੀ ਗੁਰੂ ਕੀਆਂ ਹਨ ਸਾਥੋਂ ਜਿਤਨੀ ਸਤਿਗੁਰਾਂ ਨੇ ਕ੍ਰਿਪਾ ਕਰ ਕੇ ਸੇਵਾ ਕਰਵਾਈ ਅਸਾਂ ਕੀਤੀ। ਹੁਣ ਤੁਸੀਂ ਸਾਰੇ ਹੀ ਰਲ ਮਿਲ ਕੇ ਅਸਥਾਨ ਦੀ ਸੇਵਾ ਕਰੋ ਤੇ ਡੇਰਾ ਚਲਾਓ। ਅਸੀਂ ਦੁਬਿਧਾ 'ਚੋਂ ਕੀ ਲੈਣਾ ਹੈ? ਇਸ ਕਰਕੇ ਫੌਜ ਦੀ ਨੌਕਰੀ ਛੱਡੀ ਤੇ ਗ੍ਰਹਿਸਥ ਮਾਰਗ ਦਾ ਤਿਆਗ ਕੀਤਾ ਕਿ ਕਿਤੇ ਇਕਾਂਤ ਅਸਥਾਨ ਤੇ ਬੈਠ ਕੇ ਬੰਦਗੀ ਕਰੀਏ। ਸੋ ਹੁਣ ਬੜੀ ਸੁੰਦਰ ਜਗ੍ਹਾ ਤੇ ਪੁੱਜ ਗਏ ਹਾਂ।"

## ਜਿਥੇ ਪ੍ਰੇਮ ਨਾ ਹੋਵੇ ਉਥੋਂ ਜਾਣਾ ਹੀ ਭਲਾ ਹੈ

*ਜਿਥੇ ਬ੍ਰਿਹੋਂ ਦੀ ਕੂਕ ਨ ਕੋਇਲ ਮਾਰੇ,*
*ਫੁੱਲੋਂ ਸੱਖਣੇ ਬਾਗ਼ ਵੀਰਾਨ ਚੰਗੇ।*
*ਹੂਟੇ ਲੈਣ ਨ ਭੌਰੇ ਬੁਲਬੁਲਾ ਜੇ,*
*ਖਿੜੇ ਚਮਨ ਤੋਂ ਬਿਨਾਂ ਮੈਦਾਨ ਚੰਗੇ।*
*ਦਰਦ ਨਹੀਂ ਹੈ ਸੰਤ ਫ਼ਕੀਰ ਜਿਥੇ,*
*ਸ਼ਹਿਰ ਛੱਡ ਜਾਣਾ ਬੀਆਬਾਨ ਚੰਗੇ।*
*ਬ੍ਰਿਹੋਂ ਸਖਣੇ ਦਿਲਾਂ ਥੀ ਆਦਮੀ ਜੋ,*
*ਰੁਖ ਪਰਿੰਦੇ ਓਦੂੰ ਹੈਵਾਨ ਚੰਗੇ।*

ਹਜ਼ੂਰ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣ ਕੇ ਰਾਮਪੁਰ ਦੀ ਸੰਗਤ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਆਪ ਜਦ ਤੱਕ ਰੇਰੂ ਸਾਹਿਬ ਵਾਪਸ ਨਹੀਂ ਜਾਓਗੇ ਉਤਨਾ ਚਿਰ ਹੋਰ ਬਿਅੰਤ ਸੰਗਤਾਂ ਆਉਂਦੀਆਂ ਰਹਿਣਗੀਆਂ। ਆਪ ਕ੍ਰਿਪਾ ਕਰੋ, ਤੁਹਾਥੋਂ ਬਗ਼ੈਰ ਇਨ੍ਹਾਂ ਲਾਏ ਹੋਏ ਬੂਟਿਆਂ ਦੀ ਪਾਲਣਾ ਕੌਣ ਕਰੇਗਾ? ਇਹ ਤਾਂ ਉਪਦੇਸ਼ ਰੂਪ ਪਾਣੀ ਤੋਂ ਬਿਨਾਂ ਸੁੱਕ ਜਾਣਗੇ।" ਇਹ ਸ਼ਰਧਾ ਭਰੇ ਬਚਨ ਸੁਣ ਕੇ ਤੇ ਸੰਗਤ ਦਾ ਪਿਆਰ ਤੱਕ ਕੇ ਸੋਚਿਆ ਇਹ ਵਿਚਾਰੇ ਆਪੋ ਆਪਣੇ ਕੰਮ ਕਾਜਾਂ ਨੂੰ ਛੱਡ ਕੇ ਕਿਤਨੀ ਦੂਰੋਂ ਲੈਣ ਵਾਸਤੇ ਆਏ ਹਨ। ਸਾਧੂ ਦਾ ਹਿਰਦਾ ਬੜਾ ਕੋਮਲ ਤੇ ਦ੍ਰਵੀ ਭੂਤ ਹੁੰਦਾ ਹੈ। ਪਰਾਏ ਦੇ ਦੁੱਖ ਨੂੰ ਦੇਖ ਕੇ ਬਰਦਾਸ਼ਤ ਨਹੀਂ ਕਰ ਸਕਦਾ। ਮਹਾਂ ਕਵੀ ਸੰਤੋਖ ਸਿੰਘ ਜੀ ਪੂਰਨ ਮਹਾਂ-ਪੁਰਸ਼ ਦੇ ਲੱਛਣ ਕਥਨ ਕਰਦੇ ਹਨ:

*ਦੋਹਿਰਾ: ਪਰ ਦੁਖ ਪਿਖ ਹੂ ਦੁਖੀ ਪਰ ਸੁਖ ਪਿਖ ਹਰਖਾਇ।*
*ਮੁਕਤ ਪੰਥ ਨਿਸਦਿਨ ਪਰੇ ਤਿਨ ਸੰਤਨ ਪਰ ਪਾਇ।*

ਅਤੇ ਸੂਫੀ ਫ਼ਕੀਰ ਫਰੀਦ ਜੀ ਵੀ ਇਹੋ ਹੀ ਕਹਿੰਦੇ ਹਨ:

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥

(ਪੰਨਾ ੧੩੮੪)

ਆਪ ਜੀ ਦਾ ਵੀ ਹਰ ਇੱਕ ਸਤਸੰਗੀ ਵਾਸਤੇ ਇਹੋ ਹੀ ਮੁਖ ਉਪਦੇਸ਼ ਸੀ ਕਿ ਜੇਕਰ ਤੂੰ ਪਿਆਰੇ ਨੂੰ ਮਿਲਣਾ ਹੈ ਤਾਂ ਕਿਸੇ ਦਾ ਦਿਲ ਨਾ ਦੁਖਾ:

*ਕੋਮਲ ਹਿਰਦਾ ਹਸਾ ਕਰਕੇ ਚੂੰਢੀ ਵੱਢ ਦੁਖਾਵੀਂ ਨਾ।*
*ਨਰਮ ਦਿਲਾਂ ਤੇ ਨੌਂਹਦਰ ਲਾਕੇ ਲਾਲ ਝਰੀਟ ਬਣਾਵੀਂ ਨਾ।*
*ਦਿਲ ਮੰਦਰ ਲਟਕਣ ਰੂੰ ਗੋੜੇ ਤੀਲੀ ਵਿਚ ਲਗਾਵੀਂ ਨਾ।*
*ਮਲ੍ਹਮ ਜੇਕਰ ਸਰੇ ਨ ਕੋਲੋਂ ਲੂਣ ਫੱਟ ਛਿੜਕਾਵੀਂ ਨਾ।*
*ਪ੍ਰੇਮੀ ਮਸਤ ਮੌਜ ਦੇ ਅੰਦਰ ਛੇੜੀ ਛੇੜ ਹਿਲਾਵੀਂ ਨਾ।*
*ਸਮਝ ਪ੍ਰੇਮ ਦੀ ਨਹੀਂ ਜੇ ਤੈਨੂੰ ਐਵੇਂ ਟੁੰਬ ਜਗਾਵੀਂ ਨਾ।*
*ਦਿਲ ਸ਼ੀਸ਼ਾ ਸੰਭਲ ਹੱਥ ਲਾਵੀਂ ਟੋਟੇ ਤੋੜ ਕਰਾਵੀਂ ਨਾ।*
*ਮਨ ਮਾਣਕ ਅਮੋਲਕ ਜਾਣੀ ਹੀਆ ਕਿਸੇ ਦਾ ਢਾਵੀਂ ਨਾ।*
*ਪੀਆ ਮਿਲਣ ਦੀ ਸਿਕ ਰਿਦੇ ਜੇ ਦੇਖੀਂ ਟਪਲਾ ਖਾਵੀਂ ਨਾ।*
*ਮਨ ਮੰਦਰ ਵਿਚ ਰਬ ਵਸੇਂਦਾ ਏਥੇ ਠੋਕਰ ਲਾਵੀਂ ਨਾ।*

ਅੱਜ ਇਨ੍ਹਾਂ ਵਿਚਾਰਿਆਂ ਦੀ ਘਾਲਣਾ ਦੇਖਕੇ ਸੰਤਾਂ ਨੇ ਮੇਹਰਾਂ ਦੇ ਘਰ ਵਿੱਚ ਆ ਕੇ ਬਚਨ ਕੀਤਾ, "ਚੰਗਾ ਸੰਗਤ ਜੀ! ਜੋ ਗੁਰੂ ਦਾ ਹੁਕਮ ਹੋਵੇਗਾ ਕਿਉਂਕਿ ਸੰਗਤ ਗੁਰੂ ਰੂਪ ਹੈ ਅਸੀਂ ਸਭਨਾਂ ਦੇ ਦਾਸ ਹਾਂ।"

ਅੱਜ ਕੱਲ੍ਹ ਏਥੇ ਗੁਰਦੁਆਰੇ ਦੀ ਸੇਵਾ ਭਾਈ ਗੁੱਜਰ ਸਿੰਘ ਕਰਦਾ ਸੀ। ਸੰਤਾਂ ਨੇ ਪੁੱਛਿਆ ਗੁਰਦੁਆਰੇ ਦਾ ਕੀ ਪ੍ਰਬੰਧ ਹੈ? ਵੱਡੇ ਸਾਹਿਬਾਂ ਦੀ ਮਾਘ ਨੌਮੀ ਦਾ ਜੋੜ ਮੇਲਾ ਆ ਗਿਆ ਹੈ, ਅੱਗੇ ਕਿਵੇਂ ਮਨਾਉਂਦੇ ਹੋ? ਤਾਂ ਸੈਦੂ ਦੀ

ਸੰਗਤ ਤੇ ਗੁੱਜਰ ਸਿੰਘ ਗ੍ਰੰਥੀ ਨੇ ਅਰਜ਼ ਕੀਤੀ ਕਿ ਮਹਾਰਾਜ! ਭਾਈ ਲਾਲ ਸਿੰਘ ਜੀ ਰਾਗੀ ਜੋ ਅੱਜ ਕੱਲ੍ਹ ਪਿੰਡ ਲਾਹੌਰ ਤਹਿਸੀਲ ਸੁਆਂਵੀ ਗੁਰਦੁਆਰੇ ਦੀ ਸੇਵਾ ਕਰਾ ਰਹੇ ਹਨ, ਉਹ ਵੱਡੇ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਚਰਨ ਸੇਵਕ ਹਨ। ਛੋਟੇ ਸੰਤ ਬਾਬਾ ਆਇਆ ਸਿੰਘ ਜੀ ਮਹਾਰਾਜ ਦੀ ਉਨ੍ਹਾਂ ਨੇ ਡਿਊਟੀ ਲਗਾਈ ਹੈ ਕਿ ਇਸ ਅਸਥਾਨ ਦੀ ਸੇਵਾ ਦਾ ਤੁਸਾਂ ਖ਼ਿਆਲ ਰਖਣਾ। ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਦੂਰ-ਦੂਰ ਤੱਕ ਗੁਰਸਿੱਖੀ ਦਾ ਬੀਜ ਬੀਜਿਆ ਹੋਇਆ ਹੈ। ਅਕੋੜਾ, ਖ਼ੈਹਰਾਬਾਦ, ਅਟਕ, ਜਹਾਂਗੀਰ, ਤੁਡੇਰ, ਲਾਹੌਰ, ਜੋਦਾ, ਮੁਨੇਰੀ, ਸੁਆਵੀਂ, ਜਿਲਵੀ, ਜਿਲਸੀ, ਮਾਣਕੀ ਤੇ ਮਰਦਾਨ ਤੱਕ ਸੰਤਾਂ ਦੀ ਸਿੱਖੀ ਹੈ ਜਿਥੋਂ ਦੇ ਸ਼ਰਧਾਲੂ ਪ੍ਰੇਮੀ ਇਸ ਅਸਥਾਨ ਨੂੰ ਮੰਨਦੇ ਪੂਜਦੇ ਹਨ। ਇਸ ਸਾਰੇ ਇਲਾਕੇ ਵਿੱਚ ਭਾਈ ਲਾਲ ਸਿੰਘ ਜੀ ਗੁਰਮਤ ਦਾ ਪ੍ਰਚਾਰ ਕਰਦੇ ਤੇ ਸੰਗਤਾਂ ਨੂੰ ਪ੍ਰੇਰਦੇ ਹਨ। ਹਰੇਕ ਨਗਰ ਵਿੱਚ ਕੀਰਤਨ, ਅਨੰਦ-ਕਾਰਜ ਸਹਿਜ ਤੇ ਅਖੰਡ-ਪਾਠ ਇਨ੍ਹਾਂ ਦੇ ਪ੍ਰਬੰਧ ਹੇਠਾਂ ਹੀ ਹੁੰਦੇ ਹਨ। ਸੰਤ ਬਾਬਾ ਆਇਆ ਸਿੰਘ ਜੀ ਤੇ ਸੰਤ ਬਾਬਾ ਰਾਮ ਸਿੰਘ ਜੀ ਨੇ ਇਨ੍ਹਾਂ ਨੂੰ ਇਸ ਅਸਥਾਨ ਦੀ ਜ਼ਿੰਮੇਂਵਾਰੀ ਸੌਂਪੀ ਹੈ ਕਿ ਹਰੇਕ ਮਾਘ ਦੀ ਨੌਮੀ ਦਾ ਜੋੜ ਮੇਲਾ ਤੁਸਾਂ ਮਨਾਉਣਾ ਹੈ। ਉਹ ਵੀ ਹਰੇਕ ਐਤਵਾਰ ਨੂੰ ਇੱਥੇ ਆਕੇ ਕੀਰਤਨ ਕਰਦੇ ਹਨ। ਸੰਗਤਾਂ ਵਲੋਂ ਰਸਦ ਪਾਣੀ ਦਾ ਇੰਤਜ਼ਾਮ ਵੀ ਹੋ ਜਾਂਦਾ ਹੈ। ਜਿੱਥੇ ਇਨ੍ਹਾਂ ਦੀ ਰਹਾਇਸ਼, ਉਸ ਲਾਹੌਰ ਪਿੰਡ ਦੇ ਛੋਟੇ ਵੱਡੇ ਸਾਰੇ ਹੀ ਪ੍ਰੇਮੀਂ ਇਨ੍ਹਾਂ ਨੇ ਕੀਰਤਨੀਏ ਤੇ ਪਾਠੀ ਬਣਾ ਦਿਤੇ ਹਨ। ਜੋ ਹੁਣ ਇਨ੍ਹਾਂ ਦਾ ਤਨ, ਮਨ, ਧਨ ਨਾਲ ਪੂਰਾ ਸਹਿਯੋਗ ਦਿੰਦੇ ਹਨ। ਕੀਰਤਨ ਤੇ ਪਾਠ ਦੀ ਮਾਇਆ ਗੁਰਦੁਆਰੇ ਸਾਹਿਬ ਭੇਜ ਦਿੰਦੇ ਹਨ। ਜਿਸ ਕਰਕੇ ਜੋੜ ਮੇਲਾ ਚੰਗਾ ਮਨਾਇਆ ਜਾਂਦਾ ਹੈ। ਉਸ ਸਮੇਂ ਸੰਤਾਂ ਨੇ ਬੜੇ ਵੈਰਾਗ ਵਿੱਚ ਆਕੇ ਆਖਿਆ ਕਿ ਧੰਨ ਹਨ ਇਹੋ ਜਿਹੇ ਗੁਰਮੁਖ ਪਿਆਰੇ:

ਕੁਰਬਾਣੀ ਤਿਨਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।

(ਭਾਈ ਗੁਰਦਾਸ ਜੀ)

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥

(ਪੰਨਾ ੯੫੧)

ਉਸ ਸਮੇਂ ਇੱਕ ਆਦਮੀ ਨੂੰ ਹੁਕਮਨਾਮਾ ਦੇ ਕੇ ਭਾਈ ਲਾਲ ਸਿੰਘ ਜੀ ਦੇ ਪਾਸ ਲਾਹੌਰ ਪਿੰਡ ਵੱਲ ਭੇਜਿਆ ਕਿ ਪੰਜਾਬ ਤੋਂ ਸੰਤ ਅਤਰ ਸਿੰਘ ਜੀ ਮਹਾਰਾਜ ਸੈਦੂ ਆਏ ਹੋਏ ਹਨ ਅਤੇ ਤੁਹਾਨੂੰ ਯਾਦ ਕਰ ਰਹੇ ਹਨ। ਹੁਕਮਨਾਮਾ ਦੇਣ ਵਾਲਾ ਪ੍ਰੇਮੀਂ ਗੁਰਦੁਆਰੇ ਦੇ ਗਿਆ ਕਿਉਂਕਿ ਇਹ ਕਿਸੇ ਨਗਰ ਕੀਰਤਨ ਦੇ ਪ੍ਰੋਗਰਾਮ ਤੇ ਗਏ ਹੋਏ ਸਨ, ਦੇਰ ਨਾਲ ਆਏ ਅਤੇ ਇਹ ਹੁਕਮਨਾਮਾ ਦੇ ਕੇ ਆਪਣੇ ਨਗਰ ਨੂੰ ਅੱਗੇ ਚਲਾ ਗਿਆ। ਦੋ ਦਿਨਾਂ ਤੋਂ ਬਾਅਦ ਸੰਤਾਂ ਨੇ ਫੇਰ ਇੱਕ ਲਾਹੌਰ ਦੇ ਰਹਿਣ ਵਾਲੇ ਪ੍ਰੇਮੀਂ ਸੰਤ ਸਿੰਘ ਨੂੰ ਸੁਨੇਹਾ ਦਿੱਤਾ ਜੋ ਅਕੋੜੇ ਤੋਂ ਆ ਰਿਹਾ ਸੀ

ਸੰਤ ਜੀ ਮਹਾਰਾਜ ਉਸ ਸਮੇਂ ਸਵੇਰ ਦੇ ਟਾਇਮ ਦਾ ਕੀਰਤਨ ਸਮਾਪਤ ਕਰ ਕੇ ਸੈਦੂ ਗੁਰਦੁਆਰੇ ਤੋਂ ਬਾਹਰ ਦਰਿਆ ਵੱਲ ਜਾ ਰਹੇ ਸਨ। ਜਦੋਂ ਸੰਤ ਜੀ ਕੁਝ ਕੁ ਪ੍ਰੇਮੀਆਂ ਸਮੇਤ ਵੱਡੀ ਸੜਕ ਤੇ ਆਏ ਤਾਂ ਜਲਾਲ ਵਾਲੇ ਚੇਹਰੇ ਦਾ ਸੁਤੇ ਹੀ ਪ੍ਰਭਾਵ ਪੈ ਗਿਆ ਤੇ ਇਸ ਪ੍ਰੇਮੀ ਨੇ ਸੰਤਾਂ ਨੂੰ ਮੱਥਾ ਟੇਕਿਆ। ਸੰਤਾਂ ਨੇ ਪੁੱਛਿਆ, "ਤੁਸੀਂ ਕਿੱਥੇ ਰਹਿੰਦੇ ਹੋ?" ਇਸ ਨੇ ਅਰਜ਼ ਕੀਤੀ, "ਮਹਾਰਾਜ! ਦਾਸ ਦਾ ਨਿਵਾਸ ਲਾਹੌਰ ਪਿੰਡ ਹੈ।" ਸੰਤਾਂ ਕਿਹਾ, "ਅਸੀਂ ਭਾਈ ਲਾਲ ਸਿੰਘ ਹੋਰਾਂ ਨੂੰ ਚਿੱਠੀ ਵੀ ਭੇਜੀ ਸੀ ਪਰ ਅਜੇ ਤੱਕ ਉਹ ਪੁਜੇ ਨਹੀਂ, ਤੁਸਾਂ ਹੁਣ ਜਾ ਕੇ ਉਨ੍ਹਾਂ ਨੂੰ ਜ਼ਰੂਰ ਭੇਜ ਦੇਣਾ।" ਸੰਤ ਸਿੰਘ ਨੇ ਅਰਜ਼ ਕੀਤੀ, "ਮਹਾਰਾਜ ਉਹ ਤਾਂ ਕਈ ਦਿਨਾਂ ਤੋਂ ਏਥੇ ਹੈ ਨਹੀਂ, ਇੱਕ ਦੋ ਅਨੰਦ ਕਾਰਜ ਕਰਾਉਣ ਵਾਸਤੇ ਸੁਆਵੀਂ ਗਏ ਹੋਏ ਹਨ। ਅੱਜ ਆ ਗਏ ਹੋਣਗੇ। ਮੈਂ ਕਲ੍ਹ ਨਾਲ ਲੈ ਕੇ ਤੁਹਾਡੇ ਪਾਸ ਪੁੱਜਾਂਗਾ।" ਇਉਂ ਆਖ ਕੇ ਸੰਤ ਸਿੰਘ ਲਾਹੌਰ ਆ ਗਿਆ। ਏਧਰੋਂ ਸ਼ਾਮ ਤੱਕ ਭਾਈ ਲਾਲ ਸਿੰਘ ਜੀ ਵੀ ਲਾਹੌਰ ਪੁੱਜ ਗਏ। ਜਦੋਂ ਸੰਤ ਸਿੰਘ ਨੇ ਆ ਕੇ ਭਾਈ ਲਾਲ ਸਿੰਘ ਨੂੰ ਸੁਨੇਹਾ ਦਿੱਤਾ ਕਿ ਰੇਰੂ ਸਾਹਿਬ ਵਾਲੇ ਸੰਤ ਸੈਦੂ ਆਏ ਹੋਏ ਹਨ ਤੇ ਤੁਹਾਨੂੰ ਯਾਦ ਕਰਦੇ ਹਨ, ਕਲ੍ਹ ਜ਼ਰੂਰ ਚਲੋ।

ਸ਼ਰਧਾਲੂ ਹਿਰਦੇ ਵਾਸਤੇ ਮਹਾਂ-ਪੁਰਸ਼ਾਂ ਦਾ ਬਚਨ ਹੀ ਅਰਸ਼ੀ ਹੁਕਮ ਹੁੰਦਾ ਹੈ। ਦੂਸਰੇ ਦਿਨ ਸਵੇਰੇ ਹੀ ਭਾਈ ਲਾਲ ਸਿੰਘ, ਸੰਤ ਸਿੰਘ, ਸ੍ਰ: ਖੇਮ ਸਿੰਘ ਅਤੇ ਭਾਈ ਗੁਲਾਬ ਸਿੰਘ ਜੀ (ਜੋ ਹੋਤੀ ਵਾਲੇ ਵੱਡੇ ਸੰਤਾਂ ਦੇ ਸਿਦਕਵਾਨ ਸੇਵਕ ਸਨ ਉਨ੍ਹਾਂ ਪਾਸੋਂ ਹੀ ਨਾਮ ਅੰਮ੍ਰਿਤ ਪਾਇਆ ਸੀ ਅਤੇ ਗੁਰਬਾਣੀ ਦੇ ਬੜੇ ਖੋਜੀ ਸਨ) ਇਹ ਸਾਰੇ ਹੀ ਪ੍ਰੇਮੀਂ

ਫ਼ਲ-ਫਰੂਟ ਮਿਸ਼ਰੀ ਬਦਾਮ ਤੇ ਹੋਰ ਭੇਟਾ ਲੈਕੇ ਟਾਂਗੇ ਤੇ ਸਵਾਰ ਹੋ ਕੇ ਸੈਦੂ ਪੁੱਜ ਗਏ। ਗੁਰਦੁਆਰੇ ਸਾਹਿਬ ਆ ਕੇ ਦਰਸ਼ਨ ਕੀਤਾ। ਉਸ ਸਮੇਂ ਸੰਗਤ ਤੋਂ ਪਤਾ ਲੱਗਾ ਕਿ ਸੰਤ ਜੀ ਦਰਿਆ ਦੇ ਕਿਨਾਰੇ ਤਪ ਕਰ ਰਹੇ ਹਨ। ਇਉਂ ਸੁਣਕੇ ਸਾਰੇ ਹੀ ਦਰਿਆ ਵੱਲ ਚਲ ਪਏ। ਕਾਫ਼ੀ ਦੂਰ ਤੋਂ ਸੰਤ ਦੀ ਤ੍ਰਿਕਾਲ ਦਰਸ਼ੀ ਨਿਗਾਹ ਨੇ ਦੇਖ ਲਏ। ਇਨ੍ਹਾਂ ਵੀ ਸਾਰਿਆਂ ਨੇ ਦੂਰੋਂ ਹੀ ਸੰਤਾਂ ਦਾ ਦਰਸ਼ਨ ਕੀਤਾ। ਉਸ ਸਮੇਂ ਭਾਈ ਗੁਲਾਬ ਸਿੰਘ ਨੇ ਆਖਿਆ, "ਭਾਈ ਲਾਲ ਸਿੰਘ! ਇਹ ਤਾਂ ਹੂ-ਬ-ਹੂ ਵੱਡੇ ਸੰਤਾਂ ਦਾ ਹੀ ਸਰੂਪ ਹਨ। ਦਰਸ਼ਨ ਕਰਕੇ ਪਤਾ ਲੱਗਾ ਹੈ। ਚਿਹਨ ਚੱਕਰ ਤੇ ਮਸਤਕ ਦੀ ਜੋਤ ਵੱਡੇ ਸੰਤਾਂ ਨਾਲ ਮਿਲਦੀ ਹੈ।" ਭਾਈ ਲਾਲ ਸਿੰਘ ਨੇ ਉੱਤਰ ਦਿੱਤਾ ਕਿ ਮੈਂ ਵੀ ਦਰਸ਼ਨ ਕਰਕੇ ਦੋ ਗੱਲਾਂ ਦੁਆਰਾ ਇਨ੍ਹਾਂ ਦੀ ਅਜ਼ਮਾਇਸ਼ ਕਰਾਂਗਾ, ਦਿਲ ਵਿੱਚ ਇਹ ਅਰਾਧਨਾ ਕੀਤੀ। ਇੱਕ ਤਾਂ ਇਨ੍ਹਾਂ ਦਾ ਦਰਸ਼ਨ ਕਰਕੇ ਮਨ ਪੂਰਨ ਖੇੜੇ ਵਿੱਚ ਆ ਜਾਵੇ:

ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥

(ਪੰਨਾ ੩੨੦)

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥

(ਪੰਨਾ ੧੬੮)

ਦੂਜਾ ਇਹ ਸੰਕਲਪ ਕੀਤਾ, ਕਿ ਮੇਰਾ ਨਾਂ ਲੈਕੇ ਬੁਲਾਉਣ। ਇਧਰੋਂ ਸੰਤਾਂ ਨੇ ਦੂਰੋਂ ਦ੍ਰਿਸ਼ਟੀ ਕੀਤੀ ਕਿ ਨਗਰ ਵਲੋਂ ਕੁਝ ਕੁ ਸਜਣ ਆ ਰਹੇ ਹਨ। ਉਸ ਸਮੇਂ ਨਿਕਟ-ਵਰਤੀ ਪ੍ਰੇਮੀਆਂ ਨੂੰ ਆਖਿਆ ਕਿ ਮਲੂਮ ਹੁੰਦਾ ਹੈ ਭਾਈ ਲਾਲ ਸਿੰਘ ਆ ਰਿਹਾ ਹੈ। ਪ੍ਰੇਮੀਆਂ ਨੇ ਅਰਜ਼ ਕੀਤੀ, "ਮਹਾਰਾਜ! ਅਜੇ ਤੱਕ ਤਾਂ ਹਜ਼ੂਰ ਨੂੰ ਉਸਦਾ ਮਿਲਾਪ ਹੀ ਨਹੀਂ ਹੋਇਆ। ਆਪ ਨੇ ਕਿਵੇਂ ਜਾਣ ਲਿਆ ਹੈ ਕਿ ਉਹੋ ਹੀ ਹੈ? ਸ਼ਾਇਦ ਕੋਈ ਹੋਰ ਹੀ ਹੋਵੇ।" ਸੰਤਾਂ ਨੇ ਕਿਹਾ, "ਨਹੀਂ ਭਾਈ ਉਹੋ ਹੀ ਆ ਰਿਹਾ ਹੈ।" ਇਤਨੇ ਨੂੰ ਸਾਥੀਆਂ ਸਮੇਤ ਭਾਈ ਲਾਲ ਸਿੰਘ ਸ਼ਬਦ ਪੜ੍ਹਦਾ ਚਰਨਾਂ ਵਿੱਚ ਪੁੱਜਿਆ, ਭੇਟਾ ਅਰਪੀ, ਚਰਨ ਪਰਸ ਕੇ ਪਾਸ ਬੈਠੇ ਤਾਂ ਕਿਹਾ, "ਆਓ ਭਾਈ ਲਾਲ ਸਿੰਘ ਜੀ! ਬੜੇ ਮਹਿੰਗੇ ਭਾਅ ਦਰਸ਼ਨ ਹੋਏ ਹਨ।" ਤਾਂ ਲਾਲ ਸਿੰਘ ਦੇ ਨੇਤਰਾਂ ਵਿੱਚੋਂ ਜਲ ਵਹਿ ਤੁਰਿਆ। ਚਰਨਾਂ ਤੇ ਡਿਗ ਕੇ ਹੰਝੂਆਂ ਨਾਲ ਚਰਨ ਧੋ ਦਿਤੇ। ਦਿਆਲੂ ਸੰਤਾਂ ਨੇ ਆਪਣੇ ਦੋਹਾਂ ਹੱਥਾਂ ਨਾਲ ਸਿਰ ਉੱਚਾ ਕੀਤਾ ਤੇ ਆਖਿਆ, "ਜੀ ਆਇਆ ਨੂੰ। ਆਓ ਬੈਠੋ ਵੈਰਾਗ ਥੰਮ੍ਹੋ।" ਨਾਲ ਦੇ ਪ੍ਰੇਮੀਆਂ ਨੇ ਭੇਟਾ ਅਰਪੀ। ਚਰਨ ਪਰਸੇ ਤੇ ਪਾਸ ਬੈਠ ਗਏ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਰਾਜੇ ਕਵਲ ਨੈਨ ਨੂੰ ਆਖਿਆ ਸੀ ਕਿ ਹੇ ਰਾਜਨ! ਤੂੰ ਹੀ ਪਿਛਲੇ ਜਨਮ ਦਾ ਸਫਾ ਚੰਦ ਹੈਂ। ਇਸੇ ਤਰ੍ਹਾਂ ਸੰਤਾਂ ਨੇ ਹੱਸ ਕੇ ਪੁੱਛਿਆ ਕਿ ਤੁਸੀਂ ਹੀ ਲਾਲ ਸਿੰਘ ਹੋ! ਅਸੀਂ ਭੁਲੇ ਤਾਂ ਨਹੀਂ? ਤਾਂ ਲਾਲ ਸਿੰਘ ਨੇ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ ਕਿ ਮਹਾਰਾਜ! ਸੰਤ ਵੀ ਕਦੇ ਭੁੱਲਦੇ ਹਨ? ਉਹ ਤਾਂ ਭੁਲਿਆਂ ਨੂੰ ਰਸਤੇ ਪਾਉਣ ਵਾਸਤੇ ਆਉਂਦੇ ਹਨ। ਭੁੱਲਣ ਵਾਲੇ ਤਾਂ ਕਲਜੁਗੀ ਜੀਵ ਹਨ ਜੋ ਮਾਇਆ ਦੀ ਮਸਤੀ ਵਿੱਚ ਰੱਬ ਤੇ ਪ੍ਰਮਾਰਥ ਵੱਲੋਂ ਭੁਲੇ ਹਨ।

ਫੇਰ ਭਾਈ ਗੁਲਾਬ ਸਿੰਘ ਤੇ ਸ੍ਰ: ਖੇਮ ਸਿੰਘ ਨੇ ਅਰਜ਼ ਕੀਤੀ ਆਪ ਹੀ ਵੱਡੇ ਸਾਹਿਬਾਂ ਦੇ ਸਰੂਪ ਹੋ ਕਿਉਂਕਿ ਅਸੀਂ ਵੱਡੇ ਸਾਹਿਬਾਂ ਦਾ ਦਰਸ਼ਨ ਕੀਤਾ ਹੈ ਤੇ ਉਨ੍ਹਾਂ ਤੋਂ ਨਾਮ ਅੰਮ੍ਰਿਤ ਲਿਆ ਹੈ। ਉਸ ਸਮੇਂ ਸੰਤਾਂ ਨੇ ਆਪਣਾ ਆਪ ਛੁਪਾਉਂਦੇ ਹੋਏ ਆਖਿਆ, "ਵੱਡੇ ਸੰਤਾਂ ਦਾ ਮਾਘ ਨੌਮੀ ਦਾ ਜੋੜ-ਮੇਲਾ ਨੇੜੇ ਆ ਗਿਆ ਹੈ। ਭਾਈ ਗੁੱਜਰ ਸਿੰਘ ਗ੍ਰੰਥੀ ਤੇ ਹੋਰ ਸੈਦੂ ਦੀ ਸੰਗਤ ਨੇ ਦਸਿਆ ਹੈ ਕਿ ਤੁਸੀਂ ਹੀ ਉਸ ਜੋੜ ਮੇਲੇ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੇ ਹੋ। ਹੁਣ ਸਾਡੇ ਪਾਸ ਸੇਵਾਦਾਰ ਪਾਠੀ ਵੀ ਹਾਜ਼ਰ ਹਨ। ਮਾਇਆ ਵੀ ਗੁਰੂ ਦੀ ਹੈ। ਸੋ ਆਪਾਂ ਸਾਰੇ ਰਲ ਮਿਲ ਕੇ ਇਸ ਪੁਰਬ ਨੂੰ ਮਨਾਈਏ। ਅੱਗੇ ਤੁਸੀਂ ਕਿਵੇਂ ਮਨਾਉਂਦੇ ਹੋ?"

ਉਸ ਸਮੇਂ ਦੋਵੇਂ ਹੱਥ ਜੋੜ ਕੇ ਰਾਗੀ ਲਾਲ ਸਿੰਘ ਨੇ ਅਰਜ਼ ਕੀਤੀ ਕਿ ਮਹਾਰਾਜ! ਲਾਹੌਰ ਪਿੰਡ ਦੇ ਸਾਰੇ ਪ੍ਰੇਮੀ ਸੰਤ ਸੇਵੀ ਹਨ ਜੋ ਦਾਸ ਦੇ ਨਾਲ ਅਖੰਡ ਪਾਠ ਵੀ ਅਤੇ ਕੀਰਤਨ ਵੀ ਸੇਵਾ ਵਿੱਚ ਹੀ ਕਰਾਉਂਦੇ ਹਨ। ਇਲਾਕੇ ਵਿੱਚ ਇਸ਼ਤਿਹਾਰ ਭੇਜਕੇ ਸੰਗਤ ਨੂੰ ਖ਼ਬਰ ਕੀਤੀ ਜਾਂਦੀ ਹੈ। ਆਪਣੇ ਆਪ ਹੀ ਸੰਗਤਾਂ ਗੁਰੂ ਕੇ ਲੰਗਰ ਵਾਸਤੇ ਰਸਦ ਪਾਣੀ ਲੈ ਕੇ ਆ ਜਾਂਦੀਆਂ ਹਨ। ਸੰਤਾਂ ਨੇ ਫੇਰ ਕਿਹਾ ਕਿ ਸਾਡੇ ਇੱਥੇ ਆਉਣ ਕਰਕੇ ਰਾਮਪੁਰ ਨਗਰ ਤੋਂ ਪੱਚੀ ਤੀਹ ਸਿੰਘ ਆਏ ਹੋਏ ਹਨ, ਜੇਕਰ ਉਨ੍ਹਾਂ ਨੂੰ ਵਾਪਸ ਭੇਜੀਏ ਤਾਂ ਹੋਰ ਵਧੇਰੇ ਆ ਜਾਣਗੇ। ਮੌਸਮ ਸਰਦੀ ਦਾ ਹੈ। ਇੱਥੋਂ ਦੀ ਸੰਗਤ ਨੂੰ ਬੜੀ ਖੇਚਲ ਹੁੰਦੀ ਹੈ ਤਾਂ ਇਨ੍ਹਾਂ ਪ੍ਰੇਮੀਆਂ ਨੇ ਕਿਹਾ, "ਮਹਾਰਾਜ! ਧੰਨ ਭਾਗ ਹਨ ਸਾਡੇ, ਅਸੀਂ ਹਰ ਪ੍ਰਕਾਰ ਦੀ

ਸੇਵਾ ਕਰਾਂਗੇ।" ਉਹ ਰਾਤ ਉਸੇ ਜਗ੍ਹਾ ਸਾਰੇ ਹੀ ਸੰਤਾਂ ਪਾਸ ਠਹਿਰੇ ਤੇ ਸੰਤਾਂ ਦਾ ਹੁਕਮ ਮੰਨਕੇ ਰਾਤੀਂ ਗੁਰਦੁਆਰੇ ਕੀਰਤਨ ਕੀਤਾ। ਇੱਕ ਵਾਜਾ ਸੰਤ ਭਗਵਾਨ ਸਿੰਘ ਜੀ ਨੇ ਲੈ ਲਿਆ। ਲਾਹੌਰ ਪਿੰਡ ਦੇ ਪ੍ਰੇਮੀਂ ਵੀ ਨਾਲ ਬੋਲਦੇ ਸਨ:

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥
ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥
ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥
ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ ॥੫॥

(ਪੰਨਾ ੬੧੯)

ਇਹ ਸ਼ਬਦ ਪੜ੍ਹਿਆ ਤੇ ਨਾਲ-ਨਾਲ ਹੋਰ ਗੁਰਬਾਣੀ ਦੇ ਪਰਮਾਣ ਦਿੱਤੇ। ਜਿਵੇਂ ਗੁਰੂ ਨਾਨਕ ਦੇਵ ਜੀ ਦਾ ਹੁਕਮ ਮੰਨਕੇ ਭਾਈ ਮਰਦਾਨਾ ਕੀਰਤਨ ਕਰਦਾ ਪਰ ਆਪਣੀ ਮਿਹਰ ਨਾਲ ਠਾਠ ਗੁਰੂ ਨਾਨਕ ਦੇਵ ਸਾਹਿਬ ਜੀ ਬਣਾਉਂਦੇ। ਇਸੇ ਤਰ੍ਹਾਂ ਇੱਕ ਇਕਾਂਤ ਅਸਥਾਨ, ਦੂਸਰਾ ਸੰਤਾਂ ਦਾ ਬਚਨ। ਐਸਾ ਕੀਰਤਨ ਵਸਿਆ ਕਿ ਉਸ ਸਮੇਂ ਸਾਰਿਆਂ ਨੂੰ ਦੇਸ਼ ਕਾਲ ਵਿਸਰ ਗਏ। ਕੀਰਤਨ ਦੇ ਨਾਲ-ਨਾਲ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਜੀ ਦੀਆਂ ਸਾਖੀਆਂ ਵੀ ਸੁਣਾਈਆਂ। ਜਿਵੇਂ ਪਰਮੇਸ਼ਰ ਨੇ ਉਨ੍ਹਾਂ ਦੀ ਪ੍ਰੇਮਾ-ਭਗਤੀ ਦੇ ਅਧੀਨ ਹੋ ਕੇ ਆਪ ਪਹਿਰਾ ਦਿੱਤਾ। ਫੇਰ ਦਿੱਲੀ ਸ਼ਹਿਰ ੧੮੫੭ ਦੇ ਗ਼ਦਰ ਵਿੱਚ ਲੋਕਾਂ ਦੀ ਜਾਨੀ ਤੇ ਮਾਲੀ ਨੁਕਸਾਨ ਤੋਂ ਰੱਖਿਆ ਕੀਤੀ। ਫਿਰ ਹੋਤੀ ਦੀ ਧਰਤੀ ਨੂੰ ਭਾਗ ਲਾਇਆ ਤੇ ਜ਼ਾਲਮ ਪਠਾਣ ਰਾਖਸ਼ਾਂ ਤੋਂ ਦੇਵਤੇ ਬਣਾਏ।

ਇਉਂ ਬਾਬਾਣੀਆਂ ਕਹਾਣੀਆਂ ਸੁਣਕੇ ਸੰਤਾਂ ਦਾ ਮਨ ਅਨਹਦ ਵਿਸਮਾਦ ਅਵਸਥਾ ਵਿੱਚ ਚਲਾ ਗਿਆ। ਭੋਗ ਪਿਆ ਅਰਦਾਸ ਹੋਈ, ਕੜਾਹ ਪ੍ਰਸ਼ਾਦ ਦੀ ਦੇਗ ਵਰਤੀ ਤਾ ਸੰਤਾਂ ਨੇ ਪ੍ਰਸੰਨ ਹੋ ਕੇ ਵਰ ਦਿੱਤੇ ਧੰਨ ਹੋ ਭਾਈ ਲਾਲ ਸਿੰਘ ਜੀ! ਤੁਸਾਂ ਅੱਜ ਪਿਆਰੇ ਦਾ ਪ੍ਰਤੱਖ ਦਰਸ਼ਨ ਕਰਵਾ ਦਿੱਤਾ। ਨਾਮ ਚਿਤ ਆਵੇ। ਇਉਂ ਸਮਾਪਤੀ ਤੋਂ ਬਾਅਦ ਸੰਤ ਜੀ ਮਹਾਰਾਜ ਗੁਰਦੁਆਰੇ ਸਾਹਿਬ ਤੋਂ ਬਾਹਰ ਆ ਗਏ। ਹੋਰ ਸੰਗਤ ਲੰਗਰ ਵਿੱਚ ਚਲੀ ਗਈ, ਜਿੱਥੇ ਸਵੇਰ ਦਾ ਪ੍ਰਸ਼ਾਦਾ ਤੇ ਦੁੱਧ ਚਾਹ ਛਕਿਆ।

## ਸੰਤਾਂ ਦੀ ਕਠਨ ਤਤਿੱਖਿਆ

ਆਪ ਜੀ ਤਾਂ ਦੁਪਹਿਰ ਦੇ ਟਾਇਮ ਇੱਕ ਵਾਰੀ ਹੀ ਅਲੂਣੀ ਦਾਲ ਸਬਜ਼ੀ ਨਾਲ ਪ੍ਰਸ਼ਾਦਾ ਛਕਿਆ ਕਰਦੇ ਜਾਂ ਰਾਤੀਂ ਬਿਰਾਜਣ ਸਮੇਂ ਥੋੜ੍ਹਾ ਜਿਹਾ ਦੁੱਧ ਛਕ ਲੈਂਦੇ। ਸਵੇਰ ਦੇ ਵਕਤ ਥੋੜ੍ਹੀ ਜਿਹੀ ਚਾਹ ਛਕ ਕੇ ਬਾਹਰ ਨੂੰ ਦਰਿਆ ਵੱਲ ਚਲੇ ਗਏ। ਹਨੇਰੀ ਹੋਵੇ ਚਾਹੇ ਬਾਰਸ਼, ਗਰਮੀ, ਸਰਦੀ ਵਿੱਚ, ਝੱਖੜ ਵਗਦੇ, ਗੜ੍ਹੇ ਵਰ੍ਹਦੇ ਸੰਤ ਜੀ ਰਾਤ ਨੂੰ ਹਰ ਰੋਜ਼ ਹੀ ਭਜਨ ਕਰਨ ਵਾਸਤੇ ਬਾਹਰ ਜਾਂਦੇ। ਪਹਿਲਾਂ ਪਹਿਲਾਂ ਕਈ ਸਾਲ ਨਾ ਮਕਾਨ ਅੰਦਰ ਸੁੱਤੇ, ਨਾ ਕਦੇ ਰੂਈ ਵਾਲਾ ਉਪਰ ਬਸਤਰ ਹੀ ਲਿਆ। ਇੱਕੋ ਇੱਕ ਖੱਦਰ ਦੀ ਚਾਦਰ ਕਦੇ ਓਹ ਉਪਰ ਭੂੰਗੀ ਲੈ ਲੈਣੀ ਤੇ ਕਦੇ ਥੱਲੇ ਵਿਛਾ ਲੈਣੀ:

ਕਰਹਿ ਜਿ ਗੁਰ ਫੁਰਮਾਇਆ
ਸਿਲ ਜੋਗੁ ਅਲੂਣੀ ਚਟੀਐ ॥

(ਪੰਨਾ ੯੬੬)

ਅਥਵਾ:

*ਫੱਕਰ ਸੋਈ ਜਿਹ ਫ਼ਿਕਰ ਨ ਕੋਈ, ਨਿੱਤ ਸਬਰ ਦੇਸ ਵਿੱਚ ਵੱਸਦੇ ਨੀ।*
*ਫਾਕਿਆ ਮੁਲਖ ਜਾਗੀਰ ਤਿਨ੍ਹਾਂ ਦੀ ਸੁਆਲ ਮੂਲ ਨਾ ਦਸਦੇ ਨੀ।*
*ਨਾਮ ਜਪਣ ਖ਼ੁਸ਼ੀਆਂ ਨਿਤ ਨਵੀਆਂ, ਲੀਲ੍ਹਾ ਵੇਖ ਕੇ ਹੱਸਦੇ ਨੀ।*
*ਨਾਮ ਜਪਾ ਕੇ ਜੱਗ ਨੂੰ ਤਾਰਨ, ਹੱਸਦੇ ਰਸਦੇ ਵਸਦੇ ਨੀ।*

# ਮਾਘ ਨੌਮੀ ਦਾ ਜੋੜ ਮੇਲਾ

ਲਾਲ ਸਿੰਘ ਰਾਗੀ ਤਾਂ ਨਾਲ ਦੇ ਪ੍ਰੇਮੀਆਂ ਸਮੇਤ ਦੂਸਰੇ ਦਿਨ ਹੀ ਸੰਤਾਂ ਤੋਂ ਆਗਿਆ ਲੈ ਕੇ ਲਾਹੌਰ ਪਿੰਡ ਆ ਗਿਆ। ਓਥੇ ਜਾ ਕੇ ਗੁਰੂ ਕੇ ਲੰਗਰ ਵਾਸਤੇ ਸਾਮਾਨ ਭੇਜ ਦਿੱਤਾ। ਘਿਓ ਦਾ ਟੀਨ, ਆਟਾ ਖੰਡ ਤੇ ਹੋਰ ਚੀਜ਼ਾਂ। ਦੁੱਧ ਤੇ ਸਬਜ਼ੀ ਰੋਜ਼ ਤਾਜ਼ੀ ਲਿਆ ਦਿੰਦੇ। ਮਾਘ ਨੌਮੀ ਤੋਂ ਪੰਜ ਦਿਨ ਪਹਿਲਾਂ ਹੀ ਸੇਵਾਦਾਰ ਹੋਰ ਰਸਦਾਂ ਲੈ ਕੇ ਆ ਗਏ। ਇਲਾਕੇ ਦੇ ਪਿੰਡਾਂ ਵਿੱਚ ਚਿੱਠੀਆਂ ਤੇ ਇਸ਼ਤਿਹਾਰ ਭੇਜ ਦਿੱਤੇ ਕਿ ਪੰਜਾਬ ਦੀ ਪਾਵਨ ਧਰਤੀ ਤੋਂ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਆਏ ਹੋਏ ਹਨ, ਉਨ੍ਹਾਂ ਦਾ ਦਰਸ਼ਨ ਕਰੋ ਤੇ ਨਾਲੇ ਵੱਡੇ ਸਾਹਿਬਾਂ ਦੀ ਨੌਮੀ ਦਾ ਜੋੜ-ਮੇਲਾ ਦੇਖੋ। ਰਸਦ ਪਾਣੀ ਦਾ ਪ੍ਰਬੰਧ ਭਾਈ ਰਾਮ ਚੰਦ ਅਕੋੜੇ ਵਾਲੇ ਦੇ ਜ਼ੁੰਮੇ ਲਾ ਦਿੱਤਾ, ਜੋ ਹਮੇਸ਼ਾਂ ਅੱਗੇ ਵੀ ਕਰਦੇ ਸਨ। ਹੋਤੀ ਮਰਦਾਨ ਬਾਬਾ ਰਾਮ ਸਿੰਘ ਜੀ ਪਾਸ ਵੀ ਇਲਾਕੇ ਦੇ ਮੁਖੀ ਪ੍ਰੇਮੀ ਪੁੱਜੇ ਕਿ ਤੁਸੀਂ ਸੈਦੂ ਚਲੋ। ਉਨ੍ਹਾਂ ਕਿਹਾ ਸਾਡੀ ਜਗ੍ਹਾ ਸੰਤ ਅਤਰ ਸਿੰਘ ਜੀ ਮਹਾਰਾਜ ਆ ਗਏ ਹਨ, ਉਨ੍ਹਾਂ ਦੀ ਚੰਗੀ ਤਰ੍ਹਾਂ ਸੇਵਾ ਕਰਨੀ, ਬਚਣ ਮੰਨਣੇ, ਕਿਸੇ ਵਸਤੂ ਦਾ ਘਾਟਾ ਨਹੀਂ ਰਹੇਗਾ। ਗੁਰੂ ਅੰਗ ਸੰਗ ਹੈ। ਮਾਘ ਸੁਦੀ ਸਪਤਵੀਂ ਨੂੰ ਵੀ ਸ੍ਰੀ ਅਖੰਡ ਪਾਠ ਪ੍ਰਾਰੰਭ ਕੀਤਾ ਗਿਆ। ਸੰਗਤ ਵਾਸਤੇ ਬਿਸਤਰੇ ਲਿਆਉਣ ਦੀ ਸੇਵਾ ਭਾਈ ਅਤਰ ਸਿੰਘ ਜਹਾਂਗੀਰੇ ਤੇ ਭਾਈ ਮੋਤਾ ਸਿੰਘ ਖੈਰਾਬਾਦ ਵਾਲਿਆਂ ਦੇ ਜ਼ੁੰਮੇ ਲਾਈ। ਸੰਤ ਅਤਰ ਸਿੰਘ ਜੀ ਮਹਾਰਾਜ ਦਾ ਆਉਣਾ ਸੁਣਕੇ ਬੇਅੰਤ ਹੀ ਪ੍ਰੇਮੀ ਸੈਦੂ ਪੁੱਜੇ।

ਨਵੀਂ ਪਿੰਡ ਵਿੱਚ ਬਾਬਾ ਰਾਮ ਸਿੰਘ ਜੀ ਬੇਦੀ ਰਹਿੰਦੇ ਸਨ ਜੋ ਬੜੇ ਚੰਗੇ ਹਕੀਮ ਵੀ ਸਨ। ਇਸ ਇਲਾਕੇ ਵਿੱਚ ਇਨ੍ਹਾਂ ਦੀ ਕਾਫ਼ੀ ਸਿੱਖੀ ਸੇਵਕੀ ਸੀ, ਇਹ ਵੀ ਨੌਮੀ ਦੇ ਜੋੜ ਮੇਲੇ ਤੇ ਆਕੇ ਸੰਗਤਾਂ ਸਮੇਤ ਸੇਵਾ ਤੇ ਕੀਰਤਨ ਕਰਿਆ ਕਰਦੇ। ਸੋ ਐਤਕੀਂ ਸਮੇਂ ਸਿਰ ਪੁੱਜ ਗਏ। ਤਿੰਨੇ ਦਿਨ ਦੀਵਾਨ ਸਜਦੇ ਰਹੇ ਤੇ ਲੰਗਰ ਚਾਲੂ ਰਿਹਾ। ਨੌਮੀ ਵਾਲੇ ਦਿਨ ਸਵੇਰੇ ੯ ਵਜੇ ਅਖੰਡ ਪਾਠ ਦਾ ਭੋਗ ਪਿਆ। ਆਰਤੀ ਤੋਂ ਬਾਅਦ ਅਰਦਾਸ ਕੀਤੀ। ਕੜਾਹ ਪ੍ਰਸ਼ਾਦ ਦੀ ਦੇਗ ਵਰਤੀ। ਫੇਰ ਬਾਹਰ ਸਕੂਲ ਵਿੱਚ ਖੁੱਲ੍ਹੀ ਥਾਂ ਤੇ ਦੀਵਾਨ ਸਜਿਆ, ਜਿੱਥੇ ਸੰਤ ਬਾਬਾ ਆਇਆ ਸਿੰਘ ਜੀ ਸਜਾਇਆ ਕਰਦੇ ਸਨ। ਬਹੁਤ ਸਾਰੇ ਰਾਗੀ ਸਿੰਘ ਅਰਸ਼ੀ ਦਾਤਾਰ ਦੇ ਚਰਨਾਂ ਵਿੱਚ ਆਪੋ ਆਪਣੀ ਹਾਜ਼ਰੀ ਲਗਾਉਣ ਵਾਸਤੇ ਪੁੱਜੇ ਹੋਏ ਸਨ। ਅੱਧਾ-ਅੱਧਾ ਘੰਟਾ ਸਭਨਾਂ ਨੂੰ ਟਾਇਮ ਮਿਲਦਾ। ਸੰਤਾਂ ਅੱਗੇ ਵੀ:

ਲਗੀ ਬਰਸਨ ਲਛਮੀ ਰਿਧ ਸਿਧ ਨਉ ਨਿਧਿ ਸਵਾਈ।

(ਭਾਈ ਗੁਰਦਾਸ ਜੀ)

ਬਦਾਮ, ਪਤਾਸੇ, ਮਿਸਰੀ, ਫ਼ਲ ਫਰੂਟ, ਬਰਤਨ, ਕਪੜੇ, ਨਕਦੀ ਮਾਇਆ ਤੇ ਹੋਰ ਸਭ ਚੀਜ਼ਾਂ ਦੇ ਢੇਰ ਲੱਗ ਗਏ। ਦੋ ਸੇਵਾਦਾਰ ਪਾਸ ਬੈਠੇ ਮੱਥਾ ਟੇਕਣ ਤੇ ਭੇਟਾ ਅਰਪਣ ਵਾਲੇ ਨੂੰ ਪ੍ਰਸ਼ਾਦ ਦੇਈ ਜਾਵਣ ਤੇ ਪ੍ਰੇਮੀਂ ਪ੍ਰਸ਼ਾਦ ਲੈਕੇ ਜਿੱਥੇ ਕਿਤੇ ਕਿਸੇ ਨੂੰ ਥਾਂ ਮਿਲਦੀ ਸੰਗਤ ਵਿੱਚ ਬੈਠੀ ਜਾਂਦੇ ਸਨ। ਵੱਡੇ ਸੰਤਾਂ ਵਾਲੀ ਸਾਰੀ ਮਰਯਾਦਾ ਕਾਇਮ ਰੱਖੀ ਹੋਈ ਸੀ ਕਿਉਂਕਿ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਪੰਨਾ ੯੬੬)

ਵਾਲੀ ਗੱਲ ਸੀ। ਲੰਗਰ ਵਿੱਚ ਮਾਹਲ ਪੂੜੇ, ਪੂਰੀ, ਕਚੌਰੀ, ਪਰਸ਼ਾਦੇ, ਕੜਾਹ ਪ੍ਰਸ਼ਾਦ, ਦਹੀਂ, ਭੱਲੇ, ਦਾਲ, ਸਬਜ਼ੀ, ਅਚਾਰ, ਚਟਣੀ ਤੇ ਹੋਰ ਬੇਅੰਤ ਪਦਾਰਥ ਬਣੇ ਹੋਏ ਸਨ। ਮਾਈ ਭਾਈ ਨੇ ਸੁੱਚ ਸੰਜਮ ਨਾਲ ਬਾਣੀ ਪੜ੍ਹਦਿਆਂ ਲੰਗਰ ਤਿਆਰ ਕੀਤਾ ਸੀ। ਇਸ ਨੌਮੀਂ ਦੇ ਸਲਾਨਾ ਜੋੜ ਮੇਲੇ ਤੇ ਫੌਜੀ ਸਿੰਘਾਂ ਨੂੰ ਵੀ ਛੁੱਟੀ ਹੋ ਜਾਂਦੀ। ਇਹ ਵੀ ਲੰਗਰ ਵਾਸਤੇ ਮਾਇਆ ਅਰਦਾਸ ਕਰਵਾਉਂਦੇ ਤੇ ਹੱਥੀਂ ਸੇਵਾ ਕਰਕੇ ਦਾਤੇ ਦੇ ਚਰਨਾਂ ਵਿੱਚ ਆਪਣੀ ਹਾਜ਼ਰੀ ਲਵਾਉਂਦੇ। ਪਹਿਰੇ ਤੇ ਵੀ ਫੌਜੀ ਸਿੰਘ ਹੀ ਖੜੋਂਦੇ।

ਇੱਥੋਂ ਦੇ ਪਤਵੰਤੇ ਚੌਧਰੀ ਖ਼ਾਨ ਸਾਹਿਬ ਤੇ ਥਾਣੇਦਾਰ ਵੀ ਪੁਲਿਸ ਲੈਕੇ ਸਾਵਧਾਨੀ ਨਾਲ ਆਪਣੀ ਜ਼ੁੰਮੇਂਵਾਰੀ ਸਮਝਕੇ ਡਿਊਟੀ ਭੁਗਤਾਉਂਦੇ। ਬਾਹਰੋਂ ਆਏ ਮਾਈ ਭਾਈ, ਬਾਲ ਬੱਚੇ ਤੇ ਹੋਰ ਸੰਗਤ ਦੀ ਸੰਭਾਲ ਕਰਦੇ। ਅਕੋੜੇ ਤੇ ਖਟਕ ਨਗਰ ਦੇ ਸੇਵਾਦਾਰਾਂ ਨੇ ਜੋੜਿਆਂ ਦੀ ਸੇਵਾ ਸੰਭਾਲੀ ਹੋਈ ਸੀ। ਸੰਤਾਂ ਨੇ ਆਪਣੇ ਨਾਲ ਦੇ ਪ੍ਰੇਮੀਆਂ ਨੂੰ ਲੰਗਰ ਦੀ ਦੇਖ-ਭਾਲ ਵਾਸਤੇ ਭੰਡਾਰੇ ਵਿੱਚ ਭੇਜਿਆ ਤੇ ਕਿਹਾ, "ਅਰਦਾਸਾ ਕਰਕੇ ਲੰਗਰ ਚਾਲੂ ਕਰ ਦਿਓ।"

ਇਨ੍ਹਾਂ ਨੇ ਸੰਤਾਂ ਦੇ ਹੁਕਮ ਅਨੁਸਾਰ ੧੨ ਵਜੇ ਲੰਗਰ ਖੋਲ੍ਹ ਦਿੱਤਾ, ਪੰਗਤਾਂ ਲਗ ਗਈਆਂ। ਬੜੀ ਸ਼ਾਂਤੀ ਨਾਲ

ਪ੍ਰੇਮੀ ਪ੍ਰਸ਼ਾਦ ਛਕ ਰਹੇ ਹਨ। ਬਾਹਰ ਪੰਡਾਲ ਵਿੱਚ ਕੀਰਤਨ ਵੀ ਹੋ ਰਿਹਾ ਹੈ। ਤਿੰਨ ਵਜੇ ਰਾਗੀ ਲਾਲ ਸਿੰਘ ਨੂੰ ਹੁਕਮ ਕੀਤਾ ਕਿ ਹੁਣ ਤੁਸੀਂ ਕੀਰਤਨ ਸ਼ੁਰੂ ਕਰੋ ਤੇ ਪੰਜ ਵਜੇ ਸਮਾਪਤੀ ਕਰ ਦੇਣੀ ਜਿਸ ਕਰਕੇ ਪਿੰਡਾਂ ਦੇ ਲੋਕ ਸੁਵਖਤੇ ਹੀ ਮਾਈ ਭਾਈ, ਬਾਲ ਬੱਚਿਆਂ ਸਮੇਤ ਆਪਣੇ ਘਰੀਂ ਪੁੱਜ ਜਾਵਣ।

ਸੰਤਾਂ ਦਾ ਬਚਨ ਮੰਨਕੇ ਰਾਗੀ ਲਾਲ ਸਿੰਘ ਨੇ ਕੀਰਤਨ ਸ਼ੁਰੂ ਕੀਤਾ। ਜਿਸ ਦੇ ਨਾਲ ਲਾਹੌਰ ਪਿੰਡ ਦਾ ਜਥਾ ਭਾਈ ਕੌਰ ਸਿੰਘ ਜੀ, ਭਗਤ ਹੁਕਮ ਚੰਦ ਜੀ, ਸਰਦਾਰ ਤੇਜਾ ਸਿੰਘ, ਸਰਦਾਰ ਸੇਵਾ ਸਿੰਘ, ਲਖੀ ਸ਼ਾਹ ਆਦਿਕ ਸਾਜ ਲੈ ਕੇ ਬੈਠ ਗਏ। ਪਰਮਾਣ ਦੇ ਕੇ ਸ਼ਬਦ ਪੜ੍ਹਿਆ:

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

(ਪੰਨਾ ੭੪੯)

ਨਾਲ-ਨਾਲ ਸਾਖੀ ਵੀ ਸੁਣਾਈ। ਜਿਵੇਂ ਬਾਬਾ ਕਰਮ ਸਿੰਘ ਜੀ ਮਹਾਰਾਜ ਸੈਦੂ ਆਕੇ ਜੋਤੀ-ਜੋਤ ਸਮਾਏ। ਫਿਰ ਆਇਆ ਸਿੰਘ ਜੀ ਨੇ ਆਪਣੇ ਹੱਥੀਂ ਨੀਂਹ ਰੱਖਕੇ ਗੁਰਦੁਆਰਾ ਸਾਹਿਬ ਬਣਾਇਆ ਤੇ ਸਲਾਨਾ ਜੋੜ ਮੇਲਾ ਆਰੰਭ ਕੀਤਾ। ਇਸੇ ਤਰ੍ਹਾਂ ਇਲਾਕੇ ਦੀ ਸੰਗਤ ਸਾਲ ਦੇ ਸਾਲ ਜੋੜ ਮੇਲੇ ਮਨਾਉਂਦੀ ਰਹੀ। ਹੁਣ ਪੰਜਾਬੋਂ ਰੇਰੂ ਸਾਹਿਬ ਤੋਂ ਸੰਤ ਅਤਰ ਸਿੰਘ ਜੀ ਮਹਾਰਾਜ ਆਏ ਹੋਏ ਹਨ। ਜਿਨ੍ਹਾਂ ਨੇ ਬਾਬਾ ਕਰਮ ਸਿੰਘ ਜੀ ਮਹਾਰਾਜ ਤੋਂ ਨਾਮ ਦਾ ਪ੍ਰਸ਼ਾਦ ਲੈਕੇ ਉਨ੍ਹਾਂ ਦੀ ਆਗਿਆ ਅਨੁਸਾਰ ਹੀ ਪੰਜਾਬ ਦੇਸ਼ ਨੂੰ ਤਾਰਿਆ ਹੈ। ਧੰਨ ਭਾਗ ਹਨ ਅਸਾਡੇ ਜੋ ਐਸੇ ਪੂਰਨ ਮਹਾਂ-ਪੁਰਸ਼ਾਂ ਦੇ ਦੀਦਾਰ ਹੋਏ। ਖੈਰਾਬਾਦ, ਅਕੋੜਾ, ਤੁਡੇਰ ਤੇ ਜਹਾਂਗੀਰੇ ਆਦਿ ਨਗਰਾਂ ਦੇ ਪ੍ਰੇਮੀਆਂ ਦਾ ਵੀ ਧੰਨਵਾਦ ਹੈ ਜਿਨ੍ਹਾਂ ਨੇ ਹਰੇਕ ਸਾਲ ਵਾਂਗ ਐਤਕੀਂ ਵਧ ਚੜ੍ਹਕੇ ਸੇਵਾ ਕੀਤੀ। ਪੰਜ ਵਜੇ ਦੀਵਾਨ ਸਮਾਪਤ ਹੋਇਆ, ਅਰਦਾਸ ਕੀਤੀ ਤਾਂ ਉਸ ਸਮੇਂ ਸੰਤਾਂ ਪਾਸ ਖ਼ਾਨ ਸਾਹਿਬ ਪੁਲਿਸ ਕਪਤਾਨ ਤੇ ਹੋਰ ਫੌਜੀ ਅਫ਼ਸਰ ਸਲਾਮ ਕਰਨ ਆਏ। ਸੰਤਾਂ ਨੇ ਸਭਨਾਂ ਨੂੰ ਇਕ-ਇਕ ਟੋਕਰਾ ਮਾਹਲ ਪੂੜਿਆਂ ਤੇ ਪੂਰੀਆਂ ਦਾ ਦਿੱਤਾ। ਨਾਲ ਦੇ ਸਾਥੀਆਂ ਨੂੰ ਮਿਠਾਈ ਦੇ ਲਫ਼ਾਫ਼ੇ ਤੇ ਅਸ਼ੀਰਵਾਦ ਕਹੀ। ਉਸ ਸਮੇਂ ਪਿੰਡਾਂ ਦੀਆਂ ਸੰਗਤਾਂ ਆਗਿਆ ਪਾ ਕੇ ਆਪੋ ਆਪਣੇ ਨਗਰਾਂ ਨੂੰ ਚਲੀਆਂ ਗਈਆਂ। ਟਾਂਗਿਆਂ ਵਾਲੇ ਪਠਾਣਾਂ ਨੂੰ ਵੀ ਸੰਤਾਂ ਨੇ ਪ੍ਰਸ਼ਾਦ ਛਕਾਇਆ। ਸੈਦੂ ਨਿਵਾਸੀ ਸਹਿਜਧਾਰੀ ਮਾਈ ਭਾਈ ਨੇ ਵੀ ਬੜੀ ਸ਼ਰਧਾ ਨਾਲ ਸੇਵਾ ਕੀਤੀ, ਸੰਤਾਂ ਨੇ ਸਾਰਿਆਂ ਨੂੰ ਪ੍ਰਸ਼ਾਦ ਤੇ ਅਸ਼ੀਰਵਾਦ ਦਿੱਤਾ। ਫੌਜੀਆਂ ਨੂੰ ਪ੍ਰਸ਼ਾਦ ਦੇ ਕੇ ਆਖਿਆ, "ਤੁਸੀਂ ਸਕੂਲ ਵਿੱਚੋਂ ਸਾਮਾਨ ਉਠਾ ਕੇ ਗੁਰਦੁਆਰੇ ਪੁਚਾ ਦਿਓ।" ਉਸ ਸਮੇਂ ਸੰਤ ਤਾਂ ਆਪਣੇ ਨਾਲ ਦੇ ਸਾਥੀਆਂ ਸਮੇਤ ਦਰਿਆ ਵੱਲ ਆ ਗਏ। ਉਸ ਜਗ੍ਹਾ ਇਸ਼ਨਾਨ ਕਰਕੇ ਸ੍ਰੀ ਰਹਿਰਾਸ ਜੀ ਦਾ ਪਾਠ ਕੀਤਾ ਤੇ ਬਾਅਦ ਵਿੱਚ ਗੁਰਦੁਆਰੇ ਸਾਹਿਬ ਆ ਕੇ ਪ੍ਰਸ਼ਾਦ ਛਕਿਆ ਕਿਉਂਕਿ ਸਵੇਰ ਦਾ ਕੁਝ ਨਹੀਂ ਸੀ ਛਕਿਆ ਨਾਲ ਦੇ ਸਿੰਘਾਂ ਤੇ ਹੋਤੀ ਤੋਂ ਆਏ ਹੋਏ ਸਾਧੂਆਂ ਨੇ ਵੀ ਲੰਗਰ ਛਕ ਕੇ ਗੁਰਦੁਆਰੇ ਆਰਾਮ ਕੀਤਾ।

ਸੰਤ ਉਸ ਸਮੇਂ ਬਾਹਰ ਇੱਕ ਬ੍ਰਿਛ ਹੇਠਾਂ ਬੈਠ ਗਏ। ਰਾਤ ਦੇ ਇੱਕ ਵਜੇ ਇਸ਼ਨਾਨ ਕਰਕੇ ਫਿਰ ਸਮਾਧੀ ਵਿੱਚ ਜੁੜੇ। ਇਤਨੇ ਨੂੰ:

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥

(ਪੰਨਾ ੩੧੯)

ਨਾਮ ਰੰਗ ਵਿੱਚ ਹੀ ਰਤਿਆਂ ਪਹੁ-ਫੁਟਾਲਾ ਹੋ ਆਇਆ ਤਾਂ ਗੁਰਦੁਆਰੇ ਸਾਹਿਬ ਆ ਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਕੀਤਾ। ਦਿਨ ਚੜ੍ਹੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਅਰਦਾਸ ਕਰਕੇ ਕੜਾਹ ਪਰਸਾਦ ਵਰਤਾਇਆ।

## ਚੌਂਕੀਦਾਰ ਨੂੰ ਬਖ਼ਸ਼ਿਸ਼

ਜਦੋਂ ਸਵੇਰ ਦੇ ਦੀਵਾਨ ਦੀ ਸਮਾਪਤੀ ਹੋਈ ਤਾਂ ਸੰਤਾਂ ਨੇ ਪ੍ਰੇਮੀਆਂ ਦੀ ਸ਼ਰਧਾ ਦੇਖ ਕੇ ਉਨ੍ਹਾਂ ਦੀ ਬੇਨਤੀ ਅਨੁਸਾਰ ਵੱਡੇ ਸਾਹਿਬਾਂ ਵਾਂਗੂੰ ਕੁਝ ਕੁ ਸਮਾਂ ਬਾਹਰ ਕੁਰਸੀ ਤੇ ਬੈਠ ਕੇ ਸੰਗਤਾਂ ਨੂੰ ਦਰਸ਼ਨ ਦਿੱਤਾ। ਉਸ ਸਮੇਂ ਸ਼ਰਧਾਲੂਆਂ ਨੇ ਬੇਅੰਤ ਮਾਇਆ ਭੇਟਾ ਕੀਤੀ ਤੇ ਬਾਬਾ ਜੀ ਤੋਂ ਆਪੋ ਆਪਣੀਆਂ ਮੰਗਾਂ ਪੂਰੀਆਂ ਕਰਵਾਈਆਂ। ਜਦੋਂ ਅੰਤਰਜਾਮੀ ਦਾਤੇ ਨੇ ਜੋੜ ਮੇਲੇ ਦਾ ਖਰਚਾ ਪੂਰਾ ਹੋਇਆ ਜਾਣਿਆ ਤਾਂ ਕੁਰਸੀ ਤੋਂ ਉੱਠ ਬੈਠੇ। ਸੇਵਾਦਾਰ ਨੇ ਮਾਇਆ ਗਿਣੀ ਤਾਂ ਜਿਤਨਾ ਜੋੜ ਮੇਲੇ ਵਿੱਚ ਖਰਚ ਹੋਇਆ ਸੀ ਉਹ ਪੂਰਾ ਹੀ ਹੋਇਆ। ਸਿਰਫ ਇੱਕ ਟਕਾ ਬਾਕੀ ਬਚਿਆ। ਉਹ ਸਾਹਮਣੇ ਖੜ੍ਹੇ ਇੱਕ ਮੁਸਲਮਾਨ ਚੌਂਕੀਦਾਰ ਤੇ ਕ੍ਰਿਪਾ ਕਰਕੇ ਬਖ਼ਸ਼ ਦਿੱਤਾ ਕਿ ਇਸ ਨੇ ਤਿੰਨੇ ਦਿਨ ਬੜੀ ਭਾਰੀ ਸ਼ਰਧਾ ਤੇ ਸਾਵਧਾਨਤਾ ਨਾਲ ਖੜਿਆਂ ਹੋ ਕੇ ਪਹਿਰੇ ਦੀ ਸੇਵਾ ਕੀਤੀ ਹੈ। ਜਦੋਂ ਉਸਨੇ ਆਪਣੇ ਹੱਥ ਵਿੱਚ ਫੜਿਆ ਤਾਂ ਬੜਾ ਹੈਰਾਨ ਹੋ ਗਿਆ ਤੇ ਕਹਿਣ ਲੱਗਾ ਸਿਰਫ ਇੱਕੋ ਹੀ ਟਕਾ? ਸ਼ਰਧਾਲੂ ਪ੍ਰੇਮੀਆਂ ਨੇ ਆਖਿਆ, "ਇਹ ਮਹਾਂ-ਪੁਰਸ਼ਾਂ ਦੀ ਬਖ਼ਸ਼ਿਸ਼ ਹੈ ਪ੍ਰਸੰਨ ਹੋ ਕੇ ਫੜ ਲੈ। ਤੂੰ ਇਸ ਨੂੰ ਟਕਾ ਨਾ ਸਮਝ। ਇਹ ਤਾਂ ਸਾਰੇ ਖਜ਼ਾਨਿਆਂ ਦੀ ਚਾਬੀ ਹੈ।"

ਜਦੋਂ ਉਸ ਨੇ ਉਹ ਤਾਂਬੇ ਦਾ ਟਕਾ ਲੈ ਆਪਣੀ ਮੁੱਠੀ ਵਿੱਚ ਘੁੱਟਿਆ ਤਾਂ ਉਸ ਸਮੇਂ ਸੋਨੇ ਦਾ ਬਣ ਗਿਆ। ਫਿਰ ਇਸ ਦੀ ਹੈਰਾਨਗੀ ਦੀ ਹੱਦ ਨਾ ਰਹੀ ਤੇ ਡਰਦੇ ਹੋਏ ਨੇ ਉਹ ਹੱਥ ਵਿੱਚ ਹੀ ਛੁਪਾ ਲਿਆ ਕਿ ਜੇ ਪਤਾ ਲੱਗ ਗਿਆ ਤਾਂ ਕਿਤੇ ਇਸ ਨੂੰ ਮੇਰਾ ਮਾਲਕ ਹੀ ਨਾ ਖੋਹ ਲਵੇ। ਸੰਤਾਂ ਨੇ ਉਸ ਦੇ ਦਿਲ ਦੀ ਜਾਣ ਕੇ ਕਿਹਾ, "ਪ੍ਰੇਮੀਆ! ਭੈਅ ਨਾ ਕਰ, ਤੂੰ ਸਦੀਵੀ ਇਸ ਨੂੰ ਆਪਣੇ ਪਾਸ ਸਾਂਭ ਕੇ ਰੱਖ ਤੇਰੇ ਘਰ ਮਾਇਆ ਦਾ ਤੋਟਾ ਨਹੀਂ ਆਵੇਗਾ।"

ਇਉਂ ਸੇਵਾਦਾਰਾਂ ਦੇ ਕਦਰਦਾਨੀ ਤੇ ਗ਼ਰੀਬ ਪਰਵਰ ਬਾਬਾ ਜੀ ਉਸ ਦੀ ਗ਼ਰੀਬੀ ਦੂਰ ਕਰਕੇ ਕੁਰਸੀ ਤੋਂ ਉੱਠੇ। ਉਸ ਸਮੇਂ ਸਾਰੇ ਪ੍ਰੇਮੀ ਹਜ਼ੂਰ ਦੀ ਆਗਿਆ ਪਾਕੇ ਮਨੋ-ਕਾਮਨਾਂ ਪੂਰੀਆਂ ਕਰਵਾ ਕੇ ਬਾਬਾ ਜੀ ਦਾ ਜਸ ਕਰਦੇ ਹੋਏ ਆਪੋ ਆਪਣੇ ਨਗਰਾਂ ਨੂੰ ਚਲੇ ਗਏ। ਉਹ ਸੋਨੇ ਦਾ ਟਕਾ ਹੁਣ ਤੱਕ ਚੌਂਕੀਦਾਰ ਦੇ ਖਾਨਦਾਨ ਵਿੱਚ ਮੌਜੂਦ ਹੈ। ਉਸ ਨੂੰ ਸ਼ਰਧਾ ਨਾਲ ਮੱਥਾ ਟੇਕਦੇ ਤੇ ਧੂਪ ਧੁਖਾਉਂਦੇ ਹਨ ਤੇ ਉਹ ਘਰਾਣਾ ਅੱਜ ਤੱਕ ਬੜਾ ਅਮੀਰ ਹੈ।

# ਹੋਤੀ ਮਰਦਾਨ ਦੇ ਦਰਸ਼ਨ

ਏਧਰੋਂ ਲਾਹੌਰ ਪਿੰਡ ਦੀ ਸੰਗਤ ਨੇ ਆਗਿਆ ਮੰਗੀ। ਸੰਤਾਂ ਨੇ ਸਭਨਾਂ ਨੂੰ ਮਾਹਲ ਪੂੜੇ ਪ੍ਰਸ਼ਾਦ ਤੇ ਮਠਿਆਈ ਦੇ ਕੇ ਅਸ਼ੀਰਵਾਦ ਕਹੀ ਅਤੇ ਉਪਦੇਸ਼ ਕੀਤਾ ਕਿ ਤੁਸੀਂ ਧੰਨ ਹੋ ਇਸੇ ਤਰ੍ਹਾਂ ਹੀ ਗ੍ਰਹਿਸਥ ਮਾਰਗ ਵਿੱਚ ਰਹਿ ਕੇ ਨਾਮ ਬਾਣੀ ਨਾਲ ਪ੍ਰੇਮ ਰਖੋ। ਦਸਾਂ ਨੌਹਾਂ ਦੀ ਹੱਕ ਦੀ ਕਿਰਤ ਕਰਕੇ ਵੰਡ ਛਕੋ। ਤੁਹਾਡੀ ਕਲਿਆਣ ਹੋ ਜਾਵੇਗੀ। ਅੱਗੇ ਵਾਸਤੇ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਪਵਿੱਤਰ ਅਸਥਾਨ ਦੀ ਸੇਵਾ ਦਾ ਖ਼ਿਆਲ ਰੱਖਣਾ। ਹੁਣ ਵੀ ਤੁਸੀਂ ਤਨ ਮਨ ਧਨ ਨਾਲ ਸੇਵਾ ਕੀਤੀ ਹੈ। ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਸਿੱਖਿਆ ਨੂੰ ਕਮਾ ਰਹੇ ਹੋ। ਇਉਂ ਬਾਬਾ ਜੀ ਦੀਆਂ ਖ਼ੁਸ਼ੀਆਂ ਤੇ ਆਗਿਆ ਪਾ ਕੇ ਵਿਦਾ ਹੋਏ। ਇਸੇ ਤਰ੍ਹਾਂ ਤੁਡੇਰ, ਖ਼ੈਰਾਬਾਦ, ਅਕੋੜਾ ਹੋਰ ਜਹਾਂਗੀਰੇ ਦੀ ਸੰਗਤ ਨੂੰ ਪ੍ਰਸ਼ਾਦਿ ਦੇ ਕੇ ਵਿਦਾ ਕੀਤਾ।

ਸੰਤ ਬਾਹਰ ਦਰਿਆ ਵੱਲ ਚਲੇ ਗਏ ਤੇ ਰਾਗੀ ਲਾਲ ਸਿੰਘ ਨੂੰ ਅਕੋੜੇ ਨਗਰ ਦੇ ਭਾਈ ਰਾਮ ਚੰਦ ਪਾਸ ਭੇਜਿਆ ਕਿ ਇਸ ਜੋੜ ਮੇਲੇ ਤੇ ਖਰਚ ਹੋਈ ਮਾਇਆ ਜੋ ਸਵੇਰ ਦੇ ਸਮੇਂ ਸੰਤਾਂ ਨੂੰ ਸੰਗਤਾਂ ਨੇ ਭੇਟਾ ਕੀਤੀ ਸੀ ਆ ਕੇ ਲੈ ਜਾਵੋ। ਇਸੇ ਤਰ੍ਹਾਂ ਸੈਦੂ ਵਾਲਿਆਂ ਦਾ ਖਰਚਾ ਵੀ, ਜੋ ਹੋਰ ਸਾਮਾਨ ਦਾ ਹੋਇਆ ਸੀ ਨਬੇੜ ਦਿੱਤਾ ਅਤੇ ਅਕੋੜੇ ਵਾਲੇ ਰਾਮਚੰਦ ਨੂੰ ਮਾਇਆ ਦੇ ਕੇ ਸੰਤ ਦੂਜੇ ਦਿਨ ਹੀ ਆਪਣੇ ਨਾਲ ਆਈ ਸੰਗਤ ਸਮੇਤ ਹੋਤੀ ਚਲੇ ਗਏ। ਅਸਥਾਨ ਦੀ ਯਾਤਰਾ ਕੀਤੀ, ਭੇਟਾ ਅਰਪੀ ਤੇ ਸੰਤ ਬਾਬਾ ਰਾਮ ਸਿੰਘ ਜੀ ਨੂੰ ਮਿਲੇ। ਉਨ੍ਹਾਂ ਨੇ ਬਾਬਾ ਜੀ ਦਾ ਬੜਾ ਸਤਿਕਾਰ ਕੀਤਾ।

ਕੁਝ ਕੁ ਦਿਨਾਂ ਦਾ ਸਮਾਂ ਠਹਿਰ ਕੇ ਫਿਰ ਅਰਜ਼ ਕੀਤੀ, "ਮਹਾਰਾਜ! ਹੁਣ ਵਾਪਸ ਜਾਣ ਦਾ ਖਿਆਲ ਹੈ, ਕਿਉਂਕਿ ਰਾਮਪੁਰ ਨਗਰ ਦੀ ਸੰਗਤ ਨੂੰ ਬਹੁਤ ਖੇਚਲ ਹੁੰਦੀ ਹੈ। ਪੱਚੀ ਤੀਹ ਪ੍ਰੇਮੀ ਲੈਣ ਆਏ ਹਨ, ਉਨ੍ਹਾਂ ਨੂੰ ਮੋੜਦੇ ਹਾਂ ਤਾਂ ਹੋਰ ਆ ਜਾਣਗੇ।" ਸੰਤ ਰਾਮ ਸਿੰਘ ਜੀ ਹੋਰਾਂ ਨੇ ਸੈਦੂ ਦੇ ਨੌਮੀ ਵਾਲੇ ਜੋੜ ਮੇਲੇ ਦੀ ਵਾਰਤਾ ਪੁੱਛੀ ਤਾਂ ਬਾਬਾ ਜੀ ਨੇ ਸਾਰੀ ਗੱਲ ਵਿਸਥਾਰ ਨਾਲ ਦੱਸੀ ਕਿ ਹੁਣ ਇਲਾਕੇ ਦੀ ਸੰਗਤ ਨੂੰ ਪ੍ਰੇਰਨ ਵਾਲੇ ਭਾਈ ਲਾਲ ਸਿੰਘ ਜੀ ਨੂੰ ਉਸ ਅਸਥਾਨ ਦੀ ਜ਼ੁਮੇਂਵਾਰੀ ਸੌਂਪ ਆਏ ਹਾਂ ਜੋ ਪਹਿਲਾਂ ਵੀ ਹਫ਼ਤਾਵਾਰੀ ਹਾਜ਼ਰੀ ਭਰਦੇ ਸਨ।

ਸੰਤ ਰਾਮ ਸਿੰਘ ਜੀ ਬੜੇ ਪ੍ਰਸੰਨ ਹੋਏ। ਬਾਬਾ ਜੀ ਨੂੰ ਪ੍ਰਸ਼ਾਦਿ ਤੇ ਸਿਰੋਪਾਓ ਦੇ ਕੇ ਵਿਦਾ ਕੀਤਾ। ਫੇਰ ਸੰਤ ਜੀ ਮਹਾਰਾਜ ਨੇ ਸੈਦੂ ਵਾਪਸ ਆ ਕੇ ਪੰਜਾਬ ਜਾਣ ਦੀ ਤਿਆਰੀ ਕੀਤੀ। ਰਾਗੀ ਲਾਲ ਸਿੰਘ ਨੂੰ ਬਚਨ ਕੀਤਾ ਤੁਸੀਂ ਵੀ ਕਦੀ ਰੇਰੂ ਸਾਹਿਬ ਦਰਸ਼ਨ ਦੇਣੇ। ਇਨ੍ਹਾਂ ਨੇ ਅਰਜ਼ ਕੀਤੀ:

ਕਰਣ ਕਰਾਵਣਹਾਰ ਪ੍ਰਭੁ ਦਾਤਾ
ਪਾਰਬ੍ਰਹਮ ਪ੍ਰਭੁ ਸੁਆਮੀ ॥

(ਪੰਨਾ ੬੧੫)

ਕਰਨ ਕਰਾਵਨ ਕਰਨੈਹਾਰੁ ॥
ਇਸ ਕੈ ਹਾਥਿ ਕਹਾ ਬੀਚਾਰੁ ॥

(ਪੰਨਾ ੨੧੯)

ਜੀਵ ਅਲਪੱਗ ਹੈ, ਆਪ ਹੀ ਬੁਲਾਉਣ ਵਾਲੇ ਤੇ ਆਪ ਹੀ ਸੇਵਾ ਕਰਾਉਣ ਵਾਲੇ ਹੋ, ਜਦ ਹੁਕਮ ਕਰੋਗੇ ਹਾਜ਼ਰੀ ਭਰਾਂਗੇ। ਸੰਤਾਂ ਨੇ ਪ੍ਰਸੰਨ ਹੋ ਕੇ ਮਠਿਆਈ ਮਾਇਆ ਤੇ ਸਿਰੋਪਾਓ ਦੇ ਕੇ ਖ਼ੁਸ਼ੀ ਕੀਤੀ। ਦੂਜੇ ਦਿਨ ਸੰਤ ਜੀ ਮਹਾਰਾਜ ਤਿਆਰ ਹੋ ਕੇ ਗੱਡੀ ਬੈਠਣ ਵਾਸਤੇ ਅਕੋੜੇ ਸਟੇਸ਼ਨ ਨੂੰ ਚਲੇ ਗਏ। ਸਾਰੀ ਸੰਗਤ ਦੇ ਵੈਰਾਗ ਵਿੱਚ ਨੇਤਰ ਸਜਲ ਹੋ ਗਏ। ਸੰਤਾਂ ਨੇ ਸਭਨਾਂ ਨੂੰ ਫੇਰ ਆਉਣ ਦਾ ਬਚਨ ਕਰਕੇ ਧੀਰਜ ਦਿੱਤਾ। ਸੰਗਤ ਵਲੋਂ ਬੈਂਡ ਤੇ ਪਠਾਣਾਂ ਵਲੋਂ ਦੇਸੀ ਵਾਜੇ ਵਜਾਏ ਗਏ। ਸੰਤਾਂ ਦੇ ਗਲ ਫੁੱਲਾਂ ਦੇ ਹਾਰ ਪਾਏ। ਸੰਤ ਜੀ ਮਹਾਰਾਜ ਗੱਡੀ ਵਿੱਚ ਬੈਠ ਗਏ ਤੇ ਗੱਡੀ ਚੱਲ ਪਈ। ਇਲਾਕੇ ਦੀ ਸੰਗਤ ਤੇ ਸੈਦੂ ਦੇ ਪ੍ਰੇਮੀ ਮੱਥਾ ਟੇਕ ਕੇ ਹੰਝੂ ਕੇਰਦੇ ਵਾਪਸ ਆਏ। ਪਿਛੇ ਦੀ ਸੇਵਾ ਸੰਤ ਅਮੀਰ ਸਿੰਘ, ਭਾਈ ਗੁੱਜਰ ਸਿੰਘ ਤੇ ਰੂੜ ਸਿੰਘ ਆਦਿ ਪ੍ਰੇਮੀਆਂ ਨੂੰ ਸੌਂਪ ਗਏ। ਰਾਗੀ ਲਾਲ ਸਿੰਘ ਨੂੰ ਆਖਿਆ, "ਤੁਸੀਂ ਵੀ ਅਸਥਾਨ ਦਾ ਪੂਰਾ ਖ਼ਿਆਲ ਰੱਖਣਾ।"

# ਰੇਰੂ ਸਾਹਿਬ ਵਾਪਸ ਆਏ

ਇਉਂ ਸੰਤ ਜੀ ਮਹਾਰਾਜ ਰਾਮਪੁਰ ਦੀ ਸੰਗਤ ਸਮੇਤ ਗੱਡੀ ਵਿੱਚ ਬੈਠ ਕੇ ਜਦੋਂ ਦੋਰਾਹੇ ਸਟੇਸ਼ਨ ਤੇ ਪੁਜੇ, ਇਲਾਕੇ ਦੇ ਪ੍ਰੇਮੀਆਂ ਨੂੰ ਪਹਿਲਾਂ ਹੀ ਪਤਾ ਲਗ ਚੁੱਕਾ ਸੀ, ਜਿਸ ਕਰਕੇ ਗੱਡੀ ਆਉਣ ਤੋਂ ਕਾਫ਼ੀ ਸਮਾਂ ਅੱਗੋਂ ਦੋਰਾਹੇ ਸਟੇਸ਼ਨ ਤੇ ਸੰਗਤਾਂ ਦੀ ਭੀੜ ਜੁੜ ਗਈ। ਜਦੋਂ ਗੱਡੀ ਰੁਕੀ ਬਾਬਾ ਜੀ ਉੱਤਰੇ ਤਾਂ ਸਾਰੀਆਂ ਸੰਗਤਾਂ ਵਿਛੜੇ ਪ੍ਰੀਤਮ ਦੇ ਦਰਸ਼ਨ ਕਰਕੇ ਇਉਂ ਪ੍ਰਸੰਨ ਹੋਈਆਂ ਜਿਵੇਂ ਚੌਦਾਂ ਸਾਲਾਂ ਤੋਂ ਬਾਅਦ ਰਾਮ ਭਗਵਾਨ ਨੂੰ ਅਯੁਧਿਆ ਵਿੱਚ ਵਾਪਸ ਆਇਆ ਜਾਣ ਕੇ ਉਥੋਂ ਦੇ ਵਾਸੀਆਂ ਦੇ ਮਨ ਪ੍ਰਸੰਨ ਹੋਏ ਸਨ। ਨਮਸ਼ਕਾਰ ਕਰਨ ਲੱਗਿਆਂ ਨੇ ਨੇਤਰਾਂ ਦੇ ਹੰਝੂਆਂ ਨਾਲ ਬਾਬਾ ਜੀ ਦੇ ਚਰਨ ਧੋ ਦਿਤੇ। ਗਲੇ ਵਿੱਚ ਫੁੱਲਾਂ ਦੇ ਹਾਰ ਪਾ ਕੇ ਗੁਰਬਾਣੀ ਦੇ ਸ਼ਬਦਾਂ ਤੇ ਬੈਂਡ ਵਾਜਿਆਂ ਨਾਲ ਸੰਤਾਂ ਦਾ ਸੁਆਗਤ ਕੀਤਾ। ਫੇਰ ਸਾਰੇ ਹੀ ਬਾਬਾ ਜੀ ਦੇ ਨਾਲ ਗੁਰਦੁਆਰੇ ਸਾਹਿਬ ਆ ਗਏ। ਸਤਿਗੁਰਾਂ ਦੇ ਪਾਵਨ ਦਰਬਾਰ ਦਾ ਪ੍ਰਸ਼ਾਦਿ ਅਤੇ ਭੇਟਾ ਰੱਖ ਕੇ ਦਰਸ਼ਨ ਕੀਤਾ, ਮੰਜੀ ਸਾਹਿਬ ਮੱਥਾ ਟੇਕਿਆ। ਫੇਰ ਸੰਤਾਂ ਨੇ ਸਭਨਾਂ ਨੂੰ ਆਪਣੇ ਹੱਥੀਂ ਪ੍ਰਸ਼ਾਦ ਦਿੱਤਾ, ਸੁੱਖ ਅਨੰਦ ਪੁਛੀ ਅਤੇ ਸਾਰਿਆਂ ਦੀ ਭਾਵਨਾ ਅਨੁਸਾਰ ਮਨੋ-ਕਾਮਨਾ ਪੂਰੀ ਕੀਤੀ। ਨਜ਼ਦੀਕ ਨਗਰਾਂ ਦੇ ਪ੍ਰੇਮੀ ਆਗਿਆ ਪਾ ਕੇ ਵਿਦਾ ਹੋ ਗਏ। ਸੰਤ ਜੀ ਮਹਾਰਾਜ ਫਗਣ ਦੇ ਮਹੀਨੇ ਰੇਰੂ ਸਾਹਿਬ ਵਾਪਸ ਆਏ ਸਨ ਜਿਸ ਕਰਕੇ ਇਲਾਕੇ ਤੇ ਪ੍ਰਤੱਖ ਬਸੰਤ ਰੁਤ ਦਾ ਖੇੜਾ ਆ ਗਿਆ। ਵਿਛੋੜੇ ਦੀ ਪਤਝੜ ਦੂਰ ਹੋ ਗਈ, ਸ਼ਰਧਾਲੂ ਹਿਰਦੇ ਟਹਿਕ ਪਏ। ਪਹਿਲਾਂ ਵਾਂਗੂੰ ਹੀ ਲਹਿਰਾਂ ਬਹਿਰਾਂ ਹੋ ਗਈਆਂ। ਦੋਵੇਂ ਵਕਤ ਦੀਵਾਨ ਦੀ ਹਾਜ਼ਰੀ, ਅੱਠੇ ਪਹਿਰ ਗੁਰੂ ਕਾ ਲੰਗਰ ਜਾਰੀ, ਪ੍ਰੇਮੀਆਂ ਦਾ ਇਕੱਠ ਤੇ ਸ਼ਰਧਾਲੂਆਂ ਦੀਆਂ ਮਨੋਕਾਮਨਾ ਪੂਰੀਆਂ ਹੁੰਦੀਆਂ ਸਨ।

## ਸੈਦੂ ਸਾਹਿਬ ਦੀ ਯਾਤਰਾ

ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਗੁਰਦੁਆਰੇ ਦੀ ਸੇਵਾ ਕਰਵਾਉਂਦੇ ਹੋਏ ਦਰਸ਼ਨ ਤੇ ਉਪਦੇਸ਼ ਦੁਆਰਾ ਸ਼ਰਧਾਲੂ ਪ੍ਰੇਮੀ ਤੇ ਗੁਰਸਿਖਾਂ ਨੂੰ ਭੋਗ ਮੋਖ ਦੇ ਪਦਾਰਥਾਂ ਦੀ ਬਖ਼ਸ਼ਿਸ਼ ਕਰਕੇ ਨਿਹਾਲ ਕਰ ਰਹੇ ਸਨ। ਦਿਨ ਲੰਘਦਿਆਂ ਦਾ ਪਤਾ ਨਹੀਂ ਲੱਗਦਾ। ਸੈਦੂ ਨਗਰ ਤੋਂ ਆਇਆਂ ਹਜ਼ੂਰ ਨੂੰ ਦਸ ਮਹੀਨੇ ਹੋਣ ਲੱਗੇ ਹਨ ਪਰ ਇਨ੍ਹਾਂ ਦਸਾਂ ਮਹੀਨਿਆਂ ਵਿੱਚ ਸੈਦੂ ਵਲੋਂ ਤਕਰੀਬਨ ਵੀਹ ਪੱਚੀ ਚਿੱਠੀਆਂ ਪੁੱਜੀਆਂ ਜਿਨ੍ਹਾਂ ਤੇ ਹਿਰਦੇ ਦੀ ਵੇਦਨ, ਵਿਛੋੜੇ ਦੀ ਤੜਫ ਤੇ ਦਰਸ਼ਨਾਂ ਦੀ ਤਾਂਘ ਉਕਰੀ ਹੋਈ ਸੀ। ਸੰਗਤ ਨਾਲ ਕੀਤੇ ਹੋਏ ਬਚਨਾਂ ਨੂੰ ਯਾਦ ਕਰਕੇ ਅਤੇ ਆਪਣੇ ਪ੍ਰੀਤਮ ਦੀ ਅੰਤਮ ਯਾਦਗਾਰ ਦੇ ਦੀਦਾਰ ਕਰਨ ਵਾਸਤੇ ਮੁੜ ਮਾਘ ਦੀ ਨੌਮੀ ਤੇ ਸੈਦੂ ਜਾਣ ਦੀ ਤਿਆਰੀ ਕੀਤੀ। ਪੰਜ ਸੱਤ ਸੇਵਾਦਾਰਾਂ ਨੂੰ ਨਾਲ ਲੈ ਕੇ ਜਿਨ੍ਹਾਂ ਵਿੱਚ ਸੰਤ ਭਗਵਾਨ ਸਿੰਘ ਜੀ, ਬਾਬਾ ਬਿਸ਼ਨ ਸਿੰਘ ਜੀ ਰਾਮਪੁਰ ਪਿੰਡ ਦਾ ਦਾਰਾ ਜਿਸ ਨੂੰ ਸੰਤ ਜੀ ਦੀਨ-ਦਿਆਲ ਆਖਕੇ ਬੁਲਾਇਆ ਕਰਦੇ ਅਤੇ ਅੰਮ੍ਰਿਤ ਛਕਣ ਤੋਂ ਬਾਅਦ ਨਾਮ ਉੱਤਮ ਸਿੰਘ ਰੱਖਿਆ। ਇਸ ਤੋਂ ਇਲਾਵਾ ਸੰਤਾਂ ਦਾ ਲਾਂਗਰੀ ਤੇ ਹੋਰ ਵੀ ਪ੍ਰੇਮੀ ਸ਼ਾਮਲ ਸਨ। ਡੇਰੇ ਦੀ ਸੰਗਤ ਨੂੰ ਧੀਰਜ ਦੇ ਕੇ ਆਪ ਦੋਰਾਹੇ ਤੋਂ ਰਾਤ ਦੀ ਗੱਡੀ ਬੈਠਕੇ ਤੀਸਰੇ ਦਿਨ ਸੈਦੂ ਪੁੱਜੇ। ਸੰਗਤਾਂ ਸਟੇਸ਼ਨ ਤੇ ਹੀ ਖੜੀਆਂ ਉਡੀਕ ਕਰ ਰਹੀਆਂ ਸਨ। ਸਭਨਾਂ ਨੇ ਬੈਂਡ ਵਾਜਿਆਂ ਨਾਲ ਸੰਤਾਂ ਦਾ ਸੁਆਗਤ ਕੀਤਾ। ਫ਼ੁੱਲਾਂ ਦੇ ਹਾਰ ਪਾਕੇ ਭੇਟਾ ਅਰਪੀ ਅਤੇ ਚਰਨ-ਬੰਦਨਾਂ ਕੀਤੀ। ਪ੍ਰੇਮੀਆਂ ਨੂੰ ਇਤਨੀ ਖ਼ੁਸ਼ੀ ਹੋਈ ਕਿ ਮਾਨੋਂ ਕੰਗਲੇ ਨੂੰ ਲੋਹੇ ਤੋਂ ਸੋਨਾ ਬਨਾਉਣ ਵਾਲੀ ਪਾਰਸ ਦੀ ਵੱਟੀ ਹੀ ਮਿਲ ਗਈ। ਜਿਵੇਂ ਗੁਆਚੀ ਮਣੀ ਪ੍ਰਾਪਤ ਕਰਕੇ ਸਰਪ ਪ੍ਰਸੰਨ ਹੁੰਦਾ ਹੈ ਇਉਂ ਸਾਰੇ ਸ਼ਰਧਾਲੂ ਹਿੰਦੂ ਤੇ ਮੁਸਲਮਾਨ ਖ਼ੁਸ਼ੀ ਵਿੱਚ ਨੱਚ ਉੱਠੇ। ਸ਼ਬਦ ਬਾਣੀ ਪੜ੍ਹਦੇ ਹੋਏ ਗੁਰਦੁਆਰੇ ਸਾਹਿਬ ਲੈ ਆਏ। ਸੰਤਾਂ ਨੇ ਸਤਿਗੁਰਾਂ ਦੇ ਪਾਵਨ ਸਰੂਪ ਨੂੰ ਭੇਟਾ ਰੱਖਕੇ ਸਾਥੀਆਂ ਸਮੇਤ ਨਮਸ਼ਕਾਰ ਕੀਤੀ। ਫੇਰ ਨਗਰ ਨਿਵਾਸੀਆਂ ਨੇ ਸਭਨਾਂ ਦਾ ਡੇਰਾ ਕਰਵਾਕੇ ਜਲ-ਪਾਣੀ ਛਕਾਇਆ। ਜਿਸ-ਜਿਸ ਵੀ ਸੱਜਣ ਨੂੰ ਪਤਾ ਲੱਗਾ ਓਹੋ ਹੀ ਦਰਸ਼ਨਾਂ ਵਾਸਤੇ ਦੌੜਿਆ। ਬਾਬਾ ਜੀ ਨੇ ਸਭਨਾਂ ਨੂੰ ਪ੍ਰਸ਼ਾਦਿ ਦਿੱਤਾ ਤੇ ਪ੍ਰੇਮੀਂ ਆਗਿਆ ਪਾਕੇ ਆਪੋ-ਆਪਣੇ ਘਰੀਂ ਚਲੇ ਗਏ। ਦੋਵੇਂ ਸਮੇਂ ਗੁਰਦੁਆਰੇ ਸਾਹਿਬ ਦੀਵਾਨ ਸਜਦਾ। ਕਥਾ ਕੀਰਤਨ ਗੁਰੂ ਜਸ ਦਾ ਪਰਵਾਹ ਜਾਰੀ ਹੋ ਗਿਆ, ਇਤਨੇ ਨੂੰ ਮਾਘ ਨੌਮੀ ਦਾ ਜੋੜ ਮੇਲਾ ਨੇੜੇ ਆ ਗਿਆ। ਗੁਰਦੁਆਰੇ ਸਾਹਿਬ ਸ੍ਰੀ ਅਖੰਡ ਪਾਠ ਪ੍ਰਾਰੰਭ ਕੀਤਾ ਜਿਸਦਾ ਨੌਮੀ ਵਾਲੇ ਦਿਨ ਭੋਗ ਪਿਆ। ਉਪਰੰਤ ਆਰਤੀ ਆਰਤਾ ਤੇ ਸ਼ਬਦ ਕੀਰਤਨ ਹੋਇਆ। ਅਰਦਾਸ ਤੋਂ ਬਾਅਦ ਕੜਾਹ ਪ੍ਰਸ਼ਾਦ ਦੀ ਦੇਗ ਵਰਤੀ। ਫੇਰ ਬਾਹਰ ਖੁੱਲ੍ਹੀ ਜਗ੍ਹਾ ਸਕੂਲ ਦੇ ਗਰਾਉਂਡ ਵਿੱਚ ਦੀਵਾਨ ਸਜਾਇਆ। ਤਿੰਨੇ ਦਿਨ ਅੰਮ੍ਰਿਤ ਦੀ ਵਰਖਾ ਹੁੰਦੀ ਰਹੀ। ਗੁਣੀ ਗਿਆਨੀ ਕੀਰਤਨੀਏ ਜਥੇ ਆਪੋ-ਆਪਣੀਆਂ ਹਾਜ਼ਰੀਆਂ ਭਰ ਕੇ ਸਮਾਂ ਸਫ਼ਲਾ ਕਰ ਰਹੇ ਸਨ।

ਨੌਮੀ ਵਾਲੇ ਦਿਨ ਬੜਾ ਭਾਰੀ ਯੱਗ ਕੀਤਾ, ਜਿਸ ਵਿੱਚ ਮਾਹਲ ਪੂੜੇ, ਖੀਰ, ਕੜਾਹ ਪ੍ਰਸ਼ਾਦਿ ਤੇ ਹੋਰ ਦਾਲ, ਸਬਜ਼ੀ, ਚਟਨੀ, ਪੂਰੀ, ਕਚੌਰੀ ਤਿਆਰ ਕੀਤੀ ਗਈ। ਬਾਰਾਂ ਵਜੇ ਅਰਦਾਸ ਕਰਕੇ ਲੰਗਰ ਚਾਲੂ ਕਰ ਦਿੱਤਾ। ਪੰਡਾਲ ਵਿੱਚ ਦੀਵਾਨ ਸਜਿਆ ਰਿਹਾ। ਸਾਰਾ ਦਿਨ ਲੰਗਰ ਵਰਤਦਾ ਰਿਹਾ। ਸ਼ਾਮ ਦੇ ਪੰਜ ਵਜੇ ਦੀਵਾਨ ਦਾ ਭੋਗ ਪਿਆ। ਉਸ ਸਮੇਂ ਨਜ਼ਦੀਕ ਦੇ ਪ੍ਰੇਮੀ ਆਪੋ-ਆਪਣੇ ਪਿੰਡਾਂ ਨੂੰ ਚਲੇ ਗਏ। ਸ਼ਹਿਰ ਦੇ ਖ਼ਾਨ, ਹਿੰਦੂ, ਮੁਸਲਮਾਨ, ਪਠਾਣ ਤੇ ਫੌਜੀ ਅਫ਼ਸਰ ਆਏ। ਦੂਰ-ਦੂਰ ਦੀ ਸੰਗਤ ਨੇ ਇਸ ਸਮਾਗਮ ਵਿੱਚ ਤਨ, ਮਨ, ਧਨ ਦੁਆਰਾ ਸੇਵਾ ਕਰਕੇ ਹਿੱਸਾ ਪਾਇਆ। ਸਮਾਪਤੀ ਤੇ ਸਭਨਾਂ ਨੂੰ ਗੁਰੂ ਘਰ ਵਲੋਂ ਮਿਠਾਈ ਤੇ ਸਿਰੋਪਾਓ ਦਿੱਤੇ ਗਏ। ਸਭਨਾਂ ਦੀਆਂ ਮਨੋ-ਕਾਮਨਾਂ ਪੂਰੀਆਂ ਹੋਈਆਂ। ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਬਾਬਾ ਜੀ ਕੁਝ ਕੁ ਦਿਨ ਏਥੇ ਠਹਿਰ ਗਏ। ਦਿਨੇ ਬਾਹਰ ਦਰਿਆ ਵੱਲ ਚਲੇ ਜਾਂਦੇ ਸਨ ਅਤੇ ਰਾਤੀਂ ਇੱਕ ਪਠਾਣ ਅਜੀਮ ਖ਼ਾਂ ਦੇ ਖੂਹ ਤੇ ਬੈਠਕੇ ਭਜਨ ਕਰਦੇ। ਕਦੀ-ਕਦੀ ਰਾਤ ਦੇ ਸਮੇਂ ਵੀ ਦਰਿਆ ਵੱਲ ਚਲੇ ਜਾਂਦੇ ਸਨ।

ਮਾਘ ਦਾ ਮਹੀਨਾ ਹੋਣ ਕਰਕੇ ਸਰਦੀ ਬੜੀ ਜ਼ੋਰਾਂ ਤੇ ਪੈ ਰਹੀ ਸੀ। ਕਈ ਥਾਂਈਂ ਛੱਪੜਾਂ ਦੇ ਖੜੇ ਪਾਣੀ ਜੰਮ ਕੇ ਸੀਸ਼ਾ ਬਣ ਗਏ ਪਰ ਬਾਬਾ ਜੀ ਸਾਰੀ-ਸਾਰੀ ਰਾਤ ਇਕੋ-ਇੱਕ ਖੱਦਰ ਦੀ ਚਾਦਰ ਵਿੱਚ ਦਰਿਆ ਦੇ ਕੰਢੇ ਬੈਠਦੇ। ਜਦੋਂ ਉਪਰ ਪਈ ਹੋਈ ਬਰਫ ਦਾ ਭਾਰ ਮਹਿਸੂਸ ਹੁੰਦਾ ਤਾਂ ਚਾਦਰ ਨੂੰ ਝਾੜ ਕੇ ਉਪਰੋਂ ਬਰਫ ਉਤਾਰ ਦਿੰਦੇ ਤੇ ਫੇਰ ਸਮਾਧੀ ਵਿੱਚ ਜੁੜ ਬੈਠਦੇ। ਨਾਲ ਦੇ ਸਾਥੀ ਸਰਦੀ ਨਾਲ ਕੰਬਦੇ ਉਨ੍ਹਾਂ ਨੂੰ ਚਾਰ-ਚਾਰ ਭੂਰੇ ਉਪਰ ਪਾਇਆਂ ਵੀ ਸਰਦੀ ਰਾਤ ਨੂੰ ਸੌਣ ਨਹੀਂ ਸੀ ਦਿੰਦੀ, ਇਸ਼ਨਾਨ ਦੇ ਸਮੇਂ ਗਿੱਲੇ ਕਛਹਿਰੇ ਨਿਚੋੜਨੇ ਔਖੇ ਹੋ ਜਾਂਦੇ ਸਨ। ਉਪਰ ਪਾਈ ਪਾਣੀ ਦੀ

ਗੜਵੀ ਉਪਰ ਹੀ ਜੰਮ ਜਾਂਦੀ। ਪਰ ਧੰਨ ਹਨ ਸੰਤ ਜੀ ਮਹਾਰਾਜ ਜੋ ਇਤਨੀ ਸਖ਼ਤ ਸਰਦੀ ਵਿੱਚ ਵੀ ਰਾਤ ਨੂੰ ਦਰਿਆ ਤੇ ਜਾਕੇ ਬੈਠਦੇ, ਕਿਉਂਕਿ ਪ੍ਰਭੂ ਪਿਆਰ ਹੀ ਮਹਾਂ-ਪੁਰਸ਼ਾਂ ਦਾ ਜੀਵਨ ਹੈ।

ਯਥਾ:

ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚ,
ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ ।
ਕੁਸਮ ਸੁਬਾਸ ਜੈਸੇ ਤ੍ਰਿਪਤਿ ਨ ਮਧੁਪ ਕਉ,
ਉਡਤ ਅਕਾਸ ਆਸ ਘਟੈ ਨ ਬਿਹੰਗ ਕੀ ।
ਘਟਾ ਘਨਘੋਰ ਮੋਰ ਚਾਤ੍ਰਕ ਰਿਦੈ ਉਲਾਸ,
ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ ।
ਤੈਸੇ ਪ੍ਰਿਅ ਪ੍ਰੇਮਰਸ ਰਸਕ ਰਸਾਲ ਸੰਤ,
ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ ॥੪੨੪॥

(ਭਾਈ ਗੁਰਦਾਸ ਜੀ)

-o-

# ਚੌਥਾ ਕਾਂਡ

## ਨਜ਼ੁੱਲਾ ਖ਼ਾਂ ਪਠਾਣ ਨੂੰ ਪੁੱਤਰ ਦੀ ਦਾਤ ਬਖ਼ਸ਼ਣੀ

ਇਕ ਅਜੀਮ ਖ਼ਾਂ ਨਾਮੀ ਪਠਾਣ ਸੀ ਜਿਸਦੇ ਖੂਹ ਤੇ ਸੰਤ ਜੀ ਮਹਾਰਾਜ ਰਾਤ ਨੂੰ ਆ ਕੇ ਬੈਠਿਆ ਕਰਦੇ, ਇਹ ਬਹੁਤ ਸਾਰੀ ਜ਼ਮੀਨ ਤੇ ਕਈ ਖੂਹਾਂ ਦਾ ਮਾਲਕ ਸੀ। ਇਸ ਦਾ ਮਿੱਤਰ ਨਜ਼ੁੱਲਾ ਖ਼ਾਨ ਨਾਮ ਦਾ ਪਠਾਣ ਜੋ ਇਸੇ ਨਗਰ ਦਾ ਨੰਬਰਦਾਰ ਇਲਾਕੇ ਵਿੱਚ ਮੰਨਿਆਂ ਪ੍ਰਮੰਨਿਆਂ ਰਈਸ ਅਤੇ ਜਰਨੈਲੀ ਪੈਨਸ਼ਨਰ ਸੀ। ਇਸ ਦੀਆਂ ਤਿੰਨ ਬੇਗਮਾਂ ਸਨ ਪਰ ਔਲਾਦ ਤੋਂ ਬਿਨਾਂ ਘਰ ਸੁੰਞਾ ਸੀ। ਇਸ ਨੇ ਕਈ ਵਾਰ ਆਪਣੇ ਮਿੱਤਰ ਅਜੀਮ ਖ਼ਾਂ ਪਾਸ (ਜਿਸਦੇ ਖੂਹ ਤੇ ਸੰਤ ਜੀ ਮਹਾਰਾਜ ਰਾਤ ਨੂੰ ਠਹਿਰਦੇ ਸਨ) ਅੰਦਰਲੀ ਪੀੜਾ ਪ੍ਰਗਟ ਕੀਤੀ। ਧਨ, ਦੌਲਤ, ਜ਼ਮੀਨ, ਜਾਇਦਾਦ ਬੇਅੰਤ ਹੈ, ਘਰ ਵਿੱਚ ਤਿੰਨ ਬੇਗਮਾਂ ਹਨ, ਮਾਨ ਇੱਜ਼ਤ ਵੀ ਬੜੀ ਹੈ ਪਰ ਇੱਕ ਫਰਜੰਦ ਤੋਂ ਬਿਨਾਂ ਇਹ ਸਾਰੇ ਹੀ ਪਦਾਰਥ ਨਿਸਫਲ ਹਨ। ਉਸ ਨੇ ਨਜ਼ੁੱਲਾ ਖ਼ਾਂ ਨੂੰ ਧੀਰਜ ਦਿੱਤਾ ਤੇ ਆਖਿਆ, "ਅੱਲਾ ਪਾਕ ਭਲੀ ਕਰੇਗਾ। ਮੇਰੇ ਖੂਹ ਤੇ ਇਹ ਰੱਬੀ ਫ਼ਕੀਰ, ਸੱਚਾ ਆਸ਼ਕ ਗੁਰੂ ਨਾਨਕ ਦਾ ਮੁਰੀਦ ਰਾਤ ਦੇ ਸਮੇਂ ਆਉਂਦਾ ਹੈ, ਜਿਸ ਦੀ ਕ੍ਰਿਪਾ ਸਦਕਾ ਜਦੋਂ ਦੇ ਉਸ ਨੇ ਚਰਨ ਪਏ ਮੇਰੀ ਫਸਲ ਦੂਣੀ ਹੋਣ ਲੱਗ ਪਈ। ਮੈਨੂੰ ਉਨ੍ਹਾਂ ਦੇ ਬਚਨਾਂ ਤੇ ਪੂਰਨ ਭਰੋਸਾ ਹੈ ਤੂੰ ਵੀ ਉਨ੍ਹਾਂ ਦੇ ਪਾਸ ਪੁੱਜ ਕੇ ਚਰਨਾਂ ਵਿੱਚ ਅਰਜ਼ ਕਰੀਂ, ਜ਼ਰੂਰ ਹੀ ਤੇਰੀ ਇੱਛਾ ਪੂਰੀ ਹੋ ਜਾਵੇਗੀ।"

ਬਾਬਾ ਜੀ ਦੀ ਸਿਫ਼ਤ ਸੁਣ ਕੇ ਇਸ ਦਾ ਮਨ ਬੜਾ ਹੀ ਪ੍ਰਸੰਨ ਹੋਇਆ, ਪਰ ਸ਼ਰ੍ਹਾ ਦੇ ਸੰਗਲਾਂ 'ਚ ਜਕੜੇ ਲੋਕਾਂ ਤੋਂ ਭੈਅ ਕਰਦਾ ਹੋਇਆ ਦਿਨੇ ਤਾਂ ਨਜ਼ੁੱਲਾ ਖ਼ਾਂ ਆ ਨਹੀਂ ਸਕਿਆ। ਰਾਤ ਦੇ ਟਾਈਮ ਗੁਰੂ ਨਾਨਕ ਦੇ ਖਜ਼ਾਨੇ ਦੇ ਮਾਲਕ ਤੋਂ ਦਾਤ ਲੈਣ ਆਇਆ। ਜਿਵੇਂ ਪੰਚਮ ਪਾਤਸ਼ਾਹ ਜੀ ਮਹਾਰਾਜ ਨੇ ਆਪਣੀ ਮੌਜੂਦਗੀ ਵਿੱਚ ਛੇਵੇਂ ਪਾਤਸ਼ਾਹ ਦੇ ਪ੍ਰਗਟ ਹੋਣ ਦਾ ਵਰ ਦਿਵਾਕੇ ਬਾਬੇ ਬੁੱਢੇ ਜੀ ਦਾ ਮਾਨ ਵਧਾਇਆ ਸੀ। ਇਸੇ ਤਰ੍ਹਾਂ ਪ੍ਰਮੇਸ਼ਰ ਸਦੀਵੀਂ ਆਪਣੇ ਪਿਆਰਿਆਂ ਦੀ ਮਾਨ ਵਡਿਆਈ ਤੇ ਪ੍ਰਤਿਸ਼ਟਾ ਕਰਵਾ ਕੇ ਪ੍ਰਸੰਨ ਹੁੰਦਾ ਹੈ ਕਿਉਂਕਿ ਉਸ ਦੇ ਪਿਆਰਿਆਂ ਦੀ ਵਡਿਆਈ ਪ੍ਰਮੇਸ਼ਰ ਦੀ ਵਡਿਆਈ ਹੈ ਉਸ ਦੇ ਭਗਤਾਂ ਦਾ ਜਸ ਪ੍ਰਮੇਸ਼ਰ ਦਾ ਜਸ ਹੈ:

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥

(ਪੰਨਾ ੬੫੨)

ਇਉਂ ਅੱਜ ਪ੍ਰਮੇਸ਼ਰ ਨੇ ਮੁਸਲਮਾਨ ਪਠਾਣ ਦਾ ਮਨ ਪ੍ਰੇਰਕੇ ਮਹਾਂ-ਪੁਰਸ਼ਾਂ ਵੱਲ ਭੇਜਿਆ। ਰਾਤ ਦੇ ਗਿਆਰਾਂ ਵੱਜੇ ਸਨ। ਸਿਆਲ ਦਾ ਮੌਸਮ ਅਤੇ ਜ਼ੋਰਾਂ ਦੀ ਸਰਦੀ ਪੈ ਰਹੀ ਸੀ, ਲੋਕੀਂ ਉਪਰ ਰਜਾਈਆਂ ਪਾ ਕੇ ਆਪਣੇ ਘਰੀਂ ਸੁੱਖ ਦੀ ਨੀਂਦ ਸੁੱਤੇ ਸਨ। ਰੱਬੀ ਬੰਦਿਆਂ ਬਿਨਾਂ ਏਹੋ ਜਿਹੇ ਸਮੇਂ ਕੌਣ ਜਾਗੇ। ਪ੍ਰਮੇਸ਼ਰ ਪ੍ਰਾਪਤੀ ਦੇ ਚਾਹਵਨ ਆਪਣੇ ਪ੍ਰੀਤਮ ਦੀ ਯਾਦ ਵਿੱਚ ਜੁੜੇ ਹਨ ਜਾਂ ਕੋਈ ਪੁਰਾਣਾ ਰੋਗੀ ਆਪਣੇ ਕੀਤੇ ਕਰਮਾਂ ਦਾ ਫ਼ਲ ਭੋਗਦਾ ਹੋਇਆ ਜਾਗਦਾ ਹੈ ਜਾਂ ਵਿਸ਼ਿਆਂ ਦਾ ਵਣਜਾਰਾ ਜਾਂ ਡਾਕੂ ਚੋਰ ਜਾਂ ਕੋਈ ਇਸ ਨਜ਼ੁੱਲਾ ਖ਼ਾਂ ਵਾਂਗੂੰ ਸੰਸਾਰੀ ਪਦਾਰਥਾਂ ਦਾ ਮੰਗਤਾ ਹੋਰ ਕੋਈ ਨਹੀਂ ਜਾਗਦਾ। ਬਾਬਾ ਜੀ ਦੇ ਉਦਾਲੇ ਥੋੜ੍ਹੇ-ਥੋੜ੍ਹੇ ਫਾਸਲੇ ਤੇ ਨਾਲ ਦੇ ਸਾਥੀ ਬੈਠੇ ਸਿਮਰਨ ਕਰ ਰਹੇ ਸਨ। ਆਪ ਦਰਿਆ ਦੇ ਕਿਨਾਰੇ ਤੇ ਪ੍ਰੀਤਮ ਦੀ ਯਾਦ ਵਿੱਚ ਜੁੜੇ ਬੈਠੇ ਨੇ। ਅੱਜ ਹੋਰਨਾਂ ਦਿਨਾਂ ਨਾਲੋਂ ਸਰਦੀ ਵਧੇਰੇ ਜ਼ੋਰਾਂ ਤੇ ਹੈ, ਸਭਨਾਂ ਦੇ ਸਰੀਰ ਕੰਬਦੇ ਹਨ। ਕੋਈ ਪ੍ਰੇਮੀ ਸੁਆਸਾਂ ਨੂੰ ਖਿੱਚ ਕੇ ਗੁਰ ਸ਼ਬਦ ਦੇ ਅਭਿਆਸ ਦੁਆਰਾ ਸਰੀਰ ਨੂੰ ਗਰਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਕੋਈ ਗੁਰਬਾਣੀ ਦੇ ਪਾਠਾਂ ਨੂੰ ਕੰਠੋਂ ਉਚਾਰਦਾ ਹੈ। ਕੀ ਤਕਿਆ ਸੈਦੂ ਨਗਰ ਵਲੋਂ ਹੱਥ ਵਿੱਚ ਲਾਲਟੈਨ ਪਕੜੀ ਇੱਕ ਬ੍ਰਿਧ ਉਮਰ ਦਾ ਪਠਾਣ ਸਿੱਧਾ ਬਾਬਾ ਜੀ ਵੱਲ ਚਲਿਆ ਆਉਂਦਾ ਹੈ। ਸਾਥੀ ਸੇਵਕ ਤਾਂ ਭੈਅ-ਭੀਤ ਹੋ ਗਏ ਕਿ ਸ਼ਾਇਦ ਕੋਈ ਮਾਰਨ ਵਾਸਤੇ ਹੀ ਆਉਂਦਾ ਹੈ ਪਰ ਅੰਤਰਯਾਮੀ ਦਾਤੇ ਨੂੰ ਪਤਾ ਸੀ ਕਿ ਸੰਸਾਰ ਮੰਗ ਦਾ ਵਣਜਾਰਾ ਆ ਰਿਹਾ ਹੈ। ਪਾਸ ਪੁੱਜਿਆ ਲੈਂਪ ਇੱਕ ਪਾਸੇ ਦੂਰ ਰੱਖਕੇ ਬ੍ਰਿਛ ਨਾਲ ਖੜਿਆਂ ਹੋ ਕੇ ਲੱਕ ਦਾ ਕੁਬ ਸਿੱਧਾ ਕੀਤਾ। ਬਾਬਾ ਬਿਸ਼ਨ ਸਿੰਘ ਸੰਤਾਂ ਦੇ ਪਾਸ ਗਿਆ ਅਰਜ਼ ਕੀਤੀ, "ਮਹਾਰਾਜ! ਪਤਾ ਨਹੀਂ ਕੌਣ ਹੈ ਅਤੇ ਐਸ ਵੇਲੇ ਕਿਉਂ ਆਇਆ ਹੈ?" ਹਜ਼ੂਰ ਨੇ ਹੱਸ ਕੇ ਆਖਿਆ, "ਜਾਹ! ਇਸ ਨੂੰ ਪੁਛ ਕਿਸ ਲਈ ਆਇਆ ਹੈਂ?" ਜਦੋਂ

ਬਾਬੇ ਬਿਸ਼ਨ ਸਿੰਘ ਨੇ ਪੁੱਛਿਆ, "ਖ਼ਾਨ ਸਾਹਿਬ! ਕੀ ਗੱਲ ਹੈ ਕਿਉਂ ਆਏ ਹੋ?" ਤਾਂ ਉਸ ਨੇ ਅਰਜ਼ ਕੀਤੀ, "ਫ਼ਕੀਰ ਸਾਹਿਬ ਦੇ ਜਮਾਲ ਕਰਨ ਵਾਸਤੇ ਆਇਆ ਹਾਂ। ਕ੍ਰਿਪਾ ਕਰਕੇ ਮੇਰੇ ਵਲੋਂ ਅਰਜ਼ ਕਰੋ।" ਜਦੋਂ ਬਿਸ਼ਨ ਸਿੰਘ ਨੇ ਜਾ ਕੇ ਬੇਨਤੀ ਕੀਤੀ, "ਮਹਾਰਾਜ! ਆਪ ਦੇ ਦਰਸ਼ਨ ਕਰਨ ਵਾਸਤੇ ਆਇਆ ਹੈ" ਤਾਂ ਸੰਤਾਂ ਨੇ ਪਾਸ ਬੁਲਾਇਆ। ਇਸ ਨੇ ਭਾਵਨਾ ਨਾਲ ਚਰਨਾਂ ਤੇ ਸੀਸ ਰੱਖਕੇ ਮੱਥਾ ਟੇਕਿਆ ਤੇ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ, "ਹੇ ਅੱਲਾ ਦੇ ਪਿਆਰੇ ਫ਼ਕੀਰ ਸਾਂਈ! ਆਪ ਪੀਰਾਨ ਪੀਰ ਗੁਰੂ ਨਾਨਕ ਦੇਵ ਜੀ ਦੇ ਮੁਰੀਦ ਹੋ ਮੇਰੇ ਤੇ ਤਰਸ ਕਰੋ, ਮੇਰੀ ਝੋਲੀ ਵਿੱਚ ਖ਼ੈਰ ਪਾਓ, ਮੈਂ ਤੁਹਾਡੇ ਦਰ ਦਾ ਭਿਖਾਰੀ ਬਣ ਕੇ ਆਇਆ ਹਾਂ।" ਮਹਾਂ ਪਰਸ਼ਾਂ ਨੇ ਰੱਬੀ ਰੰਗ ਵਿੱਚ ਰੱਤੇ ਮਸਤੀ ਵਾਲੇ ਨੇਤਰ ਖੋਲ੍ਹੇ ਤੇ ਪੁੱਛਿਆ, "ਖ਼ਾਨ ਸਾਹਿਬ! ਤੁਸੀਂ ਕੀ ਚਾਹੁੰਦੇ ਹੋ?" ਉਸ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼ ਮੈਂ ਸੱਤਾਂ ਖੂਹਾਂ ਦੀ ਜ਼ਮੀਨ ਦਾ ਮਾਲਕ ਹਾਂ, ਜਰਨੈਲੀ ਪੈਨਸ਼ਨ ਹੈ, ਘਰ ਤਿੰਨ ਬੇਗ਼ਮਾਂ ਹਨ ਪਰ ਪੁੱਤਰ ਤੋਂ ਬਗ਼ੈਰ ਸਾਰਾ ਪਦਾਰਥ ਬਿਗਾਨਾ ਹੀ ਹੈ, ਆਪ ਕ੍ਰਿਪਾ ਕਰੋ।" ਸੰਤਾਂ ਨੇ ਪੁੱਛਿਆ, "ਕਿਤਨੀ ਕੁ ਉਮਰ ਹੋ ਗਈ ਹੈ?" ਉਸ ਨੇ ਉੱਤਰ ਦਿੱਤਾ, "ਪੀਰ ਜੀ! ਐਸ ਵੇਲੇ ਉਮਰ ਤਾਂ ਮੇਰੀ ਪਚਾਨਵੇਂ ਸਾਲ ਦੇ ਕਰੀਬ ਹੋ ਗਈ ਹੈ।" ਸੰਤ ਬੋਲੇ, "ਉਮਰ ਤਾਂ ਤੇਰੀ ਬਹੁਤ ਜ਼ਿਆਦਾ ਹੋ ਗਈ ਹੁਣ ਸੁੱਕੇ ਬ੍ਰਿਛ ਨੂੰ ਫ਼ਲ ਲੱਗਣਾ ਮੁਸ਼ਕਲ ਹੈ, ਇਹ ਸੰਕਲਪ ਛੱਡ ਦੇਹ ਅੱਲਾ ਦੀ ਬੰਦਗੀ ਕਰ।" ਉਸ ਨੇ ਅਰਜ਼ ਕੀਤੀ, "ਮਹਾਰਾਜ! ਤੁਹਾਡੇ ਪਾਸ ਜਾਣ ਵਾਲੇ ਕਈ ਮੁਸਲਮਾਨ ਵੀਰਾਂ ਨੇ ਮੈਨੂੰ ਦਸਿਆ ਹੈ ਕਿ ਤੁਸੀਂ ਕੱਲ੍ਹ ਦੇ ਦੀਵਾਨ ਵਿੱਚ ਗੁਰੂ ਨਾਨਕ ਪੀਰ ਦਾ ਬਚਨ ਸੁਣਾਇਆ ਸੀ:

ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ

(ਪੰਨਾ ੧੦)

ਤਥਾ:

ਸੂਕੇ ਕਾਸਟ ਹਰੇ ਚਲੂਲ ॥

(ਪੰਨਾ ੮੯੮)

ਸੂਕੇ ਹਰੇ ਕੀਏ ਖਿਨ ਮਾਹੇ ॥
ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥

(ਪੰਨਾ ੧੯੧)

ਆਪ ਸੁੱਕਿਆਂ ਨੂੰ ਵੀ ਹਰੇ ਭਰੇ ਕਰਨ ਵਾਲੇ ਹੋ। ਮੈਂ ਸ਼ਰਈ ਲੋਕਾਂ ਤੋਂ ਭੈਅ ਕਰਕੇ ਦਿਨ ਦੇ ਸਮੇਂ ਤੁਹਾਡਾ ਦੀਦਾਰ ਨਹੀਂ ਕਰ ਸਕਦਾ ਕਿਉਂਕਿ ਜੋ ਮੁਸਲਮਾਨ ਹਿੰਦੂ ਪੀਰ ਨੂੰ ਨਮਸ਼ਕਾਰ ਕਰਦਾ ਹੈ, ਸ਼ਰਈ ਲੋਕ ਉਸ ਨੂੰ ਕਾਫ਼ਰ ਕਹਿੰਦੇ ਹਨ ਅਤੇ ਸ਼ਰਾ ਤੋਂ ਬਾਹਰ ਚਲਣ ਦਾ ਫਤਵਾ ਲਾ ਦਿੰਦੇ ਹਨ। ਆਪ ਮੇਰੇ ਹਾਲ ਤੇ ਤਰਸ ਕਰੋ। ਇਹ ਗੁਰੂ ਨਾਨਕ ਪੀਰ ਦਾ ਦਰ ਹੈ ਜਿਸ ਨੇ ਮਕੇ ਮਦੀਨੇ ਵਿੱਚ ਆਪਣੇ ਚਰਨ ਪਾਏ ਅਤੇ ਜੋ ਹਿੰਦੂ ਮੁਸਲਮਾਨਾਂ ਦੇ ਸਾਂਝੇ ਰਹਿਬਰ ਹੋਏ ਹਨ ਜਿਸ ਦੇ ਦਰੋਂ ਕਦੇ ਕੋਈ ਖ਼ਾਲੀ ਨਹੀਂ ਗਿਆ।" ਆਪ ਜੀ ਨੇ ਇਸ ਦੀ ਬੇਨਤੀ ਸੁਣ ਕੇ ਆਪਣੇ ਦੋਵੇਂ ਨੇਤਰ ਬੰਦ ਕਰ ਲਏ। ਕਾਫ਼ੀ ਸਮਾਂ ਬੰਦ ਰਖੇ ਮਾਨੋਂ ਦਰਗਾਹੀ ਹੁਕਮ ਦਾ ਇੰਤਜ਼ਾਰ ਕਰ ਰਹੇ ਸਨ। ਕੁਝ ਕੁ ਸਮੇਂ ਤੋਂ ਬਾਅਦ ਨੇਤਰ ਖੋਲ੍ਹੇ ਅਤੇ ਮੁਸਕਰਾ ਕੇ ਕਿਹਾ, "ਚੰਗਾ ਖ਼ਾਨ ਸਾਹਿਬ! ਅੱਲਾ ਤਾਲਾ ਦੀ ਮੇਹਰ ਹੋ ਗਈ ਹੁਣ ਤਾਂ ਅਸੀਂ ਕੁਝ ਕੁ ਦਿਨਾਂ ਤੋਂ ਬਾਅਦ ਪੰਜਾਬ ਨੂੰ ਚਲੇ ਜਾਣਾ ਹੈ ਜਦੋਂ ਨੌਮੀ ਦੇ ਜੋੜ ਮੇਲੇ ਤੇ ਅਗਲੇ ਸਾਲ ਫੇਰ ਆਵਾਂਗੇ ਤਾਂ ਤੇਰੇ ਘਰ ਲੜਕਾ ਖੇਲਦਾ ਹੋਵੇਗਾ ਪਰ ਤੂੰ ਅੱਜ ਤੋਂ ਹੀ ਜਿੰਨਾ ਹੋ ਸਕੇ ਹਿੰਦੂ ਮੁਸਲਮਾਨ ਦੇ ਵਿਤਕਰੇ ਤੋਂ ਬਿਨਾਂ ਦਾਨ ਪੁੰਨ ਕਰੀਂ ਅਤੇ ਪੰਜੇ ਟਾਈਮ ਮਸੀਤ ਵਿੱਚ ਜਾਕੇ ਨਿਮਾਜ਼ਾਂ ਪੜ੍ਹੀਂ। ਖ਼ੁਦਾ ਅੱਗੇ ਸਿਜਦਾ ਕਰੀਂ। ਰੋਜੇ ਰੱਖੀਂ। ਪੰਜਵੀਂ ਇਸ਼ਾ ਦੀ ਨਿਮਾਜ਼ ਜੋ ਦਿਨ ਛਿਪੇ ਤੋਂ ਬਾਅਦ ਪੜ੍ਹੀ ਜਾਂਦੀ ਹੈ ਉਸ ਸਮੇਂ ਮਸੀਤ ਵਿੱਚ ਖੜੋ ਕੇ ਉੱਚੀ ਆਵਾਜ਼ ਦੇਵੀਂ ਕਿ ਜੇ ਕੋਈ ਭੁੱਖਾ ਲੋੜਵੰਦ ਪ੍ਰਸ਼ਾਦੇ ਦਾ ਚਾਹਵਾਨ ਹੈ ਤਾਂ ਆਓ ਪ੍ਰਸ਼ਾਦ ਛਕੋ ਉਸ ਸਮੇਂ ਜਿਤਨੇ ਵੀ ਆਦਮੀ ਰੋਟੀ ਖਾਣ ਵਾਲੇ ਹੋਣਗੇ ਉਨ੍ਹਾਂ ਨੂੰ ਮਸੀਤ ਵਿੱਚ ਲਿਆ ਕੇ ਰੋਟੀ ਛਕਾਣੀ, ਇਹ ਸਭ ਤੋਂ ਵੱਡਾ ਪੁੰਨ ਹੈ। ਜੋ ਭੁੱਖੇ ਨੂੰ ਅੰਨ ਦਾ ਦਾਨ ਕਰਦਾ ਹੈ ਉਸ ਦੀਆਂ ਭੁੱਖੀਆਂ ਆਂਦਰਾਂ ਰੱਜ ਕੇ ਅਸੀਸਾਂ ਦਿੰਦੀਆਂ ਹਨ ਕਿਉਂਕਿ ਤੁਹਾਡੀ ਸ਼ਰਾ ਬੜੀ ਸਖ਼ਤ ਹੈ ਕੋਈ ਭੁੱਖਾ ਪਿਆਸਾ ਆਦਮੀ ਗਲੀ ਮਹੱਲੇ ਵਿੱਚ ਜਾਕੇ ਰੋਟੀ ਨਹੀਂ ਮੰਗ ਸਕਦਾ। ਭੁੱਖਾ ਆਦਮੀ ਸ਼ਾਮ ਨੂੰ ਹਨੇਰੇ ਹੋਏ ਤੋਂ ਮਸੀਤ ਦੀ ਕੰਧ ਤੇ ਚੜ੍ਹਕੇ ਆਵਾਜ਼ ਦਿੰਦਾ ਹੈ ਮੈਂ ਭੁੱਖਾ ਹਾਂ ਕੋਈ ਮੇਰੇ ਤੇ ਤਰਸ ਕਰਕੇ ਖ਼ੁਦਾ ਨਮਿਤ ਰੋਟੀ ਦੇਵੇ ਤਾਂ ਜਿਸਦੇ

ਮਨ ਵਿੱਚ ਦਯਾ ਆਉਂਦੀ ਹੈ ਉਸਨੂੰ ਖ਼ੁਦਾ ਪ੍ਰੇਰਦਾ ਹੈ, ਉਹ ਉਸ ਜਗ੍ਹਾ ਆਕੇ ਰੋਟੀ ਦੇ ਜਾਂਦਾ ਹੈ, ਨਹੀਂ ਤਾਂ ਉਸਨੂੰ ਭੁੱਖਾ ਹੀ ਸੌਣਾ ਪੈਂਦਾ ਹੈ, ਪਰ ਗਲੀ ਮਹੱਲੇ ਵਿੱਚ ਘਰਾਂ ਦੇ ਬੂਹੇ ਅੱਗੇ ਆਕੇ ਕੋਈ ਮੰਗ ਨਹੀਂ ਸਕਦਾ। ਇਸ ਕਰਕੇ ਅੰਨ ਦਾਨ ਦਾ ਸਭ ਤੋਂ ਵੱਡਾ ਪੁੰਨ ਹੈ।" ਗੁਸਾਈਂ ਤੁਲਸੀ ਦਾਸ ਜੀ ਨੇ ਫੁਰਮਾਇਆ ਹੈ ਕਿ:

*ਲੇਨੇ ਕੋ ਹਰਿ ਨਾਮ ਹੈ ਦੇਨੇ ਕੋ ਅੰਨ ਦਾਨ।*
*ਤਰਨੇ ਕੋ ਨਿਰਮਾਨਤਾ ਡੂਬਣ ਕੋ ਅਭਿਮਾਨ।*

ਗੁਰੂ ਨਾਨਕ ਦੇ ਘਰ ਦੀ ਵੱਡੀ ਮਰਯਾਦਾ ਲੰਗਰ ਚਲਾਉਣ ਦੀ ਹੈ। ਸਤ ਪੁਰਸ਼ਾਂ ਦੇ ਅਤੁੱਟ ਲੰਗਰ ਚਲਦੇ ਹਨ ਮਾਨੋ ਇਹ ਪੂਰਨ ਸਾਧੂ ਦੀ ਨਿਸ਼ਾਨੀ ਹੈ। ਜੋ ਕਿਸੇ ਨੂੰ ਰੋਟੀ ਕਪੜੇ ਮਕਾਨ ਦੁਆਰਾ ਆਰਾਮ ਨਹੀਂ ਦੇ ਸਕਦਾ ਉਹ ਦੂਜੇ ਦਾ ਹੋਰ ਕੀ ਭਲਾ ਕਰ ਸਕੇਗਾ। ਗੁਰੂ ਨਾਨਕ ਦਾ ਮਿਸ਼ਨ ਸੰਗਤ ਪੰਗਤ ਦੀ ਅਭੇਦਤਾ ਹੈ ਅਤੇ ਗ੍ਰਿਹਸਥੀ ਦਾ ਸਭ ਤੋਂ ਵੱਡਾ ਏਹੋ ਫ਼ਰਜ਼ ਵੀ ਬਣਦਾ ਹੈ। ਭਾਰਤ ਦੇ ਰਿਸ਼ੀ, ਭਗਤ ਕਬੀਰ ਜੀ ਫੁਰਮਾਂਦੇ ਹਨ:

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥
ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥

(ਪੰਨਾ ੧੩੭੭)

ਇਸ ਤਰ੍ਹਾਂ ਦੇ ਪਵਿੱਤ੍ਰ ਬਚਨ ਸੁਣਕੇ ਇਸਦਾ ਮਨ ਬੜਾ ਪ੍ਰਸੰਨ ਹੋਇਆ ਅਤੇ ਅਰਜ਼ ਕੀਤੀ, "ਪੀਰ ਜੀ! ਜੋ ਆਪ ਨਿਮਾਜ਼ਾਂ ਪੜ੍ਹਨ ਦੀ ਆਗਿਆ ਕਰਦੇ ਹੋ ਕ੍ਰਿਪਾ ਕਰਕੇ ਦੱਸੋ ਇਹ ਨਿਮਾਜ਼ਾਂ ਕਿਸ ਨੇ ਪ੍ਰਚਲਿਤ ਕੀਤੀਆਂ ਅਤੇ ਇਨ੍ਹਾਂ ਦੇ ਕੀ-ਕੀ ਨਾਮ ਹਨ ਤੇ ਪੜ੍ਹਨ ਦਾ ਸਮਾਂ ਵੀ ਕਿਹੜਾ ਹੈ?"

ਸੰਤਾਂ ਨੇ ਹੱਸਕੇ ਉੱਤਰ ਦਿੱਤਾ, "ਤੂੰ ਆਪਣੇ ਮੁਸਲਮਾਨ ਭਰਾਵਾਂ ਤੋਂ ਪੁੱਛ ਸਾਨੂੰ ਕੀ ਪਤਾ ਹੈ?" ਇਸਨੇ ਅਰਜ਼ ਕੀਤੀ, "ਮਹਾਰਾਜ! ਆਪ ਤੋਂ ਕੋਈ ਗੱਲ ਭੁੱਲੀ ਨਹੀਂ, ਆਪ ਹਿੰਦੂ ਮੁਸਲਮਾਨਾਂ ਦੇ ਸਾਂਝੇ ਪੀਰ ਹੋ, ਦੋਹਾਂ ਦੇ ਭਲੇ ਦਾ ਉਪਦੇਸ਼ ਕਰਦੇ ਹੋ।" ਹਜ਼ੂਰ ਕਹਿਣ ਲਗੇ ਲੈ ਸੁਣ:

੧. ਪਹਿਲੀ ਨਿਮਾਜ਼ ਫਜ਼ਰ ਦੀ ਹੈ, ਜੋ ਸੂਰਜ ਨਿਕਲਣ ਤੋਂ ਪਹਿਲਾਂ-ਪਹਿਲਾਂ ਪਹੁ-ਫੁਟਾਲੇ ਤੱਕ ਪੜ੍ਹੀ ਜਾਂਦੀ ਹੈ। ਇਹ ਅੰਧੇਰੇ ਦੇ ਦੁੱਖ ਤੋਂ ਛੁੱਟ ਕੇ ਬਾਬੇ ਬਾਦਮ ਨੇ ਪੜ੍ਹੀ ਸੀ ਅਤੇ ਖ਼ੁਦਾ ਅੱਗੇ ਬੰਦਗੀ ਕੀਤੀ ਸੀ।

੨. ਦੂਜੀ ਨਿਮਾਜ਼ ਜ਼ੁਹਰ ਦੀ ਹੈ, ਜੋ ਦੁਪਹਿਰ ਹੋਣ ਤੋਂ ਪੰਜ ਘੜੀਆਂ ਪਹਿਲਾਂ ਪੜ੍ਹੀ ਜਾਂਦੀ ਹੈ। ਅੱਗ ਵਿੱਚ ਪੈਕੇ ਅੱਗ ਠੰਡੀ ਹੋਈ ਜਾਣਕੇ ਇਬਰਾਹੀਮ ਖਲੀਲ ਨੇ ਪੜ੍ਹੀ ਸੀ, ਉਸ ਸਮੇਂ ਅਗਨੀ ਦੇ ਅੰਗਾਰ ਫ਼ੁੱਲ ਬਣ ਗਏ ਸਨ।

੩. ਤੀਜੀ ਨਿਮਾਜ਼ ਅਸਰ ਦੀ ਹੈ, ਜੋ ਪੰਜ ਘੜੀ ਦਿਨ ਰਹਿਣ ਤੇ ਸੂਰਜ ਦੇ ਛਿਪਣ ਤੱਕ ਪੜ੍ਹੀ ਜਾਂਦੀ ਹੈ, ਇਹ ਮੱਛੀ ਦੇ ਪੇਟ ਚੋਂ ਬਾਹਰ ਆਕੇ ਯੂਨਸ ਨੇ ਪੜ੍ਹੀ ਸੀ।

੪. ਚੌਥੀ ਨਿਮਾਜ਼ ਮਗ਼ਰਬੀ ਹੈ, ਜੋ ਸੂਰਜ ਛਿਪਣ ਤੋਂ ਲੈਕੇ ਆਕਾਸ਼ ਵਿੱਚ ਲਾਲੀ ਰਹਿਣ ਤੱਕ ਪੜ੍ਹੀ ਜਾਂਦੀ ਹੈ। ਇਹ ਆਦਮੀਆਂ ਦੇ ਘੇਰੇ ਤੋਂ ਛੁੱਟਕੇ ਈਸਾ ਨੇ ਪੜ੍ਹੀ ਸੀ।

੫. ਪੰਜਵੀਂ ਇਸ਼ਾ ਦੀ ਨਿਮਾਜ਼ ਹੈ, ਜੋ ਆਕਾਸ਼ ਦੀ ਲਾਲੀ ਜਾਣ ਤੋਂ ਬਾਅਦ ਤਿੰਨ ਘੜੀ ਰਾਤ ਗਈ ਤੱਕ ਇਸਦੇ ਪੜ੍ਹਨ ਦਾ ਟਾਈਮ ਹੈ, ਇਹ ਬੱਦਲ ਬਿਜਲੀ ਦੇ ਡਰ ਤੋਂ ਛੁੱਟ ਕੇ ਮੂਸੇ ਨੇ ਪੜ੍ਹੀ ਸੀ।

ਇਹ ਹਨ ਪੰਜ ਨਿਮਾਜ਼ਾਂ ਤੇ ਇਨ੍ਹਾਂ ਦੇ ਟਾਈਮ, ਹਰ ਇੱਕ ਦੇ ਤਾਈਂ ਜੋ ਆਪਣੇ ਆਪ ਨੂੰ ਮੁਸਲਮਾਨ ਹੋਣ ਦਾ ਨਿਸ਼ਚਾ ਰੱਖਦਾ ਹੈ, ਇਨ੍ਹਾਂ ਦੇ ਪੜ੍ਹਨ ਦਾ ਅਧਿਕਾਰ ਹੈ। ਸੂਫੀ ਫ਼ਕੀਰ ਫਰੀਦ ਜੀ, ਬੇਨਿਮਾਜ਼ੇ ਨੂੰ ਕੁੱਤਾ ਕਥਨ ਕਰਦੇ ਹਨ:

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥

(ਪੰਨਾ ੧੩੮੧)

ਜਿਵੇਂ ਗੁਰਸਿੱਖਾਂ ਵਾਸਤੇ ਪੰਜ ਬਾਣੀਆਂ ਦੇ ਪਾਠ ਦਾ ਨਿੱਤਨੇਮ, ਹਿੰਦੂ ਲਈ ਤਿੰਨ ਸੰਧਿਆਂ ਲਾਜ਼ਮੀ ਹਨ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਵੀ ਕਿਸੇ ਕਾਜ਼ੀ ਨੂੰ ਨਿਮਾਜ਼ਾਂ ਪੜ੍ਹਨ ਦੀ ਤਾਕੀਦ ਕਰਦਿਆਂ ਉਪਦੇਸ਼ ਕੀਤਾ ਹੈ ਕਿ

ਅਸਲੀ ਨਿਮਾਜ਼ਾਂ ਇਹ ਹਨ:

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥

(ਪੰਨਾ ੧੪੧)

ਪਹਿਲੀ ਨਿਮਾਜ਼ ਹੈ ਸੱਚ ਬੋਲਣਾ-ਇਸ ਨਾਲ ਸਾਰੇ ਪਾਪ ਮਿਟਦੇ ਹਨ। ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥

(ਪੰਨਾ ੪੬੮)

ਦੂਜੀ ਨਿਮਾਜ਼ ਹੈ ਹੱਕ ਹਲਾਲ ਦਾ ਖਾਣਾ। ਠਗੀ, ਚੋਰੀ, ਦਗ਼ਾ, ਫਰੇਬ ਨਹੀਂ ਕਰਨਾ, ਇਸ ਹੱਕ ਦੀ ਕਿਰਤ ਵਿੱਚੋਂ ਦਾਨ ਕੀਤਿਆਂ ਪਾਪ ਦੂਰ ਹੁੰਦੇ ਹਨ।

ਕਿਰਤ ਵਿਰਤ ਕਰ ਧਰਮ ਦੀ ਖੱਟ ਖਵਾਲਨ ਕਾਰ ਕਰੇਹੀ।

(ਭਾਈ ਗੁਰਦਾਸ ਜੀ)

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

(ਪੰਨਾ ੧੨੪੫)

ਤੀਜੀ ਨਿਮਾਜ਼ ਹੈ ਖ਼ੁਦਾ ਦੇ ਨਮਿਤ ਗ਼ਰੀਬ ਨੂੰ ਖੈਰ ਪਾਉਣੀ। ਭਾਵ ਯਥਾ ਸ਼ਕਤ ਦਾਨ ਕਰਨਾ। ਇਹ ਵੀ ਵੱਡਾ ਪੁੰਨ ਹੈ:

*ਮਿਠਾ ਬੋਲਣ ਨਿਵ ਚਲਣ ਹੱਥੋਂ ਵੀ ਕਿਛੁ ਦੇਇ।*
*ਰੱਬ ਤਿਨਾ ਦੀ ਬੁਕਲੀਂ ਜੰਗਲ ਕਿਆ ਢੂਢੇਇ।*

ਅਥਵਾ ਖ਼ੁਦਾ ਦੇ ਪਾਸੋਂ ਸਭਨਾਂ ਦੀ ਖੈਰ ਮੰਗਣੀ, ਹਰ ਇੱਕ ਦਾ ਭਲਾ ਚਾਹੁਣਾ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਹਿੰਦੂ-ਮੁਸਲਮਾਨ ਪਾਪੀ, ਪੁੰਨੀ, ਗ਼ਰੀਬ, ਅਮੀਰ, ਆਸਤਕ, ਨਾਸਤਕ, ਸਾਧੂ, ਗ੍ਰਿਹਸਥੀ, ਬ੍ਰਾਹਮਣ ਤੇ ਸ਼ੂਦਰ ਸਭ ਦਾ ਭਲਾ ਹੀ ਮੰਗਿਆ ਹੈ:

*ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਦਾ ਭਲਾ।*

ਤਿੰਨ ਚੀਜ਼ਾਂ ਦੀ ਖ਼ੁਦਾ ਤੋਂ ਮੰਗ ਕੀਤੀ ੧. ਨਾਮ ਦੀ ਜਿਸ ਕਰਕੇ ਜੀਵ ਦੀ ਚੜ੍ਹਦੀ ਕਲਾ ਹੁੰਦੀ ਹੈ, ਮਨ ਢਹਿੰਦੀਆਂ ਕਲਾਂ ਵੱਲ ਨਹੀਂ ਜਾਂਦਾ। ੨. ਭਾਣਾ ਮੰਨਣ ਦੀ ਦਾਤ ਤੇ ੩. ਸਰਬੱਤ ਦਾ ਭਲਾ।

ਇਸੇ ਤਰ੍ਹਾਂ ਫਰੀਦ ਜੀ ਨੇ ਕਥਨ ਕੀਤਾ ਹੈ:

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥

(ਪੰਨਾ ੧੩੮੧)

ਚੌਥੀ ਨਿਮਾਜ਼ ਹੈ ਮਨ ਦੀ (ਨੀਅਤਿ) ਬਿਰਤੀ (ਰਾਸ) ਸਚਾਈ ਵਾਲੀ ਹੋਣੀ, ਸੱਚ ਬੋਲਣਾ, ਸੱਤ ਪ੍ਰਤੱਗੀ ਹੋਣਾ, ਦਿਲ ਦੀ ਸਫ਼ਾਈ ਹੋਣੀ। ਜਿਵੇਂ ਸਾਫ਼ ਪਾਣੀ ਵਿੱਚ ਸੂਰਜ ਦਾ ਅਕਸ ਨਿਰਮਲ ਤੇ ਪੂਰਾ ਦਿਸਦਾ ਹੈ ਇਸੇ ਤਰ੍ਹਾਂ ਸਾਫ਼ ਹਿਰਦੇ ਵਿੱਚ ਪ੍ਰਮੇਸ਼ਰ ਦੀ ਜੋਤ ਪ੍ਰਕਾਸ਼ਦੀ ਹੈ, ਸਾਫ਼ ਕਪੜੇ ਨੂੰ ਚੰਗਾ ਰੰਗ ਚੜ੍ਹਦਾ ਹੈ।

ਪੰਜਵੀਂ ਨਿਮਾਜ਼ ਹੈ ਸਿਫ਼ਤੀ-ਪ੍ਰਮੇਸ਼ਰ ਦੀ (ਸਨਾਇ) ਸ਼ਨਾਖਤ ਭਾਵ ਪਹਿਚਾਣ ਕਰਨੀ ਉਸਦੇ ਸਰੂਪ ਦਾ ਗਿਆਨ ਹੋਣਾ (ਕਰਣੀ) ਭਗਤੀ ਰੂਪ ਵਾ ਨੇਕ ਕਰਣੀ ਨੂੰ ਕਰਣ ਦੀਆਂ ਕਲਮਾਂ ਪੜ੍ਹੇ ਤਾਂ ਆਪਣੇ ਆਪ ਨੂੰ ਮੁਸਲਮਾਨ ਅਖਵਾ ਸਕਦਾ ਹੈ:

ਤਥਾ:

ਮੁਸਲਮਾਣੁ ਮੋਮ ਦਿਲਿ ਹੋਵੈ ॥

(ਪੰਨਾ ੧੦੮੪)

ਸਾਰਿਆਂ ਜੀਵਾਂ ਤੇ ਦਯਾ ਕਰੇ। ਬਾਬਾ ਜੀ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣਕੇ ਇਸਦਾ ਮਨ ਬੜਾ ਹੀ ਪ੍ਰਸੰਨ ਹੋਇਆ। ਬਾਣੀ ਗਦ-ਗਦ ਹੋ ਗਈ, ਕੰਠ ਰੁਕ ਗਿਆ, ਨੇਤਰਾਂ ਚੋਂ ਵੈਰਾਗ ਦਾ ਜਲ ਬਾਹਰ ਆਇਆ ਤੇ ਭਾਵਨਾ ਨਾਲ ਸਿਜਦਾ ਕੀਤਾ ਆਖਿਆ, "ਧੰਨ ਹੋ ਆਪ ਪੀਰ ਜੀ! ਕੇਹੋ ਜਿਹੇ ਸੁੰਦਰ ਅੰਮ੍ਰਿਤਮਈ ਅਮੋਲਕ ਬਚਨ ਸੁਣਾਏ।" ਨਾਲ ਦੇ ਸਾਥੀ ਸਿੱਖ ਵੀ ਬੜੇ ਹੀ ਪ੍ਰਸੰਨ ਤੇ ਹੈਰਾਨ ਹੋਏ ਕਿ ਮਹਾਰਾਜ ਅੱਜ ਤਾਂ ਆਪ ਨੇ ਬੜੀ ਅੰਮ੍ਰਿਤ ਦੀ ਵਰਖਾ ਕੀਤੀ।

ਹਜ਼ੂਰ ਦੀ ਆਗਿਆ ਪਾਕੇ ਪਠਾਣ ਤਾਂ ਨਮਸ਼ਕਾਰ ਕਰਕੇ ਆਪਣੇ ਘਰ ਵਾਪਸ ਆ ਗਿਆ, ਘਰ ਆਕੇ ਸਾਰੇ ਪ੍ਰਵਾਰ ਨੂੰ ਇਹ ਖ਼ੁਸ਼ਖ਼ਬਰੀ ਸੁਣਾਈ। ਸਾਰਿਆਂ ਦੇ ਮਨ ਚਾਅ ਨਾਲ ਖਿੜ ਗਏ, ਜਿਨ੍ਹਾਂ ਦੀਆਂ ਆਸਾਂ ਦੇ ਸਾਰੇ ਬੂਹੇ ਬੰਦ ਹੋ ਚੁੱਕੇ ਸਨ ਉਹ ਮੁੜ ਕੇ ਫੇਰ ਖੁੱਲ੍ਹ ਗਏ, ਖ਼ੁਸ਼ੀ ਵਿੱਚ ਬੜਾ ਦਾਨ-ਪੁੰਨ ਕੀਤਾ ਅਤੇ ਹਰ ਰੋਜ਼ ਪੰਜੇ ਟਾਈਮ ਮਸੀਤ ਵਿੱਚ ਜਾਕੇ ਨਿਮਾਜ਼ਾਂ ਵੀ ਪੜ੍ਹਦਾ ਹੈ, ਰੋਜ਼ੇ ਵੀ ਰੱਖਦਾ ਹੈ। ਰਾਤ ਦੇ ਸਮੇਂ ਭੁੱਖਿਆਂ ਨੂੰ ਆਵਾਜ਼ਾਂ ਦੇ ਕੇ ਰੋਟੀ ਵੀ ਖਵਾਉਂਦਾ ਹੈ।

ਏਧਰ ਜਿਸ ਸਮੇਂ ਸੰਤ ਜੀ ਮਹਾਰਾਜ ਨੇ ਉਸ ਪਠਾਣ ਨੂੰ ਬੱਚੇ ਦਾ ਵਰ ਦਿੱਤਾ ਅਤੇ ਉਹ ਹਜ਼ੂਰ ਦੀ ਆਗਿਆ ਪਾ ਕੇ ਆਪਣੇ ਘਰ ਚਲਾ ਗਿਆ ਤਾਂ ਬਾਅਦ ਵਿੱਚ ਰਾਮਪੁਰ ਪਿੰਡ ਦੇ ਬਾਬਾ ਬਿਸ਼ਨ ਸਿੰਘ ਨੇ ਸੰਤਾਂ ਪਾਸ ਅਰਜ਼ ਕੀਤੀ, "ਮਹਾਰਾਜ! ਤੁਸੀਂ ਉਸਨੂੰ ਗੁਰੂ ਘਰ ਦਾ ਪ੍ਰੇਮੀ ਕਿਉਂ ਨਹੀਂ ਬਣਾਇਆ, ਮੁਸਲਮਾਨੀ ਮਤ ਦਾ ਹੀ ਉਪਦੇਸ਼ ਦੇ ਦਿੱਤਾ ਹੈ, ਰੋਜ਼ੇ ਰੱਖਣ ਤੇ ਨਿਮਾਜ਼ਾਂ ਪੜ੍ਹਨ ਦਾ ਹੁਕਮ ਕੀਤਾ ਹੈ।" ਸੰਤ ਮੁਸਕਰਾਏ ਤੇ ਕਿਹਾ, "ਭਾਈ ਬਿਸ਼ਨ ਸਿੰਘ ਜੀ! ਜਿਸ ਜਗ੍ਹਾ ਤੇ ਕੋਈ ਬੂਟਾ ਲੱਗਿਆ ਹੋਵੇ ਉਸ ਨੂੰ ਉਥੇ ਹੀ ਵਾੜ ਕਰ ਦੇਵੋ ਤਾਂ ਕਿ ਉਹ ਛੇਤੀ ਹੀ ਵਧੇ ਫੁੱਲੇ, ਦੂਜੇ ਥਾਂ ਪੁੱਟ ਕੇ ਲਾਇਆ ਕੁਮਲਾ ਤੇ ਸੁੱਕ ਜਾਂਦਾ ਹੈ, ਕਾਮਯਾਬ ਨਹੀਂ ਹੋ ਸਕਦਾ। ਜੇ ਹੋਵੇ ਤਾਂ ਵੀ ਬਹੁਤ ਚਿਰ ਬਾਅਦ ਅਤੇ ਘਟ। ਇਸੇ ਤਰ੍ਹਾਂ ਆਪੋ ਆਪਣੇ ਧਰਮ ਤੇ ਹੀ ਹਰ ਇੱਕ ਦਾ ਨਿਸ਼ਚਾ ਹੁੰਦਾ ਹੈ। ਉਸੇ ਜਗ੍ਹਾ ਹੀ ਉਸ ਬੂਟੇ ਨੂੰ ਉਪਦੇਸ਼ ਦੀ ਵਾੜ ਤੇ ਸ਼ਰਧਾ ਵਧਾਉਣ ਰੂਪ ਨਿਸ਼ਚੇ ਦਾ ਪਾਣੀ ਦੇਵੇ ਜਿਸ ਕਰਕੇ ਉਸਦਾ ਭਲਾ ਹੋਵੇ। ਜਿਵੇਂ ਗ਼ੈਰ ਮੁਸਲਮਾਨ ਦੀ ਦੀਨ ਇਸਲਾਮ ਤੇ ਸ਼ਰਧਾ ਨਹੀਂ ਹੋ ਸਕਦੀ ਇਸੇ ਤਰ੍ਹਾਂ ਇਹ ਵੀ ਗੁਰੂ ਘਰ ਤੇ ਪੂਰਨ ਨਿਸਚਾ ਨਹੀਂ ਕਰ ਸਕਦੇ ਅਤੇ ਵਾਸਤਵ ਵਿੱਚ ਪ੍ਰਮੇਸ਼ਰ ਤਾਂ ਇੱਕੋ ਹੀ ਹੈ। ਇਹ ਤਾਂ ਹਿੰਦੂ ਤੇ ਮੁਸਲਮਾਨ ਦੋਹਾਂ ਨੇ ਆਪੋ ਆਪਣੇ ਮਤ ਅਨੁਸਾਰ ਖ਼ੁਦਾ ਦੇ ਰਾਮ ਤੇ ਰਹੀਮ ਨਾਮ ਕਲਪੇ ਹਨ, ਹਰ ਇੱਕ ਨੂੰ ਉਸਦੇ ਧਰਮ ਨੇ ਹੀ ਪਾਰ ਕਰਨਾ ਹੈ, ਖਿੱਚ ਕਰਣੀ ਠੀਕ ਨਹੀਂ।"

ਇਸ ਤਰ੍ਹਾਂ ਏਕਤਾ ਦੇ ਬਚਨ ਸੁਣਕੇ ਬਾਬਾ ਬਿਸ਼ਨ ਸਿੰਘ ਚੁੱਪ ਹੋ ਗਿਆ। ਇਉਂ ਸਮਾਂ ਲੰਘਦਾ ਗਿਆ, ਦਿਨ ਦਾ ਸਮਾਂ ਗੁਰਦੁਆਰੇ ਸਾਹਿਬ ਤੇ ਰਾਤ ਦਾ ਟਾਇਮ ਬਾਬਾ ਜੀ ਦਰਿਆ ਦੇ ਕੰਢੇ ਵਾਹਿਗੁਰੂ ਦੀ ਯਾਦ ਵਿੱਚ ਲੀਨ ਹੋਏ ਬਤੀਤ ਕਰਦੇ ਸਨ। ਇਤਨੇ ਨੂੰ ਰਾਮਪੁਰ ਨਗਰ ਤੋਂ ਕੁਝ ਕੁ ਪ੍ਰੇਮੀ ਸੰਤਾਂ ਨੂੰ ਲੈਣ ਵਾਸਤੇ ਆ ਗਏ। ਉਨ੍ਹਾਂ ਦਾ ਪਿਆਰ ਤੇ ਪਿਛਲੀ ਜ਼ੁੰਮੇਂਵਾਰੀ ਦਾ ਖ਼ਿਆਲ ਕਰਕੇ ਬਾਬਾ ਜੀ ਵਾਪਸ ਜਾਣ ਨੂੰ ਤਿਆਰ ਹੋਏ। ਸੈਦੂ ਨਗਰ ਦੀ ਸੰਗਤ ਨੂੰ ਪਤਾ ਲੱਗਾ ਤਾਂ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਇਕੱਠੇ ਹੋ ਕੇ ਆਏ, ਚਰਨਾਂ ਵਿੱਚ ਅਰਜ਼ ਕੀਤੀ, "ਦਾਤਾ! ਸਾਥੋਂ ਕੀ ਗੁਨਾਹ ਹੋ ਗਿਆ ਜੋ ਵਿਛੋੜਾ ਦੇ ਚਲੇ ਹੋ?" ਸੰਤਾਂ ਨੇ ਸਭਨਾਂ ਨੂੰ ਧੀਰਜ ਦਿੱਤੀ ਤੇ ਕਿਹਾ ਕਿ ਹੁਣ ਤਾਂ ਜ਼ਰੂਰ ਹੀ ਜਾਣਾ ਬਣਦਾ ਹੈ ਪਰ ਅਗਲੇ ਸਾਲ ਫੇਰ ਆ ਜਾਵਾਂਗੇ। ਤੁਸੀਂ ਸਾਰੇ ਦਸਾਂ ਨੌਹਾਂ ਦੀ ਹੱਕ ਦੀ ਕਿਰਤ ਕਰੋ, ਗੁਰੂ-ਗੁਰੂ, ਜਪੋ ਦੋਵੇਂ ਸਮੇਂ ਸਾਧ ਸੰਗਤ ਕੀਤਾ ਕਰੋ, ਗੁਰੂ ਨਾਨਕ ਦੇਵ ਜੀ ਮੇਹਰ ਕਰਨਗੇ। ਇਉਂ ਪਵਿੱਤ੍ਰ ਉਪਦੇਸ਼ ਬਖ਼ਸ਼ ਕੇ ਹਜ਼ੂਰ ਗੱਡੀ ਤੇ ਅਸਵਾਰ ਹੋ ਕੇ ਦੋਰਾਹੇ ਆ ਪਹੁੰਚੇ। ਸੰਗਤ ਨੇ ਬੜਾ ਸਤਿਕਾਰ ਕੀਤਾ, ਭੇਟਾ ਅਰਪੀ, ਨਮਸ਼ਕਾਰਾਂ ਕੀਤੀਆਂ। ਆਪ ਜੀ ਗੁਰਦੁਆਰੇ ਸਾਹਿਬ ਆ ਪੁੱਜੇ, ਗੁਰੂ ਦਰਬਾਰ ਵਿੱਚ ਨਮਸ਼ਕਾਰ ਕੀਤੀ ਤੇ ਪਹਿਲਾਂ ਵਾਂਗੂੰ ਹੀ ਸੰਗਤਾਂ ਨੂੰ ਉਪਦੇਸ਼ ਦੀ ਬਖ਼ਸ਼ਿਸ਼ ਕਰਨ ਲੱਗੇ।

# ਗ਼ਰੀਬ ਨਿਵਾਜ਼ ਬਿਰਦ ਦੀ ਪਾਲਣਾ

ਦੁਨੀਆਂਦਾਰਾਂ ਦਾ ਇਹ ਕੁਦਰਤੀ ਸੁਭਾਉ ਹੈ ਹਰ ਕੋਈ ਆਪਣੇ ਆਪ ਤੋਂ ਵੱਡੇ ਦੀ ਸ਼ਰਨ ਲੈਂਦਾ ਹੈ, ਸਾਰੇ ਆਪ ਤੋਂ ਨੀਵਿਆਂ ਕਮਜ਼ੋਰਾਂ ਤੇ ਗ਼ਰੀਬਾਂ ਨੂੰ ਦੇਖਕੇ ਨਫ਼ਰਤ ਕਰਦੇ ਹਨ। ਸ਼ਾਇਦ ਇਸ ਕਰਕੇ ਕਿ ਇਨ੍ਹਾਂ ਤੇ ਕਾਦਰ ਦੀ ਕੁਦਰਤ ਨਾਰਾਜ਼ ਹੈ ਤਦੇ ਹੀ ਇਨ੍ਹਾਂ ਨੂੰ ਗ਼ਰੀਬ ਬਣਾ ਦਿੱਤਾ। ਜੇ ਅਸੀਂ ਇਨ੍ਹਾਂ ਨਾਲ ਪਿਆਰ ਕੀਤਾ ਤਾਂ ਕਿਤੇ ਸਾਡੇ ਤੇ ਕਾਦਰ ਦੀ ਨਾਰਾਜ਼ਗੀ ਨਾ ਹੋ ਜਾਵੇ ਤੇ ਉਸਦੀ ਕੁਦਰਤ ਰੁੱਸ ਕੇ ਸਾਡੇ ਹੀ ਸੁੱਖ ਨਾ ਖੋਹ ਲਵੇ ਜਾਂ ਕਿਤੇ ਸਾਨੂੰ ਇਨ੍ਹਾਂ ਦੀ ਛੂਤ ਦੀ ਭਿਟ ਹੀ ਨਾ ਚੜ੍ਹ ਜਾਵੇ। ਉਹ ਗ਼ਰੀਬਾਂ ਦੇ ਖ਼ੂਨ ਨਾਲ ਵਧੀਆਂ ਗੋਗੜਾਂ ਵਾਲੇ ਮਲਕ ਭਾਗੋ ਦਾ ਰੱਬ ਹੋਰ ਮੰਨਦੇ ਹਨ ਤੇ ਰੁੱਖੇ ਕੋਧਰੇ ਨਾਲ ਪੇਟ ਭਰਕੇ ਹਰੀ-ਜਸ ਕਰਣ ਵਾਲੇ ਲਾਲੋ ਤਰਖਾਣ ਦਾ ਹੋਰ। ਪਰ ਗੁਰੂ ਨਾਨਕ ਦੀ ਦੀਰਘ ਦ੍ਰਿਸ਼ਟੀ ਇੱਕ ਪਾਸੇ ਉੱਚੀਆਂ ਅਟਾਰੀਆਂ ਤੱਕਦੀ ਹੈ ਜਿਸ ਵਿੱਚ ਗਾਰੇ ਦੀ ਜਗ੍ਹਾ ਗ਼ਰੀਬਾਂ ਦਾ ਲਹੂ ਤੇ ਇੱਟਾਂ ਦੀ ਥਾਂ ਮਸੂਮਾਂ ਦੀ ਚਰਬੀ ਤੇ ਹੱਡੀਆਂ ਲੱਗੀਆਂ ਹਨ। ਦੂਜੇ ਪਾਸੇ ਗ਼ਰੀਬਾਂ ਦੀ ਟੁੱਟੀ ਛਪਰੀ। ਜਦੋਂ ਪਰਖਊ ਨਿਗ੍ਹਾ ਨਾਲ ਦੋਹਾਂ ਦਾ ਟਾਕਰਾ ਕਰਦੇ ਹਨ ਤਾਂ ਆਖਦੇ ਹਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

(ਪੰਨਾ ੧੫)

ਭਗਤ ਕਬੀਰ ਜੀ ਵੀ ਇਸੇ ਬਚਨ ਦੀ ਪੁਸ਼ਟੀ ਕਰਦੇ ਹਨ:

ਕਬੀਰ ਹੈ ਗੈ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ ॥
ਤਾਸੁ ਪਟੰਤਰ ਨ ਪੁਜੈ ਹਰਿ ਜਨ ਕੀ ਪਨਿਹਾਰਿ ॥

(ਪੰਨਾ ੧੩੭੩)

ਪ੍ਰੇਮੀ ਸਿੱਖ ਨੇ ਬੇਨਤੀ ਕੀਤੀ ਕਿ ਮਹਾਰਾਜ:

ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ
ਕਿਉ ਹਰਿ ਚੇਰੀ ਕਉ ਮਾਨੁ ॥

ਤਾਂ ਭਗਤ ਜੀ ਉੱਤਰ ਦਿੰਦੇ ਹਨ:

ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿ ਨਾਮੁ ॥੧੯੦॥

(ਪੰਨਾ ੧੩੭੩)

ਦੁਨੀਆਂ ਦੇ ਲੋਕਾਂ ਦੀ ਪ੍ਰੀਤੀ ਆਪਣੇ ਮਤਲਬ ਤੇ ਸੁੱਖਾਂ ਦੀ ਹੈ:

*ਵਿੱਚ ਸੁੱਖਾਂ ਦੇ ਸਾਰੀ ਦੁਨੀਆਂ ਨੇੜੇ ਹੋ ਹੋ ਬਹਿੰਦੀ।*
*ਪਰਖੇ ਜਾਣ ਸਜਣ ਉਸ ਵੇਲੇ ਜਦ ਬਾਜ਼ੀ ਪੁੱਠੀ ਪੈਂਦੀ*

ਪ੍ਰਭੂ ਦੇ ਪਿਆਰੇ ਮਹਾਂ-ਪੁਰਸ਼ਾਂ ਦੀ ਸਭ ਨਾਲ ਅਕ੍ਰਿਤਮ ਪ੍ਰੀਤੀ ਹੁੰਦੀ ਹੈ, ਉਹ ਸਾਰਿਆਂ ਵਿੱਚ ਪ੍ਰਮੇਸ਼ਰ ਦੀ ਜੋਤ ਨੂੰ ਵਿਆਪਕ ਜਾਣਕੇ ਅਤੇ ਮਾਇਆ ਧਾਰੀ ਨੂੰ ਅੰਨ੍ਹਾ-ਬੋਲਾ ਹੰਕਾਰੀ ਸਮਝਕੇ ਖ਼ਾਸ ਕਰਕੇ ਗ਼ਰੀਬਾਂ ਨਾਲ ਹੀ ਪਿਆਰ ਕਰਦੇ ਹਨ। ਉਹ ਗ਼ਰੀਬਾਂ ਦੇ ਡੁਲ੍ਹਦੇ ਹੰਝੂ ਪੂੰਝਦੇ ਹਨ, ਉਨ੍ਹਾਂ ਦੇ ਕੁਮਲਾਏ ਮੁਖ, ਉਦਾਸ ਚੇਹਰੇ ਖੇੜੇ ਵਿੱਚ ਲਿਆਉਣ ਵਾਸਤੇ ਕਹਿੰਦੇ ਹਨ ਕਿ ਪ੍ਰੇਮੀਓ! ਇਹ ਗ਼ਰੀਬੀ ਵੀ ਪ੍ਰਮੇਸ਼ਰ ਦੀ ਦਾਤ ਹੈ:

ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥

(ਪੰਨਾ ੫)

ਉਸਦੀ ਰਜ਼ਾ ਵਿੱਚ ਰਾਜ਼ੀ ਰਹੋ।

ਬਾਬਾ ਅਤਰ ਸਿੰਘ ਜੀ ਮਹਾਰਾਜ ਦਾ ਇਹ ਨਿਯਮ ਹੁੰਦਾ ਕਿ ਜਦੋਂ ਵੀ ਸ਼ਾਮ ਨੂੰ ਆਪ ਜੀ ਬਗ਼ੀਚੀ ਵਿੱਚੋਂ ਗੁਰਦੁਆਰੇ ਸਾਹਿਬ ਆਉਂਦੇ ਤਾਂ ਪਹਿਲਾਂ ਗੁਰੂ ਦਰਬਾਰ ਦੀ ਦਹਿਲੀਜ ਤੇ ਸਿਰ ਰੱਖਕੇ ਨਮਸ਼ਕਾਰ ਕਰਦੇ। ਫੇਰ ਮੰਜੀ ਸਾਹਿਬ ਨੂੰ ਮੱਥਾ ਟੇਕਦੇ। ਬਾਅਦ ਵਿੱਚ ਸਾਰੇ ਡੇਰੇ ਅੰਦਰ ਇੱਕ ਚੱਕਰ ਲਾਉਂਦੇ, ਸੇਵਾ ਕਰਦੇ ਇਕੱਲੇ-ਇਕੱਲੇ

ਸੇਵਾਦਾਰ ਨੂੰ ਪਾਸ ਜਾਕੇ ਦਰਸ਼ਨ ਦੇਂਦੇ, ਸੁੱਖ ਆਨੰਦ ਪੁੱਛਦੇ। ਫੇਰ ਪਸ਼ੂਆਂ ਦੇ ਕੋਲ ਜਾਕੇ ਖੜੋ ਜਾਣਾ, ਉਨ੍ਹਾਂ ਨਾਲ ਪਿਆਰ ਕਰਨਾ, ਸਿਰਾਂ ਤੇ ਹੱਥ ਫੇਰਨਾ ਅਤੇ ਬੇ-ਜ਼ੁਬਾਨ ਪਸ਼ੂਆਂ ਦੇ ਦਾਣੇ ਘਾਹ ਬਾਬਤ ਪੁੱਛਣਾ। ਹੋਰ ਜੇ ਕੋਈ ਡੇਰੇ ਵਿੱਚ ਸੇਵਾ ਹੁੰਦੀ ਉਸਦਾ ਖ਼ਿਆਲ ਕਰਨਾ। ਉਪਰੰਤ ਗੁਰਦੁਆਰੇ ਸਾਹਿਬ ਜਾਕੇ ਕੀਰਤਨ ਸ਼ੁਰੂ ਕਰਦੇ।

## ਭਗਤ ਨਾਨਕ ਸਿੰਘ ਰਵਿਦਾਸੀਆ

ਅੱਜ ਅੱਸੂ ਦਾ ਮਹੀਨਾ ਚੜ੍ਹੇ ਨੂੰ ਚਾਰ ਦਿਨ ਹੋ ਗਏ ਹਨ। ਸਾਵਣ ਤੇ ਭਾਦਰੋਂ ਦੇ ਮਹੀਨੇ ਦੀਆਂ ਝੜੀਆਂ ਦੇ ਢੱਠੇ ਮਕਾਨ, ਬਾਰਸ਼ਾਂ ਵਿੱਚ ਡਿੱਗੀਆਂ ਕੰਧਾਂ, ਚੋਂਦੀਆਂ ਛੱਤਾਂ ਮੁੜ ਲਿੱਪੀਆਂ ਜਾ ਰਹੀਆਂ ਹਨ। ਸਿਆਲ ਦਾ ਮੌਸਮ ਆਉਣ ਤੋਂ ਪਹਿਲਾਂ-ਪਹਿਲਾਂ ਲੋਕੀਂ ਆਪਣੇ ਕੱਚੇ ਕੋਠਿਆਂ ਦੀਆਂ ਮੁਰੰਮਤਾਂ ਕਰਕੇ, ਗਲੀਆਂ ਬੰਦ ਕਰਕੇ ਸਵਾਰ ਰਹੇ ਹਨ। ਗੁਰਦੁਆਰੇ ਸਾਹਿਬ ਵੀ ਪਲੋ ਪਾਕੇ ਗਾਰੇ ਦੀ ਘਾਣੀ ਤਿਆਰ ਕੀਤੀ ਗਈ। ਸੇਵਾਦਾਰ ਹਰ ਰੋਜ਼ ਇਸਨੂੰ ਆਪਣੇ ਪੈਰਾਂ ਨਾਲ ਮਿੱਧਕੇ ਗੋ ਰਹੇ ਹਨ ਤਾਂਕਿ ਚੰਗੀ ਤਰ੍ਹਾਂ ਚੀਕਣੀ ਹੋ ਜਾਵੇ। ਡੇਰੇ ਦੇ ਸਿੰਘਾਂ ਵਾਸਤੇ ਜੋੜਿਆਂ ਦੀ ਸੇਵਾ ਕਰਨ ਵਾਲਾ ਨਾਨਕ ਸਿੰਘ ਸੇਵਾਦਾਰ ਵੀ ਅੱਜ ਆਪਣੇ ਲੜਕੇ ਝਗੜੂ ਸਮੇਤ ਘਾਣੀ ਮਿੱਧ ਰਿਹਾ ਹੈ। ਰਵਿਦਾਸ ਭਗਤ ਦੀ ਬਰਾਦਰੀ ਦੇ ਸੇਵਾਦਾਰ ਨੂੰ ਬਾਬਾ ਜੀ ਭਗਤ ਜੀ ਕਰਕੇ ਬੁਲਾਇਆ ਕਰਦੇ। ਸੱਚਮੁਚ ਹੀ ਇਹ ਵਲ-ਛਲ ਤੋਂ ਰਹਿਤ ਭਗਤੀ ਕਰਨ ਵਾਲਾ ਭਗਤ ਹੀ ਸੀ। ਮਹਾਂ-ਪੁਰਸ਼ਾਂ ਦੀ ਨਿਗ੍ਹਾ ਨੇ ਇਸਨੂੰ ਪਰਖ ਲਿਆ ਕਿ ਇਹ ਭਗਤ ਹੈ। ਭਗਤ ਕਹਿਕੇ ਬੁਲਾਉਣਾ ਤੇ ਨਾਲ ਦੀ ਸਾਰੀ ਸੰਗਤ ਵੀ ਇਸਨੂੰ ਭਗਤ ਹੀ ਆਖਿਆ ਕਰਦੀ। ਇਸਨੇ ਡੇਰੇ ਦੇ ਸਾਰੇ ਸਿੰਘਾਂ ਨੂੰ ਆਪਣੇ ਹੱਥੀਂ ਸਿਉਂਕੇ ਜੋੜੇ ਪਵਾਉਣੇ ਪਰ ਆਪ ਇਸਨੇ ਇਹ ਨਿਯਮ ਰੱਖਿਆ ਕਿ ਮੂੰਹੋਂ ਮੰਗਣਾ ਕੁਝ ਨਹੀਂ ਆਪਣੇ ਆਪ ਜੋ ਕੁਝ ਵੀ ਸੰਤਾਂ ਨੇ ਦੇ ਦੇਣਾ ਉਸੇ ਨੂੰ ਬਹੁਤ ਕੁਝ ਸਮਝਕੇ ਸਤਿਕਾਰ ਨਾਲ ਫੜ੍ਹ ਲੈਣਾ ਤੇ ਸਬਰ ਸੰਤੋਖ ਨਾਲ ਜ਼ਿੰਦਗੀ ਬਤੀਤ ਕਰਨੀ। ਮਹਾਂਪੁਰਸ਼ ਵੀ ਜੋੜੇ ਦੇ ਮੁੱਲ ਤੋਂ ਵਧ ਹੀ ਪੈਸੇ ਦੇ ਦਿੰਦੇ। ਹੋਰ ਭੀ ਅਭਿਆਗਤ ਤੇ ਗ਼ਰੀਬਾਂ ਦੇ ਟੁੱਟੇ ਛਿੱਤਰ ਗੰਢਣ ਦੀ ਮੁਫਤ ਸੇਵਾ ਕਰਿਆ ਕਰਦਾ। ਗੁਰੂ ਪ੍ਰਮੇਸ਼ਰ ਦਾ ਇਹ ਬਿਰਦ ਹੈ:

ਯਥਾ:

ਇਕੁ ਤਿਲੁ ਨਹੀ ਭੰਨੈ ਘਾਲੇ ॥

(ਪੰਨਾ ੭੮੪)

ਤਥਾ:

ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥

(ਪੰਨਾ ੮੫੯)

ਰੋਜ਼ ਵਾਂਗੂੰ ਅੱਜ ਵੀ ਬਾਬਾ ਜੀ ਨੇ ਡੇਰੇ ਆ ਕੇ ਗੁਰੂ ਦਰਬਾਰ ਵਿੱਚ ਨਮਸ਼ਕਾਰ ਕੀਤੀ ਤੇ ਡੇਰੇ ਅੰਦਰ ਚੱਕਰ ਕਟਿਆ। ਜਿਨ੍ਹਾਂ ਦੇ ਨਾਲ ਬਾਹਰੋਂ ਆਏ ਬਹੁਤ ਸਾਰੇ ਫੌਜੀ ਸਿੰਘ ਵੀ ਹਨ। ਜਦੋਂ ਲੰਗਰ ਦੇ ਕੋਲ ਦੀ ਲੰਘਕੇ ਅੱਗੇ ਪਸ਼ੂਆਂ ਵਾਲੇ ਪਾਸੇ ਗਏ ਉਸ ਤੋਂ ਬਾਅਦ ਉਸ ਥਾਂ ਤੇ ਪੁੱਜੇ ਜਿੱਥੇ ਭਗਤ ਨਾਨਕ ਸਿੰਘ ਘਾਣੀ ਮਿੱਧ ਰਿਹਾ ਸੀ। ਉਸਦੇ ਪਾਸ ਜਾ ਖੜ੍ਹੇ ਹੋਏ, ਫੌਜੀ ਸਿੰਘ ਨਾਲ ਹਨ। ਪਿਤਾ ਪੁੱਤਰ ਨੂੰ ਸੇਵਾ ਵਿੱਚ ਜੁਟਿਆਂ ਦੇਖਕੇ ਬੜੇ ਪ੍ਰਸੰਨ ਹੋਏ ਤੇ ਸੁਤੇ ਸਿੱਧ ਹੀ ਝਗੜੂ ਨੂੰ ਆਖਿਆ, (ਜਿਸਦੀ ਉਮਰ ਉਸ ਸਮੇਂ ੧੨-੧੩ ਸਾਲਾਂ ਦੀ ਸੀ), “ਝਗੜੂ ! ਤੂੰ ਵੀ ਕੁਝ ਮੰਗ ਲੈ ਫੇਰ ਕਹੇਂਗਾ ਗੁਰਦੁਆਰੇ ਦੀ ਸੇਵਾ ਕਰਦੇ ਸਾਂ ਬਾਬੇ ਨੇ ਸਾਨੂੰ ਕੁਝ ਨਹੀਂ ਦਿੱਤਾ।” ਇਹ ਵਿਚਾਰਾ ਅਨਭੋਲ ਬੱਚਾ ਕੀ ਜਾਣੇ ਇਸ ਅਗੰਮੀ ਰਮਜ਼ ਨੂੰ, ਬੱਦਲ ਦੀ ਬਾਰਸ਼ ਤੋਂ ਕੋਈ-ਕੋਈ ਵਡਭਾਗੀ ਹੀ ਲਾਭ ਉਠਾਉਂਦਾ ਹੈ। ਬਹੁਤੇ ਲੋਕ ਅਨਗਹਿਲੀ ਵਿੱਚ ਹੀ ਸਮਾ ਲੰਘਾ ਦਿੰਦੇ ਹਨ ਪਰ ਸਿਆਣੇ ਜ਼ਿੰਮੀਂਦਾਰ ਅਕਾਸ਼ ਵਿੱਚ ਬੱਦਲ ਹੋਇਆ ਜਾਣਕੇ ਉਸ ਸਮੇਂ ਆਪਣੇ ਖੇਤਾਂ ਦੀਆਂ ਵੱਟਾਂ ਉੱਚੀਆਂ ਕਰ ਲੈਂਦੇ ਹਨ ਕਿ ਕਿਤੇ ਸਾਡੇ ਖੇਤ ਦਾ ਪਾਣੀ ਟੁੱਟਕੇ ਦੂਜੇ ਦੇ ਖੇਤ ਵਿੱਚ ਨਾ ਚਲਿਆ ਜਾਵੇ।

ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ ॥

(ਪੰਨਾ ੫੧੭)

ਇਸੇ ਤਰ੍ਹਾਂ ਸਤ-ਪੁਰਸ਼ਾਂ ਪਾਸੋਂ ਵੀ ਕੋਈ ਵਡਭਾਗੀ ਹੀ ਲਾਭ ਪ੍ਰਾਪਤ ਕਰ ਸਕਦਾ ਹੈ। ਇਸਨੇ ਆਖਿਆ, “ਮੈਂ ਕੀ ਮੰਗਣਾ ਹੈ ਤੁਹਾਥੋਂ?” ਸੰਤ ਇਸ ਨੂੰ ਸਿੱਧਾ ਸਾਦਾ ਤੇ ਭੋਲੇ-ਭਾਲੇ ਸੁਭਾਓ ਦਾ ਦੇਖਕੇ ਬੜੇ ਹੱਸੇ। ਨਾਲ ਦੇ ਫੌਜੀ ਕੁਝ ਕੁ ਕਹਿਣ ਲੱਗੇ ਕਿ ਬੇਸਮਝਾ! ਮਹਾਂ-ਪੁਰਸ਼ਾਂ ਨੂੰ ਇਉਂ ਨਹੀਂ ਆਖੀਦਾ ਇਨ੍ਹਾਂ ਦੀ ਖ਼ੁਸ਼ੀ ਤੇ ਗ਼ਮੀ ਨਿਰਾਰਥ ਨਹੀਂ ਜਾਂਦੀ ਕੁਝ ਮੰਗ ਲੈ।” ਸੰਤਾਂ ਨੇ ਆਖਿਆ, “ਬਈ! ਇਸ ਨੂੰ ਕੁਝ ਨਾ ਆਖੋ ਇਹ ਬੱਚਾ ਹੈ। ਪਰ ਗੁਰੂ ਘਰ ਦੀ ਕੀਤੀ ਹੋਈ ਸੇਵਾ ਦਾ ਫ਼ਲ ਵੀ ਜ਼ਰੂਰ ਹੀ ਮਿਲਣਾ ਹੈ ਚਾਹੇ ਕੋਈ ਮੰਗੇ ਚਾਹੇ ਨਾ ਮੰਗੇ। ਪਰਮੇਸ਼ਰ ਦਾ ਬਿਰਦ ਹੈ ਕਿ ਉਹ

ਅਣਮੰਗਿਆਂ ਨੂੰ ਵੀ ਦਾਤਾਂ ਦਿੰਦਾ ਹੈ:

ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥

(ਪੰਨਾ ੫੯੫)

ਇਤਨੇ ਨੂੰ ਨਾਨਕ ਸਿੰਘ ਭਗਤ ਨੇ ਘਾਣੀ ਵਿੱਚੋਂ ਬਾਹਰ ਆਕੇ ਸੰਤਾਂ ਨੂੰ ਮੱਥਾ ਟੇਕਿਆ ਤੇ ਅਰਜ਼ ਕੀਤੀ, "ਮਹਾਰਾਜ! ਆਪ ਜਾਣੀ ਜਾਣ ਹੋ ਹਰ ਸਮੇਂ ਸਾਡੀ ਪਾਲਣਾ ਕਰਦੇ ਹੋ। ਸਾਨੂੰ ਤਾਂ ਤੁਹਾਡਾ ਹੀ ਆਸਰਾ ਹੈ। ਇਹ ਵਿਚਾਰਾ ਬੱਚਾ ਕੀ ਜਾਣ ਸਕਦਾ ਹੈ ਕਿ ਆਪ ਸਾਰੀਆਂ ਬਖ਼ਸ਼ਸ਼ਾਂ ਦੇ ਦਾਤੇ ਹੋ।" ਉਸ ਸਮੇਂ ਇੱਕ ਪ੍ਰੇਮੀ (ਜੋ ਸਵੇਰ ਦਾ ਹੀ ਦਰਸ਼ਨ ਕਰਨ ਵਾਸਤੇ ਗੁਰਦੁਆਰੇ ਸਾਹਿਬ ਆਇਆ ਹੋਇਆ ਸੰਤਾਂ ਨੂੰ ਉਡੀਕ ਰਿਹਾ ਸੀ) ਬਾਬਾ ਜੀ ਨੂੰ ਖੜ੍ਹਿਆਂ ਦੇਖਕੇ ਪਾਸ ਪੁੱਜਿਆ, ਨਮਸ਼ਕਾਰ ਕੀਤੀ, ਕੁਝ ਕੁ ਬਸਤਰ ਤੇ ਇੱਕ ਪਿਤਲ ਦੀ ਛੋਟੀ ਜੇਹੀ ਡੱਬੀ ਹਜ਼ੂਰ ਦੇ ਚਰਨਾਂ ਤੇ ਭੇਟਾ ਕੀਤੀ। ਅੰਤਰਜਾਮੀ ਬਾਬਾ ਜੀ ਤਾਂ ਸਾਰੀ ਗੱਲ ਨੂੰ ਜਾਣਦੇ ਸਨ। ਉਸ ਸਮੇਂ ਨਾਨਕ ਸਿੰਘ ਨੂੰ ਆਖਿਆ, "ਆਹ ਦੋਵੇਂ ਚੀਜ਼ਾਂ ਚੁੱਕ ਲੈ।" ਉਸ ਸਮੇਂ ਭੇਟਾ ਕਰਨ ਵਾਲੇ ਪ੍ਰੇਮੀ ਨੇ ਅਰਜ਼ ਕੀਤੀ, "ਮਹਾਰਾਜ! ਇਸ ਵਿੱਚ ਬੜੀ ਕੀਮਤੀ ਸ਼ੈਅ ਹੈ ਆਪ ਆਪਣੇ ਪਾਸ ਰਖੋ।" ਸੰਤਾਂ ਨੇ ਕਿਹਾ, "ਭਾਈ! ਇਸ ਨੂੰ ਕਹਿ ਚੁੱਕੇ ਹਾਂ, ਹੁਣ ਤਾਂ ਇਸ ਨੂੰ ਹੀ ਦੇਣੇ ਹਨ।" ਉਸ ਨੇ ਫੇਰ ਹੱਥ ਜੋੜੇ ਤੇ ਆਖਿਆ, "ਮਹਾਰਾਜ ਏਸ ਡੱਬੀ ਵਿੱਚ ਸੋਲਾਂ ਤੋਲੇ ਸੋਨਾ ਹੈ, ਮੈਂ ਤਾਂ ਹਜ਼ੂਰ ਦੀ ਸੇਵਾ ਵਾਸਤੇ ਲੈ ਕੇ ਆਇਆ ਹਾਂ ਅਤੇ ਗੁਪਤ ਰੱਖਣਾ ਚਾਹੁੰਦਾ ਸਾਂ।" ਸੰਤ ਕਹਿਣ ਲੱਗੇ, "ਚਾਹੇ ਇਸ ਵਿੱਚ ਕੁਝ ਵੀ ਹੈ ਹੁਣ ਤਾਂ ਅਸੀਂ ਇਸੇ ਨੂੰ ਕਹਿ ਚੁੱਕੇ ਹਾਂ ਇਹੀ ਲਵੇਗਾ, ਪਰ ਤੂੰ ਖ਼ਿਆਲ ਨਾ ਕਰ ਤੇਰੀ ਸੇਵਾ ਮਨਜ਼ੂਰ ਹੋ ਗਈ ਹੈ, ਸਾਨੂੰ ਪੁੱਜ ਗਿਆ।" ਦੇਖਣ ਵਾਲੇ ਹੈਰਾਨ ਸਨ ਕਿ ਇਤਨੀ ਉਦਾਰਤਾ।

ਸੋਨੇ ਦਾ ਨਾਮ ਸੁਣ ਕੇ ਭਗਤ ਨਾਨਕ ਸਿੰਘ ਭੈਭੀਤ ਹੋ ਗਿਆ ਤੇ ਕਿਹਾ, "ਮਹਾਰਾਜ! ਮੈਂ ਗ਼ਰੀਬ ਆਦਮੀ ਇਤਨੀ ਵਿਸ਼ਾਲ ਵਸਤੂ ਦਾ ਅਧਿਕਾਰੀ ਨਹੀਂ।" ਸੰਤਾਂ ਨੇ ਕਿਹਾ, "ਤੂੰ ਬਈ ਕਿਸੇ ਤੋਂ ਭੈਅ ਨਾ ਕਰ, ਅਸੀਂ ਤੈਨੂੰ ਆਪ ਦੇ ਰਹੇ ਹਾਂ। ਇਹ ਸੋਨਾ ਇਸ ਝਗੜੂ ਦੇ ਵਿਆਹ ਵਿੱਚ ਪਾ ਦੇਵੀਂ।" ਬਾਬਾ ਜੀ ਦਾ ਬਖ਼ਸ਼ਿਸ਼ ਵਾਲਾ ਦ੍ਰਿੜ ਖ਼ਿਆਲ ਦੇਖਕੇ ਹੋਰ ਵੀ ਫੌਜੀਆਂ ਨੇ ਜ਼ੋਰ ਦਿੱਤਾ ਜਿਸ ਕਰਕੇ ਇਸ ਨੇ ਡਰਦਿਆਂ-ਡਰਦਿਆਂ ਚੁੱਕ ਲਿਆ ਪਰ ਗ਼ਰੀਬ ਆਦਮੀ ਇਤਨੀ ਵੱਡੀ ਬਖ਼ਸ਼ਿਸ਼ ਜਾਣ ਕੇ ਬੜਾ ਘਾਬਰਿਆ ਕਿ ਜੇ ਕਿਸੇ ਚੋਰ ਡਾਕੂ ਨੂੰ ਪਤਾ ਲੱਗ ਗਿਆ ਇਹਦੇ ਪਾਸ ਇਤਨਾ ਸੋਨਾ ਹੈ ਤਾਂ ਕਿਤੇ ਕੋਈ ਰਾਤ ਨੂੰ ਹੀ ਨਾ ਆ ਕੇ ਗਲਾ ਘੁੱਟ ਜਾਵੇ। ਹਨੇਰਾ ਹੋਏ ਤੋਂ ਫੇਰ ਘਰੋਂ ਮੋੜਣ ਵਾਸਤੇ ਬਾਬਾ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ। ਦੀਵਾਨ ਦੀ ਸਮਾਪਤੀ ਸਮੇਂ ਸੰਤ ਬਾਹਰ ਗੋਖੇ ਦੀ ਛਪੜੀ ਵੱਲ ਜਾ ਰਹੇ ਸਨ, ਇਹ ਅੱਗੋਂ ਮਿਲਿਆ ਚਰਨ ਫੜ੍ਹੇ ਤੇ ਅਰਜ਼ ਕੀਤੀ, "ਦਾਤਾ! ਮੈਂ ਬੜਾ ਗ਼ਰੀਬ ਕੰਗਲਾ ਹਾਂ ਮੇਰੇ ਤੇ ਤਰਸ ਕਰੋ ਮੈਂ ਇਤਨੀ ਵੱਡੀ ਵਸਤੂ ਦਾ ਅਧਿਕਾਰੀ ਨਹੀਂ, ਮੈਨੂੰ ਤਾਂ ਰਾਤ ਸਮੇਂ ਕੋਈ ਮਾਰ ਜਾਵੇਗਾ।" ਸੰਤਾਂ ਨੇ ਧੀਰਜ ਦਿੱਤਾ ਤੇ ਕਿਹਾ, "ਅਸੀਂ ਦਾਨ ਕੀਤੀ ਚੀਜ਼ ਨੂੰ ਵਾਪਸ ਨਹੀਂ ਲੈਂਦੇ। ਜੇ ਤੈਨੂੰ ਆਪਣੇ ਪਾਸ ਰੱਖਣ ਵਿੱਚ ਕੋਈ ਡਰ ਹੈ ਕਿ ਮਾਰ ਜਾਵੇਗਾ ਤਾਂ ਗੇਂਦਾ ਸਿੰਘ ਸੂਦ ਦੇ ਪਾਸ ਅਮਾਨਤ ਰੱਖ ਦੇਹ ਝਗੜੂ ਦੇ ਵਿਆਹ ਨੂੰ ਲੈ ਲਵੀਂ।" ਇਸ ਨੇ ਫੇਰ ਸੰਤਾਂ ਦਾ ਬਚਨ ਨਹੀਂ ਮੋੜਿਆ ਤੇ ਉਹ ਸੋਨੇ ਵਾਲੀ ਡੱਬੀ ਗੇਂਦਾ ਸਿੰਘ ਸੂਦ ਪਾਸ ਰੱਖ ਦਿੱਤੀ ਜਿੱਥੇ ਹੋਰ ਲੋਕਾਂ ਦੀਆਂ ਅਮਾਨਤਾਂ ਪਈਆਂ ਸਨ। ਜਦੋਂ ਝਗੜੂ ਦੇ ਵਿਆਹ ਦਾ ਸਮਾ ਆਇਆ ਤਾਂ ਇਸ ਨੂੰ ਪੈਸਾ ਕਿਤੋਂ ਨਾ ਮਿਲੇ। ਅਖ਼ੀਰ ਨੂੰ ਸੰਤਾਂ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਅਤੇ ਅਰਜ਼ ਕੀਤੀ, "ਮਹਾਰਾਜ! ਕੁਝ ਮਾਇਆ ਦੀ ਲੋੜ ਹੈ, ਝਗੜੂ ਦਾ ਵਿਆਹ ਨੇੜੇ ਆ ਗਿਆ ਹੈ ਪੈਸਾ ਕਿਤੋਂ ਮਿਲਦਾ ਨਹੀਂ। ਆਪ ਕ੍ਰਿਪਾ ਕਰੋ। ਮੈਂ ਕੋਸ਼ਿਸ ਕਰਕੇ ਛੇਤੀ ਮੋੜ ਦੇਵਾਂਗਾ।"

ਸੰਤਾਂ ਨੇ ਹੱਸ ਕੇ ਆਖਿਆ, "ਕਿਤਨੇ ਕੁ ਰੁਪੈ ਨਾਲ ਕੰਮ ਸਰ ਜਾਵੇਗਾ?" ਉਸ ਨੇ ਅਰਜ਼ ਕੀਤੀ, "ਮਹਾਰਾਜ! ਦੋ ਕੁ ਸੌ ਰੁਪੈ ਨਾਲ ਕਾਰਜ ਹੋ ਜਾਵੇਗਾ।" ਸੰਤ ਕਹਿਣ ਲੱਗੇ, "ਜੇ ਦੋ ਸੌ ਹੀ ਲੈਣਾ ਹੈ ਤਾਂ ਪਿੰਡੋਂ ਕਿਸੇ ਸ਼ਾਹੂਕਾਰ ਦੇ ਪਾਸੋਂ ਕਰਜ਼ੇ ਦਾ ਲੈ ਲੈ। ਜੇ ਦੋ ਹਜ਼ਾਰ ਦੀ ਲੋੜ ਹੈ ਤਾਂ ਸਾਡੇ ਪਾਸੋਂ ਮੰਗ ਲੈ। ਇਹ ਗੁਰੂ ਨਾਨਕ ਦਾ ਘਰ ਹੈ ਭਲਿਆ! ਬਾਦਸ਼ਾਹ ਦੇ ਪਾਸ ਜਾਕੇ ਮੰਗੇ, ਤੂੜੀ ਦੀ ਪੰਡ। ਝਗੜੂ ਦਾ ਵਿਆਹ ਤੂੰ ਰੋਜ਼-ਰੋਜ਼ ਕਰਨਾ ਹੈ, ਜਾਹ ਘਰ ਬੈਠ ਅਸੀਂ ਆਪੇ ਉਸਦਾ ਵਿਆਹ ਕਰ ਦੇਵਾਂਗੇ। ਜਿਤਨਾ ਧਨ ਖਰਚ ਹੋਵੇ ਗੇਂਦਾ ਸਿੰਘ ਸੂਦ ਦੇ ਪਾਸੋਂ ਲਈ ਜਾਹ।"।

ਉਸ ਸਮੇਂ ਵਿਆਹ ਤੇ ਅਠਾਰਾਂ ਸੌ ਰੁਪਿਆ ਖਰਚ ਹੋਇਆ। ਸਾਰਾ ਸੰਤਾਂ ਨੇ ਆਪ ਦਿੱਤਾ ਤੇ ਮੁੜ ਕੇ ਮੰਗਿਆ ਤੱਕ ਵੀ ਨਹੀਂ। ਇਹ ਵਾਰਤਾ ੧੯੭੧ ਦੇ ਆਦਿ ਵਿੱਚ ਝਗੜੂ ਨੇ ਮੈਨੂੰ ਆਪ ਦੱਸੀ ਕਿ ਇਉਂ ਗੁਰੂ ਘਰ ਦੇ ਗ਼ਰੀਬ

ਸੇਵਾਦਾਰਾਂ ਤੇ ਦਾਤੇ ਦੀ ਅਪਾਰ ਬਖ਼ਸ਼ਿਸ਼ ਹੁੰਦੀ ਸੀ, ਪੰਜਵੇਂ ਪਾਤਸ਼ਾਹ ਜੀ ਫੁਰਮਾਉਂਦੇ ਹਨ:

ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥
ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥

(ਪੰਨਾ ੬੧੦)

# ਸਾਲਾਨਾ ਜੋੜ ਮੇਲੇ ਤੇ ਸੈਦੂ ਪੁੱਜਣਾ

ਪਰਉਪਕਾਰੀ ਸਰੀਰ ਨੂੰ ਧਾਰਨ ਕਰ ਕੇ ਬਾਬਾ ਜੀ ਸੰਸਾਰੀ ਜੀਵਾਂ ਨੂੰ ਨਾਮ-ਦਾਨ ਤੇ ਇਸ਼ਨਾਨ ਦੀ ਬਖ਼ਸ਼ਿਸ਼ ਕਰਕੇ ਜਗਤ ਜਲੰਦੇ ਨੂੰ ਸ਼ਾਂਤੀ ਪ੍ਰਦਾਨ ਕਰ ਰਹੇ ਸਨ। ਜਦੋਂ ਮੱਘਰ ਦਾ ਮਹੀਨਾ ਸਮਾਪਤ ਹੋਇਆ, ਚੜ੍ਹਦੇ ਪੋਹ ਸੈਦੂ ਨਗਰ ਤੋਂ ਹਿੰਦੂ ਤੇ ਮੁਸਲਮਾਨਾਂ ਵਲੋਂ ਸਾਲਾਨਾ ਜੋੜ-ਮੇਲੇ ਤੇ ਪੁੱਜਣ ਵਾਸਤੇ ਚਿੱਠੀਆਂ ਆਉਣ ਲੱਗ ਪਈਆਂ। ਐਤਕੀਂ ਹੋਰਨਾਂ ਪਤ੍ਰਕਾਂ ਤੋਂ ਵੱਖਰੀ ਸੈਦੂ ਤੋਂ ਇੱਕ ਤਾਰ ਪੁੱਜੀ ਜਿਸ ਵਿੱਚ ਨਜ਼ੁੱਲਾ ਖ਼ਾਂ ਪਠਾਣ ਨੇ ਬਾਬਾ ਜੀ ਨੂੰ ਆਪਣੇ ਘਰ ਵਿੱਚ:

... ਸਾਧ ਬਚਨ ਅਟਲਾਧਾ ॥

(ਪੰਨਾ ੧੨੦੪)

ਦੇ ਹੁਕਮ ਅਨੁਸਾਰ ਵੱਡੀ ਬੇਗ਼ਮ ਤੋਂ ਜਿਸ ਦੀ ਉਮਰ ਅੱਸੀ ਸਾਲਾਂ ਦੀ ਸੀ, ਲੜਕੇ ਦੇ ਜਨਮ ਦੀ ਖ਼ੁਸ਼ੀ ਲਿਖੀ ਸੀ ਅਤੇ ਬਿਹਬਲ ਹੋ ਕੇ ਦਰਸ਼ਨਾਂ ਦੀ ਤਾਂਘ ਤੇ ਆਪਣੀ ਸ਼ਰਧਾ ਪ੍ਰਗਟ ਕੀਤੀ ਸੀ।

ਨਿਤਾ-ਪ੍ਰਤੀ ਹੋਰ ਵੀ ਬੇਅੰਤ ਪ੍ਰੇਮ-ਪੱਤਰਕਾਂ ਆਉਂਦੀਆਂ। ਬਾਰੰਬਾਰ ਦੀਆਂ ਬੇਨਤੀਆਂ ਪੁੱਜਣ ਤੇ ਹਜ਼ੂਰ ਨੇ ਮੁੜ ਸੈਦੂ ਜਾਣ ਦੀ ਤਿਆਰੀ ਕਰ ਲਈ ਅਤੇ ਕੁਝ ਕੁ ਪ੍ਰੇਮੀ ਸੇਵਾਦਾਰਾਂ ਦੇ ਸਮੇਤ ਸਾਹਨੇਵਾਲ ਤੋਂ ਗੱਡੀ ਬੈਠ ਕੇ ਸੈਦੂ ਪੁੱਜੇ। ਜਦੋਂ ਅਕੋੜੇ ਸਟੇਸ਼ਨ ਤੇ ਗੱਡੀ ਰੁਕੀ ਤਾਂ ਅੱਗੋਂ ਹੀ ਬੇਅੰਤ ਸੰਗਤਾਂ ਦਾ ਇਕੱਠ ਹੋਇਆ ਸੀ। ਬੈਂਡ ਵਾਜਿਆਂ ਨਰਸਿੰਗਿਆਂ, ਤੂਤੀਆਂ, ਢੋਲਕੀ ਤੇ ਛੈਣਿਆਂ ਦੀ ਆਵਾਜ਼ ਨਾਲ ਅਕਾਸ਼ ਗੂੰਜ ਉੱਠਿਆ, ਬਿਰਧ ਅਵਸਥਾ ਵਿੱਚ ਨਜ਼ੁੱਲਾ ਖ਼ਾਂ ਦੇ ਘਰ ਬਾਬਾ ਜੀ ਦੇ ਵਰ ਨਾਲ ਲੜਕੇ ਦਾ ਜਨਮ ਸੁਣਕੇ ਪਠਾਣਾਂ ਨੂੰ ਬੜੀ ਸ਼ਰਧਾ ਸੀ। ਫੁੱਲਾਂ ਦੇ ਸੇਹਰੇ ਗਲੇ ਪਾ ਕੇ ਨਮਸਕਾਰ ਕੀਤੀ, ਭੇਟਾ ਅਰਪੀ ਤੇ ਨਾਲ-ਨਾਲ ਚਲ ਪਏ।

ਏਧਰੋਂ ਨਜ਼ੁੱਲਾ ਖ਼ਾਂ ਪਠਾਨ ਵੀ ਬਾਬਾ ਜੀ ਦੇ ਆਉਣ ਦਾ ਪਤਾ ਲੱਗਣ ਤੋਂ ਆਪਣੀ ਸਾਰੀ ਤਿਆਰੀ ਕਰਕੇ ਵੱਡੀ ਬੇਗ਼ਮ ਅਤੇ ਹੋਰ ਪ੍ਰਵਾਰ ਨੂੰ ਨਾਲ ਲੈ ਕੇ ਸੰਤਾਂ ਦੇ ਚਰਨਾਂ ਤੇ ਬੱਚੇ ਦਾ ਮੱਥਾ ਟਿਕਾਉਣ ਆਇਆ। ਬਹੁਤਾ ਬਿਰਧ ਸਰੀਰ ਸੀ। ਇਸ ਕਰਕੇ ਸੈਦੂ ਨਗਰ ਤੋਂ ਚੱਲ ਕੇ ਸਟੇਸ਼ਨ ਤੇ ਰਸਤੇ ਵਿੱਚ ਹੀ ਆ ਬੈਠਾ। ਜਦੋਂ ਹਜ਼ੂਰ ਇਸਦੇ ਪਾਸ ਆਏ ਤਾਂ ਇਸਨੇ ਚਰਨ ਪਕੜ ਲਏ। ਸਜਲ ਨੇਤ੍ਰੀ ਪ੍ਰਵਾਰ ਦੇ ਸਮੇਤ ਨਮਸ਼ਕਾਰ ਕੀਤੀ, ਚਰਨਾਂ ਦੀ ਧੂੜੀ ਮੁਖ ਮਸਤਕ ਅਤੇ ਨੇਤਰਾਂ ਤੇ ਲਾਈ। ਬੱਚੇ ਨੂੰ ਚਰਨੀਂ ਪਾਇਆ। ਬੇਗਮ ਨੇ ਅੱਗੇ ਹੋ ਕੇ ਖੁੱਲ੍ਹੇ ਮੂੰਹ ਫ਼ਲਾਂ ਦੇ ਟੋਕਰੇ, ਕੀਮਤੀ ਬਸਤਰ ਤੇ ਕਈ ਹਜ਼ਾਰ ਰੁਪਿਆ ਨਕਦੀ ਅਰਪਕੇ ਨਮਸ਼ਕਾਰ ਕੀਤੀ। ਸੰਤਾਂ ਨੇ ਹੱਸਕੇ ਆਖਿਆ, "ਬੀਬਾ! ਤੁਹਾਡੇ ਤਾਂ ਪੜਦਾ ਕਰਨ ਦੀ ਬੜੀ ਸਖ਼ਤ ਪਾਬੰਦੀ ਹੈ, ਬੁਰਕਾ ਪਾਏ ਤੋਂ ਬਗ਼ੈਰ ਕੋਈ ਜ਼ਨਾਨੀ ਘਰੋਂ ਬਾਹਰ ਨਹੀਂ ਨਿਕਲ ਸਕਦੀ, ਤੁਸਾਂ ਪੜਦਾ ਕਿਉਂ ਨਹੀਂ ਕੀਤਾ?" ਬੇਗਮ ਨੇ ਬੜੀ ਭਾਵਨਾ ਨਾਲ ਹੱਥ ਜੋੜੇ ਅਤੇ ਭਰੇ ਗਲੇ ਨਾਲ ਅਰਜ਼ ਕੀਤੀ, "ਅੱਜ ਪ੍ਰਤੱਖ ਖ਼ੁਦਾ ਦਾ ਹੀ ਦੀਦਾਰ ਹੋਇਆ ਹੈ ਪੀਰ ਜੀ! ਹੋਰ ਸਾਰੀ ਦੁਨੀਆਂ ਦੇ ਲੋਕਾਂ ਤੋਂ ਪੜਦਾ ਕੀਤਾ ਜਾਂਦਾ ਹੈ ਪਰ ਪਿਤਾ, ਭਰਾ ਤੇ ਖਾਵੰਦ ਇਨ੍ਹਾਂ ਤਿੰਨਾਂ ਤੋਂ ਪੜਦਾ ਨਹੀਂ ਕਰੀਦਾ। ਆਪ ਤਾਂ ਖ਼ੁਦਾ ਦਾ ਰੂਪ ਅੱਲਾ ਪਾਕ ਦੀ ਪੂਰਨ ਜੋਤ ਹੋ, ਆਪ ਤੋਂ ਪੜਦਾ ਕਿਵੇਂ ਕਰੀਏ? ਤੁਹਾਡਾ ਜਮਾਲ ਤਾਂ ਭਾਗਾਂ ਵਾਲੇ ਕਰਦੇ ਹਨ।" ਇਉਂ ਸ਼ਰਧਾ ਭਰੇ ਬਚਨ ਸੁਣਕੇ ਬਾਬਾ ਜੀ ਦੇ ਨਾਲ ਆਏ ਸਾਰੇ ਹਿੰਦੂ ਤੇ ਮੁਸਲਮਾਨ ਹੈਰਾਨ ਹੋ ਗਏ, ਉਹ ਵੀ ਸ਼ਰਧਾ ਦੇ ਘਰ ਵਿੱਚ ਆਕੇ ਧੰਨ ਗੁਰੂ ਨਾਨਕ! ਧੰਨ ਕਲਗੀਆਂ ਵਾਲਾ ਪਾਤਸ਼ਾਹ! ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ! ਆਖਣ ਲਗੇ।

ਉਸ ਤੋਂ ਬਾਅਦ ਨਜ਼ੁੱਲਾ ਖ਼ਾਂ ਨੇ ਹੱਥ ਜੋੜੇ ਤੇ ਆਖਿਆ, "ਮਹਾਰਾਜ! ਮੇਰੇ ਪਾਸ ਸੱਤ ਖੂਹ ਹਨ, ਜਿਨ੍ਹਾਂ ਵਿੱਚੋਂ ਚਾਰ ਖੂਹਾਂ ਦੀ ਧਰਤੀ ਤੁਹਾਡੇ ਨਾਮ ਲਾ ਦਿੰਦਾ ਹਾਂ ਉਨ੍ਹਾਂ ਦੀ ਆਮਦਨੀ ਪਿੱਛੇ ਭੇਜ ਦਿਆ ਕਰੋ ਅਤੇ ਆਪ ਕ੍ਰਿਪਾ ਦ੍ਰਿਸ਼ਟੀ ਕਰਕੇ ਏਥੇ ਹੀ ਦਰਸ਼ਨ ਦਿਓ।" ਤਾਂ ਆਪ ਜੀ ਨੇ ਉੱਤਰ ਦਿੱਤਾ, "ਖਾਨ ਸਾਹਿਬ! ਸਾਡੇ ਪਾਸ ਖ਼ੁਦਾ ਦਾ ਦਿੱਤਾ ਬੇਅੰਤ ਪਦਾਰਥ ਹੈ, ਨਾਮ ਰੂਪ ਧਨ ਦੇ ਚਾਹਵਾਨ ਬਾਹਜ ਧਨ ਦੀ ਇੱਛਾ ਨਹੀਂ ਕਰਦੇ, ਤੂੰ ਇਨ੍ਹਾਂ ਚੌਹਾਂ ਖੂਹਾਂ ਦੀ ਆਮਦਨੀ ਨੂੰ ਦਾਨ-ਪੁੰਨ ਤੇ ਲਾਈ ਜਾਹ। ਖ਼ੁਦਾ ਨਮਿਤ ਲੰਗਰ ਚਲਾ, ਹੋਰ ਵੀ ਖ਼ਰੈਤ ਕਰ, ਇਸੇ ਵਿੱਚ ਤੇਰਾ ਭਲਾ ਹੋ ਜਾਵੇਗਾ ਫੇਰ ਬੱਚੇ ਨੂੰ ਚਰਨਾਂ ਤੇ ਪਾਕੇ ਨਾਮ ਰੱਖਣ ਲਈ ਬੇਨਤੀ ਕੀਤੀ। ਉਸ ਸਮੇਂ ਹਜ਼ੂਰ ਨੇ ਖ਼ੁਦਾ ਦੀ ਦਾਤ ਹੋਈ ਜਾਣਕੇ ਬੱਚੇ ਦਾ ਨਾਮ ਖ਼ੁਦਾ ਦਾਦ ਹੀ ਰੱਖਿਆ ਅਤੇ ਚੋਲਾ ਪਾਉਣ ਵਾਸਤੇ ਆਪਣੇ ਕੋਲੋਂ ਹੱਥੀਂ ਬਸਤ੍ਰ ਦਿੱਤਾ ਤੇ ਅਸੀਸਾਂ ਦਿੱਤੀਆਂ।

ਆਪ ਜੀ ਦਾ ਤਿਆਗ ਦੇਖਕੇ ਇਹ ਪਠਾਣ ਤੇ ਹੋਰ ਨਾਲ ਆਏ ਸਾਰੇ ਹੀ ਹਿੰਦੂ ਮੁਸਲਮਾਨ ਬੜੇ ਹੈਰਾਨ ਤੇ ਪ੍ਰਸੰਨ ਹੋਏ। ਇਹ ਤਾਂ ਬਾਬਾ ਜੀ ਦੀ ਆਗਿਆ ਪਾ ਕੇ ਹਜ਼ੂਰ ਨੂੰ ਨਮਸ਼ਕਾਰ ਕਰਕੇ ਸਮੇਤ ਪ੍ਰਵਾਰ ਦੇ ਆਪਣੇ ਘਰ ਵਾਪਸ ਆ ਗਿਆ। ਫੇਰ ਜਿਤਨੇ ਵੀ ਦਿਨ ਆਪ ਏਥੇ ਸੈਦੂ ਠਹਿਰੇ ਤਾਂ ਆਪ ਜੀ ਵਾਸਤੇ ਅਤੇ ਗੁਰੂ ਕੇ ਲੰਗਰ ਲਈ ਸਾਰੀ ਰਸਦ ਆਪਣੇ ਘਰੋਂ ਹੀ ਭੇਜਦਾ ਰਿਹਾ। ਇਉਂ ਇਸਦੇ ਉਪਰ ਕ੍ਰਿਪਾ ਹੋਈ ਜਾਣਕੇ ਸੈਦੂ ਨਗਰ ਦੇ ਹੋਰ ਵੀ ਬੇਅੰਤ ਹਿੰਦੂ ਤੇ ਮੁਸਲਮਾਨ ਪਠਾਣ ਬਾਬਾ ਜੀ ਦੇ ਸ਼ਰਧਾਲੂ ਬਣੇ। ਇਸਨੇ ਅੰਤ ਸਮੇਂ ਵੀ ਸੰਤਾਂ ਦੇ ਸਰੀਰ ਤੇ (ਜਦੋਂ ਸੰਦੂਕ ਵਿੱਚ ਬੰਦ ਕਰਕੇ ਜਲ ਪ੍ਰਵਾਹ ਕਰਨ ਵਾਸਤੇ ਸੈਦੂ ਲਿਆਂਦੇ ਸੀ) ਰੇਸ਼ਮੀ ਦੁਸ਼ਾਲਾ ਪਾ ਕੇ ਸਮੇਤ ਪ੍ਰਵਾਰ ਦੇ ਸਿਜਦਾ ਕੀਤਾ ਤੇ ਹੰਝੂ ਕੇਰਦਾ ਆਪਣੇ ਘਰ ਗਿਆ।

ਧੰਨ ਸੰਤ ਜੀ।

# ਸੈਦੂ ਦਾ ਜੋੜ ਮੇਲਾ

ਉਸ ਤੋਂ ਬਾਅਦ ਬਾਬਾ ਜੀ ਸੰਗਤ ਸਮੇਤ ਸੈਦੂ ਗੁਰਦੁਆਰੇ ਪੁੱਜੇ। ਹਜ਼ੂਰ ਦੇ ਪਾਵਨ ਸਰੂਪ ਨੂੰ ਭੇਟਾ ਨਮਸ਼ਕਾਰ ਕੀਤੀ ਤੇ ਪਾਸ ਬੈਠ ਗਏ। ਬਾਹਰੋਂ ਆਈਆਂ ਸੰਗਤਾਂ ਨੇ ਸਤਿਗੁਰਾਂ ਦੇ ਤੇ ਸੰਤਾਂ ਦਾ ਦੀਦਾਰ ਕੀਤਾ। ਸ਼ਰਧਾ ਨਾਲ ਡੰਡਾਉਤ (ਲੰਮੇ ਪੈ ਕੇ) ਮੱਥਾ ਟੇਕਦੇ ਹਨ। ਬਾਬਾ ਜੀ ਨੇ ਸਾਰਿਆਂ ਨੂੰ ਆਪਣੇ ਹੱਥੀਂ ਪ੍ਰਸ਼ਾਦ ਦਿੱਤਾ ਤੇ ਸੁੱਖ ਅਨੰਦ ਪੁੱਛੀ। ਪ੍ਰੇਮੀਆਂ ਨੇ ਮਹਾਂ-ਪੁਰਸ਼ਾਂ ਦੇ ਨਾਲ ਦੇ ਸਾਥੀਆਂ ਸਮੇਤ ਡੇਰਾ ਕਰਵਾਇਆ, ਜਲ ਪਾਣੀ ਛਕਾਇਆ। ਮਹਾਂ-ਪੁਰਸ਼ ਤਾਂ ਸ਼ਾਮ ਦੇ ਟਾਇਮ ਬਾਹਰ ਦਰਿਆ ਵੱਲ ਚਲੇ ਗਏ, ਓਥੇ ਹੀ ਸ੍ਰੀ ਰਹਿਰਾਸ ਸਾਹਿਬ ਜੀ ਦਾ ਪਾਠ ਕੀਤਾ ਤੇ ਹਨੇਰਾ ਹੋਏ ਤੋਂ ਵਾਪਸ ਆਏ। ਫੇਰ ਦਰਬਾਰ ਵਿੱਚ ਕੀਰਤਨ ਆਰੰਭ ਕੀਤਾ। ਜਿੱਥੇ ਸੰਗਤ ਪਹਿਲਾਂ ਹੀ ਜੁੜੀ ਦਰਸ਼ਨਾਂ ਵਾਸਤੇ ਉਤਾਵਲੀ ਹੋ ਰਹੀ ਸੀ। ਇਲਾਹੀ ਬਾਣੀ ਦਾ ਕੀਰਤਨ ਸੁਣਕੇ ਸਭਨਾਂ ਦੇ ਮਨ ਗਦ-ਗਦ ਹੋ ਗਏ। ਨੌਂ ਵਜੇ ਦੀਵਾਨ ਦੀ ਸਮਾਪਤੀ ਕੀਤੀ। ਸੰਤ ਜੀ ਮਹਾਰਾਜ ਤਾਂ ਫੇਰ ਬਾਹਰ ਦਰਿਆ ਵੱਲ ਚਲੇ ਗਏ ਜਿਥੋਂ ਸਵੇਰੇ ਪੰਜ ਵਜੇ ਕੀਰਤਨ ਸਮੇਂ ਹੀ ਗੁਰਦੁਆਰੇ ਸਾਹਿਬ ਆਏ। ਇਉਂ ਆਪ ਦਿਨ ਦਾ ਸਮਾਂ ਗੁਰਦੁਆਰੇ ਸਾਹਿਬ ਤੇ ਰਾਤ ਦਾ ਵਕਤ ਦਰਿਆ ਦੇ ਕਿਨਾਰੇ ਭਜਨ ਕਰਦੇ, ਕੇਵਲ ਅੱਠੀਂ ਪਹਿਰੀ ਅਲੂਣੀ ਦਾਲ ਸਬਜ਼ੀ ਨਾਲ ਹੀ ਪ੍ਰਸ਼ਾਦ ਛਕ ਕੇ ਕੁਝ ਕੁ ਸਮਾਂ ਆਰਾਮ ਕਰਦੇ। ਰਾਤ ਨੂੰ ਇੱਕ ਪਾ ਦੁੱਧ ਸਵੇਰੇ ਥੋੜ੍ਹੀ ਜੇਹੀ ਚਾਹ। ਇਉਂ ਦੋਵੇਂ ਵਕਤ ਦੀਵਾਨ ਸਜਦਾ, ਸ਼ਰਧਾਲੂ ਪ੍ਰੇਮੀ ਪੁੱਜਕੇ ਲਾਭ ਪ੍ਰਾਪਤ ਕਰਦੇ ਅਤੇ ਅਰਸ਼ੀ ਬਾਣੀ ਦੇ ਕੀਰਤਨ ਦੁਆਰਾ ਆਪਣੇ ਹਿਰਦੇ ਸ਼ਾਂਤ ਕਰਦੇ।

ਕਮਾਈ ਵਾਲੇ ਮਹਾਂ-ਪੁਰਸ਼ ਦੀ ਰਸਨਾ ਚੋਂ ਨਿਕਲਿਆ ਬਚਨ ਬੜੇ-ਬੜੇ ਸਖ਼ਤ ਮਨਾਂ ਨੂੰ ਪੰਘਾਰ ਦਿੰਦਾ ਹੈ ਜਿਵੇਂ ਸਾਧੂਆਂ ਦੇ ਬਚਨਾਂ ਨੇ ਬਾਲਮੀਕ ਜੈਸੇ ਧਾੜਵੀ ਵੀ ਸੰਤ ਬਣਾ ਦਿੱਤੇ ਅਤੇ ਰਿਸ਼ੀ ਨਾਮ ਕਰਕੇ ਪ੍ਰਸਿੱਧ ਹੋਏ। ਇਸੇ ਤਰ੍ਹਾਂ ਬਾਬਾ ਕਰਮ ਸਿੰਘ ਸਾਹਿਬ ਜੀ ਦੀ ਬਖ਼ਸ਼ਿਸ਼ ਨਾਲ ਆਦਮਖੋਰ ਤੇ ਰਾਕਸ਼ ਬੁੱਧੀ ਵਾਲੇ ਪਠਾਣ ਵੀ ਸ਼ਰਧਾਲੂ ਬਣ ਗਏ ਜਿਨ੍ਹਾਂ ਦੇ ਮਤ ਵਿੱਚ ਹਿੰਦੂ ਕਾਫ਼ਰ ਨੂੰ ਮਾਰ ਦੇਣ ਦਾ ਮਹਾਨ ਪੁੰਨ ਕਥਨ ਕੀਤਾ ਹੈ। ਅੱਜ ਉਹੀ ਭਾਵਨਾ ਨਾਲ ਸੈਦੂ ਪੁੱਜਕੇ ਸਿਜਦੇ ਕਰਦੇ ਅਤੇ ਸਾਲਾਨਾ ਜੋੜ ਮੇਲੇ ਦੀ ਸੇਵਾ ਕਰਦੇ ਹਨ। ਨਜ਼ੁੱਲਾ ਖ਼ਾਂ ਪਠਾਣ ਤੇ (ਜਿਸਦੇ ਮਨ ਵਿੱਚ ਬਹੁਤੀ ਬ੍ਰਿਧ ਉਮਰਾ ਹੋਣ ਕਰਕੇ ਬੱਚੇ ਦੇ ਹੋਣ ਦੀ ਉੱਕੀ ਹੀ ਉਮੀਦ ਨਹੀਂ ਸੀ), ਕ੍ਰਿਪਾ ਹੋਈ ਜਾਣਕੇ ਸਾਰੇ ਇਲਾਕੇ ਦੇ ਪਠਾਣ ਬਾਬਾ ਜੀ ਦੇ ਪਰਮ ਪ੍ਰੀਤਵਾਨ ਬਣ ਗਏ। ਜਿੱਥੇ ਵੀ ਸੰਤ ਜੀ ਮਹਾਰਾਜ ਨੇ ਜਾਣਾ ਦਸ ਵੀਹ ਪਠਾਣ ਨਾਲ ਹੁੰਦੇ। ਰਾਤ ਨੂੰ ਵੀ ਚਰਨਾਂ ਵਿੱਚ ਭੁੰਜੇ ਲੇਟ ਜਾਣਾ, ਭਾਵਨਾ ਨਾਲ ਹੁਕਮ ਮੰਨਣਾ। ਇਉਂ ਸਮਾਂ ਲੰਘਦਾ ਜਾ ਰਿਹਾ ਹੈ। ਇਤਨੇ ਨੂੰ ਨੌਮੀ ਦਾ ਜੋੜ ਮੇਲਾ ਨਜ਼ਦੀਕ ਆ ਗਿਆ। ਹਜ਼ੂਰ ਨੇ ਸਾਰੀਆਂ ਸੰਗਤਾਂ ਨਾਲ ਵਿਚਾਰ ਕਰਕੇ ਮਾਘ ਸੁਧੀ ਸਪਤਮੀ ਤਿੱਥ ਨੂੰ ਸ੍ਰੀ ਅਖੰਡ ਪਾਠ ਪ੍ਰਾਰੰਭ ਕਰਵਾ ਦਿੱਤਾ ਅਤੇ ਇਲਾਕੇ ਵਿੱਚ ਖ਼ਬਰਾਂ ਭੇਜ ਦਿਤੀਆਂ। ਬਾਬਾ ਜੀ ਦਾ ਪੰਜਾਬੋਂ ਆਉਣਾ ਸੁਣਕੇ ਤੇ ਸ੍ਰੀ ਹਜ਼ੂਰ ਵੱਡੇ ਸਾਹਿਬਾਂ ਦੀ ਸਾਲਾਨਾ ਬਰਸੀ ਜਾਣਕੇ ਸ਼ਰਧਾਲੂ ਹਿੰਦੂ ਤੇ ਮੁਸਲਮਾਨ ਪ੍ਰੇਮੀ ਦੂਰ-ਦੂਰ ਤੋਂ ਪੁਜੇ ਅਤੇ ਆਪਣੇ ਪਾਸੋਂ ਗੁਰੂ ਕੇ ਲੰਗਰ ਵਾਸਤੇ ਆਟਾ, ਦਾਲ, ਦੁੱਧ, ਘਿਓ, ਮਿੱਠਾ ਤੇ ਨਕਦੀ ਮਾਇਆ ਲਿਆਕੇ ਅਰਪਦੇ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਚਲਿਆ ਜਿਸਦੀ ਜ਼ੁੰਮੇਂਵਾਰੀ ਪਹਿਲਾਂ ਵਾਂਗੂੰ ਹੀ ਭਾਈ ਰਾਮ ਚੰਦ ਅਕੋੜੇ ਵਾਲੇ ਨੂੰ ਸੌਂਪ ਦਿਤੀ। ਬਾਅਦ ਵਿੱਚ ਹਿਸਾਬ ਕਰਕੇ ਸਾਰੇ ਸਮਾਗਮ ਵਿੱਚ ਖ਼ਰਚ ਹੋਈ ਮਾਇਆ ਦੇ ਦਿੱਤੀ। ਤਿੰਨੇ ਦਿਨ ਦੀਵਾਨ ਸਜਦਾ ਰਿਹਾ। ਬਾਬਾ ਜੀ ਅੱਗੇ ਵੀ ਸੰਗਤਾਂ ਵਲੋਂ ਬੇਅੰਤ ਪਦਾਰਥ ਮਿਸ਼ਰੀ, ਬਦਾਮ, ਫ਼ਲ-ਫਰੂਟ, ਮਿਠਾਈ, ਬਸਤਰ ਤੇ ਨਕਦੀ ਧਨ ਅਰਪਿਆ ਜਾ ਰਿਹਾ ਹੈ। ਹਜ਼ੂਰ ਸਭਨਾਂ ਦੀ ਭਾਵਨਾ ਅਨੁਸਾਰ ਮਨੋਕਾਮਨਾ ਪੂਰੀ ਕਰ ਰਹੇ ਸਨ।

ਨੌਮੀ ਵਾਲੇ ਦਿਨ ਸ੍ਰੀ ਅਖੰਡ ਪਾਠ ਦਾ ਭੋਗ ਪਿਆ। ਉਪਰੰਤ ਆਰਤਾ ਆਰਤੀ ਸ਼ਬਦ ਕੀਰਤਨ ਤੇ ਅਰਦਾਸ ਹੋਈ, ਕੜਾਹ ਪ੍ਰਸਾਦ ਦੀ ਦੇਗ ਵਰਤਾ ਕੇ ਬਾਅਦ ਵਿੱਚ ਸਕੂਲ ਦੀ ਗਰਾਊਂਡ ਵਿੱਚ ਦੀਵਾਨ ਸਜਿਆ, ਜਿਸਦਾ ਭੋਗ ਸ਼ਾਮੀਂ ਪੰਜ ਵਜੇ ਪਾਇਆ ਗਿਆ। ਗੁਰੂ ਕਾ ਲੰਗਰ ਅਰਦਾਸ ਕਰਕੇ ਸਵੇਰ ਤੋਂ ਹੀ ਚਾਲੂ ਕਰ ਦਿੱਤਾ, ਜਿਸ ਵਿੱਚ ਮਾਹਲ ਪੂੜੇ, ਖੀਰ, ਪ੍ਰਸ਼ਾਦ, ਦਾਲ-ਸਬਜ਼ੀ ਤੇ ਦਹੀਂ ਭੱਲੇ ਬਣੇ ਸਨ। ਰਾਤ ਦੇ ਗਿਆਰਾਂ ਵਜੇ ਤੱਕ ਇੱਕ ਰਸ ਵਰਤਿਆ। ਦੀਵਾਨ ਦੀ ਸਮਾਪਤੀ ਸਮੇਂ ਜੋੜਿਆਂ ਦੇ ਸੇਵਾਦਾਰਾਂ ਤੇ ਲੰਗਰ ਦੀ ਸੇਵਾ ਕਰਨ ਵਾਲੇ ਪ੍ਰੇਮੀਆਂ ਨੂੰ ਸੰਤਾਂ ਨੇ ਆਪਣੇ ਹੱਥੀਂ ਪ੍ਰਸ਼ਾਦ ਤੇ ਅਸੀਸਾਂ ਦਿੱਤੀਆਂ। ਹੋਰ ਵੀ ਡਿਊਟੀ ਕਰਨ ਵਾਲਿਆਂ ਦੀਆਂ ਮਨੋ-ਕਾਮਨਾਵਾਂ ਪੂਰੀਆਂ ਹੋਈਆਂ। ਸਕੂਲ ਚੋਂ ਸਮਾਨ ਸੰਭਾਲਣ ਦੀ ਡਿਊਟੀ ਲਾਕੇ ਆਪ ਬਾਹਰ ਦਰਿਆ ਵੱਲ ਚਲੇ ਗਏ। ਰਾਤੀਂ ਵਾਪਸ ਆਕੇ

ਪ੍ਰਸ਼ਾਦ ਛਕਿਆ ਕਿਉਂਕਿ ਸਵੇਰੇ ਕੁਝ ਨਹੀਂ ਸੀ ਛਕਿਆ। ੧੧ ਤੋਂ ੨ ਵਜੇ ਤੱਕ ਕੇਵਲ ਤਿੰਨ ਘੰਟੇ ਹੀ ਆਰਾਮ ਕੀਤਾ। ਫੇਰ ਇਸ਼ਨਾਨ ਕਰਕੇ ਸਿਮਰਨ ਵਿੱਚ ਜੁੜ ਗਏ। ਸਵੇਰੇ ਪੰਜ ਵਜੇ ਗੁਰੂ ਦਰਬਾਰ ਵਿੱਚ ਕੀਰਤਨ ਦੁਆਰਾ ਹਾਜ਼ਰੀਆਂ ਭਰੀਆਂ।

# ਜ਼ਿਆਰਤ ਕਾਕਾ ਸਾਹਿਬ

ਜ਼ਿਆਰਤ ਕਾਕਾ ਸਾਹਿਬ ਦਾ ਮੀਆਂ ਤੇ ਹੋਰ ਉਸਦੇ ਮੁਰੀਦ ਬਾਬਾ ਜੀ ਦੇ ਦਰਸ਼ਨਾਂ ਨੂੰ ਆਏ। ਇਨ੍ਹਾਂ ਦੇ ਬਜ਼ੁਰਗ ਪਹਿਲਾਂ ਬਾਬਾ ਕਰਮ ਸਿੰਘ ਜੀ ਮਹਾਰਾਜ ਪਾਸ ਆਇਆ ਕਰਦੇ ਸਨ। ਬਾਬਾ ਜੀ ਨੇ ਸਾਰੇ ਮਹਾਂ-ਪੁਰਸ਼ਾਂ ਦਾ ਸਤਿਕਾਰ ਕੀਤਾ, ਅਦਬ ਨਾਲ ਆਪਣੇ ਪਾਸ ਬਿਠਾਇਆ। ਇਨ੍ਹਾਂ ਨੇ ਬੜੀ ਭਾਵਨਾ ਨਾਲ ਦਸਤ ਬੋਸੀ ਲਈ ਇਲਾਚੀਆਂ ਅਤੇ ਮਿਸ਼ਰੀ ਦਾ ਪ੍ਰਸ਼ਾਦ ਅੱਗੇ ਰੱਖਿਆ। ਸੰਤਾਂ ਨੇ ਸਭਨਾਂ ਦੀ ਸੁਖ-ਅਨੰਦ ਪੁਛੀ, ਦੁੱਧ ਚਾਹ ਛਕਾਈ। ਬਾਅਦ ਵਿੱਚ ਬੜੇ ਮੀਆਂ ਸਾਹਿਬ ਨੇ ਅਰਜ਼ ਕੀਤੀ, ਆਪ ਪੀਰਾਨ ਪੀਰ ਗੁਰੂ ਨਾਨਕ ਦੇਵ ਜੀ ਦੇ ਮੁਰੀਦ ਅਤੇ ਕਾਮਲ ਫ਼ਕੀਰ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਅਸਥਾਨੀ ਹੋ ਕਿਰਪਾ ਕਰਕੇ ਦੱਸੋ ਕਿ ਅੱਗੇ ਅੱਲਾ ਤਾਲਾ ਦੇ ਘਰ ਕੀ ਪ੍ਰਵਾਨ ਹੈ? ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਬਾਬਾ ਜੀ ਨੇ ਸਹੀ ਅਤੇ ਨਿਰਪੱਖ ਉੱਤਰ ਦਿੱਤਾ, ਜਿਵੇਂ ਸਿਆਣਾ ਵੈਦ ਮਰੀਜ਼ ਦੇ ਰੋਗ ਦਾ ਜਾਣੂ ਹੋ ਕੇ ਉਸੇ ਤਰ੍ਹਾਂ ਦੀ ਦਵਾਈ ਦਿੰਦਾ ਹੈ:

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥

(ਪੰਨਾ ੧੪੮)

ਜਿਵੇਂ ਗੁਰੂ ਨਾਨਕ ਦੇਵ ਜੀ ਮਹਾਰਾਜ ਜਿੱਥੇ ਵੀ ਗਏ ਉਸ ਮੁਲਕ ਦੇ ਵਾਸੀਆਂ ਨੂੰ ਉਨ੍ਹਾਂ ਦੇ ਤਰੀਕੇ ਦੁਆਰਾ ਅਤੇ ਉਨ੍ਹਾਂ ਦੀ ਹੀ ਭਾਸ਼ਾ ਵਿੱਚ ਉਪਦੇਸ਼ ਕਰਦੇ ਰਹੇ। ਕਿਸੇ ਕਾਜ਼ੀ ਨੂੰ ਅਸਲੀ ਮੁਸਲਮਾਨ ਦੇ ਲੱਛਣ ਦਸਦਿਆਂ ਆਪ ਜੀ ਨੇ ਫੁਰਮਾਇਆ:

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥

(ਪੰਨਾ ੧੪੧)

ਅਤੇ ਨਿਮਾਜ਼ਾਂ ਬਾਬਤ ਫੁਰਮਾਇਆ ਹੈ:

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥

(ਪੰਨਾ ੧੪੧)

ਸੋ ਕਿਸੇ ਮਤ-ਮਤਾਂਤਰ ਦਾ ਖੰਡਨ ਨਹੀਂ ਕੀਤਾ, ਕਿਸੇ ਭੇਖ ਤੇ ਤਰਕ ਨਹੀਂ ਕੀਤੀ। ਇਸੇ ਤਰ੍ਹਾਂ ਬਾਬਾ ਜੀ ਕਹਿਣ ਲਗੇ ਕਿ ਮੀਆਂ ਸਾਹਿਬ! ਅੱਗੇ ਤਾਂ ਅੱਲਾ ਦੀ ਬੰਦਗੀ ਅਤੇ ਸੱਚੇ ਹਿਰਦੇ ਨਾਲ ਕੀਤੀਆਂ ਤੁਹਾਡੀਆਂ ਨਿਮਾਜ਼ਾਂ ਜੋ ਮੁਸਲਮਾਨ ਭਾਈ ਪੜ੍ਹਦੇ ਹਨ, ਦਿਲ ਦੀ ਮੁਹੱਬਤ ਤੇ ਸੱਚੀ ਕਰਣੀ ਹੀ ਪ੍ਰਵਾਨ ਹੈ। ਸੂਫੀ ਫਕੀਰ ਸ਼ੇਖ ਫ਼ਰੀਦ ਜੀ ਫੁਰਮਾਉਂਦੇ ਹਨ:

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ।

(ਪੰਨਾ ੪੮੮)

ਇਸ ਨੇ ਫੇਰ ਅਰਜ਼ ਕੀਤੀ, "ਮਹਾਰਾਜ! ਇਹ ਵੀ ਦੱਸੋ ਕਿ ਇਸ ਜੀਵ ਦੀ ਰੂਹ ਕਿਵੇਂ ਪ੍ਰਸੰਨ ਰਹੇ?" ਸੰਤਾਂ ਨੇ ਉੱਤਰ ਦਿਤਾ, ਖ਼ੁਦਾ ਨੂੰ ਹਰ ਵੇਲੇ ਨੇੜੇ ਜਾਣਕੇ ਉਸ ਦੀ ਯਾਦ ਵਿੱਚ ਲੀਨ ਰਹਿਣ ਨਾਲ ਇਸ ਜੀਵ ਦੀ ਰੂਹ ਖ਼ੁਸ਼ ਰਹਿੰਦੀ ਹੈ। ਇਉਂ ਸਹੀ ਤੇ ਨਿਰਪੱਖ ਉੱਤਰ ਸੁਣਕੇ ਇਹ ਮੀਆਂ ਸਾਹਿਬ ਅਤੇ ਇਸਦੇ ਨਾਲ ਦੇ ਸਾਥੀ ਸਾਰੇ ਹੀ ਬੜੇ ਪ੍ਰਸੰਨ ਹੋਏ, ਭਾਵਨਾ ਨਾਲ ਸਿਜਦਾ ਕੀਤਾ ਤੇ ਆਗਿਆ ਪਾਕੇ ਹਜ਼ੂਰ ਦਾ ਜਸ ਕਰਦੇ ਹੋਏ ਵਾਪਸ ਆ ਗਏ।

# ਪੰਜਾਬ ਨੂੰ ਵਾਪਸ ਆਉਣ ਦੀ ਤਿਆਰੀ

ਇਨ੍ਹਾਂ ਦਾ ਪ੍ਰੇਮ ਤੇ ਸ਼ਰਧਾ ਦੇਖਕੇ ਬਾਬਾ ਜੀ ਕੁਝ ਕੁ ਦਿਨ ਏਥੇ ਹੋਰ ਠਹਿਰੇ। ਫੇਰ ਪਿਛੇ ਸੰਗਤਾਂ ਦੇ ਮਨਾਂ ਦੀ ਤੜਫ ਤੇ ਅੰਤਰੀਵ ਬੇਨਤੀਆਂ ਅਨੁਭਵ ਕਰਕੇ ਪੰਜਾਬ ਜਾਣ ਦੀ ਤਿਆਰੀ ਕਰ ਲਈ ਪਰ ਜਦੋਂ ਏਥੋਂ ਦੀ ਸੰਗਤ ਨੂੰ ਪਤਾ ਲੱਗਾ ਤਾਂ ਹਜ਼ਾਰਾਂ ਦੀ ਗਿਣਤੀ ਦੇ ਹਿੰਦੂ ਤੇ ਮੁਸਲਮਾਨ ਇਕੱਠੇ ਹੋ ਕੇ ਚਰਨਾਂ ਵਿੱਚ ਹਾਜ਼ਰ ਹੋਏ ਤੇ ਰੋ-ਰੋ ਕੇ ਅਰਜ਼ਾਂ ਕੀਤੀਆਂ, "ਮਹਾਰਾਜ! ਆਪ ਸਾਡੇ ਤੇ ਕ੍ਰਿਪਾ ਕਰੋ ਤੇ ਏਥੇ ਹੀ ਰਹੋ। ਕਿਉਂ ਵਿਛੋੜਾ ਦੇ ਚਲੇ ਹੋ, ਤੁਹਾਡੇ ਬਗ਼ੈਰ ਹੁਣ ਸਾਡਾ ਕੌਣ ਵਾਲੀ ਹੈ?"

ਸੰਤਾਂ ਨੇ ਸਭਨਾਂ ਨੂੰ ਧੀਰਜ ਦਿੱਤਾ ਤੇ ਕਿਹਾ, "ਗੁਰੂ ਪਿਆਰਿਓ! ਪਿਛੇ ਵੀ ਸਾਡਾ ਜਾਣਾ ਜ਼ਰੂਰੀ ਹੈ ਕਿਉਂਕਿ ਓਥੋਂ ਦੀ ਸੇਵਾ ਸੰਭਾਲ ਵੱਡੇ ਸਾਹਿਬਾਂ ਨੇ ਦਾਸ ਨੂੰ ਸੌਂਪੀ ਹੈ, ਅਸੀਂ ਤਾਂ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਨੀ ਹੈ ਤੁਸੀਂ ਪਵਿੱਤ੍ਰ ਅਸਥਾਨ ਦੀ ਯਾਤਰਾ ਤੇ ਸੇਵਾ ਕਰਦੇ ਰਹੋ ਗੁਰੂ ਭਲੀ ਕਰੇਗਾ, ਤੁਹਾਡੀਆਂ ਸਾਰੀਆਂ ਇੱਛਾ ਪੂਰੀਆਂ ਹੋ ਜਾਣਗੀਆਂ।"

ਇਸੇ ਤਰ੍ਹਾਂ ਸ੍ਰੀ ਹਜ਼ੂਰ ਸੰਤ ਜੀ ਮਹਾਰਾਜ ਨੇ ਪ੍ਰੇਮੀਆਂ ਨੂੰ ਬਹੁਤ ਸਾਰਾ ਕਿਹਾ ਪਰ ਫੇਰ ਵੀ ਪਿਆਰ ਦੀ ਬੱਧੀ ਸੰਗਤ ਅਯੁਧਿਆ ਵਾਸੀਆਂ ਵਾਂਗੂੰ ਨਾਲ ਹੀ ਚਲ ਪਈ। ਬਾਬਾ ਜੀ ਸਟੇਸ਼ਨ ਤੇ ਪੁੱਜੇ, ਟਿਕਟਾਂ ਲਈਆਂ, ਗੱਡੀ ਆ ਗਈ ਤੇ ਨਾਲ ਦੇ ਸਾਥੀਆਂ ਸਮੇਤ ਵਿੱਚ ਬੈਠ ਗਏ। ਉਸ ਸਮੇਂ ਬਾਬਾ ਜੀ ਦੇ ਪਿਆਰ ਵਿੱਚ ਲੀਨ ਹੋਏ ਪਠਾਣ ਗੱਡੀ ਦੀ ਲਾਇਨ ਤੇ ਲੰਮੇ ਪੈ ਗਏ ਕਿ ਅਸੀਂ ਪੀਰ ਜੀ ਨੂੰ ਨਹੀਂ ਜਾਣ ਦੇਣਾ ਸਾਨੂੰ ਲਿਤਾੜ ਕੇ ਭਾਵੇਂ ਗੱਡੀ ਉਪਰ ਦੀ ਲੰਘ ਜਾਵੇ। ਉਪਰੋਂ ਸਰਕਾਰੀ ਮੁਲਾਜ਼ਮ ਬਥੇਰਾ ਉਠਾਉਣ ਦੀ ਕੋਸ਼ਿਸ਼ ਕਰਦੇ ਪਰ ਮੱਛੀ ਨੂੰ ਪਾਣੀ ਤੋਂ ਕਿਵੇਂ ਦੂਰ ਕੀਤਾ ਜਾ ਸਕਦਾ ਹੈ ਜੋ ਉਸਦਾ ਜੀਵਨ ਹੈ। ਅਖ਼ੀਰ ਨੂੰ ਅਕੋੜੇ ਸਟੇਸ਼ਨ ਦਾ ਸਟੇਸ਼ਨ ਮਾਸਟਰ ਸੰਤਾਂ ਤੇ ਸ਼ਰਧਾ ਰੱਖਣ ਵਾਲਾ ਬੜਾ ਪ੍ਰੇਮੀ ਸੀ ਤੇ ਹਜ਼ੂਰ ਦੇ ਤੇਜ਼ ਪ੍ਰਤਾਪ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਸੀ ਕਿਉਂਕਿ ਬਾਬਾ ਜੀ ਹਰੇਕ ਸਾਲ ਹੀ ਏਥੇ ਆਉਂਦੇ ਸਨ ਅਤੇ ਇਸੇ ਤਰ੍ਹਾਂ ਸੰਗਤ ਸਟੇਸ਼ਨ ਤੱਕ ਨਾਲ ਆਉਂਦੀ ਤੇ ਲਿਜਾਣ ਸਮੇਂ ਵੀ ਪ੍ਰੇਮੀ ਬੜਾ ਸੁਆਗਤ ਕਰਦੇ ਹੁੰਦੇ ਪਰ ਇਹ ਅੱਜ ਵਾਲਾ ਸੀਨ ਤੱਕ ਕੇ ਬੜਾ ਹੈਰਾਨ ਹੋ ਗਿਆ ਅਤੇ ਸੰਤ ਜੀ ਮਹਾਰਾਜ ਦੇ ਡੱਬੇ ਪਾਸ ਪੁੱਜਾ, ਭਾਵਨਾ ਨਾਲ ਹੱਥ ਜੋੜਕੇ ਅਰਜ਼ ਕੀਤੀ, "ਮਹਾਰਾਜ! ਗੱਡੀ ਪੌਣਾ ਘੰਟਾ ਲੇਟ ਹੋ ਗਈ ਹੈ, ਅੰਗਰੇਜ਼ ਗਾਰਡ ਬੜੇ ਸਖ਼ਤ ਸੁਭਾਉ ਦਾ ਹੈ ਵਿਸਲ ਤੇ ਵਿਸਲ ਦਈ ਜਾਂਦਾ ਹੈ ਅਤੇ ਬਾਰੰਬਾਰ ਮੈਨੂੰ ਵੀ ਤਾੜ ਰਿਹਾ ਹੈ ਹੁਣ ਮੇਰੀ ਨੌਕਰੀ ਨਹੀਂ ਰਹੇਗੀ, ਆਪ ਕ੍ਰਿਪਾ ਕਰਕੇ ਇਨ੍ਹਾਂ ਨੂੰ ਸਮਝਾਉ ਤੇ ਇਹ ਗੱਡੀ ਦੀ ਲਾਇਨ ਖ਼ਾਲੀ ਕਰਨ।" ਸੰਤਾਂ ਨੇ ਜਦੋਂ ਇਸਦੀ ਬੇਨਤੀ ਸੁਣੀ ਤੇ ਗੱਡੀ ਤੋਂ ਹੇਠਾਂ ਉੱਤਰੇ ਤਾਂ ਬੜੇ ਅਸਚਰਜ ਹੋਏ। ਬਾਬਾ ਜੀ ਤਾਂ ਸਿੱਧੇ ਹੀ ਗੱਡੀ ਵਿੱਚ ਜਾ ਬੈਠੇ ਸਨ ਇਸ ਗੱਲ ਦਾ ਪਤਾ ਹੀ ਨਹੀਂ ਸੀ। ਗੱਡੀ ਦੀ ਲਾਇਨ ਤੇ ਸੰਗਤ ਨੂੰ ਬੈਠਿਆਂ ਦੇਖਕੇ ਸੰਤ ਜੀ ਮਹਾਰਾਜ ਦੇ ਨੇਤਰਾਂ ਚੋਂ ਵੈਰਾਗ ਦਾ ਜਲ ਛੁੱਟ ਪਿਆ ਅਤੇ ਸੋਚਿਆ ਦੇਖੋ ਇਨ੍ਹਾਂ ਗੁਰੂ ਸਵਾਰਿਆਂ ਦਾ ਕਿਤਨਾ ਪਿਆਰ ਹੈ, ਕਿਤਨੀ ਸ਼ਰਧਾ ਹੈ ਇਸ ਸਰੀਰ ਨਾਲ, ਇਹ ਸਾਰੀ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਹੀ ਕ੍ਰਿਪਾ ਹੈ।

ਕਹੁ ਨਾਨਕ ਸਭ ਤੇਰੀ ਵਡਿਆਈ
ਕੋਈ ਨਾਉ ਨ ਜਾਣੈ ਮੇਰਾ ॥

(ਪੰਨਾ ੩੮੩)

ਉਸ ਸਮੇਂ ਪਾਸ ਜਾ ਕੇ ਸੰਤਾਂ ਨੇ ਸਭਨਾਂ ਅੱਗੇ ਹੱਥ ਜੋੜੇ ਤੇ ਬੇਨਤੀ ਕਰਕੇ ਉਨ੍ਹਾਂ ਨੂੰ ਲਾਇਨ ਤੋਂ ਉਠਾਇਆ। ਆਪ ਜੀ ਫੇਰ ਆਪਣੇ ਡੱਬੇ ਵਿੱਚ ਆ ਬੈਠੇ। ਗੱਡੀ ਚਲ ਪਈ ਤਾਂ ਇਹ ਨਾਲ ਹੀ ਡੱਬੇ ਦੇ ਡੰਡੇ ਫੜ ਕੇ ਲਮਕ ਪਏ। ਅਗਲੇ ਸਟੇਸ਼ਨ ਤੇ ਗੱਡੀ ਰੁਕੀ, ਫੇਰ ਸਾਰੇ ਹਜ਼ੂਰ ਦੇ ਡੱਬੇ ਅੱਗੇ ਜਾ ਖੜੇ ਹੋਏ। ਸਾਥੀ ਪ੍ਰੇਮੀ ਕਹਿਣ ਲੱਗੇ, "ਮਹਾਰਾਜ! ਇਉਂ ਤਾਂ ਆਪਾਂ ਪੰਜਾਬ ਨਹੀਂ ਪੁੱਜ ਸਕਾਂਗੇ।" ਸੰਤਾਂ ਨੇ ਕਿਹਾ, "ਕੋਈ ਗੱਲ ਨਹੀਂ। ਇਨ੍ਹਾਂ ਦਾ ਪ੍ਰੇਮ ਤਾਂ ਦੇਖੋ ਚਲੇ ਆਉਣ ਦਿਉ, ਆਪਾਂ ਨੂੰ ਰਸਤੇ ਵਿੱਚ ਇੱਕ ਹੋਰ ਪੜਾਅ ਕਰਨਾ ਪੈ ਜਾਵੇਗਾ। ਇਨ੍ਹਾਂ ਨੂੰ ਪੰਜਾ ਸਾਹਿਬ ਤੋਂ ਵਾਪਸ ਕਰਾਂਗੇ।"

# ਪੰਜਾ ਸਾਹਿਬ ਦੀ ਯਾਤਰਾ

ਜਦੋਂ ਗੱਡੀ ਚੱਲੀ ਤਾਂ ਇਹ ਸਾਰੇ ਫੇਰ ਵਿੱਚ ਬੈਠ ਗਏ। ਜਦ ਹਸਨ ਅਬਦਾਲ ਦਾ ਸਟੇਸ਼ਨ ਆਇਆ ਤਾਂ ਪੰਜਾ ਸਾਹਿਬ ਦੀ ਪਾਵਨ ਧਰਤੀ ਨੂੰ ਦੇਖ ਕੇ ਸਾਥੀਆਂ ਸਮੇਤ ਗੱਡੀ ਚੋਂ ਹੇਠਾਂ ਉੱਤਰ ਆਏ, ਸਮਾਂ ਹੋਏ ਤੋਂ ਗੱਡੀ ਚਲ ਪਈ। ਬਾਬਾ ਜੀ ਗੁਰਦੁਆਰੇ ਸਾਹਿਬ ਆ ਗਏ। ਨਾਲ ਹੀ ਸਾਥੀ ਸਿੰਘ ਤੇ ਸੈਦੂ ਦੇ ਪਠਾਣ ਸਨ। ਪਹਿਲਾਂ ਆ ਕੇ ਇਸ਼ਨਾਨ ਕੀਤਾ, ਫੇਰ ਭੇਟਾ ਰੱਖਕੇ ਗੁਰੂ ਦਰਬਾਰ ਨੂੰ ਨਮਸ਼ਕਾਰ ਕੀਤੀ। ਕੜਾਹ ਪ੍ਰਸ਼ਾਦ ਦੀ ਦੇਗ ਅਰਪੀ ਤੇ ਹਜ਼ੂਰੀ ਵਿੱਚ ਬੈਠਕੇ ਸ੍ਰੀ ਰਹਿਰਾਸ ਜੀ ਦਾ ਪਾਠ ਸਰਵਣ ਕੀਤਾ। ਪ੍ਰਬੰਧਕਾਂ ਨੇ ਵੱਡੇ ਹਾਲ ਵਿੱਚ ਸਾਰੀ ਸੰਗਤ ਦਾ ਡੇਰਾ ਕਰਵਾਇਆ ਤੇ ਬਾਬਾ ਜੀ ਨੂੰ ਸਾਥੀਆਂ ਸਮੇਤ ਵੱਖਰਾ ਕਮਰਾ ਦੇ ਦਿੱਤਾ। ਇਤਨੇ ਨੂੰ ਨਿਰਮਲੇ ਸੰਤ, ਸੰਤ ਸੁਖਦੇਵ ਸਿੰਘ ਜੀ ਗੁਫ਼ਾ ਵਾਲਿਆਂ ਨੂੰ ਵੀ ਬਾਬਾ ਜੀ ਦੇ ਆਉਣ ਦਾ ਪਤਾ ਲੱਗ ਗਿਆ ਜੋ ਸ਼ਹਿਰ ਤੋਂ ਬਾਹਰਵਾਰ ਨਗਰ ਵੱਲ ਬਗ਼ੀਚੀ ਵਿੱਚ ਆਪਣੀ ਕੁਟੀਆ ਬਣਾਕੇ ਰਹਾਇਸ਼ ਰੱਖਦੇ ਸਨ।

ਇਨ੍ਹਾਂ ਦੇ ਪਾਸ ਪਹਿਲਾਂ ਹਰਿਦੁਆਰ ਨੂੰ ਜਾਣ ਸਮੇਂ ਬਾਬਾ ਕਰਮ ਸਿੰਘ ਸਾਹਿਬ ਜੀ ਵੀ ਠਹਿਰੇ ਸਨ ਅਤੇ ਹਰਿਦੁਆਰ ਦੀ ਅਰਧ-ਕੁੰਭੀ ਤੋਂ ਵਾਪਿਸ ਆਉਂਦਿਆਂ ਸ੍ਰੀ ਹਜ਼ੂਰ ਬਾਬਾ ਆਇਆ ਸਿੰਘ ਜੀ ਮਹਾਰਾਜ ਨੇ ਵੀ ਚਰਨ ਪਾਏ ਸਨ। ਇਹ ਮਹਾਂ-ਪੁਰਸ਼ ਰਾਤ ਦੇ ਗਿਆਰਾਂ ਵਜੇ ਜਦੋਂ ਹੋਰ ਸਾਰੇ ਬਿਰਾਜ ਗਏ, ਬਾਬਾ ਜੀ ਪਾਸ ਹਾਜ਼ਰ ਹੋਏ। ਪਾਵਨ ਚਰਨਾਂ ਤੇ ਮਿਸ਼ਰੀ, ਬਦਾਮ ਤੇ ਕੁਝ ਮਾਇਆ ਰੱਖ ਕੇ ਮੱਥਾ ਟੇਕਿਆ। ਫੇਰ ਇੱਕ ਦੋ ਸੇਵਾਦਾਰਾਂ ਦੇ ਸਮੇਤ (ਜੋ ਹਜ਼ੂਰੀ ਵਿੱਚ ਹਾਜ਼ਰ ਸਨ) ਸੰਤਾਂ ਨੂੰ ਅਰਜ਼ ਕਰਕੇ ਆਪਣੀ ਕੁਟੀਆ ਵਿੱਚ ਲੈ ਗਏ, ਦਿਨ ਚੜ੍ਹੇ ਇਨ੍ਹਾਂ ਦੀ ਸੰਗਤ ਨੂੰ ਪਤਾ ਲੱਗਾ ਉਹ ਵੀ ਸਾਰੇ ਪ੍ਰੇਮੀ ਬੜੀ ਭਾਵਨਾ ਨਾਲ ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ ਤੋਂ ਵਰੋਸਾਏ ਹੋਏ ਜਾਣਕੇ ਆਪੋ ਆਪਣੀ ਭੇਟਾ ਅਰਪ ਕੇ ਸੰਤਾਂ ਨੂੰ ਨਮਸ਼ਕਾਰਾਂ ਕਰਦੇ।

ਦੁਪਹਿਰ ਦਾ ਲੰਗਰ ਸੰਤਾਂ ਦੀ ਬੇਨਤੀ ਪ੍ਰਵਾਨ ਕਰਕੇ ਕੁਟੀਆ ਵਿੱਚ ਤਿਆਰ ਹੋਣ ਦੀ ਆਗਿਆ ਦੇ ਦਿੱਤੀ ਤੇ ਸਾਰਿਆਂ ਨੂੰ ਪੰਗਤਾਂ ਲਗਾਕੇ ਛਕਾਇਆ। ਇਸ ਜਗ੍ਹਾ ਤੋਂ ਸੈਦੂ ਵਾਸੀਆਂ ਨੂੰ ਜਿਨ੍ਹਾਂ ਵਿੱਚ ਪਠਾਣ ਵਧੇਰੇ ਸਨ ਹੋਰ ਸਹਿਜਧਾਰੀ ਹਿੰਦੂ ਤੇ ਸਿੱਖਾਂ ਨੂੰ ਬੜੀ ਨਿਮਰਤਾ ਨਾਲ ਬੇਨਤੀ ਕਰਕੇ ਅਤੇ ਆਉਣ ਦਾ ਬਚਨ ਦੇ ਕੇ ਮਸਾਂ-ਮਸਾਂ ਵਾਪਸ ਮੋੜਿਆ, ਸਭਨਾਂ ਦੀ ਭਾਵਨਾ ਪੂਰੀ ਕੀਤੀ। ਫੇਰ ਵੀ ਪੰਜ ਸੱਤ ਪਠਾਣ ਤਾਂ ਬਦੋ-ਬਦੀ ਨਾਲ ਆ ਹੀ ਗਏ ਅਤੇ ਬਾਰਾਂ ਤੇਰਾਂ ਦਿਨ ਗੁਰਦੁਆਰੇ ਰੇਰੂ ਸਾਹਿਬ ਠਹਿਰ ਕੇ ਸਾਰੀਆਂ ਥਾਵਾਂ ਦੇ ਦਰਸ਼ਨ ਦੀਦਾਰ ਕਰਕੇ ਇੱਥੋਂ ਦੀ ਮਰਯਾਦਾ ਤੋਂ ਪ੍ਰਭਾਵਿਤ ਹੋ ਕੇ ਵਾਪਸ ਗਏ ਸਨ। ਬਾਕੀ ਦੇ ਦੋ ਕੁ ਸੌ ਪ੍ਰੇਮੀ ਸੰਤਾਂ ਦਾ ਹੁਕਮ ਮੰਨ ਕੇ ਅਤੇ ਪੀਰ ਜੀ ਨੂੰ ਸਿਜਦੇ ਡੰਡਉਤਾਂ ਕਰਕੇ ਸਜਲ ਨੇਤਰੀਂ ਪੰਜੇ ਸਾਹਿਬ ਤੋਂ ਮੁੜ ਆਏ।

ਦੁਪਹਿਰ ਦਾ ਪ੍ਰਸ਼ਾਦ ਛਕਕੇ ਆਪ ਜੀ ਕੁਝ ਕੁ ਸਮਾਂ ਬਿਰਾਜ ਗਏ। ਫੇਰ ਰਾਤ ਦੀ ਗੱਡੀ ਜਾਣ ਵਾਸਤੇ ਮਹਾਂ-ਪੁਰਸ਼ਾਂ ਤੋਂ ਆਗਿਆ ਲਈ ਤੇ ਚੱਲਣ ਲਈ ਤਿਆਰ ਹੋਏ। ਇਨ੍ਹਾਂ ਨੇ ਸੰਤਾਂ ਨੂੰ ਕੁਝ ਕੁ ਦਿਨ ਹੋਰ ਠਹਿਰਨ ਵਾਸਤੇ ਬੇਨਤੀ ਕੀਤੀ, ਪਰ ਹਜ਼ੂਰ ਕਹਿਣ ਲੱਗੇ, "ਅਸੀਂ ਗੁਰਦੁਆਰਾ ਸਾਹਿਬ ਪੱਤ੍ਰਕਾ ਭੇਜ ਚੁੱਕੇ ਹਾਂ ਦੋਰਾਹੇ ਸਟੇਸ਼ਨ ਤੇ ਸੰਗਤ ਉਡੀਕੇਗੀ ਤੇ ਨਾਲੇ ਪੰਜਾਬ ਤੋਂ ਆਇਆਂ ਕਾਫ਼ੀ ਸਮਾਂ ਹੋ ਗਿਆ ਹੈ, ਹੁਣ ਖ਼ੁਸ਼ੇ ਹੀ ਬਖ਼ਸ਼ੋ।" ਤਾਂ ਇਨ੍ਹਾਂ ਨੇ ਬੜੀ ਮੁਸ਼ਕਲ ਨਾਲ ਛੁੱਟੀ ਦਿੱਤੀ ਅਤੇ ਬਹੁਤ ਸਾਰੀ ਮਾਇਆ ਤੇ ਬਸਤਰ, ਫ਼ਲ-ਫਰੂਟ ਤੇ ਮਿਸ਼ਰੀ, ਬਦਾਮ ਆਦਿਕ ਪਦਾਰਥ ਭੇਟਾ ਕੀਤੇ। ਪਰ ਬਾਬਾ ਜੀ ਨੇ ਕੇਵਲ ਇੱਕੋ ਦਸਤਾਰ ਹੀ ਅੰਗੀਕਾਰ ਕੀਤੀ ਹੋਰ ਸਭ ਕੁਝ ਵਾਪਸ ਕਰ ਦਿੱਤਾ।

# ਸ੍ਰੀ ਰੇਰੂ ਸਾਹਿਬ ਪੁੱਜਣਾ

ਪੰਜਾ ਸਾਹਿਬ ਦੇ ਗੁਰੂ ਦਰਬਾਰ ਨੂੰ ਨਮਸ਼ਕਾਰ ਕਰਕੇ ਸਾਥੀਆਂ ਸਮੇਤ ਰਾਤ ਦੀ ਗੱਡੀ ਵਿੱਚ ਅਸਵਾਰ ਹੋ ਕੇ ਦੋਰਾਹੇ ਆ ਪਹੁੰਚੇ ਏਥੇ ਆਪ ਜੀ ਦੇ ਸੁਆਗਤ ਵਾਸਤੇ ਬੇਅੰਤ ਸੰਗਤਾਂ ਇਕੱਤ੍ਰ ਹੋਈਆਂ ਸਨ। ਸਾਰਿਆਂ ਨੇ ਬਾਬਾ ਜੀ ਨੂੰ ਮੱਥਾ ਟੇਕਿਆ, ਭੇਟਾ ਅਰਪੀ ਤੇ ਗਲੇ ਵਿੱਚ ਫੁੱਲਾਂ ਦੇ ਹਾਰ ਪਾਏ, ਫੇਰ ਸ਼ਬਦ ਪੜ੍ਹਦੇ ਗੁਰਦੁਆਰੇ ਦੀ ਦਹਿਲੀਜ ਤੇ ਸੀਸ ਰੱਖਕੇ ਸਤਿਗੁਰਾਂ ਦੇ ਪਾਵਨ ਸਰੂਪ ਨੂੰ ਨਮਸ਼ਕਾਰ ਕੀਤੀ। ਮੰਜੀ ਸਾਹਿਬ ਨੂੰ ਮੱਥਾ ਟੇਕਿਆ ਫੇਰ ਬਾਹਰੋਂ ਆਈਆਂ ਸੰਗਤਾਂ ਦੀ ਸੁੱਖ ਅਨੰਦ ਪੁੱਛੀ ਅਤੇ ਆਪਣੇ ਹੱਥੀਂ ਸਭਨਾਂ ਨੂੰ ਪ੍ਰਸ਼ਾਦ ਦਿੱਤਾ।

ਉਸ ਸਮੇਂ ਗੁਰੂ ਕਾ ਲੰਗਰ ਵੀ ਤਿਆਰ ਸੀ। ਬਾਹਰੋਂ ਆਏ ਪ੍ਰੇਮੀ ਪ੍ਰਸ਼ਾਦ ਛਕਕੇ ਕੁਝ ਕੁ ਆਪਣੇ ਨਗਰਾਂ ਨੂੰ ਚਲੇ ਗਏ ਅਤੇ ਬਾਕੀ ਦੇ ਰਾਤ ਗੁਰਦੁਆਰੇ ਸਾਹਿਬ ਠਹਿਰੇ। ਆਪ ਜੀ ਨੇ ਉਸ ਸਮੇਂ ਇਸ਼ਨਾਨ ਕਰਕੇ ਗੁਰੂ ਦਰਬਾਰ ਵਿੱਚ ਸ਼ਾਮ ਨੂੰ ਰਹਿਰਾਸ ਸਾਹਿਬ ਜੀ ਦਾ ਪਾਠ ਸ੍ਰਵਣ ਕੀਤਾ ਬਾਅਦ ਵਿੱਚ ਕੀਰਤਨ ਦੁਆਰਾ ਹਾਜ਼ਰੀ ਭਰੀ। ਰਾਤ ਦੇ ਨੌਂ ਵਜੇ ਦੀਵਾਨ ਦੀ ਸਮਾਪਤੀ ਉਪਰੰਤ ਬਾਹਰ ਗੋਖੇ ਦੀ ਛਪੜੀ ਵੱਲ ਚਲੇ ਗਏ। ਇਸ ਪ੍ਰਕਾਰ ਮਹਾਂ-ਪੁਰਸ਼ ਪਹਿਲਾਂ ਵਾਂਗੂੰ ਹੀ ਆਪਣਾ ਪੂਰਾ ਨਿਯਮ ਨਿਭਾਉਂਦੇ ਰਹੇ। ਦੋਵੇਂ ਟਾਈਮ ਦੀਵਾਨ ਦੀ ਹਾਜ਼ਰੀ ਭਰਣੀ, ਸਵੇਰੇ ਕੁਝ ਸਮਾਂ ਗੁਰਦੁਆਰੇ ਸਾਹਿਬ ਸੰਗਤ ਨੂੰ ਉਪਦੇਸ਼ ਕਰਨਾ ਤੇ ਬਾਹਰੋਂ ਆਏ ਪ੍ਰੇਮੀਆਂ ਦੀ ਬੇਨਤੀ ਸੁਣਨੀ, ਰਾਤ ਨੂੰ ਗਿਆਰਾਂ ਵਜੇ ਤੱਕ ਗੋਖੇ ਦੀ ਛਪੜੀ ਤੇ ਫੇਰ ੧੧ ਤੋਂ ੨ ਤੱਕ ਕੇਵਲ ਤਿੰਨ ਘੰਟੇ ਬਾਹਰ ਖੂਹੀ ਤੇ ਭੋਰੇ ਵਿੱਚ ਆਰਾਮ ਕਰਨਾ, ਦੋ ਵਜੇ ਇਸ਼ਨਾਨ ਕਰਕੇ ਫੇਰ ਗੋਖੇ ਦੀ ਭਾਗਾਂ ਵਾਲੀ ਛਪੜੀ ਨੂੰ ਭਾਗ ਲਾਉਣਾ, ਏਥੋਂ ਪੰਜ ਵਜੇ ਗੁਰਦੁਆਰੇ ਸਾਹਿਬ ਪਹੁੰਚਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸ੍ਰਵਣ ਕਰਨਾ, ਦਿਨ ਚੜ੍ਹੇ ਤੋਂ ਬਾਅਦ ਕੁਝ ਕੁ ਜਲ ਪਾਣੀ ਛਕਕੇ ਤੁਰ ਪੈਣਾ ਤੇ ਗੱਡੀ ਦੀ ਲਾਇਨ ਪਾਸ ਜੋ ਬਾਉਲੀ ਹੈ ਓਥੇ ਜਾ ਬੈਠਣਾ ਜਾਂ ਕਨੇਚ ਦੀ ਖੂਹੀ ਜੋ ਜੀ.ਟੀ. ਰੋਡ ਤੇ ਹੈ ਏਥੇ ਆ ਜਾਣਾ, ਦਿਨ ਦੇ ਬਾਰਾਂ ਵਜੇ ਵਾਪਸ ਡੇਰੇ ਵਿੱਚ ਜਾਂਦੇ। ਦੁਪਹਿਰ ਦਾ ਪ੍ਰਸ਼ਾਦਾ ਏਥੇ ਹੀ ਆਪ ਜੀ ਅਲੂਣੀ ਦਾਲ ਸਬਜ਼ੀ ਨਾਲ ਛਕਕੇ ਕੁਝ ਸਮਾਂ ਆਰਾਮ ਕਰਦੇ। ਸ਼ਾਮੀਂ ਫੇਰ ਇਸ਼ਨਾਨ ਕਰਕੇ ਗੁਰਦੁਆਰੇ ਸਾਹਿਬ ਨੂੰ ਚਲ ਪੈਂਦੇ ਅਤੇ ਸੰਗਤ ਨੂੰ ਦਰਸ਼ਨ ਦਿੰਦੇ।

ਇਹ ਸੀ ਆਪ ਜੀ ਦੀ ਨਿਤ ਕਿਰਿਆ ਤੇ ਕਠਨ ਘਾਲਣਾ ਜੋ ਜਗਿਆਸੂਆਂ ਵਾਸਤੇ ਇੱਕ ਨਮੂਨਾ ਹੈ।

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥

(ਪੰਨਾ ੧੩੭੨)

# ਬੇ-ਅਵਾਜ਼ ਹਲਟ ਦਾ ਕੁੱਤਾ

ਅੰਮ੍ਰਿਤ ਵੇਲੇ ਦੇ ਸੁਹਾਵਣੇ ਸਮੇਂ ਜਦੋਂ ਵੀ ਗੋਖੇ ਦੀ ਭਾਗਾਂ ਭਰੀ ਛਪੜੀ ਦੇ ਕੰਢੇ ਸੰਤ ਜੀ ਮਹਾਰਾਜ ਸਮਾਧੀ ਵਿੱਚ ਲੀਨ ਹੁੰਦੇ ਉਸ ਸਮੇਂ ਧਿਆਤਾ ਧਿਆਨ ਤੇ ਧੇਅ ਤ੍ਰਿਕੁਟੀ ਅਭੇਦ ਕਰਕੇ ਦੇਸ਼ ਕਾਲ ਤੋਂ ਉੱਚਾ ਉੱਠਕੇ ਉਪਰਲੇ ਮੰਡਲਾਂ ਵਿੱਚ ਸੁਰਤ ਪੁੱਜ ਜਾਂਦੀ।

ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥

(ਪੰਨਾ ੧੪੧੪)

ਉਸ ਜਗ੍ਹਾ ਤਾਂ ਦਿਨ ਰਾਤ ਦੀ ਸੰਗਿਆ ਵੀ ਨਹੀਂ:

ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰੁ ਤਹਾ ਬਸੈ ਨਿਰੰਕਾਰਾ ॥

(ਪੰਨਾ ੪੯੪)

ਜਿਨ੍ਹਾਂ-ਜਿਨ੍ਹਾਂ ਪ੍ਰੇਮੀਆਂ ਨੂੰ ਪਤਾ ਹੁੰਦਾ ਉਹ ਸਾਰੇ ਹੀ ਪਾਸ ਲੰਘਣ ਤੋਂ ਸੰਕੋਚ ਕਰਦੇ ਹੋਇਆਂ ਦੂਰੋਂ ਹੀ ਮੱਥਾ ਟੇਕ ਕੇ ਅੱਗੇ ਤੁਰ ਜਾਂਦੇ। ਆਸੇ-ਪਾਸੇ ਦੇ ਖੇਤਾਂ ਵਾਲੇ ਵੀ ਹਲ ਜੋੜਨ ਦੇ ਸਮੇਂ ਆਪਣੇ ਬੈਲਾਂ ਦੀਆਂ ਟੱਲੀਆਂ ਖੋਲ੍ਹ ਦਿੰਦੇ ਤਾਂਕਿ ਸੰਤ ਜੀ ਮਹਾਰਾਜ ਨੂੰ ਆਵਾਜ਼ ਨਾ ਆਵੇ। ਜਿਸ ਗੁਰਮੁਖ ਬਾਬਾ ਚੈਂਚਲ ਸਿੰਘ ਦਾ ਖੂਹ ਅਤੀ ਨਜ਼ਦੀਕ ਸੀ ਉਹ ਵੀ ਹਜ਼ੂਰ ਦਾ ਭੈਅ ਕਰਕੇ ਦਿਨ ਚੜ੍ਹੇ ਹੀ ਹਲਟ ਚਲਾਉਂਦਾ। ਜੇਕਰ ਗਰਮੀ ਦੀ ਰੁੱਤੇ ਬਹੁਤੀ ਔੜ ਲੱਗੀ ਤੋਂ ਸਵੇਰੇ ਜੋੜਨਾ ਵੀ ਤਾਂ ਬੈਲਾਂ ਦੀਆਂ ਟੱਲੀਆਂ ਖੋਲ੍ਹੀਆਂ ਜਾਂਦੀਆਂ ਅਤੇ ਕੁੱਤਾ ਵੀ ਹਟਾ ਲਿਆ ਜਾਂਦਾ ਕਿ ਕਿਤੇ ਸੰਤ ਜੀ ਮਹਾਰਾਜ ਦੀ ਸਮਾਧੀ ਵਿੱਚ ਵਿਖਸ਼ੇਪਤਾ ਨਾ ਹੋਵੇ। ਸੰਤ ਜੀ ਮਹਾਰਾਜ ਦੇ ਉੱਠਣ ਤੋਂ ਪਹਿਲਾਂ ਹੀ ਉਹ ਰੋਕ ਲੈਂਦਾ।

ਇਉਂ ਸਮਾਂ ਲੰਘਦਾ ਗਿਆ, ਇੱਕ ਦਿਨ ਹਜ਼ੂਰ ਬੇ-ਪਤੇ ਹੀ ਸਵੱਖਤੇ ਸਮਾਧੀ ਤੋਂ ਉਥਾਨ ਹੋ ਕੇ ਡੇਰੇ ਜਾਣ ਵਾਸਤੇ ਤਿਆਰ ਹੋਏ ਤਾਂ ਕੀ ਦੇਖਿਆ ਕਿ ਖੂਹ ਚੱਲਦਾ ਹੈ ਪਰ ਹਲਟ ਦੀ ਆਵਾਜ਼ ਨਹੀਂ ਆਉਂਦੀ। ਬਾਬਾ ਜੀ ਨੇ ਕੋਲ ਆਕੇ ਪੁੱਛਿਆ, "ਭਾਈ ਚੈਂਚਲ ਸਿੰਘ! ਕੀ ਗੱਲ ਹੈ ਹਲਟ ਦਾ ਕੁੱਤਾ ਖ਼ਰਾਬ ਹੈ? ਬੋਲਦਾ ਨਹੀਂ।" ਇਸਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਮੈਂ ਆਪ ਹੀ ਪਿੱਛੇ ਹਟਾ ਦਿੱਤਾ ਕਿ ਆਵਾਜ਼ ਨਾ ਕਰੇ।" ਸੰਤ ਜੀ ਫੇਰ ਬੋਲੇ, "ਭਾਈ! ਇਹ ਬੇ-ਜ਼ਬਾਨ ਪਸ਼ੂ (ਬੈਲਾਂ) ਨੂੰ ਤਾਂ ਬੜਾ ਕਸ਼ਟ ਹੁੰਦਾ ਹੋਵੇਗਾ?"

ਇਸ ਨੇ ਹੱਥ ਜੋੜਕੇ ਅਰਜ਼ ਕੀਤੀ, "ਨਹੀਂ ਮਹਾਰਾਜ! ਮੈਂ ਆਪਣੇ ਪੱਟਾਂ ਤੇ ਗਾਧੀ ਰੋਕ ਕੇ ਬੈਲਾਂ ਨੂੰ ਸਾਹ ਕਢਵਾ ਲੈਂਦਾ ਹਾਂ।" ਸੰਤ ਜੀ ਮਹਾਰਾਜ ਦੇ ਉਸੇ ਜਗ੍ਹਾ ਨੇਤਰ ਬੰਦ ਹੋ ਗਏ। ਕਿਸੇ ਅਗੰਮੀ ਅਨੰਦ ਵਿੱਚ ਲੀਨ ਹੋਏ ਸੋਚਦੇ ਹਨ ਕਿ ਦੇਖੋ ਇਸ ਪ੍ਰੇਮੀ ਦਾ ਕਿਤਨਾ ਪਿਆਰ ਹੈ ਬੈਲਾਂ ਨੂੰ ਵੀ ਤਕਲੀਫ਼ ਨਹੀਂ ਹੋਣ ਦਿੰਦਾ ਅਤੇ ਸਾਡੇ ਅਨੰਦ ਵਿੱਚ ਵੀ ਵਿਘਨ ਨਹੀਂ ਪੈਂਦਾ। ਹਜ਼ੂਰ ਦੀ ਰਸਨਾ ਤੋਂ ਸੁਤੇ ਹੀ ਬਚਨ ਹੋਇਆ, "ਨਾ ਭਾਈ! ਇਹ ਤਾਂ ਗੱਲ ਠੀਕ ਨਹੀਂ। ਤੂੰ ਵੀ ਔਖਾ ਹੁੰਦਾ ਹੈਂ ਬੈਲ ਵੀ ਵਿਚਾਰੇ ਪੂਰਾ ਸਾਹ ਨਹੀਂ ਕੱਢ ਸਕਦੇ। ਅਸੀਂ ਅੱਜ ਤੋਂ ਇਹ ਬੈਠਣ ਵਾਲੀ ਜਗ੍ਹਾ ਹੀ ਬਦਲ ਦਿੰਦੇ ਹਾਂ।" ਫੇਰ ਕਹਿਣ ਲੱਗੇ, "ਇਹ ਵੀ ਕਿਵੇਂ ਹੋ ਸਕਦਾ ਹੈ ਅੰਤ ਪ੍ਰਯੰਤ ਇਸੇ ਬੇਰੀ ਤੇ ਛਪੜੀ ਦੇ ਟੋਏ ਨਾਲ ਨਿਭਾਉਣ ਦਾ ਵਰ ਲਿਆ ਹੈ। ਚੰਗਾ! ਫੇਰ ਅੱਜ ਤੋਂ ਇਸ ਖੂਹ ਦਾ ਕੁੱਤਾ ਹੀ ਸਾਡੇ ਤੇ ਤਰਸ ਕਰਕੇ ਆਵਾਜ਼ ਨਹੀਂ ਦੇਵੇਗਾ। ਤੂੰ ਬੇਫ਼ਿਕਰ ਹੋ ਕੇ ਸਵੱਖਤੇ ਹਲਟ ਜੋੜ ਲਿਆ ਕਰ।"

ਸੰਗਤ ਜੀ! ਇਹ ਹੈ ਮਹਾਂ-ਪੁਰਸ਼ਾਂ ਦੀ ਰਸਨਾ ਦਾ ਅਮੋਘ ਬਾਣ ਦੇ ਸਮਾਨ ਬਚਨ ਕਿਉਂਕਿ ਜਿੱਥੇ ਆਪ ਪ੍ਰਮੇਸ਼ਰ ਦਾ ਵਾਸਾ ਹੈ:

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥

(ਪੰਨਾ ੨੬੩)

ਉਸ ਤੋਂ ਨਿਕਲਿਆ ਬੋਲ ਕਿਵੇਂ ਮਿਥਿਆ ਹੋ ਸਕਦਾ ਹੈ? ਦੇਖਣ ਵਾਲੇ ਸਜਣ ਦਸਦੇ ਹਨ ਕਿ ਉਹ ਖੂਹ ਦੇ ਹਲਟ ਦਾ ਕੁੱਤਾ ਫੇਰ ਉਸੇ ਦਿਨ ਤੋਂ ਬੋਲਣੋਂ ਬੰਦ ਹੋ ਗਿਆ। ਹਲਟ ਪਹਿਲਾਂ ਵਾਂਗ ਉਸੇ ਤਰ੍ਹਾਂ ਚਲਦਾ ਹੈ। ਕੁੱਤਾ ਚੱਕਲੀ ਦੇ ਉਪਰ ਆਕੇ ਵਜਦਾ ਵੀ ਸੀ ਪਰ ਠਕ-ਠਕ ਦੀ ਆਵਾਜ਼ ਨਹੀਂ ਆਉਂਦੀ। ਦੂਰੋਂ-ਦੂਰੋਂ ਪ੍ਰੇਮੀ ਦੇਖਣ ਆਉਂਦੇ ਸਨ ਤੇ ਇਸ ਪ੍ਰਤੱਖ ਕਰਾਮਾਤ ਨੂੰ ਦੇਖਕੇ ਹੈਰਾਨ ਹੁੰਦੇ ਸਨ। ਜਿਤਨਾ ਚਿਰ ਬਾਬਾ ਜੀ ਦਾ ਪਰਉਪਾਕਾਰੀ ਸਰੀਰ ਰਿਹਾ ਤੇ ਬਿਨਾਂ ਨਾਗਾ ਉਸ ਭਾਗਾਂ ਵਾਲੀ ਛਪੜੀ ਤੇ ਚਰਨ ਪੈਂਦੇ ਰਹੇ। ਇਹ ਵੀ ਆਪਣੇ ਮਾਲਕ ਦੇ ਹੁਕਮ ਵਿੱਚ ਉਤਨਾ ਚਿਰ

ਬੰਦ ਹੀ ਰਿਹਾ।

ਇਸੇ ਤਰ੍ਹਾਂ ਬਾਬਾ ਜੀ ਦੀ ਬਾਹਰਲੀ ਬਗ਼ੀਚੀ ਤੋਂ ਸਾਹਨੇਵਾਲ ਸਟੇਸ਼ਨ ਵੱਲ ਇੱਕ ਮੀਲ ਪਿੱਛੇ ਹੀ ਗੱਡੀ ਦੀ ਆਵਾਜ਼ ਵੀ ਬੰਦ ਹੋ ਜਾਂਦੀ ਹੈ। ਨਹਿਰ ਦਾ ਪੁਲ ਟੱਪਕੇ ਦੋਰਾਹੇ ਸਟੇਸ਼ਨ ਦੇ ਪਾਸ ਜਾਕੇ ਫੇਰ ਆਵਾਜ਼ ਸੁਣਦੀ ਹੈ ਜੋ ਹੁਣ ਤੱਕ ਬੰਦ ਹੈ। ਇਹ ਹੈ ਆਪਣੇ ਪਿਆਰੇ ਦੇ ਪ੍ਰੇਮ ਦੇ ਅਧੀਨ ਹੋਣਾ ਪ੍ਰਮੇਸ਼ਰ ਦਾ ਬਿਰਦ। ਜਿਵੇਂ ਕਲਗੀਆਂ ਵਾਲੇ ਪਾਤਸ਼ਾਹ ਦਾ ਹੁਕਮ ਮੰਨਕੇ ਕਿ 'ਹੇ ਜਮਨਾ! ਏਥੇ ਕਵੀ ਦਰਬਾਰ ਹੁੰਦਾ ਹੈ ਕਵੀਆਂ ਦੇ ਜੁੜੇ ਖ਼ਿਆਲਾਂ ਵਿੱਚ ਵਿਘਨਕਾਰੀ ਨਾ ਬਣ। ਏਥੋਂ ਸ਼ਾਂਤੀ ਸਰੂਪ ਹੋ ਕੇ ਤੁਰਿਆ ਕਰ।' ਪਥਰੀਲੀ ਧਰਤੀ ਤੇ ਡਿਗਦਾ ਜਮਨਾ ਦਾ ਪਾਣੀ ਪਾਉਂਟੇ ਸਾਹਿਬ ਦੇ ਪਾਸ ਆਕੇ ਆਵਾਜ਼ ਨਹੀਂ ਕਰਦਾ।

# ਅਤਰਸਰ

ਸੰਤ ਜੀ ਮਹਾਰਾਜ ਦੀ ਨਿਤਾ-ਪ੍ਰਤੀ ਕਿਰਿਆ ਦਾ ਬੱਝਿਆ ਸਮਾਂ ਘੜੀ ਦੀ ਸੂਈ ਵਾਂਗੂੰ ਬਿਨਾਂ ਸੰਕਲਪ ਤੋਂ ਆਪੇ ਹੀ ਤੁਰਿਆ ਜਾ ਰਿਹਾ ਹੈ। ਸਵੇਰ ਦੇ ਵਕਤ ਜਲ-ਪਾਣੀ ਛਕਕੇ ਗੁਰਦੁਆਰੇ ਸਾਹਿਬ ਤੋਂ ਕੁਝ ਕੁ ਸਮਾਂ ਬਾਹਰਲੀ ਗੁਫ਼ਾ ਵਿੱਚ ਠਹਿਰਣਾ। ਫੇਰ ਜੀ.ਟੀ. ਰੋਡ ਦੇ ਪਾਸ ਬਣੀ ਹੋਈ ਇਕਾਂਤ ਬਾਉਲੀ ਵਿਖੇ ਬੈਠਣਾ। ਦੁਪਹਿਰ ਦਾ ਪ੍ਰਸ਼ਾਦ ਮੁੜ ਗੁਫ਼ਾ ਵਿੱਚ ਛਕਕੇ ਉਸੇ ਜਗ੍ਹਾ ਬਗ਼ੀਚੀ ਵਿੱਚ ਆਰਾਮ ਕਰਨਾ। ਸ਼ਾਮੀਂ ਤਿੰਨ ਵਜੇ ਇਸ਼ਨਾਨ ਤੋਂ ਬਾਅਦ ਉਸੇ ਜਗ੍ਹਾ ਸੰਗਤਾਂ ਨੂੰ ਦਰਸ਼ਨ ਦੀਦਾਰ ਬਖ਼ਸ਼ ਕੇ ਫੇਰ ਰਹਿਰਾਸ ਸਾਹਿਬ ਦਾ ਪਾਠ ਕਰਦਿਆਂ ਗੁਰਦੁਆਰੇ ਸਾਹਿਬ ਆਉਣਾ। ਕੀਰਤਨ ਦੀ ਸਮਾਪਤੀ ਉਪਰੰਤ ਫੇਰ ੧੧ ਵਜੇ ਤੱਕ ਗੋਖੇ ਦੀ ਭਾਗਾਂ ਭਰੀ ਛਪੜੀ ਨੂੰ ਦੀਦਾਰ ਬਖ਼ਸ਼ਣਾ। ਸਿਰਫ ਗਿਆਰਾਂ ਤੋਂ ਦੋ ਵਜੇ ਤੱਕ ਤਿੰਨ ਘੰਟੇ ਆਰਾਮ ਕਰਨਾ, ਉਪਰੰਤ ੧੨੫ ਡੋਲਾਂ ਨਾਲ ਇਸ਼ਨਾਨ ਕਰਕੇ ਗੋਖੇ ਦੀ ਛਪੜੀ ਤੇ ਪੁੱਜਕੇ ਨਿਰੰਕਾਰ ਨਾਲ ਜੁੜਣਾ। ਪਹੁ-ਫੁਟਾਲੇ ਹੋਏ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰਣੀਆਂ। ਇਹ ਮਿਥਿਆ ਹੋਇਆ ਪ੍ਰੋਗਰਾਮ ਹਾੜ, ਸਿਆਲ, ਗਰਮੀ, ਸਰਦੀ ਤੇ ਬਾਰਸ਼, ਝੱਖੜ ਵਿੱਚ ਵੀ ਇਕ-ਰਸ ਚਲਿਆ ਜਾ ਰਿਹਾ ਹੈ।

ਅੱਜ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਗੁਰਦੁਆਰੇ ਸਾਹਿਬ ਤੋਂ ਚੱਲੇ, ਅਜੇ ਗੁਫ਼ਾ ਤੋਂ ਪਿੱਛੇ ਹੀ ਸਨ ਤਾਂ ਅੱਗੇ ਕਨੇਚ ਪਿੰਡ ਦਾ ਪ੍ਰੇਮੀ ਭਾਈ ਜੀਉਣ ਸਿੰਘ (ਜੋ ਸੰਤਾਂ ਦਾ ਪਰਮ ਪ੍ਰੀਤਵਾਨ ਸ਼ਰਧਾਲੂ ਸੇਵਕ ਸੀ) ਮਿਲਿਆ। ਪਾਵਨ ਚਰਨਾਂ ਤੇ ਮੱਥਾ ਟੇਕਿਆ, ਹਜ਼ੂਰ ਨੇ ਸੁਖ-ਆਨੰਦ ਪੁਛੀ। ਇਸਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਦੀ ਮੇਹਰ ਹੈ।" ਸੰਤਾਂ ਨੇ ਫੇਰ ਕਿਹਾ, "ਮਨ ਦੀ ਕੀ ਅਵਸਥਾ ਹੈ?" ਇਸਨੇ ਭਾਵਨਾ ਨਾਲ ਅਰਜ਼ ਕੀਤੀ, "ਮਹਾਰਾਜ! ਆਪ ਦੀ ਕਿਰਪਾ ਹੈ ਗੁਰੂ ਨਾਨਕ ਦੇ ਭੰਡਾਰੇ ਵਿੱਚੋਂ ਨਾਮ ਦੀ ਦਾਤ ਬਖ਼ਸ਼ ਕੇ ਪ੍ਰਲੋਕ ਦੀ ਚਿੰਤਾ ਤਾਂ ਮੇਟ ਦਿੱਤੀ ਪਰ ਕਦੀ-ਕਦੀ ਸੰਕਲਪ ਫੁਰਦਾ ਹੈ ਕਿ ਘਰ ਵਿੱਚ ਕੋਈ ਬਾਲ ਬੱਚਾ ਨਹੀਂ, ਆਪ ਦੀ ਬਖ਼ਸ਼ਿਸ਼ ਦਾ ਸਦਕਾ ਇੱਕੋ ਇੱਕ ਹਰਨਾਮ ਕੌਰ ਬੱਚੀ ਹੈ, ਦੁਨੀਆਂ ਵਿੱਚ ਨਾਮ ਕਿਵੇਂ ਰਹੇ?" ਸੰਤਾਂ ਨੇ ਮੁਸਕਰਾਕੇ ਉੱਤਰ ਦਿਤਾ, "ਭਲਿਆ! ਇਤਨੇ ਵੱਡੇ ਗੁਰੂ ਦੇ ਲੜ ਲੱਗਕੇ ਵੀ ਅਜੇ ਦੁਨੀਆਂ ਦੀ ਵਾਸ਼ਨਾ ਨਹੀਂ ਮਿਟੀ?"

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥

(ਪੰਨਾ ੭੫੦)

ਇਸ ਨੇ ਬੇਨਤੀ ਕੀਤੀ, "ਮਹਾਰਾਜ! ਇਹ ਤਾਂ ਉਸਦੀ ਮਿਟਦੀ ਹੈ ਜਿਸ ਤੇ ਹਜ਼ੂਰ ਦੀ ਪੂਰਨ ਮੇਹਰ ਹੋਵੇ।" ਸੰਤ ਜੀ ਬੋਲੇ, "ਤਾਂ ਫੇਰ ਕੀ ਚਾਹੁੰਦਾ ਹੈਂ?" ਇਸ ਨੇ ਕਿਹਾ, "ਗ਼ਰੀਬ ਨਿਵਾਜ਼! ਮੇਰੇ ਪਿੱਛੇ ਮੇਰੀ ਯਾਦਗਾਰ ਕਾਇਮ ਰਹੇ।" ਸੰਤਾਂ ਨੇ ਕਿਹਾ, "ਇਹ ਤਾਂ ਹੋਰ ਤਰੀਕੇ ਨਾਲ ਵੀ ਰਹਿ ਸਕਦੀ ਹੈ। ਕੋਈ ਪਰਉਪਕਾਰ ਦਾ ਕੰਮ ਕਰ, ਖੂਹ, ਤਲਾ, ਬਾਉਲੀ ਲਵਾਉਣ ਵਾਲੇ ਦਾ ਲੋਕੀਂ ਚਿਰ ਕਾਲ ਤੱਕ ਜਸ ਕਰਦੇ ਹਨ। ਸਰਾਵਾਂ ਪਵਾਉਣ ਵਾਲੇ ਦਾ ਨਾਮ ਅਮਰ ਰਹਿੰਦਾ ਹੈ। ਛਬੀਲਾਂ ਤੇ ਲੰਗਰ ਚਲਾਉਣ ਵਾਲੇ ਨੂੰ ਲੋਕੀਂ ਸਦੀਵੀ ਯਾਦ ਕਰਦੇ ਹਨ। ਜੇ ਤੇਰੇ ਮਨ ਦਾ ਵੀ ਇਹੋ ਹੀ ਖ਼ਿਆਲ ਹੈ ਤਾਂ ਫੇਰ ਤੂੰ ਵੀ ਆਪਣੇ ਖੇਤ ਵਿੱਚ ਇੱਕ ਖੂਹੀ ਲਵਾ ਦੇਹ, ਦੁਨੀਆਂ ਵਿੱਚ ਨਾਮ ਕੀ ਦਰਗਾਹ ਵਿੱਚ ਡੰਕੇ ਵੱਜ ਜਾਣਗੇ।" ਇਸਨੇ ਕਿਹਾ, "ਮਹਾਰਾਜ! ਮੇਰੀ ਜੀ.ਟੀ. ਰੋਡ ਦੇ ਉਪਰ ਤਿੰਨ ਵਿਘੇ ਜ਼ਮੀਨ ਹੈ। ਮੈਂ ਹਜ਼ੂਰ ਦੇ ਨਾਮ ਅਰਦਾਸ ਕਰਵਾ ਦਿੰਦਾ ਹਾਂ। ਉਸ ਵਿੱਚ ਖੂਹੀ ਲਵਾਕੇ ਕੁਟੀਆ ਪੁਵਾ ਦੇਂਦਾ ਹਾਂ। ਆਪ ਕਿਰਪਾ ਕਰਕੇ ਉਸ ਵਿੱਚ ਰੋਜ਼ ਚਰਨ ਪਾਇਆ ਕਰੋ।"

ਸੰਤਾਂ ਨੇ ਕਿਹਾ, "ਅਸੀਂ ਬਈ! ਆਪਣੇ ਨਾਮ ਨਹੀਂ ਲਗਵਾਉਂਦੇ, ਖੂਹੀ ਤਿਆਰ ਕਰਵਾਕੇ ਜ਼ਮੀਨ ਉਸਦੇ ਨਾਮ ਲਗਵਾ ਦੇਹ, ਉਪਰ ਡੋਲ ਤੇ ਲੱਜ ਰੱਖ, ਆਏ ਗਏ ਰਾਹੀ ਮੁਸਾਫ਼ਰਾਂ ਨੂੰ ਆਪ ਜਲ ਛਕਾਇਆ ਕਰ।" ਇਸਨੇ ਅਰਜ਼ ਕੀਤੀ, "ਦਾਤਾਰ ਪਾਤਸ਼ਾਹ! ਆਪ ਜੀ ਵੀ ਕਿਰਪਾ ਕਰਕੇ ਰੋਜ਼ ਚਰਨ ਪਾਇਆ ਕਰੋ।" ਸੰਤ ਜੀ ਮਹਾਰਾਜ ਕਹਿਣ ਲਗੇ, "ਅਸੀਂ ਤਾਂ ਨਿਰੰਕਾਰ ਦੀ ਯਾਦ ਵਿੱਚ ਸਮਾਂ ਬਤੀਤ ਕਰਨਾ ਹੈ ਸਵੇਰ ਦੇ ਟਾਇਮ ਆ ਜਾਇਆ ਕਰਾਂਗੇ, ਸਮਾਂ ਪਾ ਕੇ ਇਹ ਜਗ੍ਹਾ ਮਹਾਨ ਤੀਰਥ ਬਣ ਜਾਵੇਗੀ। ਸ਼ਰਧਾਲੂ ਪਰੇਮੀਆਂ ਦੀਆਂ ਮਨੋ-ਕਾਮਨਾਵਾਂ ਪੂਰੀਆਂ ਹੋਣਗੀਆਂ। ਇਹ ਥਾਂ ਕਨੇਚ ਦੀ ਖੂਹੀ ਦੇ ਨਾਮ ਨਾਲ ਪ੍ਰਸਿੱਧ ਹੋ ਜਾਵੇਗੀ।"

ਬਾਬਾ ਜੀ ਦਾ ਬਚਨ ਮੰਨਕੇ ਇਸ ਪ੍ਰੇਮੀ ਨੇ ਇਸੇ ਤਰ੍ਹਾਂ ਹੀ ਕੀਤਾ, ਮਹਾਂ-ਪੁਰਸ਼ਾਂ ਦੇ ਹੁਕਮ ਅਨੁਸਾਰ ਖੂਹੀ ਲਗਵਾਕੇ ਆਪਣੀ ਤਿੰਨੇ ਵਿਘੇ ਜ਼ਮੀਨ (ਜਿਸ ਵਿੱਚ ਕੁਝ ਫ਼ਲਦਾਰ ਬੂਟੇ ਵੀ ਲੱਗੇ ਸਨ) ਖੂਹੀ ਦੇ ਨਾਮ ਅਰਦਾਸ ਕਰਵਾ

ਦਿਤੀ। ਆਪ ਹੱਥੀਂ ਜਲ ਛਕਾਉਣ ਦੀ ਸੇਵਾ ਕਰਦਾ ਰਿਹਾ। ਸੰਤ ਜੀ ਮਹਾਰਾਜ ਨਿਤਾ-ਪ੍ਰਤੀ ਸਵੇਰ ਦੇ ਸਮੇਂ ਅੰਤ-ਪ੍ਰਯੰਤ ਤੱਕ ਏਥੇ ਚਰਨ ਪਾਉਂਦੇ ਰਹੇ।

ਨੋਟ: "ਸਾਧ ਬਚਨ ਅਟਲਾਧਾ" ਦੇ ਹੁਕਮ ਅਨੁਸਾਰ ੪੨ ਸਾਲਾਂ ਤੋਂ ਬਾਅਦ ਹੁਣ ਉਸ ਜਗ੍ਹਾ ਨੂੰ ਮੁੜ ਭਾਗ ਲਗੇ ਹਨ। ਤਿੰਨ ਕੁ ਸਾਲਾਂ ਤੋਂ ਇਲਾਕੇ ਦੀ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਸੰਤ ਭਗਵਾਨ ਸਿੰਘ ਜੀ ਨੇ ਇਸ ਪਾਵਨ ਧਰਤੀ ਦੀ ਸੇਵਾ ਸੰਤ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੂੰ ਸੰਭਾਲ ਦਿੱਤੀ। ਉਸੇ ਸਮੇਂ ਤੋਂ ਬੜੀਆਂ ਰੌਣਕਾਂ ਹੋਣ ਲੱਗ ਪਈਆਂ। ਗੁਰਦੁਆਰੇ ਸਾਹਿਬ ਦੀ ਇਮਾਰਤ ਉਦਾਲੇ ਚਾਰ ਦੀਵਾਰੀ, ਲੰਗਰ ਵਾਸਤੇ ਕਮਰੇ ਤੇ ਰਹਾਇਸ਼ੀ ਮਕਾਨ ਵੀ ਤਿਆਰ ਹੋ ਗਏ ਹਨ। ਦੋ ਸਮੇਂ ਕਥਾ ਕੀਰਤਨ ਦਾ ਪ੍ਰਵਾਹ ਤੇ ਅੱਠੇ ਪਹਿਰ ਲੰਗਰ ਚਲਦਾ ਹੈ। ਹਰੇਕ ਪੂਰਨਮਾਸ਼ੀ ਦਾ ਜੋੜ-ਮੇਲਾ ਭਰਦਾ ਹੈ। ਸਾਲਾਨਾ ਦੀਵਾਨ ਬਾਬਾ ਜੀ ਦੇ ਜਨਮ-ਦਿਨ ਚੇਤਰ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ, ਲੱਖਾਂ ਦੀ ਗਿਣਤੀ ਵਿੱਚ ਦੂਰੋਂ-ਦੂਰੋਂ ਸੰਗਤ ਆਉਂਦੀ ਹੈ, ਸਭ ਦੀਆਂ ਮਨੋ-ਕਾਮਨਾਂ ਪੂਰੀਆਂ ਹੁੰਦੀਆਂ ਹਨ, ਸੱਚਮੁਚ ਇਹ ਅਸਥਾਨ ਮਹਾਨ-ਤੀਰਥ ਹੀ ਬਣ ਗਿਆ ਹੈ। ਇਹ ਜਗ੍ਹਾ ਲੁਧਿਆਣੇ ਤੋਂ ਖੰਨੇ ਵੱਲ ਜਾਂਦਿਆਂ ਸਾਹਨੇਆਲ ਤੇ ਦੋਰਾਹੇ ਦੇ ਵਿੱਚਕਾਰ ਜੀ.ਟੀ. ਰੋਡ ਤੇ "ਅਤਰ ਸਰ" ਨਾਮ ਕਰਕੇ ਬੜੀ ਪ੍ਰਸਿੱਧ ਹੈ । ਬਸ ਸਟਾਪ ਵੀ ਬਣਿਆ ਹੋਇਆ ਹੈ । ਏਥੋਂ ਸੰਤ ਜੀ ਮਹਾਰਾਜ ਦੀ ਗੁਫ਼ਾ ਸਿੱਧੀ ਇੱਕ ਮੀਲ, ਗੋਖੇ ਦੀ ਛਪੜੀ ਡੇਢ ਮੀਲ ਤੇ ਰੇਰੂ ਸਾਹਿਬ ਗੁਰਦੁਆਰਾ ਪਹਾੜ ਪੂਰਬ ਵੱਲ ਸਿਰਫ ਦੋ ਮੀਲ ਹੈ ।

-o-

# ਪੰਜਵਾਂ ਕਾਂਡ

## ਹੋਲੇ-ਮਹੱਲੇ ਨੂੰ ਆਨੰਦਪੁਰ ਸਾਹਿਬ ਜਾਣਾ

ਭਗਤ ਰਵਿਦਾਸ ਜੀ ਦੇ ਕਥਨ ਅਨੁਸਾਰ:

ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥

(ਪੰਨਾ ੩੪੫)

ਆਨੰਦਪੁਰ ਸਾਹਿਬ ਦੇ ਵਾਸੀ ਸੰਤ ਸੰਪੂਰਨ ਸਿੰਘ ਜੀ ਸੋਢੀ ਸਾਹਿਬਾਨ ਨਾਲ ਆਪ ਜੀ ਦਾ ਅਥਾਹ ਪਿਆਰ ਸੀ, ਉਹ ਵੀ ਜਦੋਂ ਆਪ ਜੀ ਨੂੰ ਮਿਲਦੇ ਤਾਂ ਬੜੇ ਵਜ਼ਦ ਵਿੱਚ ਆ ਕੇ ਏਹੋ ਹੀ ਪੰਗਤੀ ਪੜ੍ਹਦੇ:

ਸੰਤਨ ਸਿਉ ਮੇਰੀ ਲੇਵਾ ਦੇਵੀ
ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ
ਹਰਿ ਭਗਤਿ ਭਰੇ ਭੰਡਾਰਾ ॥

(ਪੰਨਾ ੬੧੪)

ਹੋਲੇ-ਮਹੱਲੇ ਦੇ ਸਮੇਂ ਬੜੀ ਸ਼ਰਧਾ ਤੇ ਪਿਆਰ ਨਾਲ, ਕਦੇ ਪੱਤ੍ਰਕਾ ਭੇਜਕੇ ਕਦੇ ਆਦਮੀ ਭੇਜਕੇ, ਆਪ ਜੀ ਨੂੰ ਯਾਦ ਕਰਦੇ, ਆਪ ਜੀ ਵੀ ਉਸ ਮਹਾਂ-ਪੁਰਸ਼ ਦੇ ਸੱਦੇ ਪੱਤਰ ਤੇ ਸਰਬੰਸ ਦਾਨੀ ਦੀ ਪਾਵਨ ਨਗਰੀ ਤੇ ਖਾਲਸੇ ਪੰਥ ਦੀ ਜਨਮ ਦਾਤੀ ਧਰਤੀ ਆਨੰਦਪੁਰ ਸਾਹਿਬ ਦਾ ਹੋਲੇ ਦੇ ਸਮੇਂ ਦੀਦਾਰ ਕਰਦੇ। ਇਹ ਨਿਯਮ ਉਨ੍ਹਾਂ ਨੇ ਆਪਣੇ ਆਖ਼ਰੀ ਸੁਆਸਾਂ ਤੱਕ ਨਿਭਾਇਆ। ਹਰੇਕ ਸਾਲ ਆਨੰਦਪੁਰ ਦੇ ਹੋਲੇ ਤੇ ਆਪ ਜੀ ਨੂੰ ਬਿਨੈ-ਪੱਤ੍ਰਕਾ ਲਿਖ ਭੇਜਣੀ ਤਾਂ ਆਪ ਜੀ ਨੇ ਮੇਲੇ ਤੋਂ ਕੁਝ ਕੁ ਦਿਨ ਪਹਿਲਾਂ ਹੀ ਆਪਣੇ ਨਾਲ ਸੇਵਾਦਾਰਾਂ ਨੂੰ ਲੈਕੇ ਇਸ਼ਨਾਨ ਕਰਨ ਤੋਂ ਬਾਅਦ ਸਵੱਖਤੇ ਹੀ ਅਰਦਾਸਾ ਸੋਧਕੇ ਨਹਿਰ ਸਰਹੰਦ ਦੇ ਕੰਢੇ ਚਾਲੇ ਪਾ ਦੇਣੇ ਅਤੇ ਪੈਦਲ ਹੀ ਸ਼ਾਮ ਤੱਕ ਆਨੰਦਪੁਰ ਸਾਹਿਬ ਚਲੇ ਜਾਣਾ ਅਤੇ ਸਿੱਧੇ ਸੰਤ ਸੰਪੂਰਨ ਸਿੰਘ ਜੀ ਦੇ ਡੇਰੇ ਪੁੱਜਣਾ। ਉਨ੍ਹਾਂ ਨੇ ਬੜੇ ਸਤਿਕਾਰ ਨਾਲ ਅੱਗੇ ਆਕੇ ਆਪ ਜੀ ਦੇ ਗਲ ਲਗਕੇ ਮਿਲਣਾ ਤੇ ਪਿਆਰ ਵਿੱਚ ਇਹ ਤੁਕ ਪੜ੍ਹਨੀ:

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥

(ਪੰਨਾ ੧੭)

ਦੋਹਾਂ ਵਿਅਕਤੀਆਂ ਦਾ ਮਿਲਾਪ ਗੰਗਾ ਤੇ ਜਮਨਾ ਨਦੀ ਦੇ ਸੰਗਮ ਨੂੰ ਮਾਤ ਪਾ ਦਿੰਦਾ। ਜਾਂਦਿਆਂ ਹੀ ਪਹਿਲਾਂ ਇਸ਼ਨਾਨ ਕਰਨਾ, ਫੇਰ ਸਾਰੇ ਗੁਰ ਅਸਥਾਨਾਂ ਦੀ ਕੜਾਹ ਪ੍ਰਸ਼ਾਦ ਦੀ ਦੇਗ ਤੇ ਭੇਟਾ ਰੱਖਕੇ ਯਾਤਰਾ ਕਰਨੀ, ਨਿਵੇਕਲੀ ਥਾਂ ਤੇ ਆਪ ਜੀ ਦਾ ਡੇਰਾ ਕਰਵਾਇਆ ਜਾਂਦਾ ਪਰ ਗੁਰੂ ਕੀ ਨਗਰੀ ਆਨੰਦਪੁਰ ਸਾਹਿਬ ਜਾ ਕੇ ਆਪ ਜੀ ਨੇ ਕਦੇ ਵੀ ਪੂਰਾ ਆਰਾਮ ਨਹੀਂ ਸੀ ਕੀਤਾ। ਦਿਨ ਦੇ ਸਮੇਂ ਸੰਤ ਸੰਪੂਰਨ ਸਿੰਘ ਜੀ ਦੇ ਲੰਗਰ ਦੀ ਸੇਵਾ ਵਿੱਚ ਜੁਟੇ ਰਹਿਣਾ, ਕਦੀ ਪ੍ਰਸ਼ਾਦੇ ਪਕਾਉਣੇ, ਕਦੀ ਆਪਣੇ ਹੱਥੀਂ ਬਾਹਰੋਂ ਆਈ ਸੰਗਤ ਨੂੰ ਛਕਾਉਣੇ, ਕਦੀ ਸਾਰਾ-ਸਾਰਾ ਦਿਨ ਆਟਾ ਗੁੰਨ੍ਹੀ ਜਾਣਾ, ਖੂਹੀ ਵਿੱਚੋਂ ਪਾਣੀ ਕੱਢਣਾ, ਦਾਲ ਦੇ ਦੇਗੇ ਬਣਾਉਣੇ। ਇਹ ਮਹਾਂ-ਪੁਰਸ਼ ਚੰਗੇ ਮਸ਼ਹੂਰ ਵਿਅਕਤੀ ਸਨ, ਗੁਰੂ ਅੰਸ਼ ਹੋਣ ਕਰਕੇ ਸਿੱਖੀ ਸੇਵਕੀ ਵੀ ਕਾਫ਼ੀ ਸੀ ਅਤੇ ਹਰ ਇੱਕ ਨੂੰ ਲੰਗਰ ਤੇ ਆਰਾਮ ਦਾ ਸੁੱਖ ਮਿਲਦਾ ਜਿਸ ਕਰਕੇ ਹੋਰ ਵੀ ਕਾਫ਼ੀ ਸੰਗਤ ਜਾਂਦੀ, ਇਸੇ ਕਰਕੇ ਅੱਠੇ ਪਹਿਰ ਲੰਗਰ ਜਾਰੀ ਰਹਿੰਦਾ।

ਭਾਵੇਂ ਬਾਬਾ ਜੀ ਦੀ ਘਾਲਣਾ ਤੱਕ ਕੇ ਕਈ ਵਾਰੀ ਸੰਤ ਸੰਪੂਰਨ ਸਿੰਘ ਜੀ ਨੇ ਅਰਜ਼ ਕਰਨੀ, "ਮਹਾਰਾਜ! ਆਪ ਬੈਠਕੇ ਹੀ ਸੰਗਤਾਂ ਨੂੰ ਦਰਸ਼ਨ ਦਿਉ, ਸਾਧੂ ਦਾ ਦਰਸ਼ਨ ਹੀ ਦੁਰਲੱਭ ਹੈ। ਸੇਵਾ ਕਰਨ ਵਾਲੀ ਹੋਰ ਸੰਗਤ ਬਹੁਤ ਹੈ।" ਪਰ ਜਿਸ ਮਹਾਂ-ਪੁਰਸ਼ਾਂ ਨੇ ਅੰਤਮ ਸਮੇਂ ਆਪਣੇ ਮਾਲਕ ਤੋਂ ਮੰਗਕੇ ਸੇਵਾ ਦੀ ਦਾਤ ਪ੍ਰਾਪਤ ਕੀਤੀ ਹੋਵੇ ਉਹ ਵਿਰਸੇ ਵਿੱਚ ਆਈ ਇਸ ਅਮੋਲਕ ਵਸਤੂ ਗੁਰੂ ਕੀ ਸੇਵਾ ਨੂੰ ਕਦੋਂ ਛੱਡਣਾ ਪਸੰਦ ਕਰਦੇ ਹਨ? ਉਨ੍ਹਾਂ ਵਾਸਤੇ ਤਾਂ

ਜਪ-ਤਪ ਤੀਰਥ ਯਾਤਰਾ ਸਭ ਕੁਝ ਏਹੋ ਹੀ ਹੈ:

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥

(ਪੰਨਾ ੪੨੩)

ਇਉਂ ਗੁਰ ਸੇਵਾ ਸ਼੍ਰੋਮਣੀ ਤਪ ਹੈ ਅਤੇ:

ਸਾਚਾ ਨਾਵਣੁ ਗੁਰ ਕੀ ਸੇਵਾ ॥

(ਪੰਨਾ ੪੯੪)

ਗੁਰੂ ਸੇਵਾ ਹੀ ਅਸਲ ਤੀਰਥ ਇਸ਼ਨਾਨ ਹੈ, ਗੁਰੂ ਦੀ ਸੇਵਾ ਹੀ ਅਸਲ ਗੁਰੂ ਭਗਤੀ ਹੈ।

ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥

(ਪੰਨਾ ੬੬)

ਇਉਂ ਹਜ਼ੂਰ ਨੇ ਦਿਨੇ ਤਾਂ ਸੇਵਾ ਵਿੱਚ ਜੁਟੇ ਰਹਿਣਾ ਅਤੇ ਰਾਤ ਨੂੰ ਦਰਿਆ ਕਿਨਾਰੇ ਬੈਠਕੇ ਬੰਦਗੀ ਕਰਨੀ। ਸਵੇਰ ਦੇ ਟਾਈਮ ਗੁਰੂ ਦਰਬਾਰ ਵਿੱਚ ਕੀਰਤਨ ਸਰਵਣ ਕਰਨਾ। ਇੱਕ ਵਾਰੀ ਜਾਂਦਿਆਂ ਹੋਇਆਂ ਅਤੇ ਇੱਕ ਵਾਰੀ ਆਉਣ ਦੇ ਸਮੇਂ ਸਾਥੀਆਂ ਸਮੇਤ ਗੁਰਧਾਮਾਂ ਦੀ ਯਾਤਰਾ ਕਰਨੀ। ਗੁਰੂ ਗੋਲਕ ਦੀ ਭੇਟਾ ਅਰਪਣੀ ਤੇ ਕੜਾਹ ਪ੍ਰਸ਼ਾਦ ਚੜ੍ਹਾਉਣਾ। ਹਰ ਰੋਜ਼ ਅੰਮ੍ਰਿਤ ਵੇਲੇ ਕੇਸਗੜ੍ਹ ਤਖ਼ਤ ਦੇ ਦਰਸ਼ਨ ਕਰਨੇ ਤੇ ਕੀਰਤਨ ਸੁਣਨਾ, ਫੇਰ ਅਰਦਾਸ ਤੋਂ ਬਾਅਦ ਲੰਗਰ ਦੀ ਸੇਵਾ ਵਿੱਚ ਹਾਜ਼ਰ ਹੋ ਜਾਣਾ। ਇਉਂ ਹੋਲੇ ਤੋਂ ਕਈ ਦਿਨ ਪਹਿਲਾਂ ਪੁੱਜ ਜਾਣਾ, ਕਈ ਦਿਨ ਬਾਅਦ ਰਹਿਣਾ। ਫੇਰ ਮਹਾਂ-ਪੁਰਸ਼ਾਂ ਦੀ ਆਗਿਆ ਅਨੁਸਾਰ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰ ਕੇ ਸਿਰੋਪਾਓ ਲੈ ਕੇ ਉਸੇ ਤਰ੍ਹਾਂ ਹੀ ਪੈਦਲ ਨਹਿਰ ਦੇ ਕੰਢੇ ਵਾਪਸ ਆ ਜਾਣਾ। ਇਉਂ ਸੱਠ ਮੀਲ ਸਫਰ ਕਰ ਕੇ ਵੀ ਰਾਤ ਦਾ ਸਮਾਂ ਕਦੇ ਨਹੀਂ ਬਿਰਥਾ ਗਵਾਇਆ, ਪਹਿਲੀ ਤੇ ਪਿਛਲੀ ਰਾਤ ਜ਼ਰੂਰ ਹੀ ਜਾਗਕੇ ਭਜਨ ਕਰਦੇ।

ਜਿਤਨਾ ਚਿਰ ਸੰਤ ਸੰਪੂਰਨ ਸਿੰਘ ਜੀ ਦਾ ਸਰੀਰ ਰਿਹਾ ਆਪ ਜੀ ਨੇ ਵੀ ਇਹ ਨਿਯਮ ਬਿਨਾ ਨਾਗਾ ਹਰੇਕ ਸਾਲ ਉਸੇ ਤਰ੍ਹਾਂ ਹੀ ਨਿਭਾਇਆ। ਇਉਂ ਆਪ ਦਸ ਬਾਰਾਂ ਸਾਲ ਹਰੇਕ ਹੋਲੇ-ਮਹੱਲੇ ਤੇ ਸ੍ਰੀ ਆਨੰਦਪੁਰ ਸਾਹਿਬ ਜਾਂਦੇ ਰਹੇ।

# ਬੱਚਾ ਰਾਜ਼ੀ ਕੀਤਾ ਤੇ ਅਹੁਦਾ ਬਖ਼ਸ਼ਿਆ

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥

(ਪੰਨਾ ੧੪੬)

ਇਕ ਸਮੇਂ ਸ੍ਰੀ ਹਜ਼ੂਰ ਬਾਬਾ ਜੀ ਮਹਾਰਾਜ ਰਾਤ ਦੇ ਦੋ ਵਜੇ ਬਾਹਰ ਖੂਹੀ ਤੇ ਇਸ਼ਨਾਨ ਕਰਕੇ ਭਾਗਾਂ-ਭਰੀ ਗੋਖੇ ਦੀ ਛਪੜੀ ਤੇ ਆ ਬੈਠੇ। ਇੱਕ ਦੋ ਸੇਵਾਦਾਰ ਹਜ਼ੂਰ ਦੇ ਨਾਲ ਸਨ। ਅਰਸ਼ੀ ਦਾਤਾਰ ਦੀ ਯਾਦ ਵਿੱਚ ਜੁੜਿਆਂ ਸਵੇਰ ਦੇ ਚਾਰ ਵਜੇ ਦਾ ਟਾਈਮ ਹੋ ਗਿਆ। ਉਸ ਸਮੇਂ ਕੁਝ ਕੁ ਫਾਸਲੇ ਤੇ ਦੋ ਮਨੁੱਖਾਂ ਦੇ ਬਚਨ ਬਿਲਾਸ ਕਰਨ ਦੀ ਆਵਾਜ਼ ਕੰਨੀਂ ਪਈ ਪਰ ਬਾਬਾ ਜੀ ਨੇ ਕੁਝ ਨਹੀਂ ਆਖਿਆ, ਆਪਣੇ ਅਨੰਦ ਵਿੱਚ ਹੀ ਮਗਨ ਰਹੇ। ਜਦੋਂ ਪੰਜ ਵਜੇ ਗੁਰਦੁਆਰੇ ਜਾਣ ਦਾ ਸਮਾਂ ਹੋਇਆ ਤਾਂ ਸੰਤ ਜੀ ਮਹਾਰਾਜ ਆਪਣੇ ਆਸਣ ਤੋਂ ਉੱਠੇ ਅਤੇ ਜਿਸ ਪਾਸਿਉਂ ਆਦਮੀਆਂ ਦੇ ਬੋਲਣ ਦੀ ਆਵਾਜ਼ ਆ ਰਹੀ ਸੀ ਉਸੇ ਪਾਸੇ ਚਲ ਪਏ ਤਾਂ ਇੱਕ ਨੀਵੀਂ ਥਾਂ ਤੇ ਬ੍ਰਿਛ ਦੇ ਮੁੱਢ ਨਾਲ ਲੱਗੇ ਦੋ ਮਨੁੱਖੀ ਆਕਾਰ ਦੇਖੇ, ਜਿੰਨ੍ਹਾਂ ਵਿੱਚੋਂ ਇੱਕ ਆਦਮੀ ਦਾ ਸਰੀਰ ਤੇ ਦੂਜਾ ਕਿਸੇ ਜ਼ਨਾਨੀ ਦਾ ਸੀ, ਜਿਸ ਦੀ ਗੋਦ ਵਿੱਚ ਡੇਢ ਸਾਲ ਦਾ ਇੱਕ ਛੋਟਾ ਜੇਹਾ ਬੱਚਾ ਸੁੱਤਾ ਪਿਆ ਸੀ। ਇਹ ਦੋਵੇਂ ਇੱਕੋ ਘਰ ਦੇ ਜੀਅ ਸਨ ਪਰ ਬੜੇ ਦੁਖੀ ਪ੍ਰਤੀਤ ਹੋ ਰਹੇ ਸੀ।

ਜਦੋਂ ਹਜ਼ੂਰ ਨੇ ਪਾਸ ਆਕੇ ਪੁੱਛਿਆ, "ਕਿਉਂ ਬਈ! ਕੀ ਗੱਲ ਹੈ? ਐਸ ਵੇਲੇ ਏਥੇ ਬੈਠੇ ਹੋ?" ਬਾਬਾ ਜੀ ਦੇ ਬਚਨ ਸੁਣਕੇ ਉਹ ਭੈ-ਭੀਤ ਹੋ ਗਏ, ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਏਥੇ ਸੰਤ ਜੀ ਮਹਾਰਾਜ ਬੈਠੇ ਭਜਨ ਕਰ ਰਹੇ ਹਨ। ਉਨ੍ਹਾਂ ਨੇ ਚਰਨਾਂ ਤੇ ਸੀਸ ਰੱਖ ਕੇ ਸੰਤਾਂ ਨੂੰ ਮੱਥਾ ਟੇਕਿਆ ਅਤੇ ਅਰਜ਼ ਕੀਤੀ, "ਮਹਾਰਾਜ! ਸਾਨੂੰ ਪਤਾ ਨਹੀਂ ਸੀ ਕਿ ਆਪ ਜੀ ਏਥੇ ਬੈਠੇ ਹੋ, ਨਹੀਂ ਤਾਂ ਅਸੀਂ ਕੋਈ ਬਚਨ ਨਾ ਕਰਦੇ। ਮਹਾਰਾਜ! ਅਸੀਂ ਜਟਾਣਿਆਂ ਤੋਂ ਆਏ ਹਾਂ ਅੱਗੇ ਸਾਨ੍ਹੇਵਾਲ ਪਿੰਡ ਵਲੈਤ ਖ਼ਾਂ ਹਕੀਮ ਦੇ ਪਾਸ ਜਾ ਰਹੇ ਹਾਂ। ਇਹ ਸਾਡਾ ਬੱਚਾ ਕੇਹਰ ਸਿੰਘ ਬਹੁਤ ਬੀਮਾਰ ਹੈ ਪਤਾ ਨਹੀਂ ਬਚੇ ਜਾਂ ਨਾ, ਅਸੀਂ ਏਸੇ ਖ਼ਿਆਲ ਵਿੱਚ ਪਿੰਡੋਂ ਸਵੱਖਤੇ ਹੀ ਚਲ ਪਏ ਕਿ ਇੱਕ ਵਾਰੀ ਜਿਉਂਦੇ ਬੱਚੇ ਨੂੰ ਹਕੀਮ ਦੇ ਪਾਸ ਲੈ ਚਲੀਏ, ਸ਼ਾਇਦ ਇਸ ਦੀ ਵਧੀ ਹੋਵੇਗੀ ਤਾਂ ਬਚ ਜਾਵੇਗਾ। ਪਰ ਜਦੋਂ ਏਥੇ ਆਏ ਤਾਂ ਤਾਰਿਆਂ ਨੂੰ ਦੇਖਕੇ ਖ਼ਿਆਲ ਕੀਤਾ ਅਜੇ ਤਾਂ ਰਾਤ ਬਹੁਤ ਬਾਕੀ ਹੈ, ਹਕੀਮ ਨੇ ਇਤਨੇ ਸਵੱਖਤੇ ਨਹੀਂ ਮਿਲਣਾ ਇਸ ਕਰਕੇ ਕੁਝ ਕੁ ਸਮਾਂ ਏਥੇ ਹੀ ਬੈਠ ਜਾਈਏ। ਗ਼ਰੀਬ ਨਿਵਾਜ਼! ਬੇਹੋਸ਼ ਬੱਚੇ ਨੂੰ ਝੋਲੀ ਵਿੱਚ ਪਾ ਕੇ ਏਥੇ ਬੈਠੇ ਆਪਣੇ ਦੁਖੀ ਹਿਰਦੇ ਨੂੰ ਗੱਲਾਂ ਕਰਕੇ ਧਰਵਾਸ ਦੇ ਰਹੇ ਹਾਂ।"

ਉਹਨਾਂ ਦੀ ਬੇਨਤੀ ਸੁਣ ਕੇ ਹਜ਼ੂਰ ਦਾ ਦਰਦਵੰਦ ਹਿਰਦਾ ਪਿਘਲ ਆਇਆ। ਮੇਹਰਾਂ ਦੇ ਘਰ ਵਿੱਚ ਆ ਕੇ ਕਹਿਣ ਲੱਗੇ, "ਬੱਚੇ ਦਾ ਮੂੰਹ ਨੰਗਾ ਕਰੋ।" ਨਾਲ ਦੇ ਸੇਵਾਦਾਰ ਦੇ ਹੱਥ ਵਿੱਚ ਲਾਲਟੈਨ ਪਕੜੀ ਹੋਈ ਸੀ ਉਸ ਨੂੰ ਪਾਸ ਸੱਦਿਆ (ਜੋ ਨਾਲ ਹੀ ਲੈਂਪ ਨੂੰ ਰੱਖਦਾ ਅਤੇ ਨੀਵੀਂ ਕਰਕੇ ਕਾਫ਼ੀ ਦੂਰ ਓਟ ਵਿੱਚ ਧਰ ਦਿੰਦਾ) ਜਦੋਂ ਲੈਂਪ ਦੀ ਰੋਸ਼ਨੀ ਵਿੱਚ ਬੇਹੋਸ਼ ਬੱਚੇ ਦਾ ਮੂੰਹ ਤੱਕਿਆ ਤਾਂ ਕ੍ਰਿਪਾ ਕਰਕੇ ਆਖਿਆ, "ਇਹ ਨਹੀਂ ਮਰਦਾ, ਇਸ ਨੇ ਤਾਂ ਬਹੁਤ ਵੱਡੇ ਫੌਜੀ ਅਹੁਦੇ ਨੂੰ ਪ੍ਰਾਪਤ ਕਰਕੇ ਪਰੇਡਾਂ ਕਰਵਾਉਣੀਆਂ ਹਨ।"

ਹਜ਼ੂਰ ਦਾ ਬਚਨ ਸੁਣ ਕੇ ਨਾਲ ਦੇ ਸੇਵਾਦਾਰ ਕਹਿਣ ਲੱਗੇ, ਜਾਓ ਤੁਸੀਂ ਇਸ ਬੱਚੇ ਨੂੰ ਹੁਣ ਘਰ ਲੈ ਕੇ ਜਾਓ, ਹਕੀਮ ਕੋਲ ਨਾ ਜਾਣਾ, ਇਹ ਹੁਣ ਆਪੇ ਹੀ ਰਾਜ਼ੀ ਹੋ ਜਾਵੇਗਾ। ਸੰਤਾਂ ਦੇ ਬਚਨਾਂ ਤੇ ਭਰੋਸਾ ਰੱਖੋ ਅਤੇ ਇਹ ਬਹੁਤ ਵੱਡਾ ਅਫ਼ਸਰ ਬਣੇਗਾ। ਉਸ ਸਮੇਂ ਦੋਵੇਂ ਹੀ ਜੀਅ ਬਾਬਾ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਕੇ ਆਪਣੇ ਘਰ ਆ ਗਏ। ਦੂਜੇ ਦਿਨ ਲੜਕਾ ਵੀ ਬਿਲਕੁਲ ਠੀਕ ਹੋ ਗਿਆ। ਸਮਾਂ ਪਾ ਕੇ ਸੰਤਾਂ ਦੀ ਕ੍ਰਿਪਾ ਨਾਲ ਫੌਜ ਵਿੱਚ ਭਰਤੀ ਹੋ ਗਿਆ ਤੇ "ਸਾਧ ਬਚਨ ਅਟਲਾਧਾ" ਦੇ ਹੁਕਮ ਅਨੁਸਾਰ ਕਪਤਾਨੀ ਪੈਨਸ਼ਨ ਲੈ ਕੇ ਆਪਣੇ ਘਰ ਆਇਆ। ਇਹ ਸਾਰੇ ਇਲਾਕੇ ਵਿੱਚ ਤੇ ਫੌਜ ਵਿੱਚ ਬੜਾ ਮਸ਼ਹੂਰ ਸੀ। ਇਸਦਾ ਨਾਮ ਕੇਹਰ ਸਿੰਘ ਸੀ, ਇਹ ਗੁਲਾਬ ਸਿੰਘ ਰਵਿਦਾਸੀਏ ਦਾ ਲੜਕਾ ਸੀ। ਇਉਂ ਹਜ਼ੂਰ ਦੇ ਬਚਨਾਂ ਨਾਲ ਉਸ ਨੇ ਸੱਚਮੁਚ ਹੀ ਪਰੇਡ ਕਰਾਈ ਅਤੇ ਬੜਾ ਜਸ ਖੱਟਿਆ।

ਧੰਨ ਬਾਬਾ ਅਤਰ ਸਿੰਘ ਜੀ ਮਹਾਰਾਜ!

## ਕਟਾਹਰੀ ਪਿੰਡ ਦੇ ਤਾਰਾ ਸਿੰਘ ਨੂੰ ਪੁੱਤਰ ਦਾ ਵਰ

ਦੋਰਾਹੇ ਦੇ ਕੋਲ ਦੀ ਜਾਣ ਵਾਲੀ ਨਹਿਰ ਸਰਹੰਦ ਗੁੜਥਲੀ ਦੇ ਪੁਲ ਤੋਂ ਦੋ ਹਿੱਸਿਆਂ ਵਿੱਚ ਵੰਡੀ ਜਾਂਦੀ ਹੈ। ਇੱਕ ਹਿੱਸਾ ਤਾਂ ਸਿੱਧਾ ਪਟਿਆਲੇ ਵੱਲ ਚਲਿਆ ਜਾਂਦਾ ਹੈ ਅਤੇ ਦੂਜਾ ਹਿੱਸਾ ਲੰਢੇ ਬੁਆਣੀ ਆਦਿ ਪਿੰਡਾਂ ਵੱਲ ਨਿਕਲ ਜਾਂਦਾ ਹੈ। ਅੱਗੇ ਆਕੇ ਦੋ ਕੁ ਮੀਲਾਂ ਤੇ ਫਿਰ ਇਸ ਦੀਆਂ ਵੀ ਦੋ ਸ਼ਾਖਾਂ ਬਣ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਤਾਂ ਕਿਲ੍ਹਾ ਰਾਏਪੁਰ, ਸਧਾਰ ਆਦਿਕ ਪਿੰਡਾਂ ਦੇ ਕੋਲ ਦੀ ਸਿੱਧੀ ਫਿਰੋਜ਼ਪੁਰ ਨੂੰ ਚਲੀ ਜਾਂਦੀ ਹੈ ਅਤੇ ਦੂਸਰੀ ਸ਼ਾਖ ਨੂੰ ਬਠਿੰਡੇ ਵਾਲੀ ਨਹਿਰ ਆਖਦੇ ਹਨ ਜੋ ਛਪਾਰ ਮੰਡੀ ਦੇ ਨਾਲ ਦੀ ਜਾਂਦੀ ਹੈ।

ਇਸੇ ਨਹਿਰ ਤੇ ਜਿਥੋਂ ਇਸ ਦੀ ਸ਼ਾਖ ਵੱਖਰੀ ਹੁੰਦੀ ਹੈ ਪੰਜਾਂ ਮੀਲਾਂ ਦੇ ਫਾਸਲੇ ਤੇ ਇੱਕ ਕਟਾਹਰੀ ਨਾਮ ਦਾ ਨਗਰ ਹੈ। ਇਸ ਪਿੰਡ ਦੇ ਲੋਕ ਪਹਿਲਾਂ ਤਾਂ ਭਾਵੇਂ ਸੰਤ ਸੇਵੀ ਤੇ ਗੁਰਮਤ ਦੇ ਧਾਰਨੀ ਨਹੀਂ ਸਨ ਪਰ ਜਦੋਂ ਦੇ ਬਾਬਾ ਜੀ ਨੇ ਏਸ ਨਗਰ ਵਿੱਚ ਚਰਨ ਪਾਏ ਉਸ ਸਮੇਂ ਤੋਂ ਸਾਰੇ ਹੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਇਸ ਪਿੰਡ ਦਾ ਇੱਕ ਤਾਰਾ ਸਿੰਘ ਨਾਮ ਕਰਕੇ ਜੋ ਪਹਿਲਾਂ ਤਾਂ ਸਾਰੇ ਐਬੀਆਂ ਦਾ ਮੋਢੀ ਸੀ ਪਰ ਜਦੋਂ ਰਾਮਪੁਰ ਨੂੰ ਜਾਂਦਿਆਂ ਰੇਰੂ ਸਾਹਿਬ ਗੁਰਦੁਆਰੇ ਬਾਬਾ ਜੀ ਦੇ ਦਰਸ਼ਨ ਕੀਤੇ, ਬਚਨ ਸੁਣੇ ਤਾਂ ਉਸ ਦਿਨ ਤੋਂ ਇਹ ਸਾਰੇ ਐਬਾਂ ਨੂੰ ਛੱਡ ਕੇ ਸਿੰਘ ਸਜ ਗਿਆ ਤੇ ਬਾਬਾ ਜੀ ਦੀ ਸੰਗਤ ਕੀਤਾ ਕਰਦਾ। ਸਾਲ ਦੇ ਸਾਲ ਆਪਣੇ ਨਗਰ ਬਾਬਾ ਜੀ ਦੇ ਚਰਨ ਪੁਵਾਉਣੇ ਤੇ ਸੇਵਾ ਕਰਨੀ। ਇਸ ਦੀ ਸੰਗਤ ਦਾ ਸਦਕਾ ਕਟਾਰੀ ਪਿੰਡ ਦੇ ਹੋਰ ਵੀ ਬਹੁਤ ਸਾਰੇ ਪ੍ਰੇਮੀ ਬਾਬਾ ਜੀ ਦੇ ਸ਼ਰਧਾਲੂ ਬਣ ਗਏ। ਇੱਕ ਦਿਨ ਰਾਤ ਦੇ ਦੀਵਾਨ ਵਿੱਚ ਬਾਬਾ ਅਤਰ ਸਿੰਘ ਮਹਾਰਾਜ ਨੇ ਕੀਰਤਨ ਕਰਦਿਆਂ ਗੁਰਬਾਣੀ ਦੀ ਮਹਿਮਾ ਜਨਾਉਣ ਵਾਸਤੇ ਭਾਈ ਗੁਰਦਾਸ ਜੀ ਦਾ ਕਬਿਤ ਪੜ੍ਹਿਆ:

ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ
ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ।
ਸਿਖ ਕਉ ਪਿਲਾਇ ਪਾਨੀ ਭਾਉ ਕਰ ਕੁਰਖੇਤ,
ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ।
ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।
ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ
ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ ॥੬੭੩॥

(ਭਾਈ ਗੁਰਦਾਸ ਜੀ)

ਉਸ ਸਮੇਂ ਸਾਰੀ ਸੰਗਤ ਦੇ ਮਨਾਂ ਤੇ ਇਨ੍ਹਾਂ ਬਚਨਾਂ ਦਾ ਬੜਾ ਭਾਰੀ ਅਸਰ ਪਿਆ, ਕਿਉਂਕਿ ਮਹਾਂ-ਪੁਰਸ਼ਾਂ ਦੀ ਰਸਨਾ ਤੋਂ ਨਿਕਲਿਆ ਹੋਇਆ ਬਚਨ ਕਮਾਈ ਵਾਲਾ ਹਿਰਦਾ ਹੋਣ ਕਰਕੇ ਸਭਨਾਂ ਦੇ ਮਨਾਂ ਨੂੰ ਕਾਟ ਕਰਦਾ ਹੈ। ਆਮ ਲੋਕ ਬਾਣੀ ਪੜ੍ਹਦੇ ਹਨ, ਪ੍ਰਚਾਰ ਕਰਦੇ ਹਨ ਪਰ ਚੁਲ੍ਹੀਆਂ ਕਰਨ ਵਾਂਗੂੰ, ਇਸੇ ਕਰਕੇ ਉਨ੍ਹਾਂ ਦਾ ਕੋਈ ਅਸਰ ਨਹੀਂ ਪੈਂਦਾ ਜਿਵੇਂ ਖ਼ਾਲੀ ਬੰਦੂਕ ਦਾ ਖੜਾਕ ਤਾਂ ਭਾਵੇਂ ਉਤਨਾ ਹੀ ਹੋ ਜਾਂਦਾ ਹੈ ਪਰ ਅੱਗੇ ਮਾਰ ਨਹੀਂ ਕਰਦੀ, ਭਰੀ ਬੰਦੂਕ ਦੀ ਗੋਲੀ ਪੂਰੀ ਨਿਸ਼ਾਨੇ ਤੇ ਜਾ ਬੈਠਦੀ ਹੈ। ਇਸੇ ਤਰ੍ਹਾਂ ਖ਼ਾਲੀ ਗੱਡਾ ਤਾਂ ਪੋਲਾ-ਪੋਲਾ ਜ਼ਮੀਨ ਉਪਰ ਹੀ ਚੱਲਦਾ ਹੈ ਪਰ ਭਰਿਆ ਹੋਇਆ ਧਰਤੀ ਤੇ ਡੂੰਘੀ ਲੀਹ ਪਾਉਂਦਾ ਤੇ ਧਸਦਾ ਜਾਂਦਾ ਹੈ। ਇਹੋ ਗੱਲ ਬਾਣੀ ਪੜ੍ਹਣ ਵਾਲਿਆਂ ਤੇ ਧਾਰਨ ਵਾਲਿਆਂ ਦੀ ਹੈ, ਪੜ੍ਹਾਈ ਨਾਲੋਂ ਕਮਾਈ ਦਾ ਮੁੱਲ ਬਹੁਤਾ ਹੈ। ਗੁਰੂ ਘਰ ਵਿੱਚ ਤਾਂ ਕਥਨੀ ਨਾਲੋਂ ਕਰਨੀ ਨੂੰ ਪ੍ਰਧਾਨਤਾ ਦਿੱਤੀ ਹੈ। ਹਜ਼ੂਰ ਦਾ ਹੁਕਮ ਹੈ:

ਜਿਨ ਅੰਦਰਿ ਪ੍ਰੀਤਿ ਪਿਰੰਮ ਕੀ
ਜਿਉ ਬੋਲਨਿ ਤਿਵੈ ਸੋਹੰਨਿ ॥

(ਪੰਨਾ ੩੦੧)

ਉਸ ਸਮੇਂ ਬਾਬਾ ਜੀ ਦੀ ਰਸਨਾ ਤੋਂ ਸੰਤ ਸੇਵਾ ਦੇ ਪਵਿੱਤਰ ਬਚਨ ਸੁਣਕੇ ਸਾਰੀ ਸੰਗਤ ਬੜੀ ਪ੍ਰਸੰਨ ਹੋਈ। ਇਨ੍ਹਾਂ ਪ੍ਰੇਮੀਆਂ ਦੇ ਨਾਲ ਭਾਈ ਤਾਰਾ ਸਿੰਘ ਵੀ ਦੀਵਾਨ ਵਿੱਚ ਬੈਠਾ ਸੰਤਾਂ ਦੇ ਦਰਸ਼ਨ ਕਰ ਰਿਹਾ ਸੀ। ਇਸ ਨੇ

ਸੋਚਿਆ ਗੁਰਸਿੱਖ ਦੇ, ਮਹਾਂ-ਪੁਰਸ਼ਾਂ ਦੇ, ਬ੍ਰਹਮ ਗਿਆਨੀ ਦੇ, ਸੰਤਾਂ ਦੇ ਇਸ਼ਨਾਨ ਕਰਾਉਣ ਦਾ ਇਤਨਾ ਫ਼ਲ, ਇਤਨਾ ਪੁੰਨ (ਪੰਜ ਵਾਰੀ ਗੰਗਾ ਜੀ ਦੇ ਇਸ਼ਨਾਨ ਦਾ ਫ਼ਲ, ਪੰਜ ਵਾਰੀ ਪਰਾਗਰਾਜ ਦੇ ਕੁੰਭ ਦੇ ਇਸ਼ਨਾਨ ਦਾ ਮਹਾਤਮ) ਉਸ ਸਮੇਂ ਦੀਵਾਨ ਦੀ ਸਮਾਪਤੀ ਤੋਂ ਬਾਅਦ ਇਸਨੇ ਦੋਵੇਂ ਹੱਥ ਜੋੜ ਕੇ ਬਾਬਾ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਮੇਰੀ ਇੱਕ ਬੇਨਤੀ ਹੈ।" ਸੰਤਾਂ ਕਿਹਾ, "ਦਸ ਭਾਈ ਕੀ ਗੱਲ ਹੈ।" ਉਸ ਨੇ ਕਿਹਾ, "ਮਹਾਰਾਜ! ਮੈਂ ਹਜ਼ੂਰ ਦੇ ਕੇਸੀ ਇਸ਼ਨਾਨ ਵਾਸਤੇ ਆਪਣੇ ਪਿੱਡੋਂ ਦਹੀਂ ਲੈ ਕੇ ਆਇਆ ਕਰਾਂਗਾ।"

ਸੰਤ ਹੱਸਕੇ ਕਹਿਣ ਲੱਗੇ, "ਪ੍ਰੇਮੀਆਂ! ਇਹ ਸੇਵਾ ਹੈ ਤਾਂ ਬਹੁਤ ਚੰਗੀ ਪਰ ਨਿਯਮ ਨਿਭਾਉਣਾ ਬੜਾ ਔਖਾ ਹੁੰਦਾ ਹੈ।" ਇਸਨੇ ਫੇਰ ਕਿਹਾ, "ਮਹਾਰਾਜ! ਜੇ ਆਪ ਜੀ ਦੀ ਕ੍ਰਿਪਾ ਹੋਵੇ ਤਾਂ ਮੈਂ ਆਪਣੀ ਜ਼ਿੰਦਗੀ ਭਰ ਇਹ ਨਿਯਮ ਪੂਰਾ ਕਰਾਂਗਾ।" ਸੰਤਾਂ ਨੇ ਕਿਹਾ, "ਤੂੰ ਇਤਨਾ ਵੱਡਾ ਪ੍ਰਣ ਨਾ ਕਰ, ਹਾਂ! ਆਪਣੀ ਮਰਜ਼ੀ ਅਨੁਸਾਰ ਦਹੀਂ ਲੈ ਆਇਆ ਕਰ।" ਪਰ ਇਸਨੇ ਅਰਜ਼ ਕੀਤੀ, "ਦਾਤਾ! ਪ੍ਰਣ ਕੀਤੇ ਬਗ਼ੈਰ ਮਨ ਤੇ ਕਾਬੂ ਨਹੀਂ ਪੈ ਸਕਦਾ। ਆਪ ਜੀ ਨੇ ਉਸੇ ਹੀ ਦਿਨ ਹੁਕਮ ਕੀਤਾ ਸੀ ਕਿ ਮਨ ਹਾਥੀ ਗੁਰ-ਸ਼ਬਦ ਦੇ ਕੁੰਡੇ ਨਾਲ ਹੀ ਵਿੰਨ ਕੇ ਕਾਬੂ ਆਉਂਦਾ ਹੈ।

ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ ॥
ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ ॥੨॥

(ਪੰਨਾ ੫੧੬)

ਸੋ ਆਪ ਜੀ ਦੀ ਪ੍ਰਵਾਨਗੀ ਚਾਹੀਦੀ ਹੈ। ਮੈਂ ਹਰੇਕ ਬੁੱਧਵਾਰ ਨੂੰ ਦਹੀਂ ਲੈ ਕੇ ਹਜ਼ੂਰ ਦੇ ਚਰਨਾਂ ਵਿੱਚ ਪੁੱਜ ਜਾਇਆ ਕਰਾਂਗਾ।" ਸੰਤਾਂ ਨੇ ਕਿਹਾ, "ਚੰਗਾ ਜਿਵੇਂ ਤੇਰੀ ਮਰਜ਼ੀ।"

ਇਉਂ ਸੰਤਾਂ ਦੀ ਆਗਿਆ ਪਾਕੇ ਆਪਣੇ ਨਗਰ ਨੂੰ ਚਲਾ ਗਿਆ ਤੇ ਉਸੇ ਦਿਨ ਤੋਂ ਫੇਰ ਹਰੇਕ ਬੁੱਧਵਾਰ ਨੂੰ ਸੁਵੱਖਤੇ ਹੀ ਇਸ਼ਨਾਨ ਕਰਕੇ ਘਰੋਂ ਚਲ ਪੈਣਾ ਤੇ ਸੂਰਜ ਚੜ੍ਹਦੇ ਨੂੰ ਰੇਰੂ ਸਾਹਿਬ ਗੁਰਦੁਆਰੇ ਪੁੱਜ ਜਾਣਾ। ਭਾਵੇਂ ਗਰਮੀ ਤੇ ਭਾਵੇਂ ਸਰਦੀ, ਭਾਵੇਂ ਬਾਰਸ਼ ਤੇ ਭਾਵੇਂ ਹਨੇਰੀ ਵਗਦੀ ਹੋਵੇ ਪਰ ਇਸਨੇ ਆਪਣਾ ਨਿਯਮ ਨਹੀਂ ਭੰਗ ਹੋਣ ਦਿੱਤਾ ਅਤੇ ਸਾਰੀ ਜ਼ਿੰਦਗੀ ਇਸ ਪ੍ਰਣ ਨੂੰ ਪੂਰਾ ਨਿਭਾਇਆ। ਕਦੀ-ਕਦੀ ਇਸਦੇ ਨਾਲ ਕਟਾਹਰੀ ਪਿੰਡ ਦਾ ਭਾਈ ਸੰਤਾ ਸਿੰਘ ਵੀ ਆ ਜਾਂਦਾ। ਉਸ ਸਮੇਂ ਉਸਦੀ ਉਮਰ ਕੋਈ ਪੰਦਰਾਂ ਕੁ ਸਾਲਾਂ ਦੀ ਹੋਵੇਗੀ, ਪਰ ਪਿਛਲੇ ਸੰਸਕਾਰ ਪ੍ਰਬਲ ਸਨ ਜਿਸ ਦਿਨ ਜਾਣਾ ਹੁੰਦਾ ਇਸਦੇ ਘਰ ਪਹਿਲਾਂ ਹੀ ਤਿਆਰ ਹੋ ਕੇ ਆ ਜਾਂਦਾ ਤੇ ਭਾਈ ਤਾਰਾ ਸਿੰਘ ਦੇ ਨਾਲ ਰੇਰੂ ਸਾਹਿਬ ਬਾਬਿਆਂ ਦੇ ਚਰਨਾਂ ਵਿੱਚ ਪੁੱਜ ਜਾਂਦੇ। ਇਨ੍ਹਾਂ ਦੇ ਪ੍ਰੇਮ ਦਾ ਸਦਕਾ ਬਾਬਾ ਜੀ ਕਟਾਹਰੀ ਪਿੰਡ ਵਿੱਚ ਸਾਲ ਦੇ ਸਾਲ ਚਰਨ ਪਾਇਆ ਕਰਦੇ। ਆਪ ਜੀ ਪ੍ਰੇਮੀਆਂ ਦੇ ਪ੍ਰੇਮ ਦੇ ਬੱਝੇ ਹੋਏ ਰਾਮਪੁਰ ਪਿੰਡ ਜਾਂਦੇ ਜਾਂ ਕਟਾਹਰੀ ਪਿੰਡ ਸੰਤਾ ਸਿੰਘ ਸ੍ਰੀ ਮਾਨ ਦੇ ਘਰ, ਜਾਂ ਤਾਰਾ ਸਿੰਘ ਦੇ ਘਰ, ਹੋਰ ਕਿਸੇ ਜਗ੍ਹਾ ਘੱਟ ਜਾਂਦੇ ਸਨ।

## ਸੰਤਾ ਸਿੰਘ ਸ੍ਰੀ ਮਾਨ

ਤਾਰਾ ਸਿੰਘ ਦੇ ਨਾਲ ਸੰਤਾ ਸਿੰਘ ਵੀ ਸੱਤਵੇਂ ਦਿਨ ਬਾਬਾ ਜੀ ਦੇ ਕੇਸੀ ਇਸ਼ਨਾਨ ਦੇ ਟਾਈਮ ਰੇਰੂ ਸਾਹਿਬ ਜਾਇਆ ਕਰਦਾ ਸੀ। ਉਮਰ ਭਾਵੇਂ ਛੋਟੀ ਸੀ ਪਰ ਪਿਛਲੇ ਸੰਸਕਾਰਾਂ ਅਨੁਸਾਰ ਸ਼ੌਕ ਬੜਾ ਸੀ। ਤਿੰਨਾਂ ਭਰਾਵਾਂ ਵਿੱਚੋਂ ਸਰੀਰ ਮੁੱਢ ਤੋਂ ਹੀ ਕੁੱਝ ਕਮਜ਼ੋਰ ਸੀ, ਵੱਡੇ ਭਰਾ ਦਾ ਨਾਮ ਗੁਰਸ਼ਰਨ ਸਿੰਘ, ਛੋਟੇ ਦਾ ਨਾਮ ਭਾਈ ਰਾਮ ਸਿੰਘ, ਵਿਚਕਾਰਲਾ ਬਾਬਾ ਸੰਤਾ ਸਿੰਘ। ਇਨ੍ਹਾਂ ਦੇ ਪਿਤਾ ਰੁਲੀਆ ਸਿੰਘ ਤੇ ਮਾਤਾ ਜੀਵੀ ਇਹ ਸੁਭਾਗ ਜੋੜੀ ਗੁਰੂ ਘਰ ਦੇ ਪ੍ਰੇਮੀ ਤੇ ਨੇਮੀ ਸਨ। ਰੇਰੂ ਸਾਹਿਬ ਆਕੇ ਦਰਸ਼ਨ ਕਰਦੇ, ਬਚਨ ਸੁਣਦੇ, ਕਈ ਵਾਰੀ ਬੇਨਤੀ ਕਰਕੇ ਸੰਤਾਂ ਨੂੰ ਆਪਣੇ ਨਗਰ ਲਿਜਾਕੇ ਘਰ ਵਿੱਚ ਚਰਨ ਪੁਵਾਉਂਦੇ। ਅਖੰਡ ਪਾਠ ਰਖਵਾਉਂਦੇ।

ਇਕ ਵਾਰੀ ਬਾਬਾ ਜੀ ਇਨ੍ਹਾਂ ਦੇ ਘਰ ਅਖੰਡ ਪਾਠ ਕਰਨ ਆਏ ਸਨ, ਸੰਤਾ ਸਿੰਘ ਤੇ ਹੋਰ ਪ੍ਰਵਾਰ ਨੇ ਬੜੀ ਸੇਵਾ ਕੀਤੀ। ਉਸ ਸਮੇਂ ਮਾਤਾ ਜੀਵੀ ਨੇ ਅਰਜ਼ ਕੀਤੀ, “ਮਹਾਰਾਜ! ਆਪ ਏਸ ਤੇ ਵੀ ਕਿਰਪਾ ਕਰੋ। ਪੰਦਰਾਂ ਸੋਲਾਂ ਸਾਲ ਦੀ ਉਮਰ ਹੋ ਗਈ ਹੈ ਘਰ ਵਿੱਚ ਖੁਰਾਕ ਦਾ ਘਾਟਾ ਨਹੀਂ, ਪਰ ਫੇਰ ਵੀ ਪਤਾ ਨਹੀਂ ਕੀ ਗੱਲ ਹੈ ਸਰੀਰ ਪਿਛੇ ਹੀ ਪਿਛੇ ਜਾਂਦਾ ਹੈ।” ਹਜ਼ੂਰ ਮੁਸਕਰਾ ਕੇ ਕਹਿਣ ਲੱਗੇ, “ਇਹ ਤਾਂ ਤੁਹਾਡੇ ਪਾਸ ਸਾਡੀ ਹੀ ਅਮਾਨਤ ਹੈ। ਹੁਣ ਆਪਣੇ ਨੂੰ ਲਿਜਾਕੇ ਅਸੀਂ ਗੁਰੂ ਕੇ ਲੰਗਰ ਦੀ ਸੇਵਾ ਬਖ਼ਸ਼ਦੇ ਹਾਂ ਜੋ ਸਭ ਤੋ ਸ੍ਰੇਸ਼ਟ ਹੈ। ਬਾਬਾ ਕਰਮ ਸਿੰਘ ਜੀ ਮਹਾਰਾਜ ਕਿਰਪਾ ਕਰਨਗੇ। ਛੇਤੀ ਹੀ ਠੀਕ ਹੋ ਜਾਵੇਗਾ।”

ਉਸ ਸਮੇਂ ਮਾਤਾ ਪਿਤਾ ਵੀ ਬੜੇ ਪ੍ਰਸੰਨ ਹੋਏ, ਸੰਤਾ ਸਿੰਘ ਨੇ ਵੀ ਭਾਵਨਾ ਨਾਲ ਮੱਥਾ ਟੇਕਿਆ। ਮਾਤਾ ਜੀਵੀ ਨੇ ਅਰਜ਼ ਕੀਤੀ, “ਮਹਾਰਾਜ! ਇਸਦੇ ਸਿਰ ਤੇ ਹੱਥ ਰੱਖੋ।” ਸੰਤਾਂ ਨੇ ਬੜੇ ਪਿਆਰ ਨਾਲ ਇਸਦੀ ਬਾਂਹ ਫੜ ਲਈ। ਮਾਤਾ ਜੀਵੀ ਬੜੇ ਭੋਲੇ ਸੁਭਾਉ ਅਤੇ ਸਾਦੇ ਖ਼ਿਆਲਾਂ ਵਾਲੀ ਸੀ, ਕਹਿਣ ਲੱਗੀ, “ਮਹਾਰਾਜ! ਜੇ ਹੁਣ ਇਸਦੀ ਬਾਂਹ ਫੜੀ ਹੈ ਤਾਂ ਫੜੀ ਹੀ ਰੱਖਣੀ।” ਸੰਤ ਜੀ ਮਹਾਰਾਜ ਬੋਲੇ, “ਚੰਗਾ ਮਾਈ! ਹੁਣ ਤੂੰ ਵੀ ਏਸਦਾ ਮੋਹ ਛੱਡ ਦੇਹ, ਅਸੀਂ ਵੀ ਏਹਦੀ ਬਾਂਹ ਨਹੀਂ ਛੱਡਦੇ।” ਉਸ ਦਿਨ ਤੋਂ ਸੰਤਾ ਸਿੰਘ ਸੰਤਾਂ ਦੇ ਨਾਲ ਰੇਰੂ ਸਾਹਿਬ ਆ ਗਿਆ। ਬਾਬਾ ਜੀ ਦਾ ਹੁਕਮ ਪਾਕੇ ਗੁਰੂ ਕੇ ਲੰਗਰ ਦੀ ਸੇਵਾ ਵਿੱਚ ਹੀ ਜ਼ਿੰਦਗੀ ਲਗਾ ਦਿੱਤੀ। ਫੇਰ ਤਿਆਗ ਇਤਨਾ ਕਿ ਸਰੀਰ ਦੇ ਬਸਤਰ, ਤੇਲ, ਸਾਬਣ ਤੇ ਮਿੱਠਾ ਆਪਣੇ ਘਰੋਂ ਮੰਗਾਉਣਾ। ਲੰਗਰ ਦਾ ਸਾਦਾ ਪ੍ਰਸ਼ਾਦਾ ਛਕਣ ਦੇ ਇਵਜ਼ ਵਿੱਚ ਵੀ ਫਸਲ ਦੇ ਸਮੇਂ ਗੁਰੂ ਕੇ ਲੰਗਰ ਵਾਸਤੇ ਦਾਣੇ ਅਤੇ ਬੈਲਾਂ ਵਾਸਤੇ ਤੂੜੀ ਭੇਜ ਦੇਣੀ। ਹਰੇਕ ਸਾਲ ਨਗਰ ਵਿੱਚ ਚਰਨ ਪਵਾਕੇ ਸੰਤ ਜੀ ਮਹਾਰਾਜ ਤੋਂ ਆਪਣੇ ਘਰ ਅਖੰਡ ਪਾਠ ਕਰਵਾਉਣਾ ਤੇ ਬਾਅਦ ਵਿੱਚ ਦਾਨ ਪੁੰਨ ਵੀ ਕਰਨਾ। ਏਸ ਪਿੰਡ ਦੇ ਦੂਸਰੇ ਪ੍ਰੇਮੀ ਵੀ ਹਜ਼ੂਰ ਦੇ ਆਉਣ ਦੀ ਉਡੀਕ ਵਿੱਚ ਆਪਣੇ ਘਰੀਂ ਸਹਿਜ ਪਾਠ ਤਿਆਰ ਕਰਵਾ ਲੈਂਦੇ ਪਰ ਭੋਗ ਬਾਬਾ ਜੀ ਦੇ ਆਇਆਂ ਤੇ ਪਵਾਉਂਦੇ।

ਇਕ ਸਮੇਂ ਹਜ਼ੂਰ ਦੇ ਆਇਆਂ ਮਾਤਾ ਜੀਵੀ ਨੂੰ (ਜੋ ਬਹੁਤ ਸਾਦੇ ਸੁਭਾਉ ਦੇ ਭੋਲੇ-ਭਾਲੇ ਬਜ਼ੁਰਗ ਸਨ) ਹੋਰ ਮਾਈਆਂ ਨੇ ਸਿਖਾ ਦਿਤਾ ਕਿ ਤੁਹਾਡੇ ਘਰ ਸੰਤ ਜੀ ਚਰਨ ਪਾਉਂਦੇ ਹਨ। ਤੇਰਾ ਪੁੱਤਰ ਸੰਤਾ ਸਿੰਘ ਉਨ੍ਹਾਂ ਦੇ ਪਾਸ ਰਹਿਕੇ ਸੇਵਾ ਵੀ ਕਰਦਾ ਹੈ। ਦੂਜੇ ਦੋਵੇਂ ਗੁਰਸ਼ਰਨ ਸਿੰਘ ਤੇ ਰਾਮ ਸਿੰਘ ਵਿਆਹੇ ਹੋਏ ਹਨ ਪਰ ਲੜਕਾ ਅਜੇ ਤੱਕ ਕਿਸੇ ਦੇ ਵੀ ਨਹੀਂ ਹੋਇਆ। ਤੂੰ ਸੰਤਾਂ ਕੋਲੋਂ ਇੱਕ ਪੋਤਰਾ ਤਾਂ ਮੰਗ ਲੈ। ਇਸਨੇ ਉਨ੍ਹਾਂ ਦੇ ਸਿਖਾਇਆਂ ਬਾਬਾ ਜੀ ਨੂੰ ਉਸੇ ਤਰ੍ਹਾਂ ਹੀ ਆਖ ਦਿੱਤਾ ਕਿ ਤੁਸੀਂ ਹਰੇਕ ਸਾਲ ਆਕੇ ਪਾਠ ਕਰਦੇ ਹੋ, ਢੋਲਕੀ, ਚਿਮਟੇ ਖੜਕਾ ਕੇ ਤੁਰ ਜਾਂਦੇ ਹੋ ਅਸੀਂ ਆਪਣੇ ਵਲੋਂ ਬਥੇਰੀ ਸੇਵਾ ਕਰਦੇ ਹਾਂ ਪਰ ਸਾਨੂੰ ਅਜੇ ਤੱਕ ਕੋਈ ਫ਼ਲ ਨਹੀਂ ਲੱਗਾ। ਤੁਹਾਡੇ ਤਾਂ ਵਰਾਂ ਨਾਲ ਲੋਕਾਂ ਦੇ ਸੁੰਞੇ ਵੇਹੜਿਆਂ ਨੂੰ ਭਾਗ ਲੱਗਦਾ ਹੈ, ਜ਼ਨਾਨੀਆਂ ਦੀਆਂ ਸੁੱਕੀਆਂ ਕੁੱਖਾਂ ਹਰੀਆਂ ਹੁੰਦੀਆਂ ਹਨ, ਉੱਜੜੇ ਘਰ ਆਬਾਦ ਹੁੰਦੇ ਹਨ ਪਰ ਮੈਂ ਹਰੇਕ ਸਾਲ ਆਸ ਕਰਦੀ ਹਾਂ ਕਿ ਮੈਨੂੰ ਵੀ ਪੋਤਰਾ ਦੇਵਣ। ਮੇਰੀ ਉਮਰ ਵਡੇਰੀ ਹੋ ਗਈ ਹੈ ਪਰ ਪੋਤਰੇ ਨੂੰ ਖਿਡਾਉਣ ਦੀ ਸੱਧਰ ਅਜੇ ਤੱਕ ਪੂਰੀ ਨਹੀਂ ਹੋਈ।

ਹਜ਼ੂਰ ਨੇ ਇਸ ਭੋਲੀ-ਭਾਲੀ ਮਾਈ ਦੇ ਬਚਨ ਸੁਣੇ ਜੋ ਵਲ ਛਲ ਤੋਂ ਰਹਿਤ ਸਾਫ਼ ਹਿਰਦੇ ਵਿੱਚੋਂ ਨਿਕਲੇ ਸਨ। ਸੰਤ ਜੀ ਬੜੇ ਹੱਸੇ ਤੇ ਕਿਹਾ, “ਚੰਗਾ ਮਾਈ! ਦੱਸ ਫੇਰ ਤੂੰ ਕਿੰਨੇ ਪੋਤਰੇ ਲੈਣੇ ਹਨ? ਤੂੰ ਤਾਂ ਕਹਿੰਦੀ ਹੈਂ ਜਿਊਂਦੀ-ਜਿਊਂਦੀ ਇੱਕ ਪੋਤਰੇ ਦਾ ਮੂੰਹ ਦੇਖ ਲਵਾਂ ਪਰ ਤੈਥੋਂ ਤਾਂ ਪੋਤਰਿਆਂ ਦੇ ਮੂੰਹ ਵੀ ਨਹੀਂ ਧੋਤੇ ਜਾਣੇ। ਗੁਰੂ ਨਾਨਕ ਦਾ ਭੰਡਾਰਾ ਬੜਾ ਵਿਸ਼ਾਲ ਹੈ ਕਿਸੇ ਚੀਜ਼ ਦਾ ਘਾਟਾ ਨਹੀਂ ਕੇਵਲ ਸ਼ਰਧਾ ਦੀ ਲੋੜ ਹੈ।”

ਸੰਤ ਜੀ ਮਹਾਰਾਜ ਦੀ ਰਸਨਾ ਤੋਂ ਸੁਤੇ ਹੀ ਬਚਨ ਨਿਕਲੇ, ਇਸ ਪ੍ਰਕਾਰ ਦੇ ਬਚਨ ਸੁਣਕੇ ਮਾਈ ਬੜੀ ਪ੍ਰਸੰਨ ਹੋਈ ਤੇ ਬਾਬਾ ਜੀ ਦੇ ਚਰਨ ਪਰਸ ਕੇ ਆਖਿਆ, "ਧੰਨ ਹੋ ਮਹਾਰਾਜ! ਤੁਹਾਡਾ ਵਰ ਸਫ਼ਲਾ ਹੋਵੇ।"

ਇਉਂ ਸੰਤਾਂ ਦੀ ਰਸਨਾ ਤੋਂ ਕੀਤੇ ਹੋਏ ਪਾਵਨ ਵਾਕ ਸੱਚੇ ਹੋਏ। ਹੁਣ ਸੰਤਾ ਸਿੰਘ ਦੇ ਵੱਡੇ ਭਰਾ ਸ੍ਰ: ਗੁਰਸ਼ਰਨ ਸਿੰਘ ਦੇ ਤਿੰਨ ਪੁੱਤਰ ਹੋਏ ਜੋ ਅੱਗੇ ਉਹ ਵੀ ਬੱਚਿਆਂ ਵਾਲੇ ਹਨ ਅਤੇ ਛੋਟੇ ਭਰਾ ਰਾਮ ਸਿੰਘ ਦੇ ਵੀ ਤਿੰਨ ਪੁੱਤਰ ਹੋਏ ਜੋ ਉਹ ਵੀ ਪੁੱਤਰਾਂ ਵਾਲੇ ਹਨ। ਇਉਂ ਮਹਾਂ-ਪੁਰਸ਼ਾਂ ਦੇ ਵਰਾਂ ਦਾ ਸਦਕਾ ਮਾਈ ਜੀਵੀ ਆਪਣੇ ਛੇਆਂ ਪੋਤਰਿਆਂ ਨੂੰ ਦੇਖਕੇ ਹੱਥੀਂ ਖਿਡਾਕੇ ਮਨ ਦੀ ਸੱਧਰ ਪੂਰੀ ਕਰਕੇ ਸੰਸਾਰ ਤੋਂ ਚਾਲੇ ਪਾ ਗਈ।

ਹੁਣ ਤੱਕ ਮਾਈ ਦਾ ਸਾਰਾ ਪ੍ਰਵਾਰ ਸੰਤਾ ਸਿੰਘ ਦੀ ਪ੍ਰੇਰਨਾ ਅਨੁਸਾਰ ਅਸਥਾਨ ਤੇ ਉਸੇ ਤਰ੍ਹਾਂ ਹੀ ਸ਼ਰਧਾ ਰਖਦਾ ਤੇ ਸੇਵਾ ਕਰਦਾ ਹੈ। ਸਾਲਾਨਾ ਜੋੜ ਮੇਲਾ ਅਖੰਡ ਪਾਠ ਤੇ ਦਾਨ-ਪੁੰਨ ਸੰਤ ਜੀ ਮਹਾਰਾਜ ਦੇ ਮੌਜੂਦਾ ਸਮੇਂ ਵਾਂਗੂੰ ਚਲਿਆ ਆ ਰਿਹਾ ਹੈ। ਭਾਵੇਂ ਇਸ ਗ੍ਰੰਥ ਲਿਖਣ ਵੇਲੇ ਸੰਤਾ ਸਿੰਘ ਦੀ ਉਮਰ ਸੱਤਰ ਸਾਲਾਂ ਤੋਂ ਉਪਰ ਹੋ ਗਈ ਹੈ ਪਰ ਸੇਵਾ ਦਾ ਉਤਸ਼ਾਹ ਉਸੇ ਤਰ੍ਹਾਂ ਕਾਇਮ ਹੈ। ਮਹਾਂ-ਪੁਰਸ਼ਾਂ ਦੇ ਬਚਨਾਂ ਨੂੰ ਪਾਲਦੇ ਹੋਏ ਸਰੀਰ ਤੇ ਕੋਈ ਵੀ ਖੇਚਲ ਤੇ ਥਕਾਵਟ ਮਹਿਸੂਸ ਨਹੀ ਕਰਦੇ।

## ਭਾਈ ਤਾਰਾ ਸਿੰਘ

ਭਾਈ ਤਾਰਾ ਸਿੰਘ ਦੇ ਘਰ ਵਾਲੀ ਦਾ ਸਰੀਰ ਤੁਰ ਫਿਰ ਨਹੀਂ ਸੀ ਸਕਦਾ, ਦੋਵੇਂ ਲੱਤਾਂ ਕਮਜ਼ੋਰ ਹੋਣ ਕਰਕੇ ਲੰਗੜੀ ਸੀ ਅਤੇ ਤਾਰਾ ਸਿੰਘ ਦਾ ਆਪਣਾ ਸਰੀਰ ਵੀ ਕਿਸੇ ਕਰਮ-ਰੋਗ ਕਰਕੇ ਫਿਟ ਗਿਆ ਹੋਇਆ ਸੀ। ਸੰਤਾਂ ਨੇ ਕ੍ਰਿਪਾ ਕੀਤੀ ਅਤੇ ਇਸਨੂੰ ਆਨੰਦਪੁਰ ਸਾਹਿਬ ਭੇਜਕੇ ਸੰਤ ਸੰਪੂਰਨ ਸਿੰਘ ਤੋਂ ਇਲਾਜ ਕਰਵਾਕੇ ਰਾਜ਼ੀ ਕੀਤਾ। ਉਸ ਦਿਨ ਤੋਂ ਬਾਅਦ ਇਸਦੇ ਅੰਦਰ ਹੋਰ ਵੀ ਬਹੁਤ ਸਾਰੀ ਸ਼ਰਧਾ ਵਧ ਗਈ। ਪਿਛਲੀ ਉਮਰ ਵਿੱਚ ਇਸਦੇ ਮਨ ਅੰਦਰ ਸੰਕਲਪ ਹੋਇਆ ਕਿ ਮੈਂ ਹੋਰ ਸ਼ਾਦੀ ਕਰਵਾ ਲਵਾਂ ਤਾਂ ਕਿ ਘਰ ਵਿੱਚ ਕੋਈ ਬੱਚਾ ਪੈਦਾ ਹੋ ਜਾਵੇ। ਸੰਤਾਂ ਪਾਸ ਅਰਜ਼ ਕੀਤੀ ਕਿ ਮਹਾਰਾਜ! ਮੇਰੇ ਮਨ ਦਾ ਇਹ ਫੁਰਨਾ ਹੈ। ਸੰਤਾਂ ਨੇ ਕਿਹਾ, "ਜੇਕਰ ਤੂੰ ਹੋਰ ਸ਼ਾਦੀ ਕਰਵਾ ਲਈ ਤਾਂ ਫੇਰ ਤੇਰੀ ਇਸ ਪਹਿਲੀ ਇਸਤ੍ਰੀ ਰਾਜ ਕੌਰ ਦਾ ਘਰ ਵਿੱਚ ਰਹਿਣਾ ਬੜਾ ਮੁਸ਼ਕਲ ਹੋ ਜਾਵੇਗਾ, ਇਸ ਵਿਚਾਰੀ ਦੀ ਕਿਸੇ ਨੇ ਸੰਭਾਲ ਨਹੀਂ ਕਰਨੀ।" ਇਸਨੇ ਫੇਰ ਬੇਨਤੀ ਕੀਤੀ ਕਿ ਮਹਾਰਾਜ! ਹੋਰ ਤਾਂ ਮੇਰੇ ਅੰਦਰ ਕੋਈ ਖ਼ਿਆਲ ਨਹੀਂ ਪਰ ਪੁੱਤਰ ਪ੍ਰਾਪਤੀ ਦਾ ਫੁਰਨਾ ਮੇਰੇ ਮਨ ਨੂੰ ਏਸ ਪਾਸੇ ਵੱਲ ਪ੍ਰੇਰਦਾ ਹੈ।

ਸੰਤਾਂ ਨੇ ਕ੍ਰਿਪਾ ਦ੍ਰਿਸ਼ਟੀ ਨਾਲ ਤੱਕਿਆ ਤੇ ਉਸ ਸਮੇਂ ਆਪਣੇ ਮਨ ਵਿੱਚ ਵਿਚਾਰ ਕੀਤੀ ਕਿ ਇਸਨੇ ਸਾਰੀ ਜ਼ਿੰਦਗੀ ਹਰੇਕ ਬੁੱਧਵਾਰ ਨੂੰ ਆਪਣੇ ਘਰੋਂ ਦਹੀਂ ਲਿਆਕੇ ਸਾਨੂੰ ਕੇਸੀ ਇਸ਼ਨਾਨ ਕਰਾਉਣ ਦਾ ਪ੍ਰਣ ਨਿਭਾਇਆ ਹੈ, ਜੇ ਇਸਦੀ ਗੁਰੂ ਨਾਨਕ ਦੇ ਘਰੋਂ ਇਹ ਤੁਛ ਜਿਹੀ ਮੰਗ ਨਾ ਪੂਰੀ ਹੋਈ ਤਾਂ ਪ੍ਰਲੋਕ ਵਿੱਚ ਆਪਣੇ ਪ੍ਰੇਮੀਆਂ ਦੀ ਸਹਾਇਤਾ ਕਰਨ ਵਿੱਚ ਕਿਵੇਂ ਭਰੋਸਾ ਦਿਵਾ ਸਕਦੇ ਹਾਂ ਅਤੇ ਗੁਰੂ ਨਾਨਕ ਦਾ ਬਿਰਦ ਵੀ ਇਹੋ ਹੀ ਹੈ ਕਿ ਉਹ ਕਿਸੇ ਦੀ ਕੀਤੀ ਹੋਈ ਘਾਲਣਾ ਨੂੰ ਤਿਲ ਮਾਤਰ ਨਹੀਂ ਭੰਨਦਾ।

ਪਤਿਤ ਪਾਵਨੁ ਹਰਿ ਬਿਰਦੁ ਸਦਾਏ
ਇਕੁ ਤਿਲੁ ਨਹੀ ਭੰਨੈ ਘਾਲੇ ॥

(ਪੰਨਾ ੭੮੪)

ਜਿਵੇਂ ਤੀਸਰੇ ਪਾਤਸ਼ਾਹ ਜੀ ਨੇ ਤਲਵੰਡੀ ਨਗਰ ਦੇ ਨਿਯਮ ਨਾਲ ਦਹੀਂ ਲਿਆਉਣ ਵਾਲੇ ਪ੍ਰੇਮੀ ਦੀ ਕੱਟੀ ਹੋਈ ਲੱਤ ਨੂੰ ਸ਼ਾਹ ਹੁਸੈਨ ਪੀਰ ਦੇ ਪਾਸ ਭੇਜਕੇ ਸਾਬਤ ਕੀਤਾ ਸੀ।

# ਲੰਗੜੇ ਸਿੱਖ ਦੀ ਲੱਤ ਠੀਕ ਹੋਣੀ

ਗੋਇੰਦਵਾਲ ਤੋਂ ਤਿੰਨ ਕੁ ਮੀਲਾਂ ਦੇ ਫ਼ਾਸਲੇ ਤੇ ਇੱਕ ਤਲਵੰਡੀ ਨਾਮ ਦਾ ਨਗਰ ਹੈ ਜਿਸਦੇ ਵਿੱਚ ਰਹਿਣ ਵਾਲਾ ਇੱਕ ਲੱਤ ਤੋਂ ਹੀਣਾ ਖੱਤਰੀ ਘਰਾਣੇ 'ਚੋਂ ਗੁਰੂ ਕਾ ਸਿੱਖ ਰਹਿੰਦਾ ਸੀ ਜੋ ਧਰਮੀ ਪ੍ਰੀਤਵਾਨ ਤੇ ਪੂਰਨ ਸ਼ਰਧਾਲੂ ਸੀ। ਨਿਤਾਪ੍ਰਤੀ ਸਤਿਗੁਰਾਂ ਨੂੰ ਪ੍ਰਸ਼ਾਦ ਛਕਣ ਦੇ ਸਮੇਂ ਦਹੀਂ ਲੈਕੇ ਆਇਆ ਕਰਦਾ। ਚੱਲਣ ਸਮੇਂ ਟੁੱਟੀ ਲੱਤ ਨੂੰ ਲੱਕੜ ਦੀ ਘੋੜੀ ਤੇ ਰੱਖ ਲੈਂਦਾ ਤੇ ਲੰਗੜਾਅ ਕੇ ਚਲਦਾ ਪਰ ਪ੍ਰਸ਼ਾਦ ਦੇ ਸਮੇਂ ਜ਼ਰੂਰ ਪੁੱਜ ਜਾਂਦਾ। ਇਉਂ ਸੇਵਾ ਕਰਦਿਆਂ ਕਾਫ਼ੀ ਸਮਾਂ ਲੰਘ ਗਿਆ। ਗਰਮੀ, ਸਰਦੀ, ਬਾਰਸ਼ਾਂ ਤੇ ਝੱਖੜ ਵਿੱਚ ਆਪਣਾ ਪ੍ਰਣ ਨਿਭਾਈ ਗਿਆ।

ਇਕ ਦਿਨ ਦਾ ਜ਼ਿਕਰ ਹੈ ਕਿ ਇਹ ਦਹੀਂ ਲੈਕੇ ਗੋਇੰਦਵਾਲ ਨੂੰ ਆ ਰਿਹਾ ਸੀ ਤਾਂ ਰਸਤੇ ਵਿੱਚ ਨਗਰ ਦਾ ਚੌਧਰੀ ਮਿਲ ਗਿਆ ਜੋ ਕੁਝ ਨਾਸਤਕ ਖ਼ਿਆਲਾਂ ਦਾ ਸੀ–ਇਸਦੀ ਲੱਕੜ ਦੀ ਲੱਤ ਖੋਹ ਲਈ ਤੇ ਕਹਿਣ ਲੱਗਾ, "ਦੱਸ ਤੈਨੂੰ ਇਤਨਾ ਸਮਾਂ ਗੁਰੂ ਕੀ ਸੇਵਾ ਕਰਦਿਆਂ ਹੋ ਗਿਆ ਉਨ੍ਹਾਂ ਨੇ ਅਜੇ ਤੱਕ ਤੇਰੀ ਟੁੱਟੀ ਲੱਤ ਵੀ ਸਾਬਤ ਨਹੀਂ ਕੀਤੀ। ਜਿਨ੍ਹਾਂ ਨੇ ਆਪਣੇ ਨਗਰ ਵਿੱਚ ਹੀ ਅਨੇਕਾਂ ਮੁਰਦੇ ਜਿਊਂਦੇ ਕੀਤੇ ਹਨ ਦੂਰ ਬੈਠੇ ਸਿੱਖਾਂ ਦੀਆਂ ਮਨੋਕਾਮਨਾਵਾਂ ਪੂਰਦੇ ਹਨ।" ਇਸਨੇ ਕਿਹਾ, "ਚੌਧਰੀ ਜੀ! ਮੇਰਾ ਗੁਰੂ ਸਮਰੱਥ ਤੇ ਅੰਤਰਜਾਮੀ ਹੈ ਜਿਵੇਂ ਉਸਨੂੰ ਭਾਉਂਦਾ ਹੈ ਉਸੇ ਤਰ੍ਹਾਂ ਹੀ ਕਰਦੇ ਹਨ, ਮੈਂ ਉਨ੍ਹਾਂ ਦੀ ਰਜ਼ਾ ਵਿੱਚ ਕਦੇ ਦਖ਼ਲ ਨਹੀਂ ਦਿੱਤਾ, ਗੁਰੂ ਦਾ ਹਰ ਇੱਕ ਕੌਤਕ ਜੀਵ ਦੇ ਭਲੇ ਵਾਸਤੇ ਹੈ, ਮੇਰੀ ਲੱਕੜ ਦੀ ਲੱਤ ਦੇ ਦੇ ਮੈਨੂੰ ਦੇਰ ਹੋ ਰਹੀ ਹੈ, ਕਿਉਂਕਿ ਸਤਿਗੁਰਾਂ ਦੇ ਪ੍ਰਸ਼ਾਦ ਛਕਣ ਦਾ ਟਾਇਮ ਹੋ ਗਿਆ ਹੈ। ਮੈਂ ਛੇਤੀ ਦਹੀਂ ਲੈ ਕੇ ਪੁੱਜਣਾ ਹੈ।" ਇਉਂ ਮਿੰਨਤਾਂ ਤਰਲੇ ਕਰਕੇ ਕਾਫ਼ੀ ਸਮੇਂ ਤੋਂ ਬਾਅਦ ਉਸਨੇ ਆਪਣੀ ਲੱਕੜ ਦੀ ਲੱਤ ਲੈ ਲਈ ਤੇ ਦਹੀਂ ਲੈ ਕੇ ਛੇਤੀ-ਛੇਤੀ ਗੋਇੰਦਵਾਲ ਨੂੰ ਚੱਲ ਪਿਆ। ਅੱਗੇ ਸਤਿਗੁਰੂ ਜੀ ਗੁਰੂ ਕੇ ਲੰਗਰ ਵਿਖੇ ਪੰਗਤ ਵਿੱਚ ਬੈਠੇ ਦਹੀਂ ਦੀ ਉਡੀਕ ਕਰ ਰਹੇ ਸਨ। ਸਾਰੀ ਸੰਗਤ ਨੂੰ ਪ੍ਰਸ਼ਾਦਾ ਪਰੋਸਿਆ ਗਿਆ, ਸਤਿਗੁਰਾਂ ਅੱਗੇ ਵੀ ਅਲੂਣੇ ਓਗਰੇ ਵਾਲਾ ਥਾਲ ਆ ਗਿਆ ਪਰ ਹਜ਼ੂਰ ਛਕਣ ਨਹੀਂ ਲੱਗੇ, ਨਾ ਸਤਿਗੁਰਾਂ ਤੋਂ ਪਹਿਲਾਂ ਕੋਈ ਪ੍ਰੇਮੀ ਛਕ ਸਕਦਾ ਸੀ। ਸਾਰੇ ਸਤਿਗੁਰਾਂ ਦੇ ਚਿਹਰੇ ਵੱਲ ਤੱਕਦੇ ਹਨ ਕਿ ਅੱਜ ਮਹਾਰਾਜ ਦਾ ਕੀ ਕੌਤਕ ਹੈ? ਕਾਫ਼ੀ ਸਮੇਂ ਤੋਂ ਬਾਅਦ ਹਜ਼ੂਰੀਏ ਸੇਵਕ ਭਾਈ ਬੱਲੂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਹਜ਼ੂਰ ਦਾ ਅੱਜ ਕੀ ਚੋਜ ਹੈ ਪ੍ਰਸ਼ਾਦ ਨਹੀਂ ਛਕਦੇ? ਆਪ ਤੋਂ ਬਗ਼ੈਰ ਸੰਗਤ ਵੀ ਨਹੀਂ ਛਕਦੀ।"

ਸਤਿਗੁਰਾਂ ਆਖਿਆ, "ਭਾਈ ਬੱਲੂ! ਦਹੀਂ ਲਿਆਉਣ ਵਾਲੇ ਪ੍ਰੇਮੀ ਸਿਖ ਨੂੰ ਉਡੀਕ ਰਹੇ ਹਾਂ। ਪਿੰਡ ਦੇ ਚੌਧਰੀ ਨੇ ਲੱਕੜ ਦੀ ਲੱਤ ਖੋਹ ਕੇ ਤਰਕ ਕੀਤੀ ਹੈ ਕਿ ਜੇ ਤੇਰਾ ਗੁਰੂ ਸਮਰੱਥ ਹੈ ਤਾਂ ਤੇਰੀ ਟੁੱਟੀ ਹੋਈ ਲੱਤ ਕਿਉਂ ਨਹੀਂ ਬਣਾ ਦਿੰਦਾ? ਉਸਦੀ ਲੱਕੜੀ ਦੀ ਲੱਤ ਹੁਣ ਦਿੱਤੀ ਹੈ ਤੇ ਉਹ ਦਹੀਂ ਲੈ ਕੇ ਆ ਰਿਹਾ ਹੈ।" ਇਤਨੇ ਨੂੰ ਉਹ ਪ੍ਰੇਮੀ ਸਿੱਖ ਵੀ ਪੁੱਜ ਗਿਆ। ਦਹੀਂ ਅੱਗੇ ਰੱਖ ਕੇ ਸਤਿਗੁਰਾਂ ਨੂੰ ਮੱਥਾ ਟੇਕਿਆ, ਹਜ਼ੂਰ ਨੇ ਲੇਟ ਹੋਣ ਦਾ ਕਾਰਣ ਪੁੱਛਿਆ ਇਸਨੇ ਅਰਜ਼ ਕੀਤੀ ਕਿ ਆਪ ਅੰਤਰਜਾਮੀ ਹੋ, ਮੈਂ ਅਲਪਗ ਜੀਵ ਕੀ ਦਸ ਸਕਦਾ ਹਾਂ। ਸਤਿਗੁਰਾਂ ਕਿਹਾ ਕਿ ਗੱਲ ਤਾਂ ਦਰਅਸਲ ਉਸ ਚੌਧਰੀ ਦੀ ਠੀਕ ਹੈ, ਗੁਰੂ ਸਿੱਖ ਨੂੰ ਸਾਰੇ ਪਦਾਰਥ ਬਖ਼ਸ਼ਦਾ ਹੈ। ਸਿੱਖ ਨੇ ਗੁਰੂ ਤੋਂ ਬਗ਼ੈਰ ਮੰਗਣਾ ਵੀ ਹੋਰ ਕਿਸ ਪਾਸੋਂ ਹੈ? ਪਰ ਸਾਡਾ ਤਾਂ ਪ੍ਰੇਮੀਆ ਕਦੇ ਏਸ ਪਾਸੇ ਵੱਲ ਖ਼ਿਆਲ ਹੀ ਨਹੀਂ ਸੀ ਗਿਆ, ਨਾ ਤੂੰ ਆਪ ਹੀ ਮੰਗ ਕੀਤੀ ਹੈ, ਗੱਲ ਤਾਂ ਇਹ ਮਾਮੂਲੀ ਹੀ ਸੀ। ਹੁਣ ਇਉਂ ਕਰ ਸ਼ਾਹ ਹੁਸੈਨ ਫ਼ਕੀਰ ਦੇ ਪਾਸ ਜਾਹ, ਤੇਰੀ ਲੱਤ ਉਹ ਠੀਕ ਕਰੇਗਾ।

ਇਉਂ ਆਖ ਕੇ ਸਤਿਗੁਰਾਂ ਨੇ ਸੰਗਤ ਸਮੇਤ ਪ੍ਰਸ਼ਾਦ ਛਕਿਆ, ਮੁਸਲਮਾਨ ਜਾਤੀ ਚੋਂ ਇੱਕ ਪੂਰਨ ਅਵਸਥਾ ਵਾਲਾ ਸ਼ਾਹ ਹੁਸੈਨ ਨਾਮ ਕਰਕੇ ਗੁਰੂ ਕਾ ਸਿੱਖ ਸੀ, ਇਸਦਾ ਸੁਭਾਅ ਬੜਾ ਮਸਤਾਨਾ ਸੀ, ਜੋ ਕੋਈ ਇਸਦੇ ਪਾਸ ਆਉਂਦਾ ਉਸਨੂੰ ਮਾਰ ਕੇ ਤੇ ਗਾਹਲਾਂ ਕੱਢ ਕੇ ਭਜਾ ਦਿੰਦਾ ਸੀ। ਸਤਿਗੁਰਾਂ ਨੇ ਆਪਣੇ ਵਲੋਂ ਇਸ ਮਸਤਾਨੇ ਫ਼ਕੀਰ ਦਾ ਮਾਣ ਵਧਾਉਣ ਵਾਸਤੇ ਤਲਵੰਡੀ ਦੇ ਖੱਤਰੀ ਨੂੰ ਇਸਦੇ ਪਾਸ ਭੇਜਿਆ। ਇਸਨੇ ਵੀ ਸਾਰੀ ਗੱਲ ਜਾਣ ਲਈ ਤੇ ਮਹਾਰਾਜ ਦਾ ਭੇਜਿਆ ਜਾਣ ਕਰਕੇ ਇਸਨੂੰ ਕੁਝ ਨਹੀਂ ਆਖਿਆ। ਜਦੋਂ ਇਸਨੇ ਪਾਸ ਜਾਕੇ ਮੱਥਾ ਟੇਕਿਆ ਤੇ ਆਪਣੀ ਲੱਕੜ ਦੀ ਲੱਤ ਰੱਖਕੇ ਬੈਠ ਗਿਆ ਤਾਂ ਫੇਰ ਉਸਨੇ ਪੁੱਛਿਆ, "ਪ੍ਰੇਮੀਆਂ! ਕਿਥੋਂ ਆਇਆਂ ਹੈਂ ਤੇ ਕੀ ਕੰਮ ਆਇਆਂ ਹੈਂ?"

ਇਸ ਨੇ ਸਾਰੀ ਗੱਲ ਦੱਸੀ ਕੀ ਆਪ ਮੇਰੇ ਤੇ ਕ੍ਰਿਪਾ ਕਰੋ ਤੇ ਮੇਰੀ ਟੁੱਟੀ ਲੱਤ ਸਾਬਤ ਕਰ ਦਿਓ, ਮੈਨੂੰ ਸਤਿਗੁਰਾਂ ਨੇ ਤੁਹਾਡੇ ਕੋਲ ਭੇਜਿਆ ਹੈ। ਇਹ ਬਚਨ ਸੁਣਕੇ ਸ਼ਾਹ ਹੁਸੈਨ ਕੜਕਿਆ ਤੇ ਇਸਨੂੰ ਮਾਰਨ ਵਾਸਤੇ ਸੋਟਾ

ਚੁੱਕਿਆ ਕਿ ਠਹਿਰ ਤੈਨੂੰ ਦਿੰਦਾਂ ਹਾਂ ਲੱਤਾਂ। ਕਿਥੋਂ ਆ ਗਿਆ ਵੱਡਾ ਪ੍ਰੇਮੀ। ਜਦੋਂ ਇਸ ਨੇ ਸ਼ਾਹ ਹੁਸੈਨ ਦਾ ਤੌਰ ਬਦਲਿਆ ਦੇਖਿਆ, ਉਸ ਸਮੇਂ ਘਬਰਾ ਕੇ ਉੱਠਦਾ ਹੋਇਆ ਭੱਜ ਪਿਆ ਤੇ ਆਪਣੀ ਲੱਕੜ ਦੀ ਲੱਤ ਚੁੱਕਣੀ ਵੀ ਭੁੱਲ ਗਿਆ। ਬੱਸ ਫੇਰ ਕੀ ਸੀ ਭੱਜਣ ਸਮੇਂ ਦੂਸਰੀ ਲੱਤ ਬਣ ਗਈ ਫੇਰ ਤਾਂ ਇਸਦਾ ਮਨ ਬੜਾ ਹੀ ਹੈਰਾਨ ਤੇ ਪ੍ਰਸੰਨ ਹੋਇਆ। ਪਾਸ ਆ ਕੇ ਸ਼ਾਹ ਹੁਸੈਨ ਦੇ ਚਰਨ ਫੜੇ ਤੇ ਆਖਿਆ, "ਆਪ ਨੇ ਬੜੀ ਕ੍ਰਿਪਾ ਕੀਤੀ ਜੋ ਮੇਰੀ ਲੰਗੜੇ ਦੀ ਲੱਤ ਬਣਾ ਦਿੱਤੀ।" ਇਹ ਕਹਿਣ ਲੱਗਾ, "ਬਨਾਉਣ ਵਾਲੇ ਤਾਂ ਸਤਿਗੁਰੂ ਜੀ ਆਪ ਹੀ ਹਨ ਪਰ ਬਦਨਾਮੀ ਮੇਰੇ ਵਰਗਿਆਂ ਦੀ ਕਰਾਉਂਦੇ ਹਨ, ਜਾਹ ਹੁਣ ਸਤਿਗੁਰਾਂ ਤੇ ਸ਼ਰਧਾ ਰੱਖ ਤੇ ਉਨ੍ਹਾਂ ਦੀ ਹੀ ਸੇਵਾ ਕਰ।"

ਇਉਂ ਬਾਬਾ ਅਤਰ ਸਿੰਘ ਜੀ ਮਹਾਰਾਜ ਨੇ ਆਪਣੇ ਮਨ ਵਿੱਚ ਸਾਰੀ ਵਾਰਤਾ ਜਾਣਕੇ ਅਤੇ ਪ੍ਰੇਮੀ ਗੁਰ ਸਿੱਖ ਨੂੰ ਨਿਹਾਲ ਕਰਣ ਵਾਸਤੇ:

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥

(ਪੰਨਾ ੩੬੬)

ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥

(ਪੰਨਾ ੩੬੬)

ਚਾਰ ਪਦਾਰਥਾਂ ਦੇ ਦਾਤੇ ਸੰਤਾਂ ਨੇ ਉਸ ਸਮੇਂ ਇਸਦੇ ਘਰ ਵਾਲੀ ਰਾਜ ਕੌਰ ਤੇ ਤਰਸ ਕਰਕੇ ਅਤੇ ਇਸਦੀ ਸੇਵਾ ਨੂੰ ਵੀ ਜਗਤ ਵਿੱਚ ਪ੍ਰਗਟ ਕਰਣ ਲਈ ਕਿ ਸਾਧੂ ਦੀ ਸੇਵਾ ਤੋਂ ਚਾਰੇ ਪਦਾਰਥ ਮਿਲਦੇ ਹਨ ਬਚਨ ਕੀਤਾ ਕਿ ਚੰਗਾ! ਜੇ ਤੇਰੇ ਮਨ ਦਾ ਤੀਬਰ ਫੁਰਨਾ ਹੈ ਤਾਂ ਹੋਰ ਸ਼ਾਦੀ ਨਾ ਕਰਵਾਈਂ। ਤੇਰੇ ਘਰ ਏਸੇ ਵਿੱਚੋਂ ਹੀ ਬੱਚਾ ਪੈਦਾ ਹੋ ਜਾਵੇਗਾ।

ਸੰਤਾਂ ਦਾ ਬਚਨ ਅਰਸ਼ੀ ਹੁਕਮ ਸੀ ਇਹ ਅਤੇ ਇਸਦੇ ਘਰਵਾਲੀ ਨੇ ਸਜਲ ਨੇਤਰੀਂ ਸੰਤਾਂ ਦੇ ਚਰਨ ਫੜਕੇ ਬਾਰੰਬਰ ਨਮਸ਼ਕਾਰ ਕੀਤੀ ਕਿ ਦਾਤਾ ਜੀ! ਸਾਨੂੰ ਹੋਰ ਤੁਹਾਡੇ ਚਰਨਾਂ ਤੋਂ ਬਿਨਾਂ ਥਾਂ ਹੀ ਕਿਹੜਾ ਹੈ? ਹਜ਼ੂਰ ਤਾਂ ਇਹ ਬਚਨ ਕਰਕੇ ਵਾਪਸ ਗੁਰਦੁਆਰੇ ਸਾਹਿਬ ਆ ਗਏ। ਏਧਰੋਂ "ਸਾਧ ਬਚਨ ਅਟਲਾਧਾ" ਦੇ ਹੁਕਮ ਅਨੁਸਾਰ ਇਸਦੇ ਘਰ ਸਾਲ ਤੋਂ ਬਾਅਦ ਲੜਕੇ ਦਾ ਜਨਮ ਹੋਇਆ, ਘਰ ਵਿੱਚ ਅਖੰਡ-ਪਾਠ ਦਾ ਭੋਗ ਪਵਾਕੇ ਸੰਤਾਂ ਦੀ ਪਵਿੱਤ੍ਰ ਰਸਨਾ ਤੋਂ ਹੀ ਬੱਚੇ ਦਾ ਨਾਮ ਠਾਕਰ ਸਿੰਘ ਰਖਵਾਇਆ ਜੋ ਹੁਣ ਪੋਤਰਿਆਂ ਵਾਲਾ ਹੈ। ਇਉਂ ਸੰਤਾਂ ਦੀ ਮਿਹਰ ਦੀ ਬਾਰਸ਼ ਸੁੱਕਿਆਂ ਤੇ ਉਦਾਸ ਮਨਾਂ ਨੂੰ ਹਰਿਆਵਲਤਾ ਦੇ ਸਹਿਤ ਕਰ ਦਿੰਦੀ ਹੈ।

## ਚੰਗੀ ਸਿਹਤ ਬਣਾਉਣ ਲਈ ਸਿੱਖਿਆ

ਇਕ ਸਮੇਂ ਰੇਰੂ ਸਾਹਿਬ ਗੁਰਦੁਆਰੇ ਸੰਤ ਮਹਾਰਾਜ ਜੀ ਦੇ ਪਾਸ ਕੈਮਲਪੁਰ ਤੋਂ ਰਾਗੀ ਲਾਲ ਸਿੰਘ ਆਇਆ ਹੋਇਆ ਸੀ। ਉਸੇ ਦਿਨ ਬਾਬਾ ਜੀ ਦੇ ਪਾਸ ਬੇਨਤੀ ਕਰਕੇ ਰਾਮਪੁਰ ਪਿੰਡ ਦੇ ਸੁਰਜਨ ਸਿੰਘ ਜ਼ੈਲਦਾਰ ਨੇ ਆਪਣੇ ਘਰ ਸ੍ਰੀ ਅਖੰਡ ਪਾਠ ਰਖਵਾਇਆ। ਹਜ਼ੂਰ ਦਾ ਇਹ ਨਿਯਮ ਸੀ ਕਿ ਜਿਸ ਜਗ੍ਹਾ ਅਖੰਡ ਪਾਠ ਆਰੰਭ ਕੀਤਾ ਜਾਂਦਾ ਓਥੇ ਭੋਗ ਦੇ ਸਮੇਂ ਤਾਂ ਜ਼ਰੂਰ ਹੀ ਪੁੱਜਿਆ ਕਰਦੇ ਅਤੇ ਗੁਰਬਾਣੀ ਦਾ ਪਾਠ ਸੁਣਦੇ ਜਿਸ ਕਰਕੇ ਘਰ ਵਾਲੇ ਪ੍ਰੇਮੀਆਂ ਦੀ ਸ਼ਰਧਾ ਪੂਰੀ ਹੁੰਦੀ। ਉਸ ਸਮੇਂ ਵੱਡੇ ਸਾਹਿਬਾਂ ਦੇ ਸਤਸੰਗੀ ਤੇ ਚੰਗੇ ਗੁਰਮੁਖ ਗਿਆਨੀ ਜਾਣਕੇ ਸ਼ਾਮ ਦੇ ਸੱਤ ਵਜੇ ਤੋਂ ਨੌਂ ਵਜੇ ਤੱਕ ਦੋ ਘੰਟੇ ਰਾਗੀ ਲਾਲ ਸਿੰਘ ਤੋਂ ਪਾਠ ਸੁਣਦੇ ਫੇਰ ਏਥੋਂ ਹੀ ਸਿੱਧੇ ਗੋਖੇ ਦੀ ਛਪੜੀ ਵੱਲ ਚਲੇ ਜਾਂਦੇ।

ਅੱਜ ਮੱਧ ਵਾਲਾ ਦਿਨ ਹੈ, ਦੂਜੇ ਦਿਨ ਸਵੇਰੇ ਭੋਗ ਪੈਣਾ ਹੈ। ਜਦੋਂ ਆਪ ਜੀ ਨੇ ਨੌਂ ਵਜੇ ਦਾ ਟਾਇਮ ਹੋਇਆ ਜਾਣਿਆਂ ਤਾਂ ਸਤਿਗੁਰਾਂ ਨੂੰ ਨਮਸ਼ਕਾਰ ਕਰਕੇ ਬਾਹਰ ਜਾਣ ਵਾਸਤੇ ਤਿਆਰ ਹੋ ਗਏ। ਉਸ ਸਮੇਂ ਇੱਕ ਪ੍ਰੇਮੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ! ਅੱਜ ਇਸ ਨਗਰ ਵਿੱਚ ਇੱਕ ਆਦਮੀ ਨੇ ਦੁੱਧ ਵੇਚਿਆ ਹੈ।" ਸੰਤ ਜੀ ਮਹਾਰਾਜ ਉਹਦੀ ਬੇਨਤੀ ਸੁਣਕੇ ਫੇਰ ਬੈਠ ਗਏ ਅਤੇ ਕਿਹਾ, "ਬੁਲਾਓ ਉਸ ਦੁੱਧ ਵੇਚਣ ਵਾਲੇ ਗੁਰਮੁਖ ਨੂੰ।"

ਸੰਤਾਂ ਦਾ ਹੁਕਮ ਸੁਣਕੇ ਉਸ ਸਮੇਂ ਇੱਕ ਆਦਮੀ ਉਸਨੂੰ ਘਰੋਂ ਸੱਦ ਕੇ ਲੈ ਆਇਆ। ਸਤਿਗੁਰਾਂ ਦੇ ਪਾਵਨ ਸਰੂਪ ਨੂੰ ਨਮਸ਼ਕਾਰ ਕਰਕੇ ਉਹ ਪ੍ਰੇਮੀ ਸੰਤ ਜੀ ਮਹਾਰਾਜ ਪਾਸ ਪੁੱਜਿਆ, ਹੱਥ ਜੋੜੇ, ਮੱਥਾ ਟੇਕਿਆ ਅਤੇ ਭਾਵਨਾ ਨਾਲ ਸਾਹਮਣੇ ਬੈਠ ਗਿਆ।

ਬਾਬਾ ਜੀ ਕਹਿਣ ਲੱਗੇ, "ਦੇਖ ਪ੍ਰੇਮੀਆਂ! ਜਿਸਦੇ ਉਪਰ ਨਿਰੰਕਾਰ ਦੀ ਅਪਾਰ ਬਖ਼ਸ਼ਿਸ਼ ਹੁੰਦੀ ਹੈ ਉਸਨੂੰ ਦਾਤੇ ਦੀਆਂ ਦੁੱਧ ਪੁੱਤ ਦੀਆਂ ਅਮੋਲਕ ਦਾਤਾਂ ਪ੍ਰਾਪਤ ਹੁੰਦੀਆਂ ਹਨ। ਹਿੰਦੁਸਤਾਨ ਦੇ ਹੋਰ ਇਲਾਕਿਆਂ ਨਾਲੋਂ ਪੰਜਾਬ ਦੇ ਗੱਭਰੂ ਤਕੜੇ ਮੰਨੇ ਜਾਂਦੇ ਹਨ। ਇਸ ਪੰਜਾਂ ਦਰਿਆਵਾਂ ਦੀ ਧਰਤੀ ਦੇ ਵਾਸੀਆਂ ਚੋਂ ਵੀ ਮਾਝੇ, ਮਾਲਵੇ ਦੇ ਦੁਆਬੇ ਦੇ ਜੁਆਨਾਂ ਨੂੰ ਗੌਰਮਿੰਟ ਕਿਉਂ ਖ਼ੁਸ਼ ਹੋ ਕੇ ਫੌਜ ਵਿੱਚ ਭਰਤੀ ਕਰਦੀ ਹੈ ਕਿ ਇਹ ਦੁੱਧ ਘਿਓ ਤੇ ਮੱਖਣਾਂ ਦੇ ਪਲੇ ਹਨ, ਆਪਣੀਆਂ ਸੇਹਤਾਂ ਬਣਾਉਣ ਵਾਸਤੇ ਵਰਜ਼ਿਸ਼ਾਂ ਕਰਦੇ ਅਤੇ ਖ਼ੁਰਾਕਾਂ ਖਾਂਦੇ ਹਨ। ਸਰੀਰ ਦਾ ਅਸਰ ਹੀ ਅੱਗੇ ਮਨਾਂ ਤੇ ਪੈਂਦਾ ਹੈ। ਚੰਗੇ ਮੰਦੇ ਸ਼ੁਭ-ਅਸ਼ੁਭ ਖ਼ਿਆਲ ਅਹਾਰ ਤੋਂ ਬਣਦੇ ਹਨ ਪਰ ਬਈ! ਜਿਸਨੇ ਦੁੱਧ ਹੀ ਵੇਚ ਦਿਤਾ ਬਾਕੀ ਰਹਿ ਕੀ ਗਿਆ? ਲੋਕਾਂ ਦੇ ਘਰਾਂ ਦੀ ਲੱਸੀ ਅਤੇ ਜ਼ਿੰਦਗੀਆਂ ਨੂੰ ਤਬਾਹ ਕਰਨ ਵਾਲੀਆਂ ਚਾਹਾਂ।[2] ਫੇਰ ਸਰੀਰਾਂ ਵਿੱਚ ਤਾਕਤਾਂ ਕਿਥੇ? ਜਿੱਥੇ ਹੁਣ ਲਾਲੜੀਆਂ ਵਰਗੇ ਚੇਹਰੇ ਚਮਕਦੇ ਹਨ ਉਹੋ ਹੀ ਮੂੰਹ ਸੁੱਕੀ ਮੂਲੀ ਵਰਗੇ ਹੋ ਜਾਂਦੇ ਹਨ ਅਤੇ ਹੌਲੀ-ਹੌਲੀ ਜਿਵੇਂ ਲੱਕੜੀ ਨੂੰ ਘੁਣ ਖਾ ਜਾਂਦਾ ਹੈ, ਸਰੀਰ ਨੂੰ ਕਮਜ਼ੋਰੀ ਗ੍ਰਸ ਲੈਂਦੀ ਹੈ ਫੇਰ ਚੰਗੇ-ਚੰਗੇ ਗਭਰੂ ਅਨੇਕਾਂ ਹੀ ਬੀਮਾਰੀਆਂ ਦੇ ਸ਼ਿਕਾਰ ਬਣ ਜਾਂਦੇ ਹਨ। ਤੁਸੀਂ ਇਤਨੀ ਦੁੱਧ ਦੀ ਪੈਦਾਇਸ਼ ਨਹੀਂ ਕਰ ਸਕਦੇ ਜਿਤਨੇ ਪੈਸੇ ਦਵਾਈਆਂ ਤੇ ਲਗ ਜਾਣੇ ਹਨ। ਚੰਗੇ ਪਦਾਰਥ ਛਕੋ। ਹੱਥੀਂ ਕੰਮ ਕਰੋ। ਧਨ ਕਮਾਉਣ ਵਾਸਤੇ ਤਾਂ ਹੋਰ ਵੀ ਕਾਰੋਬਾਰ ਬਥੇਰੇ ਹਨ। ਬੇ-ਜ਼ੁਬਾਨ ਪਸ਼ੂਆਂ ਦੀ (ਜਿਨ੍ਹਾਂ ਤੋਂ ਕੰਮ ਲੈਂਦੇ ਹੋ) ਸੇਵਾ ਕਰੋ, ਉਨ੍ਹਾਂ ਨੂੰ ਖੁਰਾਕਾਂ ਚਾਰੋ ਤਾਂਕਿ ਤਕੜੇ ਰਹਿਣ ਤੇ ਵਧੇਰੇ ਅੰਨ ਪੈਦਾ ਹੋ ਸਕੇ।"

ਇਉਂ ਆਪ ਜੀ ਕਾਫ਼ੀ ਸਮਾਂ ਸਰਬੱਤ ਪ੍ਰੇਮੀਆਂ ਨੂੰ ਸਮੁੱਚਾ ਉਪਦੇਸ਼ ਬਖ਼ਸ਼ਦੇ ਰਹੇ। ਬਹੁਤ ਸਾਰਾ ਇਕੱਠ ਹੋ ਗਿਆ। ਸਾਰਿਆਂ ਦੇ ਮਨਾਂ ਤੇ ਚੰਗਾ ਅਸਰ ਪਿਆ। ਉਸ ਦੁੱਧ ਵੇਚਣ ਵਾਲੇ ਪ੍ਰੇਮੀ ਨੇ ਆਪਣੀ ਗ਼ਲਤੀ ਮੰਨੀ ਅਤੇ ਅੱਗੇ ਵਾਸਤੇ ਦੁੱਧ ਵੇਚਣ ਦਾ ਨੇਮ ਹੀ ਪਾ ਦਿਤਾ।

ਇਉਂ ਜਦ ਤੱਕ ਸੰਤ ਜੀ ਮਹਾਰਾਜ ਦਾ ਪਰਉਪਕਾਰੀ ਸਰੀਰ ਰਿਹਾ ਕਿਸੇ ਇੱਕ ਵੀ ਪ੍ਰੇਮੀ ਨੇ ਰਾਮਪੁਰ ਪਿੰਡ ਵਿੱਚ ਦੁੱਧ ਨਹੀਂ ਸੀ ਵੇਚਿਆ। ਹੁਣ ਤਾਂ ਲੋਕਾਂ ਨੇ ਇਸਨੂੰ ਬਿਜਨਸ ਹੀ ਬਣਾ ਲਿਆ ਹੋਇਆ ਹੈ। ਹਾਲਤ ਵੀ ਸਭਨਾਂ ਦੀ ਉਹੋ ਹੀ ਹੋ ਰਹੀ ਹੈ ਜੋ ਅੱਜ ਤੋਂ ਸੱਠ ਸਾਲ ਪਹਿਲਾਂ ਬਾਬਾ ਜੀ ਆਖ ਗਏ ਸਨ। "ਇਕਿ ਸਾਧ ਬਚਨ ਅਟਲਾਧਾ" ਸ਼ੁੱਧ ਚੀਜ਼ ਤਾਂ ਹੁਣ ਉਂਝ ਹੀ ਨਹੀਂ ਮਿਲਦੀ ਨਾ ਚੰਗਾ ਘਿਉ, ਨਾ ਚੰਗਾ ਦੁੱਧ, ਨਾ ਸਾਫ਼ ਅੰਨ, ਹਰੇਕ ਚੀਜ਼ ਵਿੱਚ

---

[2] ਉਹਨਾਂ ਸਮਿਆਂ ਵਿਚ ਚਾਹ ਵੀ ਕਾਫੀ ਪ੍ਰਚਲਤ ਹੋ ਗਈ ਸੀ ਪਰ ਅੱਜ ਵਾਂਗੂੰ ਇਸਨੇ ਪੂਰਾ ਜ਼ੋਰ ਨਹੀਂ ਸੀ ਫੜਿਆ, ਹੁਣ ਤਾਂ ਸੌ ਵਿਚੋਂ ਇੱਕ ਬਗੈਰ ਚਾਹ ਦੇ ਮੁਸ਼ਕਲ ਮਿਲੇਗਾ।

ਮਿਲਾਵਟ ਮਿਲੀ ਹੈ। ਦੁੱਧ, ਮੱਖਣ ਤੇ ਲੱਸੀ ਤਾਂ ਕਿੱਥੇ, ਚਾਹਾਂ ਦੇ ਅੰਦਰ ਫੂਕੇ ਪਏ ਹਨ, ਰਹਿੰਦ-ਖੂੰਹਦ ਦੀ ਜ਼ਿੰਦਗੀ ਸਿਨੇਮੇ ਦੇ ਗੰਦੇ ਗੀਤਾਂ ਤੇ ਭੜਕੀਲੇ ਪਹਿਰਾਵੇ ਨੇ ਨਾਸ਼ ਕਰ ਦਿਤੀ ਹੈ। ਹੁਣ ਤਾਂ ਮਰੀਜ਼ ਘੱਟ ਤੇ ਹਕੀਮ ਬਹੁਤੇ ਹਨ। ਆਮਦਨੀ ਤੋਂ ਵਧੇਰੇ ਪੈਸੇ ਬੀਮਾਰੀਆਂ ਦੀ ਰੋਕ-ਥਾਮ ਵਾਸਤੇ ਦਵਾਈਆਂ ਤੇ ਲਗਦੇ ਹਨ ਪਰ ਉਹ ਦਵਾਈਆਂ ਵੀ ਪਾਣੀ। ਇਹ ਸਨ ਹਜ਼ੂਰ ਦੇ ਅਮੋਲਕ ਬਚਨ ਸਰਬੱਤ ਦੇ ਭਲੇ ਵਾਸਤੇ ਜੋ ਅੱਜ ਸੱਚੇ ਹੋ ਰਹੇ ਹਨ।

# ਬੀਬੀ ਭਗਵਾਨ ਕੌਰ ਤੇ ਕਿਰਪਾ

ਰਾਮਪੁਰ ਪਿੰਡ ਦਾ ਸੱਦਾ ਸਿੰਘ ਕਪਤਾਨ ਗੁਰੂ ਘਰ ਦਾ ਪ੍ਰੇਮੀ ਤੇ ਬਾਬਾ ਜੀ ਦਾ ਅਤਿਅੰਤ ਸ਼ਰਧਾਲੂ ਸੀ। ਇਸਦੇ ਘਰੋਂ ਸ੍ਰੀਮਤੀ ਭਗਵਾਨ ਕੌਰ ਵੀ ਬੜੇ ਸਵੱਛ ਖਿਆਲੀ ਗੁਰਸਿੱਖੀ ਜੀਵਨ ਵਾਲੇ, ਨਾਮ ਬਾਣੀ ਦੇ ਪ੍ਰੀਤਵਾਨ ਤੇ ਗੁਰੂ ਘਰ ਦੇ ਨਿਰਮਾਣ ਸੇਵਾਦਾਰ ਸਨ। ਇਨ੍ਹਾਂ ਨੂੰ ਗੁਰਸਿੱਖੀ ਆਪਣੇ ਮਾਤਾ-ਪਿਤਾ ਦੇ ਘਰੋਂ ਵਿਰਸੇ ਵਿੱਚ ਮਿਲੀ ਹੋਈ ਦਾਤ ਸੀ। ਇਨ੍ਹਾਂ ਦੇ ਪਿਤਾ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਵਰਾਂ ਨਾਲ ਬਾਬੇ ਆਦਮ ਦੇ ਘਰ ਪ੍ਰਗਟ ਹੋਏ, ਸਿੱਧੂ ਗੋਤ ਦੇ ਬਜ਼ੁਰਗ ਭਾਈ ਭਗਤੂ ਜੀ ਦੇ ਖਾਨਦਾਨ ਵਿੱਚੋਂ ਸਨ, ਜਿਸਨੇ ਪੰਚਮ ਪਾਤਸ਼ਾਹ ਜੀ ਮਹਾਰਾਜ ਦੇ ਸਮੇਂ ਅੰਮ੍ਰਿਤ ਸਰੋਵਰ ਦੀ ਸੇਵਾ ਵਿੱਚ ਪੂਰਨ ਹਿੱਸਾ ਲਿਆ ਅਤੇ ਸਤਵੇਂ ਪਾਤਸ਼ਾਹ ਜੀ ਦੇ ਵਕਤ ਕੀਰਤਪੁਰ ਸਾਹਿਬ ਸੰਗਤਾਂ ਪਾਸੋਂ ਗੁਰੂ ਘਰ ਦੀ ਖੇਤੀ ਕਰਵਾਉਂਦੇ ਰਹੇ। ਉਸ ਭਾਈ ਭਗਤੂ ਦੀ ਸੰਤਾਨ ਚੋਂ ਜੀਵਨ ਦੇ ਪੋਤਰੇ ਸੰਤ ਸਿੰਘ ਦੇ ਪੁੱਤਰ ਤਖ਼ਤ ਸਿੰਘ, ਬਖ਼ਤ ਸਿੰਘ ਤੇ ਭਾਈ ਰਾਮ ਸਿੰਘ ਜੀ ਅਤੇ ਫਤੇ ਸਿੰਘ ਜੀ ਹੋਏ ਜਿਨ੍ਹਾਂ ਨੇ ਆਪਣੇ ਇਲਾਕੇ ਵਿੱਚ ਪੁੱਜਣ ਪਰ ਕਲਗੀਆਂ ਵਾਲੇ ਪਾਤਸ਼ਾਹ ਦੀ ਸੇਵਾ ਕੀਤੀ ਸੀ। ਉਸ ਪ੍ਰਵਾਰ ਰੂਪ ਬਗ਼ੀਚੀ ਦੀ ਮਹਿਕਦੀ ਕਲੀ ਇਹ ਸਿੱਖ ਬੱਚੀ ਬੀਬੀ ਭਗਵਾਨ ਕੌਰ ਜੀ ਸਨ। ਜਿਵੇਂ ਵੱਡੇ ਘਰ ਵਾਲੇ ਭਾਈ ਆਕਲ ਦੀ ਬੱਚੀ, ਰੂਪ ਚੰਦ ਦੀ ਮਾਤਾ, ਕਰਤਾਰ ਕੌਰ ਵਾਂਗ ਨੇਕ ਬੀਬੀ ਆਪਣੇ ਸਹੁਰੇ ਘਰ ਨੂੰ ਸੁਰਗ ਦਾ ਨਮੂਨਾ ਬਣਾ ਲੈਂਦੀ ਹੈ, ਜਿਸ ਤੇ ਛੇਵੇਂ ਪਾਤਸ਼ਾਹ ਜੀ ਮਹਾਰਾਜ ਦੀ ਬਖ਼ਸ਼ਸ਼ ਹੋਈ ਸੀ। ਮੀਰੀ ਪੀਰੀ ਦੇ ਮਾਲਕ ਨੇ ਪ੍ਰੇਮ ਦੇ ਵਸ ਹੋਇਆਂ ਜੇਠ ਦੇ ਮਹੀਨੇ ਤਪਦੇ ਦੁਪਹਿਰੇ ਪਿਆਸੇ ਬਣਕੇ ਭਾਈ ਕੀ ਡਰੌਲੀ ਤੋਂ ਤੀਹ ਮੀਲਾਂ ਤੇ ਜੰਗਲ ਵਿੱਚ ਜਾਕੇ ਪਾਣੀ ਪੀਕੇ ਇਨ੍ਹਾਂ ਦੇ ਪ੍ਰਾਣ ਬਚਾਏ ਸਨ।

ਭਾਵੇਂ ਸਰਦਾਰ ਸੱਦਾ ਸਿੰਘ ਵੀ ਗੁਰੂ ਘਰ ਦਾ ਪ੍ਰੇਮੀ ਤੇ ਬਾਬਾ ਜੀ ਦਾ ਅਤਿਅੰਤ ਪ੍ਰੀਤਵਾਨ ਸੀ ਪਰ ਇਸ ਬੀਬੀ ਨੇ ਤਾਂ ਗੁਰੂ ਨਾਨਕ ਦਾ ਦਰ ਤੇ ਮਹਾਂ-ਪੁਰਸ਼ਾਂ ਦੇ ਪਾਵਨ ਚਰਨਾਂ ਨੂੰ ਹੀ ਆਪਣਾ ਆਸਰਾ ਮੰਨਿਆ ਸੀ। ਸੱਦਾ ਸਿੰਘ ਦਾ ਵਿਆਹ ਹੋਇਆਂ ਅਜੇ ਥੋੜ੍ਹਾ ਹੀ ਸਮਾਂ ਹੋਇਆ ਸੀ, ਪੂਰਬਲੇ ਕਰਮਾਂ ਅਨੁਸਾਰ ਇਸਦੇ ਘਰ ਵਾਲੀ ਸ੍ਰੀਮਤੀ ਭਗਵਾਨ ਕੌਰ ਨੂੰ ਕੈਂਸਰ ਦੀ ਬੀਮਾਰੀ ਹੋ ਗਈ। ਰੀੜ੍ਹ ਦੀ ਹੱਡੀ ਵਿੱਚ ਫੋੜਾ ਹੋ ਗਿਆ ਜਿਸ ਵਿੱਚੋਂ ਸਦਾ ਨਸੂਰ ਵਗਦਾ ਰਿਹਾ ਕਰੇ, ਗਰਦਨ ਉਪਰ ਨੂੰ ਚੁੱਕੀ ਗਈ, ਮੂੰਹ ਬੰਦ ਹੋ ਗਿਆ, ਬੜੀ ਭੱਜ-ਨੱਠ ਕੀਤੀ, ਡਾਕਟਰੀ ਤੇ ਦੇਸੀ ਇਲਾਜ ਕਰਵਾਏ ਪਰ ਕਿਤੋਂ ਆਰਾਮ ਨਾ ਆਇਆ। ਸਰੀਰ ਨੂੰ ਬੜੀ ਤਕਲੀਫ਼ ਸੀ ਪਰ ਬਾਬਾ ਜੀ ਰੱਬੀ ਰਜ਼ਾ ਵਿੱਚ ਪ੍ਰਸੰਨ ਸਨ। ਸਾਰਾ ਪ੍ਰਵਾਰ ਬੜਾ ਦੁਖੀ ਸੀ, ਅੱਜ ਪ੍ਰਵਾਰ ਦਾ ਪ੍ਰੇਰਿਆ ਸੱਦਾ ਸਿੰਘ ਬਾਬਾ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ। ਸ੍ਰੀ ਹਜ਼ੂਰ ਸੰਤ ਜੀ ਮਹਾਰਾਜ ਦੁਪਹਿਰ ਦੇ ਸਮੇਂ ਹਲ ਛਡਕੇ ਡੇਰੇ ਵੱਲ ਨੂੰ ਵਾਪਸ ਆ ਰਹੇ ਸਨ। ਉਸੇ ਰਸਤੇ ਤੇ ਖੜਾ ਸੱਦਾ ਸਿੰਘ ਜ਼ੋਰੋ ਜ਼ੋਰ ਰੋ ਰਿਹਾ ਸੀ।

ਬਾਬਾ ਜੀ ਪਾਸ ਆਏ, ਹਲ ਰੋਕਿਆ, ਇਸਦੇ ਹੰਝੂ ਤੱਕੇ ਤੇ ਪਿਆਰ ਨਾਲ ਪੁੱਛਿਆ, "ਸਿੰਘਾ ! ਕੀ ਗੱਲ ਹੈ, ਇਤਨਾ ਕਿਉਂ ਉਦਾਸ ਹੈਂ? ਧੀਰਜ ਧਾਰ। ਗੁਰੂ ਕੇ ਸਿੰਘ ਨੂੰ ਸਦਾ ਚੜ੍ਹਦੀਆਂ ਕਲਾਂ ਵਿੱਚ ਰਹਿਣਾ ਚਾਹੀਦਾ ਹੈ।" ਇਸ ਨੇ ਅੱਗੇ ਹੋ ਕੇ ਚਰਨ ਛੋਹੇ, ਹਿਟਕੋਰੇ ਲੈਂਦਿਆਂ ਘਿਘਿਆ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਮੇਰੇ ਤੇ ਕਿਰਪਾ ਕਰੋ। ਕੈਂਸਰ ਦੀ ਬੀਮਾਰੀ ਨਾਲ ਸਿੰਘਣੀ ਬੜੀ ਦੁਖੀ ਹੈ, ਉਸ ਤੇ ਤਰਸ ਕਰਕੇ ਬਚਨ ਕਰ ਦੇਵੋ ਕਿ ਉਸਦੇ ਪ੍ਰਾਣ ਨਿਕਲ ਜਾਣ ਉਸਦੇ ਦੁੱਖ ਨਾਲ ਸਾਰਾ ਪ੍ਰਵਾਰ ਹੀ ਦੁਖੀ ਹੈ।"

ਮਹਾਂ-ਪੁਰਸ਼ਾਂ ਨੇ ਉਸੇ ਜਗ੍ਹਾ ਬੈਲ ਰੋਕ ਲਏ, ਇੱਕ ਬ੍ਰਿਛ ਦੀ ਛਾਵੇਂ ਖੜ੍ਹੇ ਹੋ ਕੇ ਨੇਤਰ ਬੰਦ ਕਰਕੇ ਕੁਝ ਸਮਾਂ ਚੁੱਪ ਰਹੇ, ਫੇਰ ਬਚਨ ਕੀਤਾ, "ਸੱਦਾ ਸਿੰਘ! ਉਦਾਸ ਨਾ ਹੋ। ਅਜੇ ਤਾਂ ਬੀਬੀ ਦੀ ਉਮਰ ਕਾਫ਼ੀ ਹੈ। ਇਸਨੇ ਚੰਗੇ-ਚੰਗੇ ਗੁਰਮੁਖਾਂ ਨੂੰ ਜਨਮ ਦੇਣਾ ਹੈ। ਮਹਾਂ-ਪੁਰਸ਼ਾਂ ਪਾਸੋਂ ਏਹੋ ਜਿਹੀ ਮੰਗ ਨਹੀਂ ਮੰਗੀ ਦੀ, ਸੰਤ ਤਾਂ ਕਿਸੇ ਨੂੰ ਮਾਰਦੇ ਨਹੀਂ, ਉਹ ਤਾਂ ਮਰਿਆਂ ਨੂੰ ਜਿਊਂਦੇ ਕਰਦੇ ਹਨ ਗੁਰੂ ਭਲੀ ਕਰੇਗਾ ਮਨ ਅੰਦਰ ਉਸੇ ਦਾ ਆਸਰਾ ਹੋਣਾ ਚਾਹੀਦਾ ਹੈ।" ਇਉਂ ਆਖਿਆ ਤੇ ਉਸਨੂੰ ਬਹੁਤਾ ਦੁਖੀ ਜਾਣਕੇ ਮੇਹਰਾਂ ਦੇ ਘਰ ਵਿੱਚ ਆਏ। ਉਪ੍ਰੰਤ ਆਪਣੇ ਪੈਰਾਂ ਤੋਂ ਜੰਮੀਂ ਮਿੱਟੀ (ਜੋ ਬਾਹਰ ਹਲ ਵਾਹਣ ਸਮੇਂ ਚਿੱਟੀ ਮਿੱਟੀ ਦੀਆਂ ਤੈਹਾਂ ਦੇ ਜੰਮਣ ਕਰਕੇ ਚਰਨ ਚਾਂਦੀ ਸਮਾਨ ਚਿੱਟੇ ਹੋ ਗਏ ਸਨ) ਹੱਥਾਂ ਨਾਲ ਲਾਹੀ ਤੇ ਆਖਿਆ, "ਬਈ! ਅਸੀਂ ਕੋਈ ਦਵਾਈ ਬੂਟੀ ਤਾਂ ਕਰਦੇ ਹੀ ਨਹੀਂ, ਹਾਂ! ਨਿਰੰਕਾਰ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਅਕਾਲ ਪੁਰਖ ਬੀਬੀ ਨੂੰ ਸੇਹਤ ਬਖ਼ਸ਼ੇ। ਤੂੰ ਰੋਗ ਵਾਲੀ ਜਗ੍ਹਾ ਤੇ ਇਹ ਮਿੱਟੀ ਲਾ ਦੇਹ, ਨਿਰੰਕਾਰ ਭਲੀ ਕਰੇਗਾ।"

ਹਜ਼ੂਰ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣਕੇ ਸੱਦਾ ਸਿੰਘ ਨੇ ਅੱਗੇ ਹੋ ਕੇ ਬੜੀ ਭਾਵਨਾ ਨਾਲ ਉਹ ਚਰਨ ਧੂੜ ਆਪਣੇ ਪੱਲੇ ਬੰਨ੍ਹ ਲਈ। ਸੰਤਾਂ ਨੂੰ ਮੱਥਾ ਟੇਕ ਕੇ ਸਿੱਧਾ ਘਰ ਪੁੱਜਾ। ਬਾਬਾ ਜੀ ਹਲ ਛੱਡ ਕੇ ਗੁਰਦੁਆਰੇ ਸਾਹਿਬ ਆ ਗਏ। ਜਦੋਂ ਇਸਨੇ ਉਹ ਮਿੱਟੀ ਲਿਆ ਕੇ ਬੀਬੀ ਭਗਵਾਨ ਕੌਰ ਦੇ ਪੀੜਾ ਵਾਲੀ ਥਾਂ ਤੇ ਲਾਈ ਤਾਂ:

ਸੰਤ ਕੀ ਧੂਰਿ ਮਿਟੇ ਅਘ ਕੋਟ ॥
ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥

(ਪੰਨਾ ੧੮੯)

ਤੀਰਥਾਂ ਨੂੰ ਪਵਿੱਤ੍ਰ ਕਰਨ ਵਾਲੀ ਪਾਪ ਨਾਸ਼ਕ ਚਰਨ ਧੂੜ ਦੇ ਲੱਗਣ ਕਰਕੇ ਸਰੀਰ ਦੀ ਪੀੜਾ ਤੇ ਘਬਰਾਹਟ ਇਕਦਮ ਬੰਦ ਹੋ ਗਈ। ਕੁਝ ਕੁ ਸਮੇਂ ਤੋਂ ਬਾਅਦ ਬੇਸੁਰਤ ਬੀਬੀ ਨੇ ਨੇਤ੍ਰ ਖੋਲ੍ਹੇ, ਸੁਰਤ ਪਰਤੀ ਤੇ ਬਿਜਲੀ ਦੇ ਕਰੰਟ ਲੱਗਣ ਵਾਂਗੂੰ ਇੱਕ ਦਮ ਬੰਦ ਜਬਾੜਾ ਖੁੱਲ੍ਹ ਗਿਆ। ਗਰਦਨ ਦੀ ਨਾੜ ਵੀ ਉਸੇ ਛਿਨ ਸਿੱਧੀ ਹੋ ਗਈ। ਇਉਂ ਸ਼ਾਮ ਤੱਕ ਜ਼ੁਬਾਨ ਵੀ ਚੱਲਣ ਲੱਗ ਪਈ। ਅੱਜ ਹੋਰ, ਕੱਲ੍ਹ ਹੋਰ, ਦੋ ਤਿੰਨ ਦਿਨਾਂ ਵਿੱਚ ਸਰੀਰ ਬਿਲਕੁਲ ਅਰੋਗ ਹੋ ਗਿਆ ਫੇਰ ਤਾਂ ਇਸ ਦੇ ਸਮੇਤ ਸੱਦਾ ਸਿੰਘ ਦਾ ਸਾਰਾ ਪ੍ਰਵਾਰ ਹੀ ਸੰਤਾਂ ਦਾ ਤਨੋਂ-ਮਨੋਂ ਸਾਦਕ ਬਣ ਗਿਆ। ਸਮਾਂ ਪਾਕੇ ਇਸ ਬੀਬੀ ਤੋਂ ਸੱਤ ਲੜਕੇ ਤੇ ਦੋ ਲੜਕੀਆਂ ਦਾ ਜਨਮ ਹੋਇਆ ਜੋ ਅੱਜ ਕੱਲ੍ਹ ਪੋਤਰਿਆਂ ਵਾਲੇ ਹਨ। ਸਾਰੀ ਜ਼ਿੰਦਗੀ ਬੀਬੀ ਦੀ ਗੁਰੂ ਘਰ ਤੇ ਇਤਨੀ ਸ਼ਰਧਾ ਰਹੀ ਕਿ ਬੱਚੇ ਦੇ ਜਨਮ ਲੈਣ ਤੋਂ ਪਹਿਲਾਂ ਹੀ ਇਸਨੇ ਅਰਦਾਸ ਕਰਨੀ, "ਐ ਦਾਤਾ! ਜੇਕਰ ਦੇਵੇਂ ਤਾਂ ਆਪਣਾ ਬਣਾਈਂ ਤੇ ਇਸ ਨੂੰ ਗੁਰਸਿੱਖੀ ਦੀ ਦਾਤ ਬਖ਼ਸ਼ੀਂ, ਨਹੀਂ ਤਾਂ ਭਾਵੇਂ ਜੰਮਦਾ ਹੀ ਮਰ ਜਾਵੇ ਐਵੇਂ ਕੁਲ ਨੂੰ ਕਲੰਕਤ ਨਾ ਕਰੇ।"

ਅੱਜ ਕੱਲ੍ਹ ਇਸ ਦਾ ਪ੍ਰਵਾਰ ਯੂ. ਪੀ. ਦੇ ਇਲਾਕੇ ਰਾਮਪੁਰ ਜ਼ਿਲੇ ਬਿਲਾਸਪੁਰ ਦੀ ਤਹਿਸੀਲ "ਪੈਕੰਬਰਪੁਰ" ਪਿੰਡ ਵਿੱਚ ਰਹਿੰਦਾ ਹੈ। ਕੁਝ ਕੁ ਜ਼ਮੀਨ ਲੁਧਿਆਣੇ ਜ਼ਿਲ੍ਹੇ ਮਾਛੀਵਾੜੇ ਦੇ ਪਾਸ ਗੁਮਾਣ ਪਿੰਡ ਵਿੱਚ ਵੀ ਹੈ। ਅੰਤ ਸਮੇਂ ਬੀਬੀ ਭਗਵਾਨ ਕੌਰ ਏਥੇ ਪੁੱਜੀ ਹੋਈ ਸੀ। ਸਰੀਰ ਨੂੰ ਫੇਰ ਕੈਂਸਰ ਦੀ ਬੀਮਾਰੀ ਜਾਗ ਪਈ। ਪ੍ਰਵਾਰ ਨੂੰ ਫ਼ਿਕਰ ਪੈ ਗਿਆ। ਡਾਕਟਰਾਂ ਹਕੀਮਾਂ ਵੱਲ ਭੱਜ ਨਠ ਕੀਤੀ ਪਰ ਬਾਬਾ ਜੀ ਦੀ ਸੰਗਤ ਕਰਨ ਵਾਲੀ ਉਸ ਗੁਰਮੁਖ ਬੀਬੀ ਨੇ ਸਭਨਾਂ ਨੂੰ ਆਖਿਆ, "ਬੱਚਿਓ! ਮੇਰੇ ਵਾਸਤੇ ਹੁਣ ਤੁਸੀਂ ਕੁਝ ਯਤਨ ਉਪਾਉ ਨਹੀਂ ਕਰਨਾ। ਮੈਂ ਬਚਾਂਗੀ ਨਹੀਂ, ਮੇਰੀ ਤਾਂ ਉਮਰ ਪਹਿਲਾਂ ਹੀ ਪੂਰੀ ਹੋ ਚੁੱਕੀ ਸੀ ਪਰ ਬਾਬਾ ਜੀ ਨੇ ਕਿਰਪਾ ਦ੍ਰਿਸ਼ਟੀ ਕਰਕੇ ਆਪਣੇ ਵਲੋਂ ਉਮਰ ਬਖ਼ਸ਼ੀ ਸੀ। ਉਹ ਹੁਣ ਪੂਰੀ ਹੋ ਗਈ ਹੈ, ਤੁਸੀਂ ਸ਼ੋਕ ਨਾ ਕਰੋ। ਸੋ ਇਸੇ ਕੈਂਸਰ ਦੇ ਰੋਗ ਨਾਲ ਬੀਬੀ ਦੇ ਸਰੀਰ ਦਾ ਅੰਤ ਹੋਇਆ ਤੇ ਨਾਮ ਜਪਦੀ ਗੁਰ ਚਰਨਾਂ ਵਿਖੇ ਜਾ ਬਿਰਾਜੀ।"

# ਸ਼ੁੱਧ ਅੰਨ ਦੀ ਬਰਕਤ

ਆਪ ਜੀ ਦੀ ਅਮੋਲਕ ਜ਼ਿੰਦਗੀ ਸਿੱਖ ਜਨਤਾ ਨੂੰ ਤਤਿਖਸ਼ਾ ਦਾ ਇੱਕ ਨਮੂਨਾ ਸੀ ਬਿਨਾਂ ਕਿਸੇ ਮੰਗ ਤੋਂ ਅਪੀਲ ਤੇ ਉਗਰਾਹੀ ਕੀਤੇ ਬਗ਼ੈਰ ਦਿਨੇ ਹੱਥੀਂ ਹਲ ਵਾਹ ਕੇ ਰਾਤੀਂ ਸਿਮਰਨ ਵਿੱਚ ਜੁੜਿਆਂ ਅੱਠੇ ਪਹਿਰ ਸ੍ਵਾਸ-ਸ੍ਵਾਸ ਭਜਨ-ਬੰਦਗੀ ਵਿੱਚ ਸਮਾਂ ਬਤੀਤ ਕਰਦਿਆਂ, ਸ਼ੁੱਧ ਅੰਨ ਦਾ ਲੰਗਰ ਚਲਾਉਣਾ, ਜਿਸਨੂੰ ਛਕਕੇ ਜਗਿਆਸੂਆਂ ਦੀਆਂ ਸੁਰਤਾਂ ਜੁੜ ਜਾਂਦੀਆਂ। ਗੁਰੂ ਘਰ ਦੇ ਸੇਵਾਦਾਰ, ਪਸ਼ੂਆਂ ਨਾਲ ਅਤਿਅੰਤ ਪਿਆਰ ਕਰਨਾ, ਉਨ੍ਹਾਂ ਨੂੰ ਖੁੱਲ੍ਹਾ ਦਾਣਾ ਤੇ ਚਾਰਾ ਪਾਉਣਾ। ਫੇਰ ਸੇਵਾਦਾਰ ਨੂੰ ਤਾਕੀਦ ਸੀ ਕਿ ਜਦੋਂ ਪਸ਼ੂ ਖੋਹਲ ਕੇ ਬਾਹਰ ਨਹਿਰ ਵੱਲ ਜਾਂ ਆਪਣੇ ਖੇਤ ਵੱਲ ਲਿਜਾਵੋ ਏਥੇ ਹੀ ਸਭਨਾਂ ਨੂੰ ਛਿੱਕਲੀਆਂ ਦੇ ਲਿਆ ਕਰੋ ਤਾਂ ਕਿ ਕਿਸੇ ਪਰਾਏ ਖੇਤ ਨੂੰ ਮੂੰਹ ਨਾ ਮਾਰਨ। ਜੇ ਕਦੀ ਕਿਸੇ ਪਸ਼ੂ ਨੇ ਬਦੋ-ਬਦੀ ਵਾੜ ਟੱਪ ਕੇ ਕਿਸੇ ਦੀ ਫਸਲ ਨੂੰ ਮੂੰਹ ਮਾਰਨਾ ਤਾਂ ਉਸਦਾ ਦੁੱਧ ਪੰਦਰਾਂ ਦਿਨ ਲੰਗਰ ਵਿੱਚ ਨਹੀਂ ਵਰਤਣਾ ਕਿ ਇਸਨੇ ਬਿਗਾਨੀ ਖੇਤੀ ਚਰੀ ਹੈ ਇਸ ਦਾ ਦੁੱਧ ਸਾਧੂਆਂ ਦੇ ਹਿਰਦੇ ਵਿੱਚ ਪਵਿੱਤ੍ਰਤਾ ਨਹੀਂ ਰਹਿਣ ਦੇਵੇਗਾ।

ਆਪ ਜੀ ਵੀ ਵੱਸ ਲਗਦਿਆਂ ਹਰੇਕ ਘਰ ਦਾ ਭੋਜਨ ਨਹੀਂ ਸੀ ਛਕਦੇ। ਜਿਸ ਪ੍ਰੇਮੀ ਘਰ ਨੂੰ ਹਜ਼ੂਰ ਦੀ ਕ੍ਰਿਆ ਦਾ ਪਤਾ ਹੁੰਦਾ ਉਹ ਆਪਣੇ ਹੱਥੀਂ ਅੰਨ ਚੁਣ ਕੇ, ਬਾਣੀ ਪੜ੍ਹਦਿਆਂ ਚੱਕੀ ਪੀਹ ਕੇ, ਸੁੱਚ ਸੰਜਮ ਦਾ ਪ੍ਰਸ਼ਾਦ ਤਿਆਰ ਕਰਦੇ। ਬਾਬਾ ਜੀ ਉਨ੍ਹਾਂ ਦੇ ਘਰ ਦਾ ਭੋਜਨ ਅੰਗੀਕਾਰ ਕਰ ਲੈਂਦੇ। ਆਪ ਆਖਦੇ ਸਨ, "ਗੁਰਮੁਖੋ! ਕਿਸੇ ਲਾਲਚ ਵਿੱਚ ਆਕੇ ਆਯੋਗ ਤਰੀਕੇ ਨਾਲ ਇਕੱਠੀ ਕੀਤੀ ਮਾਯਾ ਦਾ ਭੋਜਨ ਨਹੀਂ ਵਰਤਣਾ, ਕਿਉਂਕਿ ਖਾਧੇ ਹੋਏ ਅੰਨ ਦਾ ੨੪ ਘੰਟੇ ਮਨ ਤੇ ਅਸਰ ਰਹਿੰਦਾ ਹੈ।" ਆਮ ਕਹਾਵਤ ਹੈ 'ਜੈਸਾ ਅੰਨ ਤੈਸਾ ਮਨ' ਛਕੇ ਹੋਏ ਅੰਨ ਦੀ ਸਤੋ ਅੰਸ ਦਾ ਅੰਤਸ਼ਕਰਨ ਤੇ ਅਸਰ ਪੈਂਦਾ ਹੈ ਤਦੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਲਕ ਭਾਗੋ ਦੇ ਮਾਹਲ ਪੂੜੇ ਤਿਆਗ ਕੇ ਗ਼ਰੀਬ ਲਾਲੋ ਦਾ ਕੋਧਰਾ ਪ੍ਰਵਾਨ ਕੀਤਾ। ਇਸੇ ਤਰ੍ਹਾਂ ਹੰਕਾਰੀ ਦੁਰਜੋਧਨ ਦੇ ਬਾਦਸ਼ਾਹੀ ਮੇਵੇ ਛੱਡ ਕੇ ਭਗਵਾਨ ਕ੍ਰਿਸ਼ਨ ਜੀ ਨੇ ਬਿਦਰ ਦਾ ਅਲੂਣਾ ਸਾਗ ਖਾਧਾ। ਅੰਨ ਦਾ ਮਨ ਤੇ ਜ਼ਰੂਰ ਹੀ ਅਸਰ ਪੈਂਦਾ ਹੈ। ਸ਼ੁੱਧ ਅੰਨ ਮਨ ਨੂੰ ਪਵਿੱਤ੍ਰ ਕਰਦਾ ਹੈ ਤੇ ਅਸ਼ੁੱਧ ਅੰਨ ਮਲੀਨ ਬਣਾ ਦਿੰਦਾ ਹੈ ਜਿਵੇਂ ਕਿ:

ਗੰਗਾ ਦੇ ਕੰਢੇ ਸੰਘਣੇ ਜੰਗਲ ਵਿੱਚ ਕੋਈ ਬੀਤ ਰਾਗ ਸਾਧੂ ਪੱਤਿਆਂ ਦੀ ਕੁਟੀਆ ਬਣਾ ਕੇ ਰਹਿੰਦਾ ਸੀ। ਜੰਗਲ ਦੇ ਫ਼ਲ-ਫੁਲ ਤੇ ਸਾਗ ਪੱਤੇ ਤੋੜਕੇ ਕੰਦਮੂਲ ਦੁਆਰਾ ਪੇਟ ਦੀ ਅਗਨੀ ਸ਼ਾਂਤ ਕਰਦਾ। ਇੱਕ ਸਮੇਂ ਕਿਸੀ ਸ਼ਾਹੂਕਾਰ ਨੇ ਰਿਖੀਕੇਸ਼ ਅੰਨ ਦਾ ਛੇਤ੍ਰ ਲਾਇਆ। ਚੰਗੇ-ਚੰਗੇ ਪਦਾਰਥ ਬਣਾਕੇ ਸਾਧੂਆਂ ਨੂੰ ਛਕਾਉਂਦਾ। ਬਹੁਤ ਸਾਰੇ ਮਹਾਤਮਾ ਪੁੱਜਣ ਲੱਗ ਪਏ। ਇੱਕ ਦਿਨ ਕਿਸੇ ਸਾਧੂ ਨੇ ਇਸ ਕੁਟੀਆ ਵਾਲੇ ਮਹਾਤਮਾ ਪਾਸ ਛੇਤ੍ਰ ਦੀ ਪ੍ਰਸੰਸਾ ਕੀਤੀ ਤੇ ਇਸ ਨੂੰ ਪ੍ਰੇਰਕੇ ਨਾਲ ਲੈ ਆਂਦਾ। ਪੰਗਤ ਵਿੱਚ ਬੈਠਕੇ ਖੀਰ ਮਾਹਲ ਪੂੜੇ ਤੇ ਹੋਰ ਪਦਾਰਥ ਛਕਕੇ ਜਦੋਂ ਬਾਹਰ ਛਬੀਲ ਤੇ ਪਾਣੀ ਪੀਣ ਲੱਗੇ ਜਿੱਥੇ ਸੋਨੇ ਦੇ ਕੌਲੇ ਰੱਖੇ ਹੋਏ ਸਨ, ਉਸ ਕੁਟੀਆ ਵਾਲੇ ਸਾਧੂ ਨੇ ਪਾਣੀ ਪੀਕੇ ਕੌਲਾ ਆਪਣੇ ਕੱਛੇ ਮਾਰ ਲਿਆ ਤੇ ਕੁਟੀਆ ਵਿੱਚ ਆ ਗਿਆ। ਜਦੋਂ ਸ਼ਾਮ ਪਈ ਤਾਂ ਸਵਖਤੇ ਹੀ ਨੀਂਦ ਨੇ ਘੇਰਾ ਪਾ ਲਿਆ। ਸੁਪਨੇ ਵੀ ਚੰਗੇ ਨਾ ਦਿੱਸੇ। ਸੁੱਤਿਆਂ ਅਨੇਕ ਪ੍ਰਕਾਰ ਦੇ ਪਦਾਰਥਾਂ ਦੀ ਮਾਇਕੀ ਰਚਨਾ ਤੱਕੀ। ਜਦੋਂ ਸਵੇਰੇ ਇਸ਼ਨਾਨ ਕਰਕੇ ਭਜਨ ਵਿੱਚ ਬੈਠਾ ਤਾਂ ਵੀ ਮਨ ਨਾ ਜੁੜੇ, ਲੱਗਾ ਸੰਕਲਪਾਂ ਵਿਕਲਪਾਂ ਰੂਪੀ ਛਾਲਾਂ ਮਾਰਨ। ਅੱਜ ਕਈ ਸਾਲਾਂ ਤੋਂ ਬਾਅਦ ਪਹਿਲਾ ਦਿਨ ਹੈ ਜੋ ਮਨ ਨਹੀਂ ਟਿਕਦਾ। ਸੋਚਿਆ ਕੀ ਕਾਰਣ ਹੈ? ਸਾਹਮਣੇ ਪਏ ਕੌਲੇ ਤੇ ਨਿਗ੍ਹਾ ਪਈ, ਹੋਰ ਵੀ ਹੈਰਾਨ ਹੋ ਗਿਆ। ਸਿਰ ਧੁਨਿਆ ਤੇ ਕਿਹਾ, "ਮਨਾ! ਘਰ-ਬਾਰ ਛੱਡਿਆ, ਪ੍ਰਵਾਰ ਦਾ ਮੋਹ ਤਿਆਗ ਕੇ ਜੰਗਲ ਬੇਲਿਆਂ ਨੂੰ ਮੱਲਿਆ, ਦੁਨਿਆਵੀ ਸੁੱਖਾਂ ਨੂੰ ਪਿੱਠ ਦਿੱਤੀ ਪਰ ਆਹ ਕੀ ਕਰਤੂਤ ਕਰ ਆਇਆਂ ਹੈਂ? ਇਹ ਖਾਣ-ਪੀਣ ਵਾਲੀ ਵਸਤੂ ਤਾਂ ਹੈ ਨਹੀਂ ਜੋ ਤੇਰੀ ਭੁੱਖ ਲਾਹੇ।"

ਬਿਕ੍ਰਮਾਜੀਤ ਦਾ ਵੱਡਾ ਭਰਾ ਭਰਥਰੀ ਉਜੈਨ ਦਾ ਰਾਜਾ ਸੀ। ਰਾਜ ਸੁੱਖ ਨੂੰ ਠੋਕਰ ਮਾਰਕੇ ਫ਼ਕੀਰ ਬਣ ਗਿਆ। ਪੂਰਨ ਵੈਰਾਗੀ ਹੋ ਕੇ ਜੰਗਲਾਂ ਵਿੱਚ ਰਹੇ। ਏਸ ਲਗਨ ਵਿੱਚ ਕਈ ਸਾਲ ਗੁਜ਼ਰ ਗਏ ਫ਼ਕੀਰੀ ਦਾ ਚੰਗਾ ਰੰਗ ਚੜ੍ਹ ਗਿਆ। ਅੱਜ ਗਰਮੀ ਦੀ ਮੌਸਮ ਵਿੱਚ ਪੁੰਨਿਆਂ ਦੀ ਰਾਤ ਨੂੰ ਤੁਰਿਆ ਜਾ ਰਿਹਾ ਹੈ ਕਿਸੇ ਮਨੁੱਖ ਨੇ ਪਾਨ ਦੀ ਪੀਕ ਸੁੱਟੀ ਸੀ ਜਦੋਂ ਚੰਦਰਮਾਂ ਦੀਆਂ ਕਿਰਨਾਂ ਦੀ ਚਮਕ ਪਈ ਉਸ ਵਿੱਚ ਲਾਲ ਵਾਂਗੂੰ ਜੌਹਰ ਦਿਸਣ ਲੱਗੇ। ਭਰਥਰੀ ਜੋਗੀ ਉਸਨੂੰ ਲਾਲ ਜਾਣਕੇ ਚੁੱਕਣ ਲੱਗਾ ਤਾਂ ਹੱਥ ਪੀਕ ਨਾਲ ਭਰ ਗਿਆ, ਮਨ ਨੂੰ ਫਿਟਕਾਰਾਂ ਪਾਈਆਂ ਤੇ ਆਖਿਆ:

*ਰਤਨ ਜੜਤ ਮੰਦਰ ਤਜੇ ਬਹੁ ਸਖੀਅਨ ਕੇ ਸਾਥ।*
*ਰੇ ਮਨ ਧੋਖੇ ਲਾਲ ਕੇ ਭਰੇ ਪੀਕ ਸਿਉਂ ਹਾਥ।*

ਇਸ ਤਰ੍ਹਾਂ ਏਸ ਸੰਤ ਨੇ ਵੀ ਮਨ ਨੂੰ ਲਾਹਨਤਾਂ ਪਾਈਆਂ ਪਰ ਸੋਚਦਾ ਹੈ ਇਹ ਕਰਮ ਹੋਇਆ ਕਿਉਂ? ਵਿਚਾਰ ਫੁਰੀ ਛੇਤਰ ਦਾ ਅੰਨ ਸ਼ੁੱਧ ਨਹੀਂ ਜਾਪਦਾ। ਦਿਨ ਚੜ੍ਹਿਆ ਸੋਨੇ ਦਾ ਕੌਲਾ ਨਾਲ ਲਿਆ, ਛੇਤ੍ਰ ਵਾਲੀ ਥਾਂ ਤੇ ਪੁੱਜਿਆ, ਸੇਠ ਦਾ ਪਤਾ ਪੁੱਛਕੇ ਉਸਨੂੰ ਮਿਲਿਆ। ਸੇਠ ਨੇ ਸੰਤਾਂ ਦਾ ਆਦਰ ਕੀਤਾ। ਸਤਿਕਾਰ ਨਾਲ ਮੱਥਾ ਟੇਕਿਆ ਤੇ ਉੱਚੀ ਜਗ੍ਹਾ ਬਿਠਾਏ। ਸਾਧੂ ਬੋਲਿਆ, "ਸੇਠ ਜੀ! ਇਹ ਛੇਤ੍ਰ ਵਾਲੀ ਮਾਇਆ ਕਿਥੋਂ ਆਉਂਦੀ ਹੈ?" ਉਸਨੇ ਦੱਸਿਆ, "ਮੇਰਾ ਇੱਕ ਨਜ਼ਦੀਕੀ ਰਿਸ਼ਤੇਦਾਰ ਜੋ ਬੜਾ ਧਨਾਢ ਸੀ, ਬੇ-ਔਲਾਦਾ ਮਰ ਗਿਆ। ਉਸਦੀ ਸਾਰੀ ਜ਼ਇਦਾਦ ਦਾ ਮੈਂ ਵਾਰਸ ਬਣਿਆ ਹਾਂ। ਉਸਨੇ ਜੂਆ ਖਿਲਵਾ ਕੇ, ਬਲੈਕਾਂ ਕਰ ਕੇ, ਵੱਧ ਸੂਦ ਤੇ ਪੈਸੇ ਦੇ ਕੇ, ਬੜੇ ਛਲ-ਬਲ ਨਾਲ ਮਾਇਆ ਇਕੱਠੀ ਕੀਤੀ ਸੀ, ਮੈਂ ਸੋਚਿਆ ਇਸ ਔਂਤਰੇ ਸੂਮ ਦਾ ਧਨ ਆਪਣੇ ਬਾਲ ਬੱਚੇ ਨੂੰ ਕਾਹਨੂੰ ਖਵਾਵਾਂ, ਦਾਨ ਪੁੰਨ ਕਰ ਦੇਵਾਂ ਤਾਂ ਕਿ ਮੈਨੂੰ ਕੋਈ ਦੋਸ਼ ਨਾ ਲੱਗੇ, ਸੋ ਉਸ ਦਾ ਮੈਂ ਛੇਤ੍ਰ ਲਗਵਾ ਦਿਤਾ ਹੈ।"

ਸਾਧੂ ਨੇ ਆਪਣੀ ਬੁਕਲ ਚੋਂ ਕੌਲਾ ਕੱਢਕੇ ਸੇਠ ਅਗੇ ਰੱਖਿਆ ਤੇ ਸਾਰੀ ਵਾਰਤਾ ਸੁਣਾਕੇ ਆਖਿਆ, "ਸੇਠ ਜੀ! ਤੁਸੀਂ ਤਾਂ ਪੁੰਨ ਦੀ ਥਾਂ ਪਾਪ ਕਰ ਰਹੇ ਹੋ। ਦੇਖੋ ਤੁਹਾਡੇ ਅੰਨ ਨੇ ਮੇਰੇ ਮਨ ਦੀ ਕੇਹੋ ਜੇਹੀ ਹਾਲਤ ਕਰ ਦਿੱਤੀ। ਛੇਤ੍ਰ ਬੰਦ ਕਰਕੇ ਏਸ ਧਨ ਨੂੰ ਕਿਸੇ ਹੋਰ ਕੰਮ ਤੇ ਲਾ ਦੇਵੋ। ਭਜਨ ਕਰਨ ਵਾਲੇ ਸਾਧੂਆਂ ਦਾ ਮਨ ਮਲੀਨ ਨਾ ਕਰੋ, ਨਹੀਂ ਤਾਂ ਤੁਸੀਂ ਪਾਪਾਂ ਦੇ ਭਾਗੀ ਬਣੋਗੇ।"

ਭਰਥਰੀ ਜੀ ਨੇ ਵੈਰਾਗ ਸ਼ੱਤਕ ਵਿੱਚ ਕਥਨ ਕੀਤਾ ਹੈ ਕਿ ਜੋ ਲੋਕ ਸਾਧੂ ਨੂੰ ਚੰਗੇ ਪਦਾਰਥ ਛਕਾਉਂਦੇ ਹਨ। ਜੇਕਰ ਓਹਨਾਂ ਦਾਨੀ ਸਜਣਾਂ ਦਾ ਅੰਨ ਖਾ ਕੇ ਸਾਧੂ ਆਪਣੇ ਧਰਮ ਕਰਮ ਤੋਂ ਗਿਰਕੇ ਪ੍ਰਮਾਰਥ ਤੋਂ ਦੂਰ ਚਲਾ ਜਾਵੇ ਤਾਂ ਉਸ ਦੇ ਸਾਰੇ ਪਾਪਾਂ ਦਾ ਭਾਗੀ ਭੋਗ ਭਗੌਣ ਵਾਲਾ ਦਾਨੀ ਹੀ ਬਣੇਗਾ।

*ਦੋਹਿਰਾ: ਨ ਵਿਰਕਤ ਕੋ ਭੂਪ ਜਿਨ ਬਹੁਤ ਭੁਗਾਵੈ ਭੋਗ।*
*ਨਾਤਰੁ ਸਾਧੁ ਅਸਾਧੁ ਹੋਇ, ਪਾਪ ਭੂਪ ਕੋ ਹੋਗ।* *(ਵੈਰਾਗਸ਼ੱਤਕ)*

## ਵੰਡ ਕੇ ਛਕਣ ਦਾ ਉਪਦੇਸ਼

ਸੰਤ ਜੀ ਮਹਾਰਾਜ ਨੇ ਆਖਿਆ, "ਗੁਰਮੁਖੋ! ਭਜਨ ਸਿਮਰਨ ਕਰਦਿਆਂ ਦਸਾਂ ਨੌਹਾਂ ਦੀ ਹੱਕ ਦੀ ਕਿਰਤ ਕਰਿਆ ਕਰੋ ਅਤੇ ਉਸ ਵਿੱਚੋਂ ਗੁਰੂ ਨਮਿਤ ਦਸਵੰਧ ਕੱਢਕੇ ਵੰਡ ਕੇ ਛਕੋ ਫੇਰ ਦੇਖੋ ਮਨ ਤੇ ਕੀ ਅਸਰ ਹੁੰਦਾ ਹੈ?" ਇਉਂ ਬਾਬਾ ਜੀ ਦੀ ਘਾਲਣਾ ਦਾ ਸਦਕਾ ਸ਼ੁਧ ਅੰਨ ਦੀਆਂ ਹੀ ਬਰਕਤਾਂ ਸਨ ਕਿ ਪਟਿਆਲੇ ਦੇ ਫੌਜੀ ਜੋ ਪਹਿਲਾਂ-ਪਹਿਲਾਂ ਸੰਤ ਜੀ ਮਹਾਰਾਜ ਦੇ ਸ਼ਰਧਾਲੂ ਬਣੇ, ਉਹ ਜਿਸ ਵਕਤ ਹਜ਼ੂਰ ਦੇ ਦਰਸ਼ਨਾਂ ਨੂੰ ਆਉਂਦੇ ਤਾਂ ਜਾਣ ਸਮੇਂ ਆਪਣੇ ਨਾਲ ਲੰਗਰ ਦਾ ਪ੍ਰਸ਼ਾਦ ਲੈ ਜਾਂਦੇ ਪਰ ਚੌਲਾਂ ਦੀ ਬਾਲਟੀ ਜਾਂ ਭੰਡਾਰੇ ਦੀ ਮਿਠਾਈ ਜੋ ਵੀ ਪਦਾਰਥ ਹੁੰਦਾ ਉਹ ਬਾਬਾ ਜੀ ਦੇ ਪ੍ਰੇਮੀ ਆਪਸ ਵਿੱਚ ਹੀ ਵੰਡ ਕੇ ਛਕ ਲੈਂਦੇ ਸਨ।"

ਜਾਣੀ ਜਾਣ ਦਾਤੇ ਨੇ ਇੱਕ ਦਿਨ ਪੁੱਛਿਆ ਕਿ ਜੋ ਤੁਸੀਂ ਲੰਗਰ ਦਾ ਪ੍ਰਸ਼ਾਦ ਲਿਜਾਂਦੇ ਹੋ ਉਹ ਹੋਰ ਕਿਸੇ ਨੂੰ ਵੀ ਦਿੰਦੇ ਹੋ ਜਾਂ ਆਪ ਹੀ ਵੰਡਕੇ ਛਕ ਲੈਂਦੇ ਹੋ? ਇਨ੍ਹਾਂ ਨੇ ਉੱਤਰ ਦਿਤਾ ਗ਼ਰੀਬ ਨਿਵਾਜ਼! ਅਸੀਂ ਹਜ਼ੂਰ ਦੇ ਸਤਸੰਗੀ ਹੀ ਆਪਸ ਵਿੱਚ ਵੰਡਕੇ ਛਕਦੇ ਹਾਂ ਹੋਰ ਕਿਸੇ ਨੂੰ ਨਹੀਂ ਦਿੰਦੇ। ਸੰਤ ਜੀ ਮਹਾਰਾਜ ਕਹਿਣ ਲਗੇ, "ਇਹ ਗੁਰੂ ਕੇ ਲੰਗਰ ਦਾ ਪ੍ਰਸ਼ਾਦ ਹੈ ਕਿਣਕਾ-ਕਿਣਕਾ ਸਾਰਿਆਂ ਨੂੰ ਦਿੱਤਾ ਕਰੋ, ਜੋ ਵੀ ਛਕ ਲਵੇਗਾ ਅੱਗੇ ਵਾਸਤੇ ਓਹੋ ਹੀ ਤੁਹਾਡਾ ਸਾਥੀ ਤੇ ਹੋਤੀ ਮਰਦਾਨ ਦਾ ਸ਼ਰਧਾਲੂ ਬਣ ਜਾਵੇਗਾ।" ਉਸ ਦਿਨ ਤੋਂ ਬਾਅਦ ਉਹ ਸਾਰਿਆਂ ਵਿੱਚ ਵੰਡਕੇ ਛਕਣ ਲਗ ਪਏ ਫੇਰ ਤਾਂ ਸ਼ੁੱਧ ਅੰਨ ਦੀ ਬਰਕਤ ਤੇ ਕਮਾਈ ਵਾਲੇ ਮਹਾਂ-ਪੁਰਸ਼ਾਂ ਦਾ ਬਚਨ ਜਿਸਦੇ ਮੁਖ ਵਿੱਚ ਵੀ ਲੰਗਰ ਦਾ ਪ੍ਰਸ਼ਾਦ ਪਿਆ ਉਹ ਹੋਰ ਵੀ ਬਹੁਤ ਸਾਰੇ ਰੇਰੂ ਸਾਹਿਬ ਦੇ ਪ੍ਰੇਮੀ ਤੇ ਸੰਤਾਂ ਦੇ ਸਤਸੰਗੀ ਬਣ ਗਏ।

# ਬਾਬਾ ਆਇਆ ਸਿੰਘ ਜੀ ਦਾ ਮਿਲਾਪ

੧੯੬੬ ਬਿਕ੍ਰਮੀ ਦੀ ਅਰਧ-ਕੁੰਭੀ ਤੋਂ ਵਾਪਸ ਆਉਂਦਿਆਂ ਜਦੋਂ ਬਾਬਾ ਆਇਆ ਸਿੰਘ ਜੀ ਆਨੰਦਪੁਰ ਸਾਹਿਬ ਪੁੱਜੇ ਤਾਂ ਸੰਤ ਜੀ ਮਹਾਰਾਜ ਨੂੰ ਵੀ ਪਤਾ ਲਗ ਗਿਆ। ਇਨ੍ਹਾਂ ਨੇ ਆਪਣੇ ਵਲੋਂ ਬਿਨੈ-ਪਤ੍ਰਕਾ ਲਿਖਕੇ ਦੋ ਸਜਣ (ਕਟਾਹਰੀ ਪਿੰਡ ਦਾ ਭਾਈ ਤਾਰਾ ਸਿੰਘ ਤੇ ਅਨੰਦਪੁਰ ਕਲੌੜ ਦਾ ਰਾਮ ਸਿੰਘ) ਭੇਜੇ ਕਿ ਮਹਾਰਾਜ! ਆਪ ਰੇਰੂ ਸਾਹਿਬ ਦਰਸ਼ਨ ਬਖ਼ਸ਼ੋ।

ਬਾਬਾ ਆਇਆ ਸਿੰਘ ਜੀ ਅਨੰਦਪੁਰ ਸਾਹਿਬ ਦੀ ਯਾਤਰਾ ਕਰਕੇ ਸੰਤ ਸੰਪੂਰਨ ਸਿੰਘ ਜੀ ਸੋਢੀ ਰਾਮ ਨਰਾਇਣ ਸਿੰਘ ਤੋਂ ਵਿਦਾ ਹੋ ਕੇ (ਜਿਨ੍ਹਾਂ ਦੇ ਪਿਆਰ ਦੇ ਬੱਝੇ ਸਰਬੰਸਦਾਨੀ ਦੇ ਅੰਮ੍ਰਿਤ ਪ੍ਰਦਾਨ ਤਖ਼ਤ ਦੇ ਦਰਸ਼ਨ ਕਰਨ ਆਏ ਸਨ) ਨਾਲ ਦੇ ਸਾਧੂਆਂ ਸਮੇਤ ਰੋਪੜ ਤੋਂ ਕਿਸ਼ਤੀਆਂ ਵਿੱਚ ਬੈਠਕੇ ਨਹਿਰ ਸਰਹੰਦ ਰਾਹੀਂ ਰਸਤੇ ਦੇ ਗੁਰ-ਅਸਥਾਨਾਂ ਦੀ ਯਾਤਰਾ ਕਰਦੇ ਹੋਏ ਰਾਮਪੁਰ ਪੁੱਜੇ। ਅੱਗੇ ਬਾਬਾ ਅਤਰ ਸਿੰਘ ਜੀ ਸਤਿਕਾਰ ਵਾਸਤੇ ਸੰਗਤ ਸਮੇਤ ਨਹਿਰ ਦੇ ਪੁਲ ਤੇ ਖੜੇ ਉਡੀਕ ਰਹੇ ਸਨ। ਦੋਹਾਂ ਵਿਅਕਤੀਆਂ ਨੇ ਪਰਸਪਰ ਨਮਸ਼ਕਾਰ ਕੀਤੀ। ਬਾਬਾ ਜੀ ਨੇ ਸੰਤਾਂ ਦੇ ਗਲ ਵਿੱਚ ਫੁੱਲਾਂ ਦੇ ਸੇਹਰੇ ਪਾਕੇ ਬੈਂਡ ਤੇ ਦੇਸੀ ਵਾਜਿਆਂ ਨਾਲ ਜਲੂਸ ਦੇ ਰੂਪ ਵਿੱਚ ਅਸਵਾਰ ਕਰਵਾਕੇ ਗੁਰਦੁਆਰੇ ਸਾਹਿਬ ਲੈ ਆਂਦੇ। ਗੁਰੂ ਦਰਬਾਰ ਤੇ ਮੰਜੀ ਸਾਹਿਬ ਨੂੰ ਨਮਸ਼ਕਾਰ ਕਰਕੇ ਬੈਠ ਗਏ। ਬਾਹਰੋਂ ਆਈ ਸੰਗਤ ਨੇ ਸੰਤ ਬਾਬਾ ਆਇਆ ਸਿੰਘ ਜੀ ਨੂੰ ਮੱਥਾ ਟੇਕਿਆ। ਭਾਵਨਾ ਨਾਲ ਭੇਟਾ ਅਰਪੀ! ਆਪ ਜੀ ਨੇ ਸਭਨਾਂ ਦੀ ਸੁਖ-ਆਨੰਦ ਪੁਛੀ, ਪ੍ਰਸ਼ਾਦ ਦਿੱਤਾ। ਫੇਰ ਜਲ-ਪਾਣੀ ਤੇ ਲੰਗਰ ਦਾ ਪ੍ਰਸ਼ਾਦ ਛਕ ਕੇ ਰਿਹਾਇਸ਼ੀ ਕਮਰੇ ਵਿੱਚ ਆਰਾਮ ਕੀਤਾ। ਸ਼ਾਮ ਦੇ ਦੀਵਾਨ ਵਿੱਚ ਸੰਗਤ ਨੂੰ ਦਰਸ਼ਨ ਦੀਦਾਰ ਦੇ ਕੇ ਸਭਨਾਂ ਦੀ ਮਨੋ-ਕਾਮਨਾ ਪੂਰੀ ਕੀਤੀ।

ਦੂਸਰੇ ਦਿਨ ਸੰਤਾਂ ਦੇ ਆਉਣ ਦੀਆਂ ਸਾਰੇ ਇਲਾਕੇ ਵਿੱਚ ਧੁੰਮਾਂ ਪੈ ਗਈਆਂ। ਸਰਹੰਦ ਖੰਨੇ ਤੱਕ ਦੀ ਸੰਗਤ, ਸਾਨ੍ਹੇਵਾਲ ਤੇ ਲੁਧਿਆਣੇ ਦੇ ਪ੍ਰੇਮੀ, ਹੋਰ ਪਿੰਡਾਂ ਤੋਂ ਪੈਦਲ ਤੇ ਗੱਡਿਆਂ ਵਿੱਚ ਬੈਠਕੇ ਰੇਰੂ ਸਾਹਿਬ ਆਏ। ਹਜ਼ਾਰਾਂ ਦੀ ਗਿਣਤੀ ਦਾ ਇਕੱਠ ਹੋ ਗਿਆ। ਲੰਗਰ ਉਸੇ ਤਰ੍ਹਾਂ ਪਹਿਲਾਂ ਵਾਂਗੂੰ ਅਤੁੱਟ ਚਲਦਾ ਸੀ, ਸੰਗਤ ਸਮੇਤ ਭੈਣੀ ਸਾਹਿਬ ਵਾਲੇ ਮਹਾਂ-ਪੁਰਸ਼ ਸ੍ਰੀ ਹਜ਼ੂਰ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਵੀ ਆਏ। ਬਾਬਾ ਆਇਆ ਸਿੰਘ ਜੀ ਨੇ ਬੜਾ ਸਤਿਕਾਰ ਕੀਤਾ ਤੇ ਪਰਸਪਰ ਪਿਆਰ ਨਾਲ ਮਿਲੇ। ਬਚਨ ਬਿਲਾਸ ਕਰਕੇ ਫੇਰ ਵਾਪਸ ਚਲੇ ਗਏ।

ਦੀਵਾਨ ਦੀ ਸਮਾਪਤੀ ਤੋਂ ਬਾਅਦ ਆਪ ਸੰਤਾਂ ਨਾਲ ਬਾਹਰ ਬਗ਼ੀਚੀ ਵਿੱਚ ਗਏ। ਗੋਖੇ ਦੀ ਛਪੜੀ ਦੇ ਕੰਢੇ ਬੇਰੀ ਹੇਠ ਖੜੋਕੇ ਪੁੱਛਿਆ, "ਦੱਸੋ ਗੁਰ ਭਾਈ! ਕਿਸ ਚੀਜ਼ ਦੀ ਲੋੜ ਹੈ? ਅਸੀਂ ਤੁਹਾਡੀ ਰਹਿਣੀ ਬਹਿਣੀ ਦੇਖਕੇ ਬੜੇ ਪ੍ਰਸੰਨ ਹੋਏ ਹਾਂ। ਤੁਸੀਂ ਤਾਂ ਏਥੇ ਸਾਰੀ ਗੁਰੂ ਕੇ ਲੰਗਰ ਤੇ ਕਥਾ ਕੀਰਤਨ ਦੀ ਮਰਯਾਦਾ ਹੋਤੀ ਮਰਦਾਨ ਵਾਲੀ ਕਾਇਮ ਕਰ ਰੱਖੀ ਹੈ। ਅੱਜ ਤੋਂ ਹੋਤੀ ਵੀ ਏਥੇ ਹੀ ਆ ਗਈ। ਏਥੋਂ ਦਾ ਦਰਸ਼ਨ ਹੋਤੀ ਦਾ ਦਰਸ਼ਨ ਹੈ। ਤੁਹਾਡਾ ਦੀਦਾਰ ਵੱਡੇ ਸਾਹਿਬਾਂ ਦੇ ਮਿਲਾਪ ਸਮਾਨ ਲਾਭਦਾਇਕ ਤੇ ਪੁੰਨ ਰੂਪ ਹੈ। ਤੁਸੀਂ ਇਸ ਮਾਲਵੇ ਦੀ ਧਰਤੀ ਤੇ ਗੁਰਸਿੱਖੀ ਦਾ ਪ੍ਰਚਾਰ ਕਰਕੇ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਨਾਮ ਨੂੰ ਰੋਸ਼ਨ ਕੀਤਾ ਹੈ।"

ਉਸ ਸਮੇਂ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਸੇਵਕ ਬਾਬਾ ਸੁੱਚਾ ਸਿੰਘ ਜੀ ਵੀ ਪਾਸ ਖੜੇ ਸਨ, ਉਨ੍ਹਾਂ ਨੇ ਹੱਥ ਜੋੜ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਮੇਰੇ ਮਨ ਦਾ ਫੁਰਨਾ ਹੈ ਕਿ ਅੰਤ ਪ੍ਰਯੰਤ ਸਾਰੀ ਜ਼ਿੰਦਗੀ ਹੋਤੀ ਮਰਦਾਨ ਡੇਰੇ ਵਿਖੇ ਬਤੀਤ ਹੋਵੇ, ਆਪ ਕ੍ਰਿਪਾ ਕਰੋ।" ਸੰਤ ਬਾਬਾ ਆਇਆ ਸਿੰਘ ਜੀ ਬੋਲੇ, "ਜਦੋਂ ਹੋਤੀ ਹੀ ਏਥੇ ਆ ਜਾਣੀ ਹੈ ਫੇਰ ਓਥੇ ਜਾਣ ਦੀ ਲੋੜ ਨਹੀਂ। ਹੋਤੀ ਵਾਲੀ ਤਾਕਤ ਸ਼ਕਤੀ ਸਭ ਏਥੇ ਕੰਮ ਕਰੇਗੀ।"

ਬਾਬਾ ਸੁੱਚਾ ਸਿੰਘ ਜੀ ਤਾਂ ਚੁੱਪ ਕਰ ਗਏ ਫੇਰ ਸੰਤਾਂ ਨੇ ਨਿੰਮ੍ਰਤਾ ਨਾਲ ਅਰਜ਼ ਕੀਤੀ, "ਮਹਾਰਾਜ! ਇਹ ਸਭ ਆਪ ਦੀ ਹੀ ਬਖ਼ਸ਼ਿਸ਼ ਹੈ, ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ।" ਬਾਬਾ ਆਇਆ ਸਿੰਘ ਜੀ ਫੇਰ ਬੋਲੇ, "ਸਾਡਾ ਮਨ ਤਦ ਪ੍ਰਸੰਨ ਹੋਵੇਗਾ ਜੇਕਰ ਆਪ ਕੁਝ ਮੰਗੋ" ਤਾਂ ਸ੍ਰੀ ਹਜ਼ੂਰ ਬਾਬਾ ਜੀ ਨੇ ਅਰਜ਼ ਕੀਤੀ, "ਮਹਾਰਾਜ! ਆਪ ਵੱਡੇ ਸਾਹਿਬਾਂ ਦੇ ਅਸਥਾਨ ਤੇ ਬਿਰਾਜਮਾਨ ਹੋ ਅਸੀਂ ਤਾਂ ਤੁਹਾਡੇ ਘਰ ਦੇ ਝਾੜੂ ਬਰਦਾਰ ਹਾਂ। ਇਹ ਸੇਵਾ ਤੁਸਾਂ ਨੇ ਤਰੁੱਠ ਕੇ ਦਿੱਤੀ ਹੈ। ਜੇ ਮੇਹਰਾਂ ਦੇ ਘਰ ਵਿੱਚ ਆਏ ਹੋ ਤਾਂ ਕ੍ਰਿਪਾ ਕਰਕੇ ਇਹ ਵਰ ਦੇ ਜਾਵੋ ਕਿ ਮੇਰੀ ਅੰਤ ਪ੍ਰਯੰਤ ਤੱਕ ਇਸ ਬੇਰੀ ਤੇ ਟੋਏ ਨਾਲ ਨਿਭ ਜਾਵੇ, ਮਨ ਕਦੇ ਵੀ ਭਜਨ ਸਿਮਰਨ ਵਲੋਂ ਅਵੇਸਲਾ ਨਾ ਹੋਵੇ।" ਇਹ ਬਚਨ ਸੁਣਕੇ ਬਾਬਾ ਆਇਆ ਸਿੰਘ ਜੀ ਦੇ ਨੇਤਰਾਂ ਵਿੱਚ ਜਲ ਆ ਗਿਆ, ਕਿਸੇ ਅਗੰਮੀ ਅਨੰਦ ਵਿੱਚ ਲੀਨ ਹੋ ਕੇ ਬਾਬਾ ਅਤਰ ਸਿੰਘ ਜੀ

ਮਹਾਰਾਜ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਆਖਿਆ, "ਧੰਨ ਬਾਬਾ ਕਰਮ ਸਿੰਘ ਜੀ ਜਿਨ੍ਹਾਂ ਨੇ ਆਪਣੀ ਛੂਹ ਨਾਲ ਇਸ ਪ੍ਰਕਾਰ ਦੇ ਨਿਰਚਾਹ ਨਿਰਛਲ ਤੇ ਤਿਆਗੀ ਹੀਰੇ ਪ੍ਰਗਟ ਕੀਤੇ ਹਨ। ਪੂਰਨ ਸਾਧੂ ਦੀ ਨਿਸ਼ਾਨੀ ਵੀ ਏਹੋ ਹੀ ਹੈ ਕਿ ਉਹ ਕਿਸੇ ਪਦਾਰਥ ਦੀ ਇੱਛਾ ਨਹੀਂ ਕਰਦੇ, ਕੇਵਲ ਪ੍ਰੇਮ ਦੇ ਭੁੱਖੇ ਹੁੰਦੇ ਹਨ।"

*ਦੋਹਿਰਾ: ਸਾਧੂ ਭੂਖੇ ਭਾਉ ਦੇ ਭੋਜਨ ਭੂਖੇ ਨਾਹਿ।*
*ਜੋ ਭੂਖੇ ਹੈਂ ਚਾਹ ਦੇ, ਸੋ ਸਾਧੂ ਹੀ ਨਾਹਿ।*

ਬਚਨ ਕੀਤਾ, "ਗੁਰ ਭਾਈ! ਤੁਹਾਡੀ ਤਾਂ ਇਸ ਬੇਰੀ ਤੇ ਟੋਏ ਨਾਲ ਨਿਭ ਹੀ ਜਾਣੀ ਹੈ ਪਰ ਜੋ ਹੋਰ ਸ਼ਰਧਾਲੂ ਵੀ ਤੁਹਾਡੀ ਇਸ ਤਪ-ਭੂਮੀ ਦਾ ਦਰਸ਼ਨ ਕਰ ਲਵੇਗਾ। ਅੰਤ ਸਮੇਂ ਉਸਦੇ ਨੇੜੇ ਵੀ ਜਮਾਂ ਦੇ ਦੂਤ ਨਹੀਂ ਆਉਣਗੇ। ਸਮਾਂ ਪਾਕੇ ਇਹ ਤੀਰਥ ਬਣ ਜਾਵੇਗਾ। ਏਥੇ ਇਸ਼ਨਾਨ ਕੀਤਿਆਂ ਦੁਨੀਆਂ ਦੇ ਪਾਪ ਲਹਿਣਗੇ। ਤੁਸੀਂ ਕੋਈ ਮੰਗ ਨਹੀਂ ਕੀਤੀ ਏਥੋਂ ਦਾ ਦਰਸ਼ਨ ਕੀਤਿਆਂ ਹੀ ਸਭਨਾਂ ਦੀਆਂ ਮੰਗਾਂ ਪੂਰੀਆਂ ਹੋਣਗੀਆਂ।"

ਇਉਂ ਹੋਰ ਵੀ ਬਹੁਤ ਸਾਰੇ ਬਚਨ ਬਿਲਾਸ ਕਰਕੇ ਵਾਪਸ ਗੁਰਦੁਆਰੇ ਸਾਹਿਬ ਆ ਗਏ। ਬਾਹਰੋਂ ਆਈ ਸੰਗਤ ਦੀ ਸ਼ਰਧਾ ਤੇ ਪਿਆਰ ਤੱਕਕੇ ਬਾਬਾ ਜੀ ਆਪ ਇੱਥੇ ਤਿੰਨ ਦਿਨ ਠਹਿਰੇ। ਹੋਰ ਵੀ ਪ੍ਰੇਮੀਆਂ ਨੂੰ ਬਹੁਤ ਸਾਰੇ ਵਰ ਦਿੱਤੇ, ਅਖ਼ੀਰ ਨੂੰ ਪਿਛਲੀ ਖਿੱਚ ਨੇ ਚੌਥੇ ਦਿਨ ਵਾਪਸ ਜਾਣ ਲਈ ਤਿਆਰ ਕਰ ਲਏ।[੩] ਬਾਬਾ ਜੀ ਨੇ ਸੰਤਾਂ ਸਮੇਤ ਸਾਰੇ ਸਾਧੂਆਂ ਦੇ ਨਾਪ ਲੈਕੇ ਬਸਤਰ ਸਿਵਾਏ। ਰਾਗੀ ਜਥੇ ਨੂੰ ਮਾਇਆ ਵੀ ਦਿੱਤੀ। ਸੰਤ ਬਾਬਾ ਆਇਆ ਸਿੰਘ ਜੀ ਨੂੰ ਬਦਾਮ ਦੇ ਮਿਸਰੀ ਦਾ ਪ੍ਰਸ਼ਾਦ, ਨਕਦੀ ਧਨ ਅਤੇ ਰੇਸ਼ਮੀ ਦੁਸ਼ਾਲੇ ਦਾ ਸਿਰੋਪਾਓ ਦਿੱਤਾ।

ਸੰਤ ਜੀ ਨੇ ਕੇਵਲ ਗੁਰੂ ਘਰ ਦਾ ਸਿਰੋਪਾਓ ਤੇ ਪ੍ਰਸ਼ਾਦ ਹੀ ਅੰਗੀਕਾਰ ਕੀਤਾ ਅਰ ਮਾਇਆ ਵਾਪਸ ਕਰ ਦਿੱਤੀ। ਫੇਰ ਉਸੇ ਤਰ੍ਹਾਂ ਰਥਾਂ ਵਿੱਚ ਅਸਵਾਰ ਹੋ ਕੇ ਸਾਹਨੇਵਾਲ ਸਟੇਸ਼ਨ ਤੇ ਪੁੱਜੇ। ਗੱਡੀ ਆਈ, ਟਿਕਟ ਲੈਕੇ ਅਸਵਾਰ ਹੋ ਗਏ। ਬਾਬਾ ਜੀ ਨੇ ਭਾਵਨਾ ਨਾਲ ਪਰਸਪਰ ਨਮਸ਼ਕਾਰ ਕੀਤੀ, ਸੇਵਾ ਵਿੱਚ ਹੋਈਆਂ ਭੁੱਲਾਂ ਦੀ ਖਿਮਾਂ ਮੰਗੀ। ਆਪਦਾ ਸੱਚਾ ਸੁੱਚਾ ਤਤੱਕਸ਼ੀ ਤੇ ਸਾਦਾ ਜੀਵਨ ਤੱਕ ਕੇ ਬਾਬਾ ਆਇਆ ਸਿੰਘ ਜੀ ਦੇ ਮਨ ਵਿੱਚ ਬੜਾ ਗਹਿਰਾ ਅਸਰ ਹੋਇਆ। ਵੈਰਾਗ ਵਿੱਚ ਆਕੇ ਆਖਿਆ:

ਧੰਨੁ ਧੰਨੁ ਧੰਨੁ ਜਨੁ ਆਇਆ ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥

(ਪੰਨਾ ੨੯੫)

---

[੩]ਇਹ ਸਾਰਾ ਪ੍ਰਸੰਗ ਇਸੇ ਕਲਮ ਦੀ ਲਿਖਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਜੀਵਨ 'ਪੱਛਮੀ ਪ੍ਰਕਾਸ਼' ਅਰਥਾਤ ਹੋਤੀ ਮਰਦਾਨ ਦਾ ਨੂਰ ਪੁਸਤਕ ਵਿਚ ਪਿਛੇ ਵਿਸਥਾਰ ਸਹਿਤ ਛਪ ਚੁੱਕਾ ਹੈ।

# ਛੇਵਾਂ ਕਾਂਡ

## ਉਗਾਹੀ ਨਹੀਂ ਦੇਣੀ

ਸੰਤ ਜੀ ਮਹਾਰਾਜ ਬਾਬਾ ਅਤਰ ਸਿੰਘ ਜੀ ਦਾ ਪਰਮ ਪ੍ਰੀਤਵਾਨ ਰਾਮਪੁਰ ਨਗਰ ਦਾ ਗੇਂਦਾ ਸਿੰਘ ਸੂਦ ਜਿਸਨੇ ਸਭ ਤੋਂ ਪਹਿਲਾਂ ਇਸ ਨੂਰਾਨੀ ਜੋਤ ਨੂੰ ਪਹਿਚਾਣਿਆਂ ਅਤੇ ਫੌਜ ਦੀ ਨੌਕਰੀ ਕਰਦਿਆਂ ਨੂੰ ਬੇਨਤੀ ਕਰਕੇ ਏਸ ਪਾਵਨ ਧਰਤੀ ਦੀ ਸਾਰੀ ਜ਼ਿੰਦਗੀ ਸਹਿਯੋਗ ਦੇਣ ਦਾ ਬਚਨ ਕਰਕੇ ਸੇਵਾ ਸੌਂਪੀ।

ਜਿਤਨਾ ਚਿਰ ਬਾਬਾ ਜੀ ਫੌਜ ਵਿੱਚੋਂ ਹੌਲਦਾਰੀ ਪੈਨਸ਼ਨ ਨਹੀਂ ਆਏ, ਇਹ ਉਤਨਾ ਸਮਾਂ ਹਜ਼ੂਰ ਦੇ ਬਚਨਾਂ ਦੀ ਪਾਲਣਾ ਕਰਦਾ ਹੋਇਆ ਗੁਰੂ ਕਾ ਖ਼ਜ਼ਾਨਚੀ ਬਣਕੇ ਵੀ ਗੁਰਦੁਆਰੇ ਸਾਹਿਬ ਦੀ ਨਿਰਮਾਨਤਾ ਨਾਲ ਸੇਵਾ ਕਰਾਉਂਦਾ ਰਿਹਾ। ੧੯੦੭ ਈਸਵੀ ਵਿੱਚ ਬਾਬਾ ਜੀ ਦੀ ਪੈਨਸ਼ਨ ਹੋ ਗਈ ਫੇਰ ਤਾਂ ਇਹ ਹਰ ਰੋਜ਼ ਦੋ ਸਮੇਂ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਪੁੱਜਦਾ। ਸਤਿਪੁਰਸ਼ਾਂ ਦੀ ਸੰਗਤ ਦਾ ਸਦਕਾ ਨਗਰ ਤੇ ਇਲਾਕੇ ਵਿੱਚ ਵੀ ਚੰਗਾ ਈਮਾਨਦਾਰ ਤੇ ਗੁਰਮੁਖ ਮੰਨਿਆ ਗਿਆ। ਪਿੰਡ ਦੇ ਕਈ ਸਜਣ ਤੇ ਹੋਰ ਬਾਹਰਲੇ ਪ੍ਰੇਮੀ ਏਸ ਪਾਸ ਆਪਣੀਆਂ ਅਮਾਨਤਾਂ ਰੱਖ ਜਾਂਦੇ ਜਿਨ੍ਹਾਂ ਵਿੱਚ ਜ਼ੇਵਰ ਤੇ ਨਕਦੀ ਧਨ ਵੀ ਹੁੰਦਾ। ਇਹ ਸਭਨਾਂ ਦੇ ਨਾਮ ਆਪਣੀ ਵਹੀ ਤੇ ਲਿਖ ਲੈਂਦਾ। ਜਦੋਂ ਕੋਈ ਆ ਕੇ ਮੰਗਦਾ ਉਸ ਸਮੇਂ ਵਾਪਸ ਕਰ ਦਿੰਦਾ।

ਇਕ ਸਮੇਂ ਇਹ ਬਾਬਾ ਜੀ ਦੇ ਪਾਸ ਗੁਰਦੁਆਰੇ ਸਾਹਿਬ ਦਰਸ਼ਨਾਂ ਨੂੰ ਆਇਆ ਸੀ ਉਸੇ ਵਕਤ ਪਿੰਡ ਦੇ ਪ੍ਰੇਮੀ ਵਸਾਖੇ ਨੇ ਕਿਤੇ ਬਾਹਰ ਕੰਮ ਜਾਣਾ ਸੀ, ਜਿਸ ਦੇ ਕੋਲ ਪੰਜ ਸੌ ਰੁਪਿਆ ਘਰ ਪਿਆ ਸੀ। ਉਸ ਨੇ ਸੋਚਿਆ ਕਿ ਰਕਮ ਨਾਲ ਕਾਹਨੂੰ ਚੁੱਕਣੀ ਹੈ, ਘਰ ਵੀ ਫ਼ਿਕਰ ਹੀ ਰਹੇਗਾ, ਗੇਂਦਾ ਸਿੰਘ ਦੇ ਕੋਲ ਰੱਖ ਜਾਂਦਾ ਹਾਂ ਜਦੋਂ ਲੋੜ ਪਵੇਗੀ ਆਕੇ ਲੈ ਲਵਾਂਗਾ। ਇਉਂ ਵਿਚਾਰਕੇ ਪਹਿਲਾਂ ਉਸ ਦੀ ਹੱਟੀ ਤੇ ਗਿਆ, ਉਥੋਂ ਪਤਾ ਲੱਗਾ ਕਿ ਉਹ ਤਾਂ ਬਾਬਾ ਜੀ ਦੇ ਦਰਸ਼ਨਾਂ ਨੂੰ ਗੁਰਦੁਆਰੇ ਸਾਹਿਬ ਗਿਆ ਹੈ। ਇਹ ਵੀ ਸੰਤਾਂ ਦੇ ਪਾਸ ਗੁਰਦੁਆਰੇ ਸਾਹਿਬ ਆ ਗਿਆ ਅਤੇ ਸੰਤ ਜੀ ਮਹਾਰਾਜ ਦੇ ਸਾਹਮਣੇ ਪੰਜ ਸੌ ਰੁਪਿਆ ਇਮਾਨਤ ਦਾ ਸੌਂਪ ਕੇ ਆਪ ਜਿੱਥੇ ਜਾਣਾ ਸੀ ਉਥੇ ਚਲਾ ਗਿਆ। ਗੇਂਦਾ ਸਿੰਘ ਨੇ ਘਰ ਆ ਕੇ ਉਹ ਮਾਇਆ ਆਪਣੀ ਵਹੀ ਤੇ ਦਰਜ ਕਰ ਲਈ। ਇਸ ਨੂੰ ਬਾਹਰ ਗਿਆਂ ਵਧੇਰੇ ਦਿਨ ਲੱਗ ਗਏ। ਪਿੱਛੋਂ ਗੇਂਦਾ ਸਿੰਘ ਦਾ ਅੰਤ ਸਮਾਂ ਨੇੜੇ ਆ ਗਿਆ। ਦੋ ਕੁ ਦਿਨ ਮਾਮੂਲੀ ਜੇਹਾ ਬਿਮਾਰ ਹੋਇਆ। ਬਾਬਾ ਜੀ ਪਾਸ ਬੇਨਤੀ ਕਰ ਭੇਜੀ। ਹਜ਼ੂਰ ਨੇ ਇਸਦੀ ਤੀਬਰ ਇੱਛਾ ਤੇ ਪਰਮ ਪ੍ਰੀਤਵਾਨ ਜਾਣ ਕੇ ਅੰਤਮ ਸਮੇਂ ਇਸ ਦੇ ਪਾਸ ਆਕੇ ਦਰਸ਼ਨ ਦਿੱਤੇ। ਬੜੀਆਂ ਖ਼ੁਸ਼ੀਆਂ ਬਖ਼ਸ਼ ਕੇ ਗੁਰੂ ਘਰ ਦੀ ਕੀਤੀ ਸੇਵਾ ਨੂੰ ਫ਼ਲ ਲਾਇਆ। ਉਸੇ ਦਿਨ ਬਾਬਾ ਬਿਸ਼ਨ ਸਿੰਘ ਨੂੰ ਭੇਜ ਕੇ ਕੁਝ ਪ੍ਰੇਮੀ ਤਾਂ ਪਾਸ ਸਦ ਕੇ ਆਪਣੇ ਹੱਥੀਂ ਉਨ੍ਹਾਂ ਦੀਆਂ ਅਮਾਨਤਾਂ ਮੋੜ ਦਿੱਤੀਆਂ। ਬਾਕੀ ਦੀ ਰਕਮ ਦੱਸਣ ਵਾਸਤੇ ਉਸ ਨੂੰ (ਜੋ ਇਸ ਦੇ ਪੁੱਤਰ ਨਾ ਹੋਣ ਕਰਕੇ ਪਿੱਛੇ ਸਾਰੀ ਜਾਇਦਾਦ ਦਾ ਹੱਕੀ ਬਣਿਆ) ਪਾਸ ਸੱਦਿਆ, ਵਹੀ ਮੰਗਵਾ ਕੇ ਉਸੇ ਤੋਂ ਨਾਵੇਂ ਪੜ੍ਹਾ ਕੇ ਆਖਿਆ, "ਦੇਖੋ! ਮੈਂ ਫਲਾਣੇ-ਫਲਾਣੇ ਦੀਆਂ ਅਮਾਨਤਾਂ ਦੇਣੀਆਂ ਹਨ, ਉਹ ਫਲਾਣੀ-ਫਲਾਣੀ ਜਗ੍ਹਾ ਪਈਆਂ ਹਨ। ਜਦੋਂ ਆਕੇ ਮੰਗਣ ਸਾਰੀਆਂ ਭੁਗਤਾ ਦੇਵੀਂ। ਇਉਂ ਆਖ ਕੇ ੧੯੧੮ ਈਸਵੀ ਵਿੱਚ ਪ੍ਰਲੋਕ ਗਮਨ ਕਰ ਗਿਆ।"

ਭਾਵੇਂ ਇਹ ਆਪਣੇ ਵਲੋਂ ਸਾਰਾ ਇੰਤਜ਼ਾਮ ਕਰਕੇ ਗਿਆ ਸੀ ਪਰ ਮਾਇਆ ਦਾ ਕੁਦਰਤੀ ਸੁਭਾਉ ਹੈ ਇਹ ਵੱਡੇ ਵੱਡਿਆਂ ਦੀ ਹੋਸ਼ ਗੁੰਮ ਕਰ ਦਿੰਦੀ ਹੈ। ਬੇਸ਼ੱਕ ਇਸਦੀ ਹੋਰ ਸਾਰੀ ਜਾਇਦਾਦ ਦਾ ਵਾਰਸ ਏਹੋ ਹੀ ਬਣਿਆ ਸੀ ਫੇਰ ਵੀ ਮਨੁੱਖ ਨੂੰ ਤ੍ਰਿਪਤੀ ਨਹੀਂ ਆਉਂਦੀ। ਕਾਫ਼ੀ ਰਕਮ ਜਾਣ ਕੇ ਇਸ ਨੇ ਉਹ ਵਹੀ ਗੁੰਮ ਕਰ ਲਈ, ਜੋ ਮੰਗਣ ਆਵੇ ਆਖੇ, "ਮੈਨੂੰ ਕੋਈ ਪਤਾ ਨਹੀਂ।" ਥੋੜ੍ਹੀ ਮਾਇਆ ਵਾਲੇ ਤਾਂ ਲੜ ਘੁਲ ਕੇ ਚੁੱਪ ਕਰ ਜਾਵਣ ਪਰ ਵੱਡੀ ਰਕਮ ਵਾਲੇ ਕਿਵੇਂ ਸਬਰ ਕਰਣ?

ਪੰਜ ਸੌ ਰੁਪਿਆ ਨੰਬਰਦਾਰ ਦਾ ਸੀ। ਉਸ ਨੇ ਦਾਵਾ ਕਰਕੇ ਗਵਾਹ ਭੁਗਤਾ ਕੇ ਡਿਗਰੀ ਕਰਵਾ ਕੇ ਵਸੂਲ ਕਰ ਲਿਆ। ਫੇਰ ਤਾਂ ਦੂਜਿਆਂ ਨੂੰ ਵੀ ਉਤਸ਼ਾਹ ਹੋ ਗਿਆ ਕਿ ਦਾਵਾ ਕਰਕੇ ਸਾਡੀਆਂ ਵੀ ਮਰੀਆਂ ਰਕਮਾਂ ਤਰ ਸਕਦੀਆਂ ਸਨ। ਵਿਸਾਖੇ ਨੇ ਵੀ ਪੰਜ ਸੌ ਰੁਪੈ ਦਾ ਦਾਵਾ ਕਰ ਦਿੱਤਾ। ਸਰਕਾਰ ਵਿੱਚ ਗਵਾਹ ਮੰਗੇ ਤਾਂ ਇਸ ਨੇ ਸੰਤ ਮਹਾਰਾਜ ਦਾ

ਨਾਮ ਲਿਖਵਾ ਦਿੱਤਾ ਕਿ ਮੈਂ ਉਨ੍ਹਾਂ ਦੇ ਸਾਹਮਣੇ ਦਿੱਤੇ ਹਨ, ਤੁਸੀਂ ਹੀ ਬੁਲਾ ਕੇ ਪੁੱਛ ਲਵੋ। ਨਾਲ ਹੀ ਸਰਕਾਰ ਵਿੱਚ ਸੰਤਾਂ ਦਾ ਖ਼ਰਚਾ ਵੀ ਭਰ ਦਿੱਤਾ। ਗਵਾਹੀ ਵਾਸਤੇ ਸੰਤ ਜੀ ਮਹਾਰਾਜ ਦੇ ਪਾਸ ਸਰਕਾਰੀ ਚਪੜਾਸੀ ਸੰਮਨ ਲੈ ਕੇ ਆਇਆ। ਸੰਤ ਜੀ ਮਹਾਰਾਜ ਦਾ ਇੱਕ ਇਹ ਵੀ ਪ੍ਰਣ ਸੀ ਕਿ ਅਸੀਂ ਕਦੇ ਵੀ ਕਿਸੇ ਕੰਮ ਵਾਸਤੇ ਕਚਹਿਰੀ ਨਹੀਂ ਜਾਣਾ। ਜਦੋਂ ਗੁਰਦੁਆਰੇ ਆ ਕੇ ਸੇਵਾਦਾਰਾਂ ਤੋਂ ਪੁੱਛਿਆ ਸੰਤ ਜੀ ਮਹਾਰਾਜ ਕਿੱਥੇ ਹਨ? ਸਾਰੀ ਵਾਰਤਾ ਦਾ ਪਤਾ ਲੱਗਣ ਤੇ ਪ੍ਰੇਮੀਆਂ ਨੇ ਮਹਾਂ-ਪੁਰਸ਼ਾਂ ਦਾ ਪ੍ਰਣ ਚੇਤੇ ਕਰਕੇ ਇਸ ਨੂੰ ਸਾਰੀ ਗੱਲ ਸਮਝਾ ਦਿੱਤੀ ਕਿ ਸੰਤਾਂ ਨੇ ਕਚਹਿਰੀ ਨਾ ਜਾਣ ਦਾ ਪ੍ਰਣ ਕੀਤਾ ਹੋਇਆ ਹੈ, ਕਿਸੇ ਕੀਮਤ ਤੇ ਕਚਹਿਰੀ ਨਹੀਂ ਜਾਣਗੇ। ਫੇਰ ਗੁਰੂ ਕੇ ਲੰਗਰੋਂ ਪ੍ਰਸ਼ਾਦ ਪਾਣੀ ਛਕਾ ਕੇ ਉਸ ਨੂੰ ਬੜੇ ਪਿਆਰ ਵਾਲੇ ਮਨ ਨਾਲ ਵਾਪਸ ਕਰ ਦਿੱਤਾ। ਉਸ ਨੇ ਜ਼ਾਬਤਾ ਪੂਰਾ ਕਰਣ ਵਾਸਤੇ ਸੰਤਾਂ ਨੂੰ ਗ਼ੈਰ-ਹਾਜ਼ਰ ਲਿਖ ਦਿੱਤਾ। ਅਗਲੀ ਤਾਰੀਕ ਤੇ ਫੇਰ ਸੰਮਨ ਆਏ, ਇਸੇ ਤਰ੍ਹਾਂ ਫੇਰ ਮੋੜੇ ਗਏ ਇਉਂ ਮੁਕਦਮਾ ਦੋ ਸਾਲ ਚਲਦਾ ਰਿਹਾ। ਮੁਦਈ ਏਸ ਦਾਉ ਤੇ ਸੀ ਕਿ ਜਦੋਂ ਸੰਤ ਜੀ ਮਹਾਰਾਜ ਗੁਰਦੁਆਰੇ ਹੋਣ ਉਸ ਸਮੇਂ ਚਪੜਾਸੀ ਨੂੰ ਨਾਲ ਲੈਕੇ ਆਵਾਂ, ਚਪੜਾਸੀ ਸੰਤਾਂ ਦਾ ਪ੍ਰਣ ਸੁਣ ਕੇ ਸ਼ਰਧਾਲੂ ਬਣ ਗਿਆ ਸੀ। ਸੋ ਇੱਕ ਦਿਨ ਸ਼ਾਮ ਨੂੰ ਅਜੇ ਬਾਬਾ ਜੀ ਬਾਹਰੋਂ ਆਏ ਹੀ ਸਨ ਇਤਨੇ ਨੂੰ ਸੰਮਨ ਵਾਲੇ ਕਾਗ਼ਜ਼ ਲੈਕੇ ਸਰਕਾਰੀ ਆਦਮੀ ਪੁੱਜ ਗਿਆ। ਬਾਹਰੋਂ ਆਏ ਕਿਸੇ ਮੁਸਾਫ਼ਰ ਤੋਂ ਪੁੱਛਿਆ ਸੰਤ ਜੀ ਕਿੱਥੇ ਹਨ? ਉਸਨੇ ਦਸਿਆ ਔਹ ਸਾਹਮਣੇ ਬੈਠੇ ਹਨ। ਚਪੜਾਸੀ ਨੇ ਪਾਸ ਜਾ ਕੇ ਸਾਰੀ ਵਾਰਤਾ ਦੱਸੀ, "ਮਹਾਰਾਜ! ਮੈਂ ਕਈ ਵਾਰੀ ਆ ਚੁੱਕਾ ਹਾਂ ਪਰ ਤੁਹਾਡੇ ਆਦਮੀ ਮੋੜ ਦਿੰਦੇ ਰਹੇ ਹਨ। ਹੁਣ ਆਪ ਨੂੰ ਗਵਾਹੀ ਦੇਣ ਵਾਸਤੇ ਕਚਹਿਰੀ ਜ਼ਰੂਰ ਹੀ ਜਾਣਾ ਪਵੇਗਾ।"

ਸੰਤ ਜੀ ਕਹਿਣ ਲੱਗੇ, "ਅਸੀਂ ਤਾਂ ਕਦੇ ਚੌਕੀਦਾਰ ਦੇ ਸਾਹਮਣੇ ਵੀ ਨਹੀਂ ਗਏ। ਕੋਈ ਤਰੀਕਾ ਦਸ ਜਿਸ ਕਰਕੇ ਕਚਹਿਰੀ ਨਾ ਜਾਣਾ ਪਏ।" ਉਸ ਨੇ ਕਿਹਾ, "ਮੁੜ ਤਾਂ ਮੈਂ ਅੱਜ ਵੀ ਜਾਂਦਾ ਹਾਂ ਪਰ ਛੁਟਕਾਰਾ ਫੇਰ ਵੀ ਨਹੀਂ ਹੋ ਸਕਣਾ ਕਿਉਂਕਿ ਮੁਦਈ ਬੜਾ ਸਖ਼ਤ ਹੈ। ਇਸਨੇ ਪਿੱਛਾ ਨਹੀਂ ਛੱਡਣਾ, ਹਾਂ ਇੱਕੋ ਇੱਕ ਬਚਾਓ ਦਾ ਤਰੀਕਾ ਹੈ ਕਿ ਅਸਥਾਨ ਛੱਡ ਜਾਵੋ ਫੇਰ ਕੋਰਟ ਇਸ ਗਵਾਹੀ ਨੂੰ ਕਟ ਦੇਵੇਗਾ ਨਹੀਂ ਤਾਂ ਮੇਰੇ ਵਾਸਤੇ ਹੀ ਮੁਸੀਬਤ ਬਣੀ ਰਹੇਗੀ।" ਸੰਤ ਜੀ ਮੁਸਕਰਾ ਕੇ ਬੋਲੇ, "ਜੇਕਰ ਏਹੋ ਹੀ ਗੱਲ ਹੈ ਤਾਂ ਪਹਿਲਾਂ ਹੀ ਦਸ ਦਿੰਦਾ ਸਾਡਾ ਕਿਸੇ ਥਾਂ ਨਾਲ ਪਿਆਰ ਨਹੀਂ ਕੇਵਲ ਸਰੀਰ ਦੀ ਪ੍ਰਾਰਬਧ ਜਾਣ ਕੇ ਸਮਾਂ ਬਤੀਤ ਕਰ ਰਹੇ ਹਾਂ ਸੱਚੀ ਦਰਗਾਹ ਦੇ ਬਸੀਠ ਦੁਨਿਆਵੀ ਕਚਹਿਰੀਆਂ ਵਿੱਚ ਜਾਣਾ ਪਸੰਦ ਨਹੀਂ ਕਰਦੇ।" ਇਉਂ ਉਸਨੂੰ ਲੰਗਰੋਂ ਪ੍ਰਸ਼ਾਦ ਛਕਾ ਕੇ ਵਾਪਸ ਕੀਤਾ ਅਤੇ ਆਪ ਉਸੇ ਹੀ ਰਾਤ ਇੱਕ ਵਜੇ ਇਸ਼ਨਾਨ ਕਰਕੇ ਨਾਲ ਦੇ ਸਾਥੀਆਂ ਤੋਂ ਦੁਰੇਡੇ ਬੈਠ ਗਏ ਅਤੇ ਭਜਨ ਸਿਮਰਨ ਦਾ ਆਨੰਦ ਮਾਨਣ ਲੱਗੇ। ਕੁਝ ਕੁ ਸਮੇਂ ਤੋਂ ਬਾਅਦ ਚੁੱਪ ਚੁਪੀਤੇ ਹੀ ਆਪਣਾ ਕਛਹਿਰਾ ਪਰਨਾ ਤੇ ਗੜਵਾ ਆਸਣ ਲੈਕੇ ਨਹਿਰ ਦੇ ਕੰਢੇ ਜਾ ਚੜ੍ਹੇ। ਸਿਰਫ ਜਾਂਦਿਆਂ ਹੋਇਆ ਆਪਣੇ ਸ਼ਰਧਾਲੂ ਪ੍ਰੇਮੀ ਬਾਬਾ ਬਿਸ਼ਨ ਸਿੰਘ ਨੂੰ ਆਵਾਜ਼ ਦਿੱਤੀ ਪਰ ਅੱਗੋਂ ਉਸਨੇ ਕੋਈ ਉੱਤਰ ਨਾ ਦਿੱਤਾ।

ਉਸਨੇ ਸੋਚਿਆ ਐਸ ਵੇਲੇ ਤਾਂ ਸੰਤ ਜੀ ਭਜਨ ਵਿੱਚ ਬੈਠੇ ਕਿਸੇ ਸਾਥੀ ਸਿੰਘ ਨਾਲ ਵੀ ਬਚਨ ਨਹੀਂ ਕਰਦੇ ਏਥੇ ਕਿਵੇਂ ਆ ਸਕਦੇ ਹਨ। ਐਵੇਂ ਮੇਰੇ ਕੰਨਾਂ ਨੂੰ ਭੁਲੇਖਾ ਪੈ ਰਿਹਾ ਹੈ। ਏਧਰੋਂ ਸ਼ਾਮ ਤੱਕ ਬਾਬਾ ਜੀ ਆਨੰਦਪੁਰ ਸਾਹਿਬ ਪੁੱਜ ਗਏ। ਸ਼ਹੀਦੀ ਬਾਗ਼ ਡੇਰਾ ਕੀਤਾ ਜਥੇਦਾਰ ਸਾਧੂ ਸਿੰਘ ਤੇ ਨਿਹੰਗ ਮੰਗਲ ਸਿੰਘ ਨੂੰ ਮਿਲੇ। ਆਪ ਜੀ ਦਾ ਬੜਾ ਆਦਰ ਸਤਿਕਾਰ ਕੀਤਾ। ਵੱਖਰੀ ਰਹਾਇਸ਼ ਕਰਵਾ ਕੇ ਜਲ ਪਾਣੀ ਦੀ ਸੇਵਾ ਕੀਤੀ। ਪ੍ਰਸ਼ਾਦ ਛਕ ਕੇ ਕੁਝ ਕੁ ਸਮਾਂ ਆਰਾਮ ਕੀਤਾ ਉਪ੍ਰੰਤ ਦੋ ਵਜੇ ਇਸ਼ਨਾਨ ਕਰਕੇ ਫੇਰ ਅੱਗੇ ਨੂੰ ਚਲ ਪਏ। ਆਨੰਦਪੁਰ ਸਾਹਿਬ ਤੋਂ ਸੱਤ ਮੀਲ ਉਪਰ ਨੂੰ ਗੁਰੂ ਕੇ ਲਾਹੌਰ ਵੱਲ ਇਕਾਂਤ ਅਸਥਾਨ ਵਿਖੇ ਜਾ ਟਿਕੇ।

ਸੰਤਾਂ ਦੀ ਆਵਾਜ਼ ਪਛਾਣ ਕੇ ਬਿਸ਼ਨ ਸਿੰਘ ਦੇ ਮਨ ਵਿੱਚ ਸੰਸਾ ਬਣਿਆ ਰਿਹਾ ਕਿ ਰਾਤ ਅਜੇ ਅੱਧੀ ਤੋਂ ਕੁਝ ਕੁ ਹੀ ਢਲੀ ਹੈ ਸੰਤ ਜੀ ਮਹਾਰਾਜ ਐਸ ਵੇਲੇ ਏਥੇ ਕਿਵੇਂ ਆ ਸਕਦੇ ਹਨ। ਜੇ ਕੋਈ ਜ਼ਰੂਰੀ ਕੰਮ ਵੀ ਹੁੰਦਾ ਤਾਂ ਵੀ ਕਿਸੇ ਸੇਵਕ ਨੂੰ ਭੇਜਦੇ। ਕਾਫ਼ੀ ਸੋਚਦਾ ਰਿਹਾ, ਫੇਰ ਉੱਠਕੇ ਦਰਵਾਜ਼ਾ ਖੋਲ੍ਹਿਆ ਪਰ ਓਥੇ ਕੁਝ ਨਾ ਦਿਸਿਆ ਕਿਉਂਕਿ ਇਸ ਦਾ ਉੱਤਰ ਉਡੀਕ ਕੇ ਸੰਤ ਜੀ ਮਹਾਰਾਜ ਤਾਂ ਅੱਗੇ ਨਹਿਰ ਤੇ ਜਾ ਚੜ੍ਹੇ ਸਨ। ਫੇਰ ਵੀ ਇਸਨੇ ਕੋਈ ਖ਼ਾਸ ਖ਼ਿਆਲ ਨਾ ਕੀਤਾ ਦਰਵਾਜ਼ਾ ਬੰਦ ਕਰਕੇ ਲੰਮਾ ਆ ਪਿਆ। ਦਿਨ ਚੜ੍ਹੇ ਸਾਰੀ ਗੱਲ ਬਖਤੌਰ ਸਿੰਘ ਜ਼ੈਲਦਾਰ ਨੂੰ ਦੱਸੀ, ਉਸਨੇ ਕਿਹਾ ਚਲੋ ਗੁਰਦੁਆਰੇ ਪਤਾ ਕਰੀਏ ਕੋਈ ਜ਼ਰੂਰੀ ਕੰਮ ਨਾ ਹੋਵੇ ਜੋ ਆਪ ਬੁਲਾਉਣ ਆਏ ਸਨ। ਜਦੋਂ ਆਕੇ

ਪਤਾ ਕੀਤਾ ਤਾਂ ਸੇਵਾਦਾਰ ਕਹਿਣ ਲੱਗੇ ਅਜੇ ਤਾਂ ਸੰਤ ਜੀ ਮਹਾਰਾਜ ਬਾਹਰੋਂ ਹੀ ਨਹੀਂ ਆਏ। ਇਤਨੇ ਨੂੰ ਨਾਲ ਦੇ ਸਾਥੀ ਗੁਰਦੁਆਰੇ ਸਾਹਿਬ ਆ ਗਏ। ਉਨ੍ਹਾਂ ਤੋਂ ਪੁੱਛਿਆ ਕਿ ਬਾਬਾ ਜੀ ਕਿੱਥੇ ਹਨ? ਉਹ ਕਹਿੰਦੇ ਸਾਨੂੰ ਤਾਂ ਕੋਈ ਪਤਾ ਨਹੀਂ। ਅਸੀਂ ਤਾਂ ਇਹ ਸੋਚਿਆ ਕਿ ਅੱਜ ਸਾਨੂੰ ਦੱਸੇ ਬਿਨਾਂ ਸਵਖਤੇ ਹੀ ਗੁਰਦੁਆਰੇ ਸਾਹਿਬ ਚਲੇ ਗਏ। ਅਸੀਂ ਤਾਂ ਆਪ ਏਥੇ ਪਤਾ ਕਰਨ ਆਏ ਹਾਂ।

ਇਹ ਗੱਲ ਸੁਣਕੇ ਸਾਰੇ ਹੈਰਾਨ ਹੋ ਗਏ। ਬਾਹਰਲੀ ਬਗ਼ੀਚੀ ਤੇ ਕਨੇਚ ਵਾਲੀ ਖੂਹੀ ਤੇ ਪਤਾ ਕੀਤਾ ਪਰ ਹਜ਼ੂਰ ਦਾ ਦਰਸ਼ਨ ਨਾ ਹੋਇਆ। ਇਤਨੇ ਨੂੰ ਪਿੰਡੋਂ ਹੋਰ ਵੀ ਪ੍ਰੇਮੀ ਆ ਗਏ, ਗੁਰਦੁਆਰੇ ਸਾਹਿਬ ਕਾਫ਼ੀ ਇਕੱਠ ਹੋ ਗਿਆ। ਸਾਰੇ ਹੀ ਦੂਰ ਨੇੜਿਓਂ ਖੋਜ ਕਰਨ ਲੱਗੇ ਪਰ ਸੰਤਾਂ ਦਾ ਕੋਈ ਪਤਾ ਨ ਲੱਗ ਸਕਿਆ।

ਪਰਮ ਪ੍ਰੀਤਵਾਨ ਪ੍ਰੇਮੀ ਵਿਯੋਗ ਵਿੱਚ ਬਿਹਬਲ ਹੋ ਕੇ ਸਤਿਗੁਰਾਂ ਅੱਗੇ ਬੇਨਤੀਆਂ ਕਰਨ ਲੱਗੇ, "ਹੇ ਦੀਨ ਦੁਨੀਆਂ ਦੇ ਵਾਲੀ ਦਾਤਾਰ ਪਾਤਸ਼ਾਹ! ਕ੍ਰਿਪਾ ਕਰਕੇ ਆਪਣੇ ਪਿਆਰਿਆਂ ਦਾ ਦੀਦਾਰ ਬਖ਼ਸ਼ੋ।" ਉਸ ਸਮੇਂ ਕਈ ਸਿਆਣੇ ਸਿੱਖ ਕਹਿਣ ਲੱਗੇ, ਜੋ ਗੁਰੂ ਕਾ ਖ਼ਜ਼ਾਨਚੀ ਸੁਹੇਲ ਸਿੰਘ ਸੂਰਮਾ ਹੈ ਉਸ ਤੇ ਸਤਿਗੁਰਾਂ ਦੀ ਮਹਾਨ ਬਖ਼ਸ਼ਿਸ਼ ਤੇ ਮਹਾਂ-ਪੁਰਸ਼ਾਂ ਦੀ ਅਪਾਰ ਕ੍ਰਿਪਾ ਹੈ ਜਿਨ੍ਹਾਂ ਦੇ ਅੰਦਰਲੇ ਨੇਤ੍ਰ ਖੁੱਲ੍ਹ ਚੁੱਕੇ ਹਨ। ਉਹ ਨਾਮ ਬਾਣੀ ਦੇ ਪ੍ਰੀਤਵਾਨ ਤੇ ਰੱਬੀ ਆਸ਼ਕਾਂ ਦੇ ਸੱਚੇ ਸਾਦਕ ਹਨ। ਓਹਨਾਂ ਪਾਸ ਚੱਲ ਕੇ ਬੇਨਤੀ ਕਰੀਏ ਉਹ ਸਾਨੂੰ ਆਪਣੇ ਅਨੁਭਵ ਦੁਆਰਾ ਸੰਤਾਂ ਦਾ ਕੁਝ ਥਹੁ ਟਿਕਾਣਾ ਦਸ ਸਕਦੇ ਹਨ।

ਇਉਂ ਵਿਚਾਰ ਕੇ ਕੁਝ ਕੁ ਮੁਖੀ ਸੱਜਣ (ਜਿਨ੍ਹਾਂ ਵਿੱਚ ਬਾਬਾ ਬਿਸ਼ਨ ਸਿੰਘ, ਜ਼ੈਲਦਾਰ ਬਖਤੌਰ ਸਿੰਘ, ਕਪਤਾਨ ਸਦਾ ਸਿੰਘ ਤੇ ਹੋਰ ਵੀ ਪ੍ਰੇਮੀ ਸਨ) ਸੁਹੇਲ ਸਿੰਘ ਦੇ ਪਾਸ ਆਏ। ਸਭਨਾਂ ਨੂੰ ਪਤਾ ਸੀ ਕਿ ਇਹ ਗੁਰਦੁਆਰੇ ਦੀ ਸਾਰੀ ਸੇਵਾ ਸੁਜਾਖਿਆਂ ਵਾਂਗੂੰ ਕਰਦੇ ਹਨ ਜੈਸਾ ਕਿ ਪੱਠੇ ਵੱਢਕੇ ਆਪ ਹੀ ਕੱਟਣੇ ਮਾਲ ਨੂੰ ਪਾਉਣੇ, ਗਊਆਂ ਮੱਝੀਆਂ ਚੋਣੀਆਂ, ਗੋਡਾਈ ਵੀ ਕਰਨੀ ਤੇ ਨੱਕੇ ਵੀ ਛੱਡਿਆ ਕਰਦੇ। ਇਸ ਤੋਂ ਇਲਾਵਾ ਗੇਂਦਾ ਸਿੰਘ ਤੋਂ ਬਾਅਦ ਗੁਰਦੁਆਰੇ ਦਾ ਖ਼ਜ਼ਾਨਾ ਵੀ ਇਨ੍ਹਾਂ ਦੇ ਪਾਸ ਹੀ ਹੁੰਦਾ। ਮਜ਼ਾਲ ਕੀ ਕਿਸੇ ਕੰਮ ਵਿੱਚ ਅਣਗਹਿਲੀ ਜਾਂ ਆਲਸ ਕਰ ਲੈਣ। ਮਾਇਆ ਦੀ ਸੰਭਾਲ ਤੇ ਲੈਣ ਦੇਣ ਦਾ ਕੰਮ ਪੂਰੀ ਚੌਕਸੀ ਨਾਲ ਕਰਦੇ। ਇਹ ਗੱਲਾਂ ਅੰਦਰਲੀਆਂ ਅੱਖਾਂ ਖੁੱਲ੍ਹੀਆਂ ਬਗ਼ੈਰ ਨਹੀਂ ਹੋ ਸਕਦੀਆਂ। ਉਨ੍ਹਾਂ ਨੂੰ ਸੰਤ ਜੀ ਦਾ ਜ਼ਰੂਰ ਪਤਾ ਹੋਣਾ ਹੈ।

ਬਾਬਾ ਸੁਹੇਲ ਸਿੰਘ ਦੇ ਪਾਸ ਆ ਕੇ ਸਭਨਾਂ ਨੇ ਹੱਥ ਜੋੜਕੇ ਮੱਥਾ ਟੇਕਿਆ, ਫੇਰ ਅਰਜ਼ ਕੀਤੀ, "ਆਪ ਕਿਰਪਾ ਕਰਕੇ ਸੰਤ ਜੀ ਮਹਾਰਾਜ ਦਾ ਕੋਈ ਪਤਾ ਦੱਸੋ, ਕਿੱਥੇ ਗਏ ਹਨ? ਅਸੀਂ ਆਪ ਜਾ ਕੇ ਲੈ ਆਵਾਂਗੇ।" ਉਨ੍ਹਾਂ ਨੇ ਸੰਗਤ ਦੀ ਬੇਨਤੀ ਸੁਣਕੇ ਪਹਿਲਾਂ ਤਾਂ ਆਪਣੇ ਆਪ ਨੂੰ ਛੁਪਾ ਕੇ ਰੱਖਣ ਵਾਸਤੇ ਟਾਲ-ਮਟੋਲ ਕੀਤਾ ਪਰ ਜਦੋਂ ਪ੍ਰੇਮੀ ਬਹੁਤੀਆਂ ਬੇਨਤੀਆਂ ਕਰਨ ਲੱਗੇ ਤਾਂ ਕਿਹਾ, "ਰੱਬੀ ਬੰਦੇ ਬੇ-ਪ੍ਰਵਾਹ ਹੁੰਦੇ ਹਨ।"

ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥

(ਪੰਨਾ ੭੧੧)

ਕਲ੍ਹ ਆਉਣਾ ਆਪਾਂ ਸਤਿਗੁਰਾਂ ਅੱਗੇ ਅਰਦਾਸ ਕਰਾਂਗੇ, ਦਾਤਾ ਬਖ਼ਸ਼ਿਸ਼ ਕਰੇਗਾ।" ਇਉਂ ਸੰਗਤ ਨੂੰ ਵਾਪਸ ਕੀਤਾ ਅਤੇ ਆਪ ਸ਼ਬਦ ਸੁਰਤ ਦਾ ਮੇਲ ਕਰਕੇ ਅੰਦਰ ਬੈਠ ਗਏ। ਸਤਿਗੁਰਾਂ ਅੱਗੇ ਅਰਦਾਸ ਕੀਤੀ। ਸਮਾਧੀ ਵਿੱਚ ਬੈਠਿਆਂ ਸੰਤਾਂ ਦਾ ਦਰਸ਼ਨ ਹੋਇਆ ਕਿ ਬਾਜ਼ਾਂ ਵਾਲੇ ਗੁਰੂ ਦੀ ਚਰਨ ਛੋਹੀ ਪਾਵਨ ਧਰਤੀ ਤੇ ਸ਼ਿਵਾਲਕ ਦੀਆਂ ਪਹਾੜੀਆਂ ਵਿੱਚ ਡੇਰੇ ਲਾਈ ਬੈਠੇ ਹਨ। ਟਿਕਾਉ ਵਾਲੇ ਮਨ ਵਿੱਚ ਸਾਰੀ ਵਾਰਤਾ ਅਨੁਭਵ ਹੋ ਆਈ ਪਰ ਸੋਚਿਆ ਇਉਂ ਦੱਸਣ ਨਾਲ ਅੱਗੇ ਵਾਸਤੇ ਦੁਨਿਆਵੀ ਮੰਗਾਂ ਵਾਲੇ ਲੋਕ ਤੰਗ ਕਰਿਆ ਕਰਨਗੇ। ਜੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਾਂਗੇ ਤਾਂ ਇਸ ਵਿੱਚ ਹਉਮੈ ਪਾਈ ਜਾਵੇਗੀ ਜੋ ਗੁਰੂ ਪ੍ਰਮੇਸ਼ਰ ਨੂੰ ਭਾਂਵਦੀ ਨਹੀਂ। ਇਹ ਵਾਰਤਾ ਗੁਰਮਤਿ ਤੋਂ ਉਲਟ ਹੈ। ਪਰਉਪਕਾਰ ਵਾਸਤੇ ਸੰਗਤ ਦਾ ਬਚਨ ਮੰਨਣਾ ਵੀ ਅਰਸ਼ੀ ਹੁਕਮ ਤੋਂ ਕੋਈ ਘੱਟ ਨਹੀਂ। ਜਿਵੇਂ ਬਾਬਾ ਬੁਢਾ ਜੀ ਨੇ ਸੰਗਤ ਦੀ ਬੇਨਤੀ ਮੰਨਕੇ ਉਨ੍ਹਾਂ ਦੀ ਘੋੜੀ ਦਵਾਰਾ ਬਾਸਰਕੇ ਨਗਰ ਤੋਂ ਬਾਹਰ ਕੋਠੇ ਵਿੱਚ ਬੈਠਿਆਂ ਤੀਸਰੇ ਪਾਤਸ਼ਾਹ ਜੀ ਦੇ ਸਿੱਖਾਂ ਨੂੰ ਦਰਸ਼ਨ ਕਰਵਾਏ ਸਨ, ਜਿਸ ਥਾਂ ਦਾ ਪਵਿੱਤ੍ਰ ਨਾਮ ਗੁਰਦੁਆਰਾ ਸੰਨ੍ਹ ਸਾਹਿਬ ਮਸ਼ਹੂਰ ਹੈ।

ਸਤਿਗੁਰਾਂ ਨੇ ਪ੍ਰਸੰਨ ਹੋ ਕੇ ਉਸ ਸਮੇਂ ਵਰ ਦਿੱਤੇ ਜੋ ਸਿੱਖ ਇਸ ਅਸਥਾਨ ਦਾ ਦਰਸ਼ਨ ਕਰਕੇ ਸੰਨ੍ਹ ਸਾਹਿਬ ਵਿੱਚੋਂ ਲੰਘ ਜਾਵੇਗਾ ਉਹ ਜਮਾਂ ਦੇ ਵਸ ਨਹੀਂ ਪੈਂਦਾ।

ਦਿਨ ਚੜ੍ਹਿਆ ਸੰਗਤ ਫੇਰ ਗੁਰਦੁਆਰੇ ਸਾਹਿਬ ਆ ਜੁੜੀ ਅਤੇ ਬਾਬਾ ਸੁਹੇਲ ਸਿੰਘ ਤੋਂ ਜਾਕੇ ਪੁੱਛਿਆ ਤਾਂ ਉਨ੍ਹਾਂ ਸਿਰਫ਼ ਇਤਨਾ ਹੀ ਇਸ਼ਾਰਾ ਕੀਤਾ ਕਿ ਸ਼ਾਇਦ ਬਾਬਾ ਜੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਨੂੰ ਗਏ ਹੋਵਣ ਕਿਉਂਕਿ ਅੱਗੇ ਵੀ ਕਈ ਵਾਰ ਹੋ ਆਏ ਹਨ। ਬਾਬਾ ਸੁਹੇਲ ਸਿੰਘ ਤੋਂ ਕੁਝ ਟੋਹ ਮਿਲੀ ਜਿਸਨੂੰ ਸੁਣਕੇ ਮੁਰਝਾਏ ਹਿਰਦੇ ਖੇੜੇ ਵਿੱਚ ਆ ਗਏ। ਰਾਮਪੁਰ ਦੇ ਕੋਈ ਡੇਢ ਸੌ ਪ੍ਰੇਮੀ ਜਿਨ੍ਹਾਂ ਵਿੱਚ ਸੱਤ ਕਪਤਾਨ ਤੇ ਹੋਰ ਬੇਅੰਤ ਪੈਨਸ਼ਨੀ ਜਮਾਂਦਾਰ ਤੇ ਹੌਲਦਾਰ ਵੀ ਸ਼ਾਮਲ ਸਨ, ਇਹ ਸਾਰੇ ਹੀ ਆਪਣੇ ਪ੍ਰੀਤਮ ਦੀ ਭਾਲ ਵਿੱਚ ਇਉਂ ਤੁਰ ਪਏ ਜਿਵੇਂ ਭਗਵਾਨ ਰਾਮ ਚੰਦਰ ਜੀ ਦੇ ਬਨਵਾਸ ਗਿਆ, ਉਨ੍ਹਾਂ ਦੇ ਵਿਯੋਗ ਵਿੱਚ ਅਵਧਪੁਰੀ ਦੇ ਵਾਸੀ ਚੱਲੇ ਸਨ। ਕੰਠ ਰੁਕੇ ਹਨ, ਵੈਰਾਗ ਵਾਲੇ ਹਿਰਦੇ, ਨੇਤਰਾਂ ਤੋਂ ਹੰਝੂ ਕੇਰਦੇ ਆਖ ਰਹੇ ਸਨ:

*ਹਾਲ ਦਿਲਾਂ ਦੇ ਮਹਿਰਮ ਪੀਆ ਬਾਝੋਂ,*
*ਕੀਹਨੂੰ ਖੋਲ੍ਹਕੇ ਦਸ ਸੁਣਾ ਦੇਈਏ।*
*ਭਾਂਬੜ ਮਚਿਆ ਜੁਦਾਈ ਦਾ ਮਨਾਂ ਅੰਦਰ,*
*ਕਿਥੇ ਬੈਠਕੇ ਕੀਰਣੇ ਪਾ ਦੇਈਏ।*
*ਸਾਡੇ ਦਿਲਾਂ ਤੋਂ ਦਰਦ ਦੀ ਆਹ ਨਿਕਲੇ,*
*ਤੇਰੇ ਪਿਆਰ ਨੂੰ ਕਿੱਥੇ ਦਿਖਾ ਦੇਈਏ।*
*ਫਟੇ ਦਿਲਾਂ ਨੂੰ ਨਿਮਕ ਹਾਂ ਲਾਈ ਬੈਠੇ,*
*ਕਿਤੇ ਜਾਇਕੇ ਦਾਰੂ ਲਾ ਲਾਈਏ।*
*ਪੀਰਾਂ ਹੁੰਦਿਆਂ, ਵਿਲਕਦੇ ਮੁਰੀਦ ਸਾਰੇ,*
*ਚਰਨ ਫੜ ਕਲੇਜੜੇ ਲਾ ਲਈਏ।*
*ਉਤੇ ਤੁਸਾਂ ਦੇ ਵਾਰਕੇ ਜਿੰਦ ਆਪਣੀ,*
*ਕਿਉਂ ਨਾ ਪਰੇਮ ਕਟਾਰੀਆਂ ਖਾ ਲਈਏ।*

ਪ੍ਰੇਮੀ ਸੱਜਣ ਸੰਤਾਂ ਦੀ ਢੂੰਡ ਵਿੱਚ ਨਹਿਰ ਸਰਹੰਦ ਦੇ ਕੰਢੇ ਜਾ ਚੜ੍ਹੇ ਤੇ ਨੀਲੋ ਪੁਲ ਕੋਲ ਆਕੇ ਜ਼ੈਲਦਾਰ ਬਖਤੌਰ ਸਿੰਘ ਦਾ ਤਾਂ ਵੈਰਾਗ ਥੰਮਿਆਂ ਨਾ ਜਾਵੇ, ਹਜ਼ੂਰ ਦੇ ਵਿਜੋਗ ਵਿੱਚ ਆਖਦਾ ਸੀ:

*ਸੰਤਾਂ ਵਾਲੀ ਭਾਲ ਗਏ ਤਰਫ ਸ਼ਮਾਲ,*
*ਜਿਥੇ ਗਏ ਮੇਰੇ ਲਾਲ ਤਾਰੇ ਪੰਛੀਆਂ ਦੀ ਡਾਰ ਨੂੰ।*
*ਨੀਲੋ ਵਾਲੇ ਪੁਲ ਬਣੂ ਜਾਦਵਾਂ ਦੀ ਕੁਲ,*
*ਪਊ ਜਿੰਦੜੀ ਦਾ ਮੁਲ ਕਰਾਂ ਪੀਰ ਦੇ ਦੀਦਾਰ ਨੂੰ।*
*ਛਾਲ ਮਾਰੂੰ ਨਹਿਰ ਨਹੀ ਖਾਇ ਮਰੂੰ ਜ਼ਹਿਰ,*
*ਕੋਈ ਮਿਲ ਜਾਵੇ ਮਹਿਰ ਦਸੇ ਗੁਣਾਂ ਦੇ ਭੰਡਾਰ ਨੂੰ।*
*ਸਾਨੂੰ ਛੱਡ ਗਿਆ ਪੀਰ ਦਿਲ ਖੁਭ ਗਏ ਤੀਰ,*
*ਡੁੱਬ ਛੱਡੀਏ ਸਰੀਰ ਫੜ ਪਾਣੀ ਵਾਲੀ ਧਾਰ ਨੂੰ।*

## ਸਿੱਖ ਦੀ ਮਹਿਮਾਂ

*ਸਿੱਖ ਉਹੀ ਹੈ ਪਰੇਮ ਦੀ ਖਿਚ ਰਖੇ,*
*ਤਾਂਘ ਰੱਖਕੇ ਨੈਂ ਤੋਂ ਪਾਰ ਹੋਵੇ।*
*ਭੌਰੇ ਬੁਲਬੁਲਾ ਤੋਂ ਸਬਕ ਸਿਖ ਜੀਵੇ,*
*ਦਰਸ ਗੁਰਾਂ ਦਾ ਬਾਗ਼ ਫਲਦਾਰ ਹੋਵੇ।*
*ਬੁਲਬੁਲ ਵਾਂਗਰਾਂ ਸੀਨੇ ਵਿੱਚ ਦਰਦ ਰੱਖੇ,*
*ਕੀਰਨ ਬ੍ਰਿਹੋਂ ਦਿਲ ਵਿੱਚਕਾਰ ਹੋਵੇ।*
*ਇਕ ਦੂਸਰੇ ਤੋਂ ਜਾਨ ਵਾਰ ਦੇਵਣ,*
*ਸਚੇ ਨੇਹ ਦਾ ਦਿਲੋਂ ਜੇ ਪਿਆਰ ਹੋਵੇ।*
*ਪਤੰਗ ਨਹੀਂ ਹੈ ਪਰਤਕੇ ਗੱਲ ਦਸੇ,*
*ਕੁਰਬਾਨੀ ਉਹੀ ਹੈ ਜਾਨ ਨਿਸਾਰ ਹੋਵੇ।*
*ਫਿਦਾ ਹੋਇਕੇ ਦਰਦ ਦੀ ਦੀਦ ਰੱਖਣ,*
*ਗੁਰਾਂ ਬਿਨਾਂ ਨਾ ਦੂਸਰਾ ਯਾਰ ਹੋਵੇ।* *(ਵਲੋਂ ਲੇਖਕ)*

ਐਸੇ ਪ੍ਰੇਮੀ ਜਨ ਵਿਯੋਗ ਦਸ਼ਾ ਵਿੱਚ ਸਾਰੇ ਰੋਪੜ ਪੁੱਜ ਗਏ, ਭੱਠੇ ਸਾਹਿਬ ਦੀਦਾਰ ਕਰਕੇ ਰਾਤ ਠਹਿਰੇ। ਦੂਸਰੇ ਦਿਨ ਸਵੱਖਤੇ ਹੀ ਇਸ਼ਨਾਨ ਕਰਕੇ ਫੇਰ ਚਾਲੇ ਪਾ ਦਿੱਤੇ। ਦੁਪਹਿਰ ਦਾ ਪ੍ਰਸ਼ਾਦ ਬਾਜ਼ਾਂ ਵਾਲੇ ਗੁਰੂ ਦੀ ਪਾਵਨ ਨਗਰੀ ਅਨੰਦਪੁਰ ਸਾਹਿਬ ਸ਼ਹੀਦੀ ਬਾਗ਼ ਆ ਛਕਿਆ। ਨਿਹੰਗ ਮੰਗਲ ਸਿੰਘ ਤੇ ਜਥੇਦਾਰ ਸਾਧੂ ਸਿੰਘ ਨੂੰ ਮਿਲਕੇ ਸੰਤਾਂ ਦਾ ਪਤਾ ਕੀਤਾ, ਉਨ੍ਹਾਂ ਨੇ ਦਸਿਆ ਕਿ ਏਥੇ ਸੰਤ ਜੀ ਮਹਾਰਾਜ ਆਏ ਤਾਂ ਸਨ ਪਰ ਇੱਕੋ ਰਾਤ ਠਹਿਰਕੇ ਚਲੇ ਗਏ। ਹੁਣ ਪਤਾ ਨਹੀਂ ਕਿਸ ਪਾਸੇ ਗਏ ਹਨ?

ਇਉਂ ਸੁਣਕੇ ਸਭਨਾਂ ਨੇ ਸਰਬੰਸ ਦਾਨੀ ਦੀ ਪਾਵਨ ਧਰਤੀ ਦੇ ਗੁਰ-ਅਸਥਾਨਾਂ ਦੀ ਯਾਤਰਾ ਕੀਤੀ। ਕੜਾਹ ਪ੍ਰਸ਼ਾਦ ਦੀਆਂ ਦੇਗਾਂ ਕਰਵਾਕੇ ਅਰਦਾਸ ਕੀਤੀ, ਹੇ ਕਲਗੀਆਂ ਵਾਲੇ ਦਾਤਾਰ ਪਾਤਸ਼ਾਹ ਜੀ! ਕ੍ਰਿਪਾ ਕਰੋ ਆਪਣੇ ਦਰੋਂ ਵਰੋਸਾਏ ਮਹਾਂ-ਪੁਰਸ਼ਾਂ ਦਾ ਦਰਸ਼ਨ ਬਖ਼ਸ਼ੋ।

ਮਾਧੋ ਸਾਧੂ ਜਨ ਦੇਹੁ ਮਿਲਾਇ ॥

(ਪੰਨਾ ੧੧੭੮)

ਸਾਰਿਆਂ ਨੇ ਸ਼ਹੀਦੀ ਬਾਗ਼ ਵਿੱਚ ਬੈਠਕੇ ਵਿਚਾਰ ਕੀਤੀ ਕਿ ਕੁਝ ਕੁ ਪ੍ਰੇਮੀ ਸਵੇਰੇ ਵੀ ਅੱਡੋ-ਅੱਡੀ ਥਾਵਾਂ ਤੇ ਪਤਾ ਕਰਨ ਵਾਸਤੇ ਚਲ ਪੈਣ। ਬਾਕੀ ਦੀ ਸੰਗਤ ਏਥੇ ਹੀ ਠਹਿਰੇ। ਸ਼ਾਮ ਤੱਕ ਵਾਪਸ ਆ ਕੇ ਸਾਰਾ ਪਤਾ ਦਸ ਦੇਣ। ਜਦੋਂ ਸੰਤ ਜੀ ਦਾ ਦਰਸ਼ਨ ਹੋ ਜਾਵੇ ਫੇਰ ਇਕੱਠੇ ਜਾਕੇ ਬੇਨਤੀਆਂ ਕਰਕੇ ਆਜਿਜ਼ ਹੋ ਕੇ ਗ਼ਰੀਬ ਪ੍ਰਵਰ ਨੂੰ ਰਿਝਾ ਲਵਾਂਗੇ। ਇਹ ਸਿਆਣੇ ਮੁਖੀ ਸਿੱਖਾਂ ਦੀ ਕਹੀ ਹੋਈ ਗੱਲ ਸਭਨਾਂ ਨੂੰ ਪਸੰਦ ਆ ਗਈ। ਦੂਸਰੇ ਦਿਨ ਸੁਵਖਤੇ ਹੀ ਇਸ਼ਨਾਨ ਪਾਣੀ ਕਰਕੇ ਹਜ਼ੂਰ ਦੇ ਚਰਨਾਂ ਦੇ ਭੌਰੇ ਪਰੇਮੀ ਸੰਤਾਂ ਦੀ ਭਾਲ ਵਿੱਚ ਅੱਡੋ-ਅੱਡੀ ਰਸਤਿਆਂ ਵੱਲ ਚਲ ਪਏ। ਹਰ ਇੱਕ ਸੱਜਣ ਦੀ ਇਹੋ ਹੀ ਆਵਾਜ਼ ਸੀ:

## ਸ਼ਿਵਾਲਕ ਦੀਆਂ ਪਹਾੜੀਆਂ ਵਿੱਚ ਪਿਆਰੇ ਦੀ ਭਾਲ ਕਰਦਿਆਂ ਸੰਗਤ ਵਲੋਂ ਵੈਰਾਗ

*ਆਏ ਕਟਕੇ ਦੁੱਖ ਤੇ ਕਸ਼ਟ ਸਾਰੇ,*
*ਰੱਬੀ ਨੂਰ ਦਾ ਮੁੜ ਦੀਦਾਰ ਦੇਖਾਂ।*
*ਹਾ ਦਰਦ ਦੀ ਸੁਣ ਲਗੌਣ ਬੂਟੀ,*
*ਵਤਨ ਦਾ ਪਿਆਰ ਦੇਖਾਂ।*
*ਦਿਲ ਦਰਦੀਆ ਦਿਲ ਦੇ ਦੁੱਖ ਕੱਟੇ,*
*ਪੰਛੀ ਚਹਿਕਦਾ ਖਿੜੀ ਗੁਲਜ਼ਾਰ ਦੇਖਾਂ।*
*ਹਰ ਇੱਕ ਦਿਲ ਦੀ ਏਹ ਆਵਾਜ਼ ਆਵੇ,*
*ਤੇਰੇ ਜੇਹਾ ਨ ਦਰਦੀ ਯਾਰ ਦੇਖਾਂ।*

ਬਾਬਾ ਬਿਸ਼ਨ ਸਿੰਘ ਤੇ ਇੱਕ ਹੋਰ ਪ੍ਰੇਮੀ ਗੁਰੂ ਕੇ ਲਾਹੌਰ ਵੱਲ ਚਲੇ ਗਏ ਜਿਨ੍ਹਾਂ ਨੂੰ ਸ਼ਾਮ ਦੇ ਟਾਈਮ ਪਹਾੜੀ ਤੋਂ ਹੇਠਾਂ ਉੱਤਰਦਾ ਇੱਕ ਸੱਜਣ ਮਿਲਿਆ, ਜੋ ਪਹਿਰਾਵੇ ਤੋਂ ਸਿੱਖ ਜਾਪਦਾ ਸੀ ਪਰ ਹੈ ਸੀ ਕੋਈ ਏਸੇ ਇਲਾਕੇ ਦਾ। ਜਦੋਂ ਉਸ ਪਾਸੋਂ ਪੁੱਛਿਆ, "ਤੁਸੀਂ ਕਿਧਰੋਂ ਆਏ ਹੋ?" ਉਸਨੇ ਕਿਹਾ, "ਇੱਕ ਨੂਰਾਨੀ ਚੇਹਰਾ, ਮਸਤਕ ਤੇ ਰੱਬੀ ਜਲਾਲ, ਲੰਬਾ ਕੱਦ, ਹੰਸੂ-ਹੰਸੂ ਕਰਦੇ ਨੇਤਰ, ਬੁਲ੍ਹਾਂ ਤੇ ਪੂਰਨ ਮੁਸਕਰਾਹਟ, ਪ੍ਰਤੱਖ ਹੀ ਭਜਨ ਦੀ ਮੂਰਤ, ਧਰਤੀ ਤੇ ਬਰਛਾ ਗਡ, ਪਾਸ ਗੜਵਾ ਰੱਖੀ ਬੰਦਗੀ ਵਿੱਚ ਜੁੜੇ ਬੈਠੇ ਹਨ, ਉਨ੍ਹਾਂ ਨੂੰ ਪ੍ਰਸ਼ਾਦਾ ਦੇ ਕੇ ਆਇਆ ਹਾਂ ਜੋ ਅੱਠੀਂ ਪਹਿਰੀਂ ਕੇਵਲ ਇੱਕੋ ਵਕਤ ਅਲੂਣੀ ਦਾਲ ਸਬਜ਼ੀ ਨਾਲ ਪ੍ਰਸ਼ਾਦਾ ਛਕਕੇ ਚਸ਼ਮੇਂ ਤੋਂ ਪਾਣੀ ਪੀਕੇ ਕੁਦਰਤੀ ਬਣੀ ਸਿਲਾ ਤੇ ਬੈਠਕੇ ਪਿਆਰੇ ਦੀ ਯਾਦ ਵਿੱਚ ਮਸਤ ਰਹਿੰਦੇ ਹਨ।"

ਇਹ ਗੱਲ ਸੁਣਕੇ ਇਨ੍ਹਾਂ ਨੂੰ ਇਤਨੀ ਖ਼ੁਸ਼ੀ ਹੋਈ ਮਾਨੋਂ ਮੁਰਦੇ ਦੇ ਮੁਖ ਵਿੱਚ ਅੰਮ੍ਰਿਤ ਹੀ ਪੈ ਗਿਆ। ਫੇਰ ਉਸ ਤੋਂ ਪੁੱਛਿਆ, "ਕਿਤਨੇ ਦਿਨ ਹੋ ਗਏ ਤੁਹਾਨੂੰ ਉਨ੍ਹਾਂ ਦੇ ਪਾਸ ਪ੍ਰਸ਼ਾਦ ਲਿਜਾਂਦਿਆਂ ਨੂੰ?" ਇਸਨੇ ਕਿਹਾ, "ਪਹਿਲਾਂ ਤਾਂ ਦੋ ਦਿਨ ਪਤਾ ਹੀ ਨਾ ਲੱਗਾ, ਹੁਣ ਚੌਥਾ ਦਿਨ ਹੈ ਮੈਨੂੰ ਉਨ੍ਹਾਂ ਦੇ ਦਰਸ਼ਨ ਕਰਦਿਆਂ ਪਰ ਡਿਊਟੀ ਮੈਂ ਤੁਹਾਡੀ ਗ਼ੈਰ-ਹਾਜ਼ਰੀ ਵਿੱਚ ਭੁਗਤਾਈ ਹੈ, ਹੁਣ ਤੁਸੀਂ ਆਪਣੀ ਸੇਵਾ ਆਪ ਸੰਭਾਲੋ।"

ਇਤਨੇ ਬਚਨ ਆਖਕੇ ਉਹ ਪ੍ਰੇਮੀ ਕੁਝ ਕੁ ਦੂਰੀ ਤੇ ਅਲੋਪ ਹੋ ਗਿਆ ਫੇਰ ਪਤਾ ਹੀ ਨਹੀਂ ਲੱਗਾ ਕਿੱਥੇ ਚਲਾ ਗਿਆ? ਇਹ ਦੋਵੇਂ ਹੀ ਸੱਜਣ ਦੱਸੀ ਹੋਈ ਥਾਂ ਤੇ ਪੁੱਜੇ ਜਿਸਨੂੰ ਇਸ ਇਲਾਕੇ ਦੇ ਪ੍ਰੇਮੀ ਸ਼ੇਰਾਂ ਵਾਲੀ ਗੁਫ਼ਾ ਕਹਿੰਦੇ ਸਨ ਅਤੇ ਕੋਈ ਭੈਅ ਕਰਕੇ ਏਸ ਪਾਸੇ ਅੱਗੇ ਨਹੀਂ ਸੀ ਜਾਂਦਾ। ਕਿਉਂਕਿ ਏਥੇ ਇੱਕ ਸ਼ੇਰ-ਸ਼ੇਰਨੀ ਦਾ ਜੋੜਾ ਆਪਣੇ ਬੱਚਿਆਂ ਸਮੇਤ ਰਹਿੰਦਾ ਸੀ। ਉਨ੍ਹਾਂ ਖੂੰਖਾਰ ਜਾਨਵਰਾਂ ਦਾ ਭੈਅ ਕਰਕੇ ਸਾਰੇ ਹੀ ਦੂਰ ਰਹਿੰਦੇ ਹਨ ਪਰ ਧੰਨ ਹਨ ਹਰ ਇੱਕ ਨਾਲ ਪਿਆਰ ਕਰਨ ਵਾਲੇ ਮਹਾਂ-ਪੁਰਸ਼, ਜਿਨ੍ਹਾਂ ਨੂੰ ਪਾਪੀ, ਪੁੰਨੀ, ਬਾਦਸ਼ਾਹ, ਕੰਗਾਲ, ਸ਼ੇਰ ਤੇ ਬੱਕਰੀ ਇੱਕੋ ਜਿਹੇ ਦਿਸਦੇ ਹਨ। ਸ਼ੇਰ ਤੇ ਸ਼ੇਰਨੀ ਉਨ੍ਹਾਂ ਪਾਸ ਵੀ ਦਰਸ਼ਨਾਂ ਲਈ ਆਉਂਦੇ ਪਰ ਸਿਰ ਝੁਕਾ ਕੇ ਇਉਂ ਦੂਰ ਹੋ ਕੇ ਬੈਠ ਜਾਂਦੇ ਜਿਵੇਂ ਪਾਲਤੂ ਕੁੱਤਾ ਆਪਣੇ ਮਾਲਕ ਦੇ ਚਰਨਾਂ ਵਿੱਚ ਬੈਠਦਾ ਹੈ। ਸਰਪ ਤੇ ਠੂਹੇਂ ਵੀ ਫਿਰਦੇ ਪਰ ਆਪਣਾ ਤਾਮਸੀ ਸੁਭਾਉ ਛੱਡਕੇ।

ਇਹਨਾਂ ਨੂੰ ਜਾਂਦਿਆਂ ਸੂਰਜ ਛਿਪ ਗਿਆ, ਚੰਦਰਮਾਂ ਦੀ ਰੌਸ਼ਨੀ ਨਾਲ ਪਥਰੀਲੀ ਧਰਤੀ ਤੇ ਪਗਡੰਡੀ ਨੂੰ ਪਛਾਣਦੇ ਹੋਏ ਅੱਗੇ ਗਏ ਤਾਂ ਦੂਰੋਂ ਹੀ ਚੰਦਰਮਾਂ ਦੀਆਂ ਕਿਰਨਾਂ ਨਾਲ ਗੜਵੇ ਦੀ ਲਿਸ਼ਕ ਪਈ। ਦੁੱਧ ਚਿੱਟੇ ਸਫ਼ੈਦ ਪੁਸ਼ਾਕੇ ਦੀ ਚਾਂਦੀ ਸਮਾਨ ਚਮਕ ਦੇਖਕੇ ਇਤਨੀ ਖ਼ੁਸ਼ੀ ਹੋਈ ਜਿਵੇਂ ਕੰਗਲੇ ਨੂੰ ਨੌਂ-ਨਿਧੀਆਂ ਪ੍ਰਾਪਤ ਕਰਕੇ ਪ੍ਰਸੰਨਤਾ ਹੁੰਦੀ ਹੈ ਜਾਂ ਸਰਪ ਨੂੰ ਗੁਆਚੀ ਮਣੀ ਲੱਭਕੇ ਖ਼ੁਸ਼ੀ ਮਿਲਦੀ ਹੈ।

ਕੁਦਰਤੀ ਬਣੀ ਪਹਾੜੀ ਸਿਲਾ ਤੇ ਪਦਮ ਆਸਨ ਲਾਈ ਪਿਆਰੇ ਦੀ ਯਾਦ ਵਿੱਚ ਜੁੜੇ ਸ਼ਾਹੀ ਫ਼ਕੀਰ ਦਾ ਦੀਦਾਰ ਕਰਕੇ ਦੂਰੋਂ ਮਸਤਕ ਝੁਕਾਇਆ ਅਤੇ ਬਿਨਾਂ ਆਵਾਜ਼ ਕੀਤਿਆਂ ਕੁਝ ਕੁ ਫਾਸਲੇ ਤੇ ਬੈਠ ਗਏ। ਸੋਚਿਆ ਕਿ ਇਸ਼ਾਰੇ ਬਿਨਾਂ ਅੱਗੇ ਜਾਣਾ ਠੀਕ ਨਹੀਂ। ਅਜੇ ਇਨ੍ਹਾਂ ਨੂੰ ਬੈਠਿਆਂ ਥੋੜ੍ਹਾਂ ਸਮਾਂ ਹੀ ਹੋਇਆ ਸੀ ਹਜ਼ੂਰ ਦਾ ਦੀਦਾਰ ਕਰਕੇ ਰਸਤੇ ਦੀ ਥਕਾਵਟ ਤੇ ਦਿਨ ਦੀ ਭੁੱਖ ਭੁੱਲ ਗਈ। ਏਧਰੋਂ ਦਿਲਾਂ ਦੀ ਜਾਣਨਹਾਰ ਅਰਸ਼ੀ ਦਾਤਾਰ ਨੇ ਇਨ੍ਹਾਂ ਦੀ ਭਾਵਨਾ ਤੱਕਕੇ ਗੜਵੇ ਦਾ ਕੁੰਡਾ ਖੜਕਾਇਆ। ਕੰਨੀਂ ਅਵਾਜ਼ ਪਈ ਮਾਨੋਂ ਤਰਸਦੇ ਪਪੀਹੇ ਨੂੰ ਸਵਾਂਤੀ ਬੂੰਦ ਮਿਲ ਗਈ। ਅੱਗੇ ਗਏ

ਸਜਲ ਨੇਤਰੀ ਪਾਵਨ ਚਰਨਾਂ ਦੀ ਛੁਹ ਪ੍ਰਾਪਤ ਕੀਤੀ। ਨੇਤਰ-ਸ਼ਾਂਤ ਤੇ ਹਿਰਦਾ ਸੀਤਲ ਹੋ ਗਿਆ। ਹੰਝੂਆਂ ਨਾਲ ਚਰਨ ਧੋ ਦਿੱਤੇ। ਪ੍ਰੇਮ ਦੇ ਪਰਖਊਏ ਦਾਤੇ ਨੇ ਧੀਰਜ ਦਿੱਤਾ। ਪਾਸ ਬਿਠਾਕੇ ਸੰਗਤ ਦੀ ਸੁੱਖ ਅਨੰਦ ਪੁੱਛੀ। ਇਨ੍ਹਾਂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਹਜ਼ੂਰ ਦੇ ਦਰਸ਼ਨਾਂ ਵਾਸਤੇ ਸੰਗਤ ਤਾਂ ਅਨੰਦਪੁਰ ਸਾਹਿਬ ਸ਼ਹੀਦੀ ਬਾਗ਼ ਵਿੱਚ ਬੈਠੀ ਹੈ ਆਪ ਜੀ ਬਿਨਾਂ ਦੱਸੇ ਹੀ ਆ ਗਏ। ਸਭਨਾਂ ਦੇ ਮਨਾਂ ਵਿੱਚ ਬੜੀ ਭਾਰੀ ਚਿੰਤਾ ਹੋ ਆਈ ਕਿ ਸਾਡੇ ਪਾਸੋਂ ਕੀ ਗ਼ੁਨਾਹ ਹੋ ਗਿਆ ਜੋ ਦਰਸ਼ਨਾਂ ਤੋਂ ਵਾਂਝੇ ਛੱਡ ਤੁਰੇ।" ਸੰਤ ਜੀ ਮਹਾਰਾਜ ਨੇ ਉੱਤਰ ਦਿੱਤਾ, "ਪ੍ਰੇਮੀਓ! ਤੁਹਾਨੂੰ ਸਾਡੇ ਪ੍ਰਣ ਦਾ ਪਤਾ ਹੀ ਹੈ ਅਸੀਂ ਕਚਹਿਰੀ ਨਹੀਂ ਜਾਣਾ। ਮੁਦਈ ਦਾ ਪ੍ਰੇਰਿਆ ਚਪੜਾਸੀ ਬਾਰੰਬਾਰ ਸੰਮਨ ਨਾਲ ਲੈਕੇ ਆਉਂਦਾ ਸੀ। ਛੁਟਕਾਰੇ ਦਾ ਏਹੋ ਹੀ ਉਪਾਉ ਚੰਗਾ ਸਮਝਿਆ ਕਿ ਅਸਥਾਨ ਤੋਂ ਦੂਰ ਚਲੇ ਜਾਈਏ। ਫੇਰ ਆਪਣੇ ਕੀਤੇ ਪ੍ਰਣ ਨੂੰ ਅਟਲ ਰੱਖ ਸਕਦੇ ਹਾਂ। ਸੰਗਤ ਨਾਲ ਸਾਡੀ ਕੋਈ ਨਾਰਾਜ਼ਗੀ ਨਹੀਂ।"

ਇਹਨਾਂ ਨੇ ਫੇਰ ਬੇਨਤੀ ਕੀਤੀ, "ਮਹਾਰਾਜ! ਹੁਣ ਕ੍ਰਿਪਾ ਕਰਕੇ ਵਾਪਸ ਰੇਰੂ ਸਾਹਿਬ ਦਰਸ਼ਨ ਬਖ਼ਸ਼ੋ, ਸੰਗਤ ਵਿਯੋਗ ਵਿੱਚ ਤੜਪ ਰਹੀ ਹੈ।" ਸੰਤਾਂ ਨੇ ਉੱਤਰ ਦਿੱਤਾ, "ਅਸੀਂ ਏਥੇ ਹੀ ਆਪਣੇ ਮਾਲਕ ਦੀ ਯਾਦ ਵਿੱਚ ਪ੍ਰਸੰਨ ਹਾਂ ਤੁਸੀਂ ਸਾਰੇ ਮਿਲਕੇ ਅਸਥਾਨ ਦਾ ਪ੍ਰਬੰਧ ਸੰਭਾਲੋ।" ਇਨ੍ਹਾਂ ਨੇ ਘਿਘਿਆ ਕੇ ਬੇਨਤੀ ਕੀਤੀ, "ਮਹਾਰਾਜ! ਡੇਢ ਸੌ ਦੇ ਕਰੀਬ ਪ੍ਰੇਮੀ ਸ਼ਹੀਦੀ ਬਾਗ਼ ਅਨੰਦਪੁਰ ਸਾਹਿਬ ਬੈਠੇ ਸਾਡੀ ਉਡੀਕ ਕਰ ਰਹੇ ਹਨ ਜੇਕਰ ਆਪ ਨਾ ਗਏ ਤਾਂ ਉਹ ਕਲ੍ਹ ਸਾਰੇ ਹੀ ਏਥੇ ਪੁੱਜ ਜਾਣਗੇ।"

ਸੰਗਤ ਦਾ ਪਿਆਰ ਤਕਕੇ ਹਜ਼ੂਰ ਨੇ ਨੇਤਰ ਬੰਦ ਕਰ ਲਏ। ਕੁਝ ਸਮਾਂ ਚੁੱਪ ਧਾਰਨ ਕਰ ਲਈ ਮਾਨੋਂ ਕਿਸੇ ਅਗੰਮੀ ਦੇਸ਼ ਦਾ ਹੁਕਮ ਉਡੀਕ ਰਹੇ ਹਨ। ਕੁਝ ਸਮੇਂ ਪਿਛੋਂ ਨੇਤਰ ਖੋਹਲੇ ਤੇ ਇਨ੍ਹਾਂ ਨੂੰ ਧੀਰਜ ਦੇ ਕੇ ਆਖਿਆ, "ਤੁਸੀਂ ਹੁਣ ਜਾਉ ਸੰਗਤ ਨੂੰ ਏਥੇ ਆਉਣ ਤੋਂ ਰੋਕ ਦਿਓ। ਅਸੀਂ ਕੱਲ੍ਹ ਦੁਪਹਿਰ ਦਾ ਪ੍ਰਸ਼ਾਦ ਸ਼ਹੀਦੀ ਬਾਗ਼ ਆਕੇ ਛਕਾਂਗੇ। ਬਾਕੀ ਜਾਣ ਆਉਣ ਦੀ ਵਿਚਾਰ ਉਥੇ ਕਰਾਂਗੇ।" ਇਨ੍ਹਾਂ ਨੇ ਕਿਹਾ, "ਗ਼ਰੀਬ ਨਿਵਾਜ਼! ਜੇਕਰ ਕਲ੍ਹ ਦੁਪਿਹਰ ਨੂੰ ਹਜ਼ੂਰ ਦਾ ਦਰਸ਼ਨ ਨਾ ਹੋਇਆ ਤਾਂ ਸਾਰੇ ਹੀ ਪ੍ਰੇਮੀ ਏਥੇ ਆ ਜਾਣਗੇ ਸਾਨੂੰ ਕੇਵਲ ਪਤਾ ਕਰਨ ਵਾਸਤੇ ਹੀ ਭੇਜਿਆ ਹੈ।" ਸੰਤ ਜੀ ਨੇ ਕਿਹਾ ਕਿ ਕੱਲ੍ਹ ਜ਼ਰੂਰ ਆ ਜਾਵਾਂਗੇ।

ਇਉਂ ਬਚਨ ਲੈਕੇ ਦੋਹਾਂ ਨੇ ਬਾਬਾ ਜੀ ਦੇ ਚਰਨ ਛੂਹੇ। ਨਮਸਕਾਰ ਕਰ ਆਗਿਆ ਪਾ ਕੇ ਵਾਪਸ ਆ ਗਏ। ਅਨੰਦਪੁਰ ਪੁੱਜਦਿਆਂ ਰਾਤ ਦੇ ਬਾਰਾਂ ਵੱਜ ਗਏ। ਸਾਰੀ ਸੰਗਤ ਇਨ੍ਹਾਂ ਦੀ ਉਡੀਕ ਵਿੱਚ ਜਾਗਦੀ ਹੋਈ ਬਾਬਾ ਜੀ ਦੇ ਬਚਨ ਬਿਲਾਸਾਂ ਵਿੱਚ ਲੀਨ ਸੀ। ਜਦੋਂ ਇਨ੍ਹਾਂ ਨੇ ਪਾਸ ਆ ਕੇ ਸੰਗਤ ਨੂੰ ਫਤਹਿ ਬੁਲਾਈ ਤਾਂ ਸਭਨਾਂ ਨੇ ਕਾਹਲਿਆਂ ਪੈਕੇ ਪੁੱਛਿਆ, "ਕਿਉ ਸੰਤਾਂ ਦੇ ਦਰਸ਼ਨ ਹੋ ਗਏ?"

ਬਾਬਾ ਬਿਸ਼ਨ ਸਿੰਘ ਨੇ ਕਿਹਾ, "ਹਾਂ ਕਲਗੀਆਂ ਵਾਲੇ ਪਾਤਸ਼ਾਹ ਦੀ ਮੇਹਰ ਹੋ ਗਈ।" ਇਨ੍ਹਾਂ ਨੇ ਪ੍ਰਸੰਨ ਹੋ ਕੇ ਪੁੱਛਿਆ, "ਫੇਰ ਹੁਣੇ ਹੀ ਚਲੀਏ?" ਇਸ ਨੇ ਉੱਤਰ ਦਿੱਤਾ, "ਸੰਤ ਜੀ ਮਹਾਰਾਜ ਨੇ ਕੱਲ੍ਹ ਆਪ ਹੀ ਦੁਪਹਿਰ ਨੂੰ ਏਥੇ ਆਉਣ ਦਾ ਬਚਨ ਕੀਤਾ ਹੈ।" ਸੰਗਤ ਨੇ ਪ੍ਰਸੰਨ ਚਿਤ ਉੱਠ ਕੇ ਇਸ਼ਨਾਨ ਕੀਤਾ। ਆਪਣਾ ਨਿੱਤਨੇਮ ਕਰਕੇ ਸ਼ਬਦ ਪੜ੍ਹਦੇ ਹੋਏ ਕੇਸਗੜ੍ਹ ਤਖ਼ਤ ਤੇ ਪੁੱਜੇ। ਕੜਾਹ ਪ੍ਰਸ਼ਾਦ ਦੀ ਦੇਗ ਲਿਜਾਕੇ ਅਰਦਾਸ ਕਰਵਾਈ। ਉਪਰੰਤ ਸਾਰੇ ਗੁਰ-ਅਸਥਾਨਾਂ ਦੀ ਯਾਤਰਾ ਕਰਕੇ ਸੰਤਾਂ ਦੀ ਉਡੀਕ ਵਿੱਚ ਸ਼ਹੀਦੀ ਬਾਗ਼ ਆਕੇ ਪਿਆਰੇ ਦੇ ਪੰਧ ਵਲ ਤੱਕਣ ਲੱਗੇ। ਜਦੋਂ ਦਿਨ ਦੇ ਗਿਆਰਾਂ ਵਜੇ 'ਸਾਧ ਬਚਨ ਅਟਲਾਧਾ' ਦੇ ਹੁਕਮ ਅਨੁਸਾਰ ਨੂਰਾਨੀ ਚੇਹਰੇ ਵਾਲੇ ਅਰਸ਼ੀ ਦਾਤਾਰ ਦੇ ਰੂਪ ਨੇ ਆ ਦਰਸ਼ਨ ਦਿੱਤੇ ਤਾਂ ਸਾਰਿਆਂ ਨੇ ਦੌੜ ਕੇ ਨਮਸ਼ਕਾਰ ਕੀਤੀ। ਕਈ ਸ਼ਰਧਾਵਾਨਾਂ ਦੇ ਮਨ ਦਾ ਵੈਰਾਗ ਨਾ ਰੁਕੇ। ਸੰਤ ਜੀ ਮਹਾਰਾਜ ਨੇ ਸਭਨਾਂ ਨੂੰ ਧੀਰਜ ਦਿੱਤਾ, ਸੁੱਖ ਅਨੰਦ ਪੁੱਛੀ ਫੇਰ ਇੱਕੋ ਪੰਗਤ ਵਿੱਚ ਬੈਠ ਕੇ ਸਭਨਾਂ ਨੂੰ ਪ੍ਰਸ਼ਾਦ ਛਕਾਇਆ। ਉਪਰੰਤ ਸੰਗਤ ਨੇ ਬੇਨਤੀ ਕੀਤੀ, "ਮਹਾਰਾਜ! ਆਪ ਸਾਨੂੰ ਵਿਛੋੜਾ ਕਿਉਂ ਦੇ ਆਏ? ਸਾਰਾ ਇਲਾਕਾ ਹਜ਼ੂਰ ਦੇ ਦੀਦਾਰ ਬਿਨਾਂ ਬਿਹਬਲ ਹੋ ਕੇ ਤੜਫ ਰਿਹਾ ਹੈ। ਆਪ ਕ੍ਰਿਪਾ ਕਰਕੇ ਅਸਥਾਨ ਤੇ ਦਰਸ਼ਨ ਬਖ਼ਸ਼ੋ।"

ਬਾਬਾ ਜੀ ਨੇ ਉੱਤਰ ਦਿੱਤਾ, "ਪ੍ਰੇਮੀਓ! ਅਸੀਂ ਕਚਹਿਰੀ ਜਾਣ ਤੋਂ ਸੰਕੋਚ ਕਰਦੇ ਹਾਂ ਜੇ ਕੋਈ ਤੁਹਾਡੇ ਵਿੱਚੋਂ ਇਹ ਜ਼ੁੰਮੇਂਵਾਰੀ ਲਵੇ ਕਿ ਸਾਨੂੰ ਕਚਹਿਰੀ ਨਾ ਜਾਣਾ ਪਵੇ ਤਾਂ ਸਾਡੇ ਵਲੋਂ ਕੋਈ ਇਨਕਾਰ ਨਹੀਂ ਕਿਉਂਕਿ ਸਾਧੂ ਕਿਸੇ ਵੀ ਕੀਮਤ ਤੇ ਆਪਣਾ ਪ੍ਰਣ ਭੰਗ ਨਹੀਂ ਕਰਦਾ। ਸੰਤ ਸਭ ਕੁਝ ਤਿਆਗ ਸਕਦਾ ਹੈ ਪਰ ਆਪਣਾ ਬਚਨ ਨਹੀਂ ਛੱਡਦਾ। ਜਿਵੇਂ ਤ੍ਰੇਤੇ ਯੁਗ ਵਿੱਚ ਭਗਵਾਨ ਰਾਮ ਚੰਦਰ ਜੀ ਦੇ ਪਿਤਾ ਦਸਰਥ ਨੇ ਬਚਨ ਦੀ ਪਾਲਣਾ ਵਾਸਤੇ ਪੁੱਤਰ ਦੇ ਵਿਯੋਗ

ਵਿੱਚ ਪ੍ਰਾਣਾਂ ਦਾ ਅੰਤ ਕਰ ਲਿਆ ਪਰ ਬਚਨ ਨਹੀਂ ਤਿਆਗਿਆ।

ਯਥਾ:

*ਪ੍ਰਾਨ ਪੁਤ੍ਰ ਦੋਨੋਂ ਵਡੇ ਚਾਰੋਂ ਜੁਗ ਪ੍ਰਮਾਨ।*
*ਤੇ ਦਸਰਥ ਦੋਨੋਂ ਤਜੇ ਬਚਨ ਨ ਦੀਨੋ ਜਾਨ।*
*ਬਚਨ ਨ ਦੀਨੇ ਜਾਨ ਬੜੋਂ ਕੀ ਇਹਾ ਬਡਾਈ।*
*ਬਚਨ ਰਹੇ ਸੋ ਕਾਮ ਔਰ ਸਰਬੰਸੇ ਜਾਈ।*
*ਕਹਿ ਗਿਰਧਰ ਕਵਿ ਰਾਇ ਦਸਰਥ ਕਾ ਬਚਨ ਸੋ ਮਾਨ।*
*ਬਚਨ ਰਹੇ ਸੋ ਕਾਮ ਦੀਯੋ ਪੁੱਤਰ ਹਿਤ ਪ੍ਰਾਨ।*

ਤਥਾ:

*ਰਘੁਕੁਲ ਰੀਤ ਸਦਾ ਚਲੀ ਆਈ।*
*ਪ੍ਰਾਨ ਜਾਇ ਪਰ ਪ੍ਰਨ ਨ ਜਾਈ।*

ਤਥਾ:

*ਜਬ ਭਾਨ ਉਦੈ ਦਿਸ ਪਸਚਮ ਹ੍ਵੈ*
*ਪੁਨ ਮੇਰੁ ਚਲੈ ਅਤਿਸੈ ਜਬਹੀ।*
*ਗਿਰ ਸ੍ਰਿੰਗ ਸਿਲਾ ਜਬ ਹ੍ਵੈ ਪਦਮਾ*
*ਅਗਨੀ ਅਤਿ ਸੀਤਲ ਹੈ ਕਬਹੀ।*
*ਸਭ ਕੋ ਅਤਿ ਸਾਜਨ ਸੰਤ ਜਨਾ*
*ਵਹਿ ਝੂਠ ਗਿਰਾ ਨ ਕਹੈ ਕਬਹੀ।* *(ਸਾਰਕਤਾਵਲੀ)*

ਤਥਾ:

*ਬਚਨ ਹੇਤ ਸ੍ਰੀ ਰਾਮ, ਲੋਕ ਪਤਿ ਕੀਯੋ ਬਿਭੀਸ਼ਨ।*
*ਬਚਨ ਹੇਤ ਬਲਿ ਰਾਇ, ਗਯੋ ਪਾਤਾਲ ਸੁ ਤਤਛਿਨ।*
*ਬਚਨ ਹੇਤ ਹਰੀ ਚੰਦ, ਨੀਰ ਨੀਚਨ ਘਰ ਭਰਿਓ।*
*ਬਚਨ ਹੇਤ ਸੁਤ ਪੰਡ, ਬੀਚ ਬਨਬਾਸਾ ਕਰਿਓ।*
*ਕਰਕੇ ਬਚਨ ਜੋ ਟਲਹਿ ਨਰ, ਗਹਿ ਕਟਾਰ ਤੇ ਕਟੀਐ।*
*'ਸਾਈਂ ਲੋਕ' ਕਹੇ ਸੁਣੋ ਸਜਣੋਂ, ਬਚਨੋਂ ਮੂਲ ਨ ਹਟੀਐ।*

ਇਸੇ ਤਰ੍ਹਾਂ ਸਾਡੇ ਬਜ਼ੁਰਗਾਂ ਨੇ, ਬਚਨ ਦੀ ਪਾਲਣਾ ਕਰਨ ਵਾਸਤੇ ਮਹਾਨ ਕੁਰਬਾਨੀਆਂ ਕਰ ਵਿਖਾਈਆਂ।

ਨੌਰੰਗਾਬਾਦ ਬਾਬਾ ਬੀਰ ਸਿੰਘ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਆਪਣੇ ਪ੍ਰਾਣ ਬਚਾਉਣ ਵਾਸਤੇ ਸੰਧਾਵਾਲੀਏ ਅਤਰ ਸਿੰਘ ਨੇ ਸ਼ਰਨ ਲਈ, ਸ਼ਰਨ ਸੂਰੇ ਮਹਾਂ-ਪੁਰਸ਼ ਨੇ:

ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥

(ਪੰਨਾ ੧੩੫)

ਸ਼ਰਣ ਪਾਲਕ ਬਿਰਦ ਦੀ ਲਾਜ ਨਿਬਾਹੁਣ ਵਾਸਤੇ ਸ਼ਹੀਦੀ ਪ੍ਰਾਪਤ ਕਰ ਲਈ ਪਰ ਉਸ ਨੂੰ ਵੈਰੀਆਂ ਦੇ ਹੱਥ ਨਾ ਦਿੱਤਾ।"

ਯਥਾ:

*ਸਿੰਘ ਮੁਛ ਭੁਜੰਗ ਮਣਿ ਸੂਰੇ ਸਰਣ ਪਇਆਂ।*
*ਕ੍ਰਿਪਨ ਦੇ ਘਰ ਲਛਮੀ, ਚਾਰੇ ਦੇਣ ਮੁਇਆਂ।*

ਬਾਬਾ ਜੀ ਦੀ ਰਸਨਾ ਤੋਂ ਕਚਹਿਰੀ ਨਾ ਜਾਣ ਦਾ ਪ੍ਰਣ ਸੁਣਕੇ ਇਨ੍ਹਾਂ ਵਿੱਚੋ ਮੁਖੀਆਂ ਨੇ ਅਰਜ਼ ਕੀਤੀ, "ਆਪ ਇਸ ਗੱਲ ਦਾ ਫ਼ਿਕਰ ਨਾ ਕਰੋ ਅਸੀਂ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਆਪ ਕਚਹਿਰੀ ਜਾ ਕੇ ਆਪਣੀ ਜ਼ੁੰਮੇਂਵਾਰੀ ਤੇ

ਹਜ਼ੂਰ ਦੀ ਉਗਾਹੀ ਕਟਵਾ ਆਵਾਂਗੇ ਪਰ ਆਪ ਕ੍ਰਿਪਾ ਕਰਕੇ ਜ਼ਰੂਰ ਅਸਥਾਨ ਨੂੰ ਭਾਗ ਲਾਓ।"

ਇਹਨਾਂ ਦੀ ਸ਼ਰਧਾ ਤੱਕ ਅਤੇ ਨਿੰਮ੍ਰਤਾ ਭਰੀਆਂ ਬੇਨਤੀਆਂ ਸੁਣ ਕੇ ਸੰਤਾਂ ਨੇ ਵਾਪਸ ਜਾਣ ਦਾ ਬਚਨ ਦੇ ਦਿੱਤਾ। ਸਾਰੀ ਸੰਗਤ ਬੜੀ ਪ੍ਰਸੰਨ ਹੋਈ। ਦੂਸਰੇ ਦਿਨ ਸਵੱਖਤੇ ਹੀ ਇਸ਼ਨਾਨ ਕਰਕੇ ਗੁਰੂ ਦਰਬਾਰ ਨੂੰ ਨਮਸ਼ਕਾਰਾਂ ਕਰਕੇ ਅਨੰਦਪੁਰ ਸਾਹਿਬ ਤੋਂ ਚਾਲੇ ਪਾਕੇ ਮੁੜ ਰਾਮ ਭਗਵਾਨ ਦੇ ਅਵਧਪੁਰੀ ਵਾਪਸ ਆਉਣ ਵਾਂਗੂੰ ਗੁਰਦੁਆਰੇ ਦੀ ਪਾਵਨ ਧਰਤੀ ਦਾ ਦਰਸ਼ਨ ਕੀਤਾ।

ਹਜ਼ੂਰ ਦਾ ਆਉਣਾ ਸੁਣਕੇ ਇਲਾਕੇ ਦੀਆਂ ਬੇਅੰਤ ਸੰਗਤਾਂ ਦਰਸ਼ਨ ਵਾਸਤੇ ਆ ਜੁੜੀਆਂ। ਸਭਨਾਂ ਭੇਟਾ ਰੱਖਕੇ ਨਮਸ਼ਕਾਰ ਕੀਤੀ। ਬਾਬਾ ਜੀ ਨੇ ਪ੍ਰੇਮੀ ਸਜਣਾਂ ਦੀ ਸੁਖ-ਅਨੰਦ ਪੁਛੀ ਤੇ ਸਭਨਾਂ ਦੀ ਮਨੋ-ਕਾਮਨਾ ਪੂਰੀ ਕੀਤੀ। ਇਲਾਕੇ ਦੇ ਮੁਖੀ ਸੱਜਣਾਂ ਨੇ ਕਚਿਹਿਰੀ ਵਿੱਚ ਜਾ ਕੇ ਗਵਾਹੀ ਦਾ ਝੰਜਟ ਵੀ ਮੁਕਾ ਦਿੱਤਾ।

-o-

# ਕਾਂਡ ਸੱਤਵਾਂ

## ਓਵਰਸੀਅਰ ਨੂੰ ਬਖ਼ਸ਼ਿਸ਼

ਸ੍ਰੀ ਹਜ਼ੂਰ ਬਾਬਾ ਅਤਰ ਸਿੰਘ ਜੀ ਮਹਾਰਾਜ ਆਮ ਜਨਤਾ ਅਤੇ ਖ਼ਾਸ ਕਰਕੇ ਸਾਧੂਆਂ ਵਾਸਤੇ ਸੇਵਾ ਸਿਮਰਨ ਤੇ ਤਪੱਸਿਆ ਦਾ ਇੱਕ ਵਿਸ਼ੇਸ਼ ਨਮੂਨਾ ਰੱਖਦੇ ਸਨ। ਦਿਨੇ ਹਲ ਵਾਹ ਕੇ ਲੰਗਰ ਚਲਾਉਣੇ, ਰਾਤੀਂ ਸਿਮਰਨ ਵਿੱਚ ਜੁੜੇ ਰਹਿਣਾ। ਸੰਗਤ ਕਰਨ ਵਾਲੇ ਸੱਜਣਾਂ ਨੂੰ ਦਸਾਂ ਨੌਹਾਂ ਦੀ ਕਮਾਈ ਕਰਕੇ ਵੰਡ ਕੇ ਛਕਣ ਦਾ ਉਪਦੇਸ਼ ਕਰਨਾ ਕਿ ਹੱਕ ਦੀ ਕਿਰਤ ਬਰਕਤ ਵਾਲੀ ਹੁੰਦੀ ਹੈ। ਚੋਰੀ, ਨਿੰਦਾ, ਚੁਗਲੀ ਤੇ ਹੋਰ ਔਗਣਾਂ ਦਾ ਤਿਆਗ ਕਰੋ। ਸਦਾ ਸੱਚ ਬੋਲੋ, ਕਿਸੇ ਦਾ ਦਿਲ ਦੁਖਾਉਣਾ ਚੰਗਾ ਨਹੀਂ। ਦਿਲ ਦੀ ਸਫ਼ਾਈ ਹੀ ਖ਼ੁਦਾਈ ਮਿਲਾਪ ਦਾ ਅਸਲੀ ਸਾਧਨ ਹੈ। ਹੋਰ ਤਾਂ ਕੀ ਗੁਰੂ ਘਰ ਦੇ ਪਸ਼ੂ ਚਰਾਵਿਆਂ ਨੂੰ ਹੁਕਮ ਸੀ ਕਿ ਕੋਈ ਪਸ਼ੂ ਬਿਗਾਨੀ ਪੈਲੀ ਵਿੱਚ ਨਾ ਵੜੇ, ਸਾਵਧਾਨੀ ਨਾਲ ਖੋਲ੍ਹ ਕੇ ਬਾਹਰ ਲਿਜਾਇਆ ਕਰੋ।

ਡੰਗਰ ਚਾਰਣ ਵਾਲੇ ਗੁਰਮੁਖ ਨੂੰ ਜੋ ਸਾਦੇ ਲਿਬਾਸ ਵਿੱਚ ਰਹਿਣ ਵਾਲਾ ਚੰਗੇ ਖ਼ਿਆਲਾਂ ਦਾ ਮਸਤ ਲੋਕ ਸੀ, ਇਸ ਦੀ ਬਿਰਤੀ ਦੇਖ ਕੇ ਸਾਰੇ ਸੱਜਣ 'ਰੱਬ ਜੀ' ਆਖਿਆ ਕਰਦੇ। ਸਵੇਰੇ ਹਰ ਰੋਜ਼ ਪਸ਼ੂ ਖੋਲ੍ਹ ਕੇ ਬਾਹਰ ਚਰਾਉਣ ਜਾਂਦਾ, ਸ਼ਾਮੀਂ ਵਾਪਸ ਲੈ ਆਉਂਦਾ। ਅੱਜ ਇਹ ਪਸ਼ੂ ਲੈ ਕੇ ਚੌਕੀ ਦੇ ਕੋਲ ਦੀ ਰੇਲ ਦੇ ਪੁਲ ਪਾਸ ਨਹਿਰ ਵੱਲ ਚਲਾ ਗਿਆ ਉਸ ਸਮੇਂ ਇਸ ਦੇ ਰੋਕਦੇ-ਰੋਕਦੇ ਇੱਕ ਦੋ ਪਸ਼ੂ ਨਹਿਰ ਦੀ ਪਟੜੀ ਤੇ ਚੜ੍ਹ ਗਏ ਤਾਂ ਨਹਿਰੀ ਮਹਿਕਮੇ ਦਾ ਅਫ਼ਸਰ ਓਵਰਸੀਅਰ ਜੋ ਵੱਡੀ ਨੱਹਿਰ ਦੀ ਸਰਕਾਰੀ ਕੋਠੀ ਵਿੱਚ ਰਾਮਪੁਰ ਦੇ ਕੋਲ ਰਹਿੰਦਾ ਸੀ ਸਖ਼ਤ ਸੁਭਾਉ ਦਾ ਨਾਸਤਕ ਖ਼ਿਆਲੀ ਸੀ। ਉਸ ਨੇ ਸੇਵਾਦਾਰਾਂ ਨੂੰ ਆਖ ਕੇ ਸਾਰੇ ਪਸ਼ੂ ਦੋਰਾਹੇ ਮੰਡੀ ਅਹਾਤੇ ਵਿੱਚ ਬੰਦ ਕਰਵਾ ਦਿੱਤੇ। ਇਸ ਗੁਰਮੁਖ ਸੇਵਾਦਾਰ ਨੇ ਬੜੇ ਤਰਲੇ ਕੀਤੇ, ਹੱਥ ਜੋੜੇ, ਆਪਣੀ ਗ਼ਲਤੀ ਮੰਨੀ ਪਰ ਇਸ ਨੇ ਇਸ ਗ਼ਰੀਬ ਸਿੱਖ ਦੀ ਇੱਕ ਨਾ ਮੰਨੀ ਤੇ ਡੰਗਰ ਨਾ ਛੱਡੇ। ਅਖ਼ੀਰ ਇਹ ਵਿਚਾਰਾ ਰੋਂਦਾ, ਰੋਂਦਾ ਗੁਰਦੁਆਰੇ ਪੁੱਜਾ। ਸ਼ਾਮ ਨੂੰ ਸੰਤਾਂ ਪਾਸ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਸਾਰੇ ਪਸ਼ੂ ਕਾਜ਼ੀ ਹਾਊਸ ਦੇ ਦਿੱਤੇ। ਆਪ ਕ੍ਰਿਪਾ ਕਰਕੇ ਵਾਪਸ ਮੰਗਵਾ ਲਵੋ।" ਸੰਤਾਂ ਨੇ ਆਖਿਆ, "ਫੇਰ ਤੈਨੂੰ ਕੀ ਫ਼ਿਕਰ ਹੈ ਤੂੰ ਤਾਂ ਆਪ ਰੱਬ ਹੈਂ, ਰੱਬ ਵੀ ਕਦੇ ਰੋਂਦਾ ਤੇ ਫ਼ਿਕਰ ਕਰਦਾ ਹੈ? ਜਿਸ ਦੇ ਹੋਵਣਗੇ ਉਹ ਆਪੇ ਲੈ ਆਵੇਗਾ, ਜਿਸ ਗੁਰੂ ਦਾ ਲੰਗਰ ਹੈ ਅਤੇ ਜਿਸ ਦੀ ਇਹ ਸੰਗਤ ਹੈ ਉਸਨੂੰ ਆਪਣਿਆਂ ਦਾ ਆਪ ਫ਼ਿਕਰ ਹੋਣਾ ਚਾਹੀਦਾ ਹੈ, ਤੂੰ ਚਿੰਤਾ ਨਾ ਕਰ।" ਇਉਂ ਸੰਤਾਂ ਨੇ ਇਸ ਨੂੰ ਧੀਰਜ ਦੇ ਕੇ ਰੋਣੋਂ ਚੁਪ ਕਰਵਾਇਆ।

ਏਧਰੋਂ ਰਾਮਪੁਰ ਪਿੰਡ ਦੇ ਪ੍ਰੇਮੀਆਂ ਨੂੰ ਪਤਾ ਲੱਗਾ ਤਾਂ ਉਹ ਪੈਸੇ ਭਰਕੇ ਪਸ਼ੂ ਛੁਡਾ ਲਿਆਏ ਤੇ ਰਾਤੀਂ ਗੁਅਦੁਆਰੇ ਸਾਹਿਬ ਪੁਚਾ ਦਿੱਤੇ। ਈਸ਼ਵਰੀ ਨੇਤ ਨਾਲ ਜਦੋਂ ਇਹ ਓਵਰਸੀਅਰ ਰਾਤੀਂ ਆਪਣੇ ਮੰਜੇ ਤੇ ਸੁੱਤਾ ਤਾਂ ਗਊਆਂ ਛਾਤੀ ਤੇ ਆ ਚੜ੍ਹੀਆਂ, ਚੀਕਾਂ ਮਾਰਦਾ ਉਬੜ-ਵਾਹੇ ਉੱਠ ਬੈਠਾ ਪਰ ਉਸ ਸਮੇਂ ਇਸ ਨੂੰ ਦਿਸਿਆ ਕੁਝ ਨਾ ਤੇ ਫੇਰ ਸੌਂ ਗਿਆ। ਉਸੇ ਤਰ੍ਹਾਂ ਫੇਰ ਭੈਅ ਲੱਗਾ ਫੇਰ ਜਾਗ ਖੁੱਲ੍ਹ ਗਈ ਆਲੇ-ਦੁਆਲੇ ਨਿਗ੍ਹਾ ਮਾਰੀ ਪਰ ਨੇੜੇ ਕੋਈ ਨਹੀਂ ਸੀ। ਇਉਂ ਤਿੰਨ ਚਾਰ ਵਾਰੀ ਇਸ ਨਾਲ ਏਹੋ ਜਿਹੀ ਹਾਲਤ ਹੋਈ। ਰਾਤ ਦੇ ਬਾਰ੍ਹਾਂ ਵੱਜ ਗਏ ਪਰ ਫੇਰ ਵੀ ਸੌਂ ਨਾ ਸਕਿਆ, ਅਖ਼ੀਰ ਨੂੰ ਕਿਸੇ ਅਨਡਿੱਠ ਸ਼ਕਤੀ ਨੇ ਇਸਦਾ ਮੰਜਾ ਚੁੱਕ ਕੇ ਮੂਧਾ ਕਰ ਦਿੱਤਾ। ਫੇਰ ਤਾਂ ਇਹ ਬੜਾ ਘਾਬਰਿਆ, ਭੈਅ ਭੀਤ ਹੋ ਕੇ ਚੁਫੇਰੇ ਤੱਕਣ ਲੱਗਾ ਤਾਂ ਇਸਨੂੰ ਦਿਨ ਵਾਲਾ ਦ੍ਰਿਸ਼ ਪ੍ਰਤੱਖ ਸਾਹਮਣੇ ਦਿਸਿਆ। ਗੁਰਦੁਆਰੇ ਦਾ ਸੇਵਾਦਾਰ ਗ਼ਰੀਬ ਸਿੱਖ ਸਜਲ ਨੇਤ੍ਰੀਂ ਹੱਥ ਜੋੜੀ ਆਖ ਰਿਹਾ ਸੀ, "ਬਾਬੂ ਜੀ! ਮੇਰੀ ਗ਼ਲਤੀ ਮੁਆਫ਼ ਕਰ ਦੇਵੋ ਮੈਂ ਅੱਗੇ ਵਾਸਤੇ ਪਟੜੀ ਤੇ ਡੰਗਰ ਨਹੀਂ ਚੜ੍ਹਨ ਦੇਵਾਂਗਾ। ਹੁਣ ਪਸ਼ੂ ਛੱਡ ਦਿਓ। ਸ਼ਾਮੀਂ ਲੰਗਰ ਵਿੱਚ ਸੰਗਤ ਵਾਸਤੇ ਦੁੱਧ ਚਾਹੀਦਾ ਹੈ। ਮੇਰੇ ਤੇ ਤਰਸ ਕਰੋ ਨਹੀਂ ਤਾਂ ਸਾਰੇ ਸਾਧੂਆਂ ਦਾ ਦੋਸ਼ ਮੈਨੂੰ ਲੱਗੇਗਾ।"

ਇਉਂ ਇਸ ਗੱਲ ਨੂੰ ਭੁੱਲ ਜਾਣ ਦੇ ਬਾਵਜੂਦ ਵੀ ਬਾਰੰਬਾਰ ਉਸ ਗ਼ਰੀਬ ਸਿੱਖ ਦੀ ਸ਼ਕਲ ਸਾਹਮਣੇ ਦਿਸ ਰਹੀ ਹੈ ਤਾਂ ਇਸਨੂੰ ਸੋਝੀ ਪਈ ਕਿ ਮੈਂ ਮਹਾਨ ਪਾਪ ਕਰਮ ਕਰ ਬੈਠਾ। ਇੱਕ ਬੇਗੁਨਾਹ ਸਿੱਖ ਦੀ (ਜਿਸਦਾ ਦੋਸ਼ ਥੋੜ੍ਹਾ ਤੇ ਸਜ਼ਾ ਬਹੁਤੀ) ਨਿਰਾਦਰੀ ਕੀਤੀ ਅਤੇ ਅੱਲਾ ਦੇ ਪਿਆਰੇ ਰੱਬੀ-ਨੂਰ ਦੇ ਪਸ਼ੂ ਅਹਾਤੇ ਵਿੱਚ ਦੇ ਦਿੱਤੇ। ਹੁਣ ਮੈਂ ਏਥੇ ਸੌਂ

ਨਹੀਂ ਸਕਾਂਗਾ। ਇਉਂ ਸੋਚ ਕੇ ਉਸੇ ਸਮੇਂ ਆਪਣੇ ਨੌਕਰਾਂ ਸਮੇਤ ਡਿੱਗਦਾ ਢਹਿੰਦਾ ਗੁਰਦੁਆਰੇ ਸਾਹਿਬ ਆ ਗਿਆ।

ਸਵੇਰ ਹੋ ਚੁੱਕੀ ਸੀ, ਪਹੁ-ਫੁਟਾਲੇ ਗੋਖੇ ਦੀ ਛਪੜੀ ਤੋਂ ਸੰਤ ਜੀ ਮਹਾਰਾਜ ਵੀ ਗੁਰਦੁਆਰੇ ਸਾਹਿਬ ਆ ਗਏ। ਇਸਨੇ ਅੱਗੇ ਹੋ ਕੇ ਚਰਨ ਪਰਸੇ ਅਤੇ ਆਪਣੇ ਨਾਲ ਬੀਤੀ ਰਾਤ ਵਾਲੀ ਸਾਰੀ ਵਾਰਤਾ ਦੱਸੀ ਫੇਰ ਬੇਨਤੀ ਕੀਤੀ, "ਮਹਾਰਾਜ! ਆਪਣਾ ਗ਼ਰੀਬ ਨਿਵਾਜ਼ ਬਿਰਦ ਸੰਭਾਲੋ ਮੇਰੇ ਔਗੁਣਾਂ ਵੱਲ ਨਾ ਤੱਕੋ। ਮੈਂ ਰਾਤੀਂ ਸੌਂ ਨਹੀਂ ਸਕਿਆ। ਬੜੇ ਭੈਅ-ਦਾਇਕ ਸੁਪਨੇ ਦੇਖੇ ਮੇਰੀ ਗ਼ਲਤੀ ਮੁਆਫ਼ ਕਰ ਦੇਵੋ।" ਸੰਤ ਜੀ ਨੇ ਆਖਿਆ, "ਪ੍ਰੇਮੀਆਂ! ਅਸੀਂ ਤਾਂ ਤੈਨੂੰ ਕੁਝ ਨਹੀਂ ਕਿਹਾ, ਤੂੰ ਆਪਣੇ ਕੀਤੇ ਕਰਮਾਂ ਅਨੁਸਾਰ ਹੀ ਦੁਖੀ ਹੋ ਰਿਹਾ ਹੈਂ, ਤੈਨੂੰ ਹਕੂਮਤ ਦਾ ਮਾਣ ਸੀ ਤੇ ਗ਼ਰੀਬ ਸਿੱਖ ਨੂੰ ਆਪਣੇ ਗੁਰੂ ਦੇ ਚਰਨਾਂ ਦਾ ਆਸਰਾ ਹੈ। ਤੇਰੀ ਹਕੂਮਤ ਨਾਲੋਂ ਸਿੱਖ ਦੀ ਸਰਕਾਰ ਬਲਵਾਨ ਹੈ ਜਿਸਨੇ ਤੇਰੀ ਹਕੂਮਤ ਵਰਗੀਆਂ ਕ੍ਰੋੜਾਂ ਸਰਕਾਰਾਂ ਬਣਾਈਆਂ ਤੇ ਖਪਾਈਆਂ ਹਨ।" ਕਿਸੇ ਹੰਕਾਰੀ ਰਾਜੇ ਪ੍ਰਤੀ ਭਗਤ ਕਬੀਰ ਜੀ ਫਰਮਾਉਂਦੇ ਹਨ:

ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ ॥
ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ ॥

(ਪੰਨਾ ੩੩੧)

ਪਰ ਇਹ ਫੇਰ ਨੀਮ ਪਾਗਲਾਂ ਵਾਂਗੂ ਆਖੀ ਜਾਵੇ, "ਮੈਨੂੰ ਤੁਹਾਡਾ ਸੇਵਾਦਾਰ ਸੌਣ ਨਹੀਂ ਦਿੰਦਾ, ਗਊਆਂ ਆਪਣੇ ਤਿੱਖੇ ਸਿੰਗਾਂ ਨਾਲ ਮਾਰਨ ਆਉਂਦੀਆਂ ਹਨ, ਆਪ ਉਨ੍ਹਾਂ ਤੋਂ ਮੇਰੀ ਜਾਨ ਬਚਾਓ।" ਸੰਤ ਜੀ ਮਹਾਰਾਜ ਨੇ ਉੱਤਰ ਦਿੱਤਾ, "ਪ੍ਰੇਮੀਆਂ! ਗੁਰੂ ਕੀ ਸੰਗਤ ਸਦਾ ਹੀ ਬਖ਼ਸ਼ੰਦ ਹੈ। ਤੈਂ ਦੁੱਧ ਲੱਸੀ ਤੋਂ ਸੰਗਤ ਦਾ ਲੰਗਰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਿਸ ਕਰਕੇ ਉਸ ਦਾ ਫ਼ਲ ਪਾ ਲਿਆ। ਅਸੀਂ ਆਪਣੇ ਵਲੋਂ ਕਿਸੇ ਨੂੰ ਕੁਝ ਨਹੀਂ ਕਹਿੰਦੇ। ਪਰ ਸੰਗਤ ਦੀ ਨਿਰਾਦਰੀ ਕਰਨ ਵਾਲਾ ਕਦੇ ਸੁਖੀ ਨਹੀਂ ਰਹਿ ਸਕਦਾ, ਹਜ਼ੂਰ ਦਾ ਫੁਰਮਾਨ ਹੈ:

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ
ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥

(ਪੰਨਾ ੩੧੭)

ਕਸੂਰ ਕੀਤਾ ਜਾਣ ਕੇ ਮਾਂ ਆਪਣੇ ਬੱਚੇ ਨੂੰ ਆਪ ਤਾਂ ਭਾਵੇਂ ਤਾੜ ਲਵੇ ਪਰ ਦੂਸਰੇ ਦੇ ਮੁਖੋਂ ਉਸ ਦੀ ਸ਼ਾਨ ਦੇ ਖਿਲਾਫ ਇੱਕ ਵੀ ਸ਼ਬਦ ਸੁਣਨ ਲਈ ਤਿਆਰ ਨਹੀਂ। ਇਸੇ ਤਰ੍ਹਾਂ ਗੁਰੂ ਪ੍ਰੇਮਸ਼ਰ ਵੀ ਆਪਣੇ ਪਿਆਰਿਆਂ ਦਾ ਤ੍ਰਿਸਕਾਰ ਹੋਇਆ ਨਹੀਂ ਦੇਖ ਸਕਦਾ। ਹੁਣ ਤੂੰ ਗੁਰੂ ਕੀ ਸੰਗਤ ਤੋਂ ਮੁਆਫ਼ੀ ਮੰਗ ਤੇ ਅੱਗੇ ਵਾਸਤੇ ਕਿਸੇ ਸਾਧੂ ਸੰਤ ਦਾ ਨਿਰਾਦਰ ਨਾ ਕਰੀਂ। ਜਿਤਨੀ ਹੋ ਸਕੇ ਸੇਵਾ ਹੀ ਕਰਨੀ ਚਾਹੀਦੀ ਹੈ। ਇਨ੍ਹਾਂ ਦੀ ਨਿਰਾਦਰੀ ਪ੍ਰਮੇਸ਼ਰ ਦੀ ਨਿਰਾਦਰੀ ਹੈ। ਪ੍ਰਮੇਸ਼ਰ ਦੀ ਨਿਰਾਦਰੀ ਬਾਦਸ਼ਾਹਾਂ ਨੂੰ ਭੀਖ ਮੰਗਣ ਲਾ ਦਿੰਦੀ ਹੈ"

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥
ਦਰਿ ਮੰਗਨਿ ਭਿਖ ਨ ਪਾਇਦਾ ॥

(ਪੰਨਾ ੪੭੨)

ਉਸ ਸਮੇਂ ਇਸ ਨੇ ਸੰਤਾਂ ਦੇ ਚਰਨ ਫੜ ਲਏ ਤੇ ਸੰਗਤ ਵਿੱਚ ਖੜੋ ਕੇ ਮੁਆਫ਼ੀ ਮੰਗੀ। ਫੇਰ ਤਾਂ ਸਾਰੀ ਜ਼ਿੰਦਗੀ ਨੇਕ ਖ਼ਿਆਲੀ ਤੇ ਪ੍ਰਮਾਰਥੀ ਬੰਦਾ ਬਣਿਆ ਰਿਹਾ। ਹਰ ਰੋਜ਼ ਦੀਵਾਨ ਦੇ ਸਮੇਂ ਗੁਰਦੁਆਰੇ ਆਇਆ ਕਰੇ। ਗੁਰੂ ਦਰਬਾਰ ਦੀ ਸੇਵਾ ਕਰਦਾ, ਕਥਾ ਕੀਰਤਨ ਸੁਣਦਾ ਅਤੇ ਜਿਤਨਾ ਚਿਰ ਇਸ ਦੀ ਬਦਲੀ ਨਾ ਹੋਈ ਉਹ ਸਾਰਾ ਮੀਲ ਬਿਨਾਂ ਨੀਲਾਮ ਕੀਤਿਆਂ ਗੁਰਦੁਆਰੇ ਦੇ ਪਸ਼ੂਆਂ ਵਾਸਤੇ ਛੱਡ ਦਿੰਦਾ ਰਿਹਾ ਜੋ ਹੁਣ ਤੱਕ ਵੀ ਛੱਡਿਆ ਰਹਿੰਦਾ ਹੈ।

## ੩੫ ਨੰ: ਸਿੱਖ ਪਲਟਨ ਦੇ ਫੌਜੀਆਂ ਨੂੰ ਬਖ਼ਸ਼ਿਸ਼

ਜਿਸ ਸਮੇਂ ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦੀ ਗੱਦੀ ਦੇ ਮਾਲਕ ਬਾਬਾ ਆਇਆ ਸਿੰਘ ਜੀ ਜੋਤੀ ਜੋਤ ਸਮਾਂ ਗਏ, ਉਸ ਸਮੇਂ ਇਲਾਕੇ ਦੀਆਂ ਸੰਗਤਾਂ ਨੇ ਆਪਣੇ ਪ੍ਰੀਤਮ ਦੀ ਢੂੰਡ ਵਿੱਚ ਜੰਗਲ ਬੇਲੇ ਖੋਜ ਮਾਰੇ ਪਰ ਇਹ ਘਾਟਾ ਕਿਤੋਂ ਵੀ ਪੂਰਾ ਨਾ ਹੋ ਸਕਿਆ। ਉਸ ਸਮੇਂ ਪਿਸ਼ਾਵਰ ਛਾਉਣੀ ਚੋਂ ੩੫ ਸਿੱਖ ਪਲਟਨ ਦੇ ਫੌਜੀ ਜੋ ਗਿਣਤੀ ਵਿੱਚ ਸੱਠ-ਸੱਤਰ ਸਨ ਪਿਸ਼ਾਵਰ ਤੋਪਖਾਨੇ ਦਾ ਗ੍ਰੰਥੀ ਸੋਢੀ ਦਿਆਲ ਸਿੰਘ ਜੀ, ਗੁਰੂਦੁਆਰੇ ਦਾ ਸੇਵਾਦਾਰ ਭਾਈ ਮੰਗਲ ਸਿੰਘ ਜੀ (ਜਿਸਨੇ ਲੇਖਕ ਨੂੰ ਆਪਣੀ ਜ਼ੁਬਾਨੀ ਇਹ ਵਾਰਤਾ ਦੱਸੀ) ਇਹ ਸਾਰੇ ਫੌਜੀ ਕਈ ਇਲਾਕਿਆਂ ਦੇ ਸਨ। ਭਾਵੇਂ ਇਹ ਸ਼ੁਰੂ ਤੋਂ ਹੀ ਮਾਸ ਸ਼ਰਾਬ ਦੇ ਤਿਆਗੀ ਸਨ ਪਰ ਨਾਮ ਨਹੀਂ ਸੀ ਪ੍ਰਾਪਤ ਹੋਇਆ। ਨਾਮ ਲੈਣ ਵਾਸਤੇ ਸਾਰਿਆਂ ਨੇ ਵਿਚਾਰ ਕੀਤੀ ਕਿਸ ਜਗ੍ਹਾ ਜਾਈਏ। ਉਨ੍ਹਾਂ ਵਿੱਚ ਕਈ ਪਾਰਟੀਆਂ ਬਣ ਗਈਆਂ। ਕਿਉਂਕਿ ਬਾਬਾ ਕਰਮ ਸਿੰਘ ਜੀ ਮਹਾਰਾਜ ਤੋਂ ਵਰੋਸਾਏ ਪੂਰਨ ਬ੍ਰਹਮ ਗਿਆਨੀ ਸੌ ਤੋਂ ਉਪਰ ਸਾਧੂ ਤਿਆਗੀ ਵਿਰੱਕਤ ਅਤੇ ਡੇਰੇਦਾਰ ਪੰਜਾਬ ਦੀ ਧਰਤੀ ਤੇ ਹਿੰਦੁਸਤਾਨ ਦੇ ਕੋਨੇ-ਕੋਨੇ ਤੋਂ ਇਲਾਵਾ ਹੋਰ ਬਾਹਰਲੇ ਟਾਪੂਆਂ ਵਿੱਚ ਵੀ ਰਹਿੰਦੇ ਸਨ।

ਮਾਝੇ ਵਾਸੀ ਕਹਿਣ ਸੰਤ ਨਰੈਣ ਸਿੰਘ ਦੇ ਪਾਸ 'ਭਿੱਟੇ ਵਢ' ਜਾਓ। ਕਈਆਂ ਦੇ ਖਿਆਲ ਹੋਇਆ ਦੁਆਬੇ ਵਿੱਚ ਸੰਤ ਹਰਨਾਮ ਸਿੰਘ ਜੀ ਦੇ ਦਰਸ਼ਨ ਕਰੀਏ। ਕੁਝ ਕੁ ਸੰਤ ਰਾਮ ਸਿੰਘ ਜੀ ਦੇ ਸ਼ਰਧਾਲੂ ਹੋਤੀ ਮਰਦਾਨ ਜਾਣ ਦੀ ਪ੍ਰੇਰਨਾ ਕਰਨ। ਇਨ੍ਹਾਂ ਸਾਰਿਆਂ ਦਾ ਜਥੇਦਾਰ ਬਾਬਾ ਆਇਆ ਸਿੰਘ ਜੀ ਤੋਂ ਵਰੋਸਾਇਆ ਬਾਬਾ ਨੱਥਾ ਸਿੰਘ ਜੀ ਸਨ, ਵੈਸ਼ਨੋ ਖਿਆਲਾਂ ਦੇ ਨਿਤਨੇਮੀ। ਪੂਰਨ ਸੰਤ ਜੀ ਦੀ ਖੋਜ ਵਿੱਚ ਲੱਗੇ ਅੱਡੋ-ਅੱਡੀ ਵਿਚਾਰਾਂ ਕਰਦੇ ਰਹੇ ਪਰ ਸਮਝ ਕੁਝ ਨਾ ਪਵੇ ਹੁਣ ਕੀ ਕਰਨਾ ਚਾਹੀਦਾ ਹੈ? ਸਾਰੇ ਹੀ ਆਪੋ ਆਪਣੀ ਖਿੱਚ ਕਰਦੇ ਰਹੇ। ਅਖ਼ੀਰ ਨੂੰ ਸਭਨਾਂ ਦੇ ਤਾਂਈਂ ਗੁਰਮੁਖ ਪਿਆਰੇ ਗ੍ਰੰਥੀ ਦਿਆਲ ਸਿੰਘ ਨੇ ਸੁਝਾਅ ਦਿੱਤਾ ਕਿ ਇਸ ਪ੍ਰਕਾਰ ਤੁਹਾਡਾ ਝਗੜਾ ਨਹੀਂ ਮੁਕੇਗਾ। ਹੁਣ ਤੁਸੀਂ ਸਾਰੇ ਹੀ ਸਤਿਗੁਰਾਂ ਦਾ ਆਸਰਾ ਲੈ ਕੇ ਇਹ ਫੈਸਲਾ ਉਨ੍ਹਾਂ ਤੇ ਛੱਡੋ। ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਾਰੇ ਮਹਾਂ-ਪੁਰਸ਼ਾਂ ਦਾ ਨਾਮ ਲਿਖ ਕੇ ਚਿੱਠੀਆਂ ਪਾ ਕੇ ਅਰਦਾਸ ਕਰੋ ਜਿਸ ਦਾ ਨਾਮ ਆਵੇ ਉਸ ਮਹਾਂ-ਪੁਰਸ਼ ਦੀ ਸ਼ਰਨ ਤੱਕੋ, ਸ਼ਰਧਾ ਰੱਖ ਕੇ ਨਾਮ ਲਵੋ।

ਇਹ ਗੱਲ ਸਭਨਾਂ ਨੂੰ ਚੰਗੀ ਲੱਗੀ ਅਤੇ ਨਿਰੰਕਾਰੀ ਫੈਸਲੇ ਤੇ ਨਿਸ਼ਚਾ ਕਰਨਾ ਪਸੰਦ ਕੀਤਾ। ਕੜਾਹ ਪ੍ਰਸਾਦਿ ਦੀ ਦੇਗ ਤਿਆਗ ਕਰਵਾ ਕੇ ਸਾਰੇ ਸ਼ਰਧਾਲੂ ਗੁਰੂ ਦਰਬਾਰ ਵਿੱਚ ਪੁੱਜੇ। ਬਾਬਾ ਕਰਮ ਸਿੰਘ ਜੀ ਮਹਾਰਾਜ ਤੋਂ ਵਰੋਸਾਏ ਮਸ਼ਹੂਰ-ਮਸ਼ਹੂਰ ਮਹਾਂ-ਪੁਰਸ਼ਾਂ ਦੇ ਨਾਮ ਲਿਖ ਕੇ ਜਿਨ੍ਹਾਂ-ਜਿਨ੍ਹਾਂ ਦਾ ਇਨ੍ਹਾਂ ਨੂੰ ਪਤਾ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਚਿੱਠੀਆਂ ਪਾ ਕੇ ਗ੍ਰੰਥੀ ਸਾਹਿਬ ਤੋਂ ਅਰਦਾਸ ਕਰਵਾਈ ਐ ਦਾਤਾ! ਅਸੀਂ ਕਲਜੁਗ ਦੇ ਅਲਪੱਗ ਜੀਵ ਹਾਂ ਆਪ ਪੂਰਨ ਮਹਾਂ-ਪੁਰਸ਼ਾਂ ਦੀ ਖੋਜ ਨਹੀਂ ਕਰ ਸਕਦੇ। ਹੁਣ ਤੁਸੀਂ ਹੀ ਸਾਡੇ ਤੇ ਤਰਸ ਕਰੋ ਅਤੇ ਕਿਰਪਾ ਕਰਕੇ ਕਿਸੇ ਕਲਿਆਣਕਾਰੀ ਮਹਾਂ-ਪੁਰਸ਼ ਦਾ ਪੱਲਾ ਪਕੜਾਵੋ ਜੋ ਸਾਡੀ ਅਗਵਾਈ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਕਰੇ ਤਾਂ ਅਰਸ਼ੀ ਦਾਤੇ ਨੇ ਪੱਤ੍ਰਕਾ ਚੁੱਕਣ ਵਾਲੇ ਸੱਜਣ ਹੱਥ ਰੇਰੂ ਸਾਹਿਬ ਵਾਲੇ ਸੰਤਾਂ ਦੇ ਨਾਮ ਵਾਲੀ ਚਿੱਠੀ ਦਿੱਤੀ। ਕਈ ਆਪਣੇ ਦੇਸਾ ਅਧਿਆਸੀ ਕਹਿਣ ਲੱਗੇ, ਨਹੀਂ ਇਹ ਠੀਕ ਨਹੀਂ ਤੁਸਾਂ ਪੱਖ ਕੀਤਾ ਹੈ। ਪੱਤ੍ਰਕਾ ਫੇਰ ਪਾਓ। ਜਦੋਂ ਦੂਜੀ ਵਾਰ ਅਰਦਾਸ ਕੀਤੀ ਤਾਂ ਉਸ ਸਮੇਂ ਵੀ ਬਾਬਾ ਅਤਰ ਸਿੰਘ ਜੀ ਮਹਾਰਾਜ ਦਾ ਹੀ ਨਾਮ ਆਇਆ। ਇਉਂ ਤਿੰਨ ਵਾਰੀ ਰੇਰੂ ਸਾਹਿਬ ਵਾਲੇ ਸੰਤਾਂ ਦੇ ਦਰਸ਼ਨਾਂ ਵਾਸਤੇ ਅਕਾਲ ਪੁਰਖ ਵਲੋਂ ਇਨ੍ਹਾਂ ਫੌਜੀਆਂ ਨੂੰ ਪ੍ਰੇਰਨਾ ਹੋਈ। ਉਸ ਸਮੇਂ ਇਨ੍ਹਾਂ ਦੇ ਮਨ ਵਿੱਚ ਉਹ ਵਰ ਵਾਲੇ ਬਚਨ ਚੇਤੇ ਆਏ ਜੋ ਪਹਿਲਾਂ ਸੁਣ ਚੁੱਕੇ ਸਨ ਕਿ ਬਾਬਾ ਆਇਆ ਸਿੰਘ ਜੀ ਨੇ ੧੯੬੬ ਬਿਕ੍ਰਮੀ ਦੀ ਅਰਧ-ਕੁੰਭੀ ਦੇ ਸਮੇਂ ਹਰਿਦੁਆਰ ਤੇ ਅਨੰਦਪੁਰ ਸਾਹਿਬ ਤੋਂ ਵਾਪਸ ਆਉਂਦਿਆਂ ਰੇਰੂ ਸਾਹਿਬ ਠਹਿਰ ਕੇ ਆਖਿਆ ਸੀ 'ਅੱਜ ਤੋਂ ਹੋਤੀ ਏਥੇ ਆ ਗਈ' ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਜੋਤ ਰੇਰੂ ਸਾਹਿਬ ਜਗ ਰਹੀ ਹੈ। ਉਸ ਸਮੇਂ ਇਹ ੩੫ ਨੰ: ਸਿੱਖ ਪਲਟਨ ਦੇ ਫੌਜੀ ਜੋ ਨਾਮ ਦੇ ਚਾਹਵਾਨ ਸਨ ਬਾਬਾ ਨੱਥਾ ਸਿੰਘ ਦੇ ਸਮੇਤ ਅੰਮ੍ਰਿਤਧਾਰੀ ਸਿੰਘ ਤੇ ਸਹਿਜਧਾਰੀ ਵੀਰ ਸਾਰੇ ਹੀ ਗੱਡੀ ਵਿੱਚ ਬੈਠ ਕੇ ਰੇਰੂ ਸਾਹਿਬ ਪੁੱਜੇ। ਪਾਵਨ ਗੁਰੂ ਦਰਬਾਰ ਤੇ ਮੰਜੀ ਸਾਹਿਬ ਦੇ ਦਰਸ਼ਨ ਕੀਤੇ ਉਪਰੰਤ ਜਲ-ਪਾਣੀ ਛਕਣ ਤੋਂ ਪਹਿਲਾਂ ਸੰਤ ਜੀ ਮਹਾਰਾਜ ਦਾ ਦਰਸ਼ਨ ਕਰਨਾ ਚਾਹਿਆ। ਲੰਗਰ ਵਿੱਚੋਂ ਪਤਾ ਕੀਤਾ ਬਾਬਾ ਦੀ ਐਸ ਟਾਈਮ ਕਿੱਥੇ ਹੋਣਗੇ? ਲੰਗਰ ਦੇ ਸੇਵਾਦਾਰ ਸ੍ਰੀ ਮਾਨ ਸੰਤਾ ਸਿੰਘ ਨੇ ਆਖਿਆ ਉਹ ਤਾਂ ਐਸ

ਵੇਲੇ ਬਾਹਰ ਹਲ ਵਾਹ ਰਹੇ ਹਨ।

ਇਹ ਸਾਰੇ ਹੀ ਸੱਜਣ ਉਸੇ ਪਾਸੇ ਨੂੰ ਚਲ ਪਏ। ਕੱਤਕ ਦਾ ਮਹੀਨਾ ਹੋਣ ਕਰਕੇ ਬਿਜਾਈਆਂ ਦਾ ਜ਼ੋਰ ਸੀ ਜਿਸ ਕਰਕੇ ਪਿੰਡੋਂ ਹੋਰ ਵੀ ਕਈ ਹਲ ਸੇਵਾ ਵਿੱਚ ਆਏ ਸਨ, ਗਲ਼ ਖੱਦਰ ਦੀ ਕਫ਼ਨੀ ਤੇ ਪਰਨੇ ਦਾ ਮੰਡਾਸਾ ਮਾਰ ਕੇ ਸਾਦੇ ਲਿਬਾਸ ਵਿੱਚ ਬਾਬਾ ਜੀ ਵਾਲਾ ਹਲ ਸਭਨਾਂ ਤੋਂ ਅੱਗੇ ਜਾ ਰਿਹਾ ਸੀ। ਜਦੋਂ ਇਨ੍ਹਾਂ ਨੇ ਦਰਸ਼ਨ ਕੀਤੇ ਤਾਂ ਇਹ ਵੀ ਪਤਾ ਨਾ ਲੱਗ ਸਕੇ ਕਿ ਇਨ੍ਹਾਂ ਵਿੱਚੋਂ ਸੰਤ ਜੀ ਮਹਾਰਾਜ ਕਿਹੜੇ ਹਨ? ਮਨ ਵਿੱਚ ਸੰਕਲਪ ਫੁਰਿਆ ਕਿ ਡੇਰੇ ਵਿੱਚ ਕੋਈ ਇਹੋ ਜਿਹਾ ਸੇਵਾਦਾਰ ਨਹੀਂ ਜੋ ਖੇਤੀ-ਬਾੜੀ ਦਾ ਕੰਮ ਸੰਭਾਲ ਸਕੇ। ਇਹ ਸੰਤ ਹੋ ਕੇ ਆਪ ਹਲ ਵਾਹੁੰਦੇ ਹਨ। ਸੰਤਾਂ ਨੂੰ ਤਾਂ ਚਾਹੀਦਾ ਹੈ ਇਕਾਂਤ ਜਗ੍ਹਾ ਗੱਦੀ ਲਾ ਕੇ ਬੈਠਣ ਤੇ ਸੰਗਤਾਂ ਨੂੰ ਦਰਸ਼ਨ ਦੇਵਣ। ਇਨ੍ਹਾਂ ਨੂੰ ਐਸ ਵੇਲੇ ਪ੍ਰਮੇਸ਼ਰ ਨੇ ਨਾਮ ਜਪਾਉਣ ਦੀ ਡਿਊਟੀ ਸੌਂਪੀ ਹੈ। ਉਸ ਨੂੰ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਆਗਿਆ ਦਾ ਪਾਲਨ ਕਰਦੇ ਹੋਏ ਨਾਮ ਜਪਾ ਕੇ ਚੰਗੀ ਤਰ੍ਹਾਂ ਨਿਭਾਉਣ। ਇਸੇ ਤਰ੍ਹਾਂ ਦੀਆਂ ਵਿਚਾਰਾਂ ਕਰਦੇ ਆ ਰਹੇ ਸਨ।

ਏਧਰੋਂ ਦਿਲਾਂ ਦੀ ਜਾਨਣਹਾਰ ਦਾਤੇ ਨੇ ਇਨ੍ਹਾਂ ਫੌਜੀਆਂ ਦੀ ਭਾਵਨਾ ਪੂਰੀ ਕਰਨ ਵਾਸਤੇ ਆਪਣਾ ਹਲ ਰੋਕਿਆ ਅਤੇ ਅੱਗੇ ਆ ਕੇ ਆਖਿਆ, "ਬਈ ਗੁਰਮੁਖੋ! ਏਧਰ ਕਿਸ ਲਈ ਆ ਰਹੇ ਹੋ? ਜੇਕਰ ਤੁਸਾਂ ਸੰਤਾਂ ਦਾ ਦਰਸ਼ਨ ਕਰਨਾ ਹੈ ਉਹ ਤਾਂ ਬਾਹਰ ਬਗ਼ੀਚੀ ਵਿੱਚ ਬੈਠੇ ਹਨ ਤੁਸੀਂ ਓਥੇ ਜਾਓ, ਅਸੀਂ ਤਾਂ ਗੁਰੂ ਘਰ ਦੇ ਹਲ ਵਾਹ ਸੇਵਾਦਾਰ ਹਾਂ।" ਹਜ਼ੂਰ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣ ਕੇ ਇਹ ਸਾਰੇ ਫੌਜੀ ਏਥੋਂ ਸਿੱਧੇ ਹੀ ਬਾਹਰ ਬਗ਼ੀਚੀ ਵੱਲ ਨੂੰ ਚੱਲ ਪਏ। ਜਦੋਂ ਪਾਸ ਗਏ ਤਾਂ ਅੰਦਰ ਜਾ ਕੇ ਕੀ ਤੱਕਿਆ ਇੱਕ ਨੂਰਾਨੀ ਚੇਹਰੇ ਵਾਲਾ ਬਜ਼ੁਰਗ ਚੰਦ੍ਰਮਾ ਦੀ ਚਾਂਦਨੀ ਸਮਾਨ ਸਫ਼ੈਦ ਪੁਸ਼ਾਕ, ਦੁੱਧ ਚਿੱਟਾ ਦਾੜ੍ਹਾ, ਮਸਤਕ ਦਾ ਡੁਲ੍ਹ-ਡੁਲ੍ਹ ਪੈਂਦਾ ਨੂਰ, ਚੌੜੇ ਤੇ ਮਸਤੀ ਵਾਲੇ ਬੰਦ ਨੇਤਰ, ਚੌਂਕੜਾ ਮਾਰ ਕੇ ਪਲੰਘ ਤੇ ਸਜਿਆ ਹੈ। ਜਦੋਂ ਇਨ੍ਹਾਂ ਨੇ ਪਾਸ ਜਾ ਕੇ ਭਾਵਨਾ ਨਾਲ ਭੇਟਾ ਰੱਖਕੇ ਮੱਥਾ ਟੇਕਿਆ ਤਾਂ ਮਨ ਪੂਰਣ ਸ਼ਾਂਤੀ ਨੂੰ ਪ੍ਰਾਪਤ ਹੋ ਗਿਆ। ਉਨ੍ਹਾਂ ਵਿੱਚੋਂ ਕਈ ਕਹਿਣ ਲੱਗੇ ਇਹ ਤਾਂ ਉਹੋ ਹੀ ਬਾਬੇ ਪ੍ਰਤੀਤ ਹੁੰਦੇ ਹਨ ਜੋ ਖੇਤਾਂ ਵਿੱਚ ਹਲ ਚਲਾ ਰਹੇ ਸਨ। ਉਸ ਸਮੇਂ ਕਾਹਲੇ ਪੈ ਕੇ ਇੱਕ ਫੌਜੀ ਨੇ ਹੈਰਾਨ ਹੁੰਦਿਆਂ ਅਰਜ਼ ਕੀਤੀ, "ਮਹਾਰਾਜ! ਅਸੀਂ ਰਸਤੇ ਵਿੱਚ ਕਿਤੇ ਨਹੀਂ ਰੁਕੇ ਪਰ ਆਪ ਸਾਥੋਂ ਪਹਿਲਾਂ ਏਥੇ ਕਿਵੇਂ ਆ ਗਏ? ਇਸ਼ਨਾਨ ਕਰਕੇ ਬਸਤਰ ਵੀ ਬਦਲ ਲਏ। ਕਦੋਂ ਕੁ ਦੇ ਬੈਠੇ ਹੋ?"

ਸੰਤਾਂ ਨੇ ਮੁਸਕਰਾ ਕੇ ਉੱਤਰ ਦਿੱਤਾ, "ਪ੍ਰੇਮੀਓ! ਓਥੇ ਕੋਈ ਹੋਰ ਦੇਖਿਆ ਹੋਵੇਗਾ।" ਇਨ੍ਹਾਂ ਨੇ ਫੇਰ ਬੇਨਤੀ ਕੀਤੀ, "ਨਹੀਂ ਮਹਾਰਾਜ! ਓਥੇ ਵੀ ਆਪ ਹੀ ਸੀ ਪਰ ਇਹ ਗੱਲ ਸਾਡੀ ਸਮਝ ਵਿੱਚ ਨਹੀਂ ਪੈਂਦੀ, ਆਪ ਕਿਰਪਾ ਕਰਕੇ ਸਾਰਾ ਭੇਦ ਖੋਲ੍ਹ ਕੇ ਦੱਸੋ।"

ਹਜ਼ੂਰ ਨੇ ਉੱਤਰ ਦਿੱਤਾ, "ਗੁਰਸਿਖੋ! ਭਾਵੇਂ ਇਹ ਗੱਲ ਗੁਪਤ ਰੱਖਣ ਵਾਲੀ ਸੀ ਪਰ ਤੁਹਾਡਾ ਪ੍ਰੇਮ ਤੇ ਸ਼ਰਧਾ ਦੇਖ ਕੇ ਹੁਣ ਦੱਸਣੀ ਬਣੇਗੀ। ਤੁਸੀਂ ਜੋ ਪ੍ਰਮੇਸ਼ਰ ਦੇ ਪ੍ਰੇਰੇ ਇਤਨੀ ਦੂਰੋਂ ਆਏ ਫੇਰ ਏਥੇ ਆ ਕੇ ਗੱਦੀ ਲਾ ਕੇ ਬੈਠਣ ਵਾਲੇ ਦਾ ਦਰਸ਼ਨ ਕਰਨਾ ਚਾਹੁੰਦੇ ਸੀ। ਅਸੀਂ ਤੁਹਾਡੀ ਭਾਵਨਾ ਪੂਰੀ ਕਰਨ ਵਾਸਤੇ ਇਸ ਵਿੱਚ ਦਰਸ਼ਨ ਦਿੱਤਾ ਹੈ। ਉਂਞ ਸਾਧੂ ਨੂੰ ਪੂਰਨ ਅਵਸਥਾ ਵਿੱਚ ਰਾਜੇ ਜਨਕ ਵਾਂਗੂੰ ਸੇਵਾ ਕਰਦਿਆਂ ਵੀ ਸਿਮਰਨ ਵਿਸਰਦਾ ਨਹੀਂ। ਗੁਰਮਤ ਵਿੱਚ ਸੇਵਾ ਤੇ ਸਿਮਰਨ ਦੋਵੇਂ ਚੀਜ਼ਾਂ ਦਾ ਜਗਿਆਸੂ ਨੂੰ ਬਹੁਤਾ ਲਾਭ ਹੈ:

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥

(ਪੰਨਾ ੧੩੭੬)

ਬਲਕਿ ਗੁਰਸਿੱਖੀ ਤਾਂ ਸੇਵਾ ਤੋਂ ਹੀ ਸ਼ੁਰੂ ਹੁੰਦੀ ਹੈ।

ਯਥਾ:

ਗੁਰ ਸਿਖੀ ਦਾ ਸਿਖਣਾ ਗੁਰਮੁਖਿ ਸਾਧਸੰਗਤਿ ਦੀ ਸੇਵਾ।
ਦਸ ਅਵਤਾਰ ਨ ਸਿਖਿਆ ਗੀਤਾ ਗੋਸਟਿ ਅਲਖ ਅਭੇਵਾ।
ਵੇਦ ਨ ਜਾਣਨ ਭੇਦ ਕਿਹੁ ਲਿਖਿ ਪੜਿ ਸੁਣਿ ਸਣੁ ਦੇਵੀ ਦੇਵਾ।
ਸਿਧ ਨਾਥ ਨ ਸਮਾਧਿ ਵਿਚਿ ਤੰਤ ਨ ਮੰਤ ਲੰਘਾਇਨਿ ਖੇਵਾ।
ਲਖ ਭਗਤਿ ਜਗਤ ਵਿਚਿ ਲਿਖਿ ਨ ਗਏ ਗੁਰ ਸਿਖੀ ਟੇਵਾ।

ਸਿਲਾ ਅਲੂਣੀ ਚਟਣੀ ਸਾਦਿ ਨ ਪੁਜੈ ਲਖ ਲਖ ਮੇਵਾ।
ਸਾਧਸੰਗਤਿ ਗੁਰ ਸਬਦ ਸਮੇਵਾ ॥੪॥

(ਭਾਈ ਗੁਰਦਾਸ ਜੀ)

ਸੋ ਇਹ ਸੇਵਾ ਹੀ ਗੁਰੂ ਘਰ ਵਿੱਚ ਸਭ ਤੋਂ ਉੱਤਮ ਤੇ ਸ਼੍ਰੋਮਣੀ ਪਦਾਰਥ ਹੈ ਪਰ ਹੈ ਕਰਨੀ ਬੜੀ ਮੁਸ਼ਕਲ। ਏਸੇ ਕਰਕੇ ਗੁਰਸਿੱਖੀ ਨੂੰ ਬਰੀਕ ਤੇ ਕਠਨ ਦਸਿਆ ਹੈ, ਭਾਈ ਸਾਹਿਬ ਜੀ ਲਿਖਦੇ ਹਨ:

ਗੁਰ ਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।
ਓਥੈ ਟਿਕੈ ਨ ਭੁਲਹਣਾ ਚੱਲ ਨ ਸਕੈ ਉਪਰ ਕੀੜੀ।
ਵਾਲਹੁੰ ਨਿਕੀ ਆਖੀਐ ਤੇਲ ਤਿਲਹੁੰ ਲੈ ਕੋਲ੍ਹ ਪੀੜੀ।
ਗੁਰਮੁਖ ਵੰਸੀ ਪਰਮ ਹੰਸ ਖੀਰ ਨੀਰ ਨਿਰਨਉ ਜੁ ਨਿਵੀੜੀ।
ਸਿਲ ਆਲੂਣੀ ਚਟਣੀ ਮਾਣਕ ਮੋਤੀ ਚੋਗ ਨਿਵੀੜੀ।

(ਭਾਈ ਗੁਰਦਾਸ ਜੀ)

ਅਥਵਾ:

ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ।
ਆਖਣਿ ਆਖਿ ਨ ਸਕੀਐ ਲੇਖ ਅਲੇਖ ਨ ਜਾਈ ਲਿਖੀ।
ਗੁਰਮੁਖਿ ਪੰਥੁ ਵਖਾਣੀਐ ਅਪੜਿ ਨ ਸਕੈ ਇਕਤੁ ਵਿਖੀ।
ਸਿਲ ਅਲੂਣੀ ਚਟਣੀ ਤੁਲਿ ਨ ਲਖ ਅਮਿਅ ਰਸ ਇਖੀ।

ਤਥਾ:

ਗੁਰਸਿਖੀ ਬਾਰੀਕ ਹੈ ਸਿਲ ਚਟਨ ਫਿੱਕੀ।
ਤ੍ਰਿਖੀ ਖੰਡੇ ਧਾਰ ਹੈ ਉਹ ਵਾਲਹੁੰ ਨਿਕੀ।

(ਭਾਈ ਗੁਰਦਾਸ ਜੀ)

ਜਪ, ਤਪ ਜੋਗ, ਜਗ, ਤੀਰਥ ਯਾਤਰਾ ਆਦਿਕ ਸਾਧਨ ਵੀ ਗੁਰ ਸੇਵਾ ਵਿੱਚ ਹੀ ਆ ਜਾਂਦੇ ਹਨ।

ਪੂਜਹੁ ਰਾਮੁ ਏਕੁ ਹੀ ਦੇਵਾ ॥
ਸਾਚਾ ਨਾਵਣੁ ਗੁਰ ਕੀ ਸੇਵਾ ॥

(ਪੰਨਾ ੪੮੪)

ਅਥਵਾ:

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥

(ਪੰਨਾ ੪੨੩)

ਗੁਰ ਸੇਵਾ ਸਾਰੇ ਫ਼ਲਾਂ ਦੀ ਦਾਤੀ ਹੈ, ਸਤਿਗੁਰਾਂ ਦੇ ਸਮੇਂ ਸੇਵਾ ਦੁਆਰਾ ਹੀ ਗੁਰਤਾ-ਗੱਦੀਆਂ ਦੀ ਪ੍ਰਾਪਤੀ ਹੋਈ।

ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥

(ਪੰਨਾ ੨੬੬)

ਇਸਤ੍ਰੀ, ਪੁੱਤਰ, ਧਨ, ਦੌਲਤ ਤੇ ਦੇਹ ਅਰੋਗਤਾ ਸਰੀਰਕ ਸੁੱਖਾਂ ਦੀ ਦਾਤੀ ਗੁਰ ਸੇਵਾ ਹੈ, ਮਨ ਨੂੰ ਪੂਰਨ ਸ਼ਾਂਤੀ ਤੇ ਬ੍ਰਹਮ-ਗਿਆਨ ਗੁਰ ਸੇਵਾ ਦੁਆਰੇ ਹੀ ਹੁੰਦਾ ਹੈ।

ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥

(ਪੰਨਾ ੩੩੬)

ਤੁਸੀਂ ਰੱਬੀ ਹੁਕਮ ਅਨੁਸਾਰ ਇਤਨੀ ਦੂਰੋਂ ਚੱਲ ਕੇ ਵੀ ਆਏ ਜੇਕਰ ਤੁਹਾਡੀ ਇਹ ਤੁਛ ਜੇਹੀ ਮੰਗ ਵੀ ਪੂਰੀ

ਨਾ ਹੁੰਦੀ ਫੇਰ ਸ਼ਰਧਾ ਨਹੀਂ ਸੀ ਰਹਿਣੀ। ਸ਼ਰਧਾ ਤੋਂ ਬਿਨਾਂ ਸਿੱਖ ਨੂੰ ਸਾਧੂ ਦਰਸ਼ਨਾਂ ਦਾ ਵੀ ਪੂਰਨ ਲਾਭ ਨਹੀਂ ਮਿਲਦਾ। ਪਰ ਬਈ! ਸਾਧੂ ਦਾ ਅੰਤ ਲੈਣਾ ਵੀ ਠੀਕ ਨਹੀਂ। ਸ਼ਰਧਾ ਰੱਖ ਕੇ ਜਿਤਨੀ ਹੋ ਸਕੇ ਸੰਤਾਂ ਦੀ ਸੇਵਾ ਕਰੀਏ। ਉਨ੍ਹਾਂ ਦੀ ਪ੍ਰੀਖਿਆ ਨਹੀਂ ਕਰਨੀ ਚਾਹੀਦੀ। ਭਲਾ ਜੇ ਅਸੀਂ ਹੁਣ ਤੁਹਾਡੀ ਪਰਖ ਕਰੀਏ ਤਾਂ ਕੋਈ ਕਸਵਟੀ ਤੇ ਪੂਰਾ ਉੱਤਰ ਸਕੇਗਾ?"

ਮਹਾਂ-ਪੁਰਸ਼ਾਂ ਦੀ ਪਾਵਨ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣਕੇ ਇਨ੍ਹਾਂ ਨੇ ਹੱਥ ਜੋੜੇ, ਨਿਮਰਤਾ ਨਾਲ ਆਪਣੀ ਗ਼ਲਤੀ ਮੰਨਕੇ ਮੁਆਫ਼ੀ ਮੰਗੀ ਤਾਂ ਹਜ਼ੂਰ ਮੇਹਰਾਂ ਦੇ ਘਰ ਵਿੱਚ ਆ ਕੇ ਬੋਲੇ, "ਗੁਰਸਿੱਖੋ! ਸ਼ਰਧਾ ਵਾਲਿਆਂ ਦੇ ਬੇੜੇ ਪਾਰ ਹੁੰਦੇ ਹਨ। ਭਗਤੀ ਰੂਪੀ ਬ੍ਰਿਛ ਲਾਉਣ ਲਈ ਸ਼ੁੱਧ ਹਿਰਦਾ ਧਰਤੀ ਹੈ, ਨਿਮਰਤਾ ਰੂਪੀ ਜਲ ਤੇ ਸ਼ਰਧਾ ਹੀ ਬੀਜ ਹੈ, ਇਹ ਹਲ ਵਾਹੁਣ ਦੀ ਸੇਵਾ ਵੀ ਦਾਤੇ ਪਾਸੋਂ ਮੰਗ ਕੇ ਲਈ ਹੈ। ਪਿਆਰੇ ਨੇ ਤਰੁਠ ਕੇ ਇਹ ਦਾਤ ਬਖ਼ਸ਼ੀ ਹੈ। ਸਮਾਂ ਆਵੇਗਾ ਤੁਹਾਡੀ ਭਾਵਨਾ ਪੂਰੀ ਕਰਨ ਵਾਸਤੇ ਮਾਲਵੇ ਦੇਸ਼ ਵਿੱਚ ਗੱਦੀਆਂ ਲਾ ਕੇ ਬੈਠਣ ਵਾਲੇ ਮਹਾਂ-ਪੁਰਸ਼ ਵੀ ਹੋਤੀ ਦੇ ਨਾਮ ਨੂੰ ਚਮਕਾਉਣਗੇ।"

ਇਹ ਬਚਨ ਸੁਣਕੇ ਸਭਨਾਂ ਦਾ ਮਨ ਗਦ-ਗਦ ਹੋ ਗਿਆ। ਨੇਤਰਾਂ ਵਿੱਚੋਂ ਵੈਰਾਗ ਦੇ ਹੰਝੂ ਵਹਿ ਤੁਰੇ। ਫੇਰ ਤਾਂ ਪੂਰਨ ਨਿਸ਼ਚਾ ਹੋ ਗਿਆ ਕਿ ਏਥੇ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਪ੍ਰਤੱਖ ਜੋਤ ਪ੍ਰਕਾਸ਼ ਰਹੀ ਹੈ। ਉਸ ਸਮੇਂ ਸਾਰੇ ਹੀ ਮਸਤੀ ਵਿੱਚ ਝੂਮ ਉੱਠੇ। ਭੇਟਾ ਅਰਪੀ, ਆਗਿਆ ਪਾ ਕੇ ਗੁਰਦੁਆਰੇ ਆਏ, ਗੁਰੂ ਕੇ ਲੰਗਰੋਂ ਜਲ-ਪਾਣੀ ਤੇ ਪ੍ਰਸ਼ਾਦ ਛਕਿਆ। ਦੂਸਰੇ ਦਿਨ ਅੰਮ੍ਰਿਤ ਦੀ ਬਖ਼ਸ਼ਿਸ਼ ਕਰਕੇ ਨਿਹਾਲ ਕਰ ਦਿੱਤੇ। ਕਈ ਦਿਨ ਠਹਿਰੇ। ਦੋ ਸਮੇਂ ਬਾਬਾ ਜੀ ਦੀ ਸੰਗਤ ਕਰਦੇ ਰਹੇ। ਫੇਰ ਛੁੱਟੀ ਪੂਰੀ ਹੋਈ ਤੋਂ ਆਗਿਆ ਪਾ ਕੇ ਵਾਪਸ ਪਲਟਨ ਵਿੱਚ ਆ ਗਏ। ਅੱਗੇ ਵਾਸਤੇ ਰੇਰੂ ਸਾਹਿਬ ਆਉਂਦੇ ਰਹੇ ਅਤੇ ਗੁਰ-ਸ਼ਬਦ ਦੀ ਕਮਾਈ ਦੁਆਰਾ ਨਿਹਾਲ ਹੋਏ।

# ਬਾਬਾ ਨੱਥਾ ਸਿੰਘ ਜੀ ਦਾ ਜੀਵਨ

ਸੰਨ ੧੯੨੦ ਈਸਵੀ ਸੀ ਜਦੋਂ ਇਨ੍ਹਾਂ ਦੀ ਭਾਵਨਾ ਅਨੁਸਾਰ ਅਕਾਲ ਪੁਰਖ ਵਲੋਂ ਆਗਯਾ ਹੋਈ ਜਾਣ ਕੇ ਮਹਾਂ-ਪੁਰਸ਼ਾਂ ਨੇ ਇਕਾਂਤ ਅਸਥਾਨ ਵਿਖੇ ਦਰਸ਼ਨ ਦਿਤਾ। ਇਨ੍ਹਾਂ ਦੇ ਜਥੇਦਾਰ ਬਾਬਾ ਆਇਆ ਸਿੰਘ ਜੀ ਮਹਾਰਾਜ ਤੋਂ ਵਰੋਸਾਏ ੩੫ ਨੰ: ਸਿੱਖ ਪਲਟਨ ਦੇ ਸਿਪਾਹੀ ਬਾਬਾ ਨੱਥਾ ਸਿੰਘ ਜੀ ਸਨ। ਇਨ੍ਹਾਂ ਦੇ ਮਨ ਵਿੱਚ ਫੇਰ ਇਤਨੀ ਸ਼ਰਧਾ ਹੋ ਆਈ ਕਿ ਸੰਤ ਜੀ ਮਹਾਰਾਜ ਦੇ ਪਾਸ ਬੇਨਤੀ ਕਰ ਕੇ ਫੌਜ ਵਿੱਚੋਂ ਨਾਮ ਕਟਵਾ ਕੇ ਹਜ਼ੂਰ ਦੇ ਚਰਨਾਂ ਵਿੱਚ ਰਹਿਣ ਲੱਗ ਪਏ।

ਇਹਨਾਂ ਦਾ ਸਰੀਰ ਸੰਗਰੂਰ ਦੇ ਜ਼ਿਲ੍ਹੇ ਕੁਰੜ ਪਿੰਡ ਦਾ ਸੀ। ਪਿਤਾ ਦਾ ਨਾਮ ਸ੍ਰ: ਕਾਹਨ ਸਿੰਘ ਮਾਤਾ ਜੀ ਦਾ ਨਾਮ ਕਾਹਨ ਕੌਰ ਸੀ। ਸੇਵਾ ਤੇ ਸਿਮਰਨ ਕਰਦਿਆਂ ਇੱਕ ਸਾਲ ਦਾ ਸਮਾਂ ਹੋ ਗਿਆ। ਪਹਿਲਾਂ-ਪਹਿਲਾਂ ਮਹਾਂ-ਪੁਰਸ਼ਾਂ ਦੇ ਨਾਲ ਹੀ ਹਲ ਵਾਹ ਕੇ ਖੇਤੀ-ਬਾੜੀ ਦਾ ਕੰਮ ਕਰਵਾਉਂਦੇ ਰਹੇ। ਫੇਰ ਇੱਕ ਦਿਨ ਬਾਬਾ ਜੀ ਦੇ ਚਰਨਾਂ ਵਿੱਚ ਹੱਥ ਜੋੜ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਹੁਣ ਆਪ ਕਠਨ ਤਤਿਖਿਆ ਨਾ ਕਰਿਆ ਕਰੋ। ਸਹਿਜ ਅਵਸਥਾ ਵਿੱਚ ਰਹਿ ਕੇ ਸੰਗਤ ਨੂੰ ਭਜਨ ਸਿਮਰਨ ਦਾ ਹੀ ਉਪਦੇਸ਼ ਬਖ਼ਸ਼ੋ। ਸਾਧੂ ਸੇਵਾ ਨਾਲੋਂ ਜਗਿਆਸੂ ਨੂੰ ਉਸਦੇ ਦਰਸ਼ਨਾਂ ਦਾ ਬਹੁਤਾ ਲਾਭ ਹੁੰਦਾ ਹੈ।" ਸੰਤ ਜੀ ਮਹਾਰਾਜ ਨੇ ਉੱਤਰ ਦਿੱਤਾ, "ਇਹ ਸੇਵਾ ਅਸੀ ਆਪਣੇ ਪਿਆਰੇ ਤੋਂ ਮੰਗ ਕੇ ਲਈ ਹੈ ਸਾਡਾ ਮਨ ਸੇਵਾ ਕਰਦਿਆਂ ਖੇਚਲ ਨਹੀਂ ਮੰਨਦਾ ਬਲਕਿ ਪ੍ਰੀਤਮ ਵਲੋਂ ਦਾਤ ਹੋਈ ਜਾਣ ਕੇ ਪ੍ਰਸੰਨ ਰਹਿੰਦਾ ਹੈ।"

ਇਸ ਨੇ ਫੇਰ ਅਰਜ਼ ਕੀਤੀ, "ਮਹਾਰਾਜ! ਇਹ ਵੀ ਗੱਲ ਸੋਭਦੀ ਨਹੀਂ ਕਿ ਸਾਡੇ ਸਰੀਰ ਦੇ ਹੁੰਦਿਆਂ ਹਲ ਵਾਹੁਣ ਦੀ ਹੱਥੀਂ ਸੇਵਾ ਆਪ ਕਰੋ। ਇਹ ਸਾਨੂੰ ਬਖ਼ਸ਼ ਦੇਵੋ।" ਸੰਤ ਜੀ ਨੇ ਉੱਤਰ ਦਿੱਤਾ, "ਬਈ! ਅਸੀਂ ਤਾਂ ਇਹ ਦਾਤੇ ਪਾਸੋਂ ਮੰਗ ਕੇ ਲਈ ਹੈ ਇਸ ਦੇ ਨਾਲ ਅੰਗਾਂ ਦੀ ਸਫ਼ਲਤਾ ਅਤੇ ਸਰੀਰ ਦਾ ਆਲਸ ਦੂਰ ਹੁੰਦਾ ਹੈ। ਗੁਰੂ ਨਾਨਕ ਦੇ ਘਰ ਵਿੱਚ ਇਹ ਸ਼ਰੋਮਣੀ ਤਪ ਹੈ।"

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥

(ਪੰਨਾ ੪੨੩)

ਇਸ ਨੇ ਕਿਹਾ, "ਮਹਾਰਾਜ! ਅਸੀਂ ਵੀ ਸਾਰੇ ਆਸਰੇ ਛੱਡ ਕੇ ਹਜ਼ੂਰ ਦੇ ਦਰ ਦੇ ਗੋਲੇ ਬਣੇ ਹਾਂ, ਸਾਡੀ ਵੀ ਸਫ਼ਲਤਾ ਸੇਵਾ ਭਜਨ ਦੁਆਰਾ ਹੀ ਹੋ ਸਕਦੀ ਹੈ।"

*ਗੁਰ ਸੰਗਤ ਮਹਿ ਭਲੋ ਰਹਾਵਨ।*
*ਭਜਨ ਟਹਿਲ ਕਰ ਕਾਲ ਬਿਤਾਵਨ।*

ਇਸਦੀ ਦੁਬਾਰਾ ਬੇਨਤੀ ਸੁਣ ਕੇ ਸੰਤ ਜੀ ਮਹਾਰਾਜ ਤਰੁਠ ਕੇ ਬੋਲੇ ਕਿ ਜੇਕਰ ਤੁਸੀਂ ਵੀ ਇਹ ਸੇਵਾ ਸਾਡੇ ਪਾਸੋਂ ਮੰਗ ਕੇ ਲੈਂਦੇ ਹੋ ਤਾਂ ਫੇਰ ਅੱਗੇ ਵਾਸਤੇ ਅਸੀਂ ਪ੍ਰਵਿਰਤੀ ਮਾਰਗ ਵਿੱਚ ਬਿਲਕੁਲ ਦਖ਼ਲ ਨਹੀਂ ਦੇਣਾ। ਤੁਹਾਡਾ ਕੋਈ ਕਾਰਜ ਵਿਗੜੇ, ਸੰਵਰੇ, ਅਸੀਂ ਵਿੱਚ ਵੀ ਹਿੱਸਾ ਨਹੀਂ ਲਵਾਂਗੇ। ਸਾਰੀ ਜ਼ਿੰਦਗੀ ਨਿਰਲੇਪ ਤੇ ਅਸੰਗ ਰਹਿਕੇ ਜੀਵਨ ਮੁਕਤੀ ਦਾ ਆਨੰਦ ਮਾਣਾਂਗੇ।

ਇਹ ਬਚਨ ਸੁਣ ਕੇ ਸੰਤਾਂ ਦੇ ਹੁਕਮ ਅੱਗੇ ਬਾਬਾ ਨੱਥਾ ਸਿੰਘ ਜੀ ਨੇ ਸਿਰ ਝੁਕਾ ਦਿੱਤਾ, ਸਤ ਬਚਨ ਆਖ ਕੇ ਬਾਬਾ ਜੀ ਨੇ ਹੱਥੋਂ ਬੈਲਾਂ ਦੇ ਰੱਸੇ ਫੜ ਲਏ। ਬਾਬਾ ਜੀ ਦੇ ਹੁਕਮ ਅਨੁਸਾਰ ਸਾਰੀ ਜ਼ਿਦਗੀ ਹਲ ਵਾਹ ਕੇ ਖੇਤੀ ਦੁਆਰਾ ਲੰਗਰ ਦੀ ਸੇਵਾ ਕਰਦੇ ਰਹੇ ਅਤੇ ਸੰਤ ਜੀ ਮਹਾਰਾਜ ਬਹੁਤ ਸਮਾਂ ਇਕਾਂਤ ਵਿੱਚ ਬੈਠ ਕੇ ਸਿਮਰਨ ਦਾ ਆਨੰਦ ਮਾਣਦੇ ਹੋਏ ਸੰਗਤ ਨੂੰ ਉਪਦੇਸ਼ ਕਰਦੇ ਰਹੇ। ਇਉਂ ਬਾਬਾ ਨੱਥਾ ਸਿੰਘ ਜੀ ਨੇ ਸੰਤਾਂ ਨਾਲ ਕੀਤਾ ਪ੍ਰਣ ਆਪਣੇ ਅੰਤਮ ਸਵਾਸਾਂ ਤੱਕ ਨਿਭਾਇਆ।

# ਬਾਬਾ ਨੱਥਾ ਸਿੰਘ ਜੀ ਦੇ ਉਪਕਾਰ

ਮਹਾਂ-ਪੁਰਸ਼ਾਂ ਦਾ ਹਿਰਦਾ ਮੱਖਣ ਸਮਾਨ ਨਰਮ, ਜਲ ਸਮਾਨ ਸਤੀਲ ਅਤੇ ਦ੍ਰਵੀ ਭੂਤ ਹੁੰਦਾ ਹੈ। ਰਾਮਪੁਰ ਨਗਰ ਦੇ ਸ੍ਰ: ਜੁਗਿੰਦਰ ਸਿੰਘ ਨੂੰ ਜਦੋਂ ਧੁਰ ਦਰਗਾਹੋਂ ਸੱਦਾ ਆ ਗਿਆ ਉਹ ਆਪਣੇ ਦੋ ਛੋਟੇ ਬੱਚਿਆਂ ਨੂੰ ਨਿਆਸਰੇ ਛੱਡ ਕੇ ਪ੍ਰਲੋਕ ਨੂੰ ਤੁਰ ਗਿਆ। ਮਾਤਾ ਦਾ ਸਰੀਰ ਤਾਂ ਪਹਿਲਾਂ ਹੀ ਸ਼ਾਂਤ ਹੋ ਚੁੱਕਾ ਸੀ, ਇਹ ਦੋਵੇਂ ਬਾਲਕ (ਵੱਡਾ ਕਰਮ ਸਿੰਘ ਜੋ ਦਸ ਸਾਲਾਂ ਦਾ ਸੀ, ਛੋਟੇ ਮਹਿੰਦਰ ਸਿੰਘ ਦੀ ਉਮਰ ਕੇਵਲ ਚਾਰ ਸਾਲ ਦੀ ਸੀ ) ਮਾਤਾ ਪਿਤਾ ਤੋਂ ਹੀਣੇ ਯਤੀਮ ਹੋਏ ਗਲੀਆਂ ਦੇ ਕੱਖ ਛਾਣਦੇ ਫਿਰਦੇ ਸਨ। ਜ਼ਮੀਨ ਪਿਤਾ ਦੀ ਪਹਿਲਾਂ ਹੀ ਗਹਿਣੇ ਪਈ ਹੋਈ ਸੀ। ਅੱਜ ਸ਼ਾਮ ਦੇ ਟਾਇਮ ਮਹਾਂ-ਪੁਰਸ਼ ਬਾਬਾ ਨੱਥਾ ਸਿੰਘ ਜੀ ਰਾਮਪੁਰ ਨਗਰ ਵਿੱਚ ਕਿਸੇ ਪ੍ਰੇਮੀ ਨੂੰ ਗੁਰਦੁਆਰੇ ਦੀ ਸੇਵਾ ਵਾਸਤੇ ਕਹਿਣ ਜਾ ਰਹੇ ਸਨ। ਛੋਟੇ ਬੱਚੇ ਨੂੰ ਹੋਰ ਵਿਆਣੇ ਮਾਰਦੇ ਸਨ ਅਰ ਵੱਡਾ ਭਰਾ ਉਨ੍ਹਾਂ ਨੂੰ ਰੋਕਦਾ ਸੀ, ਉਹ ਜ਼ੋਰੋ-ਜ਼ੋਰ ਰੋ ਰਿਹਾ ਸੀ। ਇਸ ਨੂੰ ਰੋਂਦਿਆਂ ਦੇਖਕੇ ਸੰਤਾਂ ਨੂੰ ਤਰਸ ਆ ਗਿਆ। ਬੱਚੇ ਘੂਰ ਕੇ ਦੂਰ ਹਟਾ ਦਿੱਤੇ ਅਤੇ ਆਪ ਦੋਵੇਂ ਭਰਾਵਾਂ ਨੂੰ (ਜੋ ਢਿੱਡੋਂ ਭੁੱਖੇ ਗਲੀਆਂ ਵਿੱਚ ਫਿਰ ਰਹੇ ਸਨ) ਨਾਲ ਲਿਆ ਤੇ ਗੁਰਦੁਆਰੇ ਸਾਹਿਬ ਲਿਆ ਕੇ ਇਸ਼ਨਾਨ ਕਰਵਾਇਆ, ਪ੍ਰਸ਼ਾਦਿ ਛਕਾਇਆ ਤੇ ਪਾਸ ਰੱਖਕੇ ਮਾਤਾ-ਪਿਤਾ ਸਮਾਨ ਇਨ੍ਹਾਂ ਦੀ ਪਾਲਣਾ ਕੀਤੀ।

ਛੋਟੇ ਬੱਚੇ ਨੂੰ ਸਕੂਲ ਵਿੱਚ ਪੜ੍ਹਾਇਆ, ਵੱਡੇ ਨੂੰ ਗੁਰੂ ਘਰ ਦੀ ਸੇਵਾ ਵਿੱਚ ਲਾਇਆ। ਗਹਿਣੇ ਪਈ ਜ਼ਮੀਨ ਦੇ ਪੈਸੇ ਅੱਧੀ ਤੇ ਕਰਕੇ ਅੱਧੀ ਚਕੋਤੇ ਤੇ ਦੇ ਦਿੱਤੀ ਅਤੇ ਹੌਲੀ-ਹੌਲੀ ਉਸ ਚਕੋਤੇ ਦੀ ਰਕਮ ਨਾਲ ਦੂਸਰੀ ਵੀ ਛੁੱਟ ਗਈ। ਫੇਰ ਉਸ ਦੀ ਆਮਦਨੀ ਨਾਲ ਦੋਹਾਂ ਭਰਾਵਾਂ ਦੀ ਸ਼ਾਦੀ ਕਰ ਦਿੱਤੀ, ਨਵਾਂ ਮਕਾਨ ਵੀ ਬਣਾਇਆ ਅਤੇ ਆਪਣੀ ਖੇਤੀ ਕਰਨ ਲਾ ਦਿੱਤੇ। ਹੁਣ ਵੱਡਾ ਕਰਮ ਸਿੰਘ ਖੇਤੀ ਕਰਦਾ ਹੈ, ਛੋਟਾ ਮਹਿੰਦਰ ਸਿੰਘ ਦੋਰਾਹੇ ਮੰਡੀ ਜੀ. ਟੀ. ਰੋਡ ਤੇ ਸਪੇਅਰ ਪਾਰਟ ਦੀ ਦੁਕਾਨ ਕਰਦਾ ਹੈ। ਇਹ ਵੀ ਗੁਰਮੁਖ ਆਪਣੇ ਉਪਰ ਬਾਬਾ ਨੱਥਾ ਸਿੰਘ ਦਾ ਮਹਾਨ ਉਪਕਾਰ ਤੇ ਅਹਿਸਾਨ ਜਾਣਦੇ ਹਨ ਜਿਨ੍ਹਾਂ ਵਾਸਤੇ ਗੁਰੂ ਵੀ, ਸੰਤ ਵੀ ਅਤੇ ਮਾਤਾ ਪਿਤਾ ਵੀ ਸਭ ਕੁਝ ਉਹੀ ਸਨ। ਆਪਣੇ ਘਰ ਬਾਬਾ ਨੱਥਾ ਸਿੰਘ ਦੀ ਬਰਸੀ ਦੇ ਸਾਲਾਨਾ ਜੋੜੇ ਮੇਲੇ ਤੇ ੩੧ ਅਗਸਤ ਨੂੰ ਅਖੰਡ ਪਾਠ ਕਰਵਾਉਂਦੇ ਅਤੇ ਦਾਨ-ਪੁੰਨ ਕਰਦੇ ਹਨ।

ਇਸੇ ਤਰ੍ਹਾਂ ਇੱਕ ਹੋਰ ਪ੍ਰੇਮੀ ਸ੍ਰ: ਇੰਦਰ ਸਿੰਘ ਦਾ ਲੜਕਾ ਭਾਈ ਜਰਨੈਲ ਸਿੰਘ ਵੀ ਦਸ ਸਾਲ ਦੀ ਉਮਰ ਵਿੱਚ ਇਨ੍ਹਾਂ ਵਾਂਗ ਨਿਰਾਸਰਾ ਤੇ ਯਤੀਮ ਸੀ। ਬਾਬੇ ਨੇ ਇਸ ਦੀ ਸੰਭਾਲ ਕੀਤੀ, ਪਹਿਲਾਂ ਅੱਧੀ ਤੇ ਪੈਸੇ ਕਰ ਕੇ ਗਹਿਣੇ ਪਈ ਜ਼ਮੀਨ ਵੀ ਛੁਡਵਾਈ, ਸ਼ਾਦੀ ਵੀ ਕਰ ਦਿੱਤੀ, ਪਾਸ ਰੱਖਕੇ ਪਾਲਣਾ ਕੀਤੀ। ਗੁਰੂ ਘਰ ਦੀ ਸੇਵਾ ਸੌਂਪੀ। ਕੁਝ ਸਮਾਂ ਇਹ ਖੂਹ ਤੇ ਇੰਜਣ ਚਲਾਉਂਦਾ ਤੇ ਗੁਰਦੁਆਰੇ ਦੀ ਖੇਤੀ ਕਰਵਾਉਂਦਾ ਰਿਹਾ। ਹੁਣ ਇਹ ਆਪਣੇ ਘਰ ਖੇਤੀ ਕਰਦਾ ਹੋਇਆ ਬਾਬੇ ਦਾ ਜਸ ਕਰ ਰਿਹਾ ਹੈ।

ਇਹ ਹੈ ਮਹਾਂ-ਪੁਰਸ਼ਾਂ ਦੇ ਪਰਉਪਕਾਰੀ ਜੀਵਨ ਦੇ ਕ੍ਰਿਸ਼ਮੇਂ ਜੋ ਮਹਾਨ ਉਪਕਾਰਾਂ ਵਿੱਚੋਂ ਕੇਵਲ ਇੱਕ ਦੋ ਝਲਕੀਆਂ ਹੀ ਦਰਸਾਈਆਂ ਹਨ। ਹੋਰ ਵੀ ਬੇਅੰਤ ਨਿਥਾਵੇ ਤੇ ਨਿਆਸਰੇ ਗਲ ਲਾਏ। ਇਹ ਸਾਰੀ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦੀ ਕਿਰਪਾ ਹੈ। ਬਾਬਾ ਆਇਆ ਸਿੰਘ ਜੀ ਮਹਾਰਾਜ ਦੀ ਬਖ਼ਸ਼ਸ਼ ਤੇ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਸੰਗਤ ਦਾ ਫ਼ਲ ਹੈ।

ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥

(ਪੰਨਾ ੧੩੬੫)

ਈਸਵੀ ੧੯੬੦ ਤੱਕ ਬਾਬਾ ਨੱਥਾ ਸਿੰਘ ਜੀ ਗੁਰਦੁਆਰੇ ਰੇਰੂ ਸਾਹਿਬ ਦੀ ਸੇਵਾ ਕਰਦੇ ਰਹੇ। ਫੇਰ ਆਪ ਜੀ ਨੂੰ ਇਲਾਕੇ ਦੀ ਸੰਗਤ ਸੰਤ ਭਗਵਾਨ ਸਿੰਘ ਜੀ ਪਾਸੋਂ ਬੇਨਤੀ ਦੁਆਰਾ ਮੰਗਕੇ ਕਟਾਣੇ ਸਾਹਿਬ ਦੇ ਗੁਰਦੁਆਰੇ ਦੀ ਸੇਵਾ ਵਾਸਤੇ ਲੈ ਗਈ। ਏਥੇ ਸੱਤ ਅੱਠ ਸਾਲ ਨਿਰਇੱਛਤ ਸੇਵਾ ਕਰਦਿਆਂ ਸੰਤ ਜੀ ਮਹਾਰਾਜ ਨਾਲ ਕੀਤੇ ਪ੍ਰਣ ਨੂੰ ਵੀ ਯਾਦ ਰੱਖਿਆ, ਨਾਲ-ਨਾਲ ਰੇਰੂ ਸਾਹਿਬ ਦੀ ਸੇਵਾ ਸੰਭਾਲ ਵੀ ਕਰਦੇ ਰਹੇ। ਕਟਾਣੇ ਸਾਹਿਬ ਦਾ ਨਵਾਂ ਗੁਰ-ਅਸਥਾਨ ਤੇ ਹੋਰ ਮਕਾਨ ਵੀ ਬਣਵਾਏ। ਅਖ਼ੀਰ ਨੂੰ ਉਨੰਜਾ ਸਾਲ ਗੁਰੂ ਘਰ ਦੀ ਸੇਵਾ ਕਰਕੇ ੮੦ ਸਾਲ ਦੀ ਆਯੂ ਵਿੱਚ ਏਥੇ ਹੀ ੩੧ ਅਗਸਤ ੧੯੬੮ ਨੂੰ ਗੁਰਪੁਰੀ ਪਿਆਨਾ ਕਰ ਗਏ।

## ਬਾਬਾ ਗੁਰਮੁਖ ਸਿੰਘ ਜੀ

ਇਸੇ ਤਰ੍ਹਾਂ ਇੱਕ ਹੋਰ ਪ੍ਰੇਮੀ ਬਾਬਾ ਜੀ ਦੀ ਪਾਵਨ ਹਜ਼ੂਰੀ ਵਿੱਚ ਪੁੱਜਾ। ਸੋਹਣੇ ਚਰਨਾਂ ਤੇ ਸ਼ਰਧਾ ਨਾਲ ਮੱਥਾ ਟੇਕ ਕੇ ਅਰਜ਼ ਕੀਤੀ, "ਗ਼ਰੀਬ ਨਵਾਜ਼! ਸਤਿਗੁਰਾਂ ਨੇ ਗੁਰਬਾਣੀ ਵਿੱਚ ਕਥਨ ਕੀਤਾ ਹੈ ਕਿ ਸਾਧੂ ਦੀ ਸੰਗਤ ਵੱਡੇ-ਵੱਡੇ ਪਾਪੀਆਂ ਨੂੰ ਤਾਰਦੀ ਹੈ।

ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥

(ਪੰਨਾ ੭੪੮)

ਪ੍ਰਮੇਸ਼ਰ ਦੇ ਪਿਆਰੇ ਮਹਾਂ-ਪੁਰਸ਼ ਮਸਤਕ ਦੀਆਂ ਤਕਦੀਰਾਂ ਬਦਲ ਦਿੰਦੇ ਹਨ ਆਪ ਮੇਰੇ ਉਪਰ ਵੀ ਕ੍ਰਿਪਾ ਕਰੋ।"

ਸੰਤਾਂ ਨੇ ਉੱਤਰ ਦਿੱਤਾ, "ਹਾਂ ਠੀਕ ਹੈ। ਸ਼ਰਧਾਲੂ ਪ੍ਰੇਮੀ ਸਾਧ ਸੰਗਤ ਵਿੱਚ ਆ ਕੇ ਜੇਕਰ ਸਾਧੂ ਦੇ ਬਚਨਾਂ ਦੀ ਪਾਲਣਾ ਕਰਦਾ ਹੋਇਆ ਆਪਣੀ ਜ਼ਿੰਦਗ਼ੀ ਸੇਵਾ ਤੇ ਸਿਮਰਨ ਵਿੱਚ ਲਗਾ ਦੇਵੇ ਉਹ ਕੇਵਲ ਆਪ ਹੀ ਨਹੀਂ ਤਰਦਾ ਬਲਕਿ ਦੁਨੀਆਂ ਦੇ ਤਾਰਨ ਵਾਸਤੇ ਬੋਹਿਥਾ ਬਣ ਜਾਂਦਾ ਹੈ।"

ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥

(ਪੰਨਾ ੧੪੨)

ਇਸਨੇ ਅਰਜ਼ ਕੀਤੀ, "ਮਹਾਰਾਜ! ਫੇਰ ਮੇਰੇ ਤੇ ਵੀ ਕ੍ਰਿਪਾ ਕਰੋ ਨਾਮ ਦੀ ਦਾਤ ਬਖ਼ਸ਼ੋ।" ਸੰਤ ਜੀ ਮਹਾਰਾਜ ਬੋਲੇ, "ਤੇਰਾ ਨਾਮ ਕੀ ਹੈ?" ਹਜ਼ੂਰ ਦੀ ਰਸਨਾ ਤੋਂ ਸੁਣਕੇ ਇਸਨੇ ਕਿਹਾ, "ਜੀ ਸਰੀਰ ਦਾ ਨਾਮ ਗੁਰਮੁਖ ਸਿੰਘ ਹੈ, ਗੁਰੂ ਕੀ ਪਾਵਨ ਨਗਰੀ ਅੰਮ੍ਰਿਤਸਰ ਤੇ ਪਾਸ ਸੁਲਤਾਨਵਿੰਡ ਦਾ ਵਾਸੀ ਹਾਂ। ਪਿਛਲੀ ਚਾਲੀ ਸਾਲਾਂ ਦੀ ਉਮਰ ਗੁਰੂ ਸੰਗਤਾਂ ਤੋਂ ਬਿਨਾਂ ਨਿਸਫ਼ਲ ਹੀ ਚਲੀ ਗਈ ਹੁਣ ਆਪ ਬਖ਼ਸ਼ਸ਼ ਕਰੋ।" ਸੰਤ ਜੀ ਮਹਾਰਾਜ ਨੇ ਪ੍ਰਸੰਨ ਹੋ ਕੇ ਖੰਡੇ ਦਾ ਅੰਮ੍ਰਿਤ ਤੇ ਨਾਮ ਦੀ ਦਾਤ ਪ੍ਰਦਾਨ ਕੀਤੀ, ਨਾਲ ਇਹ ਵੀ ਆਖਿਆ, "ਜਿਵੇਂ ਦੋ-ਹਰਟਾ ਖੂਹ ਨਾਲ ਬਹੁਤੀ ਸੇਂਜੀ ਹੁੰਦੀ ਹੈ, ਇਸੇ ਤਰ੍ਹਾਂ ਗੁਰੂ ਘਰ ਵਿੱਚ ਸਿਮਰਨ ਦੇ ਨਾਲ ਸੇਵਾ ਦੀ ਪ੍ਰਧਾਨਤਾ ਹੈ ਜਿਨ੍ਹਾਂ-ਜਿਨ੍ਹਾਂ ਮਹਾਂਪੁਰਸ਼ਾਂ ਨੇ ਸੇਵਾ ਕੀਤੀ ਉਹ ਦੁਨੀਆਂ ਤੇ ਚਾਨਣ ਮੁਨਾਰੇ ਬਣ ਗਏ।"

ਇਸਨੇ ਸੰਤਾਂ ਦੀ ਆਗਿਆ ਪਾਕੇ ਗੁਰੂ ਘਰ ਦੇ ਪਸ਼ੂਆਂ ਦੀ ਸੇਵਾ ਸੰਭਾਲ ਲਈ ਜੋ ਬੜੀ ਨਿਰਮਾਣਤਾ ਦੇਣ ਵਾਲੀ ਤੇ ਹਿਰਦੇ ਨੂੰ ਛੇਤੀ ਸ਼ੁੱਧ ਕਰਦੀ ਹੈ। ਸਤ-ਪੁਰਸ਼ਾਂ ਦੀ ਖ਼ੁਸ਼ੀ ਪ੍ਰਾਪਤ ਕਰਨ ਵਾਸਤੇ ਇਹੋ ਜੇਹੀ ਲਗਾਤਾਰ ਸੇਵਾ ਕੀਤੀ ਕਿ ਗਰਮੀ ਸਰਦੀ ਧੁੱਪ ਤੇ ਬਾਰਸ਼ ਵਿੱਚ ਵੀ ਇਕ-ਰਸ ਵੀਹ ਸਾਲ ਮਹਾਂ-ਪੁਰਸ਼ਾਂ ਦੇ ਸਰੀਰ ਤੱਕ ਸੇਵਾ ਕਰਦੇ ਰਹੇ।

ਹਜ਼ੂਰ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਜੀ ਨੂੰ ਛੋਟੀ ਖਨਾਲ ਦੀ ਸੰਗਤ ਆਪਣੇ ਪਿੰਡ ਲੈ ਆਈ। ਏਥੇ ਆ ਕੇ ਗੁਰਦੁਆਰੇ ਸਾਹਿਬ ਦੀ ਇਮਾਰਤ ਤੇ ਹੋਰ ਬਹੁਤ ਸਾਰੇ ਨਵੇਂ ਮਕਾਨ ਬਣਵਾਏ। ਇੱਕ ਰਸ ਚਾਲ੍ਹੀ ਬਤਾਲੀ ਸਾਲਾਂ ਤੋਂ ਟਿਕੇ ਹੋਏ ਲਗਾਤਾਰ ਸੇਵਾ ਕਰਵਾ ਰਹੇ ਹਨ ਭਾਵੇਂ ਉਮਰ ਸੌ ਸਾਲ ਤੋਂ ਉਪਰ ਹੈ ਪਰ ਸੇਵਾ ਦਾ ਅੰਦਰ ਉਸੇ ਤਰਾਂ ਉਤਸ਼ਾਹ ਜਾਰੀ ਹੈ। ਇਨ੍ਹਾਂ ਮਹਾਂ-ਪੁਰਸ਼ਾਂ ਨਾਲ ਨਗਰ ਦੇ ਲੋਕ ਵੀ ਬੜਾ ਪ੍ਰੇਮ ਕਰਦੇ ਹਨ। ਇਲਾਕੇ ਵਿੱਚ ਵੀ ਚੰਗੀ ਮਸ਼ਹੂਰੀ ਹੋ ਗਈ। ਹਰ ਇੱਕ ਨੂੰ ਸ੍ਰੇਸ਼ਟ ਸਿੱਖਿਆ ਦਿੰਦੇ ਹਨ। ਇਹ ਹੈ ਮਹਾਂ-ਪੁਰਸ਼ਾਂ ਦੇ ਦਰਸ਼ਨ ਤੇ ਉਪਦੇਸ਼ ਦਾ ਫ਼ਲ ਜੋ ਤਕਦੀਰਾਂ ਪਲਟਾ ਕੇ ਸਾਰੇ ਦੁੱਖਾਂ ਤੋਂ ਹੀ ਨਹੀਂ ਛਡਾਉਂਦੇ ਸਗੋਂ ਦੁਨੀਆਂ ਦੇ ਰਹਿਬਰ ਬਣਾ ਦਿੰਦੇ ਹਨ। ਆਪ ਡੁੱਬਣ ਵਾਲਾ ਜਗਤ ਦਾ ਤਾਰਕ ਬਣ ਜਾਂਦਾ ਹੈ।

## ਨੂਰੂ ਮਲਾਹ ਨੂੰ ਉਪਦੇਸ਼

ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਪਰਉਪਕਾਰ ਨੂੰ ਮੁੱਖ ਰਖਦਿਆਂ ਸਿੱਖ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਸਾਲ ਵਿੱਚ ਵੱਡੇ ਦੋ ਜੋੜ ਮੇਲੇ ਨੀਅਤ ਕੀਤੇ ਸਨ ਜਿਨ੍ਹਾਂ ਤੇ ਲੱਖਾਂ ਦੀ ਗਿਣਤੀ ਦਾ ਇਕੱਠ ਹੋਇਆ ਕਰਦਾ। ਹਰੇਕ ਗੁਰਪੁਰਬ ਹੀ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਪਰ ਵੈਸਾਖੀ ਤੇ ਅੱਸੂ ਵਦੀ ਦਸਮੀ ਦੇ ਸਮੇਂ ਤਾਂ ਪੰਜਾਬ ਦੀ ਧਰਤੀ ਦੇ ਸ਼ਰਧਾਲੂ ਪ੍ਰੇਮੀ ਵੀ ਪੁੱਜਦੇ। ਬਾਬਾ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਵੀ ਇਹ ਜੋੜ ਮੇਲੇ ਜਾਰੀ ਰਹੇ। ਕਈ ਵਾਰੀ ਬਾਬਾ ਅਤਰ ਸਿੰਘ ਜੀ ਮਹਾਰਾਜ ਵੀ ਰੇਰੂ ਸਾਹਿਬ ਤੋਂ ਸਿੱਖ ਸੰਗਤਾਂ ਸਮੇਤ ਜਾਇਆ ਕਰਦੇ ਅਤੇ ਕਈ ਦਿਨ ਹੋਤੀ ਮਰਦਾਨ ਠਹਿਰਦੇ।

ਇਕ ਸਮੇਂ ਆਪ ਜੀ ਕਾਫ਼ੀ ਸੰਗਤ ਸਮੇਤ ਵੈਸਾਖੀ ਦੇ ਜੋੜ ਮੇਲੇ ਤੇ ਹੋਤੀ ਮਰਦਾਨ ਜਾਣ ਲਈ ਤਿਆਰ ਹੋਏ। ਦਸ ਅਪ੍ਰੈਲ ਨੂੰ ਸਾਥੀਆਂ ਸਮੇਤ ਦੋਰਾਹੇ ਸਟੇਸ਼ਨ ਤੇ ਪੁੱਜੇ। ਦਸ ਦੀ ਗੱਡੀ ਸਵਾਰ ਹੋਏ। ਦੋ ਰਾਤਾਂ ਤੇ ਦੋ ਦਿਨਾਂ ਬਾਅਦ ਦਿਨ ਦੇ ਦੋ ਵਜੇ ਗੱਡੀ ਨੁਸ਼ਹਿਰੇ ਛਾਉਣੀ ਜਾ ਖੜੀ ਹੋਈ। ਏਥੋਂ ਇੱਕ ਲਾਈਨ ਤਾਂ ਸਿੱਧੀ ਪਿਸ਼ਾਵਰ ਨੂੰ ਚਲੀ ਜਾਂਦੀ ਹੈ ਅਤੇ ਇੱਕ ਹੋਤੀ ਮਰਦਾਨ ਨੂੰ। ਜਦੋਂ ਪਤਾ ਕੀਤਾ ਕਿ ਹੋਤੀ ਮਰਦਾਨ ਨੂੰ ਗੱਡੀ ਕਦੋਂ ਜਾਣੀ ਹੈ? ਉਨ੍ਹਾਂ ਦਸਿਆ ਕਿ ਉਹ ਤਾਂ ਇਸਨੂੰ ਉਡੀਕ ਕੇ ਚਲੀ ਗਈ ਕਿਉਂਕਿ ਅੱਜ ਇਹ ਢਾਈ ਘੰਟੇ ਲੇਟ ਪੁੱਜੀ ਹੈ।

ਉਸ ਸਮੇਂ ਨੁਸ਼ਹਿਰੇ ਛਾਉਣੀ ਅਟਕ ਦਰਿਆ ਦੇ ਪਾਰਲੇ ਬੰਨੇ ਅਕਾਲੀ ਫੂਲਾ ਸਿੰਘ ਦੀ ਸਮਾਧ ਤੇ ਵੈਸਾਖੀ ਦੇ ਜੋੜ ਮੇਲੇ ਦਾ ਬੜਾ ਭਾਰੀ ਇਕੱਠ ਜੁੜਿਆ ਸੀ, ਓਥੋਂ ਦੇ ਪ੍ਰੇਮੀਆਂ ਨੇ ਅਰਜ਼ ਕੀਤੀ, "ਮਹਾਰਾਜ! ਹੁਣ ਗੱਡੀ ਤਾਂ ਕੱਲ੍ਹ ਨੂੰ ਇਸੇ ਟਾਈਮ ਹੀ ਜਾਵੇਗੀ ਪਰ ਆਪ ਰਸਾਲਪੁਰ ਛਾਉਣੀ ਤੋਂ ਟਾਂਗਿਆਂ ਵਿੱਚ ਬੈਠਕੇ ਮਰਦਾਨ ਚਲੇ ਜਾਓ। ਐਥੋਂ ਸਿੱਧੇ ਟਾਂਗੇ ਨਹੀਂ ਮਿਲਣੇ, ਰਸਾਲਪੁਰ ਤੋਂ ਆਮ ਜਾਂਦੇ ਹਨ।" ਸੰਤ ਜੀ ਮਹਾਰਾਜ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਰਸਾਲਪੁਰ ਪਹੁੰਚਣ ਵਾਸਤੇ ਅਟਕ ਦਰਿਆ ਦੇ ਪੱਤਨ ਤੇ ਆਏ, ਏਥੋਂ ਬੇੜੀ ਵਿੱਚ ਬੈਠਕੇ ਪਾਰ ਹੋਣਾ ਸੀ। ਵੈਸਾਖੀ ਦਾ ਜੋੜ ਮੇਲਾ ਹੋਣ ਕਰਕੇ ਯਾਤਰੂਆਂ ਦਾ ਬੜਾ ਇੱਕਠ ਸੀ ਜੋ ਬਾਬਾ ਫੂਲਾ ਸਿੰਘ ਦੀ ਸਮਾਧ ਤੇ ਜਾਣ ਵਾਸਤੇ ਬੇੜੀ ਦੀ ਉਡੀਕ ਵਿੱਚ ਪੱਤਨ ਤੇ ਖੜ੍ਹੇ ਸਨ। ਬੇੜੀ ਆਈ, ਬਾਬਾ ਜੀ ਵੀ ਸਾਥੀਆਂ ਸਮੇਤ ਅਸਵਾਰ ਹੋ ਗਏ। ਮਲਾਹ ਦੇ ਰੋਕਦਿਆਂ-ਰੋਕਦਿਆਂ ਹੋਰ ਯਾਤਰੂ ਵੀ ਕਾਫ਼ੀ ਬੈਠ ਗਏ। ਬੇੜੀ ਬਿਲਕੁਲ ਭਰ ਚੁੱਕੀ ਸੀ, ਚੱਪੂ ਮਾਰਨ ਵਾਲੇ ਨੂਰੂ ਮਲਾਹ ਨੇ ਹੋਰ ਮੁਸਾਫ਼ਰ ਚੜ੍ਹਨੋਂ ਰੋਕ ਦਿੱਤੇ ਕਿ ਜੇ ਬਹੁਤਾ ਭਾਰ ਹੋ ਗਿਆ ਤਾਂ ਬੇੜੀ ਡੁੱਬਣ ਦਾ ਖ਼ਤਰਾ ਹੈ।

ਇਉਂ ਆਖਕੇ ਬੇੜੀ ਦੇ ਰੱਸੇ ਖੋਲ੍ਹੇ ਗਏ, ਚੱਪੂ ਮਾਰਨ ਦੀ ਤਿਆਰੀ ਕੀਤੀ, ਸਵਾਰੀਆਂ ਤਰਲੇ ਲੈਂਦੀਆਂ ਮਲਾਹ ਵੱਲ ਤੱਕ ਰਹੀਆਂ ਸਨ। ਇਤਨੇ ਨੂੰ ਦੋ ਪ੍ਰੇਮੀ ਦੂਰੋਂ ਦੌੜਦੇ ਅਵਾਜ਼ਾਂ ਮਾਰਦੇ ਪਾਸ ਆਏ। ਮਲਾਹ ਨੂੰ ਆਖਿਆ, "ਸਾਨੂੰ ਜ਼ਰੂਰੀ ਕੰਮ ਹੈ ਨਾਲ ਲੈ ਜਾਓ।" ਉਸਨੇ ਉੱਤਰ ਦਿੱਤਾ, "ਬੇੜੀ ਵਿੱਚ ਤਾਂ ਅੱਗੇ ਹੀ ਬਹੁਤਾ ਭਾਰ ਹੈ, ਹੁਣ ਤੁਸਾਂ ਦੂਜੇ ਫੇਰੇ ਜਾਣਾ।" ਇਨ੍ਹਾਂ ਕਿਹਾ, "ਦੂਜੇ ਫੇਰੇ ਦੇਰ ਲੱਗ ਜਾਵੇਗੀ, ਸਾਨੂੰ ਬਹੁਤ ਜ਼ਰੂਰੀ ਕੰਮ ਹੈ, ਬੜਾ ਨੁਕਸਾਨ ਹੋ ਰਿਹਾ ਹੈ, ਹੁਣੇ ਹੀ ਲੈ ਜਾਹ।" ਪਰ ਮਾਲਹ ਨੇ ਇਨਕਾਰ ਕਰ ਦਿਤਾ। ਉਨ੍ਹਾਂ ਨੇ ਬੜੇ ਤਰਲੇ ਕੀਤੇ ਹੱਥ ਜੋੜੇ।

ਸੰਤ ਜੀ ਦਾ ਮਨ ਦ੍ਰਵਿਆ, ਮਲਾਹ ਨੂੰ ਆਖਿਆ, "ਬਈ! ਇਨ੍ਹਾਂ ਨੂੰ ਵੀ ਬਿਠਾ ਲੈ।" ਉਸਨੇ ਅਰਜ਼ ਕੀਤੀ, "ਮਹਾਰਾਜ! ਬੇੜੀ ਵਿੱਚ ਤਾਂ ਭਾਰ ਅੱਗੇ ਹੀ ਬਹੁਤਾ ਹੈ। ਪਹਾੜਾਂ ਤੇ ਵਰਖਾ ਹੋਣ ਕਰਕੇ ਦਰਿਆ ਵਿੱਚ ਜ਼ੋਰ ਦਾ ਪਾਣੀ ਵਗ ਰਿਹਾ ਹੈ। ਲਹਿਰਾਂ ਦੀ ਲਪੇਟ ਵਿੱਚੋਂ ਬੇੜੀ ਕੱਢਣੀ ਮੁਸ਼ਕਲ ਹੈ।" ਸੰਤਾਂ ਨੇ ਕਿਹਾ, "ਕੋਈ ਗੱਲ ਨਹੀਂ ਗੁਰੂ ਰਾਖਾ ਹੈ, ਸਾਵਧਾਨੀ ਨਾਲ ਚੱਪੂ ਮਾਰੀਂ ਬੇੜੀ ਪਾਰ ਲੱਗ ਜਾਵੇਗੀ।

ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥

(ਪੰਨਾ ੧੩੮੨)

ਇਨ੍ਹਾਂ ਨੂੰ ਵੀ ਜ਼ਰੂਰ ਬਿਠਾ ਲੈ।" ਮਲਾਹ ਨੇ ਫੇਰ ਆਖਿਆ, "ਮਹਾਰਾਜ! ਮੈਂ ਗ਼ਰੀਬ ਆਦਮੀ ਹਾਂ ਮੇਰੀ ਤਾਂ ਰੋਜ਼ੀ ਹੀ ਏਸੇ ਆਸਰੇ ਹੈ। ਜੇ ਬੇੜੀ ਡੁੱਬ ਗਈ ਤਾਂ ਮੈਂ ਗ਼ਰੀਬ ਮਾਰਿਆ ਜਾਵਾਂਗਾ।" ਸੰਤ ਜੀ ਮਹਾਰਾਜ ਨੇ ਫੇਰ ਕਿਹਾ, "ਨੱਢਿਆ! ਚਿੰਤਾ ਨਾ ਕਰ ਤੇਰੀ ਬੇੜੀ ਪਾਰ ਲੱਗ ਜਾਵੇਗੀ। ਇਨ੍ਹਾਂ ਵਿਚਾਰਿਆਂ ਤੇ ਤਰਸ ਕਰ ਜ਼ਰੂਰੀ ਕੰਮ ਕਹਿੰਦੇ ਹਨ। ਪਰਉਪਕਾਰ ਦੇ ਸਮਾਨ ਹੋਰ ਕੋਈ ਪੁੰਨ ਨਹੀਂ।" ਹਜ਼ੂਰ ਦੀ ਰਸਨਾ ਤੋਂ ਇਸ ਪ੍ਰਕਾਰ ਧੀਰਜਤਾ ਵਾਲੇ ਬਚਨ ਸੁਣੇ।

ਇਹ ਬੇੜੀ ਵਾਲਾ ਪਠਾਣ ਪੁੱਤਰ ਮਲਾਹ ਭਾਵੇਂ ਬਹੁਤੀ ਵੱਡੀ ਉਮਰ ਦਾ ਨਹੀਂ ਸੀ ਪਰ ਹੈ ਸੀ ਬੜਾ ਸਮਝਦਾਰ! ਉਸ ਸਮੇਂ ਸੰਤਾਂ ਦੇ ਚੇਹਰੇ ਵੱਲ ਤੱਕਿਆ ਤਾਂ ਇਸਦੀ ਨੀਵੀਂ ਪੈ ਗਈ, ਤੇਜ਼ ਸਹਾਰ ਨਾ ਸਕਿਆ। ਸੰਤਾਂ ਨੂੰ ਅਲਾਹ ਪਾਕ ਦਾ ਨੂਰ ਜਾਣਕੇ ਬੜੀ ਨਿਮਰਤਾ ਨਾਲ ਅਰਜ਼ ਕੀਤੀ, "ਫ਼ਕੀਰ ਸਾਈਂ! ਮੇਰੀ ਬੇੜੀ ਵਿੱਚ ੨੧ ਮੁਸਾਫ਼ਰ ਬੈਠਦੇ ਹਨ ਪਰ ਅੱਜ ਮੇਰੇ ਰੋਕਦਿਆਂ-ਰੋਕਦਿਆਂ ਦੋ ਹੋਰ ਆ ਬੈਠੇ। ਮੈਂ ਸੋਚਿਆ ਚਲੋ ਮੈਂ ਆਪਣੇ ਸਰੀਰ ਦਾ ਭਾਰ ਬੇੜੀ ਤੇ ਨਹੀਂ ਦੇਵਾਂਗਾ। ਪੋਲੇ-ਪੋਲੇ ਹੱਥ ਪਾਕੇ ਪਾਣੀ ਵਿੱਚ ਤੈਰਦਾ ਚੱਪੂ ਮਾਰੀ ਜਾਵਾਂਗਾ। ਹੁਣ ਆਪ ਦੋ ਮੁਸਾਫਾਰ ਹੋਰ ਬਿਠਾਉਣ ਦੀ ਆਗਿਆ ਕਰ ਰਹੇ ਹੋ। ਮੈਂ ਆਪ ਦਾ ਹੁਕਮ ਤਾਂ ਮੰਨ ਲੈਂਦਾ ਹਾਂ ਕਿਉਂਕਿ ਬਜ਼ੁਰਗਾਂ ਤੋਂ ਸੁਣਿਆਂ ਹੈ ਪੀਰਾਂ ਦਾ ਬਚਨ ਮੋੜਣਾ ਚੰਗਾ ਨਹੀਂ ਪਰ ਮੇਰੀ ਬੇੜੀ ਦੇ ਹੁਣ ਆਪ ਜ਼ੁੰਮੇਂਵਾਰ ਹੋ।"

ਉਸ ਸਮੇਂ ਸੰਤ ਜੀ ਮੁਸਕਰਾਏ ਤੇ ਕੁਝ ਕੁ ਸਮਾਂ ਚੁੱਪ ਰਹਿਣ ਤੋਂ ਬਾਅਦ ਆਖਿਆ, "ਚੰਗਾ ਬਈ! ਅਸੀਂ ਜ਼ੁੰਮੇਂਵਾਰ ਹਾਂ। ਪਰ ਸਾਡੀ ਵੀ ਇੱਕ ਗੱਲ ਯਾਦ ਰੱਖੀਂ ਕਿ ਚੱਪੂ ਮਾਰਦਿਆਂ ਹਰੇਕ ਸਵਾਸ ਨਾਲ ਖ਼ੁਦਾ ਦਾ ਨਾਮ ਜਪੀਂ ਫੇਰ ਤੈਨੂੰ ਵੀ ਕੋਈ ਖ਼ਤਰਾ ਨਹੀਂ।"

ਸੰਤਾਂ ਦੇ ਹੁਕਮ ਅਨੁਸਾਰ ਉਹ ਦੋਵੇਂ ਯਾਤਰੂ ਵੀ ਬੇੜੀ ਵਿੱਚ ਬਿਠਾ ਲਏ, ਖ਼ੁਦਾ ਦਾ ਨਾਮ ਜਪਦਿਆਂ ਚੱਪੂ ਮਾਰਦੇ ਨੇ ਬੇੜੀ ਪਾਰ ਲਾ ਦਿੱਤੀ। ਜਦੋਂ ਪਾਰਲੇ ਕੰਢੇ ਤੇ ਬੇੜੀ ਰੁਕੀ ਤਾਂ ਮਲਾਹ ਦੇ ਮਨ ਵਿੱਚ ਅਤਿਅੰਤ ਸ਼ਰਧਾ ਹੋ ਆਈ, ਪਾਵਨ ਚਰਨਾਂ ਤੇ ਸਿਜਦਾ ਕੀਤਾ ਅਤੇ ਆਖਿਆ, "ਮਹਾਰਾਜ! ਅੱਜ ਮੇਰੇ ਤੇ ਅਲਾਹ ਪਾਕ ਦੀ ਮਹਾਨ ਬਖ਼ਸ਼ਿਸ਼ ਹੋਈ ਹੈ ਜਿਸ ਕਰਕੇ ਤੁਹਾਡਾ ਦੀਦ ਪ੍ਰਾਪਤ ਹੋਇਆ। ਹੁਣ ਅੱਗੇ ਵਾਸਤੇ ਵੀ ਕ੍ਰਿਪਾ ਦ੍ਰਿਸ਼ਟੀ ਕਰੋ।" ਹਜ਼ੂਰ ਦੀ ਰਸਨਾ ਤੋਂ ਏਕਤਾ ਵਾਲੇ ਬਚਨ ਸੁਣਕੇ ਮਲਾਹ ਦਾ ਮਨ ਗਦ-ਗਦ ਹੋ ਗਿਆ। ਨੇਤਰਾਂ ਵਿੱਚ ਵੈਰਾਗ ਦਾ ਜਲ ਆ ਗਿਆ। ਹੋਰ ਯਾਤਰੂ ਵੀ ਬੜੇ ਪ੍ਰਭਾਵਸ਼ਾਲੀ ਹੋਏ, ਸੰਤਾਂ ਨੂੰ ਭਾਵਨਾ ਨਾਲ ਨਮਸ਼ਕਾਰ ਕੀਤੀ ਤੇ ਆਖਿਆ, "ਮਹਾਰਾਜ! ਆਪ ਨੇ ਇਸ ਨੂਰੂ ਮਲਾਹ ਦੇ ਬਹਾਨੇ ਸਾਡੇ ਤੇ ਵੀ ਕਿਰਪਾ ਕੀਤੀ ਹੈ।"

ਸੰਤਾਂ ਨੇ ਉੱਤਰ ਦਿੱਤਾ, "ਇਸ ਬੇੜੀ ਦਾ ਨਿੱਕੇ ਜਿਹੇ ਦਰਿਆ ਤੋਂ ਪਾਰ ਹੋਣਾ ਕੀ ਔਖਾ ਹੈ, ਮਹਾਂ-ਪੁਰਸ਼ਾਂ ਦੇ ਪਾਸ ਸੰਸਾਰ ਸਮੁੰਦਰ ਤੋਂ ਪਾਰ ਕਰਣ ਵਾਸਤੇ ਨਾਮ ਰੂਪ ਬੇੜੀ ਹੈ, ਪ੍ਰੇਮ ਦਾ ਚੱਪੂ ਲਾ ਕੇ ਜਗਿਆਸੂ ਨੂੰ ਪਾਰ ਕਰਦੇ ਹਨ।

ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ
ਮੰਝਿ ਮੁਹਬਤਿ ਤੇਰੀ ॥
ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ
ਹਰਿ ਨਾਨਕ ਤੁਲਹਾ ਬੇੜੀ ॥

(ਪੰਨਾ ੫੨੦)

ਪਰ ਸਿੱਖ ਦਾ ਨਿਸ਼ਚਾ ਹੋਣਾ ਚਾਹੀਦਾ ਹੈ, ਭਰੋਸੇ ਵਾਲਾ ਸਿੱਖ ਹੀ ਤਰਦਾ ਹੈ:

ਜੇ ਕੋ ਬਚਨੁ ਕਮਾਵੈ ਸੰਤਨ ਕਾ
ਸੋ ਗੁਰ ਪਰਸਾਦੀ ਤਰੀਐ ॥

(ਪੰਨਾ ੭੪੭)

ਸੰਤਾਂ ਦੇ ਬਚਨਾਂ ਦਾ ਸੰਗਤ ਦੇ ਮਨ ਤੇ ਬੜਾ ਅਸਰ ਹੋਇਆ ਤੇ ਮੁਖੀ ਪ੍ਰੇਮੀ ਕਹਿਣ ਲਗੇ, "ਗ਼ਰੀਬ ਨਿਵਾਜ਼! ਸੰਤ ਤਾਂ ਖ਼ੁਦ ਮਲਾਹ ਰੂਪ ਹਨ, ਭਾਵਨਾ ਵਾਲਿਆਂ ਨੂੰ ਸੰਸਾਰ ਸਮੁੰਦਰ ਤੋਂ ਨਾਮ ਰੂਪੀ ਬੇੜੀ ਤੇ ਬਿਠਾਕੇ ਪਾਰ ਕਰਦੇ ਹਨ ਆਪ ਹੀ ਬਦੋਬਦੀ।

*ਨਾਮ ਬੇੜੀ ਸੰਤ ਮਲਾਹ।*
*ਪਾਰ ਉਤਾਰੇ ਖ਼ਾਹਮਖ਼ਾਹ।*

ਪਰ ਆਪ ਨੇ ਕੋਈ ਉੱਤਰ ਨਹੀਂ ਦਿੱਤਾ। ਫੇਰ ਆਪ ਜੀ ਸਾਥੀਆਂ ਸਮੇਤ ਬਾਬਾ ਫੂਲਾ ਸਿੰਘ ਦੀ ਸਮਾਧ ਵਾਲੀ ਜਗ੍ਹਾ (ਜਿਥੇ ਗੁਰਦੁਆਰਾ ਸਾਹਿਬ ਬਣਿਆ ਹੈ) ਚਲੇ ਗਏ, ਭੇਟਾ ਅਰਪਕੇ ਗੁਰੂ ਦਰਬਾਰ ਨੂੰ ਨਮਸ਼ਕਾਰ ਕੀਤੀ, ਪ੍ਰਬੰਧਕਾਂ ਨੇ ਬੜਾ ਸਤਿਕਾਰ ਕੀਤਾ। ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਿਆ, ਰਹਾਇਸ਼ ਵਾਸਤੇ ਬੇਨਤੀ ਕੀਤੀ ਪਰ ਹਜ਼ੂਰ ਨੇ

ਉੱਤਰ ਦਿੱਤਾ ਅਸੀਂ ਹੋਤੀ ਮਰਦਾਨ ਪੁੱਜਣਾ ਹੈ, ਸੰਗਤ ਉਡੀਕ ਕਰੇਗੀ। ਹੁਣ ਖ਼ੁਸ਼ੀ ਬਖ਼ਸ਼ੋ। ਫੇਰ ਸੰਤਾਂ ਨੂੰ ਜਥੇਦਾਰ ਨੇ ਸਿਰੋਪਾਓ ਦਿੱਤਾ। ਆਪ ਸਾਥੀਆਂ ਸਮੇਤ ਰਸਾਲਪੁਰ ਛਾਉਣੀ ਤੱਕ ਪੈਦਲ ਆਏ, ਏਥੋਂ ਟਾਂਗਿਆਂ ਵਿੱਚ ਬੈਠਕੇ ਮਰਦਾਨ ਪੁੱਜੇ। ਹੋਤੀ ਡੇਰੇ ਦੀ ਭਾਵਨਾ ਨਾਲ ਯਾਤਰਾ ਕੀਤੀ। ਵਿਸਾਖੀ ਦਾ ਜੋੜ ਮੇਲਾ ਸਮਾਪਤ ਹੋਇਆ ਤਾਂ ਆਪ ਜੀ ਕੁਝ ਕੁ ਦਿਨ ਸੰਗਤ ਦੀ ਬੇਨਤੀ ਮੰਨਕੇ ਹੋਰ ਟਿਕ ਗਏ। ਕੁਝ ਕੁ ਸਮਾਂ ਉਡੀਕ ਕੇ ਉਪਰੰਤ ਰਾਮਪੁਰ ਦੀ ਸੰਗਤ ਨੇ ਹੋਤੀ ਮਰਦਾਨ ਆ ਕੇ ਮਹਾਂ-ਪੁਰਸ਼ਾਂ ਨੂੰ ਬੇਨਤੀ ਕੀਤੀ।[੪] ਹਜ਼ੂਰ ਨੇ ਪਿਛਲਾ ਪ੍ਰੇਮ ਤੱਕ ਕੇ ਮੁੜ ਅਸਥਾਨ ਨੂੰ ਭਾਗ ਲਾਏ।

-o-

[੪]ਇਹ ਪ੍ਰਸੰਗ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੇ ਚਰਨਾਂ ਵਿਚ ਰਹਿਣ ਵਾਲੇ ਬਾਬਾ ਮਾਨ ਸਿੰਘ ਨੇ ਲਿਖਵਾਇਆ ਹੈ ਜੋ ਉਸ ਸਮੇਂ ਆਪਣੇ ਪਿਤਾ ਨਾਲ ਨੁਸ਼ਹਿਰੇ ਛਾਉਣੀ ਰੁਹਿੰਦੇ ਸਨ ਅਤੇ ਉਸ ਸਮੇਂ ਆਪ ਸੰਤਾਂ ਨਾਲ ਬੇੜੀ ਵਿਚ ਬੈਠੇ ਸੀ।

# ਅੱਠਵਾਂ ਕਾਂਡ

## ਪਟਿਆਲੇ ਦੀ ਸੰਗਤ

ਹੁਣ ਏਥੇ ਕੁਝ ਕੁ ਪਟਿਆਲੇ ਦੀ ਸੰਗਤ ਦੇ ਨਾਮ ਵੀ ਲਿਖਣੇ ਜ਼ਰੂਰੀ ਸਮਝਦੇ ਹਾਂ ਜਿਨ੍ਹਾਂ ਗੁਰੂ ਪਿਆਰਿਆਂ ਨੇ ਫੌਜ ਤੇ ਤੋਪਖਾਨੇ ਦੀ ਨੌਕਰੀ ਨੂੰ ਕਰਦਿਆਂ ਹੋਇਆਂ ਸ੍ਰੀ ਹਜ਼ੂਰ ਬਾਬਾ ਜੀ ਦੇ ਚਰਨਾਂ ਚੋਂ ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਨਾਲ-ਨਾਲ ਸ਼ਬਦ ਸੁਰਤ ਦੇ ਅਭਿਆਸ ਦੁਆਰਾ ਉੱਚ ਪਦਵੀਆਂ ਪ੍ਰਾਪਤ ਕੀਤੀਆਂ।

ਸਭ ਤੋਂ ਪਹਿਲਾਂ ਜੜਤੌਲੀ ਪਿੰਡ ਦਾ (ਜੋ ਕਿਲ੍ਹਾ ਰਾਇਪੁਰ ਦੇ ਪਾਸ ਲੁਧਿਆਣੇ ਜ਼ਿਲ੍ਹੇ ਵਿੱਚ ਹੈ) ਭਾਈ ਗੁੱਜਰ ਸਿੰਘ ਜੀ, ਜਿਸਨੂੰ 'ਬਾਈ ਜੀ' ਕਰਕੇ ਆਖਦੇ ਹਨ, ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਪੁੱਜਿਆ। ਇਸਦਾ ਮਿਲਾਪ ਇਸ ਪ੍ਰਕਾਰ ਹੋਇਆ ਕਿ ਕਟਾਹਰੀ ਪਿੰਡ ਦਾ ਸੰਤਾ ਸਿੰਘ (ਜੋ ਰੇਰੂ ਸਾਹਿਬ ਦੇ ਲੰਗਰ ਦਾ ਸ੍ਰੀ ਮਾਨ ਹੈ) ਇਸਦਾ ਮਿਲਾਪੀ ਸੀ। ਸੰਤਾ ਸਿੰਘ ਦੀ ਬੀਬੀ ਜੀਵੀ ਜੜਤੌਲੀ ਨਗਰ ਸ੍ਰਦਾਰ ਸੌਣ ਸਿੰਘ ਨੂੰ ਵਿਆਹੀ ਹੋਈ ਸੀ। ਇਹ ਛੋਟੀ ਅਵਸਥਾ ਵਿੱਚ ਆਪਣੀ ਭੂਆ ਜੀ ਪਾਸ ਜਾਇਆ ਕਰਦੇ ਅਤੇ ਕਈ-ਕਈ ਦਿਨ ਠਹਿਰਦੇ। ਉਸ ਸਮੇਂ ਗੁੱਜਰ ਸਿੰਘ ਜੀ ਨਾਲ ਚੰਗਾ ਮਿਤ੍ਰਾਨਾ ਹੋ ਗਿਆ। ੧੯੧੩ ਦੀ ਜੰਗ ਸਮੇਂ ਸ੍ਰ: ਦਾਨਾ ਸਿੰਘ ਦਾ ਲੜਕਾ ਭਾਈ ਗੁੱਜਰ ਸਿੰਘ ਤਾਂ ਪਟਿਆਲੇ ਤੋਪਖਾਨੇ ਜਾ ਭਰਤੀ ਹੋਇਆ ਅਤੇ ਸੰਤਾ ਸਿੰਘ ਜੀ ਬਾਬਾ ਜੀ ਦੇ ਚਰਨਾਂ ਵਿੱਚੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਉਸ ਜਗ੍ਹਾ ਹੀ ਸੇਵਾ ਵਿੱਚ ਜੁਟ ਗਏ। ਕਦੀ-ਕਦੀ ਆਪਣੇ ਪਿੰਡ ਵੀ ਆ ਜਾਂਦੇ। ਏਧਰੋਂ ਗੁੱਜਰ ਸਿੰਘ ਜੀ ਵੀ ਤੋਪਖਾਨੇ ਦੀ ਛੁੱਟੀ ਕੱਟਣ ਆਪਣੇ ਨਗਰ ਆਏ ਹੋਏ ਸਨ। ਕਾਫ਼ੀ ਚਿਰ ਤੋਂ ਬਾਅਦ ਦੋਵੇਂ ਮਿੱਤਰਾਂ ਦਾ ਮਿਲਾਪ ਹੋਇਆ ਪਰ ਇਹ ਮੇਲ ਪਹਿਲਿਆਂ ਮਿਲਾਪਾਂ ਨਾਲੋਂ ਕਿਤੇ ਵੱਖਰਾ ਸੀ। ਪਹਿਲਾ ਬਾਲ ਅਵਸਥਾ ਵਿੱਚ ਖੇਡ ਪਿਆਰੀ ਹੁੰਦੀ ਹੈ:

ਚਉਥੈ ਪਿਆਰਿ ਉਪੰਨੀ ਖੇਡ ॥

(ਪੰਨਾ ੧੩੭)

ਪਰ ਹੁਣ ਜੀਵਨ ਨੇ ਪਲਟਾ ਖਾਧਾ, ਜਨਮਾਂ-ਜਨਮਾਤ੍ਰਾਂ ਦੀ ਭਗਤੀ ਦਾ ਅੰਕੁਰ ਜਾਗਿਆ, ਪ੍ਰਮਾਰਥੀ ਬਚਨ ਕਰਨ ਲੱਗੇ। ਮਹਾਂ ਪੁਰਸ਼ਾਂ ਦੀ ਸਿਫ਼ਤ ਸ਼ੁਰੂ ਹੋਈ ਉਸ ਸਮੇਂ ਪਟਿਆਲੇ ਵਿੱਚ ਚੰਗੇ-ਚੰਗੇ ਮਸ਼ਹੂਰ ਸਾਧੂ ਰਿਹਾ ਕਰਦੇ ਸਨ। ਜੈਸੇ ਬਾਬਾ ਧਿਆਨਾ ਜੀ, ਸੰਤ ਸੰਤੋਖ ਦਾਸ ਜੀ, ਸੰਤ ਪਰੇਮ ਦਾਸ ਜੀ ਆਦਿਕ ਅਤੇ ਬਾਹਰੋਂ ਵੀ ਪੁੱਜੀਆ ਹੋਈਆ ਮਸ਼ਹੂਰ ਹਸਤੀਆਂ ਆ ਕੇ ਦਰਸ਼ਨ ਬਖ਼ਸ਼ਦੀਆਂ। ਸੰਤ ਮਸਤੂਆਣੇ ਵਾਲਿਆਂ ਦਾ ਦੀਦਾਰ ਤੇ ਕੀਰਤਨ ਤਾਂ ਪੂਰੀ ਮਸਤੀ ਚਾੜ੍ਹ ਦਿੰਦਾ ਸੀ, ਦੇਸ਼ ਕਾਲ ਵਿਸਰ ਜਾਂਦੇ, ਪਾਪੀਆਂ ਤੋਂ ਪੁੰਨੀ ਤੇ ਰਾਕਸ਼ਾਂ ਤੋਂ ਦੇਵਤੇ ਬਣ ਜਾਂਦੇ।

ਇਨ੍ਹਾਂ ਬਚਨ ਦੇ ਦੌਰਾਨ ਗੁੱਜਰ ਸਿੰਘ ਨੂੰ ਸੰਤਾ ਸਿੰਘ ਨੇ ਆਖਿਆ ਕਿ ਜਿਨ੍ਹਾਂ ਮਹਾਂਪੁਰਸ਼ਾਂ ਦੇ ਪਾਸ ਮੈਂ ਰਹਿੰਦਾ ਹਾਂ ਉਹ ਵੀ ਮਹਾਨ ਆਤਮਾ ਪੂਰਨ ਪੁਰਸ਼ ਤੇ ਮਹਾਂ-ਤਪੱਸਵੀ ਹਨ। ਦਿਨੇਂ ਲੰਗਰ ਦੀ ਸੇਵਾ ਵਾਸਤੇ ਸਾਰਾ ਸਮਾਂ ਖੇਤੀ ਦਾ ਕੰਮ ਕਰਨਾ, ਹਲ ਵਾਹੁਣਾ, ਪੱਠੇ ਕੱਟਣੇ, ਪਸ਼ੂਆਂ ਦੀ ਸੰਭਾਲ ਕਰਨੀ ਅਤੇ ਰਾਤ ਨੂੰ ਬਾਹਰ ਛਪੜੀ ਕੰਢੇ ਬੈਠ ਕੇ ਭਜਨ ਕਰਨਾ। ਸਰੀਰ ਦੀ ਕਿਰਿਆ ਸਾਦੀ, ਹੁਨਾਲ ਸਿਆਲ ਉਪਰ ਖੱਦਰ ਦੀ ਚਾਦਰ, ਬਿਨਾਂ ਲੂਣ ਤੋਂ ਦਾਲ ਸਬਜ਼ੀ ਨਾਲ ਕੇਵਲ ਅੱਠੀ ਪਹਿਰੀਂ ਹੀ ਪ੍ਰਸ਼ਾਦ ਛਕਣਾ, ਦਰਸ਼ਨ ਕਰਕੇ ਤਪਦਾ ਮਨ ਸ਼ਾਂਤ ਹੋ ਜਾਂਦਾ ਹੈ। ਇਹੋ ਜਿਹੇ ਬਚਨ ਸੁਣ ਕੇ ਗੁੱਜਰ ਸਿੰਘ ਦੇ ਮਨ ਤੇ ਬੜਾ ਅਸਰ ਹੋਈਆ, ਕਹਿਣ ਲੱਗਾ, "ਸੰਤਾ ਸਿੰਘ! ਮੈਨੂੰ ਵੀ ਉਨ੍ਹਾਂ ਦੇ ਦਰਸ਼ਨ ਕਰਵਾ।" ਸੰਤਾ ਸਿੰਘ ਨੇ ਆਖਿਆ, "ਚਲ ਮੇਰੇ ਨਾਲ।" ਉਸ ਨੇ ਕਿਹਾ, "ਨਾ ਬਈ! ਐਡੀ ਛੇਤੀ ਨਹੀਂ, ਮੇਰੀ ਅਜੇ ਛੁੱਟੀ ਰਹਿੰਦੀ ਹੈ, ਪੂਰੀ ਹੋਈ ਤੋਂ ਪਟਿਆਲੇ ਨੂੰ ਜਾਂਦਿਆਂ ਹੋਇਆਂ ਦਰਸ਼ਨ ਕਰਾਂਗਾ।"

ਦੋਹਾਂ ਮਿੱਤਰਾਂ ਨੇ ਸਮਾਂ ਨੀਯਤ ਕਰ ਲਿਆ, ਸੰਤਾ ਸਿੰਘ ਨੇ ਆਖਿਆ, "ਚੰਗਾ ਮੈਂ ਉਸ ਦਿਨ ਆਪਣੇ ਪਿੰਡ ਹੀ ਹੋਵਾਂਗਾ। ਤੁਸਾਂ ਮੇਰੇ ਪਾਸ ਆ ਜਾਣਾ ਫੇਰ ਆਪਾਂ ਇਕੱਠੇ ਹੀ ਚਲਾਂਗੇ।" ਇਉਂ ਸਲਾਹ ਪੱਕੀ ਕਰਕੇ ਸੰਤਾ ਸਿੰਘ ਤਾਂ ਵਾਪਸ ਆ ਗਿਆ। ਛੁੱਟੀ ਪੂਰੀ ਹੋਣ ਤੋਂ ਦੋ ਦਿਨ ਰਹਿੰਦੇ ਗੁੱਜਰ ਸਿੰਘ ਵੀ ਕਟਾਹਰੀ ਪਿੰਡ ਆ ਗਿਆ। ਉਸ ਸਮੇਂ ਸੰਤਾ ਸਿੰਘ ਨਹਿਰ ਤੇ ਖੜਾ ਇਨ੍ਹਾਂ ਨੂੰ ਉਡੀਕ ਰਿਹਾ ਸੀ। ਜਦੋਂ ਪਾਸ ਆਏ ਪਿਆਰ ਨਾਲ ਮਿਲੇ ਤੇ ਸਿੱਧੇ ਹੀ ਨਹਿਰੋ ਨਹਿਰ ਰੇਰੂ ਸਾਹਿਬ ਪਹੁੰਚ ਗਏ। ਸ਼ਾਮ ਹੋ ਚੁੱਕੀ ਸੀ। ਸੰਤ ਜੀ ਮਹਾਰਾਜ ਅਜੇ ਬਾਹਰੋਂ ਆਏ ਹੀ ਸਨ। ਇਨ੍ਹਾਂ ਦੇ

ਚਰਨਾਂ ਵਿੱਚ ਪੁੱਜ ਕੇ ਮੱਥਾ ਟੇਕਿਆ। ਸਚਮੁਚ ਹੀ:

...ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥

(ਪੰਨਾ ੧੦੮)

ਮਨ ਸ਼ਾਂਤ ਹੋ ਗਿਆ, ਕੋਈ ਅਗੰਮੀ ਮਸਤੀ ਚੜ੍ਹ ਗਈ, ਜਾਣੀ-ਜਾਣ ਰਹਿਬਰ ਨੇ ਪਿਛਲੇ ਸਬੰਧ ਨੂੰ ਜਾਣ ਕੇ ਪੁੱਛਿਆ, "ਭਾਈ! ਆ ਗਏ?" ਗੁੱਜਰ ਸਿੰਘ ਏਧਰ ਓਧਰ ਦੇਖੇ ਬਈ ਇਹ ਕਿਸ ਨੂੰ ਆਖ ਰਹੇ ਹਨ। ਇਨ੍ਹਾਂ ਦੇ ਮਨ ਦਾ ਖਿਆਲ ਜਾਣ ਕੇ ਹਜ਼ੂਰ ਕਹਿਣ ਲੱਗੇ, "ਤੁਹਾਨੂੰ ਹੀ ਕਹਿੰਦੇ ਹਾਂ ਕਿ ਆ ਗਏ ਹੋ?" ਇਨ੍ਹਾਂ ਹੱਥ ਜੋੜ ਕੇ ਅਰਜ਼, "ਕੀਤੀ ਗ਼ਰੀਬ ਨਿਵਾਜ਼! ਆਪ ਜੀ ਦੀ ਕ੍ਰਿਪਾ ਹੈ, ਨਾਮ-ਦਾਨ ਦੀ ਦਾਤ ਬਖ਼ਸ਼ੋ।" ਹਜ਼ੂਰ ਨੇ ਉੱਤਰ ਦਿੱਤਾ, "ਅਜੇ ਠਹਿਰੋ ਸਮਾਂ ਨਹੀਂ ਆਇਆ, ਸਮਾਂ ਆਏਗਾ ਪਿਛਲੇ ਜਨਮਾਂ ਦੇ ਸੰਜੋਗੀ ਨਾਲ ਦੇ ਸਾਥੀ ਇਕੱਠੇ ਹੋਣਗੇ, ਤਦ ਨਾਮ ਪ੍ਰਾਪਤ ਹੋਵੇਗਾ।"

ਸੰਤ ਜੀ ਮਹਾਰਾਜ ਤੋਂ ਇਸ ਪ੍ਰਕਾਰ ਦੇ ਬਚਨ ਸੁਣ ਕੇ ਇਨ੍ਹਾਂ ਨੇ ਰਾਤ ਓਥੇ ਹੀ ਰਹਾਇਸ਼ ਰੱਖੀ। ਸਵੇਰ ਹੁੰਦਿਆਂ ਬਾਬਾ ਜੀ ਤੋਂ ਆਗਿਆ ਪਾ ਕੇ ਦੋਰਾਹੇ ਤੋਂ ਗੱਡੀ ਬੈਠ ਕੇ ਪਟਿਆਲੇ ਆ ਉੱਤਰੇ। ਏਥੇ ਤੋਪਖਾਨੇ ਦੇ ਫੌਜੀਆਂ ਪਾਸ ਬਾਬਾ ਜੀ ਦਾ ਜਸ ਕੀਤਾ, ਜਿਸ ਨੂੰ ਸੁਣ ਕੇ ਬਹੁਤ ਸਾਰੇ ਪ੍ਰੇਮੀਆਂ ਦੇ ਮਨ ਵਿੱਚ ਦਰਸ਼ਨ ਕਰਨ ਦਾ ਉਤਸ਼ਾਹ ਜਾਗਿਆ ਅਤੇ ਬਾਬਾ ਜੀ ਦੀ ਪਾਵਨ ਹਜ਼ੂਰੀ ਵਿੱਚ ਪੁੱਜ ਕੇ ਨਾਮ ਦੀ ਪ੍ਰਾਪਤੀ ਦੁਆਰਾ ਜਨਮ ਸਫ਼ਲਾ ਕੀਤਾ।

ਸਭ ਤੋਂ ਪਹਿਲਾਂ ਗੁੱਜਰ ਸਿੰਘ (ਬਾਈ ਜੀ), ਸੰਤ ਬਿਸ਼ਨ ਸਿੰਘ ਅਤੇ ਖਨਾਲ ਦਾ ਭਾਈ ਮੁਕੰਦ ਸਿੰਘ ਜੀ ਤਿੰਨ ਸੱਜਣ ਆਏ। ਮਹਾਂ-ਪੁਰਸ਼ਾਂ ਨੇ ਅਧਿਕਾਰੀ ਜਾਣ ਕੇ ਬਖ਼ਸ਼ਿਸ਼ ਦੇ ਬੂਹੇ ਖੋਲ੍ਹ ਦਿੱਤੇ। ਇਨ੍ਹਾਂ ਤੋਂ ਬਾਅਦ ਸੰਤ ਕਿਸ਼ਨ ਸਿੰਘ ਜੀ ਮਹਾਰਾਜ (ਛੋਟੇ ਸੰਤ ਰਾੜਾ ਸਾਹਿਬ ਵਾਲੇ) ਅਤੇ ਵੱਡੇ ਸੰਤ ਮਹਾਰਾਜ ਰਾੜੇ ਸਾਹਿਬ ਵਾਲੇ ਤੇ ਬਾਬਾ ਹੀਰਾ ਸਿੰਘ ਜੀ ਆਏ। ਉਸ ਤੋਂ ਬਾਅਦ ਪਟਿਆਲੇ ਦੀ ਹੋਰ ਬੇਅੰਤ ਸੰਗਤ ਜਿਨ੍ਹਾਂ ਦੇ ਨਾਵਾਂ ਦੀ ਲਿਸਟ ਅੱਗੇ ਦਰਜ ਕੀਤੀ ਹੈ, ਸੰਤ ਜੀ ਮਹਾਰਾਜ ਤੋਂ ਵਰੋਸਾਏ ਹਨ।

ਨੋਟ: ਅੱਗੇ ਜੋ ਨਾਵਾਂ ਦੀ ਲਿਸਟ ਲਿਖੀ ਹੈ ਉਹ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੇ ਨਿਕਟਵਰਤੀ ਸ੍ਰੀਮਾਨ ਸੰਤ ਬਾਬਾ ਹੀਰਾ ਸਿੰਘ ਜੀ ਤੋਂ ਪ੍ਰਾਪਤ ਹੋਈ ਹੈ।

# ਸ੍ਰੀ ਸੰਤ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੇ ਸੇਵਕਾਂ ਦੇ ਸ਼ੁਭ ਨਾਮ (LIST OF PATIALA)

## ਸੰਗਤ ਤੋਪਖਾਨਾ ਪਟਿਆਲਾ

| ਨੰ: | ਸ਼ੁਰੂ ਰੈਂਕ | ਨਾਮ | ਰੈਂਕ ਅਖੀਰੀ | ਪਿੰਡ | ਜ਼ਿਲ੍ਹਾ |
|---|---|---|---|---|---|
| ੧ | ਲੈਸ | ਸੰਤ ਬਿਸ਼ਨ ਸਿੰਘ | ਸੰਤ | ਜੈਤੋਂ | ਬਠਿੰਡਾ |
| ੨ | ਸਿਪਾਹੀ | ਗੁੱਜਰ ਸਿੰਘ (ਬਾਈ ਜੀ) | ਸੰਤ | ਜੜਤੌਲੀ | ਲੁਧਿਆਣਾ |
| ੩ | ਸਿਪਾਹੀ | ਸੰਤੋਖ ਸਿੰਘ (ਸੁਆਮੀ ਜੀ) | ਲੈਸ (ਸੰਤ) | ਰਾਮਗੜ੍ਹ | ਪਟਿਆਲਾ |
| ੪ | ਸਿਪਾਹੀ | ਸੰਤ ਗੱਜਣ ਸਿੰਘ | ਸੰਤ | ਗੁਰੂ ਕੇ | ਬਠਿੰਡਾ |
| ੫ | ਸਿਪਾਹੀ ਪੇ ਨੈਕ | ਸੰਤ ਕਿਸ਼ਨ ਸਿੰਘ ਜੀ | ਸੰਤ | ਮਸੀਤਾਂ | ਹਿਸਾਰ |
| ੬ | ਸਿਪਾਹੀ | ਜੀਵਨ ਸਿੰਘ | | --- | ਕਰਨਾਲ |
| ੭ | ਸਿਪਾਹੀ | ਭੂਰਾ ਸਿੰਘ | | ਚਾਂਗਲੀ | ਸੰਗਰੂਰ |
| ੮ | ਸਿਪਾਹੀ | ਮੁਕੰਦ ਸਿੰਘ | ਨੈਕ | ਖਨਾਲ | ਸੰਗਰੂਰ |
| ੯ | ਸਿਪਾਹੀ ਬਿਗਲਰ | ਇੰਦਰ ਸਿੰਘ | | ਸਿੰਘਾਵਾਲਾ | ਫੀਰੋਜ਼ਪੁਰ |
| ੧੦ | ਹੌਲਦਾਰ | ਮੰਗਲ ਸਿੰਘ | | ਤਾਜੋ | ਸੰਗਰੂਰ |
| ੧੧ | ਨੈਕ | ਅਤਰ ਸਿੰਘ | ਜਮਾਦਾਰ | ਖਿਦਰਾਬਾਦ | ਅੰਬਾਲਾ |
| ੧੨ | ਜਮਾਂਦਾਰ | ਬਖਤਾਵਰ ਸਿੰਘ | | ਛੰਨਾ ਖੜਕ-ਸਿੰਘਵਾਲੀਆਂ | ਸੰਗਰੂਰ |
| ੧੩ | ਨੈਕ | ਘੁੱਲਾ ਸਿੰਘ | ਹੌਲਦਾਰ | ਖਿਦਰਾਬਾਦ | ਅੰਬਾਲਾ |
| ੧੪ | | ਪ੍ਰੀਤਮ ਸਿੰਘ | | ਖਿਦਰਾਬਾਦ | ਅੰਬਾਲਾ |
| ੧੫ | ਸਿਪਾਹੀ | ਈਸ਼ਰ ਸਿੰਘ | | ਖਿਦਰਾਬਾਦ | ਅੰਬਾਲਾ |
| ੧੬ | ਸਿਪਾਹੀ | ਕਿਸ਼ਨ ਸਿੰਘ | | ਖਿਦਰਾਬਾਦ | ਅੰਬਾਲਾ |
| ੧੭ | ਸਿਪਾਹੀ | ਰਾਜਾ ਸਿੰਘ | | ਖਿਦਰਾਬਾਦ | ਅੰਬਾਲਾ |
| ੧੮ | ਸਿਪਾਹੀ | ਮੰਗਲ ਸਿੰਘ | | ਖਿਦਰਾਬਾਦ | ਅੰਬਾਲਾ |
| ੧੯ | ਸਿਪਾਹੀ | ਹਜ਼ਾਰਾ ਸਿੰਘ | ਹੌਲਦਾਰ | ਬਖਸ਼ੀਵਾਲੀ | ਸੰਗਰੂਰ |
| ੨੦ | ਨੈਕ | ਮਸਤਾਨ ਸਿੰਘ | | ਡਬਵਾਲੀ | ਹਿਸਾਰ |
| ੨੧ | ਸਿਪਾਹੀ | ਦਲੀਪ ਸਿੰਘ | | ਖਨਾਲ | ਸੰਗਰੂਰ |
| ੨੨ | ਸਿਪਾਹੀ | ਇੰਦਰ ਸਿੰਘ | | ਖਟੜਾ | ਸੰਗਰੂਰ |
| ੨੩ | ਸਿਪਾਹੀ | ਜੈ ਸਿੰਘ | ਤੀਜਾ | ਮਲੋਵਾ | ਅੰਬਾਲਾ |
| ੨੪ | ਲੈਸ | ਪ੍ਰਤਾਪ ਸਿੰਘ | ਨੈਕ | ਲੰਗ | ਪਟਿਆਲਾ |
| ੨੫ | ਸਿਪਾਹੀ | ਚੰਨਣ ਸਿੰਘ | | ਗੋਣਾ | ਕਰਨਾਲ |

| | | | | | |
|---|---|---|---|---|---|
| ੨੬ | ਸਿਪਾਹੀ | ਹਰਨਾਮ ਸਿੰਘ | | ਛੰਦੜ | ਲੁਧਿਆਣਾ |
| ੨੭ | ਨੈਕ | ਸੁੰਦਰ ਸਿੰਘ | ਹੌਲਦਾਰ | ਸੁਜਾਦਪੁਰ | ਅੰਬਾਲਾ |
| ੨੮ | ਗ੍ਰੰਥੀ | ਸ਼ੇਰ ਸਿੰਘ | | ਸੁਜਾਦਪੁਰ | ਅੰਬਾਲਾ |
| ੨੯ | ਸਿਪਾਹੀ | ਅਜੀਤ ਸਿੰਘ | | ਤਲਾਕੌਰ | ਅੰਬਾਲਾ |
| ੩੦ | ਸਿਪਾਹੀ | ਜਵਾਲਾ ਸਿੰਘ | | ਮਹਿਤਾ | ਸੰਗਰੂਰ |
| ੩੧ | ਸਿਪਾਹੀ | ਦਲੀਪ ਸਿੰਘ | ਪੱਤੇਬਾਜ਼ | ਖਨਾਲ | ਸੰਗਰੂਰ |
| ੩੨ | ਫੈਰੀਅਰ ਮੈਨੇਜਰ | ਵਰਿਆਮ ਸਿੰਘ | | ਲੱਤੇ | ਪਟਿਆਲਾ |
| ੩੩ | ਸਿਪਾਹੀ | ਕ੍ਰਿਪਾਲ ਸਿੰਘ | | ਮਾਛੀਵਾੜਾ | ਲੁਧਿਆਣਾ |
| ੩੪ | ਲੈਸ | ਨਰਾਇਣ ਸਿੰਘ | ਨੈਕ | ਮੋਹੀ | ਲੁਧਿਆਣਾ |
| ੩੫ | ਲੈਸ | ਬਾਬਾ ਹੀਰਾ ਸਿੰਘ | ਜਮਾਂਦਾਰ-ਥਾਣੇਦਾਰ | ਅਬਲ ਖੁਰਾਨਾ | ਫ਼ੀਰੋਜ਼ਪੁਰ |
| ੩੬ | ਸਿਪਾਹੀ | ਮਿਹਰ ਸਿੰਘ | ਸਿਪਾਹੀ | ਝਿੰਝਰਾਂ | ਪਟਿਆਲਾ |
| ੩੭ | ਸਿਪਾਹੀ | ਨਿਰੰਜਨ ਸਿੰਘ | | ਰਾਮਪੁਰ | ਲੁਧਿਆਣਾ |
| ੩੮ | ਨੈਕ | ਬੱਗਾ ਸਿੰਘ | ਹੌਲਦਾਰ | ਸਬਾਜ਼ਪੁਰ | ਪਟਿਆਲਾ |
| ੩੯ | ਸਿਪਾਹੀ | ਰਤਨ ਸਿੰਘ | | ਮਲੋਵਾ | ਅੰਬਾਲਾ |
| ੪੦ | ਸਿਪਾਹੀ | ਇੰਦਰ ਸਿੰਘ | | ਭਰੌੜੀ | ਅੰਬਾਲਾ |
| ੪੧ | ਕਪਤਾਨ | ਗੁਰਦਿਆਲ ਸਿੰਘ | | ਕਿਲਾ | ਲਾਹੌਰ |

## ਪਲਟਣ ਨੰ: ੧

| | | | | | |
|---|---|---|---|---|---|
| ੧ | ਕਲਰਕ | ਹਰਦੁਮਨ ਸਿੰਘ | ਮੇਜਰ | ਤਾਜੋ | ਬਰਨਾਲਾ |
| ੨ | ਕਲਰਕ | ਹਰਦਿਆਲ ਸਿੰਘ | ਸੂਬੇਦਾਰ | ਦੁਆਬੀਆਂ | |
| ੩ | ਨੈਕ | ਸਿੰਘਾ ਸਿੰਘ | ਹੌਲਦਾਰ | ਰਿਆਤ-ਰਿਆਣਾ | ਸੰਗਰੂਰ |
| ੪ | ਹੌਲਦਾਰ | ਪਰਦੁਮਨ ਸਿੰਘ | ਸੂਬੇਦਾਰ | ਛੰਨਾ | ਸੰਗਰੂਰ |
| ੫ | ਨੈਕ | ਵਜ਼ੀਰ ਸਿੰਘ | ਹੌਲਦਾਰ | ਕੌਂਰ੍ਹੀਆਂ | ਸੰਗਰੂਰ |
| ੬ | ਨੈਕ | ਇੰਦਰ ਸਿੰਘ | ਹੌਲਦਾਰ | ਕੌਂਰ੍ਹੀਆਂ | ਸੰਗਰੂਰ |
| ੭ | ਲੈਫਟੀਨੈਂਟ | ਦਲੀਪ ਸਿੰਘ | ਬ੍ਰਿਗੇਡੀ-ਅਰ | ਦੋਲੋਂ | ਲੁਧਿਆਣਾ |
| ੮ | ਲੈਫਟੀਨੈਂਟ | ਬਿਕ੍ਰਮਦੇਵ ਸਿੰਘ | ਬ੍ਰਿਗੇਡੀ-ਅਰ | ਮਾਂਗੇਵਾਲ | ਸੰਗਰੂਰ |
| ੯ | ਲੈਫਟੀਨੈਂਟ | ਸੁਖਾ ਸਿੰਘ | ਕਪਤਾਨ | ਬਨੂੜ | ਪਟਿਆਲਾ |
| ੧੦ | ਲੈਫਟੀਨੈਂਟ | ਜਸਵੰਤ ਸਿੰਘ | ਕਰਨਲ | ਛੰਨਾਂ | ਸੰਗਰੂਰ |

| | | | | | |
|---|---|---|---|---|---|
| ੧੧ | ਸੂਬੇਦਾਰ | ਆਤਮਾ ਸਿੰਘ | ਮੇਜਰ | ਕੋਟਲਾ | ਲੁਧਿਆਣਾ |
| ੧੨ | ਸਿਪਾਹੀ | ਕਪੂਰ ਸਿੰਘ | | | |
| **ਪਲਟਣ ਨੰ: ੨** | | | | | |
| ੧ | ਕਲਰਕ | ਉਤਮ ਸਿੰਘ | ਕਲਰਕ | ਤੁਲੇਵਾਲ | ਪਟਿਆਲਾ |
| ੨ | ਕਲਰਕ | ਸੁਰਜੀਤ ਸਿੰਘ | ਜਮਾਂਦਾਰ | ਨਕੋਦਰ | ਜਲੰਧਰ |
| ੩ | ਕਲਰਕ | ਰਤਨ ਸਿੰਘ | ਸੂਬੇਦਾਰ | ਨਥਾਨਾ | ਫੀਰੋਜ਼ਪੁਰ |
| ੪ | ਹੌਲਦਾਰ | ਨਰਾਤਾ ਸਿੰਘ | | ਚੂੜਪੁਰ | ਪਟਿਆਲਾ |
| ੫ | ਨੈਕ | ਅਜੀਤ ਸਿੰਘ | ਹੌਲਦਾਰ | ਰਾਮਪੁਰ | ਲੁਧਿਆਣਾ |
| **ਰਸਾਲਾ ਨੰ: ੧** | | | | | |
| ੧ | ਲੈਫਟੀਨੈਂਟ | ਜਗਦੀਪਸਿੰਘ | ਕੈਪਟਨ | ਛੰਨਾਂ | ਸੰਗਰੂਰ |
| **ਪਲਟਣ ਨੰ: ੪** | | | | | |
| ੧ | ਲੈਫਟੀਨੈਂਟ | ਹਜ਼ੂਰਾ ਸਿੰਘ | ਕਪਤਾਨ | ਰੁੜੇ ਕੇ | ਸੰਗਰੂਰ |
| **ਮੋਤੀ ਬਾਗ਼** | | | | | |
| ੧ | ਸਰਦਾਰ | ਦਲੀਪ ਸਿੰਘ | ਗਾਰਡੀ-ਅਨ | ਖਨਾਲ | ਸੰਗਰੂਰ |
| ੨ | ਸਰਦਾਰ | ਹਰਚੰਦ ਸਿੰਘ | | ਕੁੱਬੇ | ਸੰਗਰੂਰ |
| ੩ | ਸਰਦਾਰ | ਹਰਤਾਲਫ਼ ਸਿੰਘ | | ਝਨੇੜੀ | ਸੰਗਰੂਰ |
| ੪ | ਸਰਦਾਰ | ਚੇਤ ਸਿੰਘ | | ਬੀਲ੍ਹਾ | ਸੰਗਰੂਰ |
| ੫ | ਡ੍ਰਾਈਵਰ | ਮਨਸਾ ਸਿੰਘ | | ਮੋਹੀ | ਪਟਿਆਲਾ |
| ੬ | ਲਾਂਗਰੀ | ਸੰਤ ਅਰਜਨ ਸਿੰਘ | | | ਪਟਿਆਲਾ |
| **ਮਹਿੰਦਰਾ ਕਾਲਜ** | | | | | |
| ੧ | | ਬਿਸ਼ਨ ਸਿੰਘ | | ਬਤਾਲਾ | ਅੰਮ੍ਰਿਤਸਰ |
| ੨ | | ਦੀਦਾਰ ਸਿੰਘ | | ਮੌੜ | ਬਠਿੰਡਾ |
| ੩ | | ਗ਼ਮਦੂਰਸਿੰਘ | | ਪੱਖੀ | ਫਰੀਦਕੋਟ |
| ੪ | | ਦਲੀਪ ਸਿੰਘ | | ਕਲਾਲਵਾਲਾ | ਸੰਗਰੂਰ |
| ੫ | | ਕਰਨੈਲ ਸਿੰਘ | | ਸਰਹਾਲੀ ਚੋਰਾਂਵਾਲੀ | ਅੰਮ੍ਰਿਤਸਰ |
| ੬ | | ਰਾਮ ਸਿੰਘ | | ਦਾਖਾ | ਲੁਧਿਆਣਾ |
| ੭ | | ਚੰਨਣ ਸਿੰਘ | | ਧਰਮਗੜ੍ਹ | ਸੰਗਰੂਰ |
| ੮ | | ਬਲਦੇਵ ਸਿੰਘ | | ਗੁੜਥਲੀ | ਸੰਗਰੂਰ |
| ੯ | | ਗਿਆਨ ਸਿੰਘ | | ਰਾੜਾ ਸਾਹਿਬ | ਲੁਧਿਆਣਾ |
| **ਮੌਡਲ ਸਕੂਲ** | | | | | |
| ੧ | ਮੈਟ੍ਰਿਕ | ਸੰਤ ਈਸ਼ਰ ਸਿੰਘ ਜੀ | | ਆਲੋਵਾਲ | ਪਟਿਆਲਾ |

| | | | | | |
|---|---|---|---|---|---|
| ੨ | ਮੈਟ੍ਰਿਕ | ਅਵਤਾਰ ਸਿੰਘ | | ਮੋਹੀ | ਲੁਧਿਆਣਾ |
| ੩ | ਮੈਟ੍ਰਿਕ | ਗੁਰਨਾਮ ਸਿੰਘ | | ਛੰਨਾਂ | ਸੰਗਰੂਰ |
| ੪ | ਮੈਟ੍ਰਿਕ | ਤਸੀਲਦਾਰ ਚੰਚਲ ਸਿੰਘ<br>ਉਰਫ ਪ੍ਰੀਤਮ ਸਿੰਘ | | ਅੰਬਾਲਾ | ਅੰਬਾਲਾ |
| ੫ | ਮੈਟ੍ਰਿਕ | ਕਰਮ ਸਿੰਘ | | | |
| **ਪ੍ਰਾਈਵੇਟ** | | | | | |
| ੧ | | ਅਮਰ ਸਿੰਘ | | ਖਨਾਲ | ਸੰਗਰੂਰ |
| ੨ | | ਦਲੀਪ ਸਿੰਘ | | ਖਨਾਲ | ਸੰਗਰੂਰ |
| ੩ | | ਹਰਚੰਦ ਸਿੰਘ | | ਖਨਾਲ | ਸੰਗਰੂਰ |
| ੪ | | ਤੇਜਾ ਸਿੰਘ | | ਖਨਾਲ | ਸੰਗਰੂਰ |
| ੫ | | ਹੀਰਾ ਸਿੰਘ | | ਖਿਦਰਾਂਬਾਦ | ਅੰਬਾਲਾ |
| ੬ | ਥਾਣੇਦਾਰ | ਬਾਬੂ ਸਿੰਘ | | ਰਾਏਪੁਰ | ਲੁਧਿਆਣਾ |
| ੭ | | ਬਲਬੀਰ ਸਿੰਘ | | ਗੁੜਥਲੀ | ਸੰਗਰੂਰ |
| ੮ | ਤਹਿਸੀਲ-ਦਾਰ | ਗੁਰਬਚਨ ਸਿੰਘ | | ਜੱਗਾ | ਬਠਿੰਡਾ |
| ੯ | ਡੀ. ਸੀ. | ਭਗਵੰਤਸਿੰਘ | | ਖਾਨਪੁਰ | ਸੰਗਰੂਰ |
| ੧੦ | | ਗੁਰਬਚਨ ਸਿੰਘ<br>ਭਾਈ ਜੀ | | ਜਹਾਂਗੀਰ | ਲੁਧਿਆਣਾ |
| ੧੧ | | ਮੁਕੰਦ ਸਿੰਘ | | ਕੁੱਬੇ | ਸੰਗਰੂਰ |
| ੧੨ | | ਇਸਦੀ ਭੈਣ | | ਖੁੱਡੀਆਂ | ਫੀਰੋਜ਼ਪੁਰ |
| ੧੩ | | ਗੰਡਾ ਸਿੰਘ | | | ਪਟਿਆਲਾ |
| **ਟ੍ਰਾਂਸਪੋਰਟ** | | | | | |
| ੧ | ਸੂਬੇਦਾਰ | ਦਲੀਪ ਸਿੰਘ | | ਰਾਮਪੁਰ | ਲੁਧਿਆਣਾ |

# ਸ੍ਰੀ ਹਜ਼ੂਰ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਦਾ ਜਨਮ-ਬ੍ਰਿਤਾਂਤ

ਸੱਤਵੇਂ ਪਾਤਸ਼ਾਹ ਜੀ ਮਹਾਰਾਜ ਦੇ ਵਰਾਂ ਨਾਲ ਮਾਲੋ-ਮਾਲ ਹੋਏ ਮਾਲਵੇ ਦੇਸ਼ ਦੇ ਵਾਸੀ, ਕਾਲੇ ਦੇ ਭਤੀਜੇ, ਰੂਪ ਚੰਦ ਦੇ ਪੁੱਤਰ ਫੂਲ ਦੀ ਸੰਤਾਨ ਵਿੱਚੋਂ ਬਾਬਾ ਆਲਾ ਸਿੰਘ ਜੀ ਨੇ ੧੯੦੯ ਬਿਕ੍ਰਮੀ ਵਿੱਚ ਪਟਿਆਲਾ ਰਿਆਸਤ ਆਬਾਦ ਕੀਤੀ। ਇਸ ਤੋਂ ੮ ਕੋਹਾਂ ਦੇ ਫਾਸਲੇ ਤੇ ਇੱਕ ਆਲੋਵਾਲ ਨਾਮ ਕਰਕੇ ਜੱਟ ਸਿੱਖਾਂ ਦਾ ਨਗਰ ਹੈ। ਨਜ਼ਦੀਕ ਹੀ ਸੀਬੜੂ (ਸਿੰਭੜੋ) ਪਿੰਡ ਹੈ ਜੋ ਆਮ ਕਰਕੇ ਆਲੋਵਾਲ ਸੀਬੜੂ ਦੇ ਨਾਮ ਨਾਲ ਪ੍ਰਸਿੱਧ ਹੈ।

ਕਿਉਂਕਿ ਏਥੇ ਅੱਜ ਤੋਂ ੬੭੮ ਸਾਲ ਪਹਿਲਾਂ ਆਲੂ ਤੇ ਸੀਬੂ ਨੇ ਸੀਬੜੂ ਪਿੰਡ ਵਸਾਇਆ। ਇਸ ਨਗਰ ਵਿੱਚ ਹੋਰ ਕੌਮਾਂ ਵਾਂਗੂੰ ਗੁਰਨੇ ਗੋਤ ਦੇ ਜ਼ਿਮੀਂਦਾਰਾਂ ਦੇ ਵੀ ਕਾਫ਼ੀ ਘਰ ਹਨ। ਕਿਸੇ ਸਮੇਂ ਇਨ੍ਹਾਂ ਦੇ ਬਜ਼ੁਰਗ ਰਾਜਪੁਤਾਨੇ ਚੋਂ ਪੰਜਾਬ ਆਏ। ਇਹ ਰਾਜੇ ਜਗਦੇਵ ਦੇ ਖਾਨਦਾਨ ਚੋਂ ਹਨ। ਜਿਸਨੇ ਪਾਇਲ ਪਿੰਡ, ਕਾਲੀ ਭਟਨੀ ਨੂੰ ਆਪਣੇ ਸੀਸ ਦਾ ਦਾਨ ਕਰਕੇ ਮੁੜ ਵਾਪਸ ਨਹੀਂ ਸੀ ਲਿਆ ਕਿ ਸੂਰਮੇਂ ਦਾਨ ਕੀਤੀ ਚੀਜ਼ ਵਾਪਸ ਨਹੀਂ ਮੋੜਦੇ। ਜਦੋਂ ਉਸ ਕਾਲੀ ਭਟਨੀ ਦੀਆਂ ਕੀਤੀਆਂ ਬੇਨਤੀਆਂ ਰੱਬੀ ਦਰਗਾਹੇ ਪੁੱਜੀਆਂ ਤਾਂ ਉਸ ਸਮੇਂ ਕੁਦਰਤ ਦੀ ਨੇਤ ਨਾਲ ਜਗਦੇਉ ਸੂਰਮੇਂ ਦੇ ਨਵਾਂ ਸਿਰ ਉਗਿਆ ਸੀ। ਇਸ ਮਹਾਂ-ਦਾਨੀ ਦੀ ਸੰਤਾਨ ਦੇ ਵਿੱਚੋਂ ਹੋਏ ਮਹਾਂ-ਪੁਰਸ਼ਾਂ ਦੀਆਂ ਆਮ ਲੋਕਾਂ ਨਾਲੋਂ ਅਜੇ ਤੱਕ ਗਰਦਨਾਂ ਛੋਟੀਆਂ ਹਨ।

ਉਸਦੇ ਸ਼ਾਹੀ ਘਰਾਣੇ ਵਿੱਚੋਂ ਮੁੰਡੇਰ ਤੇ ਗੁਰਨਾ ਦੋ ਬਜ਼ੁਰਗ ਹੋਏ। ਅੱਗੋਂ ਉਨ੍ਹਾਂ ਦੇ ਨਾਮ ਤੇ ਗੋਤ ਜਾਂ ਸੰਗਿਆ ਪੈ ਗਈ। ਜਰਗ ਨਿਵਾਸੀ ਮੁੰਡੇਰ ਗੋਤੀ ਹਨ ਏਥੇ ਜਗਦੇਵ ਸੂਰਮੇਂ ਦੀ ਯਾਦਗਾਰ ਇੱਕ ਥੜੀ ਬਣੀ ਹੈ, ਜਿੱਥੇ ਭਾਵਨਾ ਵਾਲਿਆਂ ਦੀਆਂ ਹੁਣ ਵੀ ਸੁੱਖਾਂ ਵਰ ਆਉਂਦੀਆਂ ਹਨ। ਦੂਸਰੇ ਬਜ਼ੁਰਗ ਗੁਰਨੇ ਦੀ ਔਲਾਦ ਕਈ ਪਿੰਡਾਂ ਵਿੱਚ ਆ ਵਸੀ ਜਿਨ੍ਹਾਂ ਵਿੱਚੋਂ ਆਲੋ ਨਾਮੀ ਬਜ਼ੁਰਗ ਨੇ ਆਲੋਵਾਲ ਆਬਾਦ ਕੀਤਾ। ਏਥੇ ਅੱਜ ਤੱਕ ਇਸ ਦਾ ਖ਼ਾਨਦਾਨ ਵਸਦਾ ਹੈ। ਇਸ ਪਿੰਡ ਦਾ ਕੋਈ ਛੇ ਕੁ ਸੌ ਦੇ ਕਰੀਬ ਘਰ ਹੋਵੇਗਾ। ਜਿਨ੍ਹਾਂ ਵਿੱਚੋਂ ਚਾਰ ਕੁ ਸੌ ਘਰ ਜ਼ਿਮੀਂਦਾਰ ਮਹਾਜਨ ਤੇ ਬ੍ਰਾਹਮਣ ਲੋਕਾਂ ਦੇ ਹਨ ਬਾਕੀ ਸਾਰੇ ਹਰੀਜਨਾਂ ਦੇ। ਜ਼ਿਮੀਂਦਾਰ ਆਮ ਕਰਕੇ ਖੇਤੀਬਾੜੀ ਦਾ ਕੰਮ ਕਰਦੇ ਹਨ ਜਿਨ੍ਹਾਂ ਵਿੱਚੋਂ ਇੱਕ ਮਾਨਕ ਚੰਦ ਨਾਮ ਦਾ ਬਜ਼ੁਰਗ ਹੋਇਆ ਹੈ। ਇਸ ਦੇ ਘਰ ਪ੍ਰੇਮ ਚੰਦ ਨੇ ਜਨਮ ਲਿਆ। ਉਸਦਾ ਪੁੱਤਰ ਭਾਈ ਕਰਮ ਚੰਦ ਹੋਇਆ ਜਿਸਦੇ ਅੱਗੇ ਦਿਆਲ ਸਿੰਘ ਜਨਮਿਆ। ਦਿਆਲ ਸਿੰਘ ਦੇ ਘਰ ਵੀਰ ਸਿੰਘ ਜੀ ਪ੍ਰਗਟੇ ਜੋ ਉਸ ਸਮੇਂ ਸਾਰੇ ਇਲਾਕੇ ਵਿੱਚ ਮਸ਼ਹੂਰ ਸਨ ਕਿਉਂਕਿ ਮਹਾਰਾਜਾ ਪਟਿਆਲਾ ਵਲੋਂ ਨੰਬਰਦਾਰੀ ਦੇ ਨਾਲ ਇਨ੍ਹਾਂ ਨੂੰ ਸ਼ਾਹੀ ਖ਼ਿਤਾਬ ਚੌਧਰਤਾ ਦਾ ਵੀ ਪ੍ਰਾਪਤ ਸੀ। ਵੀਰ ਸਿੰਘ ਦੇ ਘਰ ਨੰਬਰਦਾਰ ਰਾਮ ਸਿੰਘ ਜੀ ਦਾ ਜਨਮ ਹੋਇਆ। ਇਨ੍ਹਾਂ ਦੇ ਘਰੋਂ ਸਤਿਕਾਰ ਯੋਗ ਸ੍ਰੀ ਮਾਤਾ ਰਤਨ ਕੌਰ ਜੀ ਜੋ ਬੜੇ ਸਿੱਖੀ ਜੀਵਨ ਵਾਲੇ ਤੇ ਗ਼ਰੀਬ ਪਰਵਰ ਸਨ, ਜਿਨ੍ਹਾਂ ਦੀ ਗੋਦ ਨੂੰ ੨੧ ਸਾਵਣ ਬਿਕ੍ਰਮੀ ਸੰਮਤ ੧੯੬੨ ਮੁਤਾਬਕ ੫ ਅਗਸਤ ੧੯੦੫ ਈਸਵੀ ਨੂੰ ਇੱਕ ਨੂਰਾਨੀ ਜੋਤ ਨੇ ਭਾਗਸ਼ਾਲੀ ਬਣਾਇਆ।

ਚੌਧਰੀ ਵੀਰ ਸਿੰਘ ਤੇ ਸ੍ਰਦਾਰ ਰਾਮ ਸਿੰਘ ਜੀ ਸ਼ੁਰੂ ਤੋਂ ਉਦਾਰ ਆਤਮਾ ਸਨ, ਇਨ੍ਹਾਂ ਨੇ ਆਪਣੇ ਦਾਨੀ ਸੁਭਾਉ ਅਨੁਸਾਰ ਬੇਅੰਤ ਪਦਾਰਥ ਵੰਡ ਕੇ ਗ਼ਰੀਬਾਂ ਦੀਆਂ ਮਿੱਠੀਆਂ ਅਸੀਸਾਂ ਲਈਆਂ ਘਰ ਵਿੱਚ ਮਹਾਰਾਜ ਦਾ ਪ੍ਰਕਾਸ਼ ਕਰਵਾ ਕੇ ਸਹਿਜ ਪਾਠ ਰਖਾਇਆ ਜਿਸ ਦੇ ਭੋਗ ਉਪਰੰਤ ਖੁੱਲ੍ਹਾ ਲੰਗਰ ਵਰਤਾਇਆ। ਸੁੰਦਰ ਮੁਖੜਾ ਗੁਲਾਬ ਦੇ ਫ਼ੁੱਲ ਵਾਂਗੂੰ ਨੂਰਾਨੀ ਤੇ ਖਿੜਿਆ ਪ੍ਰਕਾਸ਼ਮਈ ਚੇਹਰਾ ਤੱਕ ਕੇ ਬਾਲਕੇ ਦਾ ਨਾਮ ਗੁਲਾਬ ਸਿੰਘ ਰੱਖਿਆ। ਉਸ ਸਮੇਂ ਕੌਣ ਜਾਣਦਾ ਸੀ ਕਿ ਅੱਜ ਤੋਂ ੪੦ ਦਿਨ ਪਹਿਲਾਂ ਸੰਸਾਰ ਵਿੱਚ ਆਏ ਇਸ ਬੱਚੇ ਨੇ ਪੂਰੇ ਗੁਰੂ ਦੀ ਸ਼ਰਨ ਵਿੱਚ ਪੁੱਜ ਕੇ ਪੰਚਮ ਪਾਤਸ਼ਾਹ ਜੀ ਮਹਾਰਾਜ ਦੇ ਇਸ ਮਹਾਂਵਾਕ ਨੂੰ ਸਕਾਰਥ ਕਰਨਾ ਹੈ ਬਲਕਿ ਹੋਰ ਵੀ ਲੱਖਾਂ ਰਤਨ ਕੌਰ ਦੇ ਅਸਲੀ ਰਤਨ ਨੇ ਜਗਿਆਸੂ ਹਿਰਦਿਆਂ ਦੇ ਅੰਧਕਾਰ ਨੂੰ ਮੇਟਕੇ ਗਿਆਨ ਦੀ ਰੌਸ਼ਨੀ ਕਰਨੀ ਹੈ।

ਆਮ ਬੱਚੇ ਦੇ ਮਾਤਾ ਪਿਤਾ ਵੀ ਆਪਣੀ ਸੰਤਾਨ ਦੇ ਭਵਿੱਖ ਨੂੰ ਨਹੀਂ ਜਾਣ ਸਕਦੇ ਪਰ ਜੋ ਧੁਰੋਂ ਬਖ਼ਸ਼ੀਆਂ ਰੂਹਾਂ ਦੁਨੀਆਂ ਦੀ ਤਕਦੀਰ ਬਦਲਣ ਵਾਸਤੇ ਆਉਂਦੀਆਂ ਹਨ ਉਨ੍ਹਾਂ ਦੇ ਭਵਿਖ ਨੂੰ ਕੌਣ ਸਮਝ ਸਕਦਾ ਹੈ? ਇਸ ਹੋਣਹਾਰ ਬਾਲਕ ਨੇ (ਪਿੰਡ ਤਾਂ ਸਕੂਲ ਹੈ ਨਹੀਂ ਸੀ) ਪਹਿਲਾਂ ਤਿੰਨ ਜਮਾਤਾਂ ਪਿੰਡ ਦੇ ਡੇਰੇ ਇੱਕ ਸਦਾ ਨੰਦ ਸਾਧੂ ਤੋਂ ਪੜ੍ਹੀਆਂ ਜੋ ਓਵਰਸੀਅਰੀ ਛੱਡ ਕੇ ਸੰਸਾਰ ਤੋਂ ਉਪ੍ਰਾਮ ਹੋਇਆ। ਚੌਥੀ ਜਮਾਤ ਚੁਲੈਲੇ ਪਿੰਡ ਪੜ੍ਹਨ ਜਾਇਆ ਕਰਦੇ ਸਨ। ਪੰਜਵੀਂ ਤੱਕ ਇੱਕ ਸਾਲ ਮਨੌੜ ਪਿੰਡ ਵਿੱਚ ਜਾਂਦੇ ਰਹੇ। ਇਹ ਦੋਵੇਂ ਨਗਰ ਆਲੋਵਾਲ ਤੋਂ ਚਾਰ-ਚਾਰ ਕੋਹ ਦੇ

ਫਾਸਲੇ ਤੇ ਹਨ। ਫੇਰ ਛੇਵੀਂ ਜਮਾਤ ਵਿੱਚ ਪਟਿਆਲੇ ਮੌਡਲ ਹਾਈ ਸਕੂਲ ਵਿੱਚ ਦਾਖ਼ਿਲ ਹੋਏ। ਰਹਾਇਸ਼ ਆਪਣੀ ਭੂਆ ਦੇ ਘਰ ਰੱਖਕੇ ਏਥੇ ਮੈਟ੍ਰਿਕ ਕੀਤੀ।

ਸਕੂਲ ਦੀ ਛੁੱਟੀ ਹੋਈ ਤੋਂ ਸ਼ਾਮ ਦੇ ਟਾਈਮ ਤੋਪਖਾਨੇ ਦੇ ਗਰਾਉਂਡ ਵਿੱਚ ਫੌਜੀਆਂ ਨਾਲ ਕ੍ਰਿਕਟ ਖੇਡਣ ਆਇਆ ਕਰਦੇ। ਇਹ ਸਾਰੇ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਪ੍ਰੇਮੀ ਤੇ ਸੇਵਕ ਸਨ। ਇਨ੍ਹਾਂ ਦੀ ਸੰਗਤ ਨਾਲ ਮਨ ਵਿੱਚ ਬਾਬਾ ਜੀ ਦੇ ਦਰਸ਼ਨਾਂ ਦੀ ਖਿੱਚ ਪਈ ਜਿਵੇਂ ਕੋਈ ਦੂਰ ਬੈਠੀ ਆਤਮਾ ਪਿਛਲੇ ਜਨਮਾਂ ਦੇ ਸਾਥੀ ਨੂੰ ਆਵਾਜ਼ਾਂ ਮਾਰਕੇ ਸੱਦਦੀ ਹੈ। ਇਹਨਾਂ ਫੌਜੀਆਂ ਤੋਂ ਬਾਬਾ ਜੀ ਦੀ ਮਹਿਮਾ ਸੁਣਨੀ, ਪਰਮਾਰਥੀ ਵਿਚਾਰਾਂ ਹੋਣੀਆਂ, ਇਕੱਠਿਆਂ ਨੇ ਕੀਰਤਨ ਕਰਨਾ, ਭਾਵੇਂ ਇਸੇ ਤਰ੍ਹਾਂ ਹਰ ਰੋਜ਼ ਜਾਣ ਨਾਲ ਸਾਰੇ ਫੌਜੀ ਹੀ ਵਾਕਫ਼ ਹੋ ਗਏ ਸਨ ਪਰ ਹਮ-ਅਵਸਥਾ ਹੋਣ ਕਰਕੇ ਇੱਕ ਹੀਰਾ ਸਿੰਘ ਨਾਮ ਦੇ ਫੌਜੀ ਨਾਲ ਤਾਂ ਆਪ ਜੀ ਦਾ ਗੂਹੜਾ ਪ੍ਰੇਮ ਪੈ ਗਿਆ। ਜਿੱਥੇ ਜਾਣਾ ਇਕੱਠਿਆਂ ਜਾਣਾ, ਜੋ ਕੰਮ ਕਰਨਾ ਇੱਕ ਦੂਜੇ ਦੀ ਸਲਾਹ ਨਾਲ ਕਰਣਾ।

*ਆਸ਼ਾ ਇਸ਼ਟ ਉਪਾਸ਼ਨਾ ਖਾਨ ਪਾਨ ਪਹਿਰਾਨ॥*
*ਤੁਲਸੀ ਜਹਿ ਇਹ ਖਟ ਮਿਲੇ ਤਾਹਿ ਮਿਤਰਤਾ ਜਾਨ॥*

## ਬਾਬਾ ਹੀਰਾ ਸਿੰਘ

ਮਾਲਵੇ ਦੇਸ਼ ਦੀ ਗੌਰਵਤਾ ਭਰਿਆ ਇਲਾਕਾ, ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਮੁਕਤਸਰ ਦੀ ਪਾਵਨ ਧਰਤੀ ਤੋਂ ਜਿੱਥੇ ਸਰਬੰਸ ਦਾਨੀ ਕਲਗੀਆਂ ਵਾਲੇ ਪਾਤਸ਼ਾਹ ਨੇ ਬੇਦਾਵੇ ਦਾ ਕਾਗ਼ਜ਼ ਪਾੜਕੇ ਮਾਝੇ ਦੀ ਟੁੱਟੀ ਗੰਢੀ ਤੇ ਆਪਣੇ ਨਾਲ ਮਿਲਾਇਆ, ਉਸ ਤੋਂ ੨੫ ਮੀਲ ਦੀ ਦੂਰੀ ਤੇ ਇੱਕ ਅਬੁਲ ਖੁਰਾਣਾ ਨਾਮ ਕਰਕੇ ਜੱਟ ਸਿੱਖਾਂ ਦਾ ਨਗਰ ਹੈ ਜਿਸਨੂੰ ਤਹਿਸੀਲ ਮੁਕਤਸਰ ਤੇ ਜ਼ਿਲ੍ਹਾ ਫੀਰੋਜ਼ਪੁਰ ਲੱਗਦਾ ਹੈ। ਇੱਥੋਂ ਦੇ ਰਹਿਣ ਵਾਲੇ ਸ੍ਰ: ਭਗਵਾਨ ਸਿੰਘ ਦੇ ਘਰ ਮਾਤਾ ਰਾਜਿੰਦਰ ਕੌਰ ਦੀ ਸ੍ਰੇਸ਼ਟ ਕੁੱਖ ਤੋਂ ੧੯੦੩ ਈਸਵੀ ਨੂੰ ਬਾਬਾ ਹੀਰਾ ਸਿੰਘ ਜੀ ਦਾ ਜਨਮ ਹੋਇਆ। ਪਹਿਲੀ ਅਵਸਥਾ ਆਪਣੇ ਪਿੰਡ ਵਿੱਚ ਹੀ ਬਤੀਤ ਕੀਤੀ। ਜਦੋਂ ੧੫ ਸਾਲਾਂ ਦੀ ਉਮਰ ਹੋਈ ਮਨ ਵਿੱਚ ਸਰਕਾਰੀ ਨੌਕਰੀ ਦਾ ਸ਼ੌਕ ਜਾਗਿਆ। ੧੯੧੪ ਈਸਵੀ ਵਾਲਾ ਜੰਗ ਜ਼ੋਰਾਂ ਤੇ ਸੀ। ਅੰਗਰੇਜ਼ੀ ਸਰਕਾਰ ਵਲੋਂ ਰਿਆਸਤਾਂ ਤੋਂ ਫੌਜੀਆਂ ਦੀ ਮੰਗ ਕੀਤੀ ਗਈ। ਉਨ੍ਹਾਂ ਦੇ ਪਿੰਡਾਂ ਦੇ ਨੰਬਰਦਾਰਾਂ ਨੂੰ ਘਰ ਪ੍ਰਤੀ ਬੰਦੇ ਲਾ ਦਿੱਤੇ, ਹਰੇਕ ਸ਼ਹਿਰ ਵਿੱਚ ਭਰਤੀ ਅਫ਼ਸਰ ਭੇਜੇ ਗਏ। ਹੀਰਾ ਸਿੰਘ ਵੀ ਫੌਜੀ ਨੌਕਰੀ ਦਾ ਖ਼ਿਆਲ ਕਰਕੇ ਆਪਣੇ ਪਿੰਡੋਂ ਬਠਿੰਡੇ ਸ਼ਹਿਰ ਪੁੱਜਿਆ। ਏਧਰੋਂ ਫੌਜੀ ਭਰਤੀ ਕਰਨ ਵਾਸਤੇ ਡਬਵਾਲੀ ਦਾ ਮਸਤਾਨ ਸਿੰਘ ਹੌਲਦਾਰ ਵੀ ਰਿਆਸਤ ਪਟਿਆਲੇ ਵਲੋਂ ਬਠਿੰਡੇ ਆਇਆ ਹੋਇਆ ਸੀ। ਹੀਰਾ ਸਿੰਘ ਦੇ ਸਰੀਰ ਦਾ ਕੱਦ ਕਾਠ ਦੇਖਕੇ ਬੜਾ ਪ੍ਰਸੰਨ ਹੋਇਆ। ਉਮਰ ਭਾਵੇਂ ਘੱਟ ਸੀ ਪਰ ਕੱਦ ਪੂਰਾ ਹੋਣ ਕਰਕੇ ਤੇ ਹਕੂਮਤ ਦੀ ਮੰਗ ਅਨੁਸਾਰ ਅਤੇ ਇਨ੍ਹਾਂ ਦਾ ਦਿਲੀ ਸ਼ੌਕ ਅਨੁਭਵ ਕਰਕੇ ਉਮਰ ਵੱਧ ਲਿਖ ਕੇ ਨਾਮ ਦਰਜ ਕਰ ਲਿਆ ਅਤੇ ਪਟਿਆਲੇ ਦੇ ਜਿਣਸੀ ਤੋਪਖਾਨੇ ਵਿੱਚ ਰੱਖ ਲਿਆ। ਫੇਰ ਘੋੜਿਆਂ ਵਾਲੇ ਤੋਪਖਾਨੇ ਵਿੱਚ ਬਦਲ ਗਏ। ਏਸੇ ਹੀ ਦੌਰਾਨ ਵਿੱਚ ਬਾਬਾ ਜੀ ਦੇ ਦਰਸ਼ਨਾਂ ਨੂੰ ਆਪਣੇ ਸਾਥੀ ਗੁਲਾਬ ਸਿੰਘ ਦੇ ਨਾਲ ਰੇਰੂ ਸਾਹਿਬ ਗਏ ਸਨ। ਫੇਰ ੧੯੩੯ ਤੋਂ ਟਰੇਨਿੰਗ ਬਟਾਲੀਅਨ ਡਿਊਟੀ ਕੰਪਨੀ ਫੌਜ ਵਿੱਚ ਬਦਲ ਗਏ। ਡਿਊਟੀ ਮਿਲਟਰੀ ਪੋਲੀਸ ਵਿੱਚ ਰਹੀ ਪਰ ਤਨਖਾਹ ਟਰੇਨਿੰਗ ਬਟਾਲੀਅਨ ਦੀ ਮਿਲਦੀ ਰਹੀ। ਉਪ੍ਰੰਤ ੧੯੪੬ ਤੋਂ ਲੋਕਲ ਪੋਲੀਸ ਵਿੱਚ ਬਦਲ ਗਏ। ੧੯੫੫ ਨੂੰ ਥਾਣੇਦਾਰੀ ਪੈਨਸ਼ਨ ਲੈ ਕੇ ਆਏ। ਫੇਰ ਕੁਝ ਕੁ ਸਾਲ ਸੰਤ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੇ ਚਰਨਾਂ ਵਿੱਚ ਪੁੱਜ ਕੇ ਹਰ ਸਮੇਂ ਨਾਲ ਰਹਿੰਦੇ।

# ਰੇਰੂ ਸਾਹਿਬ ਵਾਲੇ ਸੰਤਾਂ ਦੀ ਸ਼ਰਣ ਵਿੱਚ ਪੁੱਜਣਾ

ਬਾਬਾ ਅਤਰ ਸਿੰਘ ਜੀ ਦਾ ਜਸ ਅਤਰ ਦੇ ਸਮਾਨ ਮਹਿਕ ਰਿਹਾ ਸੀ। ਮਹਾਂ-ਪੁਰਸ਼ਾਂ ਦੀ ਕੀਰਤੀ ਦੇ ਬਚਨ ਸੁਣਕੇ ਗੁਲਾਬ ਸਿੰਘ ਦਾ ਮਨ ਦਰਸ਼ਨਾਂ ਲਈ ਕਾਹਲਾ ਪੈ ਗਿਆ। ਦੋਹਾਂ ਨੇ ਸਮਾਂ ਨੀਅਤ ਕੀਤਾ। ੧੯੨੧ ਈਸਵੀ ਅਗਸਤ ਦੀਆਂ ਛੁੱਟੀਆਂ ਵਿੱਚ ਨਾਲ ਦੇ ਸਾਥੀ ਹੀਰਾ ਸਿੰਘ ਨੂੰ ਪ੍ਰੇਰਕੇ ਸੰਤਾਂ ਦੇ ਦਰਸ਼ਨ ਲਈ ਤਿਆਰ ਹੋਏ। ਪਟਿਆਲੇ ਤੋਂ ਗੱਡੀ ਬੈਠਕੇ ਸਾਨ੍ਹੇਵਾਲ ਜਾ ਉੱਤਰੇ। ਫੇਰ ਏਥੋਂ ਸਿੱਧੇ ਹੀ ਬਾਹਰ ਬਗ਼ੀਚੀ ਵਿੱਚ ਮਹਾਂ-ਪੁਰਸ਼ਾਂ ਦੇ ਚਰਨੀਂ ਜਾ ਮੱਥਾ ਟੇਕਿਆ। ਭੂਤ ਭਵਿਖਤ ਦੇ ਗਿਆਤਾ ਦਾਤੇ ਨੇ ਸਾਰੀ ਵਾਰਤਾ ਜਾਣਕੇ ਹੀਰਾ ਸਿੰਘ ਨੂੰ ਪੁੱਛਿਆ, "ਕਿਉਂ ਫੌਜੀਆ! ਤਿੰਨ ਕੁ ਦਿਨਾਂ ਦੀ ਛੁਟੀ ਆਏ ਹੋਵੋਗੇ?" ਇਸਨੇ ਹੱਥ ਜੋੜ ਕੇ ਅਰਜ਼ ਕੀਤੀ, "ਜੀ ਹਾਂ।" ਫੇਰ ਗੁਲਾਬ ਸਿੰਘ ਨੂੰ ਸਕੂਲੀ ਲਿਬਾਸ ਵਿੱਚ ਦੇਖਕੇ ਬਚਨ ਕੀਤਾ, "ਤੈਨੂੰ ਤਾਂ ਹੁਣ ਕਾਕਾ! ਗਰਮੀ ਦੀਆਂ ਖੁੱਲ੍ਹੀਆਂ ਛੁੱਟੀਆਂ ਹੋਣਗੀਆਂ।" ਇਨ੍ਹਾਂ ਨੇ ਹੱਥ ਜੋੜ ਕੇ ਸਿਰ ਝੁਕਾਇਆ ਤੇ ਧੀਮੀ ਆਵਾਜ਼ ਵਿੱਚ ਉੱਤਰ ਦਿੱਤਾ, "ਮਹਾਰਾਜ! ਆਪ ਦੀ ਕਿਰਪਾ ਦੁਆਰਾ ਹੀ ਖੁੱਲ੍ਹੀਆਂ ਛੁੱਟੀਆਂ ਹੋਈਆਂ ਹਨ। ਸਾਧੂ ਦੀ ਸੰਗਤ ਹੀ ਸਾਰੇ ਦੁੱਖਾਂ ਤੇ ਪ੍ਰਪੰਚ ਦੇ ਝਮੇਲੇ ਤੋਂ ਛੁੱਟੀ (ਛੁਟਕਾਰਾ) ਕਰਵਾਉਂਦੀ ਹੈ।" ਹਜ਼ੂਰ ਨੇ ਪਿਛਲੇ ਸੰਸਕਾਰ ਪ੍ਰਬਲ ਜਾਣ ਕੇ ਇਸ ਅਮੋਲਕ ਹੀਰੇ ਨੂੰ ਝੱਟ ਹੀ ਪਛਾਣ ਲਿਆ। ਜੌਹਰੀ ਦੀ ਅੱਖ ਹੀ ਹੀਰੇ ਨੂੰ ਪਰਖਦੀ ਤੇ ਉਸਦੀ ਕੀਮਤ ਪਾਉਂਦੀ ਹੈ। ਆਮ ਲੋਕ ਤਾਂ ਪੱਥਰ ਹੀ ਕਹਿੰਦੇ ਹਨ। ਕਿਸੇ ਵਿਦਵਾਨ ਦਾ ਕਥਨ ਹੈ ਕਿ ਹੀਰੇ ਜਵਾਹਰਾਤਾਂ ਨੂੰ ਜੌਹਰੀ ਪਰਖਦੇ ਹਨ। ਦੁੱਖਾਂ ਦੀ ਨਵਿਰਤੀ ਗੁਰ ਪੀਰਾਂ ਦੀ ਸ਼ਰਨ ਵਿੱਚ ਹੁੰਦੀ ਹੈ। ਭਾਣੇ ਨੂੰ ਪ੍ਰਮੇਸ਼ਰ ਦੇ ਪਿਆਰੇ ਭਗਤ ਜਨ ਮਿੱਠਾ ਕਰ ਕੇ ਮੰਨਦੇ ਹਨ ਜਦੋਂ ਮੋਰ ਧੁਜ ਵਰਗੇ ਰਾਜਿਆਂ ਦੀ ਪ੍ਰੀਖਿਆ ਹੋਈ ਤਾਂ ਅੱਖੋਂ ਹੰਝੂ ਨਹੀਂ ਸੁੱਟੇ।

*ਜੌਹਰੀ ਪਾਉਂਦੇ ਨੇ ਕੀਮਤਾਂ ਦੁੱਖ ਮਿਟਾਵੇ ਪੀਰ।*
*ਭਾਣਾ ਭਗਤਾਂ ਮੰਨਿਆਂ ਅੱਖੋਂ ਨ ਸੁਟਿਆ ਨੀਰ।*

ਉਪ੍ਰੰਤ ਦੋਹਾਂ ਨੇ ਮਹਾਂ-ਪੁਰਸ਼ਾਂ ਦੇ ਚਰਨਾਂ ਵਿੱਚ ਨਾਮ ਦੀ ਦਾਤ ਵਾਸਤੇ ਪ੍ਰਾਰਥਨਾ ਕੀਤੀ। ਹਜ਼ੂਰ ਨੇ ਮੁਸਕਰਾ ਕੇ ਉੱਤਰ ਦਿੱਤਾ, "ਜਦੋਂ ਜੌਹਰੀ ਦੀ ਦੁਕਾਨ ਤੇ ਪੁੱਜ ਗਏ ਇਹ ਵਸਤੂ ਤਾਂ ਹੁਣ ਮਿਲ ਹੀ ਜਾਣੀ ਹੈ। ਪਹਿਲਾਂ ਅੰਮ੍ਰਿਤ ਪਾਨ ਕਰੋ।" ਇਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ! ਸਤ ਬਚਨ।" ਦੂਸਰੇ ਦਿਨ ਅੰਮ੍ਰਿਤ ਛਕ ਲਿਆ। ਸੰਤ ਜੀ ਮਹਾਰਾਜ ਨੇ ਗੁਲਾਬ ਸਿੰਘ ਦਾ ਨਾਮ ਈਸ਼ਰ ਸਿੰਘ ਰੱਖਿਆ। (ਸੰਤ ਜੀ ਬੇ-ਅੰਮ੍ਰਿਤੀਏ ਨੂੰ ਛੇਤੀ-ਛੇਤੀ ਉਪਦੇਸ਼ ਨਹੀਂ ਸੀ ਦਿੰਦੇ ਪਰ ਇਹ ਕਾਨੂੰਨ ਗ਼ੈਰ ਸਿੱਖ ਤੇ ਲਾਗੂ ਨਹੀਂ ਸੀ) ਤੀਸਰੇ ਦਿਨ ਦਾ ਭਾਗਾਂ ਭਰਿਆ ਨਾਮ ਅੰਮ੍ਰਿਤ ਦੀ ਪ੍ਰਾਪਤੀ ਵਾਲਾ ਅੰਮ੍ਰਿਤ ਵੇਲਾ ਹੋਇਆ। ਏਹ ਭਾਦਰੋਂ ਦੇ ਮਹੀਨੇ ਦੀ ਸੰਗ੍ਰਾਂਦ ਵਾਲਾ ਪੁਰਬ ਸੀ। ਇਸ ਭਾਦਰੋਂ ਦੇ ਮਹੀਨੇ ਪੰਚਮ ਪਾਤਸ਼ਾਹ ਜੀ ਬਾਰਹਮਾਹ ਵਿੱਚ ਸਿੱਖ ਨੂੰ ਉਪਦੇਸ਼ ਕਰਦੇ ਹਨ ਕਿ ਗੁਰੂ ਸ਼ਰਨ ਵਿੱਚ ਆਉਣ ਵਾਲਿਆਂ ਨੂੰ ਨਰਕਾਂ ਵਿੱਚ ਨਹੀਂ ਪਾਇਆ ਜਾਦਾ।

ਯਥਾ: ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥ (ਪੰਨਾ ੧੩੪)

ਸਵੇਰੇ ਤਿੰਨ ਵਜੇ ਇਕਾਂਤ ਵਿੱਚ ਇੱਕਲੇ-ਇੱਕਲੇ ਨੂੰ ਪਾਸ ਸੱਦ ਤੇ ਗੁਰੂ ਨਾਨਕ ਦੇ ਖ਼ਜਾਨਿਓਂ ਨਾਮ ਦਾਨ ਦੀ ਬਖ਼ਸ਼ਸ਼ ਕੀਤੀ। ਪਹਿਲਾਂ ਹੀਰਾ ਸਿੰਘ ਨੂੰ ਨਾਮ ਪ੍ਰਦਾਨ ਕੀਤਾ। ਫੇਰ ਗੁਲਾਬ ਸਿੰਘ ਜੀ ਜੋ ਅੰਮ੍ਰਿਤ ਛਕਣ ਤੋਂ ਬਾਅਦ ਸੰਤ ਈਸ਼ਰ ਸਿੰਘ ਜੀ, ਮਹਾਂ-ਪੁਰਸ਼ਾਂ ਦੇ ਚਰਨਾਂ ਵਿੱਚ ਹਾਜ਼ਰ ਹੋਏ। ਸੱਚਮੁਚ ਹੀ ਨਾਮ ਦਾ ਦਾਨ ਕਰਕੇ ਪੁੱਜੀ ਰੂਹ ਨੇ ਗ਼ੁਲਾਬ ਨੂੰ ਈਸ਼ਵਰ ਬਣਾ ਦਿੱਤਾ। ਭਾਈ ਨੰਦ ਲਾਲ ਜੀ ਕਥਨ ਕਰਦੇ ਹਨ।

*ਜ਼ੱਰਾ ਰਾ ਦੀਦਮ ਖੁਰਸ਼ੀਦੇ ਜਹਾਂ। ਸ਼ੁਦ ਜ਼ਿ ਫ਼ੈਜ਼ੇ ਸੋਹਬਤੇ ਸਾਹਿਬ ਦਿਲਾਂ।*

ਅਰਥਾਤ: ਮੈਂ ਇੱਕ ਮਿਟੀ ਦੇ ਕਿਣਕੇ ਨੂੰ ਸੰਸਾਰ ਵਿੱਚ ਚਮਕਦਾ ਸੂਰਜ ਦੇਖਿਆ ਹੈ। ਇਹ ਸਾਰੀ ਕਿਰਪਾ (ਸਾਹਿਬ ਦਿਲਾਂ) ਮਹਾਂ-ਪੁਰਸ਼ਾਂ ਦੀ ਸੰਗਤ ਤੇ ਬਖ਼ਸ਼ਿਸ਼ ਦੀ ਹੈ। ਸੰਤ ਜੀ ਮਹਾਰਾਜ ਦੀ ਪਹਿਲੀ ਨਜ਼ਰ ਤੇ ਚਰਨ ਛੂਹ ਨੇ ਜ਼ਿੰਦਗੀ ਬਦਲ ਦਿੱਤੀ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥

(ਪੰਨਾ ੧੩੭੪)

## ਪ੍ਰਮੇਸ਼ਰ ਦਾ ਨਾਮ

ਸੰਤਾਂ ਨੇ ਉੱਤਮ ਅਧਿਕਾਰੀ ਜਾਣਕੇ ਆਖਿਆ ਕਿ ਮਨ ਰੂਪੀ ਲੋਹਾ, ਵਾਸਨਾ ਰੂਪ ਰੇਤੀ ਦਾ ਰੇਤਿਆ, ਮਾਇਆ ਰੂਪ ਰੇਤ ਵਿੱਚ ਰਲਿਆ ਹੈ। ਇਹਨੂੰ ਇਕੱਠਾ ਕਰਨ ਵਾਸਤੇ ਗੁਰ-ਸ਼ਬਦ ਚੁੰਬਕ ਪੱਥਰ ਹੈ। ਨਾਮ ਤੋਂ ਬਗ਼ੈਰ ਮਨ ਦੀ ਇਕਾਗਰਤਾ ਨਹੀਂ ਹੁੰਦੀ, ਸ਼ੁੱਧੀ ਦੇਣ ਵਾਲਾ ਪ੍ਰਮੇਸ਼ਰ ਦਾ ਨਾਮ ਹੈ। ਉਸ ਸਮੇਂ ਸੰਤ ਈਸ਼ਰ ਸਿੰਘ ਜੀ ਨੇ ਬੇਨਤੀ ਕੀਤੀ ਮਹਾਰਾਜ ਨਾਮ ਦਾ ਸਰੂਪ ਕੀ ਹੈ? ਉੱਤਰ: ਨਾਮ ਦਾ ਸਰੂਪ, ਨਾਮ ਦਾ ਕਾਰਣ, ਨਾਮ ਦਾ ਅਭਿਆਸ, ਨਾਮ ਦੀ ਔਧੀ, ਨਾਮ ਦਾ ਫ਼ਲ; ਇਹ ਪੰਜੇ ਹੀ ਭਿੰਨ-ਭਿੰਨ ਸੁਣੋ।

### ੧ ਨਾਮ ਦਾ ਸਰੂਪ।

ਨਾਮ ਦੋ ਪ੍ਰਕਾਰ ਦਾ ਹੈ ਬਰਨ ਆਤਮਕ ਤੇ ਧੁਨ ਆਤਮਕ। ਅੱਖਾਂ ਨੂੰ ਪਵਿੱਤ੍ਰ ਕਰਨ ਵਾਸਤੇ ਬਰਨ ਆਤਮਕ-ਅੱਖਰਾਂ ਨਾਲ ਨਾਮ ਜਪੀਦਾ ਹੈ (ਰਾਕਾਰ ਸਾਕਾਰ)।

ਅਖਰੀ ਨਾਮੁ ਅਖਰੀ ਸਾਲਾਹ ॥

(ਪੰਨਾ ੪)

ਵਾਹਿਗੁਰੂ, ਸਤਿਨਾਮ, ਰਾਮੁ ਇਤਆਦਿਕ।

ਕੰਨਾਂ ਦੀ ਪਵਿੱਤ੍ਰਤਾ ਧੁਨ ਆਤਮਕ ਨਾਲ ਹੁੰਦੀ ਹੈ ਨਾਮ ਦੀ ਧੁਨੀ ਨੂੰ ਸੁਣਨਾ। ਜਿਵੇਂ ਰਾਧਾ ਸੁਆਮੀ ਵਾਲੇ ਮਹਾਂ-ਪੁਰਸ਼ ਵਾਜਿਆਂ ਦੀ ਧੁਨੀ ਦੇ ਸੁਣਨ ਦਾ ਉਪਦੇਸ਼ ਕਰਦੇ ਹਨ।

ਯਥਾ:

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥

(ਪੰਨਾ ੮੭੯)

ਮੋਖਸ਼ ਪੰਥ ਵਿੱਚ ਨਾਮ ਦਾ ਵਾਚਕ ਅਖੰਡ ਤਤ ਬੋਧ ਕਥਨ ਕੀਤਾ ਹੈ। ਪਤੰਜਲੀ ਨੇ ਨਾਮ ਨੂੰ ਗਿਆਨ ਸਰੂਪ ਮੰਨਿਆ ਹੈ। ਅਰਥਾਤ ਬੁੱਧੀ ਨੂੰ ਨਿਰਮਲ ਕਰਨ ਵਾਲਾ ਮੰਨਦੇ ਹਨ।

### ੨. ਨਾਮ ਦਾ ਕਾਰਣ:

ਜਮਾਂ ਦਾ, ਨਰਕਾਂ ਦਾ, ਚੌਰਾਸੀ ਦੇ ਚੱਕਰ ਦਾ, ਮਾਤਾ ਦੇ ਗਰਭ ਵਿੱਚ ਆਉਣ ਦੇ ਦੁੱਖ ਦਾ ਭੈਅ ਧਾਰਨ ਕਰੇ ਤਾਂ ਨਾਮ ਅੰਦਰ ਵਸਦਾ ਹੈ। ਨਾਮ ਦਾ ਕਾਰਨ ਭੈਅ ਹੈ।

ਯਥਾ:

ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥

(ਪੰਨਾ ੬੪੫)

### ੩. ਨਾਮ ਦਾ ਅਭਿਆਸ:

ਪਹਿਲਾ ਰਸਨਾ ਨਾਲ ਜਪਣਾ, ਫੇਰ ਸਵਾਸਾਂ ਨਾਲ ਉਪਰੰਤ ਸੁਰਤੀ ਨਾਲ।

ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥

(ਪੰਨਾ ੧੨੯੧)

ਅਜਪਾ ਜਾਪੁ ਜਪੈ ਮੁਖਿ ਨਾਮ ॥

(ਪੰਨਾ ੮੪੦)

ਭਾਵ ਫੁਰਨੇ ਨਾਲ ਆਪੇ ਹੀ ਹੋਈ ਜਾਣਾ। ਫੇਰ ਇਉਂ ਪ੍ਰਗਟ ਹੋ ਜਾਣਾ।

ਯਥਾ:

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥

(ਪੰਨਾ ੯੪੧)

ਜਿਤਨੇ ਸਰੀਰ ਦੇ ਰੋਮ ਹਨ, ਇਹ ਜ਼ਬਾਨਾਂ ਬਣ ਜਾਂਦੀਆਂ ਹਨ। ਸਾਰਿਆਂ ਚੋਂ ਨਾਮ ਦੀ ਆਵਾਜ਼ ਆਉਣ ਲੱਗ

ਜਾਂਦੀ ਹੈ।

### ੪. ਨਾਮ ਦੀ ਔਧੀ:

ਜੰਗਲ ਦੇ ਜਾਨਵਰ ਪਸ਼ੂ-ਪੰਛੀ ਧਰਤੀ ਅਕਾਸ਼ ਆਦਿਕ ਪੰਜੇ ਤਤ ਸਾਰੇ ਹੀ ਨਾਮ ਜਪਦੇ ਜਾਪਣੇ।

ਯਥਾ:

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ
ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥

(ਪੰਨਾ ੧੨੬੫)

ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥

(ਪੰਨਾ ੧੩੮੩)

ਤਥਾ:

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ
ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥

(ਪੰਨਾ ੫੪੦)

### ੫. ਨਾਮ ਦਾ ਫ਼ਲ:

ਨਾਮ ਜਪਣ ਵਾਲੇ ਨਾਮੀ ਦਾ ਹੀ ਰੂਪ ਬਣ ਜਾਂਦੇ ਹਨ।

ਯਥਾ:

ਜਿਨ ਹਰਿ ਜਪਿਆ ਸੇ ਹਰਿ ਹੋਏ
ਹਰਿ ਮਿਲਿਆ ਕੇਲ ਕੇਲਾਲੀ ॥

(ਪੰਨਾ ੬੬੭)

ਤਥਾ:

ਹਰਿ ਹਰਿ ਜਨ ਦੋਈ ਏਕ ਹੈ
ਬਿਬ ਬਿਚਾਰ ਕਿਛੁ ਨਾਹਿ ॥

(ਦਸਮ ਗ੍ਰੰਥ)

ਤਥਾ:

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

(ਪੰਨਾ ੨੭੩)

ਤਥਾ:

ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥

(ਪੰਨਾ ੨੭੨)

ਤਥਾ: ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ ॥

(ਪੰਨਾ ੭੯੩)

ਇਥੇ ਪੁੱਜ ਕੇ ਭਗਤੀ ਸਮਾਪਤ ਹੋ ਜਾਂਦੀ ਹੈ ਫੇਰ ਗਿਆਨਵਾਨ ਜੀਵਨ ਮੁਕਤੀ ਦਾ ਅਨੰਦ ਮਾਣਦਾ ਹੈ।

# ਸ਼ੰਕਾ ਨਵਿਰਤੀ

ਕਈ ਸੱਜਣਾਂ ਦਾ ਖ਼ਿਆਲ ਹੈ ਕਿ ਜਦੋਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਸਮੇਂ ਨਾਮ ਦੀ ਦਾਤ ਪ੍ਰਾਪਤ ਹੋ ਗਈ ਉਹ ਗੁਰੂ ਵਾਲੇ ਤਾਂ ਬਣ ਗਏ ਫੇਰ ਕਿਸੇ ਮਹਾਂਪੁਰਸ਼ ਤੋਂ ਵੱਖਰਾ ਨਾਮ ਲੈਣਾ ਜਾਂ ਉਸ ਦੀ ਸੰਗਤ ਤੇ ਸੇਵਾ ਕਰਨ ਦੀ ਕੀ ਲੋੜ ਹੈ। ਉਹ ਨਾਮ (ਜੋ ਅਧਿਕਾਰੀ ਜਾਣ ਕੇ ਇਕੱਲੇ-ਇਕੱਲੇ ਨੂੰ ਦਿੰਦੇ ਹਨ) ਪੰਜਾਂ ਪਿਆਰਿਆਂ ਵਾਲਾ ਹੈ ਜਾਂ ਕੋਈ ਹੋਰ ਵੱਖਰਾ ਹੈ?

ਇਸ ਦਾ ਉੱਤਰ ਹੈ ਕਿ ਗੁਰਮਤਿ ਵਿੱਚ ਨਾਮ ਇੱਕੋ ਹੀ ਹੈ (ਅੰਮ੍ਰਿਤ ਵੀ ਇੱਕੋ ਹੈ) ਪਰ ਉਸ ਦੇ ਜਪਣ ਦੇ ਢੰਗ ਉਕਤੀਆਂ ਜੁਗਤੀਆਂ ਵੱਖੋ-ਵੱਖ ਹਨ, ਜੋ ਕਿਸੇ ਬਖ਼ਸ਼ੀ ਰੂਹ ਪਾਸੋਂ ਹੀ ਮਿਲ ਸਕਦੀਆਂ ਹਨ। ਇਹ ਜ਼ਰੂਰੀ ਨਹੀਂ ਜੇਕਰ ਕੋਈ ਸੱਜਣ ਪੰਜਾਂ ਪਿਅਰਿਆਂ ਵਿੱਚੋਂ ਹੀ ਨਾਮ-ਰਸੀਆ ਅਤੇ ਪੂਰਨ ਅਭਿਆਸੀ ਹੈ ਜੋ ਜਗਿਆਸੂ ਨੂੰ ਉਸ ਦੇ ਪ੍ਰਸ਼ਨਾਂ ਦਾ ਉੱਤਰ ਦੇ ਕੇ ਸ਼ੰਕੇ ਨਵਿਰਤ ਕਰਕੇ ਸੰਤੁਸ਼ਟ ਕਰ ਸਕੇ, ਫੇਰ ਤਾਂ ਉਸ ਤੋਂ ਹੀ ਪੁੱਛਿਆ ਜਾ ਸਕਦਾ ਹੈ। ਪਰ ਜੇਕਰ ਪੰਜ ਪਿਆਰੇ ਕੇਵਲ ਬਾਹਜ ਕਕਾਰਾਂ ਦੀ ਗਿਣਤੀ ਵਾਲੇ ਹੀ ਹਨ, ਉਹ ਵੀ ਸਤਿਕਾਰ-ਯੋਗ ਹਨ। ਕਿਉਂਕਿ ਗੁਰੂ ਦੀ ਹਜ਼ੂਰੀ ਵਿੱਚ ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰੇ ਗੁਰੂ ਰੂਪ ਹਨ। ਉਨ੍ਹਾਂ ਦੀ ਬਾਹਰਲੀ ਕ੍ਰਿਆ ਤੱਕ ਕੇ ਕਿਸੇ ਪ੍ਰਕਾਰ ਦੀ ਸ਼ੰਕਾ ਨਹੀਂ ਕਰਨੀ, ਪੂਰਨ ਨਿਸ਼ਚਾ ਰੱਖਣਾ ਹੈ ਕਿ ਐਸ ਵੇਲੇ ਮੈਂ ਕਲਗੀਆਂ ਵਾਲੇ ਪਾਤਿਸ਼ਾਹ ਤੋਂ ਹੀ ਅੰਮ੍ਰਿਤ ਪਾਨ ਕਰ ਰਿਹਾ ਹਾਂ।

ਮਰਯਾਦਾ ਪ੍ਰਸ਼ੋਤਮ ਮਹਾਂ-ਪੁਰਸ਼ ਪਹਿਲਾਂ ਅੰਮ੍ਰਿਤ ਪਾਨ ਕਰਵਾ ਕੇ ਗੁਰਮੁਖ ਨੂੰ ਬਾਅਦ ਵਿੱਚ ਨਾਮ ਜਪਣ ਦੀ ਜੁਗਤੀ ਦਸਦੇ ਹਨ। ਗੁਰ-ਮੰਤਰ ਤੇ ਮੂਲ-ਮੰਤਰ ਉਹ ਪੰਜਾਂ ਪਿਆਰਿਆਂ ਵਾਲਾ ਹੀ ਹੈ ਜੋ ਪਰੰਪਰਾ ਤੋਂ ਚਲਿਆ ਆਉਂਦਾ ਹੈ। ਪਰ ਉਸਦੇ ਅਭਿਆਸ ਕਰਨ ਦੀ ਜੁਗਤੀ ਮਨ ਦੇ ਰੋਕਣ ਦਾ ਢੰਗ, ਫੁਰਨਿਆਂ ਤੇ ਕਾਬੂ ਪਾਉਣ ਦਾ ਤਰੀਕਾ ਤਾਂ ਕਿਸੇ ਅਭਿਆਸੀ ਪੁਰਸ਼ ਦੀ ਸੰਗਤ ਦੁਆਰਾ ਹੀ ਮਿਲ ਸਕਦਾ ਹੈ।

ਇਹ ਸ਼ੰਕਾ ਕਰਨੀ ਯੋਗ ਨਹੀਂ ਕਿ ਅੰਮ੍ਰਿਤ ਛਕਣ ਤੋਂ ਬਾਅਦ ਨਾਮ ਜਪਣ ਦਾ ਤਰੀਕਾ ਕਿਉਂ ਪੁੱਛਦੇ ਹਨ। ਅੰਮ੍ਰਿਤ ਤਾਂ ਸਾਰੇ ਹੀ ਛਕ ਲੈਂਦੇ ਹਨ। ਪਰ ਜੋ ਗੁਰਮੁਖ ਜਨ ਗੁਰ-ਸ਼ਬਦ ਦੀ ਕਮਾਈ ਕਰਦੇ ਹਨ ਉਨ੍ਹਾਂ ਦੇ ਦਰਸ਼ਨਾਂ ਵਾਸਤੇ ਦੁਨੀਆਂ ਕਿਉਂ ਰਾਹਾਂ ਵੱਲ ਤੱਕਦੀ ਤੇ ਉਤਾਵਲੀ ਹੁੰਦੀ ਹੈ? ਉਨ੍ਹਾਂ ਨੇ ਸ਼ਬਦ ਸੁਰਤ ਦੇ ਮੇਲ ਦੁਆਰਾ ਤੇ ਨਾਮ ਦੀ ਕਮਾਈ ਕੀਤੀ ਹੈ ਇਸੇ ਕਰਕੇ ਉਹ ਦੁਨੀਆਂ ਤੇ ਸੂਰਜ ਵਾਂਗ ਚਮਕਦੇ ਹਨ।

ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਸਾਰੇ ਸਤਿਗੁਰਾਂ ਦੇ ਸਮੇਂ ਗੁਰਮੁਖ ਜਨ ਬਾਬਾ ਬੁੱਢਾ ਜੀ ਜੈਸੇ ਬ੍ਰਹਮ ਗਿਆਨੀ ਅੱਗੇ ਗੁਰਮਤ ਦਾ ਪ੍ਰਚਾਰ ਕਰਦੇ ਤੇ ਨਾਮ ਜਪਾਉਂਦੇ ਰਹੇ ਹਨ।

ਤੀਸਰੇ ਪਾਤਿਸ਼ਾਹ ਜੀ ਨੇ ਨਾਮ ਜਪਾਉਣ ਵਾਸਤੇ ਗੁਰਮੁਖਿ ਪਦਵੀ ਦੀਆਂ ਬਾਈ ਮੰਜੀਆਂ ਬਖ਼ਸ਼ੀਆਂ।

ਚੌਥੇ ਪਾਤਿਸ਼ਾਹ ਜੀ ਨੇ ਭਾਈ ਗੁਰਦਾਸ ਨੂੰ ਆਗਰੇ ਭੇਜਿਆ।

ਪੰਜਵੇਂ ਪਾਤਸ਼ਾਹ ਜੀ ਦੀ ਆਗਿਆ ਪਾਕੇ ਮਾਧੋ ਦਾਸ ਸੋਢੀ ਕਸ਼ਮੀਰ ਵਿੱਚ ਗਿਆ।

ਸਤਵੇਂ ਪਾਤਿਸ਼ਾਹ ਜੀ ਦੇ ਹੁਕਮ ਨਾਲ ਭਾਈ ਗੋਂਦਾ ਕਾਬਲ ਵਿੱਚ ਪੁੱਜਾ।

ਇਉਂ ਗੁਰ-ਇਤਿਹਾਸ ਵਿੱਚ ਬੇਅੰਤ ਉਦਾਹਰਣ ਮਿਲਦੇ ਹਨ। ਦਸਮ ਪਾਤਿਸ਼ਾਹ ਜੀ ਤੋਂ ਬਾਅਦ ਵੀ ਮਹਾਂ-ਪੁਰਸ਼ਾਂ ਗੁਰਮੁਖਾਂ ਦੀ ਸੰਗਤ ਦੁਆਰਾ ਹੀ ਪ੍ਰੇਮੀ ਜਗਿਆਸੂਆਂ ਨੇ ਉਹ ਪਦਵੀਆਂ ਪ੍ਰਾਪਤ ਕੀਤੀਆਂ ਹਨ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

(ਪੰਨਾ ੩੦੬)

# ਨਾਮ ਅਭਿਆਸ ਦਾ ਢੰਗ

੧. ਰਸਨਾ ਦੁਆਰਾ ਨਾਮ ਜਪਣਾ।

੨. ਆਉਂਦੇ ਜਾਂਦੇ ਸਵਾਸ ਨਾਲ ਅਭਿਆਸ ਕਰਨਾ।

ਯਥਾ:

ਬਿਨੁ ਜਿਹਵਾ ਜੋ ਜਪੈ ਹਿਆਇ ॥

(ਪੰਨਾ ੧੨੫੬)

ਮਨਸਾ ਮਾਰਿ ਮਨੁ ਸਹਜਿ ਸਮਾਣਾ
ਬਿਨੁ ਰਸਨਾ ਉਸਤਤਿ ਕਰਾਈ ॥

(ਪੰਨਾ ੯੧੦)

ਅੱਗੇ ਜਾਕੇ ਸਵਾਸਾਂ ਦੀ ਹਰਕਤ ਵੀ ਮੱਧਮ ਪੈ ਜਾਂਦੀ ਹੈ। ਉਥੇ ਤਾਂ ਕੇਵਲ ਸੁਰਤ ਹੀ ਕੰਮ ਕਰਦੀ ਹੈ।

੩. ਸੁਰਤੀ ਨਾਲ ਸਿਮਰਨ ਦਾ ਹੋਣਾ। ਇਸ ਤੋਂ ਅੱਗੇ ਤ੍ਰਿਕੁਟੀ ਤੋਂ ਉਪਰ ਜਾਕੇ ਕਰਨਾ ਵੀ ਨਹੀਂ ਪੈਂਦਾ।

੪. ਚਸ਼ਮੇਂ ਚੋਂ ਜਲ ਵਹਿਣ ਦੀ ਤਰ੍ਹਾਂ ਆਪੇ ਹੀ ਸੁਣਾਈ ਦੇਣ ਲੱਗ ਜਾਂਦਾ ਹੈ ਕੇਵਲ ਖ਼ਿਆਲ ਦੇ ਰੋਕਣ ਦੀ ਲੋੜ ਹੈ।

੫. ਅੱਗੇ ਜਾਕੇ ਜਿਤਨੇ ਰੋਮ ਹਨ, ਉਹ ਸਾਰੇ ਜਿਹਵਾ ਬਣ ਜਾਂਦੇ ਹਨ। ਹਰੇਕ ਰੋਮ ਚੋਂ ਵਾਹਿਗੁਰੂ ਸ਼ਬਦ ਦੀ ਆਵਾਜ਼ ਆਉਣੀ।

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥

(ਪੰਨਾ ੯੪੧)

੬. ਇਸ ਤੋਂ ਅੱਗੇ ਸਾਰੇ ਤੱਤਾਂ ਚੋਂ ਗੁਰ-ਸ਼ਬਦ ਹੀ ਸੁਣਾਈ ਦੇਣਾ।

ਇਹ ਨਾਮ ਜਪਣ ਦੀਆਂ ਜੁਗਤੀਆਂ ਮਹਾਂ-ਪੁਰਸ਼ਾਂ ਪਾਸੋਂ ਹੀ ਮਿਲ ਸਕਦੀਆਂ ਹਨ। ਜੋ ਵਿਅਕਤੀ ਪੰਜਾਂ ਪਿਆਰਿਆਂ ਤੋਂ ਪ੍ਰਾਪਤ ਹੋਏ ਗੁਰ-ਮੰਤਰ ਨੂੰ ਤੋੜਕੇ ਆਪਣਾ ਕੋਈ ਵੱਖਰਾ ਜਾਪ ਦਸਦੇ ਹਨ ਉਸਦੀ ਸੰਗਤ ਕਰਨੀ ਠੀਕ ਨਹੀਂ।

## ਸੰਤ ਈਸ਼ਰ ਸਿੰਘ ਜੀ ਦੀ ਸੇਵਾ

ਇਉਂ ਹੋਰ ਵੀ ਬਹੁਤ ਸਾਰੇ ਬਚਨ ਬਿਲਾਸ ਕੀਤੇ ਤਾਂ ਪਹੁ-ਫੁਟਾਲਾ ਹੋ ਆਇਆ ਜਾਣਕੇ ਸੰਤ ਜੀ ਮਹਾਰਾਜ ਸਭਨਾਂ ਨੂੰ ਨਾਲ ਲੈ ਕੇ ਗੁਰਦੁਆਰੇ ਸਾਹਿਬ ਪੁੱਜੇ। ਮਹਾਂ-ਪੁਰਸ਼ਾਂ ਦੀ ਕ੍ਰਿਪਾ ਤੇ ਖ਼ੁਸ਼ੀ ਵਧਦੀ ਗਈ।

ਅੱਜ ਤੀਸਰਾ ਦਿਨ ਸੀ, ਹੀਰਾ ਸਿੰਘ ਦੀ ਛੁੱਟੀ ਖ਼ਤਮ ਹੋਈ ਉਹ ਤਾਂ ਏਥੋਂ ਹੀ ਛੁੱਟੀ ਲੈਕੇ ਪਟਿਆਲੇ ਜਾ ਹਾਜ਼ਰ ਹੋਇਆ ਤੇ ਫੇਰ ਦਰਸ਼ਨਾਂ ਨੂੰ ਆਉਂਦਾ ਰਿਹਾ ਅਤੇ ਸੰਤ ਈਸ਼ਰ ਸਿੰਘ ਜੀ ਕੁਝ ਕੁ ਦਿਨ ਬੇਪ੍ਰਵਾਹੀ ਨਾਲ ਇਉਂ ਟਿਕੇ ਰਹੇ ਕਿ ਮਾਨੋ ਵਾਪਸ ਜਾਣ ਦਾ ਖ਼ਿਆਲ ਹੀ ਨਹੀਂ। ਪਰ ਮਹਾਂ-ਪੁਰਸ਼ਾਂ ਨੇ ਆਗਿਆ ਕਰਕੇ ਵਾਪਸ ਭੇਜ ਦਿਤੇ ਕਿ ਤੁਹਾਡੀ ਪੜ੍ਹਾਈ ਦਾ ਹਰਜ਼ ਹੁੰਦਾ ਹੈ ਹੁਣ ਵਾਪਸ ਚਲੇ ਜਾਓ। ਫੇਰ ਆਕੇ ਦਰਸ਼ਨ ਕਰ ਲੈਣੇ।

ਅਟੱਲ ਹੁਕਮ ਦੀ ਪਾਲਣਾ ਕਰਨੀ ਤਾਂ ਪਈ ਪਰ ਘਰ ਵਿੱਚ ਜੀਅ ਨਾ ਲੱਗਾ। ਕੁਝ ਕੁ ਦਿਨਾਂ ਤੋਂ ਬਾਅਦ ਮੁੜ ਵਾਪਸ ਹਜ਼ੂਰ ਦੇ ਚਰਨਾਂ ਵਿੱਚ ਆ ਹਾਜ਼ਰ ਹੋਏ ਤੇ ਆਪਣੀ ਅੰਤ੍ਰੀਵ ਅਵਸਥਾ ਕਥਨ ਕੀਤੀ। ਮਹਾਂ-ਪੁਰਸ਼ਾਂ ਨੇ ਇਸ ਅਮੋਲਕ ਹੀਰੇ ਨੂੰ ਆਪਣੇ ਤਾਜ ਵਿੱਚ ਮੜ੍ਹਨ ਦਾ ਇਰਾਦਾ ਬਣਾਕੇ ਵਧੇਰਾ ਕੀਮਤੀ ਬਨਾਉਣ ਵਾਸਤੇ ਤਤਿਖਿਆ ਦੀ ਪਰਖ ਵਿੱਚ ਪਾ ਦਿਤਾ ਤੇ ਹਜ਼ੂਰੀਏ ਸੇਵਾਦਾਰ ਗੜਵਈ ਦੀ ਡਿਊਟੀ ਬਖ਼ਸ਼ ਦਿਤੀ। ਫੇਰ ਤਾਂ ਇਹ ਅਵਸਥਾ ਹੋ ਆਈ:

ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ ।
ਸਬਰ ਸਿਦਕ ਸਹੀਦ ਭਰਮ ਭਉ ਖੋਵਣਾ ।
ਗੋਲਾ ਮੁੱਲ ਖਰੀਦ ਕਾਰੇ ਜੋਵਣਾ ।
ਨਾ ਤਿਸੁ ਭੁਖ ਨ ਨੀਂਦ ਨ ਖਾਣਾ ਸੋਵਣਾ ।
ਪੀਹਣ ਹੋਇ ਜਦੀਦ ਪਾਣੀ ਢੋਵਣਾ ।
ਪਖੇ ਦੀ ਤਾਗੀਦ ਪਗ ਮਲ ਧੋਵਣਾ ।
ਸੇਵਕ ਹੋਇ ਸਜੀਦ ਨ ਹੱਸਣ ਰੋਵਣਾ ।
ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ ।
ਚੰਦ ਮੁਮਾਰਖ ਈਦ ਪੁਗ ਖਲੋਵਣਾ ॥੧੯॥

(ਭਾਈ ਗੁਰਦਾਸ ਜੀ)

੧੯੨੨ ਈਸਵੀ ਦੇ ਅਗਸਤ ਮਹੀਨੇ ਦੁਆਰਾ ਹਾਜ਼ਰੀ ਦਿੱਤੀ ਅਤੇ ਮਹਾਂ-ਪੁਰਸ਼ਾਂ ਦੇ ਅੰਤਮ ਸਵਾਸਾਂ ਤੱਕ ਸੇਵਾ ਵਿੱਚ ਹੀ ਨਿਭਾ ਦਿੱਤੀ। ਸਾਢੇ ਚਾਰ ਸਾਲ ਇੱਕ ਖੱਦਰ ਦੀ ਚਾਦਰ ਤੇ ਇੱਕ ਫੂੜੀ ਨੂੰ ਹੀ ਆਪਣਾ ਸਾਥੀ ਬਣਾਈ ਰੱਖਿਆ। ਨਾ ਦਿਨੇ ਭੋਜਨ ਦਾ ਖ਼ਿਆਲ, ਨਾ ਰਾਤ ਨੂੰ ਆਰਾਮ ਵੱਲ ਧਿਆਨ। ਸਰੀਰ ਕਿਰਸ ਹੋ ਗਿਆ ਪਰ ਮਨ ਚੜ੍ਹਦੀਆਂ ਕਲਾਂ ਵਿੱਚ ਰਿਹਾ। ਇਹ ਚਾਰ ਗੱਲਾਂ ਮਹਾਂ-ਪੁਰਸ਼ਾਂ ਦੀਆਂ ਧਾਰਨ ਕੀਤੀਆਂ ਸਨ:

੧. ਥੋੜ੍ਹਾ ਖਾਣਾ
੨. ਥੋੜ੍ਹਾ ਸੌਣਾ
੩. ਘੱਟ ਬੋਲਣਾ
੪. ਇਕਾਂਤ ਰਹਿਣਾ

ਪਾਰਸ ਦੀ ਛੁਹ ਲੋਹੇ ਨੂੰ ਸੋਨਾ ਤਾਂ ਬਣਾ ਦਿੰਦੀ ਹੈ ਪਰ ਪਾਰਸ ਨਹੀਂ ਬਣਾਉਂਦੀ। ਸਾਧੂ ਦੀ ਸੰਗਤ ਆਪਣੇ ਸਮਾਨ ਪੂਰਨ ਮਹਾਂ-ਪੁਰਸ਼ ਕਰ ਲੈਂਦੀ ਹੈ। ਮਹਾਂ-ਪੁਰਸ਼ਾਂ ਵਿੱਚ ਤੇ ਪਾਰਸ ਵਿੱਚ ਬੜਾ ਫਰਕ ਹੈ:

*ਯਥਾ:*

*ਪਾਰਸ ਮੈਂ ਅਰ ਸੰਤ ਮੈਂ ਬਡੋ ਅੰਤਰੋ ਜਾਨ।*
*ਵਹਿ ਲੋਹਾ ਕੰਚਨ ਕਰੈ ਵਹਿ ਕਰਹੈ ਆਪੁ ਸਮਾਨ।* *(ਵਿਚਾਰਮਾਲਾ)*

-o-

# ਨੌਵਾਂ ਕਾਂਡ

## ਅਮਾਨਤ ਵਿੱਚ ਖਿਆਨਤ ਨਾ ਕਰੋ

੧੯੨੪ ਈਸਵੀ ਦੇ ਕਰੀਬ ਲੋਪੋਂ ਪਿੰਡ ਦੇ ਦਲੇਰ ਸਿੰਘ ਦਾ ਪੁੱਤਰ ਭਗਤ ਸਿੰਘ ਤੇ ਸੁਜਾਨ ਸਿੰਘ ਦਾ ਪੁੱਤਰ ਤੋਤਾ ਸਿੰਘ ਇਹ ਦੋਵੇਂ ਹੀ ਪ੍ਰੇਮੀ ਆਪਣੀ ਜ਼ਮੀਨ ਦੇ ਮੁਕੱਦਮੇਂ ਵਾਸਤੇ ਸੁਨਾਮ ਪੇਸ਼ੀ ਤੇ ਜਾ ਰਹੇ ਸਨ। (ਉਹਨੀ ਦਿਨੀਂ ਲੋਪੋਂ ਪਿੰਡ ਦਾ ਜ਼ਿਲ੍ਹਾ ਸੁਨਾਮ ਸੀ) ਫੈਸਲਾ ਸੁਣਾਉਣ ਵਾਲੀ ਮੁਕੱਦਮੇਂ ਦੀ ਆਖ਼ਰੀ ਤਾਰੀਖ ਸੀ। ਮੁਕੱਦਮਾ ਵੀ ਇਨ੍ਹਾਂ ਦੇ ਉਲਟ ਜਾ ਰਿਹਾ ਸੀ। ਅੱਗੇ ਤਾਂ ਦੋਰਾਹੇ ਸਟੇਸ਼ਨ ਤੋਂ ਗੱਡੀ ਬੈਠ ਕੇ ਲੁਧਿਆਣੇ ਵਿੱਚ ਦੀ ਧੂਰੀ ਹੋ ਕੇ ਸੁਨਾਮ ਜਾਂਦੇ। ਅੱਜ ਰਾਮਪੁਰ ਦੇ ਪੁਲ ਤੇ ਆਕੇ ਖ਼ਿਆਲ ਕੀਤਾ ਚਲੋ ਗੱਡੀ ਵਿੱਚ ਅਜੇ ਕਾਫ਼ੀ ਸਮਾਂ ਹੈ ਸਾਨ੍ਹੇਵਾਲ ਦੇ ਸਟੇਸ਼ਨ ਤੋਂ ਹੀ ਚੜ੍ਹ ਜਾਵਾਂਗੇ। ਇਉਂ ਵਿਚਾਰਕੇ ਸਾਨ੍ਹੇਵਾਲ ਨੂੰ ਤੁਰ ਪਏ। ਜਦੋਂ ਰੇਰੂ ਸਾਹਿਬ ਗੁਰਦੁਆਰੇ ਦੇ ਕੋਲ ਪੁੱਜੇ ਤਾਂ ਖ਼ਿਆਲ ਕੀਤਾ, ਏਥੇ ਸਾਡੇ ਪਿੰਡ ਦੇ ਸੰਤ ਰਹਿੰਦੇ ਹਨ ਜਿਨ੍ਹਾਂ ਨੂੰ ਲੋਕ ਕਰਨੀ ਵਾਲਾ ਆਖਦੇ ਹਨ। ਦੂਰੋਂ-ਦੂਰੋਂ ਸੰਗਤ ਆ ਕੇ ਮੰਗਾਂ ਮੰਗਦੀ ਹੈ। ਭਲਾ ਦੇਖੀਏ ਕੀ ਇਹ ਗੱਲ ਠੀਕ ਹੈ? ਆਪਾਂ ਵੀ ਅੱਜ ਬਾਬੇ ਦੀ ਸੁੱਖਣਾ ਮੰਨ ਲਈਏ। ਇਉਂ ਦੋਵੇਂ ਸੱਜਣ ਗੁਰਦੁਆਰੇ ਦੇ ਅੰਦਰ ਤਾਂ ਨਹੀਂ ਗਏ ਬਾਹਰੋਂ ਹੀ ਖੜੋਕੇ ਸੁੱਖਣਾ ਸੁੱਖੀ, 'ਹੇ ਬਾਬਾ ਅਤਰ ਸਿੰਘ ਜੀ! ਤੈਨੂੰ ਲੋਕ ਜਾਣੀ ਜਾਣ ਕਹਿੰਦੇ ਹਨ ਪਰ ਅਸੀਂ ਤਾਂ ਸਮਝਾਂਗੇ ਕਿ ਸੱਚਮੁਚ ਬਾਬਾ ਕਰਾਮਾਤੀ ਹੈ ਜੇ ਅੱਜ ਆਖ਼ਰੀ ਤਾਰੀਖ ਤੇ ਮੁਕੱਦਮਾ ਸਾਡੇ ਹੱਕ ਵਿੱਚ ਹੋ ਜਾਵੇ ਫੇਰ ਅਸੀਂ ਤੇਰੇ ਦਰ ਤੇ ਆਕੇ ੨੫ ਰੁਪੈ ਗੁਰੂ ਕੇ ਲੰਗਰ ਵਾਸਤੇ ਭੇਟਾ ਕਰਾਂਗੇ।'

ਇਉਂ ਮੰਨਤ ਮੰਨਕੇ ਸਾਹਨੇਵਾਲ ਤੋਂ ਗੱਡੀ ਬੈਠਕੇ ਪੇਸ਼ੀ ਤੇ ਪੁਜੇ। ਏਧਰੋਂ ਇਨ੍ਹਾਂ ਦੀ ਭਾਵਨਾ ਨੂੰ ਫ਼ਲ ਲੱਗਾ। ਪ੍ਰਮੇਸ਼ਰ ਦਾ ਬਿਰਦ ਹੈ ਕਿ ਉਸਨੇ ਆਪਣੇ ਪਿਆਰਿਆਂ ਦਾ ਜਸ ਕਰਵਾਉਣਾ ਹੁੰਦਾ ਹੈ ਕਿਉਂਕਿ ਪ੍ਰਮੇਸ਼ਰ ਦਾ ਰੂਪ ਰੰਗ ਤਾਂ ਕੋਈ ਹੈ ਨਹੀਂ। ਉਸਦੇ ਪਿਆਰੇ ਮਹਾਂ-ਪੁਰਸ਼ ਹੀ ਉਸਨੂੰ ਨਿਰਾਕਾਰ ਭਗਤ ਵਤਸਲ ਦਸਦੇ ਹਨ ਅਤੇ ਜਗਿਆਸੂ ਦੇ ਅੰਦਰ ਉਸਦੀ ਸ਼ਰਧਾ ਪੈਦਾ ਕਰਦੇ ਹਨ। ਆਮ ਲੋਕੀਂ ਤਾਂ ਰੱਬ ਦੀ ਹੋਂਦ ਨੂੰ ਮੰਨਦੇ ਹੀ ਨਹੀਂ। ਵਾਸਤਵ ਵਿੱਚ ਦੇਖਿਆ ਜਾਵੇ ਰੱਬ ਦੀ ਹੋਂਦ ਨੂੰ ਉਸਦੇ ਸੰਤਾਂ ਨੇ ਹੀ ਜਣਾਇਆ ਹੈ। ਸੰਤਾਂ ਦਾ ਜਸ ਹੀ ਰੱਬ ਦੀ ਵਡਿਆਈ ਹੈ।

ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥

(ਪੰਨਾ ੬੫੨)

ਗਿਆਰਾਂ ਸਾਲਾਂ ਦਾ ਚਲ ਰਿਹਾ ਮੁਕੱਦਮਾ ਜਾਂਦਿਆਂ ਹੀ ਇਨ੍ਹਾਂ ਦੇ ਹੱਕ ਵਿੱਚ ਹੋ ਗਿਆ। ਪ੍ਰਮੇਸ਼ਰ ਦਾ ਧੰਨਵਾਦ ਕੀਤਾ, ਖ਼ੁਸ਼ੀ-ਖ਼ੁਸ਼ੀ ਵਾਪਸ ਪਰਤੇ। ਸਾਹਨੇਵਾਲ ਦੇ ਸਟੇਸ਼ਨ ਤੋਂ ਉੱਤਰ ਕੇ ਪਹਿਲਾਂ ਗੁਰਦੁਆਰੇ ਵੱਲ ਆਏ ਪਰ ਅਜੇ ਵੀ ਮਨ ਵਿੱਚ ਪੂਰਾ ਨਿਸ਼ਚਾ ਨਹੀਂ ਹੋਇਆ। ਸੋਚਿਆ ਇਨ੍ਹਾਂ ਦੀ ਕਰਾਮਾਤ ਨੇ ਹੀ ਕੰਮ ਕੀਤਾ ਹੈ ਜਾਂ ਸ਼ਾਇਦ ਸਾਰੇ ਗਵਾਹਾਂ ਦੇ ਬਿਆਨਾਂ ਨੇ ਸਾਨੂੰ ਸੱਚੇ ਸਾਬਤ ਕਰਕੇ ਮੁਕਤ ਕਰਕੇ ਜਿਤਾ ਦਿੱਤਾ। ਇਉਂ ਸ਼ਸ਼ੋਪੰਜ ਵਿੱਚ ਪਏ ਬਾਹਰ ਬਗ਼ੀਚੇ ਵਿੱਚ ਬੈਠੇ ਸੰਤਾਂ ਦੇ ਕੋਲ ਆਏ, ਪੰਜ ਰੁਪੈ ਅੱਗੇ ਰੱਖਕੇ ਮੱਥਾ ਟੇਕਿਆ ਤੇ ਦੂਰ ਹੋ ਕੇ ਬੈਠ ਗਏ।

ਏਧਰੋਂ ਰਾਗ ਦਵੈਸ਼ ਤੇ ਹਰਖ ਸੋਗ ਵਿੱਚ ਇੱਕੋ ਜੇਹੀ ਬਿਰਤੀ ਰੱਖਣ ਦੀ ਸਿੱਖਿਆ ਦੇ ਦਾਤੇ ਮੁਸਕਰਾ ਕੇ ਬੋਲੇ, "ਕੀ ਗੱਲ ਹੈ! ਕੱਲ੍ਹ ਜਾਂਦੇ ਹੋਏ ਪੱਚੀ ਰੁਪੈ ਸੁੱਖ ਕੇ ਗਏ ਪਰ ਇੱਕੋ ਹੀ ਰਾਤ ਲੰਘੀ ਤੋਂ ਪੱਚੀਆਂ ਦੇ ਪੰਜ ਹੀ ਰਹਿ ਗਏ। ਅੱਜ ਸਿੱਧੇ ਘਰ ਚਲੇ ਜਾਂਦੇ ਤਾਂ ਸਵੇਰ ਤੱਕ ਇਹ ਵੀ ਖ਼ਤਮ ਸਨ।" ਇਹ ਬਚਨ ਅਜੇ ਹਜ਼ੂਰ ਦੀ ਰਸਨਾ ਤੇ ਹੀ ਸੀ ਕਿ ਇਨ੍ਹਾਂ ਦੋਹਾਂ ਨੇ ਘਿਘਿਆ ਕੇ ਚਰਨ ਫੜ ਲਏ ਤੇ ਆਖਿਆ, "ਮਹਾਰਾਜ! ਅਸੀਂ ਤਾਂ ਇਹ ਸੋਚਿਆ ਕਿ ਜੇਕਰ ਸੰਤ ਜੀ ਅੰਤਰਯਾਮੀ ਹਨ ਤਾਂ ਆਪਣੀ ਭੇਟਾ ਆਪ ਹੀ ਮੰਗਕੇ ਲੈ ਲੈਣਗੇ। ਜੇਕਰ ਆਪ ਨਾ ਮੰਗੀ ਤਾਂ ਅਸੀਂ ਦੇਣੀ ਕੋਈ ਨਹੀਂ।"

ਉਸ ਸਮੇਂ ਇਨ੍ਹਾਂ ਦੀ ਨਿੰਮ੍ਰਤਾ ਭਰੀ ਅਰਜ਼ ਸੁਣਕੇ ਬਾਬਾ ਜੀ ਕਹਿਣ ਲੱਗੇ, "ਅੱਗੇ ਵਾਸਤੇ ਕਿਸੇ ਸਾਧੂ ਦੀ ਪ੍ਰੀਖਿਆ ਨਹੀਂ ਕਰਨੀ। ਗੁਰੂ ਨਾਨਕ ਦੇ ਘਰ ਵਿੱਚ ਕਿਸੇ ਚੀਜ਼ ਦਾ ਘਾਟਾ ਨਹੀਂ, ਬੇਅੰਤ ਗੁਪਤ ਲਾਲ ਤੇ ਹੀਰਿਆਂ ਦਾ ਸੰਗਤ ਰੂਪੀ ਮਾਨ-ਸਰੋਵਰ ਵਿੱਚ ਵਾਸਾ ਹੈ। ਸਾਧੂ ਸ਼ਕਤੀ ਦਿਖਾਉਣੀ ਚੰਗੀ ਨਹੀਂ ਸਮਝਦੇ। ਉਹ ਤਾਂ ਕਰਾਮਾਤ ਨੂੰ ਕਹਿਰ ਦਸਦੇ ਹਨ। ਭਲਾ ਦੱਸੋ ਕਿਸੇ ਤੇ ਕਹਿਰ ਕਰਨਾ ਚੰਗਾ ਹੈ? ਪਰ ਦੁਨੀਆਂ ਦੇ ਲੋਕ ਉਨ੍ਹਾਂ ਨੂੰ ਕਹਿਰ ਕਰਾਉਣ

ਵਾਸਤੇ ਮਜਬੂਰ ਕਰਦੇ ਹਨ। ਗੁਰੂ ਘਰ ਦੇ ਤਾਂ ਕੁੱਤਿਆਂ ਵਿੱਚ ਵੀ ਸ਼ਕਤੀ ਹੈ। ਮਹਾਂ-ਪੁਰਸ਼ ਤਾਂ ਪ੍ਰਮੇਸ਼ਰ ਦਾ ਹੀ ਰੂਪ ਹੁੰਦੇ ਹਨ। ਜੋ ਚਾਹੁਣ ਸੋ ਕਰ ਸਕਦੇ ਹਨ। ਜਿਵੇਂ ਆਗਿਆਕਾਰੀ ਤੇ ਲਾਇਕ ਬੱਚੇ ਦੀ ਕੀਤੀ ਨੂੰ ਸਿਆਣਾਂ ਪਿਤਾ ਮੰਨ ਲੈਂਦਾ ਹੈ, ਇਸੇ ਤਰ੍ਹਾਂ ਸੰਤਾਂ ਭਗਤਾਂ ਦੀ ਵੀ ਰੱਬ ਮੋੜਦਾ ਨਹੀਂ, ਪਰ ਸਾਧੂ ਦੀ ਪਰਖ ਨਾ ਕਰੋ। ਕਿਸੇ ਦਰਵੇਸ਼ ਦੀ ਰਸਨਾ ਤੋਂ ਨਿਕਲਿਆ ਬਚਨ ਅਮੋਘ ਬਾਣ ਵਾਂਗੂ ਖ਼ਾਲੀ ਨਹੀਂ ਜਾਂਦਾ। ਇਸ ਵਾਸਤੇ ਰੱਬੀ ਆਸ਼ਕਾਂ ਦਾ ਸਦਾ ਹੀ ਭੈਅ ਕਰਦੇ ਰਹੀਏ। ਅਦਬ ਸਤਿਕਾਰ ਵਿੱਚ ਰਹਿਕੇ ਜਿਤਨੀ ਹੋ ਸਕੇ ਸੇਵਾ ਕਰੀਏ ਬੇਅਦਬੀ ਤੋਂ ਡਰੀਏ।" ਹਜ਼ੂਰ ਦੀ ਰਸਨਾ ਤੋਂ ਇਹ ਉੱਤਮ ਉਪਦੇਸ਼ ਸੁਣਕੇ ਦੋਵੇਂ ਹੀ ਗਦ-ਗਦ ਹੋ ਗਏ। ਚਰਨ ਫੜਕੇ ਮੁਆਫ਼ੀ ਮੰਗੀ ਅਤੇ ਅੱਗੇ ਵਾਸਤੇ ਗੁਰੂ ਘਰ ਦੇ ਪੂਰਨ ਸ਼ਰਧਾਲੂ ਬਣੇ ਰਹੇ।

# ਹਰਿਦੁਆਰ ਦੀ ਯਾਤਰਾ

ਸੰਨ ੧੯੨੪, ਬਿਕ੍ਰਮੀ ਸੰਮਤ ੧੯੮੦ ਦੇ ਚੜ੍ਹਦੇ ਹਾੜ ਅਕਾਸ਼ ਤੇ ਬੱਦਲ ਆਏ, ਲੋਕਾਂ ਨੂੰ ਬੜੀ ਆਸ ਬੱਝੀ ਕਿ ਬਾਰਸ਼ ਹੋਵੇਗੀ, ਜ਼ਿਮੀਂਦਾਰਾਂ ਦੇ ਮਨ ਖੇੜੇ ਵਿੱਚ ਆ ਗਏ। ਖੇਤਾਂ ਦੀਆਂ ਵੱਟਾਂ ਉੱਚੀਆਂ ਕੀਤੀਆਂ। ਹਜ਼ੂਰ ਫੁਰਮਾਉਂਦੇ ਹਨ ਕਿ ਜਦੋਂ ਉੱਚੇ ਘਰ ਵਾਲੇ ਭਾਵ ਅਕਾਸ਼ ਵਿੱਚ ਰਹਿਣ ਵਾਲੇ ਬੱਦਲ ਦਾ ਜ਼ਿਮੀਂਦਾਰ ਦੇ ਮਨ ਵਿੱਚ ਨਿਰਣਾ ਹੋ ਜਾਂਦਾ ਹੈ ਕਿ ਹੁਣ ਜ਼ਰੂਰ ਹੀ ਬਾਰਸ਼ ਕਰੇਗਾ ਤਾਂ ਉਹ ਆਪਣੇ ਖੇਤ ਦੀਆਂ ਵੱਟਾਂ ਉੱਚੀਆਂ ਕਰ ਲੈਂਦਾ ਹੈ:

ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ ॥

(ਪੰਨਾ ੫੧੩)

ਪਰ ਇਹ ਤਾਂ ਬਿਜਲੀ ਦੇ ਚਮਤਕਾਰ ਵਾਂਗੂ ਇੱਕੋ ਵਾਰ ਆਪਣਾ ਮੂੰਹ ਦਿਖਾ ਕੇ ਬੜੀ ਛੇਤੀ ਹੀ ਵਰਖਾ ਕੀਤੇ ਬਗ਼ੈਰ ਹੀ ਖ਼ਾਲੀ ਵਾਪਸ ਮੁੜ ਗਏ। ਸਿਆਣੇ ਸਿਆਣੇ ਲੋਕ ਆਖਣ ਲੱਗੇ:

ਕਿਆ ਉਠਿ ਉਠਿ ਦੇਖਹੁ ਬਪੁੜੇਂ<br>ਇਸੁ ਮੇਘੈ ਹਥਿ ਕਿਛੁ ਨਾਹਿ ॥

(ਪੰਨਾ ੧੨੮੦)

ਇਉਂ ਸਾਰਾ ਹਾੜ ਸੁੱਕਾ ਲੰਘ ਗਿਆ। ਅੱਗੇ ਆਇਆ ਸਾਵਣ, ਜਿਸ ਨੂੰ ਕਹਿੰਦੇ ਹਨ ਬਾਰਸ਼ ਦੀ ਰੁੱਤ:

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥

(ਪੰਨਾ ੧੨੮੦)

ਪਰ ਇਹ ਵੀ ਕਿਸੇ ਸੂਮ ਦੀ ਇਕੱਠੀ ਕੀਤੀ ਹੋਈ ਮਾਇਆ ਵਾਂਗ ਪਾਣੀ ਦੇਣ ਤੋਂ ਇਨਕਾਰ ਕਰ ਗਿਆ। ਲੋਕੀਂ ਕਹਿੰਦੇ ਸਨ ਸਾਵਣ ਕਦੇ ਸੁੱਕਾ ਨਹੀਂ ਗਿਆ।

ਸਾਵਣਿ ਵਣ ਹਰੀਆਵਲੇ ਅਕੁ ਜੰਮੈ ਅਉੜੀ ।

(ਭਾਈ ਗੁਰਦਾਸ ਜੀ)

ਤਥਾ: ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥

(ਪੰਨਾ ੫੫੭)

ਪਰ ਹੁਣ ਤਾਂ ਕਲਯੁਗ ਦਾ ਪ੍ਰਭਾਵ ਹੋਣ ਕਰਕੇ ਮਾਤ-ਲੋਕ ਦੀ ਧਰਤੀ ਵਾਂਗੂੰ ਦੇਵ-ਲੋਕ ਦੇ ਨਿਯਮ ਵੀ ਉਲਟ-ਪੁਲਟ ਹੋ ਚੁੱਕੇ ਸਨ। ਇਨ੍ਹਾਂ ਬਚਨਾਂ ਦੀ ਕੌਣ ਪ੍ਰਵਾਹ ਕਰਦਾ ਸੀ। ਸਾਵਣ ਵੀ ਖ਼ਾਲੀ ਹੀ ਤੁਰ ਗਿਆ। ਦੁਨੀਆਂ ਦੀ ਹਾਲਤ ਬੜੀ ਤਰਸਯੋਗ ਸੀ, ਪਾਣੀ ਤੋਂ ਬਿਨਾਂ ਸਾਰੇ ਤ੍ਰਾਹ-ਤ੍ਰਾਹ ਕਰ ਰਹੇ ਸਨ। ਲੋਕਾਂ ਦੀਆਂ ਖੜੀਆਂ ਫਸਲਾਂ ਸੁੱਕ ਗਈਆਂ। ਦੁਰਭਿਖ (ਕਾਲ) ਦਾ ਭੈਅ ਦਿਸਣ ਲੱਗਾ। ਕਈ ਪਿੰਡਾਂ ਵਿੱਚ ਯੱਗ ਸ਼ੁਰੂ ਹੋ ਗਏ ਕਿ ਦੇਵਤੇ ਦਾਨ-ਪੁੰਨ ਤੇ ਪ੍ਰਸੰਨ ਹੁੰਦੇ ਹਨ। ਅਖੰਡ-ਪਾਠਾਂ ਦੇ ਪ੍ਰਵਾਹ ਜਾਰੀ ਕਰ ਦਿਤੇ। ਸਨਾਤਨ ਖ਼ਿਆਲੀ ਲੋਕ ਬ੍ਰਾਹਮਣਾਂ ਤੋਂ ਹਵਨ ਕਰਾਉਣ ਲੱਗੇ। ਤਾਂ ਕਿਤੇ ਭਾਦਰੋਂ ਦੇ ਅਖ਼ੀਰ ਇਨ੍ਹਾਂ ਦੇ ਕਰਮਾਂ ਦਾ ਹੇਠਾਂ ਦਬਿਆ ਪਰਚਾ ਉਪਰ ਆਇਆ। ਉਸ ਸਮੇਂ ਅਕਾਸ਼ ਵਿੱਚ ਬੱਦਲ ਦੇਖ ਕੇ ਨਾਸਤਕ ਵੀ ਆਸਤਕ ਬਣ ਗਏ। ਬ੍ਰਾਹਮਣਾਂ ਦਾ ਅਕੀਦਾ ਸੀ ਕਿ ਲਾਟਾਂ ਵਾਲੀ ਤਰੁੱਠ ਪਈ। ਕੋਈ ਕਹਿੰਦਾ ਰੱਬ ਦੀ ਮੇਹਰ ਹੋ ਗਈ, ਪਰ ਇਹ ਮੇਹਰ ਬਹੁਤਾ ਚਿਰ ਮੇਹਰ ਨਾ ਰਹਿ ਸਕੀ। ਮਿਹਰ ਕਰਣ ਵਾਲੇ ਮੇਹਰਬਾਨ ਨੇ ਲੋਕਾਂ ਦੇ ਕਰਮਾਂ ਅਨੁਸਾਰ ਕਹਿਰ ਕਰਨਾ ਸ਼ੁਰੂ ਕਰ ਦਿੱਤਾ। ਬਰਖਾ ਹੋਣ ਲਗ ਪਈ। ਕਈ-ਕਈ ਸਾਲਾਂ ਦਾ ਇਹ ਇਕੱਠਾ ਕੀਤਾ ਹੋਇਆ ਅਕਾਸ਼ ਤੋਂ ਇਤਨਾ ਪਾਣੀ ਡਿਗਿਆ ਕਿ ਮਾਨੋਂ ਪ੍ਰਲੈ ਕਾਲ ਸਮੇਂ ਸੱਤਾਂ ਸਮੁੰਦਰਾਂ ਦਾ ਬੰਨ੍ਹਾ ਹੀ ਟੁੱਟ ਗਿਆ। ਮਹਾਂ ਪਰਲੋ:

ਛੂਟੇ ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ ॥

(ਪੰਨਾ ੩੩੫)

ਸੱਤਾਂ ਸਮੁੰਦਰਾਂ ਰੂਪ ਕੂੰਡੇ ਆਪਣੀ ਮਰਯਾਦਾ ਛੱਡ ਕੇ ਹੱਦਾਂ ਤੋਂ ਬਾਹਰ ਆ ਜਾਂਦੇ ਹਨ, ਬ੍ਰਹਮਾ ਵਿਸ਼ਨੂੰ ਦੀਆਂ ਪੁਰੀਆਂ ਵੀ ਪਾਣੀ ਨਾਲ ਭਿਜ ਜਾਂਦੀਆਂ ਹਨ। ਉਸ ਸਮੇਂ ਸੰਸਾਰ ਤਾਣੀ ਦੇ ਬੁਣਨ ਵਾਲਾ ਬ੍ਰਹਮਾ ਰੂਪ ਜੁਲਾਹਾ ਵੀ ਸ਼ੋਕਾਤੁਰ ਹੋਇਆ ਉੱਠਕੇ ਘਰ ਤੁਰ ਜਾਂਦਾ ਹੈ।

ਨਦੀਆਂ ਨਾਲੇ ਆਪਣੀਆਂ ਹੱਦਾਂ ਤੋਂ ਉਛਲਕੇ ਬਾਹਰ ਇਉਂ ਵਗਣ ਲੱਗ ਪਏ ਜਿਵੇਂ ਹੰਕਾਰੀ ਮਨੁੱਖ ਸ਼ਰਾਬ ਦੀ ਮਸਤੀ ਵਿੱਚ ਕਿਸੇ ਮਰਯਾਦਾ ਦੀ ਪ੍ਰਵਾਹ ਨਹੀਂ ਕਰਦਾ। ਸਾਰੇ ਪਾਣੀ ਹੀ ਪਾਣੀ ਦਿਖਾਈ ਦੇਣ ਲੱਗਾ। ਛੋਟੇ ਵੱਡੇ ਟੋਭੇ ਤੇ ਛੱਪੜ ਜਲ ਨਾਲ ਭਰ ਗਏ, ਚਿਰਾਂ ਤੋਂ ਪਿਆਸੀ ਧਰਤੀ ਰੱਜ ਗਈ। ਖੇਤਾਂ ਵਿੱਚ ਗੋਡੇ-ਗੋਡੇ ਪਾਣੀ ਫਿਰਨ ਲੱਗਾ। ਖੜੀਆਂ ਫਸਲਾਂ ਮਾਰੀਆਂ ਗਈਆਂ, ਵੱਡੇ ਦਰਿਆਵਾਂ ਵਿੱਚ ਹੜ੍ਹ ਆ ਗਏ। ਹੋਰਨਾਂ ਨਦੀਆਂ ਵਾਂਗੂੰ ਮਹਾਂ ਪਵ੍ਰਿਤ ਦੇਵ ਨਦੀ ਗੰਗਾ ਵਿਖੇ ਵੀ ਇਤਨਾ ਹੜ੍ਹ ਆਇਆ ਕਿ ਪੱਧਰੇ ਮੈਦਾਨਾਂ ਵਿੱਚ ਤੇ ਕਿਨਾਰੇ ਵੱਸਣ ਵਾਲੇ ਪਿੰਡਾਂ ਦੇ ਪਿੰਡ ਰੁੜ੍ਹ ਗਏ। ਇਸਨੇ ਜਿਨ੍ਹਾਂ ਦੀਆਂ ਮਰ ਜਾਣ ਤੋਂ ਬਾਅਦ ਅਸਥੀਆਂ ਪੁੱਜਣੀਆਂ ਸਨ। ਉਨ੍ਹਾਂ ਆਪਣੇ ਭਗਤਾਂ ਨੂੰ ਜਿਉਂਦੇ ਜੀਅ ਹੀ ਤਰਸ ਕਰਕੇ ਆਪਣੀ ਗੋਦ ਵਿੱਚ ਲੈ ਕੇ ਮੌਤ ਦੀ ਮਿੱਠੀ ਨੀਂਦੇ ਸੁਆ ਦਿੱਤਾ ਕਿ ਮਰ ਕੇ ਆਉਣ ਦੀ ਖੇਚਲ ਤੋਂ ਬਚ ਜਾਣ।

ਪਾਣੀ ਦੇ ਵੇਗ ਨੇ ਲੋਹੇ ਦੇ ਵੱਡੇ-ਵੱਡੇ ਗਾਡਰ ਚੁੱਕ ਕੇ ਰੇਲਾਂ ਦੇ ਪੁਲ ਢਾਹ ਦਿੱਤੇ ਜਿੱਥੇ ਕਿ ਆਮ ਲੋਕਾਂ ਦਾ ਬੇਅੰਤ ਹੀ ਜਾਨੀ ਤੇ ਮਾਲੀ ਨੁਕਸਾਨ ਹੋਇਆ। ਓਥੇ ਸਭ ਤੋਂ ਵੱਡੀ ਤੇ ਨਾ ਪੂਰਾ ਹੋਣ ਵਾਲੀ ਘਾਟੇ ਦੀ ਇਹ ਗੱਲ ਸੀ ਕਿ ਇਸ ਹੜ੍ਹ ਨਾਲ ਗੰਗਾ ਦੇ ਕਿਨਾਰੇ ਰਹਿਣ ਵਾਲੇ ਪਰਮ-ਅਤੀਤ ਮਹਾਂ-ਤਿਆਗੀ, ਬ੍ਰਹਮ ਗਿਆਨੀ, ਵਿਰੱਕਤ ਸਾਧੂ ਵੀ ਇਸ ਅਸਾਰ ਸੰਸਾਰ ਤੋਂ ਤੁਰ ਗਏ, ਜਿਨ੍ਹਾਂ ਨੇ ਮਾਤਾ-ਪਿਤਾ ਦਾ ਮੋਹ ਤਿਆਗਿਆ, ਦੁਨੀਆਂ ਦੇ ਸੁੱਖ ਛੱਡੇ, ਕੇਵਲ ਈਸ਼ਰ ਪ੍ਰਾਇਣ ਹੋਏ ਬਰੇਤੀ ਤੇ ਰੱਬੀ ਯਾਦ ਵਿੱਚ ਜੁੜੇ ਸਮਾਧੀ ਇਸਥਿਤ ਸਨ। ਜਦੋਂ ਹੜ੍ਹ ਆਉਂਦਾ ਦੇਖਿਆ ਸ਼ਰਧਾਲੂ ਪ੍ਰੇਮੀਆਂ ਨੇ ਅਰਜ਼ ਕੀਤੀ, "ਮਹਾਰਾਜ! ਤੁਹਾਡੀਆਂ ਜ਼ਿੰਦਗੀਆਂ ਬੜੀਆਂ ਕੀਮਤੀ ਹਨ। ਆਪ ਗੰਗਾ ਜਲ ਦੀ ਲਪੇਟ ਤੋਂ ਬਾਹਰ ਨਿਕਲ ਆਓ।" ਪਾਣੀ ਦੀਆਂ ਪਹਾੜਾਂ ਜੇਡ ਉੱਚੀਆਂ-ਉੱਚੀਆਂ ਕਾਂਗਾਂ ਨੇ ਵੱਡੇ-ਵੱਡੇ ਤਾਰੂਆਂ ਦੇ ਹਿਰਦੇ ਕੰਬਾ ਦਿੱਤੇ ਪਰ ਜਿੱਥੇ ਇਹ ਚੀਜ਼ ਆ ਚੁੱਕੀ ਸੀ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

(ਪੰਨਾ ੧੪੨੭)

ਇਸ ਧਾਰਨਾ ਵਾਲੇ ਕਦ ਮੌਤ ਤੋਂ ਭੈਅ ਕਰਦੇ ਸਨ? ਪੰਡਤ ਗੁਲਾਬ ਸਿੰਘ ਜੀ ਦੇ ਕਥਨ ਅਨੁਸਾਰ ਇਨ੍ਹਾਂ ਦੇ ਮਨ ਦਾ ਤਾਂ ਇਹ ਨਿਸ਼ਚਾ ਸੀ ਕਿ ਸਾਡਾ ਸਰੀਰ ਅੰਤ ਸਮੇਂ ਗੰਗਾ ਮਈਆ ਦੀ ਭੇਟਾ ਹੋਵੇ।"

*ਕਬਿ ਆਵਹਿਗੇ ਮਮ ਊਪਰ ਤੇ ਦਿਨ, ਦੇਹ ਰਟੈ ਮਮ ਗੰਗ ਕਿਨਾਰੇ।*
*ਸਭ ਹੀ ਜਗ ਤੇ ਪੁਨ ਸ਼ਾਂਤਿ ਲਹੇ, ਮੁਖ ਨਾਮ ਸੁ ਸੀਸ ਗੰਗੋਦਕ ਧਾਰੇ।*
*ਪੁਨਿ ਬੈਠ ਸਿਲਾ ਤਲ ਮੈ ਹਰਿ ਕੀ, ਪਦਵੀ ਦ੍ਰਿਗਮੇਲ ਕੈ ਨੀਤ ਚਿਤਾਰੇ।*
*ਹਰਿ ਧਯਾਨ ਸਮੇਂ ਤਨ ਮੋਹਿ ਗਿਰੈ ਜਲ,ਮਾਤ ਸਮਾਨ ਸੁ ਗੰਗ ਸੰਭਾਰੇ।*

*(ਭਾਵਰਸਾਂਮ੍ਰਿਤ ੯੬)*

ਸੋ ਇਨ੍ਹਾਂ ਦੀ ਇਸੇ ਭਾਵਨਾ ਅਨੁਸਾਰ ਹੜ੍ਹ ਦੇ ਵੇਗ ਨਾਲ ਸੈਂਕੜੇ ਸਾਧੂਆਂ ਦੀਆਂ ਅਮੋਲਕ ਜ਼ਿੰਦਗੀਆਂ ਗੰਗਾ ਜਲ ਦੀ ਭੇਟਾ ਹੋ ਗਈਆਂ। ਭੁੱਖੇ ਸ਼ੇਰਾਂ ਵਾਂਗੂੰ ਸ਼ੂਕਦਾ ਹੋਇਆ ਹੜ੍ਹ ਦਾ ਪਾਣੀ ਅਮੋਲਕ ਹੀਰਿਆਂ ਨੂੰ ਆਪਣੀ ਗੋਦ ਵਿੱਚ ਲੈ ਕੇ ਮੁੜ ਪਹਿਲਾਂ ਵਾਂਗੂੰ ਹੋ ਕੇ ਆਪਣੀਆਂ ਹੱਦਾਂ ਅੰਦਰ ਵਗਣ ਲੱਗ ਪਿਆ, ਵਿਸ਼ਵਸ਼ਾਂਤੀ ਪ੍ਰਦਾਨ ਕਰਤਾ ਮਹਾਂ-ਪੁਰਸ਼ਾਂ ਦੇ ਅਲੋਪ ਹੋਣ ਕਰਕੇ ਸਾਰੇ ਭਾਰਤ ਵਿੱਚ ਹਾਹਾਕਾਰ ਮਚ ਗਈ। ਜਗ੍ਹਾ-ਜਗ੍ਹਾ ਤਾਰਾਂ ਖੜਕ ਗਈਆਂ। ਹਿੰਦੁਸਤਾਨ ਦੇ ਕੋਨੇ-ਕੋਨੇ 'ਚੋਂ ਸਾਧੂਆਂ ਦੀਆਂ ਜਮਾਤਾਂ ਹਰਿਦੁਆਰ ਪੁੱਜ ਗਈਆਂ। ਸੰਤ ਸਮਾਜ ਦੇ ਸ਼ਰਧਾਵਾਨ ਦਾਨੀ ਸੱਜਣਾਂ ਵੱਲੋਂ ਭੰਡਾਰੇ ਸ਼ੁਰੂ ਹੋ ਗਏ। ਇਉਂ ਹਰਿਦੁਆਰ ਤੇ ਮਾਨੋ ਕੁੰਭ ਦਾ ਮੇਲਾ ਲੱਗ ਗਿਆ।

ਉਸ ਸਮੇਂ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ (ਨਾਤੀ ਸ਼ਿਸ਼) ਪੋਤਰੇ ਚੇਲੇ ਸ੍ਰੀ ਮਾਨ ਪੰਡਤ ਪ੍ਰੇਮ ਸਿੰਘ ਜੀ ਮੰਡਲੇਸ਼ੁਰ ਭੀ ਨਿਰਮਲ ਵਿਰੱਕਤ ਕੁਟੀਆ ਵਿਖੇ ਸ੍ਰੀ ਹਜ਼ੂਰ ਬਾਬਾ ਆਇਆ ਸਿੰਘ ਜੀ ਮਹਾਰਾਜ ਦੀ ਯਾਦ ਵਿੱਚ ਬਣਾਈ ਕੋਠੀ ਵਿੱਚ ਰਹਾਇਸ਼ ਰੱਖਦੇ ਸਨ। ਸਾਰੇ ਸੰਤ ਇਸਦਾ ਨਾਮ ਹੀ ਹੋਤੀ ਵਾਲੀ ਕੋਠੀ ਆਖਦੇ ਸਨ। ਭਾਵੇਂ ਇਨ੍ਹਾਂ ਨੇ ਕਈ ਵਾਰ ਪਹਿਲਾਂ ਵੀ ਰੇਰੂ ਸਾਹਿਬ ਗਿਆਂ ਸੰਤ ਬਾਬਾ ਅਤਰ ਸਿੰਘ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਸੀ ਕਿ ਆਪ ਹਰਿਦੁਆਰ ਦਰਸ਼ਨ ਦੇਵੋ ਪਰ ਇਸ ਹੜ੍ਹ ਵਾਲੇ ਅਤੀ ਦਰਦਨਾਕ ਸਾਕੇ ਨੂੰ ਦੇਖਕੇ ਪੰਡਤ ਪ੍ਰੇਮ ਸਿੰਘ ਜੀ ਤੇ ਸਮੂਹ ਸਾਧੂ ਸੰਤ ਸਮਾਜ ਵਲੋਂ ਦੋ ਸਾਧੂ ਗੁਰਦੁਆਰੇ ਸਾਹਿਬ ਬਾਬਾ ਜੀ ਪਾਸ ਭੇਜੇ। ਉਨ੍ਹਾਂ ਨੇ ਸੰਤ ਮਹਾਰਾਜ ਜੀ ਦੇ

ਪਾਵਨ ਚਰਨਾਂ ਤੇ ਨਮਸ਼ਕਾਰ ਕਰਕੇ ਸੰਤ ਮੰਡਲੀ ਤੇ ਪ੍ਰੇਮ ਸਿੰਘ ਜੀ ਦੀ ਬਿਨੈ ਪੱਤ੍ਰਕਾ ਅੱਗੇ ਰੱਖੀ। ਹਜ਼ੂਰ ਨੇ ਪਾਵਨ ਹੱਥਾਂ ਵਿੱਚ ਲੈ ਕੇ ਚਿੱਠੀ ਖੋਲ੍ਹੀ ਤੇ ਜਦੋਂ ਇਹ ਅੱਖਰ ਪੜ੍ਹੇ, "ਮਹਾਰਾਜ! ਕਾਦਰ ਦੀ ਕੁਦਰਤ ਬੇਅੰਤ ਹੈ ਜਿਸਦਾ ਕਿਸੇ ਨੇ ਅਜੇ ਤੱਕ ਅੰਤ ਨਹੀਂ ਪਾਇਆ। ਨੌਵੇਂ ਮਹਾਰਾਜ ਜੀ ਕਥਨ ਕਰਦੇ ਹਨ:

ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ
ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥
ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥੧॥
ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥੨॥
ਅਗਨਤ ਅਪਾਰੁ ਅਲਖ ਨਿਰੰਜਨ
ਜਿਹ ਸਭ ਜਗੁ ਭਰਮਾਇਓ ॥
ਸਗਲ ਭਰਮ ਤਜਿ ਨਾਨਕ ਪ੍ਰਾਣੀ
ਚਰਨਿ ਤਾਹਿ ਚਿਤੁ ਲਾਇਓ ॥੩॥੧॥

(ਪੰਨਾ ੫੬੭)

ਹੜ੍ਹ ਦੇ ਪਾਣੀ ਨਾਲ ਗੰਗਾ ਦੇ ਵਿੱਚਕਾਰ ਸਮਾਧੀ ਵਿੱਚ ਇਸਥਿਤ ਭਾਰਤ-ਵਰਸ਼ ਦੀਆਂ ਵਿਭੂਤੀਆਂ ਬ੍ਰਹਮਲੀਨ ਹੋ ਗਈਆਂ। ਹਰੀਦੁਆਰ ਸਾਧੂਆਂ ਦਾ ਬੜਾ ਇਕੱਠ ਜੁੜਿਆ ਹੈ, ਆਪ ਵੀ ਕ੍ਰਿਪਾ ਕਰਕੇ ਦਰਸ਼ਨ ਬਖ਼ਸ਼ੋ।"

ਅਚਾਨਕ ਹੀ ਇਹ ਹਿਰਦੇ ਵੇਧਕ ਖ਼ਬਰ ਸੁਣਕੇ ਸੰਤ ਜੀ ਮਹਾਰਾਜ ਦੇ ਨੇਤਰਾਂ 'ਚ ਵੈਰਾਗ ਦਾ ਜਲ ਆ ਗਿਆ। ਕੁਝ ਕੁ ਸਮਾਂ ਨੇਤਰ ਬੰਦ ਕਰਕੇ ਕਿਸੇ ਵਿਸਮਾਦਤਾ ਵਿੱਚ ਲੀਨ ਰਹੇ। ਉਸ ਤੋਂ ਬਾਅਦ ਨੇਤਰ ਖੋਲ੍ਹੇ ਤੇ ਮੁਖੋਂ ਵਾਹ-ਵਾਹ ਦਾ ਸ਼ਬਦ ਨਿਕਲਿਆ ਤੇ ਆਖਿਆ:

ਮੀਤੁ ਕਰੈ ਸੋਈ ਹਮ ਮਾਨਾ ॥
ਮੀਤ ਕੇ ਕਰਤਬ ਕੁਸਲ ਸਮਾਨਾ ॥

(ਪੰਨਾ ੧੮੭)

ਉਸ ਸਮੇਂ ਭੂਤ ਭਵਿਖਤ ਦੇ ਗਿਆਤਗੇਯ ਆਪਣੇ ਦੇਸ਼ ਵਾਸੀ ਪਰਮ ਮਿਤਰ ਸਾਧੂਆਂ ਦਾ ਵਿਛੋੜਾ ਜਾਣਕੇ:

ਜੋ ਹਮ ਸਹਰੀ ਸੁ ਮੀਤੁ ਹਮਾਰਾ ॥

(ਪੰਨਾ ੩੪੫)

ਆਪ ਜੀ ਨੇ ਬੇਨਤੀ ਪ੍ਰਵਾਨ ਕਰ ਲਈ ਤੇ ਪੱਤ੍ਰਕਾ ਮਸਤਕ ਤੇ ਰਖੀ। ਧੰਨ ਭਾਗ ਹਨ ਸਾਨੂੰ ਸਾਧੂਆਂ ਨੇ ਯਾਦ ਕੀਤਾ ਹੈ। ਉਸ ਸਮੇਂ ਇਨ੍ਹਾਂ ਸਾਥੀਆਂ ਸਮੇਤ ਹਰਿਦੁਆਰ ਨੂੰ ਤਿਆਰ ਹੋਏ:

ਸੰਤ ਭਗਵਾਨ ਸਿੰਘ ਜੀ, ਸੰਤ ਈਸ਼ਰ ਸਿੰਘ ਜੀ (ਛੋਟੇ ਸੰਤ) ਬਿਸ਼ਨ ਸਿੰਘ ਰਾਮਪੁਰ ਪਿੰਡ ਦਾ, ਲਛਮਣ ਸਿੰਘ ਗੰਧਰਬ, ਹਰਿ ਪ੍ਰਸ਼ਾਦਿ, ਸੰਤ ਹਾਕਮ ਸਿੰਘ ਤੇ ਗਿ. ਰਤਨ ਸਿੰਘ ਜੀ। ਦੋਹਾਂ ਸਾਧੂਆਂ ਨੂੰ ਇੱਕ ਦਿਨ ਪਹਿਲਾਂ ਵਿਦਾ ਕੀਤਾ ਅਤੇ ਆਪ ਦੂਸਰੇ ਦਿਨ ਦੋਰਾਹੇ ਸਟੇਸ਼ਨ ਤੋਂ ਰਾਤ ਦੀ ਗੱਡੀ ਹਰਿਦੁਆਰ ਮੇਲ ਤੇ ਬੈਠਕੇ ਸਵੇਰੇ ੯ ਵਜੇ ਹਰਿਦੁਆਰ ਸਟੇਸ਼ਨ ਤੇ ਜਾ ਪੁੱਜੇ। ਅੱਗੇ ਸੰਤ ਮੰਡਲੀ ਦਾ ਬੜਾ ਇਕੱਠ ਜੁੜਿਆ ਸੀ। ਨਿਰਮਲ ਵਿਰੱਕਤ ਕੁਟੀਆ ਪੁੱਜ ਕੇ ਹੋਤੀ ਵਾਲੀ ਕੋਠੀ ਵਿੱਚ ਜਿੱਥੇ ਪਹਿਲਾਂ ਹੀ ਤਿਆਰੀ ਕੀਤੀ ਹੋਈ ਸੀ, ਆਪ ਜੀ ਦਾ ਡੇਰਾ ਕਰਵਾਇਆ। ਇਸ਼ਨਾਨ ਕਰਕੇ ਨਾਲ ਦੀ ਸੰਗਤ ਸਮੇਤ ਜਲ ਪਾਣੀ ਛਕਿਆ।

ਉਪਰੰਤ ਦੁਪਿਹਾਰ ਦਾ ਪ੍ਰਸ਼ਾਦ ਛਕ ਕੇ ਅਰਾਮ ਕੀਤਾ। ਫੇਰ ਸ਼ਾਮ ਨੂੰ ੩ ਵਜੇ ਇਸ਼ਨਾਨ ਕਰਕੇ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰੀਆਂ ਜਿੱਥੇ ਆਪ ਜੀ ਦੇ ਦੀਦਾਰ ਲਈ ਸਮੁੱਚੇ ਸਾਧੂ ਸਮਾਜ ਦਾ ਇਕੱਠ ਜੁੜਿਆ ਸੀ। ਪਰਸਪਰ ਨਮਸ਼ਕਾਰ ਕਰਕੇ ਸ੍ਰੀ ਮਹੰਤ ਪੰਡਤ ਜਿਊਣ ਸਿੰਘ ਜੀ ਨੇ ਆਪ ਜੀ ਨੂੰ ਉੱਚੇ ਆਸਣ ਤੇ ਬੈਠਣ ਵਾਸਤੇ ਬੇਨਤੀ ਕੀਤੀ

ਪਰ ਆਪ ਨੇ ਨਿਮ੍ਰਤਾ ਭਰੇ ਸ਼ਬਦਾਂ ਨਾਲ ਉੱਤਰ ਦਿਤਾ:

ਤਖਤਿ ਬਹੈ ਤਖਤੈ ਕੀ ਲਾਇਕ ॥

(ਪੰਨਾ ੧੦੩੯)

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥

(ਪੰਨਾ ੧੦੮੮)

ਏਹੋ ਜਿਹੀਆਂ ਗੱਦੀਆਂ ਆਪ ਜੈਸੀਆਂ ਮਹਾਨ ਹਸਤੀਆਂ ਨੂੰ ਸ਼ੋਭਦੀਆਂ ਹਨ। ਅਸੀਂ ਤਾਂ ਗੁਰੂ ਘਰ ਦੇ ਨਿਰਮਾਣ ਸੇਵਕ ਤੇ ਕੇਵਲ ਝਾੜੂ ਬਰਦਾਰ ਹਾਂ। ਆਪ ਜੀ ਦੇ ਇਨ੍ਹਾਂ ਨਿਮਰਤਾ ਭਰੇ ਬਚਨਾਂ ਦਾ ਜੋ ਕਮਾਈ ਵਾਲੇ ਹਿਰਦੇ ਚੋਂ ਨਿਕਲੇ ਸਨ ਸਾਰੇ ਮੰਡਲੇਸ਼ੂਰ ਪੰਡਤਾਂ ਤੇ ਅਸਰ ਪਿਆ। ਕਈਆਂ ਨੇ ਪਹਿਲੀ ਵਾਰ ਹੀ ਦਰਸ਼ਨ ਕੀਤੇ ਸਨ। ਉਹ ਪੰਡਤ ਪ੍ਰੇਮ ਸਿੰਘ ਜੀ ਨੂੰ ਪੁੱਛਣ ਲੱਗੇ ਇਹ ਕੌਣ ਹਨ? ਉਸ ਸਮੇਂ ਪੰਡਤ ਪ੍ਰੇਮ ਸਿੰਘ ਜੀ ਨੇ ਸਾਰੇ ਭੇਖਾਂ ਦੇ ਸਾਧੂਆਂ ਨੂੰ ਆਪ ਜੀ ਦੀ ਜਾਣ ਪਛਾਣ ਕਰਵਾਈ ਕਿ ਇਹ ਉਹ ਨਿਰਮੋਲਕ ਰਤਨ ਹਨ ਜਿਨ੍ਹਾਂ ਨੇ ਹੋਤੀ ਮਰਦਾਨ ਦੀ ਪਾਵਨ ਧਰਤੀ ਤੋਂ ਬਾਬਾ ਕਰਮ ਸਿੰਘ ਜੀ ਮਹਾਰਾਜ ਦੀਆਂ ਖ਼ੁਸ਼ੀਆਂ ਦੁਆਰਾ ਨਾਮ ਦੀ ਦਾਤ ਪ੍ਰਾਪਤ ਕਰਕੇ ਮਾਲਵੇ ਦੇਸ਼ ਨੂੰ ਭਾਗ ਲਾਇਆ ਹੈ। ਦਿਨੇ ਸੇਵਾ ਕਰਨੀ ਰਾਤ ਨੂੰ ਬੰਦਗੀ ਵਿੱਚ ਜੁੜਨਾ। ਬਿਨਾਂ ਉਗਰਾਹੀ ਤੋਂ ਹੱਥੀਂ ਹਲ ਵਾਹਕੇ ਲੰਗਰ ਚਲਾਉਣੇ। ਫੇਰ ਆਏ ਗਏ ਸਿੱਖ ਸਾਧੂ ਤੇ ਆਮ ਜਨਤਾ ਦਾ ਜਾਤੀ ਤੇ ਗ਼ਰੀਬੀ ਅਮੀਰੀ ਦੇ ਵਿਤਕਰੇ ਬਿਨਾਂ ਪੂਰਨ ਸਤਿਕਾਰ ਕਰਨਾ, ਇਹ ਕੇਵਲ ਆਪ ਜੀ ਦੇ ਹਿੱਸੇ ਵਿੱਚ ਹੀ ਆਇਆ ਹੈ। ਏਹੋ ਜਿਹੇ ਨਿਰਇੱਛਤ ਮਹਾਂ-ਪੁਰਸ਼ ਬੜੇ ਦੁਰਲੱਭ ਹਨ ਜਿਨ੍ਹਾਂ ਉਪਰ ਸਮੁੱਚੇ ਸਾਧੂ ਸਮਾਜ ਨੂੰ ਬੜਾ ਮਾਣ ਹੈ। ਆਪ ਜੀ ਦੀ ਹਸਤੀ ਸੰਤ ਸਮਾਜ ਤੇ ਸਿੱਖ ਕੌਮ ਵਾਸਤੇ ਇੱਕ ਚਾਨਣ ਮੁਨਾਰੇ ਸਮਾਨ ਹੈ।

ਫੇਰ ਹੋਰ ਮਹਾਂ-ਪੁਰਸ਼ਾਂ ਨੇ ਬਾਬਾ ਜੀ ਦੀ ਮਹਿਮਾਂ ਕਰਦਿਆਂ ਆਪੋ ਆਪਣੀ ਸ਼ਰਧਾ ਦੇ ਫ਼ੁੱਲ ਅਰਪੇ। ਆਪ ਜੀ ਨੇ ਵੀ ਗੰਗਾ ਦੇ ਪ੍ਰਵਾਹ ਵਿੱਚ ਬ੍ਰਹਮ ਲੀਨ ਹੋਏ ਮਹਾਂ-ਪੁਰਸ਼ਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਾਮ ਨੂੰ ਸਾਥੀਆਂ ਸਮੇਤ ਬਾਹਰ ਗੰਗਾ ਦੇ ਕੰਢੇ ਚਲੇ ਗਏ, ਜਿਥੋਂ ਸਵੇਰੇ ਪੰਜ ਵਜੇ ਵਾਪਸ ਆਏ। ਦਿਨ ਚੜ੍ਹੇ ਤੀਸਰੇ ਪਾਤਿਸ਼ਾਹ ਦੇ ਗੁਰਦੁਆਰੇ ਸਾਹਿਬ ਦਰਸ਼ਨ ਦੀਦਾਰ ਕੀਤਾ, ਭੇਟਾ ਅਰਪੀ।

ਇਸੇ ਤਰ੍ਹਾਂ ਨਿਰਮਲ ਛਾਉਣੀ, ਨਿਰਮਲ ਅਖਾੜਾ, ਸਪਤ ਸਰੋਵਰ ਤੇ ਭੀਮ ਗੋਡਾ ਵੀ ਦੇਖਿਆ। ਹਰਿ ਕੀ ਪਉੜੀ ਤੇ ਪਹਿਲੇ ਪਾਤਸ਼ਾਹ ਜੀ ਮਹਾਰਾਜ ਦੇ ਪਾਵਨ ਅਸਥਾਨ ਗਿਆਨ ਗੋਦੜੀ ਗੁਰਦੁਆਰੇ ਦੇ ਦਰਸ਼ਨ ਕੀਤੇ, ਭੇਟਾ ਅਰਪੀ। ਏਥੇ ਨਿਰੰਕਾਰੀ ਜੋਤ ਗੁਰੂ ਨਾਨਕ ਦੇਵ ਜੀ ਨੇ ਲਹਿੰਦੇ ਵੱਲ ਜਲ ਉਛਾਲਕੇ ਪੰਡਤਾਂ ਨੂੰ ਸਿੱਖਿਆ ਦਿੱਤੀ ਸੀ। ਹੋਰ ਵੀ ਪਵਿੱਤਰ ਅਸਥਾਨਾਂ ਦੀ ਯਾਤਰਾ ਕਰੀ। ਨਿਰਮਲ ਛਾਉਣੀ ਤੇ ਨਿਰਮਲ ਵਿਰੱਕਤ ਕੁਟੀਆ ਦੋ ਸਮਸ਼ਟੀ ਪੱਕੇ ਭੰਡਾਰੇ ਕਰਵਾਕੇ ਪੰਗਤ ਪੂਜਾ ਕੀਤੀ।

ਇਉਂ ਸਾਧੂਆਂ ਦੇ ਪ੍ਰੇਮ ਨੂੰ ਤੱਕ ਕੇ ਆਪ ਜੀ ਏਥੇ ਕਈ ਦਿਨ ਠਹਿਰੇ। ਏਥੋਂ ਹੀ ਰਿਖੀਕੇਸ਼ ਤੇ ਲਛਮਣ ਝੂਲੇ ਗਏ। ਗੀਤਾ ਭਵਨ ਤੇ ਝਾੜੀ ਵਾਲੇ ਸਾਧੂਆਂ ਨੂੰ ਮਿਲੇ। ਉਸ ਤੋਂ ਬਾਅਦ ਫੇਰ ਹਰਿਦੁਆਰ ਆ ਗਏ, ਵਾਪਸੀ ਤੇ ਕੁਝ ਕੁ ਦਿਨ ਹੋਰ ਠਹਿਰੇ। ਉਪਰੰਤ ਸਾਧੂ ਸਮਾਜ ਤੋਂ ਆਗਿਆ ਲੈ ਕੇ ਪੰਜਾਬ ਆਉਣ ਲਈ ਤਿਆਰੀ ਕੀਤੀ। ਹਜ਼ੂਰ ਦੇ ਗਲ਼ ਵਿੱਚ ਸਾਧੂਆਂ ਵਲੋਂ ਫ਼ੁੱਲਾਂ ਦੇ ਹਾਰ ਪਾਏ ਗਏ। ਨਿਰਮਲ ਭੇਖ ਦੇ ਮੁਖੀ ਸ੍ਰੀ ਮਹੰਤ ਪਡੰਤ ਜਿਊਣ ਸਿੰਘ ਜੀ ਨੇ ਮਾਇਆ ਸਮੇਤ ਸਿਰੋਪਾਓ ਭੇਟਾ ਕੀਤਾ। ਆਪ ਜੀ ਨੇ ਮਾਇਆ ਵਾਪਸ ਕਰ ਦਿੱਤੀ। ਸਿਰੋਪਾਓ ਸਤਿਕਾਰ ਸਹਿਤ ਸੀਸ ਤੇ ਰੱਖ ਲਿਆ। ਫੇਰ ਸਾਰੇ ਮਹਾਂ-ਪੁਰਸ਼ ਰਣ-ਸਿੰਙਿਆਂ ਦੀ ਘਨਘੋਰ ਨਾਲ ਆਪ ਜੀ ਨੂੰ ਗੱਡੀ ਚਾੜ੍ਹਣ ਆਏ। ਸਟੇਸ਼ਨ ਤੇ ਪੁੱਜ ਕੇ ਪਰਸਪਰ ਸਭਨਾਂ ਨੇ ਨਮਸ਼ਕਾਰ ਕੀਤੀ ਤੇ ਗੱਡੀ ਚੱਲੀ ਤੋਂ ਵਾਪਸ ਆ ਗਏ। ਆਪ ਜੀ ਨੇ ਰੇਰੂ ਸਾਹਿਬ ਆ ਕੇ ਗੁਰੂ ਦਰਬਾਰ ਦਰਸ਼ਨ ਕੀਤੇ ਤੇ ਸਿੱਖ ਸੰਗਤਾਂ ਨੂੰ ਨਿਹਾਲ ਕੀਤਾ।

# ਸਾਧੂ ਤੇ ਕਿਰਪਾ

ਇਕ ਦਿਨ ਸਵੇਰ ਦੇ ਟਾਈਮ ਸ੍ਰੀ ਹਜ਼ੂਰ ਸੰਤ ਜੀ ਮਹਾਰਾਜ ਕਨੇਚ ਦੀ ਖੂਹੀ ਵਲੋਂ ਗੁਫ਼ਾ ਨੂੰ ਵਾਪਸ ਆ ਰਹੇ ਸਨ, ਜਿੱਥੇ ਆਪ ਦੁਪਹਿਰ ਦਾ ਪ੍ਰਸ਼ਾਦ ਛਕਕੇ ਕੁਝ ਸਮਾਂ ਆਰਾਮ ਕਰਦੇ। ਉਸ ਸਮੇਂ ਬਗੀਚੀ ਤੋਂ ਬਾਹਰ ਬੈਠਾ ਇੱਕ ਨਾਂਗਾ ਸਾਧੂ ਸੰਤਾਂ ਨੂੰ ਮਿਲਿਆ ਜਿਸ ਨੇ ਛਿਲੇ ਤੇ ਚਾਲੀਹੇ ਕੱਟਕੇ ਕੁਝ ਕੁ ਸ਼ਕਤੀਆਂ ਪ੍ਰਾਪਤ ਕੀਤੀਆਂ ਸਨ। ਗਿਆਨ ਤੋਂ ਹੀਣਾ ਹੋਣ ਕਰਕੇ ਇਨ੍ਹਾਂ ਸ਼ਕਤੀਆਂ ਦਾ ਅੰਦਰ ਬੜਾ ਮਾਣ ਸੀ। ਹਜ਼ੂਰ ਨੂੰ ਆਇਆ ਦੇਖਕੇ ਨਮਸ਼ਕਾਰ ਕੀਤੀ। ਸੰਤਾਂ ਨੇ ਇਸ ਦਾ ਬੜਾ ਆਦਰ ਕੀਤਾ ਤੇ ਫੇਰ ਨਾਲ ਹੀ ਅੰਦਰ ਚਲਾ ਗਿਆ। ਸੰਤ ਜੀ ਮਹਾਰਾਜ ਦੇ ਪਾਸ ਬੈਠਕੇ ਕੁਝ ਗਿਆਨ ਚਰਚਾ ਹੁੰਦੀ ਰਹੀ। ਜਦੋਂ ਹਰੇਕ ਗੱਲ ਦਾ ਯਥਾ ਯੋਗ ਉੱਤਰ ਮਿਲਦਾ ਰਿਹਾ ਤਾਂ ਇਸ ਨੇ ਸੋਚਿਆ ਕਿ ਇਨ੍ਹਾਂ ਤੇ ਅਸਰ ਪਾਉਣ ਵਾਸਤੇ ਮੈਂ ਕੋਈ ਸ਼ਕਤੀ ਵਾਲੀ ਗੱਲ ਕਹਾਂ ਤਾਂ ਮੈਨੂੰ ਮੰਨਣਗੇ। ਇਸ ਨੇ ਕਿਹਾ, "ਮਹਾਰਾਜ! ਜੇ ਆਪ ਜੀ ਦੀ ਆਗਿਆ ਹੋਵੇ ਤਾਂ ਮੈਂ ਏਥੇ ਬੈਠਾ ਕਲਕੱਤੇ ਤੇ ਬੰਬਈ ਦੀਆਂ ਖ਼ਬਰਾਂ ਦਸਾਂ?" ਆਪ ਜੀ ਨੇ ਕਿਹਾ, "ਏਸੇ ਵਾਸਤੇ ਬੰਦਗੀ ਕੀਤੀ ਹੈ? ਭਲਾ ਜੇ ਸਾਧਾ! ਸਾਨੂੰ ਕਲਕੱਤੇ ਤੇ ਬੰਬਈ ਦੀ ਖ਼ਬਰ ਦੱਸ ਦੇਵੇਂ ਤਾਂ ਇਸ ਵਿੱਚ ਕਿਹੜੀ ਵੱਡੀ ਗੱਲ ਕੀਤੀ ਹੈ। ਇਹ ਕੰਮ ਤਾਂ ਦੋ ਪੈਸਿਆਂ ਦੀ ਚਿੱਠੀ ਨਾਲ ਵੀ ਹੋ ਸਕਦਾ ਹੈ। ਜੇਕਰ ਤੂੰ ਏਸੇ ਵਾਸਤੇ ਹੀ ਸਾਧ ਬਣਿਆ ਹੈਂ ਤਾਂ ਬੜੇ ਘਾਟੇ ਵਿੱਚ ਹੈਂ। ਸਾਧੂ ਹੋ ਕੇ ਤਾਂ ਰੱਬ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ, ਤੂੰ ਲੋਕਾਂ ਤੋਂ ਮੰਗਕੇ ਟੁਕੜੇ ਖਾਂਦਾ ਹੈਂ ਦਸ ਇਸਦਾ ਲੇਖਾ ਕਿਵੇਂ ਦੇਵੇਂਗਾ? ਤੇਰੇ ਪਾਸ ਕੋਈ ਪੂੰਜੀ ਜਮ੍ਹਾਂ ਹੈ? ਜੇ ਬੰਦਗੀ ਕਰੇਂ ਤਾਂ ਤੇਰਾ ਭੀ ਭਲਾ ਹੈ। ਜਿਹੜੇ ਸੇਵਾ ਕਰਦੇ ਹਨ ਉਨ੍ਹਾਂ ਦਾ ਵੀ ਭਲਾ ਹੈ, ਨਹੀਂ ਤਾਂ ਫੇਰ ਕਬੀਰ ਜੀ ਦੇ ਕਥਨ ਅਨੁਸਾਰ:

ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ ॥

(ਪੰਨਾ ੧੩੭੪)

ਤਥਾ:

ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥

(ਪੰਨਾ ੧੪੨੨)

ਤਥਾ:

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥

(ਪੰਨਾ ੧੦੮੯)

ਏਹੋ ਜਿਹੇ ਕੰਮ ਛੱਡ ਕੇ ਭਜਨ ਕਰ।" ਮਹਾਂ-ਪੁਰਸ਼ਾਂ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣ ਕੇ ਸਾਧ ਬੜਾ ਸ਼ਰਮਿੰਦਾ ਹੋਇਆ ਤੇ ਨਿੰਮੋਝੂਣਾ ਹੋ ਕੇ ਸੰਤਾਂ ਨੂੰ ਨਮਸਕਾਰ ਕਰਕੇ ਚਲਾ ਗਿਆ।

# ਤਿਆਗੀ ਸੰਤ ਨੂੰ ਉਪਦੇਸ਼

ਇਸੇ ਤਰ੍ਹਾਂ ਸਿਆਲ ਦੀ ਮੌਸਮ ਵਿੱਚ ਇੱਕ ਹੋਰ ਨਾਂਗਾ ਸਾਧੂ ਜੋ ਆਪਣੇ ਆਪ ਨੂੰ ਅਵਧੂਤ ਦੇ ਮਹਾਂ-ਤਿਆਗੀ ਮੰਨਦਾ ਸੀ, ਉਸਨੇ ਅੰਨ ਦਾ ਵੀ ਤਿਆਗ ਕੀਤਾ ਹੋਇਆ ਸੀ, ਕੇਵਲ ਦੁੱਧਾ-ਧਾਰੀ ਹੀ ਸੀ। ਸਰੀਰ ਤੇ ਵੀ ਕਪੀਨ ਮਾਤਰ ਹੀ ਰੱਖਦਾ। ਬਾਬਾ ਜੀ ਦੇ ਦਰਸ਼ਨਾਂ ਨੂੰ ਆਇਆ। ਨਮਸ਼ਕਾਰ ਕਰਕੇ ਪਾਸ ਬੈਠ ਗਿਆ। ਬਚਨ ਬਿਲਾਸ ਸੁਣੇ ਤਾਂ ਮਨ ਵਿੱਚ ਸ਼ਾਂਤੀ ਪ੍ਰਤੀਤ ਹੋਈ। ਕੁਝ ਦਿਨ ਠਹਿਰ ਗਿਆ ਪਰ ਡੇਰੇ ਅੰਦਰ ਨਾ ਗਿਆ। ਦਿਨੇ ਬਾਹਰ ਸਰਕੜੇ ਦੇ ਬੂਝਿਆਂ ਵਿੱਚ ਧੁੱਪੇ ਬੈਠਾ ਰਿਹਾ ਕਰੇ। ਰਾਤ ਨੂੰ ਜਾਗਕੇ ਬੰਦਗੀ ਕਰਦਾ। ਦੁੱਧ ਪਿੰਡਾਂ ਚੋਂ ਮੰਗਕੇ ਪੀ ਲੈਂਦਾ। ਇਉਂ ਇਸ ਨੂੰ ਰਹਿਦਿਆਂ ਕਈ ਦਿਨ ਹੋ ਗਏ। ਬਾਬਾ ਜੀ ਦੇ ਪਾਸ ਰੋਜ਼ ਹੀ ਆਉਂਦਾ।

ਇਕ ਦਿਨ ਹਜ਼ੂਰ ਨੇ ਤਰਸ ਕਰਕੇ ਬਚਨ ਕੀਤਾ, “ਸੰਤੋ ! ਤੁਸੀਂ ਬੰਦਗੀ ਤਾਂ ਕਰਦੇ ਹੋ ਪਰ ਸਰੀਰ ਨੂੰ ਕਸ਼ਟ ਦੇ ਕੇ ਕਰਦੇ ਹੋ। ਇਹ ਮਾਨ ਦੇ ਸਹਿਤ ਤਾਮਸੀ ਤਪ ਹੈ, ਜੇਕਰ ਸਹਿਜ ਅਵਸਥਾ ਵਿੱਚ ਆ ਜਾਵੋ ਤਾਂ ਫੇਰ ਕਿਤਨਾ ਅਨੰਦ ਹੈ?” ਇਸਨੇ ਅਰਜ਼ ਕੀਤੀ, “ਮਹਾਰਾਜ ਕਿਵੇਂ ਕਰਾਂ?” ਹਜ਼ੂਰ ਨੇ ਕਿਹਾ, “ਤੁਸੀਂ ਸਰੀਰ ਤੇ ਬਸਤਰ ਕਿਉਂ ਨਹੀਂ ਪਾਉਂਦੇ?” ਉਸਨੇ ਕਿਹਾ, “ਜੀ ਮੈਂ ਤਿਆਗੀ ਹਾਂ, ਸਵਾਲੀ ਹੋਣਾ ਚੰਗਾ ਨਹੀਂ ਮੰਨਦਾ, ਇਸੇ ਤਰ੍ਹਾਂ ਹੀ ਨਿਭੀ ਜਾਂਦੀ ਹੈ।”

ਸੰਤ ਜੀ ਮਹਾਰਾਜ ਨੇ ਇਸ ਨੂੰ ਸਿੱਖਿਆ ਦੇਣ ਲਈ ਬਚਨ ਕੀਤਾ, “ਸੰਤ ਜੀ! ਸੰਤੋਖ ਦੋ ਪ੍ਰਕਾਰ ਦਾ ਹੈ। ਇੱਕ ਤਨ ਦਾ ਸੰਤੋਖ ਹੈ, ਪਦਾਰਥ ਮਿਲਣਾ ਨਾ ਪਰ ਆਪਣੀ ਸ਼ੁਹਰਤ ਵਾਸਤੇ ਲੋਕਾਂ ਨੂੰ ਆਖਣਾ ਮੈਂ ਤਿਆਗੀ ਹਾਂ। ਮਨ ਨੂੰ ਸ਼ਾਂਤੀ ਨਹੀਂ ਹੁੰਦੀ ਅਤੇ ਨਾ ਹੀ ਇਸ ਵਿੱਚ ਪ੍ਰਮੇਸ਼ਰ ਦੀ ਹੀ ਪ੍ਰਸੰਨਤਾ ਹੈ। ਦੂਜਾ ਹੈ ਮਨ ਦਾ ਸੰਤੋਖ, (ਯਥਾ ਲਾਭ ਤਥਾ ਸੰਤੁਸ਼ਟ) ਪ੍ਰਾਰਬਧ ਅੁਨਸਾਰ ਜੋ ਪਦਾਰਥ ਮਿਲ ਗਿਆ ਉਸੇ ਵਿੱਚ ਹੀ ਨਿਰਬਾਹ ਕਰੀ ਜਾਣਾ। ਬਹੁਤਾ ਸੰਗ੍ਰਹਿ ਕਰਣ ਦੀ ਇੱਛਾ ਨਾ ਕਰਨੀ। ਇਸ ਨਾਲ ਦੁਨੀਆਂ ਦਾ ਵੀ ਭਲਾ ਹੈ ਤੇ ਆਪਣਾ ਸਰੀਰ ਵੀ ਸੁਖੀ ਰਹਿੰਦਾ ਹੈ। ਸਾਧੂ ਵਾਸਤੇ ਨਿਰਬਾਹ ਜੋਗੀ ਚੀਜ਼ ਮੰਗਣ ਦਾ ਕੋਈ ਦੋਸ਼ ਨਹੀਂ। ਬਹੁਤਾ ਲਾਲਚ ਨਾ ਕਰੇ। ਕਿਉਂਕਿ ਰੋਟੀ ਕਪੜਾ ਤੇ ਅਸਥਾਨ ਇਹ ਤਿੰਨੇ ਚੀਜ਼ਾਂ ਤਾਂ ਹਰ ਇੱਕ ਨੂੰ ਚਾਹੀਦੀਆਂ ਹਨ, ਚਾਹੇ ਕੋਈ ਤਿਆਗੀ ਹੈ ਚਾਹੇ ਗ੍ਰਿਹਸਥੀ। ਸਰੀਰ ਦੀ ਕਿਰਿਆ ਤੋਂ ਬਹੁਤੀ ਚੀਜ਼ ਜੇ ਕੋਈ ਆਪ ਵੀ ਦੇਵੇ ਤਾਂ ਵੀ ਲੈਣ ਦਾ ਪਾਪ ਹੈ। ਸਾਧੂ ਨੂੰ ਭਿਖਸ਼ਾ ਵੀ ਉਸ ਸਮੇਂ ਲੈਣ ਜਾਣਾ ਚਾਹੀਦਾ ਹੈ ਜਦੋਂ ਕਿ ਸਾਰੇ ਗ੍ਰਿਹਸਥੀ ਖਾ ਚੁੱਕਣ, ਵਾਧੂ ਬਚੀ ਹੋਈ ਰੋਟੀ ਲੈਣ ਦਾ ਫ਼ਰਜ਼ ਹੈ, ਪਹਿਲਾਂ ਨਾ ਜਾਵੇ ਕਿ ਘਰ ਵਾਲਾ ਕੋਈ ਭੁੱਖਾ ਨਾ ਰਹਿ ਜਾਵੇ। ਹੁਣ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਤੁਹਾਡੇ ਇਸ ਅਵਧੂਤ-ਪੁਣੇ ਵਿੱਚ ਬਹੁਤਾ ਖ਼ਰਚ ਹੈ ਜਾਂ ਕੱਪੜੇ ਪਾ ਕੇ ਰੋਟੀ ਖਾਣ ਵਿੱਚ? ਜੇ ਕਿਸੇ ਗ੍ਰਿਹਸਥੀ ਪਾਸੋਂ ਕੋਈ ਕੰਬਲ ਲਿਆ ਜਾਵੇ। ਉਹ ਵਧ ਤੋਂ ਵਧ ਦਸ ਬਾਰਾਂ ਰੁਪੈ ਦਾ ਹੋਵੇਗਾ, ਭਾਅ ਸਸਤੇ ਸਨ। ਸੰਭਾਲਕੇ ਰਖਿਆਂ ਦਸ ਬਾਰਾਂ ਸਾਲ ਕਿਤੇ ਜਾਂਦਾ ਨਹੀਂ। ਸਾਲ ਦਾ ਸਿਰਫ ਇੱਕੋ ਦਮੜੀ ਵੀ ਨਹੀਂ ਬਣਦੀ। ਵੱਧ ਤੋਂ ਵੱਧ ਤੁਹਾਨੂੰ ਇੱਕ ਆਨੇ ਦਾ ਆਟਾ ਨਹੀਂ ਮੁਕਦਾ, ਤੁਸੀਂ ਦਸ ਆਨੇ ਦਾ ਰੋਜ਼ ਮੰਗਕੇ ਦੁੱਧ ਪੀ ਜਾਂਦੇ ਹੋ। ਹੁਣ ਤੁਸੀਂ ਆਪ ਹੀ ਦੇਖ ਲਉ, ਤੁਹਾਡੇ ਅਵਧੂਤ-ਪੁਣੇ ਵਿੱਚ ਗ੍ਰਿਹਸਥੀ ਨੂੰ ਲਾਭ ਹੈ ਜਾਂ ਕਪੜੇ ਪਾਉਣ ਵਿੱਚ? ਤੁਹਾਡੀ ਕਿਰਿਆ ਤੋਂ ਨਾ ਗ੍ਰਿਹਸਥੀ ਨੂੰ ਲਾਭ, ਨਾ ਤੁਹਾਡੇ ਸਰੀਰ ਨੂੰ ਸੁਖ, ਤੁਹਾਡਾ ਤਿਆਗਪੁਣਾ ਕਥਾ ਕੀਰਤਨ ਤੋਂ ਵੀ ਵਾਂਝੇ ਰੱਖਦਾ ਹੈ, ਤੁਸੀਂ ਕਿਸੇ ਛੱਤੇ ਮਕਾਨ ਵਿੱਚ ਨਹੀਂ ਬੈਠਦੇ।”

ਇਸ ਤਰ੍ਹਾਂ ਦੇ ਬਚਨ ਸੁਣਕੇ ਉਸ ਸਾਧੂ ਦੇ ਮਨ ਵਿੱਚ ਨਿਸ਼ਚਾ ਹੋ ਗਿਆ ਕਿ ਇਹ ਠੀਕ ਕਹਿੰਦੇ ਹਨ।

## ਅਵਧੂਤ ਦੇ ਲੱਛਣ

ਸੰਤ ਜੀ ਨੇ ਉਸਨੂੰ ਫੇਰ ਪੁੱਛਿਆ ਕਿ ਅਵਧੂਤ ਕਿਸਨੂੰ ਕਹਿੰਦੇ ਹਨ ਅਤੇ ਉਹ ਕਿੰਨੇ ਪ੍ਰਕਾਰ ਦਾ ਹੈ? ਇਸਨੇ ਅਰਜ਼ ਕੀਤੀ, "ਮਹਾਰਾਜ! ਜੋ ਆਪਣੇ ਸਰੀਰ ਦੀ ਪ੍ਰਵਾਹ ਨਾ ਕਰਦਾ ਹੋਇਆ ਕਪੜੇ ਨਾ ਪਾਵੇ, ਅੰਨ ਬਸਤ੍ਰ ਦਾ ਸਵਾਲੀ ਨਾ ਹੋਵੇ, ਜੇਹੋ ਜੇਹਾ ਰੁੱਖਾ ਮਿਸਾ ਮਿਲੇ ਓਹੋ ਜੇਹਾ ਖਾ ਲਏ, ਨਾਮ ਜਪੇ, ਉਸਨੂੰ ਅਵਧੂਤ ਕਹਿੰਦੇ ਹਨ।"

ਹਜ਼ੂਰ ਨੇ ਕਿਹਾ, "ਸੰਤੋ! ਅਵਧੂਤ ਦੋ ਤਰ੍ਹਾਂ ਦੇ ਹੁੰਦੇ ਹਨ। ਇੱਕ ਤਾਂ ਕੁਦਰਤੀ ਬਣੇ ਹੋਏ ਹੁੰਦੇ ਹਨ, ਦੂਜੇ ਆਪ ਬਣਦੇ ਹਨ। ਜਿਵੇਂ ਇੱਕ ਸਾਲ ਤੱਕ ਬੱਚਾ ਅਵਧੂਤ ਹੁੰਦਾ ਹੈ ਜਿਸਨੂੰ ਖਾਣ ਪੀਣ ਦੀ ਕੋਈ ਸਮਝ ਨਹੀਂ ਹੁੰਦੀ ਉਸਦੇ ਜੋ ਗਲ਼ ਪਾਇਆ ਸੋ ਪਾ ਲਿਆ। ਜੋ ਖੁਆਇਆ ਸੋਈ ਖਾ ਲਿਆ, ਆਪਣੇ ਪਰਾਏ ਤੇ ਵੈਰੀ ਮਿੱਤਰ ਦੀ ਕੋਈ ਪਰਖ ਨਹੀਂ ਹੁੰਦੀ। ਇਹ ਕੁਦਰਤੀ ਅਵਧੂਤ ਹੈ।

ਦੂਜੀ ਅਵਧੂਤੀ ਆਪਣੇ ਵਸ ਦੀ ਹੈ ਕਿ ਭਜਨ ਸਿਮਰਨ ਕਰਦੇ ਨੂੰ ਗਿਆਨ ਹੋ ਜਾਣਾ ਫੇਰ ਗਿਆਨ ਦਾ ਅਭਿਆਸ ਕਰਦਿਆਂ ਕਰਦਿਆਂ ਅਵਸਥਾ ਚੜ੍ਹ ਜਾਣੀ। ਮਨ ਦੀ ਬਿਰਤੀ ਨੇ ਫੁਰਨੇ ਦਾ ਅਭਾਵ ਕਰਕੇ ਅ-ਮਨ ਬਣ ਜਾਣਾ, ਚੰਗੇ ਮਾੜੇ ਤੇ ਭਲੇ ਬੁਰੇ ਦੀ ਪਛਾਣ ਨਾ ਰਹਿਣੀ, ਵੈਰੀ ਤੇ ਮਿੱਤਰ ਨੂੰ ਇੱਕ ਕਰਕੇ ਜਾਨਣਾ ਇਸ ਨੂੰ ਛੇਵੀਂ ਭੂਮਿਕਾ ਕਹਿੰਦੇ ਹਨ। ਏਸ ਅਵਸਥਾ ਵਿੱਚ ਪੁੱਜ ਕੇ ਸਰੀਰ ਨੂੰ ਗਰਮੀ ਸਰਦੀ ਮਹਿਸੂਸ ਨਹੀਂ ਹੁੰਦੀ ਅਤੇ ਨਾ ਹੀ ਉਹ ਮਹਾਂਪੁਰਸ਼ ਕਿਸੇ ਨਾਲ ਗਿਆਨ ਗੋਸ਼ਟ ਹੀ ਕਰ ਸਕਦਾ ਹੈ। ਉਹ ਅੱਠੇ ਪਹਿਰ ਰੱਬ ਦੇ ਰੰਗ ਵਿੱਚ ਹੀ ਮਸਤ ਰਹਿੰਦਾ ਹੈ। ਹੁਣ ਤੁਸੀਂ ਦੱਸੋ ਤੁਹਾਡੀ ਕਿਹੜੀ ਅਵਧੂਤੀ ਹੈ? ਨਾ ਤਾਂ ਬੱਚਿਆਂ ਵਾਲੀ ਅਵਧੂਤੀ ਹੈ ਨਾ ਦੂਜੀ ਛੇਵੀਂ ਭੂਮਿਕਾ ਵਾਲੀ ਹੈ ਕਿਉਂਕਿ ਤੁਸੀਂ ਤਾਂ ਆਪ ਪਿੰਡਾਂ ਵਿੱਚੋਂ ਮੰਗਕੇ ਖਾਂਦੇ ਹੋ। ਗਿਆਨ ਚਰਚਾ ਕਰਦੇ ਹੋ। ਸਰੀਰ ਨੂੰ ਦੁੱਖ ਸੁੱਖ ਮੰਨਦੇ ਹੋ। ਚੰਗੇ ਮਾੜੇ ਦੀ ਪਰਖ ਹੈ। ਕੁਦਰਤ ਦੀ ਬਣਾਈ ਚੀਜ਼ ਤੇ ਕਿੰਤੂ ਕਰਦੇ ਹੋ। ਨਾ ਤਾਂ ਸਰੀਰ ਤੇ ਬਸਤ੍ਰ ਪਹਿਨਦੇ ਹੋ। ਨਾ ਕੁਦਰਤੀ ਚੀਜ਼ ਜੋ ਰੋਮ ਹਨ, ਇਹ ਰੱਖਦੇ ਹੋ। ਤੁਸੀਂ ਤਾਂ ਉਲਟਾ ਪ੍ਰਮੇਸ਼ਰ ਦੇ ਦੇਣਦਾਰ ਹੋ।" ਬਾਬਾ ਜੀ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣ ਕੇ ਇਸ ਦੇ ਮਨ ਤੇ ਬੜਾ ਡੂੰਘਾ ਅਸਰ ਹੋਇਆ ਅਤੇ ਉਹ ਹਜ਼ੂਰ ਦੀ ਸੰਗਤ ਤੇ ਕਿਰਪਾ ਦੁਆਰਾ ਅੱਗੇ ਵਾਸਤੇ ਅਸਲੀ ਫ਼ਕੀਰ ਬਣ ਗਿਆ ਜਿਸਨੇ ਅੱਗੇ ਵੀ ਅਨੇਕਾਂ ਦਾ ਭਲਾ ਕੀਤਾ।

## ਘੋੜੀ ਦਾ ਚੋਰੀ ਹੋਣਾ

ਪਿਛਲੀ ਆਯੂ ਵਿੱਚ ਸੰਤ ਜੀ ਮਹਾਰਾਜ ਘੋੜੀ ਤੇ ਅਸਵਾਰ ਹੋ ਕੇ ਬਾਹਰ ਬਗ਼ੀਚੀ ਵਿੱਚ ਜਾਂਦੇ। ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪ੍ਰੰਤ ਸਵੇਰੇ ਹੀ ਚਲੇ ਜਾਣਾ। ਦੁਪਿਹਰ ਦਾ ਪ੍ਰਸ਼ਾਦ ਬਾਹਰ ਗੁਫ਼ਾ ਵਿੱਚ ਛਕਣਾ। ਸ਼ਾਮ ਦੇ ਤਿੰਨ ਵਜੇ ਇਸ਼ਨਾਨ ਕਰਕੇ ਉਸੇ ਥਾਂ ਸਜ ਜਾਣਾ। ਇਸ ਟਾਈਮ ਤੇ ਕੋਈ ਪ੍ਰੇਮੀ ਕਿਸੇ ਮੰਗ ਵਾਲਾ ਆਉਂਦਾ ਜਾਂ ਪ੍ਰਮਾਰਥੀ ਬਚਨ ਕਰਨੇ ਹੁੰਦੇ ਤਾਂ ਏਹੋ ਹੀ ਸਮਾਂ ਨੀਯਤ ਕੀਤਾ ਹੋਇਆ ਸੀ। ਸ਼ਾਮੀਂ ਰਹਿਰਾਸ ਸਾਹਿਬ ਦਾ ਪਾਠ ਕਰਕੇ ਫੇਰ ਘੋੜੀ ਤੇ ਅਸਵਾਰ ਹੋ ਕੇ ਗੁਰਦੁਆਰੇ ਸਾਹਿਬ ਰਾਤ ਦੇ ਦੀਵਾਨ ਵਿੱਚ ਹਾਜ਼ਰੀ ਦੇ ਕੇ ਸਿੱਖ ਸੰਗਤਾਂ ਨੂੰ ਦਰਸ਼ਨ ਬਖ਼ਸ਼ਦੇ।

ਇੱਕ ਦਿਨ ਚੇਤਰ ਦੇ ਮਹੀਨੇ ਸ਼ਾਮ ਦੇ ਟਾਇਮ ਆਪ ਜੀ ਘੋੜੀ ਤੇ ਅਸਵਾਰ ਹੋ ਕੇ ਬਾਹਰੋਂ ਗੁਰਦੁਆਰੇ ਸਾਹਿਬ ਨੂੰ ਆ ਰਹੇ ਸਨ। ਅੱਜ ਘੋੜੀ ਦੇ ਪੁੰਨ ਮੁਕ ਗਏ। ਸਾਧੂ ਦਰਸ਼ਨ, ਤੋਂ ਦੂਰ ਚਲੀ ਗਈ ਅਤੇ ਗੁਫ਼ਾ ਤੇ ਗੁਰਦੁਆਰੇ ਸਾਹਿਬ ਦੇ ਵਿਚਕਾਰ ਆਕੇ ਘੋੜੀ ਤ੍ਰਬਕ ਪਈ। ਆਪ ਜੀ ਸੁਭਾਵਕ ਹੀ ਬਾਣੀ ਦਾ ਪਾਠ ਕਰਦੇ ਜਾ ਰਹੇ ਸਨ, ਅਚਾਨਕ ਹੀ ਘੋੜੀ ਨੇ ਚਕਰੀ ਖਾਧੀ ਤੇ ਬਾਬਾ ਜੀ ਹੇਠਾਂ ਡਿੱਗ ਪਏ। ਸੱਟ ਤਾਂ ਭਾਵੇਂ ਨਾ ਲੱਗੀ ਫੇਰ ਅਸਵਾਰ ਹੋਣ ਲੱਗੇ ਤਾਂ ਘੋੜੀ ਫੇਰ ਬੁੜਕ ਪਈ ਤੇ ਚੜ੍ਹਣ ਨਾ ਦਿੱਤਾ। ਇਸੇ ਤਰ੍ਹਾਂ ਦੋ ਤਿੰਨ ਵਾਰ ਕੀਤਾ। ਆਪ ਜੀ ਉਸੇ ਥਾਂ ਕਾਫ਼ੀ ਸਮਾਂ ਖੜ੍ਹੇ ਰਹੇ, ਅਖ਼ੀਰ ਨੂੰ ਇੱਕ ਕੱਚੀ ਢੀਮ ਚੁੱਕ ਕੇ ਪੋਲੀ ਜੇਹੀ ਘੋੜੀ ਦੇ ਮੱਥੇ ਉਤੇ ਮਾਰੀ ਤੇ ਸੁਤੇ ਸਿੱਧ ਹੀ ਮੁਖੋਂ ਬਚਨ ਨਿਕਲਿਆ, "ਜਾਹ ਚੋਰਾਂ ਦੇ ਜਾਣੀ ਖਾਂਦੀ ਪੀਂਦੀ ਨੂੰ ਖਬਰੇ ਕੀ ਹੋਈ ਜਾਂਦਾ ਹੈ? ਖ਼ੁਰਾਕ ਦਾ ਘਾਟਾ ਨਹੀਂ, ਸਪੈਸ਼ਲ ਸੇਵਾਦਾਰ ਮਾਲਸ਼ ਅਤੇ ਹੋਰ ਸੇਵਾ ਵਾਸਤੇ ਲਾਇਆ ਹੈ ਪਰ ਫੇਰ ਵੀ ਤੂੰ ਇਉਂ ਕਰਦੀ ਹੈਂ ਜਿਵੇਂ ਕੁਝ ਮਿਲਦਾ ਨਹੀਂ ਹੁੰਦਾ।"

ਹਜ਼ੂਰ ਅਜੇ ਇਹ ਬਚਨ ਕਰ ਹੀ ਰਹੇ ਸਨ ਇਤਨੇ ਨੂੰ ਨਾਲ ਦੇ ਸਾਥੀ ਵੀ ਪਿਛੋਂ ਆ ਮਿਲੇ ਅਰਜ਼ ਕੀਤੀ, "ਮਹਾਰਾਜ! ਕੀ ਗੱਲ ਹੈ ਕਿ ਆਪ ਏਥੇ ਖੜ੍ਹੇ ਹੋ?" ਤਾਂ ਸੰਤ ਜੀ ਮਹਾਰਾਜ ਬੜੇ ਹੱਸੇ ਤੇ ਬਚਨ ਕੀਤਾ।

ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥

(ਪੰਨਾ ੧੩੬੫)

ਚੰਗਾ ਮਨਾ! ਤੈਂ ਆਪ ਹੀ ਬਚਨ ਕੀਤਾ ਹੈ। ਹੁਣ ਪੈਦਲ ਤੁਰਨਾ ਪਿਆ ਕਰੂ। ਉਸ ਸਮੇਂ ਘੋੜੀ ਸੇਵਾਦਾਰ ਨੇ ਫੜ੍ਹਕੇ ਗੁਰਦੁਆਰੇ ਸਾਹਿਬ ਲੈ ਆਂਦੀ ਫੇਰ ਉਸ ਦਿਨ ਤੋਂ ਬਾਅਦ ਸੰਤ ਜੀ ਮਹਾਰਾਜ ਨੇ ਉਸ ਘੋੜੀ ਤੇ ਚੜ੍ਹਣਾ ਛੱਡ ਦਿੱਤਾ, ਪੈਦਲ ਹੀ ਗੁਫ਼ਾ ਵੱਲ ਆਇਆ ਜਾਇਆ ਕਰਦੇ।

ਇਉਂ ਪੰਜ ਸੱਤ ਦਿਨ ਲੰਘ ਗਏ। ਇੱਕ ਦਿਨ ਗੁਰਦੁਆਰੇ ਸਾਹਿਬ ਰਾਤ ਦੇ ਸਜੇ ਦੀਵਾਨ ਵਿੱਚ ਬਾਬਾ ਜੀ ਸੰਗਤ ਨੂੰ ਦਰਸ਼ਨ ਦੇ ਰਹੇ ਸਨ ਹੋਰ ਵੀ ਅਸਥਾਨ ਦੇ ਸਰੀਰ ਤੇ ਨਗਰ ਦੀ ਸੰਗਤ ਰੱਬੀ ਕੀਰਤਨ ਦਾ ਆਨੰਦ ਮਾਣ ਰਹੀ ਸੀ ਤਾਂ ਉਸ ਸਮੇਂ ਰਾਮਪੁਰ ਪਿੰਡ ਦੇ ਪ੍ਰੇਮੀ ਆਏ ਤੇ ਘੋੜੀ ਨੂੰ ਆਪਣੀ ਜਗ੍ਹਾ ਤੇ ਨਾ ਦੇਖਕੇ ਪ੍ਰੇਮੀ ਸਿੱਖਾਂ ਪਾਸੋਂ ਪੁੱਛਿਆ ਕਿ ਸੰਤ ਜੀ ਮਹਾਰਾਜ ਅੱਜ ਕਿਤੇ ਗਏ ਹਨ? ਜਾਂ ਅਜੇ ਤੱਕ ਬਾਹਰੋਂ ਹੀ ਨਹੀਂ ਆਏ।

ਸਾਰਿਆਂ ਵਿੱਚ ਇਹ ਗੱਲ ਪ੍ਰਸਿੱਧ ਸੀ ਕਿ ਜੇਕਰ ਘੋੜੀ ਆਪਣੇ ਥਾਂ ਤੇ ਖੜ੍ਹੀ ਹੈ ਤਾਂ ਬਾਬਾ ਜੀ ਗੁਰਦੁਆਰੇ ਸਾਹਿਬ ਹਨ, ਜੇਕਰ ਘੋੜੀ ਨਹੀਂ ਤਾਂ ਸਮਝਦੇ ਕਿ ਅਜੇ ਬਾਹਰੋਂ ਨਹੀਂ ਆਏ। ਇਸੇ ਕਰਕੇ ਪਹਿਲਾਂ ਘੋੜੀ ਨੂੰ ਦੇਖਦੇ ਜੋ ਰਾਹ ਦੇ ਪਾਸ ਦਰਵਾਜ਼ੇ ਵਿੱਚ ਹੀ ਬੱਧੀ ਹੁੰਦੀ। ਸੇਵਾਦਾਰਾਂ ਨੇ ਕਿਹਾ ਸੰਤ ਤਾਂ ਦੀਵਾਨ ਵਿੱਚ ਬੈਠੇ ਹਨ ਤਾਂ ਪਿੰਡ ਵਾਲਿਆਂ ਨੇ ਆਖਿਆ ਅਸੀਂ ਇਸੇ ਕਰਕੇ ਪੁੱਛਿਆ ਹੈ ਕਿ ਉਨ੍ਹਾਂ ਦੀ ਘੋੜੀ ਨਹੀਂ ਖੜ੍ਹੀ। ਅਸੀਂ ਕਿਹਾ ਸ਼ਾਇਦ ਅੱਜ ਬਾਹਰੋਂ ਹੀ ਨਹੀਂ ਆਏ। ਇਹ ਗੱਲ ਸੁਣਕੇ ਸੇਵਾਦਾਰਾਂ ਨੇ ਦੇਖਿਆ ਤਾਂ ਉਨ੍ਹਾਂ ਦੀ ਘੋੜੀ ਵਾਲੀ ਜਗ੍ਹਾ ਖ਼ਾਲੀ ਸੀ, ਸਾਰੇ ਰੌਲਾ ਪੈ ਗਿਆ। ਦੀਵਾਨ ਵਿੱਚ ਬੈਠੇ ਸੰਤਾਂ ਨੂੰ ਅਰਜ਼ ਕੀਤੀ, "ਮਹਾਰਾਜ! ਘੋੜੀ ਚੋਰੀ ਹੋ ਗਈ, ਆਪ ਹੁਕਮ ਕਰੋ, ਪਿੰਡ ਦੀਆਂ ਘੋੜੀਆਂ ਤੇ ਕਾਠੀਆਂ ਪਾਕੇ ਰਸਤੇ ਰੋਕ ਲਈਏ। ਚੋਰ ਅਜੇ ਦੂਰ ਨਹੀਂ ਗਿਆ ਹੋਣਾ।"

ਸੰਤਾਂ ਨੇ ਹੱਸਕੇ ਉੱਤਰ ਦਿਤਾ, "ਹੁਣ ਘੋੜੀ ਨਹੀਂ ਮਿਲਣੀ, ਉਸਦੀ ਭਾਲ ਨਾ ਕਰੋ, ਤੁਸੀਂ ਬੈਠਕੇ ਕੀਰਤਨ ਸੁਣੋ, ਅਮੋਲਕ ਸਮਾਂ ਬਿਰਥਾ ਨਾ ਗਵਾਓ।" ਪਰ ਫੇਰ ਵੀ ਨਗਰ ਦੇ ਪ੍ਰੇਮੀਆਂ ਨੇ ਰਸਤਿਆਂ ਵੱਲ ਆਦਮੀ ਭਜਾ ਦਿੱਤੇ। ਨਹਿਰ ਦੇ ਸਾਰੇ ਪੁਲਾਂ ਨੂੰ ਰੋਕਿਆ। ਘੋੜਿਆਂ ਤੇ ਅਸਵਾਰ ਹੋਏ ਊਠਾਂ ਤੇ ਕਾਠੀਆਂ ਪਾਈਆਂ ਦੂਰ-ਦੂਰ ਤੱਕ ਦੇਖਣ

ਗਏ ਪਰ ਘੋੜੀ ਕਿਤੇ ਵੀ ਨਾ ਮਿਲੀ। ਇਉਂ ਬਾਬਾ ਜੀ ਦਾ (ਚੋਰਾਂ ਦੇ ਜਾਣੀ) ਵਾਲਾ ਬਚਨ ਪੂਰਾ ਹੋਇਆ।

ਕੁਝ ਕੁ ਸਮੇਂ ਤੋਂ ਬਾਅਦ ਪਟਿਆਲੇ ਵਾਲੇ ਤੋਪਖਾਨੇ ਦੀ ਸੰਗਤ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੇ ਇਕੱਠੇ ਕੀਤੇ ਧਾਰਮਿਕ ਫੰਡ ਚੋਂ (ਜਿਨ੍ਹਾਂ ਦੇ ਖਜ਼ਾਨਚੀ ਸੰਤ ਕਿਸ਼ਨ ਸਿੰਘ ਜੀ ਸਨ) ਵੱਡੀ ਘੁੜਾਣੀ ਤੋਂ ਸੰਤਾਂ ਦੀ ਅਸਵਾਰੀ ਵਾਸਤੇ ਘੋੜੀ ਲੈ ਦਿੱਤੀ। ਇਸਨੇ ਕਾਫ਼ੀ ਸਮਾਂ ਸੇਵਾ ਕੀਤੀ। ਸੰਤਾਂ ਦੇ ਸਰੀਰ ਤੋਂ ਬਾਅਦ ਗੁਰਥਲੀ ਸ੍ਰ: ਬਲਦੇਵ ਸਿੰਘ ਦੇ ਪਾਸ ਰਹੀ ਤੇ ਉਸਦੇ ਕੋਲ ਹੀ ਚੜ੍ਹਾਈ ਕਰ ਗਈ।

# ਸੈਦੂ ਸਾਹਿਬ ਦੀ ਯਾਤਰਾ

ਅੰਤ ਸਮੇਂ ਦੀ ਯਾਦਗਾਰ ਕਾਇਮ ਕਰਕੇ ਸੈਦੂ ਨਗਰ ਨੂੰ ਬਾਬਾ ਕਰਮ ਸਿੰਘ ਜੀ ਨੇ ਬੜਾ ਮਾਣ ਬਖ਼ਸ਼ਿਆ। ਇਸ ਧਰਤੀ ਦੀ ਮਿੱਟੀ ਨੂੰ ਪ੍ਰੇਮੀ ਸਤਿਕਾਰ ਸਹਿਤ ਚੁੰਮਦੇ ਹਨ ਅਤੇ ਮਸਤਕ ਤੇ ਲਾ ਕੇ ਆਪਣੇ ਆਪ ਨੂੰ ਸੁਭਾਗਾ ਸਮਝਦੇ ਹਨ। ਤਦੇ ਹੀ ਇਸ ਜਗ੍ਹਾ ਦੀ ਯਾਤਰਾ ਕਰਨ ਵਾਸਤੇ ਬਾਬਾ ਅਤਰ ਸਿੰਘ ਜੀ ਸੰਗਤਾਂ ਸਮੇਤ ਰੇਰੂ ਸਾਹਿਬ ਤੋਂ ਪੁੱਜਦੇ ਅਤੇ ਏਥੇ ਕਈ-ਕਈ ਮਹੀਨੇ ਠਹਿਰਦੇ।

ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਬਖ਼ਸ਼ਿਸ਼ ਹੋਈ ਜਾਣਕੇ ਇਸੇ ਇਲਾਕੇ ਦੀਆਂ ਸੰਗਤਾਂ ਬੜੀ ਸ਼ਰਧਾ ਸਹਿਤ ਜੁੜਦੀਆਂ। ਸੇਵਾ ਕਰਦੇ ਪ੍ਰੇਮੀ ਕੀਰਤਨ ਸੁਣਦੇ, ਉਪਦੇਸ਼ ਅਤੇ ਆਪੋ ਆਪਣੀਆਂ ਮੰਗਾਂ ਮੰਗਦੇ। ਆਪ ਜੀ ਵੀ ਹਿੰਦੂ ਮੁਸਲਮਾਨ ਦੇ ਵਿਤਕਰੇ ਬਗ਼ੈਰ ਉਨ੍ਹਾਂ ਦੀ ਭਾਵਨਾ ਅਨੁਸਾਰ ਸਭਨਾਂ ਦੀ ਮਨੋਕਾਮਨਾ ਪੂਰੀ ਕਰਦੇ ਜਿਸ ਕਰਕੇ ਇਸ ਇਲਾਕੇ ਦੇ ਪਠਾਣਾਂ ਦੀ ਵੀ ਬਾਬਾ ਕਰਮ ਸਿੰਘ ਜੀ ਵਾਂਗੂੰ ਆਪ ਜੀ ਤੇ ਪੂਰਨ ਸ਼ਰਧਾ ਹੋ ਗਈ।

ਐਤਕੀਂ ਵੀ ਸੈਦੂ ਦੇ ਸਾਲਾਨਾ ਜੋੜ ਮੇਲੇ ਤੇ ਹਜ਼ੂਰ ਦੇ ਗੜਵਈ ਸੰਤ ਈਸ਼ਰ ਸਿੰਘ ਜੀ ਮਹਾਰਾਜ, ਸੰਤ ਭਗਵਾਨ ਸਿੰਘ ਜੀ, ਭਾਈ ਬਿਸ਼ਨ ਸਿੰਘ, ਨਾਹਰ ਸਿੰਘ (ਦਾਰਾ), ਦੀਨ ਦਿਆਲ, ਭਾਈ ਸੁਰਜਨ ਸਿੰਘ, ਲਛਮਣ ਸਿੰਘ ਗੰਧਰਬ, ਭਾਈ ਜੀ ਸੰਤ ਜੀ ਮਹਾਰਾਜ ਦਾ ਲਾਂਗਰੀ ਵਰਿਆਮ ਸਿੰਘ, ਸੰਤ ਰੂੜ ਸਿੰਘ, ਅਮਰ ਸਿੰਘ ਤੇ ਹੋਰ ਬਹੁਤ ਸਾਰੇ ਪ੍ਰੇਮੀ ਸੰਤ ਜੀ ਮਹਾਰਾਜ ਦੇ ਨਾਲ ਸਨ। ਆਪ ਸਾਰੇ ਦੋਰਾਹੇ ਤੋਂ ਗੱਡੀ ਬੈਠ ਕੇ ਸੈਦੂ ਪੁੱਜੇ। ਬਾਬਾ ਜੀ ਨੂੰ ਤਾਂ ਇਸ ਗੱਲ ਦਾ ਪਤਾ ਸੀ ਕਿ ਅਸੀਂ ਸਰੀਰ ਕਰਕੇ ਏਸੇ ਹੀ ਜੋੜ ਮੇਲੇ ਦੀ ਸੇਵਾ ਤੇ ਹਾਜ਼ਰੀ ਦੇਣੀ ਹੈ ਪਰ ਹੋਰ ਕਿਸੇ ਪਾਸ ਨਹੀਂ ਦਸਿਆ।

ਏਧਰੋਂ ਕੈਂਮਲਪੁਰ ਵਾਲੇ ਰਾਗੀ ਲਾਲ ਸਿੰਘ ਵੀ ਸੰਤ ਜੀ ਦੇ ਆਉਣ ਤੋਂ ਪਹਿਲਾਂ ਹੀ ਪਹੁੰਚ ਗਏ ਸਨ। ਰਹਾਇਸ਼ ਦਾ ਪ੍ਰਬੰਧ ਤੇ ਰਾਸ਼ਨ ਦਾ ਇੰਤਜ਼ਾਮ ਕਰ ਰੱਖਿਆ ਸੀ। ਲਾਹੌਰ ਪਿੰਡ ਤੇ ਹੋਰ ਇਲਾਕੇ 'ਚੋਂ ਦੁੱਧ, ਦਹੀਂ, ਸਬਜ਼ੀ, ਘਿਉ, ਮਿੱਠਾ, ਦਾਲ ਤੇ ਆਟਾ ਵੀ ਪੁੱਜ ਗਿਆ। ਹਜ਼ੂਰ ਨੇ ਸਾਥੀਆਂ ਸਮੇਤ ਭੇਟਾ ਅਰਪਕੇ ਗੁਰੂ ਦਰਬਾਰ ਨਮਸ਼ਕਾਰ ਕੀਤੀ। ਇਲਾਕੇ ਦੀ ਸੰਗਤ ਨੇ ਬਾਬਾ ਜੀ ਨੂੰ ਮੱਥਾ ਟੇਕਿਆ, ਸਭਨਾਂ ਦੀ ਸੁੱਖ ਅਨੰਦ ਪੁੱਛੀ, ਨੌਮੀ ਦੇ ਸਮਾਗਮ ਲਈ ਦੂਰ ਨੇੜੇ ਚਿੱਠੀਆਂ ਭੇਜ ਦਿੱਤੀਆਂ। ਸਰਦੀ ਬੜੀ ਜ਼ੋਰਾਂ ਤੇ ਪੈਂਦੀ ਸੀ, ਕਈ ਥਾਈਂ ਛੱਪੜਾਂ ਦੇ ਖੜੇ ਪਾਣੀ ਜੰਮ ਕੇ ਸ਼ੀਸ਼ਾ ਬਣ ਗਏ। ਇਸ਼ਨਾਨ ਦੇ ਸਮੇਂ ਕੋਈ-ਕੋਈ ਪ੍ਰੇਮੀ ਹੀ ਦਰਿਆ ਵਿੱਚ ਚੁੱਭਾ ਲਾਉਣ ਦਾ ਹੀਆ ਕਰਦਾ। ਦੰਦ ਵੱਜਦੇ ਹੱਥਾਂ ਦੇ ਸੁੰਨ ਹੋ ਕੇ ਟੁੰਡ ਬਣ ਜਾਂਦੇ। ਕਮੀਜ਼ ਦੇ ਬਟਨ ਬੰਦ ਕਰਨੇ ਤੇ ਕਛਹਿਰੇ ਬਦਲਣੇ ਔਖੇ ਹੋ ਜਾਂਦੇ। ਗਿੱਲੇ ਕਛਹਿਰੇ ਨਿਚੋੜੇ ਤੋਂ ਬਗ਼ੈਰ ਹੀ ਰੱਸੀਆਂ ਤੇ ਸੁੱਟੇ ਜਾਂਦੇ, ਜੋ ਪਾਣੀ ਨੁਚੜਕੇ ਡਾਂਗਾਂ ਦੇ ਸਮਾਨ ਸਖ਼ਤ ਹੋ ਜਾਂਦੇ। ਪਰ ਧੰਨ ਹਨ ਸੰਤ ਜੀ ਜੋ ਇਤਨੀ ਸਖ਼ਤ ਸਰਦੀ ਵਿੱਚ ਵੀ ਹਮੇਸ਼ਾਂ ਰਾਤ ਨੂੰ ਦਰਿਆ ਦੇ ਕੰਢੇ ਹੀ ਬੈਠਦੇ। ਨਾਲ ਦੇ ਸਾਥੀਆਂ ਵਿੱਚੋਂ ਵੀ ਕੋਈ ਵਿਰਲਾ ਹੀ ਸਾਥ ਦਿੰਦਾ। ਰਾਤ ਨੂੰ ਗੁਰਦੁਆਰੇ ਸਾਹਿਬ ਹੀ ਰਜਾਈਆਂ ਤੇ ਕੰਬਲ ਪਾਕੇ ਆਰਾਮ ਕਰਦੇ। ਇੱਕੋ ਇੱਕ ਸੇਵਾਦਾਰ ਨੇ ਅਖ਼ੀਰ ਤੱਕ ਨਾਲ ਸਾਥ ਨਿਭਾਇਆ। ਜਿਨ੍ਹਾਂ ਦੇ ਹੱਥ ਵਿੱਚ ਗੜਵਾ ਤੇ ਮੋਢੇ ਤੇ ਆਸਨ ਹੁੰਦਾ। ਨਿਗ੍ਹਾ ਨੀਵੀਂ ਤੇ ਨੇਤਰ ਬੰਦ ਕਰਕੇ ਮਗਰ ਤੁਰਨ ਦਾ ਹੀ ਪ੍ਰਣ ਕੀਤਾ ਸੀ।

ਦਰਿਆ ਦੇ ਠੰਢੇ ਪਾਣੀ ਨਾਲ ਇਸ਼ਨਾਨ ਕਰਕੇ ਉਸੇ ਥਾਂ ਕਿਨਾਰੇ ਤੇ ਬੈਠ ਜਾਣਾ, ਉਪਰ ਕੋਈ ਭਾਰੀ ਬਸਤਰ ਵੀ ਨਹੀਂ ਸੀ ਰੱਖਦੇ ਕਿ ਆਲਸ ਨਾ ਆ ਜਾਵੇ। ਸਰੀਰ ਨੂੰ ਤਤਿਖਸ਼ਾ ਦਿੰਦਿਆ ਕਦੇ ਇਸਦੀ ਸੰਭਾਲ ਵੱਲ ਧਿਆਨ ਵੀ ਨਹੀਂ ਸੀ ਦਿੱਤਾ। ਅਮੀਰ ਘਰਾਣੇ ਵਿੱਚ ਜਨਮ, ਸ਼ਹਿਰੀ ਜੀਵਨ, ਬਚਪਨ ਸਕੂਲਾਂ ਵਿੱਚ ਲੰਘਿਆ, ਚੜ੍ਹਦੀ ਜਵਾਨੀ ਸੰਤਾਂ ਪਾਸ ਆ ਗਏ। ਸਰਦੀ ਲੱਗ ਗਈ, ਸਰੀਰ ਬੀਮਾਰ ਹੋ ਗਿਆ। ਇਹੋ ਜਿਹੀ ਸਰਦੀ ਕਾਹਨੂੰ ਕਦੇ ਦੇਖੀ ਸੀ। ਫੇਰ ਸੰਤ ਜੀ ਮਹਾਰਾਜ ਦੇ ਹੁਕਮ ਨਾਲ ਉਨ੍ਹਾਂ ਨੂੰ ਗੁਰਦੁਆਰੇ ਸਾਹਿਬ ਵੱਖਰੇ ਕਮਰੇ ਵਿੱਚ ਆਰਾਮ ਕਰਵਾਇਆ ਗਿਆ। ਅੰਦਰ ਅੰਗੀਠੇ ਜਲਾ ਦਿੱਤੇ ਉਪਰ ਵੀ ਗਰਮ ਕੰਬਲ ਪਾਏ। ਗਰਮ ਗਰਮ ਦੁੱਧ ਛਕਾਇਆ ਤਾਂ ਕੁਛ ਸਰੀਰ ਨੂੰ ਆਰਾਮ ਆਇਆ।

ਇਤਨੇ ਨੂੰ ਮਾਘ ਨੌਮੀ ਦਾ ਜੋੜ ਮੇਲਾ ਨਜ਼ਦੀਕ ਆ ਗਿਆ, ਦੂਰੋਂ-ਦੂਰੋਂ ਸੰਗਤਾਂ ਪੁੱਜੀਆਂ। ਸਪਤਮੀ ਨੂੰ ਅਖੰਡ ਪਾਠ ਪ੍ਰਾਰੰਭ ਹੋਇਆ ਜਿਸਦੀ ਨੌਮੀ ਵਾਲੇ ਦਿਨ ਸਮਾਪਤੀ ਕੀਤੀ। ਤਿੰਨੇ ਦਿਨ ਦੀਵਾਨ ਸਜਿਆ, ਗੁਣੀ ਗਿਆਨੀ ਰਾਗੀ ਪ੍ਰਚਾਰਕ ਪੁੱਜੇ। ਨੌਮੀ ਵਾਲੇ ਦਿਨ ਪਹਿਲਾਂ ਵਾਂਗ ਸਕੂਲ ਵਿੱਚ ਦੀਵਾਨ ਸਜਿਆ। ਸਾਰਾ ਦਿਨ ਕੀਰਤਨ ਤੇ ਗੁਰੂ

ਕਾ ਲੰਗਰ ਖੁੱਲ੍ਹਾ ਵਰਤਿਆ। ਸ਼ਾਮ ਦੇ ਪੰਜ ਵਜੇ ਦੀਵਾਨ ਦੀ ਸਮਾਪਤੀ ਦਾ ਅਰਦਾਸਾ ਸੋਧਿਆ। ਪ੍ਰਸ਼ਾਦ ਲੈ ਕੇ ਸੰਗਤਾਂ ਆਪੋ ਆਪਣੇ ਘਰਾਂ ਨੂੰ ਗਈਆਂ। ਸੰਤ ਜੀ ਮਹਾਰਾਜ ਉਸ ਸਮੇਂ ਦਰਿਆ ਵੱਲ ਚਲੇ ਗਏ ਜਿਥੋਂ ਰਾਤ ਦੇ ਗਿਆਰਾਂ ਵਜੇ ਵਾਪਸ ਆਕੇ ਪ੍ਰਸ਼ਾਦਾ ਛਕਿਆ। ਜੋੜ ਮੇਲੇ ਨੂੰ ਦੁਪਿਹਰ ਦੇ ਸਮੇਂ ਨਹੀਂ ਸੀ ਛਕਿਆ ਕਰਦੇ ਕਿਉਂਕਿ ਸਾਰਾ ਦਿਨ ਬੈਠਣਾ ਹੁੰਦਾ ਸੀ। ਸ਼ਾਮ ਨੂੰ ਹੀ ਛਕਦੇ। ਦੂਸਰੇ ਦਿਨ ਅਕੋੜੇ ਵਾਲੇ ਰਾਮ ਚੰਦ ਨੂੰ ਬੁਲਾਕੇ ਜੋੜ ਮੇਲੇ ਵਿੱਚ ਆਏ ਸਮਾਨ ਦੀ ਮਾਇਆ ਦੇ ਕੇ ਸਮਾਗਮ ਸਮਾਪਤ ਕੀਤਾ।

## ਕਰਮ ਚੰਦ ਸੇਠ ਨੂੰ ਬਖ਼ਸ਼ਿਸ਼

ਉਸ ਸਮੇਂ ਇੱਕ ਸਹਿਜਧਾਰੀ ਪ੍ਰੇਮੀ ਸੇਠ ਕਰਮ ਚੰਦ ਨੇ ਬਾਬਾ ਜੀ ਦੇ ਪਾਸ ਅਰਜ਼ ਕੀਤੀ, "ਮਹਾਰਾਜ! ਆਪ ਜੀ ਦੀ ਅਪਾਰ ਬਖ਼ਸ਼ਿਸ਼ ਹੋਈ ਹੈ ਕਿ ਮੈਂ ਆਪਣੇ ਮਨ ਦੇ ਸੰਕਲਪ ਅਨੁਸਾਰ ਸੰਗਤ ਦੀ ਸੇਵਾ ਕਰਨੀ ਚਾਹੁੰਦਾ ਹਾਂ।" ਸੰਤਾਂ ਪੁੱਛਿਆ, "ਕੀ ਗੱਲ ਹੈ?" ਇਸਨੇ ਅਰਜ਼ ਕੀਤੀ, "ਮਹਾਰਾਜ! ਮੇਰੇ ਘਰ ਵਿੱਚ ਲੜਕਾ ਕੋਈ ਨਹੀਂ ਸੀ, ਹਜ਼ੂਰ ਦਾ ਜਸ ਸੁਣਿਆ, ਦਰਸ਼ਨਾਂ ਨੂੰ ਪਾਸ ਆਇਆ, ਮਨ ਵਿੱਚ ਠੰਢ ਪੈ ਗਈ ਤਾਂ ਉਸ ਸਮੇਂ ਮੈਂ ਆਪਣੇ ਮਨ ਵਿੱਚ ਇਹ ਸੰਕਲਪ ਕੀਤਾ ਕਿ ਜੇਕਰ ਗੁਰੂ ਨਾਨਕ ਨਿਰੰਕਾਰ ਤੇ ਬਾਬਾ ਕਰਮ ਸਿੰਘ ਜੀ ਦੀ ਮੇਰੇ ਤੇ ਕ੍ਰਿਪਾ ਹੋ ਜਾਵੇ, ਜਗਤ ਵਿੱਚ ਸਾਂਝ ਕਾਇਮ ਰਹੇ ਤਾਂ ਮੈਂ ਅਗਲੇ ਸਾਲ ਸੰਤ ਜੀ ਮਹਾਰਾਜ ਦੇ ਸਾਰੇ ਜਥੇ ਨੂੰ ਬਸਤ੍ਰ ਦੇਵਾਂਗਾ। ਸੋ ਗ਼ਰੀਬ ਨਿਵਾਜ਼! ਆਪ ਜੀ ਦੀ ਮਹਾਨ ਕਿਰਪਾ ਹੋ ਗਈ। ਮੇਰੇ ਘਰ ਨਿਰੰਕਾਰ ਨੇ ਪੁੱਤਰ ਦੀ ਦਾਤ ਬਖ਼ਸ਼ੀ ਹੈ, ਮੈਂ ਤਾਂ ਹਜ਼ੂਰ ਦੇ ਦੀਦਾਰ ਲਈ ਰੋਜ਼ ਹੀ ਉਡੀਕ ਕਰਦਾ ਸਾਂ। ਆਪ ਹੁਕਮ ਕਰੋ ਤਾਂ ਕਿ ਮੈਂ ਆਪਣਾ ਫ਼ਰਜ਼ ਪੂਰਾ ਕਰ ਸਕਾਂ ਤੇ ਸਿਰੋਂ ਭਾਰ ਲਹੇ।"

ਸੰਤਾਂ ਕਿਹਾ, "ਪ੍ਰੇਮੀਆਂ! ਬਸਤ੍ਰ ਤਾਂ ਸਾਡੇ ਪਾਸ ਬਹੁਤ ਹਨ ਕਿਸੇ ਚੀਜ਼ ਦੀ ਲੋੜ ਨਹੀਂ ਪਰ ਸ਼ਰਧਾਲੂ ਗੁਰਮੁਖ ਦੀ ਸ਼ਰਧਾ ਠੁਕਰਾਉਣੀ ਵੀ ਠੀਕ ਨਹੀਂ। ਜਿਵੇਂ ਤੇਰੀ ਇੱਛਾ ਹੈ ਕਰ ਲੈ।" ਇਸ ਨੇ ਅਰਜ਼ ਕੀਤੀ, "ਮਹਾਰਾਜ! ਮੈਂ ਸਾਰੇ ਜਥੇ ਦੀ ਪੂਰੀ ਵਰਦੀ ਬਣਵਾਉਣੀ ਚਾਹੁੰਦਾ ਹਾਂ, ਕਛਹਿਰੇ ਕਮੀਜ਼ ਤੇ ਦਸਤਾਰੇ।" ਸੰਤ ਜੀ ਕਹਿਣ ਲਗੇ, "ਨਾਲ ਦੇ ਪ੍ਰਮੀਆਂ ਨੂੰ ਪੁੱਛ ਲੈ ਕਿਤਨੇ ਨੀਵੇਂ ਕਮੀਜ਼ ਪਾਉਣੇ ਚਾਹੁੰਦੇ ਹਨ ਅਤੇ ਕਛਹਿਰਿਆਂ ਦਾ ਨਾਪ ਵੀ ਪੁੱਛ ਲੈ ਪਰ ਦੋ ਕਫ਼ਨੀਆਂ ਤੇ ਬਾਕੀ ਸਾਰੇ ਕਲੀਆਂ ਵਾਲੇ ਕੁੜਤੇ ਬਣਨ।" ਇਸਨੇ ਕਿਹਾ, "ਜੀ ਸੱਤ ਬਚਨ।" ਇਉਂ ਸਾਰਿਆਂ ਦਾ ਨਾਪ ਲਿਖਕੇ ਇਹ ਗੁਰਮੁਖ ਪ੍ਰੇਮੀ ਆਪਣੇ ਘਰ ਚਲਾ ਗਿਆ। ਸ਼ਾਮ ਨੂੰ ਦਰਜੀ ਬੁਲਾਕੇ ਬਸਤਰ ਸਿਊਣੇ ਸ਼ੁਰੂ ਕਰਵਾ ਦਿੱਤੇ।

ਤੀਸਰੇ ਦਿਨ ਸ਼ਾਮੀਂ ਸੰਤਾਂ ਦੀ ਹਜ਼ੂਰੀ ਵਿੱਚ ਪੁੱਜਾ, ਨਮਸ਼ਕਾਰ ਕਰਕੇ ਸੀਤੇ ਬਸਤਰਾਂ ਦੀ ਪੰਡ ਅੱਗੇ ਰੱਖ ਦਿੱਤੀ। ਦੋ-ਦੋ ਕਛਿਹਰੇ ਇਕ-ਇਕ ਕਮੀਜ਼ ਸਮੇਤ ਦਸਤਾਰ ਦੇ ਸਭਨਾਂ ਦੇ ਅੱਗੇ ਰੱਖੀ ਗਿਆ। ਬਾਕੀ ਬਸਤਰਾਂ ਵਿੱਚ ਕਫ਼ਨੀਆਂ ਦੋ ਦੀ ਥਾਂ ਚਾਰ ਦੇਖੀਆਂ। ਸੰਤਾਂ ਪੁੱਛਿਆ, "ਪ੍ਰੇਮੀਆਂ! ਇਹ ਕੀ ਕਾਰਣ? ਅਸਾਂ ਤੈਨੂੰ ਸਿਰਫ ਦੋ ਹੀ ਕਫ਼ਨੀਆਂ ਆਖੀਆਂ ਸਨ।" ਉਸਨੇ ਅਰਜ਼ ਕੀਤੀ, "ਮਹਾਰਾਜ! ਹਜ਼ੂਰ ਦੇ ਦੋ ਸਾਥੀਆਂ ਨੇ ਵੀ ਆਖ ਕੇ ਕਫ਼ਨੀਆਂ ਦੇ ਹੀ ਨਾਪ ਦਿੱਤੇ ਸਨ।" ਸੰਤ ਜੀ ਮਹਾਰਾਜ ਕਹਿਣ ਲੱਗੇ, "ਚੰਗਾ ਉਨ੍ਹਾਂ ਨੂੰ ਦੇ ਦੇਹ।" ਬਾਕੀ ਦੇ ਬਸਤਰ ਆਪ ਜੀ ਨੇ ਆਪਣੇ ਪਾਸ ਰੱਖਕੇ ਉਸ ਪ੍ਰੇਮੀ ਦੀ ਭਾਵਨਾ ਪੂਰੀ ਕਰਕੇ ਨਿਹਾਲ ਕਰ ਦਿੱਤਾ।

# ਸੰਤ ਮਹਾਰਾਜ ਈਸ਼ਰ ਸਿੰਘ ਜੀ ਤੇ ਕਿਰਪਾ

ਦੂਸਰੇ ਦਿਨ ਸਵੇਰੇ ਹੀ ਦੀਵਾਨ ਦੀ ਸਮਾਪਤੀ ਤੋਂ ਬਾਅਦ ਇੱਕ ਕਫ਼ਨੀ ਤਾਂ ਸੰਤ ਜੀ ਨੇ ਆਪਣੇ ਗਲ਼ ਪਾ ਲਈ ਤੇ ਦੂਸਰੀ ਕਫ਼ਨੀ ਲੈ ਕੇ ਸਤਿਗੁਰਾਂ ਦੀ ਹਜ਼ੂਰੀ ਵਿੱਚ ਖੜਿਆਂ ਆਪਣੇ ਗੜਵਈ ਦੇ ਗਲ਼ ਪਾਉਣ ਵਾਸਤੇ ਅਰਦਾਸ ਕੀਤੀ, ਹੇ ਗੁਰੂ ਨਾਨਕ ਦੇਵ ਜੀ! ਹੇ ਕਲਗੀਆਂ ਵਾਲੇ ਪਾਤਸ਼ਾਹ! ਆਪ ਜੀ ਦੇ ਚਰਨਾਂ ਚੋਂ ਵਰੋਸਾਏ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਜੋਤੀ-ਜੋਤ ਸਮਾਉਣ ਵਾਲੀ ਜਗ੍ਹਾ ਤੇ ਹਾਜ਼ਰ ਹੋ ਕੇ ਆਪ ਜੀ ਦੇ ਨਿਰਮਾਣ ਸੇਵਕ ਈਸ਼ਰ ਸਿੰਘ ਨੂੰ ਲਿਬਾਸ ਧਾਰਨ ਕਰਵਾ ਰਹੇ ਹਾਂ। ਆਪ ਜੀ ਨੇ ਅੰਗ ਸੰਗ ਹੋ ਕੇ ਸਹਾਇਤਾ ਕਰਣੀ। ਬਿਰਦ ਬਾਣੇ ਦੀ ਲਾਜ ਨੂੰ ਪਾਲਦੇ ਹੋਇਆਂ ਧਾਰਨ ਕੀਤੇ ਭੇਖ ਦੀ ਪੈਜ ਰੱਖਣੀ ਅਤੇ ਚੜ੍ਹਦੀਆਂ ਕਲਾ ਕਰਣੀਆਂ।

ਇਉਂ ਜਦੋਂ ਬਾਬਾ ਜੀ ਅਰਸ਼ੀ ਦਾਤਾਰ ਦੇ ਚਰਨਾਂ ਵਿੱਚ ਅਰਦਾਸ ਕਰ ਚੁੱਕੇ ਤਾਂ ਉਸ ਤੋਂ ਬਾਅਦ ਆਪਣੇ ਹੱਥਾਂ ਨਾਲ ਸੰਤ ਈਸ਼ਰ ਸਿੰਘ ਜੀ ਦੇ ਗਲ਼ ਵਿੱਚ ਕਫ਼ਨੀ ਪਾਈ ਤੇ ਆਖਿਆ, "ਲਓ ਹੁਣ ਤੁਸਾਂ ਅੱਜ ਤੋਂ ਫ਼ਕੀਰੀ ਬਾਣਾ ਧਾਰਨ ਕਰ ਲਿਆ। ਭਾਵੇਂ ਮਨ ਤਾਂ ਤੁਹਾਡਾ ਪਹਿਲਾਂ ਹੀ ਸਾਧ ਸੀ ਪਰ ਬਾਹਰਲਾ ਲਿਬਾਸ ਹੋਣਾ ਵੀ ਜ਼ਰੂਰੀ ਹੈ। ਕਿਉਂਕਿ ਏਸ ਭੇਖ ਤੋਂ ਹੀ ਸਾਧੂ ਤੇ ਗ੍ਰਿਹਸਥੀ ਦਾ ਪਤਾ ਲੱਗਦਾ ਹੈ। ਜੇਕਰ ਸਾਧੂ ਆਪਣੇ ਬਾਹਰਲੇ ਲਿਬਾਸ ਤੋਂ ਬਿਨਾਂ ਗ੍ਰਿਹਸਥੀ ਦੇ ਬੂਹੇ ਅੱਗੇ ਜਾਵੇ ਅਤੇ ਗ੍ਰਿਹਸਥੀ ਉਸ ਦਾ ਆਦਰ ਨਾ ਕਰੇ ਤਾਂ ਉਹ ਸਾਰਾ ਦੋਸ਼ ਸਾਧੂ ਦੇ ਜ਼ੁੰਮੇ ਹੈ; ਗ੍ਰਿਹਸਥੀ ਨੂੰ ਕੋਈ ਪਾਪ ਨਹੀਂ ਲੱਗਦਾ। ਜੇਕਰ ਸਾਧੂ ਦਾ ਭੇਖ ਦੇਖਕੇ ਗ੍ਰਿਹਸਥੀ ਸਤਿਕਾਰ ਨਾ ਕਰੇ ਤਾਂ ਉਹ ਗ੍ਰਿਹਸਥੀ ਪਾਪਾਂ ਦਾ ਭਾਗੀ ਹੈ। ਇਉਂ ਸਾਧੂ ਨੂੰ ਆਪੋ ਆਪਣੇ ਧਰਮ ਦੀ ਚਪੜਾਸ ਧਾਰਨੀ ਜ਼ਰਰੂੀ ਹੈ।" ਫੇਰ ਹੋਰ ਨਾਲ ਦੇ ਮਹਾਂ-ਪੁਰਸ਼ਾਂ ਨੇ ਭੀ ਆਪਣੀਆਂ ਕਫ਼ਨੀਆਂ ਅੱਗੇ ਰੱਖਕੇ ਸੰਤਾਂ ਨੂੰ ਅਰਜ਼ ਕੀਤੀ, "ਮਹਾਰਾਜ! ਆਪ ਸਾਡੇ ਗਲ਼ ਵਿੱਚ ਵੀ ਏਸੇ ਤਰ੍ਹਾਂ ਅਰਦਾਸ ਕਰਕੇ ਪਾ ਦੇਵੋ।" ਸੰਤਾਂ ਨੇ ਉੱਤਰ ਦਿੱਤਾ, "ਤੁਸੀਂ ਆਪ ਹੀ ਪਾ ਲਵੋ ਕਿਉਂਕਿ ਇਹ ਫ਼ਕੀਰੀ ਕੇਵਲ ਲਿਬਾਸ ਨਾਲ ਹੀ ਪ੍ਰਾਪਤ ਨਹੀਂ ਹੋ ਜਾਂਦੀ, ਇਹ ਤਾਂ ਧੁਰੋਂ ਹੀ ਦਰਗਾਹੀ ਦਾਤ ਹੈ।"

ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥

(ਪੰਨਾ ੧੦੯੯)

# ਫ਼ਕੀਰੀ ਦੇ ਲੱਛਣ

ਜਿਨ੍ਹਾਂ ਦਾ ਮਨ ਸਾਫ਼ ਹੈ ਓਹੋ ਹੀ ਅਸਲੀ ਸਾਧ ਹਨ। ਫ਼ਕੀਰੀ ਉਰਦੂ ਦਾ ਲਫਜ਼ ਹੈ *'ਫੇ ਕਾਫ਼ ਯੇ ਰੇ'* ਇਨ੍ਹਾਂ ਸ਼ਬਦਾਂ ਦੇ ਜੋੜ ਉਰਦੂ ਦਾ ਬਣਦਾ ਹੈ। ਇਸਦੇ ਅਸਲੀ ਅਰਥ ਹਨ ਫੇ ਚੋਂ ਸੰਸਾਰ ਨੂੰ ਫ਼ਨਾਹ ਰੂਪ ਜਾਨਣਾ, ਕਾਫ਼ ਚੋਂ (ਕਨਾਇਤ) ਸੰਤੋਖ ਧਾਰਨ ਕਰਨਾ ਕਿਸੇ ਚੀਜ਼ ਦਾ ਲਾਲਚ ਨਹੀਂ ਕਰਨਾ। ਜੋ ਵੀ ਪ੍ਰਾਰਬਧ ਅਨੁਸਾਰ ਮਿਲ ਜਾਵੇ ਉਸੇ ਵਿੱਚ ਪ੍ਰਸੰਨ ਰਹਿਣਾ ਫੇਰ ਪਾਸ ਆਏ ਪਦਾਰਥ ਨੂੰ ਵੰਡਕੇ ਛਕਣਾ। ਆਈ ਚੀਜ਼ ਨੂੰ ਮਨ੍ਹਾਂ ਨਹੀਂ ਕਰਨਾ, ਪਾਸ ਹੁੰਦੀ ਨੂੰ ਜਮ੍ਹਾਂ ਨਹੀਂ ਕਰਨਾ, ਜੇਕਰ ਨਾ ਮਿਲੇ ਤਮ੍ਹਾਂ ਨਹੀਂ ਕਰਨਾ। ਜਿਵੇਂ ਬ੍ਰਿਛ ਗਰਮੀ ਸਰਦੀ ਧੁੱਪ ਤੇ ਬਾਰਸ਼ ਸਹਾਰਦਾ ਹੋਇਆ ਇੱਕ ਰਸ ਅਡੋਲ ਖੜ੍ਹਾ ਰਹਿੰਦਾ ਹੈ ਫ਼ਲ ਲੱਗੇ ਝੁਕਕੇ ਨੀਵਾਂ ਹੋ ਜਾਂਦਾ ਹੈ ਕਿ ਕਿਸੇ ਤੋੜਨ ਵਾਲੇ ਨੂੰ ਕਸ਼ਟ ਨਾ ਪ੍ਰਾਪਤ ਹੋਵੇ। ਬਲਕਿ ਦੂਜੇ ਦੀਆਂ ਇੱਟਾਂ ਖਾ ਕੇ ਵੀ ਮਿੱਠੇ ਫ਼ਲ ਹੀ ਦਿੰਦਾ ਹੈ। ਇਸੇ ਤਰ੍ਹਾਂ ਪਰਉਪਕਾਰੀ ਸਾਧੂ ਦਾ ਹਿਰਦਾ ਵੀ ਬ੍ਰਿਛ ਦੇ ਸਮਾਨ ਗਰਮੀ ਸਰਦੀ ਧੁੱਪ ਤੇ ਬਾਰਸ਼ ਨੂੰ ਸਹਾਰਣ ਵਾਲਾ ਹੋਣਾ ਚਾਹੀਦਾ ਹੈ।

ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥

(ਪੰਨਾ ੧੩੮੧)

ਹਰ ਇੱਕ ਦੇ ਠੰਢੇ ਤੱਤੇ ਬੋਲ ਸਹਾਰਣ ਵਾਲੀ ਸਹਿਨ-ਸ਼ੀਲਤਾ ਹੋਵੇ।

*ਖੋਦ ਖਾਦ ਧਰਤੀ ਸਹੈ ਕਾਟ ਕੂਟ ਬਨਰਾਇ।*
*ਬੋਲ ਕਬੋਲ ਸਾਧੂ ਸਹੈ ਔਰ ਪੈ ਸਹਿਆ ਨ ਜਾਇ।*

ਇਉਂ ਸਬਰ ਸ਼ੁਕਰ ਵਿੱਚ ਪੱਕਾ ਰਹਿਣਾ ਇਹ ਫ਼ਕੀਰ ਦਾ ਦੂਸਰਾ ਗੁਣ ਹੈ। 'ਯੇ' ਤੋਂ ਪ੍ਰਮੇਸ਼ਰ ਦੀ ਹਰ ਸਮੇਂ ਯਾਦ ਵਿੱਚ ਜੁੜੇ ਰਹਿਣਾ 'ਰੇ' ਚੋਂ ਉਸਨੂੰ ਸਾਰੇ ਰਮਿਆਂ, ਭਾਵ ਵਿਆਪਕ ਜਾਨਣਾ ਇਹ ਅਸਲੀ ਫ਼ਕੀਰ ਦੇ ਲੱਛਣ ਹਨ ਕੇਵਲ ਭੇਖ ਧਾਰਕੇ ਹੀ *'ਫੇ'* ਫੁਲਕਾ, *'ਕਾਫ'* ਕੁਲਚਾ। *'ਯੇ'* ਯਖਨੀ, *'ਰੇ'* ਰਮਨੀ ਦੇ ਮਗਰ ਲਗਾ ਰਿਹਾ ਫ਼ਕੀਰ ਨਹੀਂ ਬਣ ਸਕਦਾ ਕਿਉਂਕਿ ਫ਼ਕੀਰੀ ਵੀ ਤਿੰਨ ਪ੍ਰਕਾਰ ਦੀ ਹੈ।

*ਇਕ ਲੇਖ ਦੀ, ਇੱਕ ਭੇਖ ਦੀ, ਇਕ ਪਿਛਾ ਮੁੜ ਮੁੜ ਦੇਖਦੀ।*

ਜਿਨ੍ਹਾਂ ਦੇ ਮਸਤਕ ਵਿੱਚ ਧੁਰੋਂ ਹੀ ਲੇਖ ਦੀ ਫ਼ਕੀਰੀ ਲਿਖੀ ਹੈ, ਉਹ ਘਰ ਵਿੱਚ ਸਾਰੇ ਸੁੱਖਾਂ ਤੇ ਪਦਾਰਥਾਂ ਦਾ ਤਿਆਗ ਕਰਕੇ ਬਣਦੇ ਹਨ। ਜਿਵੇਂ ਗੋਪੀ ਚੰਦ ਤੇ ਭਰਥਰੀ ਵਰਗੇ ਰਾਜਧਾਨੀਆਂ ਨੂੰ ਠੋਕਰ ਮਾਰਕੇ ਸਾਧੂ ਬਣੇ।

ਦੂਜੀ ਫ਼ਕੀਰੀ ਹੈ ਭੇਖ ਦੀ, ਅੰਦਰ ਤਾਂ ਗੁਣ ਨਾ ਹੋਣੇ ਪਰ ਦੁਨੀਆਂ ਨੂੰ ਮਗਰ ਲਾਉਣ ਵਾਸਤੇ ਅਤੇ ਉਨ੍ਹਾਂ ਤੋਂ ਚੰਗੇ-ਚੰਗੇ ਪਦਾਰਥ ਪ੍ਰਾਪਤ ਕਰਨ ਵਾਸਤੇ ਕੇਵਲ ਸਾਧੂਆਂ ਵਾਲਾ ਭੇਖ ਬਣਾ ਲੈਣਾ। ਸਚਾਈ ਤੋਂ ਬਿਨਾਂ ਉਨ੍ਹਾਂ ਦੀ ਇਹ ਹਾਲਤ ਹੁੰਦੀ ਹੈ:

ਭੇਖ ਦਿਖਾਇਓ ਜਗਤ ਕਉ ਲੋਗਨ ਕੋ ਬਸ ਕੀਨ ॥
ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮਹਿ ਲੀਨ ॥

(ਸ੍ਰੀ ਦਸਮ ਗ੍ਰੰਥ)

ਤੀਜੀ ਹੈ ਪਿਛੇ ਮੁੜ-ਮੁੜ ਦੇਖਣ ਵਾਲੀ ਫ਼ਕੀਰੀ। ਘਰੋਂ ਰੁੱਸ ਕੇ ਕਿਸੇ ਸਾਧ ਦੇ ਡੇਰੇ ਆ ਗਿਆ। ਦੋ ਚਾਰ ਦਿਨ ਠਹਿਰਕੇ ਫੇਰ ਲੱਗਾ ਮਗਰਲੀ ਉਡੀਕ ਕਰਣ ਕਿ ਮੈਨੂੰ ਕੋਈ ਮੋੜਣ ਆਉਂਦਾ ਹੈ ਕਿ ਨਹੀਂ। ਜਾਂ ਦਸ ਵੀਹ ਸਾਲ ਕਿਸੇ ਅਸਥਾਨ ਤੇ ਰਹਿਕੇ ਫੇਰ ਘਰ ਬਾਰੀ ਜਾ ਬਣਿਆਂ, ਇਹ ਹਨ ਮੰਦ-ਵੈਰਾਗੀ ਦੇ ਲੱਛਣ। ਤਰ ਤੀਬਰ ਵੈਰਾਗ ਵਾਲਾ ਹੀ ਅਸਲੀ ਸਾਧੂ ਬਣ ਸਕਦਾ ਹੈ।

## ਵੈਰਾਗ ਦੇ ਲੱਛਣ

ਹਜ਼ੂਰ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣਕੇ ਫੇਰ ਰਾਮਪੁਰ ਪਿੰਡ ਦਾ ਬਾਬਾ ਬਿਸ਼ਨ ਸਿੰਘ ਬੋਲਿਆ, "ਮਹਾਰਾਜ! ਵੈਰਾਗ ਕਿਤਨੇ ਪ੍ਰਕਾਰ ਦਾ ਹੈ?" ਸੰਤ ਜੀ ਮਹਾਰਾਜ ਨੇ ਉੱਤਰ ਦਿੱਤਾ ਕਿ ਵੈਰਾਗ ਤਿੰਨ ਤਰ੍ਹਾਂ ਦਾ ਹੈ। ਮੰਦ ਵੈਰਾਗ, ਤੀਬਰ ਵੈਰਾਗ ਅਤੇ ਤਰ ਤੀਬਰ ਵੈਰਾਗ।

੧. ਮੰਦ ਵੈਰਾਗ ਦੇ ਇਹ ਲੱਛਣ ਹਨ:

*ਨਾਰ ਮਰੈ ਘਰ ਸੰਪਤ ਨਾਸੀ। ਮੂੰਡ ਮੁੰਡਾਇ ਭਇਆ ਸੰਨਿਆਸੀ।*

ਭਾਵ ਇਸਤਰੀ-ਪੁੱਤਰ ਦਾ ਵਿਯੋਗ ਹੋ ਗਿਆ ਜਾਂ ਵਿਉਪਾਰ ਵਿੱਚ ਘਾਟਾ ਪੈ ਗਿਆ ਤਾਂ ਸਾਧੂ ਹੋ ਗਿਆ। ਫੇਰ ਪਦਾਰਥ ਮਿਲ ਗਏ ਤਾਂ ਫ਼ਕੀਰੀ ਦਾ ਤਿਆਗ ਕਰ ਦਿੱਤਾ।

ਤਥਾ:

ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ ॥੧॥
ਜੀਅ ਕੀ ਕੈ ਪਹਿ ਬਾਤ ਕਹਾ ॥
ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ ਐਸੋ ਕਹਾ ਲਹਾ ॥੧॥ ਰਹਾਉ ॥
ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥
ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ ॥
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ ॥੨॥

(ਪੰਨਾ ੧੦੦੩)

ਤਥਾ:

ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥

(ਪੰਨਾ ੧੦੩)

ਤਥਾ:

ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥

(ਪੰਨਾ ੧੦੧੩)

ਅਥਵਾ:

ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥

(ਪੰਨਾ ੧੦੧੩)

ਅਥਵਾ:

ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥

(ਪੰਨਾ ੧੩੪੮)

ਤਥਾ:

ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥
ਦੇਸੁ ਛੋਡਿ ਪਰਦੇਸਹਿ ਧਾਇਆ ॥
ਪੰਚ ਚੰਡਾਲ ਨਾਲੇ ਲੈ ਆਇਆ ॥੪॥

(ਪੰਨਾ ੧੩੪੮)

ਜੈਸੇ:

*ਆਇਆ ਬੁਲਾ ਪਉਣ ਦਾ ਚੜ੍ਹਿਆ ਕੱਖ ਅਕਾਸ।*
*ਢਹਿੰਦਾ-ਢਹਿੰਦਾ ਢਹਿ ਪਿਆ ਕੱਖ ਕੱਖਾਂ ਦੇ ਪਾਸ।*

ਅਰਥਾਤ: ਵੈਰਾਗ ਰੂਪੀ ਹਵਾ ਦਾ ਠੰਢਾ ਬੁਲ੍ਹਾ ਆਇਆ ਸੰਸਾਰੀ ਪਦਾਰਥਾਂ ਤੋਂ ਉਪ੍ਰਾਮ ਹੋ ਕੇ ਘਰ ਬਾਰ ਛੱਡ ਦਿੱਤਾ। ਜਦੋਂ ਵੈਰਾਗ ਦੂਰ ਹੋ ਗਿਆ ਫਿਰ ਡਿਗਦਾ-ਡਿਗਦਾ ਓਥੇ ਹੀ ਆ ਡਿਗਿਆ।

ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥੨॥

(ਪੰਨਾ ੩੨੨)

### ਤੀਬਰ ਵੈਰਾਗ ਦੇ ਲੱਛਣ:

ਏਸ ਲੋਕ ਤੋਂ ਲੈਕੇ ਬ੍ਰਹਮ ਲੋਕ ਤੱਕ ਸਾਰੇ ਸੁੱਖਾਂ ਦੀ ਇੱਛਾ ਦਾ ਤਿਆਗ ਇਸਨੂੰ ਤੀਬਰ ਵੈਰਾਗ ਕਹਿੰਦੇ ਹਨ।

*ਬ੍ਰਹਮ ਲੋਕ ਲੌ ਭੋਗ ਜੋ ਚਹੇ ਸਭਨ ਕੋ ਤਿਆਗ।*
*ਬੇਦ ਅਰਥ ਗਿਆਤਾ ਮੁਨੀ ਕਹਿਤ ਤਾਹਿ ਵੈਰਾਗ।*

*(ਵਿਚਾਰ ਸਾਗਰ ਪਹਿਲਾ ਤਰੰਗ)*

ਤਰ ਤੀਬਰ ਵੈਰਾਗ ਦੇ ਲਛਣ-ਮਾਤ ਲੋਕ ਦੀ ਧਰਤੀ ਤੋਂ ਬ੍ਰਹਮ ਲੋਕ ਤੱਕ ਸਾਰੇ ਸੁੱਖਾਂ ਨੂੰ ਕਾਂ ਦੀ ਵਿਸ਼ਟਾ ਸਮਾਨ ਬੁਰੇ ਸਮਝਣਾ।

*ਬ੍ਰਹਮਾ ਇੰਦ੍ਰ ਆਦਿ ਲੈ ਹੋਤ ਦੇਹ ਧਰ ਭੋਗ।*
*ਕਾਕ ਬਿਸ਼ਟਾ ਸਮ ਜੇ ਗਿਨੇ ਬੀਤਰਾਗ ਤੇ ਲੋਗ।*

*(ਅਧਿਆਤਮ ਪ੍ਰਕਾਸ਼)*

# ਸਿੱਖੀ ਦੇ ਲੱਛਣ

ਸੰਤ ਜੀ ਮਹਾਰਾਜ ਨੇ ਆਖਿਆ ਕਿ ਜਿਵੇਂ ਫ਼ਕੀਰੀ ਤਿੰਨ ਪ੍ਰਕਾਰ ਦੀ ਹੈ-ਮੰਦ, ਤੀਬਰ, ਤਰ ਤੀਬਰ ਸੋ ਵੈਰਾਗ ਭੀ ਤਿੰਨ ਪ੍ਰਕਾਰ ਦਾ ਹੈ। ਇਸੇ ਤਰ੍ਹਾਂ ਸਿੱਖੀ ਵੀ ਪੰਜ ਤਰ੍ਹਾਂ ਦੀ ਹੈ।

੧ ਇਕ ਦੇਖਾ ਦੇਖੀ ਦੀ: ਇੱਕ ਨੇ ਅੰਮ੍ਰਿਤ ਛਕ ਲਿਆ, ਦੂਜੇ ਨੇ ਉਸਦੀ ਰੀਸ ਕਰਨੀ, ਸਿੰਘਾਂ ਵਾਲਾ ਭੇਖ ਤਾਂ ਧਾਰਣ ਕਰ ਲਿਆ ਪਰ ਕੁਕਰਮਾਂ ਤੋਂ ਨਾ ਹੱਟਿਆ।

੨ ਦੂਜੀ ਧੰਧੇ ਦੀ: ਕੰਮ ਦੇ ਸਮੇਂ ਸਿੱਖ ਬਣ ਗਿਆ ਜਿਵੇਂ ਅਨੰਦ ਕਾਰਜਾਂ ਵੇਲੇ ਅੰਮ੍ਰਿਤ ਛਕ ਲਿਆ, ਦੂਜੇ ਦਿਨ ਕਛਹਿਰੇ ਕਿੱਲੀ ਤੇ।

੩ ਤੀਜੀ ਹਿਰਸ ਦੀ: ਭਾਵ ਲਾਲਚ ਦੀ, ਕਕਾਰ ਧਾਰਨ ਕੀਤੇ ਬਗ਼ੈਰ ਨੌਕਰੀ ਨਹੀਂ ਮਿਲਦੀ। ਏਸ ਵਾਸਤੇ ਉਪਰੋਂ ਕਕਾਰ ਧਾਰਨ ਕਰ ਲਏ ਅੰਦਰੋਂ ਪਿਆਰ ਕੋਈ ਨਹੀਂ।

੪ ਚੌਥੀ ਸਿਦਕ ਦੀ: ਭਰੋਸੇ ਦੀ ਜਿਵੇਂ ਬਾਬਾ ਦੀਪ ਸਿੰਘ ਜੀ ਨੇ ਆਖਿਆ ਮੇਰਾ ਸੀਸ ਗੁਰੂ ਰਾਮ ਦਾਸ ਜੀ ਦੇ ਚਰਨਾਂ ਵਿੱਚ ਪੁੱਜੇਗਾ ਸਿੱਖ ਦਾ ਨਿਸ਼ਚਾ ਸੀ ਉਸੇ ਤਰ੍ਹਾਂ ਹੋਇਆ।

੫ ਪੰਜਵੀਂ ਪ੍ਰੇਮ ਦੀ- ਭਾਈ ਮਨੀ ਸਿੰਘ ਜੀ ਵਾਂਗੂੰ ਸਿੱਖੀ ਨਾਲ ਪਿਆਰ ਸੀ। ਇਸਦੇ ਉਪਰੋਂ ਦੌਲਤਾਂ ਵਾਰ ਦਿੱਤੀਆਂ, ਔਹਦੇ ਠੁਕਰਾ ਦਿੱਤੇ, ਗੁਰੂ ਲੇਖੇ ਜ਼ਿੰਦਗੀ ਲਾ ਦਿੱਤੀ।

ਇਉਂ ਬਾਬਾ ਜੀ ਨੇ ਬੜੇ "ਅਮੁਲੀਕ ਲਾਲ ਏਹਿ ਰਤਨ" ਕੀਮਤੀ ਤੇ ਅਮੋਲਕ ਬਚਨ ਸੁਣਾਏ। ਪਰ ਏਹੋ ਜੇਹੇ ਸਤ ਪੁਰਸ਼ਾਂ ਦੇ ਬਚਨ ਕਿਸੇ-ਕਿਸੇ ਵਡਭਾਗੀ ਨੂੰ ਹੀ ਕਾਟ ਕਰਦੇ ਹਨ। ਸੰਤਾਂ ਕਿਹਾ, "ਸ਼ੇਰੇ ਪੰਜਾਬ ਦੇ ਤਾਜ ਵਾਲਾ ਕੋਹੇਨੂਰ ਹੀਰਾ ੧੦੨ ਰਤੀਆਂ ਵਜ਼ਨ ਦਾ ਸੀ ਉਸਦੀ ਕੀਮਤ ਉਸ ਟਾਈਮ ਤੀਹ ਲੱਖ ਪੌਂਡ ਸੀ। ਜਿਸਦੀ ਪ੍ਰਾਪਤੀ ਵਾਸਤੇ ਹਜ਼ਾਰਾਂ ਹੀ ਬੰਦਿਆਂ ਨੇ ਆਪਣੀਆਂ ਕੀਮਤੀ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ। ਫੇਰ ਵੀ ਉਸ ਦਾ ਮਾਲਕ ਸਦਾ ਵਾਸਤੇ ਇੱਕ ਨਾ ਬਣ ਸਕਿਆ ਪਰ ਏਧਰ ਸਦਾ ਇਹ ਮਨੁੱਖਾ ਜਨਮ ਜਿਊਂਦਾ ਜਾਗਦਾ ਤੁਰਦਾ ਫਿਰਦਾ ਅਸਲੀ ਹੀਰਾ ਹੈ। ਜਿਸ ਦੇ ਉਪਰੋਂ ਲੱਖਾਂ ਹੀ ਕੋਹੇਨੂਰ ਵਾਰੇ ਜਾ ਸਕਦੇ ਹਨ ਪਰ ਇਸ ਦੀ ਕਦਰ ਕੋਈ ਵੀ ਨਹੀਂ ਕਰਦਾ।"

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥

(ਪੰਨਾ ੧੫੬)

## ਸੰਤ ਈਸ਼ਰ ਸਿੰਘ ਜੀ ਨੂੰ ਵਰ

ਫੇਰ ਬਾਬਾ ਜੀ ਨੇ ਆਪਣੇ ਹਜ਼ੂਰੀਏ ਸੇਵਾਦਾਰ ਜਨਮਾ ਜਨਮਾਤਰਾਂ ਦੇ ਸਾਥੀ ਸੰਤ ਈਸ਼ਰ ਸਿੰਘ ਜੀ ਨੂੰ ਪਿਆਰ ਵਿੱਚ ਆ ਕੇ ਬੜੇ ਵਰ ਦਿੱਤੇ ਕਿ ਤੁਹਾਡੀ ਤਾਂ ਪਿਛਲੇ ਜਨਮਾਂ ਦੀ ਹੀ ਬੇਅੰਤ ਕਮਾਈ ਹੈ ਤੁਸੀਂ ਬਹੁਤ ਵੱਡੇ ਸਾਧੂ ਬਣੋਗੇ। ਰਿੱਧੀਆਂ ਸਿੱਧੀਆਂ ਹੁਕਮ ਵਿੱਚ ਹਾਜ਼ਰ ਰਹਿਣਗੀਆਂ। ਦੁਨੀਆਂਦਾਰਾਂ ਦੀ ਦ੍ਰਿਸ਼ਟੀ ਵਿੱਚ ਜੋ ਬੜੇ-ਬੜੇ ਆਦਮੀ ਹਨ ਉਹ ਵੀ ਤੁਹਾਡੇ ਦਰਸ਼ਨ ਕਰਨ ਵਾਸਤੇ ਪਹਿਲਾਂ ਸਮਾਂ ਮੰਗਿਆ ਕਰਨਗੇ।

ਮਹਾਂਪੁਰਸ਼ਾਂ ਨੂੰ ਤਰੁੱਠੇ ਜਾਣਕੇ ਇਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ! ਮੇਰਾ ਤਾਂ ਇਨ੍ਹਾਂ ਰਿੱਧੀਆਂ ਸਿੱਧੀਆਂ ਤੇ ਦੁਨੀਆਂ ਨਾਲ ਕੋਈ ਤਅੱਲੁਕ ਨਹੀਂ। ਇਹ ਤਾਂ ਸਾਰੇ ਪਦਾਰਥ ਰੱਬ ਤੋਂ ਦੂਰ ਲਿਜਾਣ ਵਾਲੇ ਹਨ, ਆਪ ਇਹ ਕ੍ਰਿਪਾ ਕਰੋ ਕਿ ਮੈਨੂੰ ਕਿਸੇ ਵੇਲੇ ਨਾਮ ਨਾ ਭੁਲੇ। ਅਰਸ਼ੀ ਹੁਕਮ ਹੈ ਕਿ ਪ੍ਰਮੇਸ਼ਵਰ ਦੀ ਪ੍ਰਾਪਤੀ ਦੇ ਚਾਹਵਾਨ ਉਸ ਤੋਂ ਬਿਨਾਂ ਹੋਰ ਕੁਝ ਨਹੀਂ ਮੰਗਦੇ।"

ਬਸੁਧਾ ਸਪਤ ਦੀਪ ਹੈ ਸਾਗਰ
ਕਢਿ ਕੰਚਨੁ ਕਾਢਿ ਧਰੀਜੈ ॥
ਮੇਰੇ ਠਾਕੁਰ ਕੇ ਜਨ ਇਨਹੁ ਨ ਬਾਛਹਿ
ਹਰਿ ਮਾਗਹਿ ਹਰਿ ਰਸੁ ਦੀਜੈ ॥

(ਪੰਨਾ ੧੩੨੩)

ਤਥਾ:

*ਗਦਾਇ ਕੂਇ ਤੁਰਾ ਮਹਿਲ ਬਾਦਸ਼ਾਹੀ ਨੇਸਤ॥*

*(ਭਾਈ ਨੰਦ ਲਾਲ ਜੀ)*

ਪੰਜਾਬੀ ਉਲਥਾ:

*ਰਾਜ ਤਾਜ ਦੀ ਲੋੜ ਨਹੀਂ ਤੇਰੇ ਕੂਚੇ ਦੇ ਭਿਖਾਰੀ ਨੂੰ।*
*ਤਖ਼ਤ ਬਖਤ ਵਲ ਮੂਲ ਨਾ ਵੇਖੇ ਕੀ ਕਰਸੀ ਦੁਨੀਆਂਦਾਰੀ ਨੂੰ।*
ਅਥਵਾ: *ਦਰਵਾਜ਼ੇ ਤੇਰੇ ਤੇ ਮੰਗਤੇ ਲੋੜ ਨਾ ਰੱਖਦੇ ਸ਼ਾਹੀ ਦੀ।*
*ਨਾ ਓਹ ਤਖ਼ਤ ਜੜਾਊ ਲੋਚਨ ਲਾਜ ਨਾ ਟੋਪੀ ਪਾਈ ਦੀ।*

ਤਥਾ:

ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ॥

(ਪੰਨਾ ੪੩)

ਸਭ ਤੋਂ ਵੱਡੀ ਏਹੋ ਹੀ ਘਾਟੇ ਵਾਲੀ ਗੱਲ ਹੈ, ਕੋਈ ਵੀ ਸੁਆਸ ਨਾਮ ਤੋਂ ਬਿਨਾਂ ਖ਼ਾਲੀ ਨਾ ਜਾਵੇ।

ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥
ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ ॥੧॥

(ਪੰਨਾ ੫੯੭)

ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ ॥
ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ ॥

(ਪੰਨਾ ੭੫੯)

ਤਥਾ: ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ ॥

(ਪੰਨਾ ੬੦੭)

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥

(ਪੰਨਾ ੭੦੮)

ਸੰਤਾਂ ਨੇ ਫੇਰ ਬਚਨ ਕੀਤਾ ਕਿ ਭਾਵੇਂ ਤੁਹਾਡੇ ਮਨ ਦਾ ਖ਼ਿਆਲ ਨਹੀਂ ਪਰ ਫੇਰ ਵੀ ਇਹ ਰਿੱਧੀਆਂ ਸਿੱਧੀਆਂ

ਨਾਮ ਜਪਣ ਵਾਲੇ ਦੇ ਪਾਸ ਅਵੱਸ਼ ਹੀ ਆਉਂਦੀਆਂ ਹਨ ਚਾਹੇ ਉਹ ਇਨ੍ਹਾਂ ਤੋਂ ਕੋਈ ਸੇਵਾ ਲਵੇ ਜਾਂ ਨਾ, ਇਹ ਉਸਦੀ ਆਪਣੀ ਮਰਜ਼ੀ ਹੈ। ਪ੍ਰਭੂ ਦੇ ਸਿਮਰਨ ਵਿੱਚ ਸੰਸਾਰਕ ਪ੍ਰਤਿਸ਼ਟਾ ਰਿੱਧੀਆਂ ਸਿੱਧੀਆਂ ਦਾ ਚਮਤਕਾਰ ਤੇ ਅਣਡਿੱਠੇ ਸੁਰਗ ਦਾ ਸੁੱਖ ਰੋਕਾਂ ਪਾਉਂਦਾ ਹੈ। ਕਈ ਇਨ੍ਹਾਂ ਵਿੱਚ ਹੀ ਤਦਾਕਾਰ ਹੋ ਕੇ ਪ੍ਰਭੂ ਮਿਲਾਪ ਤੋਂ ਦੂਰ ਚਲੇ ਜਾਂਦੇ ਹਨ। ਜੋ ਇਨ੍ਹਾਂ ਚੀਜ਼ਾਂ ਨੂੰ ਤੁਛ ਜਾਣਦਾ ਹੋਇਆ ਲਿਤਾੜਕੇ ਅੱਗੇ ਲੰਘ ਜਾਵੇ ਉਹ ਫੇਰ ਬ੍ਰਹਮ-ਗਿਆਨ ਦੁਆਰਾ ਈਸ਼ਵਰ ਦਾ ਰੂਪ ਹੀ ਬਣ ਜਾਂਦਾ ਹੈ।

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥

(ਪੰਨਾ ੨੬੨)

ਅਤੇ ਜੋ ਤੁਸਾਂ ਨਾਮ ਨੂੰ ਨਾ ਭੁੱਲਣ ਦੀ ਮੰਗ ਕੀਤੀ ਹੈ ਇਹ ਵੀ ਪੂਰੀ ਹੋ ਜਾਵੇਗੀ, ਤੁਹਾਨੂੰ ਨਾਮ ਨਹੀਂ ਭੁੱਲੇਗਾ, ਅੱਠੇ ਪਹਿਰ ਯਾਦ ਰਹੇਗਾ। ਨਾਮ ਜਪਣ ਵਾਲੇ ਵਾਸਤੇ ਕਈ ਗੱਲਾਂ ਦਾ ਖ਼ਾਸ ਧਿਆਨ ਰੱਖਣਾ ਜ਼ਰੂਰੀ ਹੈ। ਇੱਕ ਤਾਂ ਉਹ ਕਿਸੇ ਭੇਖ ਤੇ ਕੋਈ ਤਰਕ ਜਾਂ ਨਫ਼ਰਤ ਨਾ ਕਰੇ। ਚਾਹੇ ਉਹ ਹਿੰਦੂ ਹੈ ਚਾਹੇ ਮੁਸਲਮਾਨ ਅਥਵਾ ਸਿੱਖ ਜਾਂ ਈਸਾਈ। ਰਸਤਾ ਭਾਵੇਂ ਵੱਖ-ਵੱਖ ਹੈ ਪਰ ਰੱਬ ਸਭਨਾਂ ਦਾ ਇੱਕ ਹੈ। ਕਿਉਂਕਿ-

*ਮਜ਼ਹਬ ਨਾ ਕੋਈ ਰੱਬ ਦਾ, ਬੰਦਿਆਂ ਕਰੇ ਈਜਾਦ।*
*ਉਹੀ ਨਜੀਕ ਖ਼ੁਦਾਇ ਦੇ, ਜੋ ਰੱਖਣ ਉਸ ਨੂੰ ਯਾਦ।*

ਫੇਰ ਕਈ ਸਾਧੂ ਦਾਨੇ, ਦੀਵਾਨੇ ਤੇ ਮਸਤਾਨੇ ਹੁੰਦੇ ਹਨ। ਕਈ ਤਮੋਗੁਣੀ, ਕਿਸੇ ਵਿੱਚ ਸਤੋ ਗੁਣ ਅਧਿਕ ਹੁੰਦਾ ਹੈ, ਜਿਵੇਂ ਸਤਿਗੁਰਾਂ ਫੁਰਮਾਇਆ ਹੈ:

ਬਿਰਖੈ ਹੇਠਿ ਸਭਿ ਜੰਤ ਇਕਠੇ ॥ ਇਕਿ ਤਤੇ ਇਕਿ ਬੋਲਨਿ ਮਿਠੇ ॥

(ਪੰਨਾ ੧੦੧੯)

ਪਰ ਅਦ੍ਵੈਤ-ਵਾਦੀ ਸਭ ਨਾਲ ਮਿਲਾਪ ਕਰੇ:

*ਤੁਲਸੀ ਇਸ ਸੰਸਾਰ ਮੇਂ ਭਾਂਤ ਭਾਂਤ ਕੇ ਲੋਗ।*
*ਸਭ ਸੋ ਰਲ ਮਿਲ ਚਾਲੀਐ ਨਦੀ ਨਾਵ ਸੰਜੋਗ।*

ਮਤ ਆਪਣੇ ਵਿੱਚ ਨੇਸ਼ਠੀ ਹੋਵੇ, ਮਿਲਾਪ ਹਰ ਇੱਕ ਨਾਲ ਰੱਖੇ, ਕੀ ਪਤਾ ਕਿ ਪ੍ਰਮੇਸ਼ਰ ਨੂੰ ਕਿਸ ਦੀ ਕਿਰਿਆ ਭਾਉਂਦੀ ਹੈ:

ਏਕ ਭਾਇ ਦੇਖਉ ਸਭ ਨਾਰੀ ॥ ਕਿਆ ਜਾਨਉ ਸਹ ਕਉਨ ਪਿਆਰੀ ॥੨॥

(ਪੰਨਾ ੩੨੭)

ਬਾਦਸ਼ਾਹ ਦੀਆਂ ਬੇਅੰਤ ਰਾਣੀਆਂ ਹੁੰਦੀਆਂ ਹਨ ਪਰ ਰਾਜ ਦਾ ਮਾਲਕ ਉਸੇ ਦਾ ਪੁੱਤਰ ਬਣਦਾ ਹੈ, ਬਾਦਸ਼ਾਹ ਦੀ ਜਿਸਦੇ ਉਪਰ ਪੂਰਨ ਪ੍ਰਸੰਨਤਾ ਹੈ। ਇਸੇ ਤਰ੍ਹਾਂ ਪ੍ਰਮੇਸ਼ਰ ਵੀ ਅੰਦਰਲੇ ਪਿਆਰ ਨੂੰ ਦੇਖਦਾ ਹੈ, ਭੇਖ ਤੇ ਨਹੀਂ ਰੀਝਦਾ। ਸੋ ਹਰ ਇੱਕ ਨਾਲ ਪ੍ਰੇਮ ਕਰਨਾ ਸਾਧੂ ਦਾ ਮੁੱਖ ਧਰਮ ਹੈ:

*ਤੁਲਸੀ ਇਸ ਸੰਸਾਰ ਮੇਂ ਸਭ ਕੋ ਮਿਲਿਐ ਧਾਇ।*
*ਨਾ ਜਾਣੋ ਕਿਸ ਭੇਖ ਮੇ ਨਾਰਾਇਣ ਮਿਲਿਹੈ ਆਇ।*

ਉਸ ਤੋਂ ਬਾਅਦ ਭਵਿੱਖਤ ਵਾਰਤਾ ਅਨੁਭਵ ਕਰਕੇ ਹਜ਼ੂਰ ਨੇ ਫੇਰ ਆਖਿਆ, "ਤੁਸੀਂ ਹੁਣ ਦੋ ਚਾਰ ਵਾਜੇ ਦੀਆਂ ਸੁਰਾਂ ਵੀ ਸਿੱਖ ਲਓ ਅਤੇ ਸਿਮਰਨ ਦੇ ਨਾਲ-ਨਾਲ ਧਾਰਮਿਕ ਪੁਸਤਕਾਂ ਦੀ ਵਿਚਾਰ ਵੀ ਜਾਰੀ ਰੱਖੋ। ਇਹ ਵੀ ਭਜਨ ਰੂਪ ਹੀ ਹੈ ਕਿਉਂਕਿ ਤੁਹਾਡੇ ਪਾਸ ਬੇਅੰਤ ਸੰਗਤ ਆਇਆ ਕਰੇਗੀ ਜਿਸ ਕਰਕੇ ਉਨ੍ਹਾਂ ਵਿਚਾਰੇ ਹੰਸ ਸਰੋਤਿਆਂ ਨੂੰ ਮੋਤੀਆਂ ਦਾ ਚੋਗਾ ਮਿਲ ਸਕੇ।" ਇਉਂ ਬਾਬਾ ਜੀ ਨੇ ਹੋਰ ਵੀ ਬਹੁਤ ਸਾਰੇ ਬਚਨ ਕੀਤੇ ਅਤੇ ਉਸੇ ਸਮੇਂ ਅਰਦਾਸ ਕਰਕੇ ਵਾਜੇ ਤੇ ਹੱਥ ਰਖਵਾਇਆ, ਇੱਕ ਦੋ ਸਿੱਧੇ ਸ਼ਬਦ ਕਢਵਾ ਦਿੱਤੇ। ਇਸ ਪ੍ਰਕਾਰ ਇਲਾਹੀ ਕੀਰਤਨ ਦੀ ਦਾਤ ਬਖ਼ਸ਼ਕੇ ਵਰਾਂ ਨਾਲ ਨਿਹਾਲ ਕਰ ਦਿੱਤੇ।

ਧੰਨ ਸੰਤ ਜੀ!

## ਸਿਧਾਂਤ ਰੂਪੀ ਕਵਿਤਾ

*ਜਦੋਂ ਸੈਦੂ ਦੇ ਠਹਿਰੇ ਸੀ ਗੁਰਦੁਆਰੇ,
ਲੋਕ ਦਰਸ਼ਨਾਂ ਨੂੰ ਰੋਜ਼ ਆਂਵਦੇ ਸੀ।
ਬਰਫ ਪੈਂਦੀ ਸੀ ਜ਼ੋਰ ਦੀ ਪਵੇ ਸਰਦੀ,
ਨਿਤਨੇਮ ਨੂੰ ਨਹੀਂ ਖੁੰਝਾਂਵਦੇ ਸੀ ।
ਕੰਢੇ ਦਰਿਆ ਦੇ ਕਰ ਇਸ਼ਨਾਨ ਬਹਿੰਦੇ,
ਸੁਰਤੀ ਨਾਮ ਦੇ ਸਿਮਰਨ ਵਿੱਚ ਲਾਂਵਦੇ ਸੀ।
ਸੋਹਣੀ ਖਬਰ ਸੀ ਰੱਬ ਦੇ ਪਿਆਰਿਆਂ ਦੀ,
ਮੁਸਲਮਾਨ ਵੀ ਸੀਸ ਨਿਵਾਂਵਦੇ ਸੀ।
ਇਸ ਤਰ੍ਹਾਂ ਸੀ ਨਿਤ ਦੀ ਕਾਰ ਕਰਦੇ,
ਦਿਨੇ ਰੋਜ਼ ਦਰਬਾਰ ਲਗਾ ਬਹਿੰਦੇ।
ਸੰਗਤ ਆਉਂਦੀ ਤਾਂ ਹੋਂਵਦੀ ਭੀੜ ਡਾਢੀ,
ਸੀਸ ਸੰਤਾਂ ਨੂੰ ਲੋਕ ਨਵਾ ਬਹਿੰਦੇ।
ਹਿੰਦੂ ਸੇਠ ਨੇ ਆਣਕੇ ਅਰਜ਼ ਕੀਤੀ,
ਦੇਵੋ ਆਗਿਆ ਹੁਕਮ ਨਿਭਾ ਦੇਵਾਂ।
ਮੇਹਰ ਤੁਸਾਂ ਦੀ ਚਾਹੁੰਦਾ ਚਿਤ ਮੇਰਾ,
ਸਾਰੇ ਜਥੇ ਨੂੰ ਬਸਤਰ ਸਿਵਾ ਦੇਵਾਂ।
ਹੋਵਨ ਕਫਨੀਆਂ ਜਾਂ ਕੁੜਤੇ ਕਲੀਆਂ ਵਾਲੇ,
ਘਰ ਜਾ ਕੇ ਦਰਜੀ ਬਹਾ ਦੇਵਾਂ।
ਕੋਈ ਦੇਰ ਨਹੀਂ ਦੇਰ ਹੈ ਹੁਕਮ ਸੰਦੀ,
ਛੇਤੀ ਚਾਹੋ ਤਾਂ ਕੱਲ੍ਹ ਲਿਆ ਦੇਵਾਂ।
ਜਦੋਂ ਨਾਲ ਪ੍ਰੇਮ ਦੇ ਸੇਠ ਜੀ ਨੇ,
ਸਾਰਾ ਸੰਤਾਂ ਨੂੰ ਹਾਲ ਸੁਣਾ ਦਿੱਤਾ।
ਦੋ ਕਫ਼ਨੀਆਂ ਬਾਕੀ ਦੇ ਬਣਨ ਕੁੜਤੇ,
ਸੰਤਾਂ ਮੁਖ ਤੋਂ ਇਹ ਫੁਰਮਾ ਦਿੱਤਾ।
ਦਿਨ ਤੀਸਰੇ ਆ ਗਿਆ ਸੇਠ ਮੁੜਕੇ,
ਲਿਆਇਆ ਬਸਤ੍ਰ ਉਹ ਸਾਰੇ ਤਿਆਰ ਕਰਕੇ।
ਭੇਟਾ ਕੀਤੇ ਜਾ ਸੰਤ ਮਹਾਤਮਾਂ ਦੀ ,
ਕੋਲ ਬਹਿ ਗਿਆ ਨਮਸ਼ਕਾਰ ਕਰਕੇ।
ਲਈਆਂ ਕਫ਼ਨੀਆਂ ਹੱਥ ਦਾਤਾਰ ਜੀ ਨੇ,
ਸਜੇ ਆਸਨ ਤੇ ਆਪ ਵਿਚਾਰ ਕਰਕੇ।
ਕਫ਼ਨੀਆਂ ਦੋ ਦੀ ਥਾਂ ਇਹ ਚਾਰ ਹੈਸਨ,
ਕੁੜਤੇ ਸੀਤੇ ਸੀ ਬਾਕੀ ਪਿਆਰ ਕਰਕੇ।
ਸੰਤਾਂ ਆਖਿਆ ਸੇਠ ਜੀ ਗੱਲ ਕੀ ਏ,
ਕਫ਼ਨੀਆਂ ਚਾਰ ਕਿਉਂ ਤੁਸਾਂ ਸਿਆਈਆਂ ਨੇ।
ਹੱਥ ਜੋੜ ਕੇ ਸੇਠ ਨੇ ਅਰਜ਼ ਕੀਤੀ,
ਸਾਥੀ ਤੁਸਾਂ ਦੇ ਆਪ ਮੰਗਵਾਈਆਂ ਨੇ।*

*ਦੋ ਕਫਨੀਆਂ ਹਜ਼ੂਰ ਨੇ ਆਪ ਲਈਆਂ,*
*ਬਾਕੀ ਉਨ੍ਹਾਂ ਦੇ ਹੱਥ ਫੜਾਈਆਂ ਨੇ।*
*ਸੈਦੂ ਗੁਰਦੁਆਰੇ ਫੇਰ ਅਰਦਾਸ ਕਰਕੇ,*
*ਇਕ ਗੜਵਈ ਦੇ ਗਲ਼ ਪਹਿਨਾ ਦਿੱਤੀ।*
*ਪੈਜ ਰਖਣੀ ਦਾਤਾ ਜੀ ਭੇਖ ਸੰਦੀ,*
*ਹੱਥ ਜੋੜਕੇ ਅਰਜ਼ ਸੁਣਾ ਦਿੱਤੀ।*
*ਬਣਿਆਂ ਸਾਧ ਹੁਣ ਰੱਖਣੀ ਲਾਜ ਆਪੇ,*
*ਇਹ ਆਖਕੇ ਧੌਣ ਝੁਕਾ ਦਿੱਤੀ।*
*ਵਰ ਦੇ ਕੇ ਕੀਤਾ ਨਿਹਾਲ ਉਸ ਨੂੰ,*
*ਸ਼ਰਧਾ ਸੇਠ ਦੀ ਹਰਦੇਵ ਸਫਲਾ ਦਿੱਤੀ।*

## ਸੂਬੇਦਾਰ ਵਜ਼ੀਰ ਖ਼ਾਨ ਦੀ ਵਾਰਤਾ

ਸੈਦੂ ਨਗਰ ਮੇਨ ਸੜਕ ਦੇ ਪਾਸ ਵਜ਼ੀਰ ਖ਼ਾਂ ਸੂਬੇਦਾਰ ਦਾ ਹੁਜਰਾ ਸੀ। ਇਹ ਵੱਡੇ ਸੰਤ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ ਤੋਂ ਲੈ ਕੇ ਹੁਣ ਤੱਕ ਸਾਰੇ ਮਹਾਂਪੁਰਸ਼ਾਂ ਦੀ ਬੜੀ ਪ੍ਰੇਮ ਨਾਲ ਸੇਵਾ ਕਰਦਾ ਹੁੰਦਾ ਸੀ। ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਦੀ ਸੇਵਾ ਹੋਰ ਖ਼ਾਨਾ ਨਾਲੋਂ ਜ਼ਿਆਦਾ ਕਰਿਆ ਕਰਦਾ। ਕਾਫ਼ੀ ਸਮੇਂ ਤੋਂ ਇਸ ਦੇ ਛੋਟੇ ਲੜਕੇ ਦੇ ਪੇਟ ਵਿੱਚ ਬੜਾ ਦਰਦ ਹੁੰਦਾ ਸੀ, ਚੰਗੇ-ਚੰਗੇ ਸਿਆਣੇ ਡਾਕਟਰਾਂ ਤੋਂ ਇਲਾਜ ਕਰਵਾਏ। ਕਿਸੇ ਵੀ ਡਾਕਟਰ ਦੀ ਸਮਝ ਵਿੱਚ ਬੀਮਾਰੀ ਨਾ ਆਈ। ਬੱਚਾ ਬੜਾ ਦੁਖੀ ਹੈ। ਇੱਕ ਦਿਨ ਸੰਤ ਜੀ ਮਹਾਰਾਜ ਸਵੇਰ ਦੇ ਸਮੇਂ ਦੀਵਾਨ ਦੀ ਸਮਾਪਤੀ ਕਰਕੇ ਗੁਰਦੁਆਰੇ ਤੋਂ ਦਰਿਆ ਵੱਲ ਜਾ ਰਹੇ ਸਨ ਤਾਂ ਰਸਤੇ ਵਿੱਚ ਇਹ ਤੇ ਹੋਰ ਜਿਤਨੇ ਪਠਾਣ ਬੈਠੇ ਸਨ ਸਾਰੇ ਉੱਠ ਕੇ ਖੜੇ ਹੋ ਗਏ। ਦੂਰੋਂ ਆਉਂਦੀਆਂ ਦੇਖਕੇ ਇਉਂ ਆਪਸ ਵਿੱਚ ਕਹਿਣ ਲਗੇ:

## ਪਠਾਣਾਂ ਦੀ ਤਰਫੋਂ

*ਪਠਾਣ ਆਖਦਾ ਇੱਕ ਨੂੰ ਬੋਲ ਦੂਜਾ*
*ਕਰੇ ਬੰਦਗੀ ਪਰਵਰਦਗਾਰ ਵਾਲੀ।*
*ਹੁਸਨ ਪਾਰ ਦਾ ਸੂਫੀ ਫ਼ਕੀਰ ਦਿਸੇ*
*ਗੁਫ਼ਤਗੂ ਹੈ ਖ਼ੁਦਾ ਦੇ ਯਾਰ ਵਾਲੀ।*
*ਜਿੰਦ ਦਿਸਦੀ ਏ ਬੇ-ਹਰਫ ਸਾਈਂ*
*ਕਦਰ ਪਾ ਬੈਠਾ ਕਾਦਰਯਾਰ ਵਾਲੀ।*
*ਮਸਤੀ ਚੜ੍ਹੀ ਹੈ ਰੱਬ ਮਹਿਬੂਬ ਵਾਲੀ*
*ਦਿਲ ਖਿਚ ਹੈ ਦੀਦ ਦਿਲਦਾਰ ਵਾਲੀ।*
*ਜਲਵਾ ਦੇਖਕੇ ਸਖ਼ਤ ਦਿਲ ਮੋਮ ਹੁੰਦੇ*
*ਸੋਹਣੀ ਸੂਰਤ ਸ਼ੀਰੀ ਗੁਫ਼ਤਾਰ ਵਾਲੀ।*
*ਤਾਰ ਦਸਦੀ ਸੀਨੇ ਤਾਂਘ ਤੋਈ*
*ਖਾਹਸ਼ ਰਖਦਾ ਖਾਲਕ ਦੇ ਪਿਆਰ ਵਾਲੀ।*

ਨਜ਼ਦੀਕ ਆਇਆਂ ਸਭਨਾਂ ਨੇ ਭਾਵਨਾ ਨਾਲ ਅਰਜ਼ ਕੀਤੀ ਅਤੇ ਪਸ਼ਤੋ ਵਿੱਚ ਆਖਿਆ, *"ਫ਼ਕੀਰ ਸਾਹਿਬ! ਤੜਾ ਮੁਸੇ।"* ਤਾਂ ਉਸ ਸਮੇਂ ਰਾਗੀ ਲਾਲ ਸਿੰਘ ਵੀ ਨਾਲ ਸੀ। ਉਸ ਨੇ ਉੱਤਰ ਦਿੱਤਾ, *"ਖ਼ਾਨ ਸਾਹਿਬ! ਇਮਾਨ ਦਾਰਸ਼ਾ।"* ਤਾਂ ਉਸ ਖ਼ਾਨ ਨੇ ਇਸ ਨੂੰ ਕਿਹਾ, *"ਫ਼ਕੀਰ ਸਾਹਿਬ ਦਾ ਵਾਇਆ ਜੁਮਾਂ ਜੋਇਆ ਪਾਰੇ ਦਵਾ ਕਵਾ ਡੋਰ ਜਾੜੇ, ਪੀਰ ਜੀ ਸਲਾਮ! ਖ਼ੁਦਾ ਦਾ ਸਲਾਮ! ਖ਼ੁਦਾ ਦਾ ਇਨਾਮ ਦੇਵੋ। ਪੁੱਤਰ ਨੂੰ ਪੇਟ ਦਰਦ ਦੀ ਤਕਲੀਫ਼ ਹੈ, ਅਰਦਾਸ ਕਰੋ ਅਰੋਗ ਹੋਵੇ।"* ਸੰਤ ਜੀ ਪੁੱਛਣ ਲੱਗੇ, "ਖ਼ਾਨ ਸਾਹਿਬ ਕੀ ਗੱਲ ਹੈ?" ਰਾਗੀ ਲਾਲ ਸਿੰਘ ਨੇ ਅਰਜ਼ ਕੀਤੀ, "ਮਹਾਰਾਜ! ਇਸਦਾ ਪੁੱਤਰ ਪੇਟ ਪੀੜਾ ਕਰਕੇ ਬੜਾ ਦੁਖੀ ਹੈ ਆਪ ਕ੍ਰਿਪਾ ਕਰੋ।"

ਉਸ ਸਮੇਂ ਸੰਤਾਂ ਨੇ ਮੇਹਰ ਦੇ ਘਰ ਵਿੱਚ ਆ ਕੇ ਬਚਨ ਕੀਤਾ, "ਇਉਂ ਕਰੋ ਇਹ ਸਾਡੇ ਗੜਵੇਂ 'ਚੋਂ ਜਲ ਲੈ ਜਾਓ, ਇਸ ਵਿੱਚੋਂ ਇੱਕ ਗਲਾਸ ਪਾਣੀ ਦਾ ਕੱਢਕੇ ਵਿੱਚ ਬਦਾਮ, ਇਲੈਚੀ ਨਿੱਕੀ, ਮਿਰਚ, ਕਾਲਾ ਲੂਣ, ਮਿਸ਼ਰੀ ਤੇ ਹੋਰ ਇੱਕ ਦੋ ਚੀਜ਼ਾਂ ਦੱਸੀਆਂ ਘੋਟ ਕੇ ਪਿਲਾ ਦਿਓ, ਖਾਣ-ਪੀਣ ਨੂੰ ਕੁਝ ਨਹੀਂ ਦੇਣਾ ਬੱਚਾ ਠੀਕ ਹੋ ਜਾਵੇਗਾ। ਸੰਤਾਂ ਨੇ ਕਿਹਾ ਲਾਲ ਸਿੰਘ ਜੀ! ਇਹ ਕੰਮ ਇਨ੍ਹਾਂ ਪਾਸੋਂ ਨਹੀਂ ਹੋਣਾ, ਤੁਸੀਂ ਆਪ ਜਾਕੇ ਆਵੋ।" ਹਜ਼ੂਰ ਤਾਂ ਇਸ ਤਰ੍ਹਾਂ ਆਖ ਕੇ ਨਾਲ ਦੇ ਸਾਥੀਆਂ ਸਮੇਤ ਬਾਹਰ ਦਰਿਆ ਵੱਲ ਚਲੇ ਗਏ। ਏਧਰੋਂ ਸੰਤਾਂ ਦਾ ਬਚਨ ਸੁਣ ਕੇ ਰਾਗੀ ਲਾਲ ਸਿੰਘ ਇਸ ਦੇ ਨਾਲ ਗਿਆ। ਉਸੇ ਤਰ੍ਹਾਂ ਸਾਰੀਆਂ ਚੀਜ਼ਾਂ ਰਗੜ ਕੇ ਪਿਲਾ ਦਿੱਤੀਆਂ ਅਤੇ ਬੱਚੇ ਨੂੰ ਬਾਹਰ ਖੂਹ ਤੇ ਲਿਟਾ ਦਿੱਤਾ। ਘੰਟੇ ਬਾਅਦ ਇਸ ਦੀਆਂ ਦੋਵੇਂ ਕਲਾਂ ਚਲ ਪਈਆਂ, ਕਈ ਜੁਲਾਬ ਆਏ, ਕੈਆਂ ਕੀਤੀਆਂ ਜਿਨ੍ਹਾਂ ਵਿੱਚ ਨਿੱਕੇ-ਨਿੱਕੇ ਪੱਥਰ ਦੇ ਗੋਲੇ ਨਿਕਲੇ, ਇੱਕ ਮੱਛੀ ਨਿਕਲੀ, ਬੱਚੇ ਨੂੰ ਆਰਾਮ ਆ ਗਿਆ ਫੇਰ ਤਾਂ ਇਸ ਪਠਾਣ ਦੀ ਸੰਤਾਂ ਦੇ ਚਰਨਾਂ ਤੇ ਹੋਰ ਵੀ ਸ਼ਰਧਾ ਵਧ ਗਈ।

ਜਦੋਂ ਸ਼ਾਮ ਨੂੰ ਸੰਤ ਜੀ ਮਹਾਰਾਜ ਗੁਰਦੁਆਰੇ ਸਾਹਿਬ ਆਏ ਤਾਂ ਲੜਕੇ ਨੂੰ ਸੰਤਾਂ ਦੇ ਚਰਨਾਂ ਤੇ ਲਿਟਾ ਕੇ ਅਰਜ਼ ਕੀਤੀ, "ਪੀਰ ਜੀ! ਆਪ ਜੀ ਦੀ ਮੇਹਰ ਹੋ ਗਈ। ਕਾਫ਼ੀ ਚਿਰ ਤੋਂ ਲੜਕਾ ਦੁਖੀ ਸੀ ਬੜੇ ਇਲਾਜ ਵੀ ਕਰਵਾਏ ਪਰ ਰੋਗ ਕਿਸੇ ਵੀ ਡਾਕਟਰ ਦੀ ਸਮਝ ਵਿੱਚ ਨਾ ਆਇਆ। (ਇਸ ਬੱਚੇ ਦੀ ਉਮਰ ਬਾਰਾਂ ਤੇਰਾਂ ਸਾਲਾਂ ਦੀ ਸੀ ਕਿਤੇ ਖੂਹ ਤੇ ਪਾਣੀ ਪੀਂਦਿਆਂ ਔਲੂ ਵਿੱਚੋਂ ਅੰਦਰ ਮੱਛੀ ਚਲੀ ਗਈ ਅਤੇ ਸ਼ਹਿਰ ਵਿੱਚ ਮੇਲਾ ਲੱਗਾ ਸੀ ਉਥੇ ਕਿਤੇ ਹਲਵਾਈ ਦੀ ਦੁਕਾਨ ਤੋਂ ਮਿਠਾਈ ਖਾਧੀ ਜਿਸ ਵਿੱਚ ਅੰਦਰ ਪੱਥਰੀ ਚਲੀ ਗਈ ਇਸੇ ਕਰਕੇ ਇਹ ਬੱਚਾ ਪੇਟ ਦੀ ਪੀੜਾ ਨਾਲ ਦੁਖੀ ਸੀ) ਅੱਜ ਆਪ ਦੀ ਕ੍ਰਿਪਾ ਹੋਈ ਬੱਚਾ ਅਰੋਗ ਹੋ ਗਿਆ।

ਇਸ ਦੀ ਬੇਨਤੀ ਸੁਣ ਕੇ ਸੰਤ ਜੀ ਮਹਾਰਾਜ ਬੋਲੇ, "ਜਿਸ ਖ਼ੁਦਾ ਨੇ ਤੁਹਾਡਾ ਲੜਕਾ ਰਾਜ਼ੀ ਕੀਤਾ ਹੈ ਤੁਸੀਂ ਉਸ ਨੂੰ ਯਾਦ ਕਰੋ। ਨੇਕੀ ਵਾਲੇ ਕੰਮ ਕਰਿਆ ਕਰੋ, ਨਮਾਜ਼ਾਂ ਪੜ੍ਹੋ, ਹਿੰਦੂ ਜਨਤਾ ਦੀ ਰਖਵਾਲੀ ਕਰੋ ਜਿਸ ਕਰਕੇ ਅੱਗੇ ਵਾਸਤੇ ਵੀ ਕਦੀ ਤਕਲੀਫ਼ ਨਹੀਂ ਆਵੇਗੀ, ਖ਼ੁਦਾ ਤੁਹਾਡਾ ਭਲਾ ਕਰੇਗਾ ।" ਉਸ ਸਮੇਂ ਖ਼ਾਨ ਨੇ ਹੱਥ ਜੋੜੇ ਤੇ ਸਤ

ਬਚਨ ਆਖਿਆ, ਫੇਰ ਸੰਤਾਂ ਨੂੰ ਨਮਸ਼ਕਾਰ ਕਰਕੇ ਬੱਚੇ ਸਮੇਤ ਘਰ ਚਲਾ ਗਿਆ। ਅੱਗੇ ਵਾਸਤੇ ਬੜਾ ਨੇਕ ਦਿਲ ਬਣ ਗਿਆ। ਜਿਤਨੇ ਦਿਨ ਸੰਤ ਜੀ ਮਹਾਰਾਜ ਏਥੇ ਰਹੇ ਬੜੇ ਪ੍ਰੇਮ ਨਾਲ ਸੇਵਾ ਕਰਦਾ ਰਿਹਾ।

*ਦੋਹਰਾ: ਵਰਤਮਾਨ ਭਾਵੀ ਵਿਪਤਿ ਸੰਤ ਸੇਵ ਤੇ ਨਾਸ।*
*ਜਯੋਂ ਗੰਗੋਦਕ ਅਚਨ ਤੇ ਦੁਰਗਤ ਪਿਆਸ ਵਿਨਾਸ।*

ਤਥਾ:

*ਤੇਰੇ ਜਿਹਾ ਨਾ ਦਿਲ ਦਰਿਆ ਕੋਈ,*
*ਟੋਲ ਡਿਠਾ ਮੈਂ ਜਗ ਜਹਾਨ ਸਾਰਾ।*
*ਆਕੜਖਾਨਾਂ ਦੀਆਂ ਧੌਣਾਂ ਵੀ ਝੁਕ ਜਾਵਣ,*
*.ਗਰੀਬੀ ਧਾਰਕੇ ਪਾਂਵਦਾ ਮਾਨ ਸਾਰਾ।*
*ਤੇਰੇ ਵਿੱਚ ਅਕਾਲ ਨੇ ਜੌਹਰ ਭਰਿਆ,*
*ਤੇਰੇ ਜੇਹਾ ਵੀ ਕੋਈ ਨਾ ਨਜ਼ਰ ਆਇਆ।*
*ਤੇਰੇ ਮੁਖ ਦੀ ਲਾਲੀ ਨੇ ਰੋਹਬ ਪਾਇਆ,*
*ਤੇਰੇ ਜੇਹਾ ਨਾ ਹੋਰ ਕਿਸੇ ਮਾਂ ਜਾਇਆ।*
*ਪਾਰਸ ਬੱਟੀ ਜੋ ਮੁਲਕ ਦੇ ਹੱਥ ਲੱਗੀ,*
*ਸੋਈ ਤਰ ਗਏ ਜੋਈ ਮਨਾਣ ਲੱਗੇ।*
*ਤੇਰੇ ਚਰਣਾਂ ਦੀ ਧੂੜੀ ਦੀ ਧੂੜ ਬਣ ਜਾਂ,*
*ਨਿਗਾ ਮੇਹਰ ਦੀ ਜੇਕਰਾਂ ਪਾਣ ਲੱਗੇ।* *(ਲੇਖਕ)*

# ਅਕੋੜੇ ਨਗਰ ਦੀ ਮਾਈ ਗੁਲਾਬੀ

ਸੈਦੂ ਤੋਂ ਥੋੜ੍ਹੀ ਦੂਰ ਤੇ ਇੱਕ ਅਕੋੜਾ ਨਾਮੀ ਨਗਰ ਹੈ, ਏਥੋਂ ਦੇ ਰਹਿਣ ਵਾਲੀ ਇੱਕ ਮਾਈ ਜਿਸ ਦਾ ਨਾਮ ਗੁਲਾਬੀ ਸੀ। ਇਹ ਪੁੱਤਰ, ਧੀਆਂ, ਨੂੰਹਾਂ, ਦੋਹਤੇ, ਪੋਤਰੇ, ਪੋਤੀਆਂ ਦੇ ਸਮੇਤ ਬੜੇ ਪ੍ਰਵਾਰ ਵਾਲੀ ਸੀ, ਘਰ ਵਾਲਾ ਵੀ ਅਜੇ ਜਿਊਂਦਾ ਸੀ, ਪੁੱਤਰ ਨੇਕ ਖ਼ਿਆਲੀ ਸਨ। ਇਹ ਪਿਛਲੇ ਪੁੰਨਾਂ ਦਾ ਸਦਕਾ ਹਰ ਸਮੇਂ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਆਖਦੀ ਰਿਹਾ ਕਰੇ।

ਘਰ ਵਿੱਚ ਇੱਕ ਵੱਖਰਾ ਕਮਰਾ ਤਿਆਰ ਕਰਕੇ ਵਿੱਚ ਮਹਾਰਾਜ ਦਾ ਸਰੂਪ ਪ੍ਰਕਾਸ਼ ਕੀਤਾ ਹੋਇਆ ਸੀ। ਇੱਥੇ ਹਰ ਸਮੇਂ ਸ੍ਰੀ ਅਖੰਡ ਪਾਠ ਜਾਰੀ ਰਹਿੰਦਾ। ਇੱਕ ਪਾਸੇ ਗੁਰੂ ਨਾਨਕ ਦੇਵ ਜੀ ਦੀ ਬੜੀ ਸੁੰਦਰ ਫੋਟੋ ਸੰਗਮਰਮਰ ਦੀ ਬਣਵਾਕੇ ਰੱਖੀ ਹੋਈ ਸੀ। ਹਰੇਕ ਮਹੀਨੇ ਸੰਗਰਾਂਦ ਵਾਲੇ ਦਿਨ ਘਰ ਵਿੱਚ ਜੋੜ-ਮੇਲਾ ਕਰਨਾ। ਜੇਕਰ ਮਹਾਰਾਜ ਦੀ ਹਜ਼ੂਰੀ ਵਿੱਚ ਕੋਈ ਨਕਦੀ ਮਾਇਆ ਮੱਥਾ ਟੇਕੇ ਤਾਂ ਰੋਕ ਦੇਣਾ ਅਤੇ ਉਸਦੀ ਭੇਟਾ ਕੀਤੀ ਹੋਈ ਮਾਇਆ ਵੀ ਸਤਿਗੁਰਾਂ ਅੱਗੋਂ ਚੁੱਕਕੇ ਉਸਨੂੰ ਫੜਾ ਦੇਣੀ। ਜੋ ਕੋਈ ਪ੍ਰਸ਼ਾਦ ਲਿਆਕੇ ਚੜ੍ਹਾਵੇ ਤਾਂ ਉਹ ਸਾਰਿਆਂ ਵਿੱਚ ਵਰਤਾ ਦੇਣਾ। ਰੋਜ਼ ਹੀ ਸੰਗਤ ਦਾ ਇਕੱਠ ਰਹੇ। ਅੱਠੇ ਪਹਿਰ ਲੰਗਰ ਚਲੇ ਪਰ ਮੰਗਣਾ ਕਿਸੇ ਤੋਂ ਕੁਝ ਨਹੀਂ। ਪੁੱਤਰ ਜਾਂ ਪਤੀ ਤੋਂ ਵੀ ਕੁਝ ਨਹੀਂ ਲੈਣਾ, ਨਾ ਕਿਸੇ ਸ਼ਹਿਰ ਜਾਂ ਪਿੰਡੋਂ ਵੀ ਸੰਗਤ ਪਾਸੋਂ ਉਗਰਾਹੀ ਕਰਨੀ। ਜੇ ਕਦੇ ਕੋਈ ਵਸਤੂ ਬਾਹਰੋਂ ਆਵੇ, ਜੋ ਕਿਸੇ ਤੋਂ ਕੁਝ ਲਿਆਵੇ ਨਕਦ ਮਾਇਆ ਦੇ ਕੇ ਖ਼ਰੀਦੇ ਅਤੇ ਜੇ ਬੁੱਢੇ ਬੈਲ ਜਾਂ ਕਮਜ਼ੋਰ ਘੋੜੇ ਦੇਖਣੇ ਉਨ੍ਹਾਂ ਨੂੰ ਸੇਰ-ਸੇਰ ਦਾਣਾ ਪਾਉਣਾ, ਛੋਟੇ-ਛੋਟੇ ਕੁੱਤਿਆਂ ਦੇ ਬੱਚਿਆਂ ਨੂੰ ਦੁੱਧ ਪਿਲਾਉਣਾ, ਪੰਛੀਆਂ ਨੂੰ ਚੋਗਾ ਖੁਲਾਉਣਾ।

ਇਸ ਤਰ੍ਹਾਂ ਹੋਰ ਵੀ ਦਾਨ-ਪੁੰਨ ਬੜਾ ਕਰਿਆ ਕਰਦੀ ਪਰ ਕਿਸੇ ਨੂੰ ਏਸ ਗੱਲ ਦਾ ਭੇਤ ਨਾ ਲੱਗਾ ਕਿ ਇਹ ਮਾਇਆ ਆਉਂਦੀ ਕਿਥੋਂ ਹੈ? ਜੇ ਕੋਈ ਆ ਕੇ ਪੁੱਛੇ ਤਾਂ ਕਹਿੰਦੀ ਧੰਨ ਗੁਰੂ ਨਾਨਕ ਦੀ ਕ੍ਰਿਪਾ ਹੈ। ਇਸੇ ਤਰ੍ਹਾਂ ਪਠਾਣ ਪਠਾਣੀਆਂ ਆਉਣ ਤਾਂ ਉਨ੍ਹਾਂ ਨੂੰ ਵੀ ਇਹੋ ਹੀ ਆਖਣਾ, ਧੰਨ ਗੁਰੂ ਨਾਨਕ, ਅੱਲਾ ਤਾਲਾ। ਇਉਂ ਇਹ ਮਾਈ ਇਸ ਇਲਾਕੇ ਵਿੱਚ ਚੰਗੀ ਮਸ਼ਹੂਰ ਸੀ।

ਅੱਜ ਬਾਬਾ ਅਤਰ ਸਿੰਘ ਜੀ ਮਹਾਰਾਜ ਦੀ ਸਿਫ਼ਤ ਸੁਣਕੇ ਆਪਣੇ ਨਾਲ ਬਹੁਤ ਸਾਰੀ ਸੰਗਤ ਨੂੰ ਲੈ ਕੇ ਸ਼ਬਦ ਪੜ੍ਹਦੀ ਸੈਦੂ ਨਗਰ ਦਰਸ਼ਨਾਂ ਨੂੰ ਆਈ। ਏਧਰੋਂ ਜਾਣੀ ਜਾਣ ਦਾਤੇ ਨੇ ਅੱਜ ਸਵੇਰੇ ਹੀ ਗੁਰਦੁਆਰੇ ਤੋਂ ਜਿੱਥੇ ਆਪ ਬਾਹਰ ਬੈਠਿਆ ਕਰਦੇ, ਉਥੇ ਸਾਜ ਮੰਗਵਾ ਲਏ। ਪਰ ਇਸ ਗੱਲ ਦਾ ਸੰਤਾਂ ਬਗ਼ੈਰ ਹੋਰ ਕਿਸੇ ਪ੍ਰੇਮੀ ਨੂੰ ਕੋਈ ਪਤਾ ਨਹੀਂ ਕਿ ਦਰਸ਼ਨਾਂ ਨੂੰ ਸੰਗਤ ਆ ਰਹੀ ਹੈ। ਅੰਤਰਜਾਮੀ ਮਹਾਂ-ਪੁਰਸ਼ਾਂ ਨੇ ਸੰਗਤ ਦੇ ਆਉਣ ਤੋਂ ਪਹਿਲਾਂ ਹੀ ਕੀਰਤਨ ਸ਼ੁਰੂ ਕਰਵਾ ਲਿਆ। ਇਤਨੇ ਨੂੰ ਮਾਈ ਗੁਲਾਬੀ ਅਤੇ ਅਕੋੜੇ ਦੀ ਸੰਗਤ ਵੀ ਆ ਗਈ। ਸਾਰੇ ਹੀ ਪ੍ਰੇਮੀ ਭਾਵਨਾ ਨਾਲ ਨਮਸ਼ਕਾਰ ਕਰਕੇ ਪ੍ਰੇਮ ਨਾਲ ਪਾਸ ਬੈਠ ਗਏ। ਕੀਰਤਨ ਗੁਰੂ ਕੀ ਬਾਣੀ ਦਾ, ਕਿਨਾਰਾ ਦਰਿਆ ਦਾ, ਜਗ੍ਹਾ ਵੀ ਉਹ ਭਾਗਾਂ ਵਾਲੀ ਜਿਸ ਧਰਤੀ ਨੂੰ ਬਾਬਾ ਕਰਮ ਸਿੰਘ ਜੀ ਨੇ ਆਪ ਨਿਵਾਜ਼ਿਆ, ਏਸੇ ਹੀ ਥਾਂ ਵੱਡੇ ਸੰਤ ਪੱਥਰ ਨਾਲ ਢੋਅ ਲਾ ਕੇ ਨੌਂ ਦਿਨ ਸਮਾਧੀ ਵਿੱਚ ਟਿਕੇ ਸਨ। ਬੱਸ ਬੈਕੁੰਠ ਦੀ ਝਾਕੀ ਦ੍ਰਿਸ਼ਟੀ ਆਵੇ, ਸ਼ਬਦ ਸੀ:

ਤੇਰਾ ਜਨੁ ਰਾਮ ਰਸਾਇਣਿ ਮਾਤਾ ॥

(ਪੰਨਾ ੫੩੨)

ਜਦੋਂ ਇਹ ਤੁਕ ਆਈ:

ਸਫਲੁ ਜਨਮੁ ਹਰਿ ਜਨ ਕਾ ਉਪਜਿਆ
ਜਿਨਿ ਕੀਨੋ ਸਉਤੁ ਬਿਧਾਤਾ ॥

(ਪੰਨਾ ੫੩੨)

ਇਨ੍ਹਾਂ ਦੇ ਮਨ ਦਾ ਖ਼ਿਆਲ ਜਾਣਕੇ ਕਿ ਕੁਛ ਬਚਨ ਸੁਣਨਾ ਚਾਹੁੰਦੇ ਹਨ ਤਾਂ ਸੰਤ ਜੀ ਮਹਾਰਾਜ ਨੇ ਰਾਗੀ ਲਾਲ ਸਿੰਘ ਨੂੰ ਹੁਕਮ ਕੀਤਾ ਕਿ ਤੁਸੀਂ ਇਨ੍ਹਾਂ ਤੁਕਾਂ ਦੀ ਵਿਆਖਿਆ ਕਰਕੇ ਸੰਗਤ ਨੂੰ ਸਮਝਾ ਦਿਉ। ਹਜ਼ੂਰ ਦੀ ਆਗਿਆ ਪਾ ਕੇ ਇਨ੍ਹਾਂ ਨੇ ਵਿਚਾਰ ਸੁਣਾਈ ਕਿ ਸੰਗਤ ਜੀ! ਧੰਨ ਹਨ ਪ੍ਰਮੇਸ਼ਰ ਦੇ ਪਿਆਰੇ ਜਿਨ੍ਹਾਂ ਨੇ ਵਾਹਿਗੁਰੂ ਦਾ ਨਾਮ ਜਪਕੇ ਵਿਧਾਤੇ ਨੂੰ ਸਉਤਰਾ ਕਰ ਦਿੱਤਾ। ਸੰਤਾਂ ਕਰਕੇ ਹੀ ਪ੍ਰਮੇਸ਼ਰ ਪੁੱਤਰਾਂ ਵਾਲਾ ਹੈ। ਧੰਨ ਬਾਬਾ ਕਰਮ ਸਿੰਘ ਜੀ ਹਨ ਜਿਨ੍ਹਾਂ ਨੇ ਏਸ ਇਲਾਕੇ ਨੂੰ ਭਾਗ ਲਾਇਆ ਅਤੇ ਉਨ੍ਹਾਂ ਦੀ ਸਾਰੇ ਇਲਾਕੇ ਵਿੱਚ ਧੰਨ ਧੰਨ ਹੋ ਰਹੀ ਹੈ।

ਉਸ ਸਮੇਂ ਮਾਈ ਗੁਲਾਬੀ ਨੇ ਅਰਜ਼ ਕੀਤੀ ਕਿ ਸੰਤ ਅਤਰ ਸਿੰਘ ਜੀ ਤੇ ਬਾਬਾ ਕਰਮ ਸਿੰਘ ਜੀ ਵਿੱਚ ਕੀ ਫਰਕ ਹੈ? ਇੱਕੋ ਤਾਂ ਰੂਪ ਹਨ। ਕਿਉਂ ਸੰਗਤ ਜੀ? ਸੰਗਤ ਵਿੱਚੋਂ ਆਵਾਜ਼ ਆਈ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਜੈ! ਬਾਬਾ ਆਇਆ ਸਿੰਘ ਜੀ ਦੀ ਜੈ! ਬਾਬਾ ਅਤਰ ਸਿੰਘ ਜੀ ਦੀ ਜੈ!

ਉਸ ਸਮੇਂ ਮਾਈ ਨੇ ਖੜ੍ਹਿਆਂ ਹੋ ਕੇ ਸੰਤਾਂ ਅੱਗੇ ਹੱਥ ਜੋੜੇ ਤੇ ਅਰਜ਼ ਕੀਤੀ, "ਮਹਾਰਾਜ! ਕ੍ਰਿਪਾ ਕਰਕੇ ਦੱਸੋ ਪੁਰਖ ਖਰਾ ਕਿ ਨਾਰੀ?" ਸੰਗਤ ਬੋਲੀ, "ਮਹਾਰਾਜ! ਖੋਲ੍ਹ ਕੇ ਦੱਸੋ ਸਾਡੇ ਪੱਲੇ ਕੁਝ ਨਹੀਂ ਪਿਆ। ਇਨ੍ਹਾਂ ਗੁਝੀਆਂ ਰਮਜ਼ਾਂ ਨੂੰ ਅਸੀਂ ਨਹੀਂ ਸਮਝ ਸਕੇ।" ਸੰਤ ਜੀ ਮਹਾਰਾਜ ਕਹਿਣ ਲੱਗੇ, "ਸੰਗਤ ਜੀ! ਪੁਰਖ ਤਾਂ ਭਗਵਾਨ ਹੈ ਤੇ ਨਾਰੀ ਹੈ ਭਗਤੀ, ਦੋਵੇਂ ਹੀ ਸ੍ਰੇਸ਼ਟ ਹਨ ਕਿਉਂਕਿ ਭਗਤੀ ਦੇ ਕੀਤਿਆਂ ਹੀ ਉਸਦੀ ਪ੍ਰਾਪਤੀ ਹੁੰਦੀ ਹੈ।" ਫੇਰ ਮਾਈ ਨੇ ਬੇਨਤੀ ਕੀਤੀ, "ਮਹਾਰਾਜ! ਅੰਧੇਰਾ ਮਿਟਕੇ ਉਜਾਲਾ ਕਿਵੇਂ ਹੋਵੇ? ਸੰਤਾਂ ਉੱਤਰ ਦਿੱਤਾ ਕਿ ਅੰਧੇਰਾ ਤਾਂ ਰੌਸ਼ਨੀ ਨਾਲ ਹੀ ਦੂਰ ਹੋਣਾ ਹੈ।

ਦੀਵਾ ਬਲੈ ਅੰਧੇਰਾ ਜਾਇ ॥
ਬੇਦ ਪਾਠ ਮਤਿ ਪਾਪਾ ਖਾਇ ॥

(ਪੰਨਾ ੭੯੧)

ਸੰਗਤ ਫੇਰ ਬੋਲੀ, "ਦਾਤਾ! ਕ੍ਰਿਪਾ ਕਰਕੇ ਜ਼ਰਾ ਖੋਲ੍ਹਕੇ ਦੱਸੋ, ਇਸ ਇਸ਼ਾਰੇ ਨੂੰ ਵੀ ਅਸੀਂ ਜਾਣ ਨਹੀਂ ਸਕੇ।" ਸੰਤਾਂ ਨੇ ਆਖਿਆ, "ਅੰਧੇਰਾ ਅਗਿਆਨ, ਚਾਨਣ ਗਿਆਨ ਦਾ ਸੋ ਗੁਰੂ ਕ੍ਰਿਪਾ ਦੁਆਰਾ ਹੀ ਨਾਮ ਜਪਕੇ ਅਗਿਆਨ ਮਿਟਦਾ ਹੈ ਤੇ ਗਿਆਨ ਦਾ ਉਜਾਲਾ ਹੁੰਦਾ ਹੈ। ਜਿਸ ਪ੍ਰਕਾਸ਼ ਦੀ ਸਦਰਸ਼ਤਾ ਕ੍ਰੋੜਾਂ ਸੂਰਜ ਵੀ ਨਹੀਂ ਕਰ ਸਕਦੇ।"

ਨਾਮੁ ਜਪਤ ਕੋਟਿ ਸੂਰ ਉਜਾਰਾ
ਬਿਨਸੈ ਭਰਮੁ ਅੰਧੇਰਾ ॥

(ਪੰਨਾ ੭੦੦)

ਮਾਈ ਫੇਰ ਬੋਲੀ ਜੈ ਬਾਬਾ ਕਰਮ ਸਿੰਘ ਜੀ ਦੀ! ਜੈ ਬਾਬਾ ਅਤਰ ਸਿੰਘ ਜੀ ਦੀ! ਧੰਨ ਗੁਰੂ ਨਾਨਕ! ਫੇਰ ਉਸੇ ਥਾਂ ਬੈਠ ਗਈ ਅਤੇ ਸ਼ਬਦ ਪੜ੍ਹਿਆ:

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥

(ਪੰਨਾ ੬੧੪)

ਜਦੋਂ ਇਹ ਤੁਕ ਆਈ:

ਹਮ ਸੰਤਨ ਸਿਉ ਬਣਿ ਆਈ ॥
ਪੂਰਬਿ ਲਿਖਿਆ ਪਾਈ ॥

(ਪੰਨਾ ੬੧੪)

ਤਾਂ ਮਾਈ ਵਾਰੰਵਾਰ ਏਹੋ ਹੀ ਪੰਗਤੀ ਪੜ੍ਹੀ ਜਾਵੇ:

ਮਾਈ ਨੂੰ ਮਸਤੀ ਚੜ੍ਹ ਗਈ, ਫੇਰ ਸੰਤਾਂ ਨੇ ਹੁਕਮ ਕੀਤਾ ਸ਼ਬਦ ਪੂਰਾ ਕਰਕੇ ਕੀਰਤਨ ਦਾ ਭੋਗ ਪਾ ਦਿਓ। ਹਜ਼ੂਰ ਦੀ ਆਗਿਆ ਅਨੁਸਾਰ ਕੀਰਤਨ ਦੀ ਸਮਾਪਤੀ ਹੋਈ। ਫੇਰ ਉਸ ਸਮੇਂ ਬਾਬਾ ਜੀ ਨੇ ਸਾਰੀ ਸੰਗਤ ਵਾਸਤੇ ਲੰਗਰ 'ਚੋਂ ਚਾਹ ਤੇ ਮਿਠਾਈ ਮੰਗਵਾਕੇ ਛਕਾਈ। ਉਪਰੰਤ ਸਾਰੇ ਹੀ ਪ੍ਰੇਮੀ ਮਾਈ ਗੁਲਾਬੀ ਦੇ ਸਮੇਤ ਹਜ਼ੂਰ ਦੀ ਆਗਿਆ ਪਾ ਕੇ ਤੇ ਨਮਸ਼ਕਾਰ ਕਰਕੇ ਸ਼ਬਦ ਪੜ੍ਹਦੇ ਅਕੋੜੇ ਨੂੰ ਚਲੇ ਗਏ। ਸੰਤਾਂ ਨੇ ਮਾਈ ਦੀ ਸੇਵਾ ਨੂੰ ਫ਼ਲ ਲਾਉਣ ਵਾਸਤੇ ਇਸ ਤਰ੍ਹਾਂ ਦੀ ਕ੍ਰਿਪਾ ਕੀਤੀ ਕਿ ਅਗਿਆਨ ਦਾ ਅੰਧੇਰਾ ਹੀ ਮੇਟ ਦਿੱਤਾ ਤੇ ਸਾਰੀ ਉਮਰ ਮਸਤੀ ਨਾ ਉੱਤਰੀ।

ਧੰਨ ਸੰਤ ਜੀ।

-o-

# ਦਸਵਾਂ ਕਾਂਡ

## ਕਾਮਲ ਪੀਰ ਦਾ ਮਿਲਾਪ

'ਸੈਦੂ ਨਗਰ' ਚਸ਼ਮਿਆਂ ਤੋਂ ਉਪਰ ਦਰਿਆ ਦੇ ਕੋਲ ਇੱਕ ਉੱਚੇ ਟਿਬਿਆਂ ਦੇ ਨਾਮ ਕਰਕੇ ਜਗ੍ਹਾ ਪ੍ਰਸਿੱਧ ਹੈ। ਸੰਤ ਜੀ ਮਹਾਰਾਜ ਰਮਣੀਕ ਤੇ ਇਕਾਂਤ ਥਾਂ ਜਾਣਕੇ ਇਸੇ ਪਾਸੇ ਹੀ ਭਜਨ ਕਰਨ ਜਾਇਆ ਕਰਦੇ। ਇੱਕ ਦਿਨ ਦੀ ਵਾਰਤਾ ਹੈ ਕਿ ਸੰਤ ਜੀ ਦੀ ਸ਼ੁਹਰਤ ਸੁਣਕੇ ਇਲਾਕੇ ਚੋਂ ਬਹੁਤ ਸਾਰੇ ਪਿੰਡਾਂ ਦੀ ਸੰਗਤ ਦਰਸ਼ਨਾਂ ਨੂੰ ਪੁੱਜੀ। ਸਭਨਾਂ ਨੇ ਭੇਟਾ ਅਰਪ ਕੇ ਹਜ਼ੂਰ ਦੇ ਚਰਨ ਪਰਸੇ। ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰੀਆਂ। ਸੰਤ ਜੀ ਨੇ ਆਪ ਕੀਰਤਨ ਕੀਤਾ, ਅਮੋਲਕ ਬਚਨ ਸੁਣਾਏ। ਫੇਰ ਦੀਵਾਨ ਦੀ ਸਮਾਪਤੀ ਤੋਂ ਬਾਅਦ ਸਭਨਾਂ ਦੀ ਮੰਗ ਪੂਰੀ ਕੀਤੀ। ਉਪਰੰਤ ਰੋਜ਼ ਦੇ ਨਿਯਮ ਅਨੁਸਾਰ ਨਿਕਟ-ਵਰਤੀ ਸੇਵਾਦਾਰਾਂ ਨੂੰ ਗੁਰਦੁਆਰੇ ਸਾਹਿਬ ਲੰਗਰ ਤਿਆਰ ਕਰਨ ਆਖ ਗਏ। ਰਾਗੀ ਲਾਲ ਸਿੰਘ ਸੰਤਾਂ ਦੇ ਨਾਲ ਸੀ ਅੱਜ ਬਾਬਾ ਜੀ ਇਨ੍ਹਾਂ ਉਚਿਆਂ ਟਿੱਬਿਆਂ ਤੋਂ ਵੀ ਦੋ ਤਿੰਨ ਮੀਲ ਅੱਗੇ ਲੰਘ ਗਏ ਤਾਂ ਫੇਰ ਅਗੇ ਉਤਰਾਈ ਆ ਗਈ, ਉਸ ਉਤਰਾਈ ਨੂੰ ਉੱਤਰਕੇ ਫੇਰ ਚੱਲ ਪਏ। ਅੱਗੇ ਹੋਰ ਵੀ ਨੀਵੀਂ ਥਾਂ ਆ ਗਈ ਤਾਂ ਕੀ ਦੇਖਿਆ ਕਿ ਏਸ ਜਗ੍ਹਾ ਇੱਕ ਕੱਖਾਂ ਦੀ ਕੁੱਲੀ ਵਿੱਚ ਬੜੀ ਬ੍ਰਿਧ ਉਮਰ ਦਾ ਮੁਸਲਮਾਨ ਫ਼ਕੀਰ ਬੈਠਾ ਸੀ। ਦੇਖਣ ਤੇ ਉਮਰ ਸੌ ਸਾਲ ਤੋਂ ਉਪਰ ਜਾਪਦੀ ਸੀ। ਹੱਥ ਵਿੱਚ ਤਸਬੀ ਫੜੀ, ਨੇਤਰ ਬੰਦ, ਚੇਹਰੇ ਤੇ ਜਲਾਲ ਤੇ ਪੂਰਨ ਮਸਤੀ ਵਿੱਚ ਆਖ ਰਿਹਾ ਹੈ, "ਹੇ ਅੱਲ੍ਹਾ ਤਾਲਾ! ਕਿਸੇ ਯਾਦ ਵਾਲੇ ਨੂੰ ਮੇਲ। ਰੱਬੀ ਯਾਦ ਵਾਲੇ ਦਾ ਦੀਦ ਬਖ਼ਸ਼।" ਸੰਤ ਜੀ ਮਹਾਰਾਜ ਦੇ ਕੰਨੀਂ ਆਵਾਜ਼ ਪਈ, ਪਾਸ ਚਲੇ ਗਏ, ਕੁੱਲੀ ਤੋਂ ਬਾਹਰ ਖੜੋ ਗਏ। ਚੁਫੇਰੇ ਦਾ ਵਾਤਾਵਰਨ ਸ਼ਾਂਤ ਹੈ, ਮਿੱਠੀ ਤੇ ਧੀਮੀਂ ਆਵਾਜ਼ ਉਸੇ ਤਰ੍ਹਾਂ ਜਾਰੀ ਹੈ।

ਇਉਂ ਜਦੋਂ ਸੰਤਾਂ ਨੂੰ ਬਾਹਰ ਖੜ੍ਹਿਆਂ ਚਾਰ ਪੰਜ ਮਿੰਟ ਹੋ ਗਏ ਤਾਂ ਉਸ ਫ਼ਕੀਰ ਦੇ ਅੰਦਰ ਕੋਈ ਅਗੰਮੀ ਤਾਰ ਖੜਕੀ ਤੇ ਝੱਟ ਨੇਤਰ ਖੁੱਲ੍ਹ ਗਏ। ਉਸਨੇ ਸੰਤ ਜੀ ਦਾ ਦੀਦਾਰ ਕੀਤਾ, ਮਨ ਖੇੜੇ ਵਿੱਚ ਆ ਗਿਆ। ਉਸ ਸਮੇਂ ਫ਼ਕੀਰ ਕੁੱਲੀ ਚੋਂ ਬਾਹਰ ਆਇਆ ਤੇ ਬੜੀ ਛੇਤੀ ਪਾਸ ਪੁੱਜਾ। ਕੋਲ ਪਈ ਹੋਈ ਪਰਾਲੀ ਵਿਛਾਈ ਤੇ ਸੰਤ ਜੀ ਮਹਾਰਾਜ ਦੇ ਗੋਡੀਂ ਹੱਥ ਲਾ ਕੇ ਸਿਜਦਾ ਕੀਤਾ। ਹਜ਼ੂਰ ਨੂੰ ਪਰਾਲੀ ਤੇ ਬਿਠਾਕੇ ਆਪ ਵੀ ਪਾਸ ਬੈਠ ਗਿਆ ਅਤੇ ਹੱਥ ਜੋੜਕੇ ਅਰਜ਼ ਕੀਤੀ, "ਮੇਰਾ ਅੱਲਾ ਮੀਆਂ ਕਿਤਨਾ ਚੰਗਾ ਹੈ! ਯਾਦ ਵਾਲੇ ਦਾ ਦੀਦ ਮੰਗਿਆ ਤਾਂ ਮੇਰੇ ਅੱਲਾ ਵਲੀ ਨੇ ਢਿੱਲ ਨਹੀਂ ਕੀਤੀ।" ਫੇਰ ਆਖਿਆ, "ਹੇ ਅੱਲ੍ਹਾ ਦੇ ਪਿਆਰੇ! ਮੈਂ ਹਜ਼ੂਰ ਹੋਤੀ ਵਾਲੇ ਮੁਰਸ਼ਦਾਂ ਦਾ ਮੁਰੀਦ ਹਾਂ। ਉਸ ਦਿਨ ਸਕੂਲ ਦੇ ਗਰਾਉਂਡ ਵਿੱਚ ਜਦੋਂ ਆਮ ਲੋਕਾਂ ਦਾ ਇੱਕਠ ਸੀ, ਆਪ ਜੀ ਦਾ ਦੀਦਾਰ ਹੋਇਆ ਤੇ ਖੁਰਦਾ (ਪ੍ਰਸਾਦਿ) ਲਿਆ, ਫੇਰ ਏਥੇ ਹੀ ਆ ਬੈਠਾ। ਜਦੋਂ ਸਮਾਧੀ ਵਿੱਚ ਜੁੜਕੇ ਅੱਲਾ ਦੇ ਦਰ ਦੀ ਹਾਜ਼ਰੀ ਭਰਦੇ ਹਾਂ ਤਾਂ ਉਸੇ ਫ਼ਲ ਯਾਦ ਵਾਲਿਆਂ ਦਾ ਦੀਦ ਹੋ ਜਾਂਦਾ ਹੈ। ਯਾਦ ਵਾਲੇ ਸੰਤ ਯਾਦ ਦੀ ਖ਼ੁਰਾਕ ਵਿੱਚ ਯਾਦ ਦੀ ਖ਼ੁਸ਼ੀ ਵਿੱਚ ਹੀ ਮਸਤ ਰਹਿੰਦੇ ਹਨ। ਇਬਾਦਤ ਕਰ ਰਿਹਾ ਸਾਂ ਚੰਗੇ ਅੱਲਾ ਦੀ ਪਰ ਭੁੱਖ ਨਾ ਉੱਤਰੀ। ਅੱਜ ਸਵੇਰ ਤੋਂ ਹੀ ਚੰਗੇ ਅੱਲਾ ਪਾਸੋਂ ਯਾਦ ਵਾਲਿਆਂ ਦੇ ਦੀਦ ਦੀ ਮੰਗ ਕੀਤੀ ਕਿ ਹੇ ਮੇਰੇ ਪਾਕ ਅੱਲਾ! ਕੋਈ ਯਾਦ ਵਾਲਾ ਭੇਜੋ ਤਕੀਏ ਤੇ। ਦੀਦ ਕਰਾਂ ਤੇ ਪਾਕ ਹੋਈਏ। ਧੰਨ ਹਨ ਮੇਰੇ ਚੰਗੇ ਅੱਲਾ! ਧੰਨ ਹਨ ਯਾਦ ਵਾਲੇ ਜਿਨ੍ਹਾਂ ਦਾ ਦੀਦ ਹੋਇਆ। ਸ਼ੁਕਰ ਹੈ ਅੱਲਾ ਤਾਲਾ ਦਾ।" ਸੰਤਾਂ ਨੇ ਫ਼ਕੀਰ ਦੀ ਮਸਤੀ ਦੇਖੀ ਤੇ ਬਚਨ ਕੀਤਾ, "ਫ਼ਕੀਰ ਸਾਈਂ ਧੰਨ ਹੋ। ਜੋ ਦੀਦ ਮੰਗਦੇ ਹੋ ਤੇ ਅੱਲਾ ਦੀ ਯਾਦ ਵਿੱਚ ਮਸਤ ਹੋ। ਸਾਡਾ ਸਮਰੱਥ ਵਾਹਿਗੁਰੂ ਸਾਂਈ ਲੋਕਾਂ ਦੀ ਹਾਜ਼ਰੀ ਵਿੱਚ ਰਹਿੰਦਾ ਹੈ। ਜੋ ਮੰਗਦੇ ਹਨ ਪੂਰਾ ਕਰਦਾ ਹੈ:

ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥

(ਸ੍ਰੀ ਦਸਮ ਗੰਥ)

ਸਾਈਂ ਨਾਲ ਜੁੜੇ ਰਹੋ ਅਤੇ ਉਸਦੇ ਦੀਦਾਰ ਦਾ ਰਸ ਚੂਸੋ।

ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥

(ਪੰਨਾ ੧੦੨)

ਇਹ ਬਚਨ ਸੁਣਕੇ ਫ਼ਕੀਰ ਗਦ-ਗਦ ਹੋ ਗਿਆ। ਸਾਂਈ ਵਾਲੇ ਇਹ ਨਾਨਕ ਪੀਰ ਦੀ ਕਲਾਮ ਧੰਨ ਹੈ। ਧੰਨ

ਧੰਨ ਸਮਸ਼ ਵਾਲੇ ਤੂੰ ਧੰਨ, ਵਾਹ ਵਾਹ ਠੰਢ ਵਰਤਾ ਦਿੱਤੀ, ਆਸ ਪੂਰੀ ਹੋਈ।

ਉਸ ਸਮੇਂ ਇਸ ਦਾ ਇੱਕ ਮੁਰੀਦ ਬੱਕਰੀ ਲੈ ਆਇਆ ਤਾਂ ਫ਼ਕੀਰ ਨੇ ਅਰਜ਼ ਕੀਤੀ, "ਮੇਰੇ ਸੰਤੋ ! ਅੱਲਾ ਨੇ ਦੁੱਧ ਭੇਜਿਆ ਹੈ ਆਪ ਛਕੋ।" ਸੰਤ ਜੀ ਮਹਾਰਾਜ ਨੇ ਫ਼ਕੀਰ ਦਾ ਮਾਣ ਰੱਖਣ ਵਾਸਤੇ ਨਾਲ ਦੇ ਸੇਵਾਦਾਰ ਨੂੰ ਹੁਕਮ ਕੀਤਾ, "ਆਪਣੇ ਗੜਵੇ 'ਚੋਂ ਅੱਧਾ ਦੁੱਧ ਕੱਢ ਲੈ, ਅੱਧਾ ਫ਼ਕੀਰ ਤੇ ਇਸਦੇ ਮੁਰੀਦ ਵਾਸਤੇ ਛੱਡ ਦੇਹ।" ਬੱਕਰੀ ਦਾ ਦੋ ਸੇਰ ਦੁੱਧ ਸੀ ਹਜ਼ੂਰ ਦੀ ਆਗਿਆ ਪਾ ਕੇ ਇੱਕ ਸੇਰ ਵਿੱਚੋਂ ਲਿਆ, ਇੱਕ ਸੇਰ ਛੱਡ ਦਿੱਤਾ ਜੋ ਫ਼ਕੀਰ ਦੇ ਮੁਰੀਦਾਂ ਨੇ ਕੱਢ ਲਿਆ। ਸੰਤ ਜੀ ਮਹਾਰਾਜ ਨੇ ਕੁਝ ਆਪ ਛਕਿਆ, ਬਾਕੀ ਨਾਲ ਦੇ ਸੇਵਾਦਾਰ ਨੂੰ ਦੇ ਦਿੱਤਾ। ਇਸੇ ਤਰ੍ਹਾਂ ਅੱਧਾ ਦੁੱਧ ਫ਼ਕੀਰ ਅਤੇ ਉਸਦੇ ਮੁਰੀਦ ਦੋਹਾਂ ਨੇ ਵੰਡਕੇ ਛਕਿਆ ਫੇਰ ਸੰਤਾਂ ਆਗਿਆ ਲਈ ਅਤੇ ਲੁੰਢੇ ਦਰਿਆ ਕੰਢੇ ਆ ਗਏ।

ਜਾਣ ਸਮੇਂ ਫ਼ਕੀਰ ਨੇ ਸੰਤਾਂ ਦੇ ਚਰਨ ਛੂਹੇ, ਕਦਮ ਬੋਸੀ ਲਈ ਤੇ ਆਖਿਆ, "ਧੰਨ ਹੋ ਸਾਂਈਂ ਵਾਲੇ ! ਦਿਲ ਮਿੱਠਾ ਕਰ ਚਲੇ ਹੋ।" ਸੇਵਾਦਾਰ ਨੇ ਫ਼ਕੀਰ ਨੂੰ ਪੁੱਛਿਆ, "ਜਨਮ ਕਿਸ ਇਲਾਕੇ ਦਾ ਹੈ ? ਇਸਨੇ ਉੱਤਰ ਦਿੱਤਾ ਹੁਣ ਤਾਂ ਜਨਮ ਮੁਰਸ਼ਦ ਦੇ ਘਰ ਹੋ ਗਿਆ। ਪਹਿਲਾਂ ਇਲਾਕਾ ਪੋਠੋਹਾਰ ਦਾ ਹੈ, ਜਿਥੋਂ ਦੇ ਹੋਤੀ ਵਾਲੇ ਮੁਰਸ਼ਦ ਸਨ। ਇੱਕੋ ਦੇਸ਼ ਦੇ ਵਾਸੀ ਹਾਂ।" ਉਸ ਸਮੇਂ ਤਾਂ ਹਜ਼ੂਰ ਚੁੱਪ ਰਹੇ ਪਰ ਰਸਤੇ ਵਿੱਚ ਏਕਤਾ ਦੀ ਸਿੱਖਿਆ ਦੇ ਦਾਤੇ ਨੇ ਆਖਿਆ, ਸਾਈਂ ਨਾਲ ਕੋਈ ਸਾਂਝ ਤੇ ਪ੍ਰੇਮ ਪਾਵੇ ਉਥੇ ਜਾਤੀ ਤੇ ਇਲਾਕੇ ਦਾ ਸਵਾਲ ਨਹੀਂ ਕਰੀਦਾ। ਫ਼ਕੀਰ ਬੰਦਗੀ ਵਾਲਾ ਹੈ ਕਹਿੰਦਾ ਸੀ ਅੱਲਾ ਤਾਲਾ ਨੇ ਮੇਹਰ ਕਰਕੇ ਬਾਰਾਂ ਮਹੀਨੇ ਦੁੱਧ ਦੇਣ ਵਾਲੀ ਬੱਕਰੀ ਬਖ਼ਸ਼ ਦਿੱਤੀ। ਧੂੰਆਂ ਧੁਖਾਉਣਾ ਨਹੀਂ ਪੈਂਦਾ। ਚੱਕੀ ਪੀਹਣੀ ਨਹੀਂ ਪੈਂਦੀ। ਕੇਵਲ ਅੱਠੀਂ ਪਹਿਰੀਂ ਇੱਕ ਟਾਇਮ ਹਮੇਸ਼ਾਂ ਦੁੱਧ ਹੀ ਪੀਂਦਾ ਹਾਂ। ਏਹੋ ਜਿਹੇ ਸਾਈਂ ਦੇ ਪਿਆਰੇ ਧੰਨ ਹਨ।

# ਭਾਈ ਅਤਰ ਸਿੰਘ ਦੀ ਭਾਵਨਾ ਪੂਰੀ ਕੀਤੀ

ਸੈਦੂ ਦੇ ਪਾਸ ਜਹਾਂਗੀਰੇ ਨਗਰ ਦੇ ਰਹਿਣ ਵਾਲਾ ਪ੍ਰੇਮੀ ਜਿਸਦਾ ਨਾਮ ਭਾਈ ਅਤਰ ਸਿੰਘ ਸੀ, ਇਸਦਾ ਪਿਤਾ ਹੋਤੀ ਮਰਦਾਨ ਵਾਲੇ ਸੰਤਾਂ ਦਾ ਅਨਿੰਨ ਸੇਵਕ ਸੀ। ਉਹ ਕਈ-ਕਈ ਮਹੀਨੇ ਪਾਸ ਰਹਿਕੇ ਡੇਰੇ ਦੀ ਸੇਵਾ ਕਰਦਾ। ਇਸਦੀ ਸੇਵਾ ਤੇ ਪ੍ਰਸੰਨ ਹੋ ਕੇ ਇੱਕ ਦਿਨ ਸੰਤਾਂ ਨੇ ਬਚਨ ਕੀਤਾ, "ਮਨ ਵਿੱਚ ਕੀ ਇੱਛਾ ਹੈ?" ਤਾਂ ਇਸਨੇ ਅਰਜ਼ ਕੀਤੀ, "ਹਜ਼ੂਰ ਆਪਦੇ ਦੀਦ ਹੀ ਚਾਹਨਾ ਹੈ ਕਿ ਚਾਹਨਾ ਨਾ ਫੁਰੇ! ਮੇਹਰ ਕਰਕੇ ਕੋਈ ਯਾਦਗਾਰ ਬਖ਼ਸ਼ੋ।" ਉਸ ਸਮੇਂ ਸੰਤਾਂ ਨੇ ਆਪਣੀ ਇੱਕ ਕਫ਼ਨੀ ਇੱਕ ਧੋਤੀ ਆਸਨ ਤੇ ਇੱਕ ਲੱਕੜ ਦੇ ਦਸਤੇ ਵਾਲੀ ਰੰਬੀ (ਜਿਸ ਨਾਲ ਆਪ ਗੁਫ਼ਾ ਦੀ ਮਿੱਟੀ ਪੁੱਟਕੇ ਸਾਫ਼ ਕੀਤਾ ਕਰਦੇ) ਇਸਨੂੰ ਬਖ਼ਸ਼ੀ। ਇਹ ਸਾਰੀਆਂ ਚੀਜ਼ਾਂ ਇਸਨੇ ਬੜੀ ਸ਼ਰਧਾ ਨਾਲ ਆਪਣੇ ਘਰ ਅਲਮਾਰੀ ਵਿੱਚ ਲਿਆ ਰੱਖੀਆਂ। ਭਾਵਨਾ ਨਾਲ ਰੋਜ਼ ਦੀਦਾਰ ਕਰੇ ਤੇ ਮੱਥਾ ਟੇਕੇ। ਇੱਕ ਦਿਨ ਇਹ ਸੈਦੂ ਨਗਰ ਤੋਂ ਬੇਨਤੀ ਕਰਕੇ ਬਾਬਾ ਜੀ ਨੂੰ ਆਪਣੇ ਘਰ ਲੈ ਗਿਆ ਅਤੇ ਅਦਬ ਸਤਿਕਾਰ ਨਾਲ ਵੱਡੇ ਸੰਤਾਂ ਦੀ ਬਖ਼ਸ਼ਿਸ਼ ਦੇ ਦਰਸ਼ਨ ਕਰਵਾਏ। ਉਸ ਸਮੇਂ ਪਿਆਰੇ ਦੇ ਹੱਥਾਂ ਦੀ ਯਾਦਗਾਰ ਨਿਸ਼ਾਨੀ ਦੇਖਕੇ ਬਾਬਾ ਜੀ ਦੇ ਅੰਦਰੋਂ ਵੈਰਾਗ ਛੁੱਟ ਪਿਆ। ਸੀਸ ਅਲਮਾਰੀ ਨਾਲ ਲਾ ਕੇ ਕਾਫ਼ੀ ਚਿਰ ਰੁਦਨ ਕੀਤਾ। ਭਾਵੇਂ ਪੂਰਨ ਗਿਆਨਵਾਨ ਹੈ, ਖ਼ੁਸ਼ਕ ਤੇ ਕਿਤਾਬੀ ਗਿਆਨ ਨਹੀਂ। ਉਸ ਪ੍ਰਥਾਇ ਤਾਂ ਹਜ਼ੂਰ ਦਾ ਇਉਂ ਹੁਕਮ ਹੈ:

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥
ਹਰਿ ਦਰਗਹ ਕਹੁ ਕੈਸੇ ਗਵੈ ॥

(ਪੰਨਾ ੨੭੮)

ਇਉਂ ਪ੍ਰੇਮ ਸਹਿਤ ਗਿਆਨ ਵਾਲੇ ਹਿਰਦੇ ਚੋਂ ਵੈਰਾਗ ਦਾ ਉਛਾਲਾ ਆਇਆ। ਮੁਖੀ ਸੇਵਕਾਂ ਅਰਜ਼ ਕੀਤੀ, "ਮਹਾਰਾਜ! ਆਪ ਵੀ ਉਹੋ ਹੀ ਸਰੂਪ ਹੋ ਵੈਰਾਗ ਕਿਉਂ ਰਹੇ ਹੋ? ਆਪ ਜੀ ਦੇ ਅੰਦਰ ਬਾਹਰ ਸੰਤ ਇਸਥਿਤ ਹਨ।" ਹਜ਼ੂਰ ਨੇ ਬਚਨ ਕੀਤਾ ਕਿ ਧੰਨ ਹੈ ਇਹ ਕਾਠ ਦੀ ਰੰਬੀ ਜਿਸਨੂੰ ਸੰਤਾਂ ਨੇ ਹਮੇਸ਼ਾਂ ਹੀ ਆਪਣੇ ਪਾਵਨ ਹੱਥਾਂ ਵਿੱਚ ਰੱਖਕੇ ਇਸ ਤੋਂ ਸੇਵਾ ਲਈ। ਇਸ ਤੋਂ ਬਾਅਦ ਘਰ ਵਾਲੇ ਪ੍ਰੇਮੀਆਂ ਦਾ ਪ੍ਰੇਮ ਪੂਰਾ ਕਰਕੇ ਇਨ੍ਹਾਂ ਤੋਂ ਆਗਿਆ ਲੈ ਕੇ ਦਰਿਆ ਦੇ ਕਿਨਾਰੇ-ਕਿਨਾਰੇ ਰੋਜ਼ ਬੈਠਣ ਵਾਲੀ ਥਾਂ ਤੇ ਸੈਦੂ ਆ ਗਏ।

# ਪੰਜਾਬ ਨੂੰ ਵਾਪਸੀ

ਇਉਂ ਸੈਦੂ ਦੇ ਸਾਲਾਨਾ ਜੋੜ ਮੇਲੇ ਤੋਂ ਬਾਅਦ ਕਾਫ਼ੀ ਸਮਾਂ ਸੰਤ ਜੀ ਮਹਾਰਾਜ ਨੂੰ ਸੰਗਤ ਨੇ ਪ੍ਰੇਮ ਕਰਕੇ ਆਪਣੇ ਪਾਸ ਟਿਕਾ ਰੱਖਿਆ। ਨਾਲ ਦੇ ਸਾਥੀ ਹੈਰਾਨ ਸਨ ਕਿ ਸੰਗਤ ਤਾਂ ਪਹਿਲਾਂ ਵੀ ਜੋੜ-ਮੇਲੇ ਤੇ ਆਇਆਂ ਸੰਤਾਂ ਨੂੰ ਇਸੇ ਤਰ੍ਹਾਂ ਹੀ ਬੇਨਤੀ ਕਰਦੀ ਪਰ ਐਤਕੀਂ ਇਨ੍ਹਾਂ ਦੀ ਅਰਜ਼ ਸੰਤਾਂ ਨੇ ਛੇਤੀ ਮਨਜ਼ੂਰ ਕਰ ਲਈ ਖਬਰੇ ਉਨ੍ਹਾਂ ਦੇ ਮਨ ਅੰਦਰ ਕੀ ਹੈ? ਸਾਧੂ ਦੀ ਗਤੀ ਨੂੰ ਕੌਣ ਜਾਣ ਸਕਦਾ ਹੈ। ਬਾਬਾ ਬਿਸ਼ਨ ਸਿੰਘ, ਸੰਤ ਭਗਵਾਨ ਸਿੰਘ ਤੇ ਹੋਰ ਨਾਲ ਦੇ ਸਾਥੀ ਰੋਜ਼ ਬੇਨਤੀਆਂ ਕਰਦੇ ਸਨ ਕਿ ਮਹਾਰਾਜ ਆਪ ਵਾਪਸ ਚਲੋ। ਪਿਛਲੇ ਪ੍ਰੇਮੀਆਂ ਦਾ ਪ੍ਰੇਮ ਤੱਕੋ। ਰੇਰੂ ਸਾਹਿਬ ਵੱਲੋਂ ਵੀ ਏਸੇ ਦੌਰਾਨ ਵਿੱਚ ਸੰਤਾਂ ਪਾਸ ਕਈ ਪੱਤ੍ਰਕਾ ਪੁੱਜੀਆਂ। ਜਿਨ੍ਹਾਂ ਨੇ ਗੰਭੀਰਤਾ ਵਾਲੇ ਹਿਰਦੇ ਵਿੱਚ ਵਿਖਸ਼ੇਪਤਾ ਪੈਦਾ ਕਰ ਦਿੱਤੀ। ਇਤਨੇ ਨੂੰ ਗੁਰਦੁਆਰੇ ਦੀ ਸੰਗਤ ਦੇ ਭੇਜੇ ਪੰਜਾਬ ਦੇ ਸਿੰਘ ਵੀ ਚਲੇ ਗਏ। ਉਨ੍ਹਾਂ ਨੇ ਹਜ਼ੂਰ ਦੇ ਪਾਵਨ ਚਰਨਾਂ ਤੇ ਨਮਸ਼ਕਾਰ ਕਰਕੇ ਅਰਜ਼ ਕੀਤੀ, "ਮਹਾਰਾਜ! ਆਪ ਜੀ ਦੇ ਦਰਸ਼ਨਾਂ ਬਗ਼ੈਰ ਸੰਗਤ ਬੜੀ ਉਦਾਸ ਹੈ। ਆਪ ਕ੍ਰਿਪਾ ਕਰਕੇ ਛੇਤੀ ਵਾਪਸ ਚਲੋ," ਤਾਂ ਉਸ ਸਮੇਂ ਆਪ ਜੀ ਨੇ ਵਾਪਸ ਆਉਣ ਦੀ ਤਿਆਰੀ ਕਰ ਲਈ।

*ਬੈਂਤ: ਇਉਂ ਕਰ ਉਪਕਾਰ ਦਾਤਾਰ ਡਾਢੇ, ਸੈਦੂ ਨਗਰੋਂ ਫੇਰ ਤਿਆਰ ਹੋਏ।*
*ਗੱਡੀ ਬੈਠਕੇ ਹਸਨ ਅਬਦਾਲ ਪੁਜੇ, ਪੰਜੇ ਸਾਹਿਬ ਦੇ ਫੇਰ ਦੀਦਾਰ ਹੋਏ।*
*ਭੇਟਾ ਅਰਪੀ ਤੇ ਲੈ ਪ੍ਰਸ਼ਾਦਿ ਹੱਥੀਂ, ਖ਼ੁਸ਼ੀ ਪਹੁੰਚਕੇ ਗੁਰੂ ਦਰਬਾਰ ਹੋਏ।*
*ਦਿਨ ਦੂਸਰੇ ਫੇਰ ਪੰਜਾਬ ਆ ਗਏ, ਸਾਰੇ ਸੰਤਾਂ ਦੀ ਜੈ ਜੈਕਾਰ ਹੋਏ।*

ਦੂਸਰੇ ਦਿਨ ਸਵੇਰੇ ਹੀ ਸੈਦੂ ਦੀ ਸੰਗਤ ਤੋਂ ਵਿਦਾ ਹੋ ਕੇ ਗੱਡੀ 'ਚ ਅਸਵਾਰ ਹੋ ਕੇ ਸ੍ਰੀ ਪੰਜਾ ਸਾਹਿਬ ਆ ਪੁਹੰਚੇ। ਏਥੇ ਸੰਤ ਸੁਖਦੇਵ ਸਿੰਘ ਦੇ ਡੇਰੇ ਠਹਿਰੇ। ਸਾਥੀਆਂ ਸਮੇਤ ਪ੍ਰਸ਼ਾਦਿ ਤੇ ਭੇਟਾਂ ਅਰਪਕੇ ਗੁਰੂ ਅਸਥਾਨ ਦੀ ਯਾਤਰਾ ਕੀਤੀ। ਇਨ੍ਹਾਂ ਮਹਾਂ-ਪੁਰਸ਼ਾਂ ਨੇ ਬੜਾ ਪ੍ਰੇਮ ਜਣਾਇਆ। ਇੱਕ ਰਾਤ ਠਹਿਰ ਕੇ ਕੀਰਤਨ ਦੁਆਰਾ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰੀਆਂ। ਫੇਰ ਦੂਸਰੇ ਦਿਨ ਏਥੋਂ ਗੱਡੀ ਬੈਠੇ ਅਤੇ ਦੋਰਾਹੇ ਆ ਉੱਤਰੇ। ਗੁਰਦੁਆਰੇ ਸਾਹਿਬ ਪਹੁੰਚੇ, ਇਲਾਕੇ ਦੀ ਸੰਗਤ ਤੇ ਅਸਥਾਨ ਦੇ ਪ੍ਰੇਮੀ ਸੰਤਾਂ ਦਾ ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ। ਯਥਾ ਸ਼ਕਤ ਭੇਟਾ ਅਰਪਕੇ ਨਮਸ਼ਕਾਰ ਕੀਤੀ। ਆਪ ਜੀ ਨੇ ਭਾਵਨਾ ਅਨੁਸਾਰ ਸਭਨਾਂ ਦੀ ਮਨੋ-ਕਾਮਨਾਂ ਪੂਰੀ ਕੀਤੀ।

ਫੇਰ ਉਸੇ ਤਰ੍ਹਾਂ ਪਹਿਲਾਂ ਵਾਂਗੂੰ ਭਜਨ ਸਿਮਰਨ ਦਾ ਸਮਾਂ ਨੀਯਤ ਕੀਤਾ। ਗੋਖੇ ਦੀ ਛਪੜੀ ਬਾਹਰਲੀ ਬਗ਼ੀਚੀ ਕਨੇਚ ਦੀ ਖੂਹੀ ਤੇ ਬਾਉਲੀ ਵਾਲੀ ਜਗ੍ਹਾ ਤੇ ਵੰਡ ਕੇ ਸਮਾਂ ਬਤੀਤ ਕਰਦੇ। ਸ਼ਾਮੀਂ ਕੀਰਤਨ ਦੀ ਸਮਾਪਤੀ ਤੋਂ ਬਾਅਦ ਨੌਂ ਵਜੇ ਤੋਂ ਗਿਆਰਾਂ ਵਜੇ ਤੱਕ ਛੱਪੜ ਕੰਢੇ ਬੈਠਣਾ। ਫੇਰ ਦੋ ਵਜੇ ਸਾਵਧਾਨ ਹੋ ਕੇ ਇਸ਼ਨਾਨ ਕਰਕੇ ਫੇਰ ਏਥੇ ਹੀ ਆ ਜਾਣਾ। ਪੰਜ ਵਜੇ ਗੁਰਦੁਆਰੇ ਸਾਹਿਬ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਦੇਣੀਆਂ। ਦੀਵਾਨ ਦੀ ਸਮਾਪਤੀ ਉਪਰੰਤ ਕੁਝ ਸਮਾਂ ਬਾਉਲੀ ਤੇ ਫੇਰ ਜਿਉਣ ਸਿੰਘ ਵਾਲੀ ਖੂਹੀ ਤੇ ਜਾਂਦੇ ਜਿਥੋਂ ਦੁਪਿਹਰ ਨੂੰ ਵਾਪਸ ਆਉਂਦੇ। ਕੇਵਲ ਅੱਠੀਂ ਪਹਿਰੀਂ ਹੀ ਅਲੂਣੀ ਦਾਲ ਸਬਜ਼ੀ ਨਾਲ ਪ੍ਰਸ਼ਾਦ ਛਕਣਾ। ਫੇਰ ਦੋ ਘੰਟੇ ਅਰਾਮ ਕਰਦੇ। ਸ਼ਾਮੀਂ ਗੁਰਦੁਆਰੇ ਸਾਹਿਬ ਜਾ ਕੇ ਕੀਰਤਨ ਕਰਦੇ ਜਾਂ ਸੁਣਦੇ ਇਉਂ ਇਕ-ਰਸ ਆਪਣਾ ਨਿੱਤਨੇਮ ਨਿਭਾਉਂਦੇ ਹਨ।

## ਰੱਬ ਦੀ ਹੋਂਦ ਦੱਸੀ

ਇਸੇ ਸਾਲ ਫਗਣ ਦੇ ਮਹੀਨੇ ਕੈਂਮਲ ਪੁਰ ਤੋਂ ਰਾਗੀ ਲਾਲ ਸਿੰਘ ਜੀ ਵੀ ਸੰਤਾਂ ਪਾਸ ਆ ਗਏ। ਦੋਵੇਂ ਟਾਈਮ ਗੁਰੂ ਦਰਬਾਰ ਵਿੱਚ ਕੀਰਤਨ ਵੀ ਕਰਦੇ। ਨਾਲ-ਨਾਲ ਵੱਡੇ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਸਾਖੀ ਵੀ ਸੁਣਉਂਦੇ। ਉਸੇ ਸਮੇਂ ਹਰਖੋਵਾਲ ਤੋਂ ਸੰਤ ਜੁਆਲਾ ਸਿੰਘ ਜੀ ਵੀ ਸੰਤਾਂ ਪਾਸ ਆਏ ਹੋਏ ਸਨ ਅਤੇ ਕਈ ਦਿਨ ਠਹਿਰੇ, ਰੋਜ਼ ਹੀ ਸੰਤਾਂ ਨਾਲ ਬਾਹਰ ਜਾਇਆ ਕਰਦੇ।

ਇਕ ਦਿਨ ਸੰਤ ਜੀ ਮਹਾਰਾਜ ਦੇ ਨਾਲ ਜਦੋਂ ਕਿ ਉਨ੍ਹਾਂ ਦੇ ਹਜ਼ੂਰੀਏ ਸੇਵਾਦਾਰ, ਸੰਤ ਈਸ਼ਰ ਸਿੰਘ ਜੀ, ਸੰਤ ਜੁਆਲਾ ਸਿੰਘ ਜੀ, ਸੰਤ ਭਗਵਾਨ ਸਿੰਘ ਜੀ ਤੇ ਰਾਗੀ ਲਾਲ ਸਿੰਘ ਜੀ ਸਨ, ਇਹ ਸਾਰੇ ਹੀ ਬਾਹਰ ਬਗ਼ੀਚੀ ਵੱਲ ਜਾ ਰਹੇ ਸੀ। ਜਦੋਂ ਸੰਤ ਜੀ ਮਹਾਰਾਜ ਕੁਝ ਕੁ ਸਮਾਂ ਬਗ਼ੀਚੀ ਵਿੱਚ ਬੈਠੇ ਤਾਂ ਬਚਨ ਕੀਤਾ ਕਿ ਏਥੇ ਇੱਕ ਯੂ. ਪੀ. ਦਾ ਨੌਜਵਾਨ ਜੋ ਕਈ ਦਿਨਾਂ ਤੋਂ ਆਇਆ ਹੈ, ਅੰਗਰੇਜ਼ੀ ਤਾਂ ਬਹੁਤ ਪੜ੍ਹਿਆ ਹੈ, ਪਰ ਨਾਸਤਕ ਹੈ। ਜਦੋਂ ਅਸੀਂ ਬਗ਼ੀਚੀ ਚੋਂ ਨਿਕਲਦੇ ਹਾਂ ਤਾਂ ਏਹੋ ਹੀ ਸਵਾਲ ਕਰਦਾ ਹੈ ਕਿ ਤੁਸੀਂ ਅੱਖਾਂ ਬੰਦ ਕਰਕੇ ਬੈਠੇ ਕੀ ਕਰਦੇ ਹੋ? ਅਸੀਂ ਆਖਿਆ ਉਸ ਸਮੇਂ ਨੇਤਰ ਬੰਦ ਕਰਕੇ ਰੱਬ ਦੀ ਯਾਦ ਵਿੱਚ ਜੁੜੀ ਦਾ ਹੈ। ਤਾਂ ਉਹ ਅੱਗੋਂ ਕਹਿੰਦਾ ਹੈ ਕਿ ਰੱਬ ਕਿਸਨੇ ਦੇਖਿਆ ਹੈ? ਜੇ ਹੋਵੇ ਤਾਂ ਦਿਸੇ ਨਾ? ਦਿਸਣ ਵਾਲੀ ਚੀਜ਼ ਹੀ ਹੋਂਦ ਵਾਲੀ ਮੰਨੀ ਜਾਂਦੀ ਹੈ। ਫੇਰ ਅਸੀਂ ਕਹਿੰਦੇ ਹਾਂ ਕਿ ਓਹ ਅੱਖਾਂ ਵਾਲਿਆਂ ਨੂੰ ਦਿਸਦਾ ਹੈ। ਪਰ ਉਹ ਰੱਬ ਦੇਖਣ ਵਾਲੀਆਂ ਅੱਖਾਂ ਹੋਰ ਹਨ।

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧॥

(ਪੰਨਾ ੫੭੭)

ਉਸਦੀ ਸ਼ਿਨਾਖਤ ਕੁਦਰਤਾਂ ਦੁਆਰੇ ਹੁੰਦੀ ਹੈ।

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥

(ਪੰਨਾ ੧੪੧)

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥

(ਪੰਨਾ ੪੬੪)

ਪਰ ਫੇਰ ਵੀ ਓਹ ਮੰਨਦਾ ਨਹੀਂ, ਨਾਸਤਕ ਖ਼ਿਆਲਾਂ ਦਾ ਪ੍ਰਤੀਤ ਹੁੰਦਾ ਹੈ, ਉਹ ਤਾਂ ਸਿਰਫ ਏਹੋ ਹੀ ਕਹੀ ਜਾਂਦਾ ਹੈ ਕਿ ਜੋ ਚੀਜ਼ ਹੁੰਦੀ ਹੈ ਉਹ ਜ਼ਰੂਰ ਦਿਸਦੀ ਹੈ। ਜੇ ਰੱਬ ਵੀ ਹੋਵੇ ਤਾਂ ਉਹ ਦਿਸੇ ਨਾ? ਇਸ ਕਰਕੇ ਇਹ ਹੈ ਨਹੀਂ। ਹੁਣ ਉਸਨੂੰ ਕੀ ਆਖੀਏ?

ਸੰਤ ਜੁਆਲਾ ਸਿੰਘ ਜੀ ਨੇ ਅਰਜ਼ ਕੀਤੀ ਜਿਵੇਂ ਆਪ ਜੀ ਦਾ ਹੁਕਮ ਹੋਵੇ ਸੋ ਕਰੀਏ। ਉਸ ਸਮੇਂ ਸੰਤ ਜੀ ਮਹਾਰਾਜ ਬਗ਼ੀਚੀ ਚੋਂ ਨਿਕਲੇ ਤਾਂ ਸਭ ਤੋਂ ਪਹਿਲਾਂ ਉਹ ਨੌਜਵਾਨ ਹੀ ਮਿਲਿਆ ਅਤੇ ਉਸਨੇ ਓਹੀ ਰੋਜ਼ ਵਾਲਾ ਸਵਾਲ ਕੀਤਾ। ਅੱਜ ਉਸਨੂੰ ਉੱਤਰ ਦੇਣ ਵਾਸਤੇ ਸੰਤ ਜੀ ਮਹਾਰਾਜ ਸਾਥੀਆਂ ਸਮੇਤ ਬਗ਼ੀਚੀ ਤੋਂ ਬਾਹਰ ਓਥੇ ਹੀ ਬੈਠ ਗਏ ਅਤੇ ਰਾਗੀ ਲਾਲ ਸਿੰਘ ਨੇ ਹੱਥ ਜੋੜ ਕੇ ਅਰਜ਼ ਕੀਤੀ, "ਮਹਾਰਾਜ! ਆਪ ਹੀ ਕ੍ਰਿਪਾ ਕਰੋ ਅਤੇ ਇਸ ਨੂੰ ਸਮਝਾਉ। ਆਪ ਹਰ ਪ੍ਰਕਾਰ ਸਮਰਥ ਹੋ। ਤੁਹਾਡੇ ਹੁੰਦਿਆਂ ਅਸੀਂ ਕਿਵੇਂ ਕੁਝ ਕਹਿ ਸਕਦੇ ਹਾਂ?

ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥
ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ ॥

(ਪੰਨਾ ੫੪੭)

ਆਪ ਦੀ ਸਮ-ਦ੍ਰਿਸ਼ਟੀ ਦਾ ਹਰ ਇੱਕ ਤੇ ਅਸਰ ਪੈਂਦਾ ਹੈ। ਤੁਹਾਡਾ ਦੀਦਾਰ ਕਰਕੇ ਫਰੰਟੀਅਰ ਇਲਾਕੇ ਦੇ ਵੱਡੇ-ਵੱਡੇ ਆਕੜਖਾਨ ਪਠਾਣਾਂ ਦੀਆਂ ਧੌਣਾਂ ਝੁਕ ਗਈਆਂ।" ਤਾਂ ਆਪ ਹਜ਼ੂਰ ਸੰਤ ਜੀ ਮਹਾਰਾਜ ਨੇ ਪੁੱਛਿਆ, "ਬਈ ਨੌਜੁਆਨ! ਤੇਰਾ ਪਿਤਾ ਮੌਜੂਦ ਹੈ?" ਉਸਨੇ ਅਰਜ਼ ਕੀਤੀ, "ਮਹਾਰਾਜ! ਉਹ ਤਾਂ ਮੇਰੀ ਹੋਸ਼ ਤੋਂ ਪਹਿਲਾਂ ਹੀ ਗੁਜ਼ਰ ਗਿਆ ਸੀ।"

ਸੰਤਾਂ ਨੇ ਫੇਰ ਆਖਿਆ, "ਤੁਹਾਡੇ ਦਾਦਾ ਜੀ ਜਿਉਂਦੇ ਹਨ?" ਉਸਨੇ ਕਿਹਾ, "ਜੀ ਨਹੀਂ, ਉਹ ਤਾਂ ਮੇਰੇ ਪਿਤਾ ਤੋਂ ਵੀ ਪਹਿਲਾਂ ਹੀ ਚਲ ਵਸੇ ਸਨ? ਹੁਣ ਤਾਂ ਸਿਰਫ ਮਾਤਾ ਜੀ ਦਾ ਹੀ ਇੱਕੋ ਇੱਕ ਸਰੀਰ ਹੈ।"

ਸੰਤਾਂ ਕਿਹਾ, "ਫੇਰ ਤੁਹਾਨੂੰ ਕੀ ਪਤਾ ਹੈ ਕਿ ਤੁਹਾਡੇ ਪਿਤਾ ਜੀ ਜਾਂ ਦਾਦਾ ਜੀ ਸਨ। ਤੁਸਾਂ ਆਪ ਤਾਂ ਦੇਖੇ ਨਹੀਂ।" ਤਾਂ ਉਸਨੇ ਕਿਹਾ, "ਮਹਾਰਾਜ ਲੋਕ ਕਹਿੰਦੇ ਹਨ, ਮਾਤਾ ਜੀ ਦਸਦੇ ਹਨ ਕਿ ਤੁਹਾਡੇ ਪਿਤਾ ਜੀ, ਦਾਦਾ ਜੀ ਹਨ।" ਸੰਤਾਂ ਕਿਹਾ, "ਉਹਨਾਂ ਤੋਂ ਸੁਣਕੇ ਤੁਸੀਂ ਵੀ ਮੰਨਦੇ ਹੋ ਕਿ ਨਹੀਂ?" ਇਸਨੇ ਅਰਜ਼ ਕੀਤੀ, "ਜੀ ਹਾਂ, ਮੰਨਦਾ ਹਾਂ ਕਿ ਪਿਤਾ ਜੀ ਦਾਦਾ ਜੀ ਜ਼ਰੂਰ ਸਨ।" ਸੰਤਾਂ ਕਿਹਾ, "ਤੁਸਾਂ ਤਾਂ ਉਨ੍ਹਾਂ ਨੂੰ ਇਨ੍ਹਾਂ ਅੱਖਾਂ ਨਾਲ ਦੇਖਿਆ ਨਹੀਂ, ਫੇਰ ਕਿਵੇਂ ਮੰਨਦੇ ਹੋ?" ਇਸਨੇ ਕਿਹਾ, "ਮਹਾਰਾਜ! ਮੇਰੇ ਮਾਤਾ ਜੀ ਤੇ ਹੋਰ ਲੋਕ ਕਹਿੰਦੇ ਹਨ ਕਿ ਉਹ ਸਨ। ਅਸੀਂ ਉਨ੍ਹਾਂ ਨੂੰ ਆਪ ਦੇਖਿਆ ਹੈ।" ਤਾਂ ਸੰਤ ਜੀ ਮਹਾਰਾਜ ਮੁਸਕਰਾਏ ਤੇ ਕਹਿਣ ਲੱਗੇ, "ਇਸੇ ਤਰ੍ਹਾਂ ਵੇਦ ਸ਼ਾਸਤਰ ਤੇ ਰਿਸ਼ੀ ਮੁਨੀ ਕਹਿੰਦੇ ਹਨ ਕਿ ਰੱਬ ਹੈ, ਉਨ੍ਹਾਂ ਨੇ ਉਸਨੂੰ ਕੁਦਰਤ ਦੁਆਰਾ ਆਪ ਦੇਖਿਆ ਹੈ ਅਤੇ ਉਨ੍ਹਾਂ ਨੂੰ ਵਿਚਾਰ ਰੂਪੀ ਨੇਤਰਾਂ ਦੁਆਰੇ ਦਰਸ਼ਨ ਹੋਇਆ ਹੈ। ਫੇਰ ਤੁਸੀਂ ਕਿਵੇਂ ਨਹੀਂ ਮੰਨਦੇ ਕਿ ਰੱਬ ਹੈ ਨਹੀਂ। ਇਹ ਜ਼ਰੂਰੀ ਨਹੀਂ ਕਿ ਅੱਖਾਂ ਨਾਲ ਦਿਸਣ ਵਾਲੀ ਚੀਜ਼ ਹੀ ਸੱਚੀ ਮੰਨੀ ਜਾਂਦੀ ਹੈ। ਬਗ਼ੈਰ ਦਿਸਣ ਵਾਲੀ ਚੀਜ਼ ਤੋਂ ਮੁਨਕਰ ਹੋ ਜਾਣਾ ਇਹ ਸਿਆਣਪ ਵਾਲੀ ਗੱਲ ਨਹੀਂ। ਦੇਖ ਵਸਤੂ ਦੇ ਹੁੰਦਿਆਂ ਸਹੁੰਦਿਆਂ ਵੀ ਉਸਦੇ ਨਾ ਦਿੱਸਣ ਦੇ ਅੱਠ ਕਾਰਣ ਹਨ।

੧. ਬਹੁਤੀ ਦੂਰ ਵਾਲੀ ਚੀਜ਼ ਨਹੀਂ ਦਿਸਦੀ, ਜਿਵੇਂ ਆਕਾਸ਼ ਵਿੱਚ ਉਡਣ ਵਾਲਾ ਪੰਛੀ ਉਹ ਉੱਚਾ ਚੜ੍ਹਕੇ ਦਿਸਣ ਤੋਂ ਹਟ ਜਾਂਦਾ ਹੈ ਪਰ ਹੈ ਜ਼ਰੂਰ।

੨. ਅੱਖਾਂ ਦੇ ਬਹੁਤ ਨਜ਼ਦੀਕ ਵਸਤੂ ਵੀ ਨਹੀਂ ਦਿਸਦੀ, ਜਿਵੇਂ ਨੇਤਰਾਂ ਵਿੱਚ ਪਾਇਆ ਹੋਇਆ ਸੁਰਮਾਂ।

੩. ਨੇਤਰਾਂ ਤੋਂ ਹੀਣੇ ਪੁਰਸ਼ ਨੂੰ ਵੀ ਕੋਈ ਚੀਜ਼ ਨਹੀਂ ਦਿਸਦੀ ਭਾਵੇਂ ਕੋਲ ਹੀ ਪਈ ਹੋਵੇ।

੪. ਜਿਸਦਾ ਮਨ ਟਿਕਾ ਵਿੱਚ ਨਹੀਂ ਉਹ ਚੰਚਲ ਮਨ ਵਾਲਾ ਪੁਰਸ਼ ਵੀ ਆਪਣੇ ਕੋਲ ਪਈ ਚੀਜ਼ ਨੂੰ ਨਹੀਂ ਦੇਖ ਸਕਦਾ।

੫. ਬਹੁਤੀ ਬਰੀਕ ਚੀਜ਼ ਜਿਵੇਂ ਪ੍ਰਮਾਣੂ ਹਨ ਉਹ ਵੀ ਨਹੀਂ ਦਿਸਦੀ।

੬. ਪੜਦੇ ਵਿੱਚ ਪਈ ਚੀਜ਼ ਭਾਵੇਂ ਪਾਸ ਹੀ ਕੰਧ ਦੇ ਉਹਲੇ ਪਈ ਹੋਵੇ। ਜਿਵੇਂ ਰਾਜ ਮਹਿਲਾਂ ਵਿੱਚ ਰਹਿਣ ਵਾਲੀ ਮਹਾਰਾਣੀ ਨੂੰ ਹਰੇਕ ਨਹੀਂ ਦੇਖ ਸਕਦਾ।

੭. ਦੂਸਰੀ ਚੀਜ਼ ਕਰਕੇ ਪਹਿਲੀ ਦਾ ਨਿਰਾਦਰ ਹੋਣਾ, ਇਉਂ ਉਹ ਵੀ ਨਹੀਂ ਦਿਸਦੀ। ਜਿਵੇਂ ਤਾਰੇ ਹੁੰਦੇ ਤਾਂ ਦਿਨ ਦੇ ਸਮੇਂ ਵੀ ਹਨ ਪਰ ਉਹ ਸੂਰਜ ਦੀ ਰੌਸ਼ਨੀ ਵਿੱਚ ਦਿਸਦੇ ਨਹੀਂ।

੮. ਸਜਾਤੀ ਵਸਤੂ ਵੀ ਨਹੀਂ ਦਿਸਦੀ, ਜਿਵੇਂ ਵਰਖਾ ਦਾ ਪਾਣੀ ਕਿਸੇ ਨਦੀ ਜਾਂ ਛੱਪੜ ਵਿੱਚ ਪਿਆ ਨਹੀਂ ਦਿਸਦਾ।"

ਪੰਡਤ ਗੁਲਾਬ ਸਿੰਘ ਜੀ 'ਮੋਖ ਪੰਥ' ਵਿੱਚ ਲਿਖਦੇ ਹਨ:

*ਦੂਰ, ਸਮੀਪ, ਇੰਦਰੇ ਕੀ ਹਾਨ।*
*ਮਨ ਚੰਚਲ, ਸੂਖਮ, ਵਿਵਦਾਨ।*
*ਤ੍ਰਿਸਕਾਰ, ਸਜਾਤੀ ਸੰਗ।*
*ਅਸਟ ਹੇਤ ਲਖੋ ਚਿਤ ਅੰਗ।*

ਹਜ਼ੂਰ ਦੀ ਰਸਨਾ ਤੋਂ ਇਸ ਪ੍ਰਕਾਰ ਦੀ ਜੁਗਤੀ ਵਾਲੇ ਬਚਨ ਇਸ ਨੌਜਵਾਨ ਦੇ ਅੰਦਰ ਧਸ ਗਏ ਕਿਉਂਕਿ ਕਮਾਈ ਵਾਲੇ ਹਿਰਦੇ ਦਾ ਇੱਕੋ ਵਾਕ ਹਰ ਇੱਕ ਦੇ ਮਨ ਵਿੱਚ ਇਉਂ ਅਸਰ ਕਰਦਾ ਹੈ ਜਿਵੇਂ ਭਰੀ ਬੰਦੂਕ ਦਾ ਫਾਇਰ ਖ਼ਾਲੀ ਨਹੀਂ ਜਾਂਦਾ। ਪੂਰਨ ਸਾਧੂ ਦੇ ਅੰਮ੍ਰਿਤ ਬਚਨ ਸੁਣਕੇ ਇਸਦੇ ਹੱਥ ਜੁੜ ਗਏ।

ਅੰਮ੍ਰਿਤ ਬਚਨ ਸਾਧ ਕੀ ਬਾਣੀ ॥

(ਪੰਨਾ ੭੪੪)

ਇਸਦਾ ਸਿਰ ਝੁਕ ਗਿਆ, ਚਰਨ ਧੂੜ ਮੱਥੇ ਤੇ ਲਾਈ ਤਾਂ ਉਸੇ ਸਮੇਂ ਇਸਦੀ ਕਰਮ ਰੇਖ ਬਦਲ ਗਈ। ਸਾਰਿਆਂ ਦੇ ਦੇਖਦਿਆਂ ਹੀ ਹੋਰ ਦੀ ਹੋਰ ਦਸ਼ਾ ਹੋ ਗਈ। ਫੇਰ ਇਸਨੇ ਅਰਜ਼ ਕੀਤੀ, "ਮਹਾਰਾਜ ਉਹ ਨੇੜੇ ਹੈ ਕਿ ਦੂਰ?" ਸੰਤਾਂ ਉੱਤਰ ਦਿੱਤਾ, "ਨੇੜੇ ਤੇ ਦੂਰ ਤਾਂ ਉਹ ਚੀਜ਼ ਹੁੰਦੀ ਹੈ ਜੋ ਆਪਣੇ ਆਪ ਤੋਂ ਵੱਖਰੀ ਹੋਵੇ। ਇਹ ਤਾਂ ਹੈ ਹੀ ਆਪਣਾ ਆਪ। ਫੇਰ ਏਥੇ ਨੇੜੇ ਤੇ ਦੂਰ ਕਿਵੇਂ ਕਿਹਾ ਜਾਵੇ?"

ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥

(ਪੰਨਾ ੩੫੭)

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥

(ਪੰਨਾ ੬੫੮)

ਉਸ ਨੇ ਕਿਹਾ, "ਜੀ! ਫੇਰ ਨੇੜੇ ਦਿਖਾਓ।" ਸੰਤਾਂ ਇਸ਼ਾਰਾ ਕੀਤਾ ਆਪਣੇ ਸਰੀਰ ਵੱਲ ਦੇਖ।

ਜਿਨਿ ਤੇਰੀ ਮਨ ਬਨਤ ਬਨਾਈ ॥
ਊਠਤ ਬੈਠਤ ਸਦ ਤਿਸਹਿ ਧਿਆਈ ॥

(ਪੰਨਾ ੨੭੦)

ਸਰੀਰ ਦੀ ਰਚਨਾ ਕਰਨ ਵਾਲੇ ਕਾਦਰ ਨੂੰ ਚੇਤੇ ਕਰ ਜਿਵੇਂ ਨਵੇਂ ਬਣੇ ਮਕਾਨ ਨੂੰ ਦੇਖਕੇ ਅਵੱਸ਼ ਹੀ ਖਿਆਲ ਆਉਂਦਾ ਹੈ ਕਿ ਇਸਦੇ ਬਨਾਉਣ ਵਾਲਾ ਕੋਈ ਕਾਰੀਗਰ ਜ਼ਰੂਰ ਹੈ। ਇਸੇ ਤਰ੍ਹਾਂ ਸਰੀਰ ਤੇ ਸੰਸਾਰ ਨੂੰ ਦੇਖਕੇ ਅਨੁਮਾਨ ਲਗਦਾ ਹੈ ਕਿ ਇਸਦੀ ਰਚਨਾ ਕਰਨ ਵਾਲੀ ਕੋਈ ਅਣਡਿੱਠ ਸ਼ਕਤੀ ਜ਼ਰੂਰ ਹੈ।

ਇਸਨੇ ਅਰਜ਼ ਕੀਤੀ, "ਮਹਾਰਾਜ ਧਿਆਈਦਾ ਕਿਵੇਂ ਹੈ?" ਤਾਂ ਉਸ ਸਮੇਂ ਪਰਮ ਕ੍ਰਿਪਾਲੂ ਜੀ ਬੋਲੇ ਕਿ ਅੱਗੇ ਤਾਂ ਤੁਹਾਡੇ ਵਾਸਤੇ ਏਥੇ ਹੀ ਪ੍ਰਸ਼ਾਦ ਪਹੁੰਚ ਜਾਂਦਾ ਸੀ ਪਰ ਅੱਜ ਲੰਗਰ ਵਿੱਚ ਚੱਲ ਕੇ ਛਕੋ। ਗੁਰੂ ਦਰਬਾਰ ਵਿੱਚ ਕੀਰਤਨ ਸੁਣੋ। ਫੇਰ ਧਿਆਈ ਬਣ ਜਾਵੋਗੇ। ਇਸਨੇ ਕਿਹਾ, ਜੀ ਸੱਤ ਬਚਨ ਸੰਤਾਂ ਦੇ ਨਾਲ ਚੱਲ ਕੇ ਲੰਗਰ ਵਿੱਚ ਪ੍ਰਸ਼ਾਦ ਛਕਿਆ। ਫੇਰ ਗੁਰੂ ਦਰਬਾਰ ਹਾਜ਼ਰੀ ਭਰੀ। ਦੂਸਰੇ ਦਿਨ ਇਸਨੂੰ ਸਵੱਖਤੇ ਹੀ ਇਸ਼ਨਾਨ ਕਰਵਾਕੇ ਸਾਫ਼ ਬਸਤਰ ਪਹਿਨਾਏ। ਫੇਰ ਮੰਜੀ ਸਾਹਿਬ ਦੇ ਅੰਮ੍ਰਿਤ ਜਲ ਦੇ ਛਿੱਟੇ ਮਾਰੇ ਤੇ ਅੰਮ੍ਰਿਤ ਛਕਾ ਨਾਮ ਦੀ ਦਾਤ ਬਖ਼ਸ਼ ਦਿੱਤੀ।

ਬਸ ਫੇਰ ਕੀ ਸੀ ਉਸੇ ਸਮੇਂ ਨਾਮ ਦੀ ਖੁਮਾਰੀ ਚਾੜ੍ਹ ਦਿੱਤੀ। ਯੂ. ਪੀ. ਵਾਲੇ ਦੀ ਸਮਾਧੀ ਜੁੜ ਗਈ। ਸੰਤਾਂ ਬਚਨ ਕੀਤਾ, "ਇਸਨੂੰ ਹੁਣ ਜੁੜਿਆ ਰਹਿਣ ਦਿਓ। ਜਦੋਂ ਉੱਠੇ ਤਾਂ ਪ੍ਰਸ਼ਾਦ ਛਕਾ ਕੇ ਇੱਕ ਵੱਖਰਾ ਕਮਰਾ ਦੇ ਦੇਣਾ।" ਇਉਂ ਦਾਤੇ ਦੀ ਅਪਾਰ ਕ੍ਰਿਪਾ ਦੁਆਰਾ ਉਹ ਸ਼ੰਕਾਵਾਦੀ ਨਿਹਾਲ ਹੋ ਗਿਆ। ਕਈ ਦਿਨ ਰਿਹਾ ਫੇਰ ਸੰਤਾਂ ਦੀ ਆਗਿਆ ਪਾ ਕੇ ਆਪਣੇ ਇਲਾਕੇ ਨੂੰ ਚਲਾ ਗਿਆ। ਜਾਣ ਸਮੇਂ ਸੰਤਾਂ ਨੇ ਉਸ ਨੂੰ ਮਾਇਆ ਬਸਤਰ ਤੇ ਪ੍ਰਸ਼ਾਦ ਦੇ ਕੇ ਵਿਦਾ ਕੀਤਾ। ਇਸਦੀ ਸੰਗਤ ਤੇ ਉਪਦੇਸ਼ ਦਾ ਸਦਕਾ ਬਹੁਤ ਸਾਰੇ ਪ੍ਰੇਮੀ ਸੰਤਾਂ ਦੇ ਸ਼ਰਧਾਲੂ ਬਣਕੇ ਦਰਸ਼ਨਾਂ ਵਾਸਤੇ ਆਏ। ਹਜ਼ੂਰ ਨੇ ਉਨ੍ਹਾਂ ਉਤੇ ਵੀ ਮਹਾਨ ਕ੍ਰਿਪਾ ਕੀਤੀ।

ਧੰਨ ਸੰਤ ਜੀ!

## ਮੁੜ ਸੈਦੂ ਜਾਣ ਦੀ ਤਿਆਰੀ

ਸੈਦੂ ਤੋਂ ਆਇਆ ਸੰਤਾਂ ਨੂੰ ਅਜੇ ਦਸ ਬਾਰਾਂ ਦਿਨ ਹੀ ਹੋਏ ਸਨ ਕਿ ਉਸ ਸਮੇਂ ਫੇਰ ਸਵੱਖਤੇ ਹੀ ਰਾਗੀ ਲਾਲ ਸਿੰਘ ਦੇ ਨਾਲ ਵਾਪਸ ਜਾਣ ਦੀ ਤਿਆਰੀ ਕਰ ਲਈ। ਕੇਵਲ ਇੱਕ ਦੋ ਖ਼ਾਸ ਸੇਵਾਦਾਰਾਂ ਨੂੰ ਹੀ ਨਾਲ ਜਾਣ ਵਾਸਤੇ ਆਖਿਆ ਹੋਰ ਖ਼ਾਸ ਕਿਸੇ ਨੂੰ ਕੋਈ ਪਤਾ ਨਹੀਂ। ਫੇਰ ਵੀ ਇਹ ਗੱਲ ਬਾਬਾ ਬਿਸ਼ਨ ਸਿੰਘ ਦੇ ਕੰਨੀਂ ਪੈ ਗਈ ਕਿ ਸੰਤ ਜੀ ਮਹਾਰਾਜ ਰਾਤ ਦੀ ਗੱਡੀ ਸੈਦੂ ਨੂੰ ਫੇਰ ਜਾ ਰਹੇ ਹਨ।

ਉਸਨੇ ਨਗਰ ਵਿੱਚ ਜਾ ਕੇ ਖ਼ਾਸ-ਖ਼ਾਸ ਬੰਦਿਆਂ ਨੂੰ ਪਤਾ ਕਰ ਦਿੱਤਾ ਕਿ ਬਾਬਾ ਜੀ ਅੱਜ ਦੀ ਗੱਡੀ ਸਾਨ੍ਹੇਵਾਲ ਤੋਂ ਸੈਦੂ ਨੂੰ ਜਾਣਗੇ ਇਤਨੀ ਛੇਤੀ ਅਤੇ ਕਿਸੇ ਨੂੰ ਬਿਨਾਂ ਦੱਸਿਆਂ ਵਾਪਸ ਜਾਣ ਦੇ ਕਾਰਨ ਦਾ ਕੋਈ ਪਤਾ ਨਹੀਂ। ਉਸ ਸਮੇਂ ਪਿਆਰ ਦੇ ਬੱਝੇ ਨਗਰ ਨਿਵਾਸੀ ਸੱਜਣ ਸ਼ਾਮ ਤੋਂ ਪਹਿਲਾਂ-ਪਹਿਲਾਂ ਗੁਰਦੁਆਰੇ ਸਾਹਿਬ ਵੱਲ ਇਉਂ ਦੌੜੇ ਜਿਵੇਂ ਘੰਡਾ ਹੇੜੇ ਦੀ ਆਵਾਜ਼ ਵੱਲ ਹਰਨ ਦੌੜਦਾ ਹੈ। ਏਧਰੋਂ ਸ਼ਾਮ ਦੇ ਦੀਵਾਨ ਵਿੱਚ ਸੰਤ ਜੀ ਮਹਾਰਾਜ ਵੀ ਪਹੁੰਚ ਗਏ। ਸਾਰਿਆਂ ਨੇ ਅੱਗੇ ਹੋ ਕੇ ਡਿਉਢੀ ਤੋਂ ਬਾਹਰ ਹੀ ਨਮਸ਼ਕਾਰ ਕੀਤੀ ਅੰਤਰਯਾਮੀ ਦਾਤੇ ਨੇ ਅਕਾਰਨ ਹੀ ਸੰਗਤ ਦਾ ਇਤਨਾ ਇਕੱਠ ਦੇਖਕੇ ਪੁੱਛਿਆ, "ਗੁਰਮੁਖੋ! ਕੀ ਗੱਲ ਹੈ? ਅੱਜ ਇਤਨੀ ਸੰਗਤ ਜੁੜ ਕੇ ਆਈ ਹੈ?" ਇਨ੍ਹਾਂ ਵਿੱਚੋਂ ਮੁਖੀਆਂ ਨੇ ਅਰਜ਼ ਕੀਤੀ, "ਦਾਤਾ ਜੀ! ਚਿਰਾਂ ਤੋਂ ਬਾਅਦ ਤਰਸਦਿਆਂ ਨੂੰ ਮਸਾਂ-ਮਸਾਂ ਹਜ਼ੂਰ ਦਾ ਦੀਦਾਰ ਹੋਇਆ ਪਰ ਪਤਾ ਲੱਗਾ ਹੈ ਕਿ ਆਪ ਸਾਨੂੰ ਫੇਰ ਵਿਛੋੜਾ ਦੇਣ ਲੱਗੇ ਹੋ ਸਾਡੇ ਪਾਸੋਂ ਕੀ ਗ਼ੁਨਾਹ ਹੋ ਗਿਆ?" ਸੰਤਾਂ ਨੇ ਇਨ੍ਹਾਂ ਦੀ ਬੇਨਤੀ ਸੁਣਕੇ ਉਸੇ ਥਾਂ ਖੜ੍ਹਿਆਂ ਹੀ ਦੋ ਮਿੰਟ ਨੇਤਰ ਬੰਦ ਰੱਖੇ। ਫੇਰ ਆਖਿਆ, "ਪ੍ਰੇਮੀਓਂ! ਠੀਕ ਹੈ। ਜਾਣਾ ਤਾਂ ਅੱਜ ਰਾਤ ਦੀ ਗੱਡੀ ਸੀ ਪਰ ਅੱਜ ਅਸੀਂ ਰੁੱਕ ਜਾਂਦੇ ਹਾਂ। ਹੁਣ ਤੁਸੀਂ ਸਾਰੇ ਇਕੱਠੇ ਹੋ ਕੇ ਕੱਲ੍ਹ ਸਵੇਰੇ ਆਇਓ, ਇਸ ਗੱਲ ਦਾ ਤੁਹਾਨੂੰ ਫੇਰ ਉੱਤਰ ਦੇਵਾਂਗੇ।"

ਸੰਤਾਂ ਦੇ ਇਨ੍ਹਾਂ ਬਚਨਾਂ ਨਾਲ ਸੰਗਤ ਦੇ ਤੜਫਦੇ ਮਨਾਂ ਨੂੰ ਕੁਝ ਧਰਵਾਸ ਤਾਂ ਹੋਇਆ ਪਰ ਪੂਰਨ ਸ਼ਾਂਤੀ ਨਹੀਂ ਕਿ ਸ਼ਾਇਦ ਸਵੇਰੇ ਸਾਡੀ ਕੀਤੀ ਹੋਈ ਅਪੀਲ ਮਨਜ਼ੂਰ ਹੋਵੇ ਜਾਂ ਨਾ। ਉਦਾਸ ਹੋਏ ਘਰਾਂ ਨੂੰ ਵਾਪਸ ਮੁੜੇ। ਰਾਤੋ-ਰਾਤ ਕਈ ਹੋਰ ਪ੍ਰੇਮੀਆਂ ਨੂੰ ਪਤਾ ਕੀਤਾ। ਸਵੇਰੇ ਦੀਵਾਨ ਦੀ ਸਮਾਪਤੀ ਤੋਂ ਪਹਿਲਾਂ ਹੀ ਇਹ ਸਾਰਾ ਗੁਰੂ ਪਿਆਰਿਆਂ ਦਾ ਇਕੱਠ ਗੁਰ-ਚਰਨਾਂ ਵਿਖੇ ਪੁੱਜਿਆ।

ਸੰਤ ਜੀ ਮਹਾਰਾਜ ਅਜੇ ਗੁਰੂ ਦਰਬਾਰ ਵਿੱਚ ਹੀ ਸਜੇ ਹੋਏ ਸਨ, ਇਤਨੇ ਨੂੰ ਸੰਗਤ ਨੇ ਸਤਿਗੁਰਾਂ ਦਾ ਆ ਦੀਦਾਰ ਕੀਤਾ। ਸ਼ਰਧਾ ਨਾਲ ਨਮਸ਼ਕਾਰ ਕੀਤੀ ਤੇ ਹਜ਼ੂਰੀ ਵਿੱਚ ਬੈਠ ਗਏ। ਆਸਾ ਜੀ ਦੀ ਵਾਰ ਦਾ ਭੋਗ ਪਿਆ। ਅਰਦਾਸ ਹੋਈ ਤਾਂ ਸੰਤ ਜੀ ਮਹਾਰਾਜ ਬਾਹਰ ਆ ਗਏ। ਸੰਗਤ ਨੇ ਬਾਬਾ ਜੀ ਨੂੰ ਮੱਥਾ ਟੇਕਿਆ! ਫੇਰ ਸਭਨਾਂ ਨੇ ਹੱਥ ਜੋੜਕੇ ਅਰਜ਼ ਕੀਤੀ, "ਮਹਾਰਾਜ! ਆਪ ਤੋਂ ਬਗ਼ੈਰ ਹੁਣ ਸਾਡਾ ਕੌਣ ਹੈ? ਤੁਸੀਂ ਹੀ ਸਭਨਾਂ ਦਾ ਆਸਰਾ ਹੋ। ਆਪ ਇਨ੍ਹਾਂ ਮੱਛੀਆਂ ਨੂੰ ਪਾਣੀ ਬਗ਼ੈਰ ਕਿਉਂ ਮਾਰਦੇ ਹੋ?"

ਇਤਨੇ ਨੂੰ ਕਾਫ਼ੀ ਦਿਨ ਚੜ੍ਹ ਆਇਆ, ਜਿਨ੍ਹਾਂ-ਜਿਨ੍ਹਾਂ ਗੁਰਮੁਖਾਂ ਨੂੰ ਪਤਾ ਲੱਗਾ ਉਹ ਹੋਰ ਵੀ ਪ੍ਰੇਮੀ ਨਗਰ ਤੋਂ ਗੁਰਦੁਆਰੇ ਆ ਪੁੱਜੇ। ਸੰਤ ਜੀ ਮਹਾਰਾਜ ਬੈਠ ਗਏ ਅਤੇ ਨੇਤਰ ਬੰਦ ਕਰਕੇ ਕਿਸੇ ਡੂੰਘੀ ਵਿਚਾਰ ਵਿੱਚ ਲੀਨ ਹੋ ਗਏ। ਸਾਰੇ ਪ੍ਰੇਮੀ ਸੰਤਾਂ ਦੇ ਨੂਰਾਨੀ ਚਿਹਰੇ ਵੱਲ ਤੱਕ ਰਹੇ ਸਨ ਕਿ ਦੇਖੋ ਸਾਡੀ ਕਿਸਮਤ ਦਾ ਕੀ ਫੈਸਲਾ ਹੁੰਦਾ ਹੈ, ਭਾਵ ਹਜ਼ੂਰ ਦਾ ਕੀ ਹੁਕਮ ਹੁੰਦਾ ਹੈ। ਕਾਫ਼ੀ ਸਮੇਂ ਤੋਂ ਬਾਅਦ ਸੰਤਾਂ ਨੇ ਨੇਤਰ ਖੋਹਲੇ ਤੇ ਬੜੇ ਵੈਰਾਗ ਵਿੱਚ ਆਕੇ ਪੁੱਛਿਆ, "ਸੰਗਤ ਕੀ ਚਾਹੁੰਦੀ ਹੈ?" ਮੁਖੀ ਸੱਜਣਾਂ ਦਾ ਉੱਤਰ ਸੀ, "ਹਜ਼ੂਰ ਦਾ ਦੀਦਾਰ।" ਤਾਂ ਬਚਨ ਹੋਇਆ ਸਰੀਰ ਦਾ ਮਿਲਾਪ ਤਾਂ ਸਦੀਵੀ ਨਹੀਂ ਰਹਿਣ ਵਾਲਾ, ਸ਼ਬਦ ਦੇ ਮਿਲਾਪੀ ਸਦਾ ਮਿਲੇ ਰਹਿੰਦੇ ਹਨ।

*'ਸਬਦ ਮਿਲਾਵਾ ਹੋਤ ਹੈ ਦੇਹ ਮਿਲਾਵਾ ਨਾਹਿ'*

ਤੁਸੀਂ ਹੁਣ ਸਾਰੇ ਗੁਰ-ਸ਼ਬਦ ਵਿੱਚ ਜੁੜੋ, ਸ਼ਬਦ ਹੀ ਵਾਹਿਗੁਰੂ ਦਾ ਸਰੂਪ ਹੈ ਕਿਉਂਕਿ ਸਰੀਰ ਕਰਕੇ ਤਾਂ ਅੱਜ ਤੱਕ ਜਿਤਨੇ ਵੀ ਪੀਰ, ਪੈਗੰਬਰ, ਸੰਤ, ਭਗਤ, ਰਿਸ਼ੀ, ਮੁਨੀ, ਔਲੀਏ, ਅਵਤਾਰ ਸੰਸਾਰ ਵਿੱਚ ਆਏ ਉਹ ਸਾਰੇ ਹੀ ਚਲੇ ਗਏ।

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥ (ਪੰਨਾ ੯੩੬)

ਮਹਾਰਾਜ! ਆਪ ਤਾਂ ਸਾਨੂੰ ਸਰੀਰ ਦੇ ਹੁੰਦਿਆਂ ਹੀ ਵਿਛੋੜ ਰਹੇ ਹੋ। ਇਹ ਜ਼ੈਲਦਾਰ ਬਖਤੌਰ ਸਿੰਘ ਵਲੋਂ ਬੇਨਤੀ ਸੀ। ਸੰਤਾਂ ਨੇ ਆਪਣੇ ਮਨ ਵਿੱਚ ਸੋਚਿਆ ਕਿ ਇਹ ਵਿਚਾਰੇ ਇਸ ਸਰੀਰ ਨਾਲ ਕਿਤਨਾ ਪ੍ਰੇਮ ਕਰਦੇ ਹਨ। ਗੁਰੂ ਨਾਨਕ ਦੀ ਮੇਹਰ ਹੈ ਅਸੀਂ ਉਸਦੇ ਨਾਮ-ਲੇਵਾ ਤੇ ਭੇਖ ਨੂੰ ਧਾਰਨ ਕੀਤਾ ਜਿਸ ਕਰਕੇ ਸਰੀਰ ਦਾ ਆਦਰ ਹੋ ਰਿਹਾ ਹੈ।

ਬਾਬਾ ਜੀ ਬੋਲੇ, "ਫੇਰ ਜੇ ਸਾਨੂੰ ਰੱਖਣਾ ਚਾਹੁੰਦੇ ਹੋ ਤਾਂ ਕਰੋ ਕੁਰਬਾਨੀ ਤੇ ਬਣੋ ਬਹਾਦਰ, ਦੁਨੀਆਂ ਜਸ ਕਰੇਗੀ।" ਸੰਤਾਂ ਦੇ ਇਸ ਬਚਨ ਨੇ ਸਭਨਾਂ ਦੇ ਮਨ ਫ਼ਿਕਰਾਂ ਵਿੱਚ ਪਾ ਦਿੱਤੇ ਕਿ ਹਾਏ! ਕਿਸ ਗੱਲ ਦੀ ਕੁਰਬਾਨੀ ਕਰਨੀ ਪਵੇਗੀ? ਕੀ ਸੰਤ ਜੀ ਸਾਡੀ ਬੇਨਤੀ ਮੰਨਕੇ ਪਹਿਲਾਂ ਵਾਂਗੂੰ ਹੁਣ ਨਹੀਂ ਰਹਿਣਗੇ? ਸਾਨੂੰ ਕਿਸੇ ਖ਼ਾਸ ਕਸਵੱਟੀ ਵਿੱਚ ਦੀ ਲੰਘਣਾ ਪਵੇਗਾ?

ਜ਼ੈਲਦਾਰ ਨੇ ਅਰਜ਼ ਕੀਤੀ, "ਮਹਾਰਾਜ ਹੁਕਮ ਕਰੋ। ਆਪ ਜੀ ਦੇ ਏਥੋਂ ਜਾਣ ਦਾ ਕੀ ਕਾਰਨ ਹੈ?" ਸੰਤਾਂ ਕਿਹਾ, "ਭਾਵੇਂ ਅਸੀਂ ਏਸ ਗੱਲ ਨੂੰ ਗੁਪਤ ਰੱਖਣਾ ਚਾਹੁੰਦੇ ਸਾਂ ਪਰ ਤੁਹਾਡਾ ਸੱਚਾ ਪਿਆਰ ਸਾਨੂੰ ਇਹ ਇਜ਼ਾਜਤ ਨਹੀਂ ਦਿੰਦਾ ਕਿ ਅਸੀਂ ਕਾਰਣ ਦੱਸੇ ਤੋਂ ਬਗ਼ੈਰ ਹੀ ਚਲੇ ਜਾਈਏ। ਲਓ ਸੁਣੋ! ਵੱਡੇ ਸਾਹਿਬ ਬਾਬਾ ਕਰਮ ਸਿੰਘ ਜੀ ਤੇ ਛੋਟੇ ਸਾਹਿਬ ਆਇਆ ਸਿੰਘ ਜੀ ਨੇ ਆਪਣਾ ਅੰਗੀਠਾ ਅਟਕ ਦਰਿਆ ਵਿੱਚ ਬਣਾਇਆ ਹੈ। ਭਾਵ ਉਨ੍ਹਾਂ ਦੋਹਾਂ ਵਿਅਕਤੀਆਂ ਦਾ ਸਰੀਰ ਅਟਕ ਵਿਖੇ ਪ੍ਰਵਾਹ ਕੀਤਾ ਗਿਆ, ਏਹੋ ਹੀ ਉਨ੍ਹਾਂ ਦਾ ਆਪਣਾ ਹੁਕਮ ਸੀ ਅਤੇ ਸਾਡਾ ਵੀ ਅੰਤਮ ਸਮੇਂ ਉਥੇ ਹੀ ਪਹੁੰਚਣ ਦਾ ਖ਼ਿਆਲ ਹੈ ਜੇ ਉਸ ਸਮੇਂ ਸੈਦੂ ਹੋਵਾਂਗੇ ਤਾਂ ਕੋਈ ਪ੍ਰੇਮੀ ਇਹ ਪ੍ਰਣ ਪੂਰਾ ਕਰ ਹੀ ਦੇਵੇਗਾ। ਸਾਡਾ ਇੱਕ ਸਾਲ ਹੋਰ ਬਾਕੀ ਹੈ। ਹੁਣ ਜੇ ਤੁਸੀਂ ਸਾਨੂੰ ਆਪਣੇ ਪਾਸ ਰੱਖਣਾ ਚਾਹੁੰਦੇ ਹੋ ਤਾਂ ਇਹ ਨਿਯਮ ਕਰੋ ਤੇ ਕੋਈ ਸਿੰਘ ਬਹਾਦਰ ਬਣਕੇ ਇਸ ਜ਼ੁੰਮੇਂਵਾਰੀ ਨੂੰ ਉਠਾਵੇ ਕਿ ਅੰਤ ਸਮੇਂ ਸਾਡਾ ਸਰੀਰ ਅਟਕ ਦਰਿਆ ਜਲ ਪ੍ਰਵਾਹ ਕਰਾਂਗੇ ਤਾਂ ਅਸੀਂ ਠਹਿਰ ਸਕਦੇ ਹਾਂ। ਹੋਰ ਕੋਈ ਜਾਣ ਦਾ ਖ਼ਾਸ ਕਾਰਣ ਨਹੀਂ। ਨਾ ਹੀ ਸਾਡੀ ਕੋਈ ਸੰਗਤ ਦੇ ਉਪਰ ਹੀ ਨਾਰਾਜ਼ਗੀ ਹੈ। ਤੁਸੀਂ ਤਾਂ ਗੁਰੂ ਪਿਆਰੇ ਹੋ। ਗੁਰੂ ਤੇ ਸੰਗਤ ਦਾ ਹੀ ਸਾਨੂੰ ਆਸਰਾ ਹੈ।"

ਬਾਬਾ ਜੀ ਦੀ ਰਸਨਾ ਤੋਂ ਇਸ ਤਰ੍ਹਾਂ ਨਿਮਰਤਾ ਭਰੇ ਵੈਰਾਗ-ਮਈ ਬਚਨ ਸੁਣਕੇ ਸਾਰੀ ਸੰਗਤ ਵਲੋਂ ਇਕੱਠੀਆਂ ਹੀ ਬਹੁਤ ਸਾਰੀਆਂ ਆਵਾਜ਼ਾਂ ਆਈਆ ਕਿ ਮਹਾਰਾਜ! ਆਪ ਹੁਣੇ ਤੋਂ ਓਥੇ ਨਾ ਜਾਵੋ, ਅਸੀਂ ਇਹ ਤੁਹਾਡਾ ਪ੍ਰਣ ਪੂਰਾ ਕਰਾਂਗੇ ਅਤੇ ਅੰਤ ਸਮੇਂ ਸਰੀਰ ਨੂੰ ਅਟਕ ਦਰਿਆ ਤੇ ਪਹੁੰਚਾਵਾਂਗੇ।

ਸੰਤਾਂ ਕਿਹਾ, "ਇਉਂ ਨਹੀਂ, ਕੋਈ ਇੱਕ ਸੱਜਣ ਜ਼ਿੰਮੇਂਵਾਰੀ ਚੁੱਕੋ। ਜੇ ਉਹ ਆਪਣੇ ਬਚਨਾਂ ਤੋਂ ਫਿਰੇ ਤਾਂ ਅਸੀਂ ਫੇਰ ਇਸਨੂੰ ਫੜ ਤਾਂ ਸਕੀਏ। ਸਾਰਿਆਂ ਦੀ ਰਾਇ ਨਹੀਂ ਮਿਲਿਆ ਕਰਦੀ।" ਤਾਂ ਜ਼ੈਲਦਾਰ ਬਖਤੌਰ ਸਿੰਘ ਨੇ ਅਰਜ਼ ਕੀਤੀ, "ਮਹਾਰਾਜ! ਜੇ ਉਸ ਸਮੇਂ ਤੱਕ ਮੇਰਾ ਸਰੀਰ ਕਾਇਮ ਰਿਹਾ ਤਾਂ ਇਹ ਸੇਵਾ ਮੈਂ ਕਰਾਂਗਾ।"
ਸੰਤਾਂ ਕਿਹਾ, "ਦੇਖ ਸੋਚ ਸਮਝ ਕੇ ਬਚਨ ਕਰੀਂ, ਫੇਰ ਪੂਰਾ ਕਰਨਾ ਪਵੇਗਾ। ਮਾਇਆ ਦਾ ਖ਼ਿਆਲ ਨਹੀਂ ਕਰਨਾ ਇਹ ਬਥੇਰੀ ਆ ਜਾਵੇਗੀ। ਤੇਰਾ ਸਰੀਰ ਵੀ ਉਦੋਂ ਤੱਕ ਰਹੇਗਾ। ਪਰ ਜੇ ਸਾਧੂ ਨਾਲ ਬਚਨ ਕਰਕੇ ਪੂਰਾ ਨਾ ਕੀਤਾ ਜਾਵੇ ਤਾਂ ਉਸਨੂੰ ਸੁੱਖ ਨਹੀਂ ਮਿਲਦਾ ਦੁੱਖ ਹੀ ਪਾਉਂਦਾ ਹੈ।" ਇਸ ਨੇ ਕਿਹਾ, "ਮਹਾਰਾਜ! ਚਾਹੇ ਕਿਤਨਾ ਕਸ਼ਟ ਉਠਾਉਣਾ ਪਵੇ, ਪਰ ਮੈਂ ਇਹ ਬਚਨ ਜ਼ਰੂਰ ਪੂਰਾ ਕਰਾਂਗਾ।" ਸੰਤਾਂ ਨੇ ਮੁਸਕਰਾਕੇ ਆਖਿਆ, "ਸੰਗਤ ਜੀ! ਦੇਖ ਲਵੋ ਤੁਸੀਂ ਇਤਨੇ ਗਵਾਹ ਹੋ, ਇਸਨੂੰ ਫੇਰ ਤੁਸਾਂ ਨੇ ਤਿਆਰ ਕਰਨਾ ਹੈ, ਅਸੀਂ ਤਾਂ ਤੁਹਾਡਾ ਹੁਕਮ ਮੰਨਕੇ ਹੁਣ ਠਹਿਰ ਜਾਂਦੇ ਹਾਂ।" ਸੰਤਾਂ ਦੀ ਰਸਨਾ ਤੋਂ ਇਹ ਸ਼ਬਦ ਸੁਣਕੇ ਸਾਰੇ ਹੀ ਪ੍ਰੇਮੀ ਬੜੇ ਪ੍ਰਸੰਨ ਹੋਏ। ਮਾਨੋਂ ਤਰਸਦੇ ਪਪੀਹਿਆਂ ਨੂੰ ਸਵਾਂਤੀ ਬੂੰਦ ਦੀ ਬਰਖਾ ਪ੍ਰਾਪਤ ਹੋ ਗਈ। ਸਾਰੇ ਹੀ ਬਾਬਾ ਜੀ ਨੂੰ ਨਮਸ਼ਕਾਰ ਕਰਕੇ ਜ਼ੈਲਦਾਰ ਦਾ ਜਸ ਕਰਦੇ ਹੋਏ ਆਪਣੇ ਘਰੀਂ ਪਹੁੰਚੇ।

ਸੰਤ ਜੀ ਮਹਾਰਾਜ ਰੋਜ਼ ਦੇ ਨਿਯਮ ਅਨੁਸਾਰ ਬਾਹਰ ਗੁਫ਼ਾ ਵੱਲ ਚਲੇ ਗਏ। ਰਸਤੇ ਵਿੱਚ ਰਾਗੀ ਲਾਲ ਸਿੰਘ ਨੂੰ ਆਖਿਆ, ਸੰਗਤ ਦਾ ਪਿਆਰ ਸਾਨੂੰ ਏਥੋਂ ਦੀ ਸੇਵਾ ਵਾਸਤੇ ਮਜ਼ਬੂਰ ਕਰ ਰਿਹਾ ਹੈ। ਪਰ ਅਸੀਂ ਜਿਸ ਮਾਘ ਦੇ ਮਹੀਨੇ ਵੱਡੇ ਸਾਹਿਬਾਂ ਨੇ ਅਟਕ ਵਿੱਚ ਚੌਂਕੜਾ ਲਾਇਆ ਹੈ ਅਸੀਂ ਵੀ ਉਸੇ ਮਹੀਨੇ ਹੀ ਆਵਾਂਗੇ। ਤੁਸਾਂ ਨੇ ਪਹਿਲੀ ਤੋਂ ਲੈ ਕੇ ਦਸ ਬਾਰਾਂ ਮਾਘ ਤੱਕ ਕਿਤੇ ਬਾਹਰ ਨਹੀਂ ਜਾਣਾ। ਜਦੋਂ ਵੀ ਏਧਰੋਂ ਕੋਈ ਚਿੱਠੀ ਜਾਂ ਤਾਰ ਪੁੱਜੇ ਤਾਂ ਉਸੇ ਸਮੇਂ ਸੈਦੂ ਪਹੁੰਚਕੇ ਤੁਸਾਂ ਸਾਰੀ ਤਿਆਰੀ ਕਰਨੀ। ਫੇਰ ਆਪ ਤਾਂ ਗੁਫ਼ਾ ਵਿੱਚ ਹੀ ਠਹਿਰ ਗਏ।

ਰਾਗੀ ਲਾਲ ਸਿੰਘ ਨੇ ਵਾਪਸ ਜਾਣ ਦੀ ਆਗਿਆ ਮੰਗੀ ਤਾਂ ਆਪ ਜੀ ਨੇ ਕੁਝ ਕੁ ਨਕਦੀ ਮਾਇਆ ਤੇ ਸਿਰੋਪਾਓ ਦੇ ਕੇ ਵਿਦਾਇਗੀ ਦਿੱਤੀ ਅਤੇ ਨਾਲ ਹੀ ਆਖਿਆ, "ਹੁਣ ਸਰੀਰ ਕਰਕੇ ਅੰਤਮ ਮਿਲਾਪ ਸਮਝੋ।" ਤਾਂ ਉਸ ਨੇ ਬਾਬਾ ਜੀ ਦੇ ਪਿਆਰ ਵਿੱਚ ਬੜਾ ਵੈਰਾਗ ਕੀਤਾ, ਸੰਤਾਂ ਨੇ ਧੀਰਜ ਦੇ ਕੇ ਉਸਨੂੰ ਵਿਦਾ ਕੀਤਾ। ਉਹ ਰਾਤ ਦੀ ਗੱਡੀ ਵਾਪਸ ਕੈਮਲਪੁਰ ਨੂੰ ਚਲਾ ਗਿਆ।

# ਆਨੰਦਪੁਰ ਸਾਹਿਬ ਦਾ ਹੋਲਾ ਮਹਲਾ

ਭਾਵੇਂ ਸੰਤ ਜੀ ਮਹਾਰਾਜ ਪਹਿਲਾਂ ਵੀ ਜਥੇਦਾਰ ਸਾਧੂ ਸਿੰਘ ਤੇ ਸੰਤ ਸੰਪੂਰਨ ਸਿੰਘ ਸੋਢੀ ਦੇ ਪ੍ਰੇਮ ਦਾ ਸਦਕਾ ਕਈ ਵਾਰੀ ਹੋਲੇ ਮਹੱਲੇ ਦੇ ਸਮੇਂ ਅਨੰਦਪੁਰ ਸਾਹਿਬ ਦੀ ਯਾਤਰਾ ਕਰ ਆਏ ਸਨ ਪਰ ਐਤਕੀਂ ਆਪਣੇ ਨਿਜ ਸਰੂਪ ਵਿੱਚ ਲੀਨ ਹੋਣ ਦਾ ਸਮਾਂ ਨਜ਼ਦੀਕ ਜਾਣਕੇ ੧੯੨੬ ਈਸਵੀ ਵਿੱਚ ਆਖ਼ਰੀ ਹੋਲੇ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਨੂੰ ਤਿਆਰ ਹੋਏ। ਉਸ ਸਮੇਂ ਇਹ ਵਿਅਕਤੀ ਆਪ ਜੀ ਦੇ ਨਾਲ ਸਨ:

ਸੰਤ ਭਗਵਾਨ ਸਿੰਘ ਜੀ, ਸੰਤ ਈਸ਼ਰ ਸਿੰਘ ਜੀ (ਹਜ਼ੂਰੀਏ ਸੇਵਾਦਾਰ), ਸ੍ਰ: ਪ੍ਰੀਤਮ ਸਿੰਘ ਜੀ (ਘੁਮਾਣ ਪਿੰਡ ਦਾ), ਭਾਈ ਉੱਤਮ ਸਿੰਘ ਜੀ , ਭਾਈ ਹਰ ਪ੍ਰਸ਼ਾਦ ਜੀ, ਲਛਮਣ ਸਿੰਘ ਗੰਧਰਬ ਆਦਿ ਹੋਰ ਵੀ ਬਹੁਤ ਸਾਰੀ ਪਿੰਡ ਦੀ ਸੰਗਤ ਨੂੰ ਨਾਲ ਲੈ ਕੇ ਆਪ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਨਹਿਰ ਦੇ ਕੰਢੇ-ਕੰਢੇ ਰੋਪੜ ਵੱਲ ਨੂੰ ਪੈਦਲ ਚੱਲ ਪਏ। ਰਸਤੇ ਵਿੱਚ ਮਾਛੀਵਾੜਾ ਤੇ ਹੋਰ ਗੁਰ ਅਸਥਾਨਾਂ ਦੇ ਦਰਸ਼ਨ ਕਰਦੇ ਹੋਏ ਸ਼ਾਮੀਂ ਝਾੜ ਸਾਹਿਬ ਪੁੱਜੇ। ਭੇਟਾ ਅਰਪਕੇ ਗੁਰੂ ਦਰਬਾਰ ਨੂੰ ਨਮਸ਼ਕਾਰ ਕੀਤੀ ਤੇ ਰਾਤ ਦਾ ਸਮਾਂ ਇੱਥੇ ਠਹਿਰੇ। ਦੂਸਰੇ ਦਿਨ ਦੀਵਾਨ ਦੀ ਸਮਾਪਤੀ ਉਪਰੰਤ ਜਲ-ਪਾਣੀ ਛਕ ਕੇ ਸਵੱਖਤੇ ਹੀ ਚਾਲੇ ਪਾ ਲਏ। ਦੁਪਹਿਰ ਨੂੰ ਚਮਕੌਰ ਸਾਹਿਬ ਪਹੁੰਚ ਕੇ ਸਰਬੰਸ-ਦਾਨੀ ਦੇ ਪਵਿੱਤ੍ਰ ਬਚਨਾਂ ਨੂੰ ਸਫ਼ਲਾਉਣ ਵਾਲੀ ਪਾਵਨ ਧਰਤੀ ਦਾ ਦੀਦਾਰ ਕੀਤਾ, ਜਿੱਥੇ ਹਜ਼ੂਰ ਦੇ ਸਾਥੀ ਸਿੰਘਾਂ ਨੇ ਧਰਮ ਦੇ ਵਿਰੋਧੀ ਜ਼ਾਲਮਾਂ ਦਾ ਮੁਕਾਬਲਾ ਕਰਦਿਆਂ ਅੰਮ੍ਰਿਤ ਦੇ ਜੌਹਰ ਦਿਖਾਏ ਅਤੇ ਇਕੱਲੇ-ਇਕੱਲੇ ਸਿੰਘ ਨੇ ਸਵਾ-ਸਵਾ ਲੱਖ ਦਾ ਮੁਕਾਬਲਾ ਕੀਤਾ।

*ਸਵਾ ਲਾਖ ਸੇ ਏਕ ਲੜਾਊਂ। ਤਬੀ ਗੋਬਿੰਦ ਸਿੰਘ ਨਾਮ ਕਹਾਊਂ।*

ਕਿੱਥੇ ਗਿਣਤੀ ਦੇ ਕੇਵਲ ੪੦ ਸਿੰਘ ਉਹ ਵੀ ਅੱਠਾਂ ਮਹੀਨਿਆਂ ਦੇ ਭੁੱਖੇ, ਕਿੱਥੇ ੧੪ ਲੱਖ ਸ਼ਾਹੀ ਸੈਨਾ, ਪਰ ਫੇਰ ਵੀ ਚੜ੍ਹਦੀਆਂ ਕਲਾਂ ਦਾ ਸਬੂਤ ਦਿੰਦੇ ਹੋਏ ਡਟਕੇ ਲੜਦੇ ਰਹੇ। ਜਦੋਂ ੩੫ ਸਿੰਘ ਤੇ ਦੋਵੇਂ ਸਾਹਿਬਜ਼ਾਦੇ ਸ਼ਹੀਦੀ ਪਾ ਗਏ ਤਾਂ ਪੰਥ ਦੇ ਹੁਕਮ ਅੱਗੇ ਸਿਰ ਝੁਕਾਕੇ ਕਲਗੀਆਂ ਵਾਲੇ ਪਾਤਿਸ਼ਾਹ ਜੀ ਤਿੰਨ ਸਾਥੀਆਂ ਸਮੇਤ ਤਾੜੀ ਵਜਾਕੇ ਗੜ੍ਹੀ ਚੋਂ ਬਾਹਰ ਆਏ ਸਨ। ਉਸ ਅਸਥਾਨ ਦਾ ਨਾਮ ਤਾੜੀ ਸਾਹਿਬ ਗੁਰਦੁਆਰਾ ਹੈ।

ਕਤਲ ਗੜ੍ਹੀ, ਰਣਜੀਤ ਗੜ੍ਹ ਤੇ ਹੋਰ ਅਸਥਾਨਾਂ ਦੀ ਯਾਤਰਾ ਕੀਤੀ। ਕੜਾਹ ਪ੍ਰਸ਼ਾਦ ਦੀ ਦੇਗ ਤੇ ਮਾਇਆ ਅਰਪੀ ਉਪਰੰਤ ਦੁਪਹਿਰ ਦਾ ਪ੍ਰਸ਼ਾਦ ਛਕਿਆ। ਸੰਤ ਮਹਾਰਾਜ ਦੇ ਗੜਵਈ (ਛੋਟੇ ਸੰਤ ਈਸ਼ਰ ਸਿੰਘ ਜੀ) ਦਾ ਸਰੀਰ ਸਰਦੀ ਦੇ ਕਾਰਣ ਪਿਛਲੇ ਪੜਾਅ ਤੋਂ ਕੁਝ ਢਿੱਲਾ ਸੀ। ਏਥੇ ਆਕੇ ਸਵੇਰ ਦੇ ਟਾਈਮ ਠੰਢੇ ਪਾਣੀ ਦੇ ਨਾਲ ਇਸ਼ਨਾਨ ਕਰਨ ਕਰਕੇ ਬੁਖ਼ਾਰ ਹੋ ਗਿਆ ਪਰ ਆਪ ਨੇ ਸੰਤਾਂ ਨੂੰ ਨਹੀਂ ਦੱਸਿਆ ਕਿ ਮੈਂ ਬੀਮਾਰ ਹਾਂ। ਜਾਣੀ ਜਾਣ ਦਾਤੇ ਨੇ ਪ੍ਰੀਤਮ ਸਿੰਘ ਨੂੰ ਹੁਕਮ ਕੀਤਾ (ਜੋ ਛੋਟੇ ਸੰਤਾਂ ਦਾ ਹਮ ਜਮਾਤੀ ਸੀ) ਕਿ ਅਸੀਂ ਪੈਦਲ ਚਲਦੇ ਹਾਂ, ਤੁਸੀਂ ਇਨ੍ਹਾਂ ਨੂੰ ਬੇੜੀ ਵਿੱਚ ਲੈ ਕੇ ਸ਼ਾਮ ਨੂੰ ਭੱਠੇ ਸਾਹਿਬ ਰੋਪੜ ਪੁੱਜ ਜਾਣਾ। ਸੋ ਸ਼ਾਮ ਦੇ ਟਾਈਮ ਰੋਪੜ ਆ ਕੇ ਭੱਠਾ ਸਾਹਿਬ ਪੜਾਅ ਕੀਤਾ। ਜਿੱਥੇ ਸਰਬੰਸ ਦਾਨੀ ਕਲਗੀਆਂ ਵਾਲੇ ਪਾਤਿਸ਼ਾਹ ਨੇ ਜ਼ੁਲਮ ਦੀ ਭੱਠੀ ਠੰਢੀ ਕੀਤੀ, ਉਥੇ ਆਪਣੇ ਨੀਲੇ ਦੇ ਪੌੜਾਂ ਨਾਲ ਇਸ ਤਪ ਰਹੇ ਪ੍ਰਤੱਖ ਭੱਠੇ ਨੂੰ ਵੀ ਠੰਢਾ ਕੀਤਾ। ਉਸ ਜਗ੍ਹਾ ਐਸ ਸਮੇਂ ਵੀ ਘੋੜੇ ਦੇ ਪੌੜਾਂ ਦਾ ਨਿਸ਼ਾਨ ਕਾਇਮ ਹੈ। ਰਾਤ ਦਾ ਸਮਾਂ ਆਰਾਮ ਕਰਕੇ ਸਵੇਰੇ ਚਾਲੇ ਪਾ ਦਿੱਤੇ।

ਕੀਰਤਪੁਰ ਸਾਹਿਬ ਆਕੇ ਪਾਤਾਲ ਪੁਰੀ ਦਾ ਦਰਸ਼ਨ ਬਾਬਾ ਗੁਰਦਿੱਤਾ ਜੀ ਦਾ ਅਸਥਾਨ ਤੇ ਬੁੱਢਣ ਸ਼ਾਹ ਪੀਰ ਦੀ ਜਗ੍ਹਾ ਦੇਖੀ, ਹੋਰ ਵੀ ਗੁਰਧਾਮਾਂ ਦੀ ਯਾਤਰਾ ਕਰਕੇ ਅੰਮ੍ਰਿਤ ਵੇਲੇ ਚਲ ਪਏ। ਰਸਤੇ ਵਿੱਚ ਮਿੱਠਾ ਖੂਹ ਤੇ ਹੋਰ ਸਤਿਗੁਰਾਂ ਦੇ ਪਾਵਨ ਅਸਥਾਨਾਂ ਦੀ ਧੂੜੀ ਪਰਸਦੇ ਹੋਏ ਆਨੰਦਪੁਰ ਸਾਹਿਬ ਆ ਗਏ। ਜਥੇਦਾਰ ਸਾਧੂ ਸਿੰਘ ਤੇ ਨਿਹੰਗ ਮੰਗਲ ਸਿੰਘ ਦੇ ਪਾਸ ਸ਼ਹੀਦੀ ਬਾਗ਼ ਵਿੱਚ ਡੇਰਾ ਕੀਤਾ। ਪ੍ਰਸ਼ਾਦ ਤੇ ਭੇਟਾ ਲੈ ਕੇ ਸਾਰੇ ਅਸਥਾਨਾਂ ਦੇ ਦਰਸ਼ਨ ਦੀਦਾਰ ਕੀਤੇ, ਨਾਲ ਦੇ ਸਾਥੀਆਂ ਨੂੰ ਤਖ਼ਤ ਸਾਹਿਬ ਤੇ ਹੋਰ ਗੁਰ-ਅਸਥਾਨਾਂ ਦਾ ਇਤਿਹਾਸ ਸੁਣਾਇਆ।

ਇਥੋਂ ਹੀ ਗੁਰੂ ਕੇ ਲਾਹੌਰ ਦੇ ਦਰਸ਼ਨਾਂ ਵਾਸਤੇ ਗਏ। ਹੋਲੇ ਦੇ ਸਮੇਂ ਹੋਰ ਵੀ ਬਹੁਤ ਸਾਰੇ ਸੰਤ ਮਹੰਤ ਤੇ ਪੂਜਯ ਵਿਅਕਤੀਆਂ ਦਾ ਮਿਲਾਪ ਹੋਇਆ। ਤਖ਼ਤ ਸਾਹਿਬ ਤੇ ਹੋਰ ਅਸਥਾਨਾਂ ਦੇ ਜੱਥੇਦਾਰ ਤੇ ਮੁਖੀ ਪ੍ਰਬੰਧਕਾਂ ਵਲੋਂ ਆਪ ਜੀ ਨੂੰ ਸਿਰੋਪਾਓ ਦਿੱਤੇ ਗਏ। ਤੀਸਰੇ ਦਿਨ ਵਾਪਸ ਆਉਣ ਸਮੇਂ ਆਪਣੇ ਪਿਆਰ ਵਾਲੇ ਗੁਰਮੁਖ ਮਹਾਂ-ਪੁਰਖ ਜੱਥੇਦਾਰ ਸਾਧੂ ਸਿੰਘ ਤੇ ਭਾਈ ਮੰਗਲ ਸਿੰਘ ਨੂੰ ਮਿਲਕੇ ਲਾਡਲੀਆਂ ਫੌਜਾਂ ਦੇ ਲੰਗਰ ਵਾਸਤੇ ਮਾਇਆ ਭੇਟਾ ਕੀਤੀ ਤੇ

ਆਖਿਆ, "ਗੁਰਮੁਖੋ! ਇਹ ਯਾਤਰਾ, ਜੀਵਨ ਯਾਤਰਾ ਦੀ ਆਖ਼ਰੀ ਯਾਤਰਾ ਸੀ, ਸਤਿਗੁਰਾਂ ਨੇ ਫੌਜਾਂ ਦਾ ਅੰਤਮ ਦਰਸ਼ਨ ਕਰਵਾ ਦਿੱਤਾ।

ਸਫਲ ਸਫਲ ਭਈ ਸਫਲ ਜਾਤ੍ਰਾ ॥
ਆਵਣ ਜਾਣ ਰਹੇ ਮਿਲੇ ਸਾਧਾ ॥੧॥

(ਪੰਨਾ ੬੮੭)

ਹੁਣ ਸੰਸਾਰ ਯਾਤਰਾ ਸਮਾਪਤ ਕਰਕੇ ਕਲਗੀਆਂ ਵਾਲੇ ਪਾਤਸ਼ਾਹ ਦੇ ਸਰੂਪ ਵਿੱਚ ਲੀਨ ਹੋ ਕੇ ਉਸ ਦੀ ਗੋਦ ਦਾ ਆਨੰਦ ਮਾਣਾਂਗੇ।

ਬਾਬਾ ਜੀ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣ ਕੇ ਇਨ੍ਹਾਂ ਦੇ ਨੇਤਰਾਂ 'ਚੋਂ ਵੈਰਾਗ ਦਾ ਜਲ ਵਹਿ ਤੁਰਿਆ। ਹਜ਼ੂਰ ਨੇ ਬੜੇ ਪਿਆਰ ਨਾਲ ਧੀਰਜ ਦੇ ਕੇ ਆਖਿਆ, "ਫੌਜੋ! ਹਜ਼ੂਰ ਦਾ ਹੁਕਮ ਹੈ:

ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥

(ਪੰਨਾ ੭੯੧)

ਸਰੀਰਾਂ ਦਾ ਸਦਾ ਮਿਲਾਪ ਨਹੀਂ ਰਹਿੰਦਾ ਜੋਤ ਕਰ ਕੇ ਅਸੀਂ ਤੁਹਾਡੇ ਨਾਲ ਹਾਂ, ਹਜ਼ੂਰ ਫਰਮਾਉਂਦੇ ਹਨ:

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥

(ਪੰਨਾ ੧੪੨੯)

ਅਥਵਾ: ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥

(ਪੰਨਾ ੧੪੨੯)

ਤਥਾ: ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥

(ਪੰਨਾ ੧੪੨੯)

ਸਰੀਰ ਦੀ ਅਸਥਾਈ ਤਾਂ ਕੇਵਲ ਇਤਨੀ ਹੀ ਹੈ।

*ਕੁਛ ਭਰੋਸਾ ਜ਼ਿੰਦਗੀ ਕਾ ਦਾਰੇ ਫਾਨੀ ਮੇ ਨਹੀਂ।*
*ਬੁਲਬੁਲੇ ਕੋ ਇੱਕ ਦਮ ਕੀ ਆਸ ਪਾਣੀ ਮੇਂ ਨਹੀਂ।*

ਅਥਵਾ:

*ਐ ਜ਼ੌਕ! ਬਹਿਰੇ ਫਾਨੀ ਮੇ ਹੈ ਕਿਸ਼ਤੀਏ ਉਮਰੇ ਰਵਾਂ।*
*ਜਿਸ ਜਗ੍ਹਾ ਮੇ ਜਾ ਲਗੀ ਵੋਹੀ ਕਿਨਾਰਾ ਹੋ ਗਿਆ।*

ਉਪਰੰਤ ਇਨ੍ਹਾਂ ਗੁਰਮੁਖਾਂ ਤੇ ਹੋਰ ਸੰਗਤ ਤੋਂ ਵਿਦਾਇਗੀ ਲਈ ਅਤੇ ਰਸਤੇ ਵਿੱਚ ਗੁਰਦੁਆਰਿਆਂ ਦੇ ਦਰਸ਼ਨ ਕਰਦੇ ਹੋਏ ਵਾਪਸ ਰੇਰੂ ਸਾਹਿਬ ਆ ਗਏ।

-o-

# ਗਿਆਰ੍ਹਵਾਂ ਕਾਂਡ

## ਅਮੋਲਕ ਬਚਨ (ਕਰਮ-ਫਿਲਾਸਫੀ)

ਹਜ਼ੂਰ ਦੇ ਪਾਵਨ ਚਰਨਾਂ ਵਿੱਚ ਸੰਤ ਭਗਵਾਨ ਸਿੰਘ ਜੀ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਇਸ ਜੀਵ ਨੂੰ ਜੋ ਦੁੱਖ ਅਤੇ ਸੁੱਖ ਮਿਲ ਰਿਹਾ ਹੈ ਇਹ ਇਸ ਦੇ ਆਪਣੇ ਹੀ ਕੀਤੇ ਕਰਮਾਂ ਦਾ ਫ਼ਲ ਹੈ ਜਾਂ ਕਿ ਕਿਸੇ ਦੂਜੇ ਦੇ ਕੀਤੇ ਕਰਮਾਂ ਦਾ ਫ਼ਲ ਵੀ ਲੱਗ ਜਾਂਦਾ ਹੈ? ਬਹੁਤ ਸਾਰੇ ਮਨੁੱਖ ਮਾੜੇ ਕਰਮਾਂ ਨੂੰ ਕਰਦੇ ਹੋਏ ਵੀ ਸੁਖੀ ਪ੍ਰਤੀਤ ਹੋ ਰਹੇ ਹਨ ਅਤੇ ਕਈ ਚੰਗੇ-ਚੰਗੇ ਕਰਮਾਂ ਨੂੰ ਕਰਦੇ ਦੁਖੀ ਦੇਖੀਦੇ ਹਨ। ਆਪ ਕਿਰਪਾ ਕਰਕੇ ਇਸ ਦਾ ਨਿਰਣਾ ਕਰਕੇ ਦੱਸੋ ਤਾਂਕਿ ਇਸ ਗੱਲ ਦਾ ਸਭਨਾਂ ਨੂੰ ਨਿਸ਼ਚਾ ਹੋ ਜਾਵੇ।"

ਸੰਤਾਂ ਦੇ ਉੱਤਰ ਦਿੱਤਾ, "ਗੁਰਮਖੋ! ਇਹ ਪ੍ਰਮੇਸ਼ਰ ਦੀ ਨੇਤ ਹੈ ਕਿ ਹਰੇਕ ਜੀਵ ਆਪਣੇ ਕੀਤੇ ਕਰਮਾਂ ਅਨੁਸਾਰ ਹੀ ਦੁਖ-ਸੁਖ ਭੋਗਦਾ ਹੈ। ਸ਼ਾਸਤਰ-ਕਾਰਾਂ ਨੇ ਕਰਮ ਤਿੰਨ ਪ੍ਰਕਾਰ ਦੇ ਮੰਨੇ ਹਨ। ਇੱਕ ਤਾਂ ਉਹ ਕਰਮ ਹਨ ਜੋ ਸਰੀਰ ਨਾਲ ਕੀਤੇ ਜਾਂਦੇ ਹਨ। ਇੱਕ ਬਾਣੀ ਦੁਆਰਾ, ਇੱਕ ਮਨ ਦੇ ਫੁਰਨੇ ਨਾਲ। ਭਾਵ ਮਨ, ਬਾਣੀ, ਸਰੀਰ ਤਿੰਨਾਂ ਨਾਲ ਸ਼ੁਭ ਤੇ ਅਸ਼ੁਭ ਕਰਮ ਹੁੰਦੇ ਹਨ, ਇਕੱਲੇ ਸਰੀਰ ਨਾਲ ਨਹੀਂ। ਕਿਉਂਕਿ ਜੋ ਵੀ ਜੀਵ ਸ਼ੁਭ ਅਥਵਾ ਅਸ਼ੁਭ ਸੁਭਾਵਿਕ ਕਰਮ ਕਰਦਾ ਹੈ ਉਸ ਦਾ ਅਕਸ ਇਸਦੇ ਮਨ ਤੇ ਪੈਂਦਾ ਹੈ, ਜਿਸ ਨੂੰ ਸੰਸਕਾਰ ਕਹਿੰਦੇ ਹਨ। ਜਿਵੇਂ ਹਰਨਾਂ ਦੀ ਡਾਰ ਲੰਘੀ ਤੋਂ ਬਾਅਦ ਵਿੱਚ ਉਨ੍ਹਾਂ ਦੀਆਂ ਧਰਤੀ ਤੇ ਪੈੜਾਂ ਕਾਇਮ ਰਹਿ ਜਾਂਦੀਆਂ ਹਨ, ਇਸੇ ਤਰ੍ਹਾਂ ਜੋ ਵੀ ਜੀਵ ਕਰਮ ਕਰ ਚੁੱਕਦਾ ਹੈ ਉਸ ਦੇ ਸ਼ੁਭ-ਅਸ਼ੁਭ ਸੰਸਕਾਰ ਜੀਵ ਦੀ ਹਿਰਦੇ ਰੂਪ ਧਰਤੀ ਤੇ ਅਮਿੱਟ ਰਹਿ ਜਾਂਦੇ ਹਨ। ਉਹ ਅੰਦਰ ਪਏ ਹੋਏ ਕਰਮਾਂ ਦੇ ਸੂਖਮ ਰੂਪ ਵਿੱਚ ਸੰਸਕਾਰ, ਸਮੇਂ ਅਨੁਸਾਰ ਜਰੂਰ ਫ਼ਲ ਦਿੰਦੇ ਹਨ। ਕਿਉਂਕਿ ਜਦੋਂ ਜੀਵ ਕਰਮ ਕਰਦਾ ਹੈ ਉਸ ਸਮੇਂ ਤਾਂ ਉਹ ਕਿਰਿਆ ਹੁੰਦੀ ਹੈ, ਬਾਅਦ ਵਿੱਚ ਫੇਰ ਉਸੇ ਦਾ ਹੀ ਕਰਮ ਬਣ ਜਾਂਦਾ ਹੈ। ਜਿਵੇਂ ਕੋਈ ਮਨੁੱਖ ਕਿਸੇ ਨੂੰ ਮਾਰਦਾ ਹੈ, ਮਾਰਨ ਸਮੇਂ ਤਾਂ ਉਹ ਕੰਮ ਹੈ ਪਰ ਬਾਅਦ ਵਿੱਚ ਉਹੋ ਹੀ ਕਰਮ ਬਣ ਗਿਆ। ਅਥਵਾ ਕਿਸੇ ਦੁਰਾਚਾਰੀ ਦੀ ਸੰਗਤ ਨਾਲ ਵੇਸਵਾ ਗਾਮੀ ਹੋ ਕੇ ਕੁਕਰਮ ਕਰਦਾ ਹੋਇਆ ਮਨ ਖ਼ੁਸ਼ ਹੁੰਦਾ ਹੈ ਪਰ ਉਸਦਾ ਫ਼ਲ ਸਰੀਰ ਨੂੰ ਅਸਾਧ ਰੋਗ ਲੱਗ ਗਿਆ। ਇਉਂ ਕਰਮ ਸਰੀਰ ਅਤੇ ਮਨ ਦੋਹਾਂ ਨਾਲ ਵੀ ਕੀਤੇ ਜਾਂਦੇ ਹਨ ਅਤੇ ਇਕੱਲੇ ਮਨ ਨਾਲ ਵੀ।

ਇਸੇ ਤਰ੍ਹਾਂ ਦੁੱਖ ਵੀ ਮਨ ਤੇ ਸਰੀਰ ਦੋਹਾਂ ਨੂੰ ਹੀ ਹੁੰਦਾ ਹੈ। ਜਿਵੇਂ ਕਈ ਮਨੁੱਖ ਸਰੀਰ ਕਰਕੇ ਬੜੇ ਰਿਸ਼ਟ-ਪੁਸ਼ਟ ਮੋਟੇ-ਤਾਜ਼ੇ ਤੇ ਸੁਖੀ ਪ੍ਰਤੀਤ ਹੁੰਦੇ ਹਨ ਪਰ ਉਹ ਮਨ ਕਰਕੇ ਬੜੇ ਦੁਖੀ ਹੁੰਦੇ ਹਨ। ਭਾਵੇਂ ਉਹ ਸਰੀਰ ਕਰਕੇ ਅਰੋਗ ਹਨ ਪਰ ਮਨ ਕਰਕੇ ਸਦਾ ਹੀ ਜਲਦੇ ਰਹਿੰਦੇ ਹਨ। ਸੋ ਇਸ ਵਿੱਚ ਰੰਚਕ ਮਾਤਰ ਸ਼ੱਕ ਨਹੀਂ ਕਿ ਸੁੱਖ ਦੁੱਖ ਇਸਦੇ ਕੀਤੇ ਕਰਮਾਂ ਦਾ ਫ਼ਲ ਹੈ।

ਯਥਾ:

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

(ਪੰਨਾ ੧੩੪)

ਜੇਕਰ ਵਿਚਾਰ ਦੀ ਨਿਗ੍ਹਾ ਨਾਲ ਦੇਖਿਆ ਜਾਵੇ ਕਰਮ ਤਾਂ ਸਰੀਰ ਨਾਲ ਹੀ ਕੀਤਾ ਜਾਂਦਾ ਹੈ ਪਰ ਪਹਿਲਾਂ ਉਹਦੀ ਮਨ ਅੰਦਰ ਘਾੜਤ ਘੜੀ ਜਾਂਦੀ ਹੈ। ਕਈ ਏਹੋ ਜਿਹੇ ਸੱਜਣ ਵੀ ਹਨ ਜੋ ਮਨ ਕਰਕੇ ਤਾਂ ਘਾੜਤਾਂ ਘੜੀ ਜਾਂਦੇ ਹਨ ਪਰ ਸਰੀਰ ਨਾਲ ਕੁਝ ਨਹੀਂ ਕਰਦੇ ਉਸਦਾ ਫ਼ਲ ਵੀ ਇਸ ਜੀਵ ਨੂੰ ਜ਼ਰੂਰ ਮਿਲਦਾ ਹੈ ਅਤੇ ਜਦੋਂ ਮਨ ਦੇ ਕਹੇ ਅਨੁਸਾਰ ਕੋਈ ਸਰੀਰ ਨਾਲ ਕਰਮ ਕਰ ਬੈਠਾ। ਸਰੀਰ ਦਾ ਕਰਮ ਵੀ ਮਨ ਦੇ ਫੁਰਨੇ ਨਾਲ ਹੀ ਹੁੰਦਾ ਹੈ। ਇਸ ਕਰਕੇ ਵੀ ਕਦੇ ਨਾ ਕਦੇ ਭੋਗਣੇ ਹੀ ਪੈਂਦੇ ਹਨ। ਕਿਉਂਕਿ ਜੋ ਮਨ ਦੇ ਅੰਦਰ ਕਿਸੇ ਸ਼ੁਭ ਜਾਂ ਅਸ਼ੁਭ ਕਰਮ ਦੀ ਵਾਸ਼ਨਾ ਪਈ ਹੈ ਉਹ ਜ਼ਰੂਰ ਕਦੇ ਫ਼ਲ ਦੇਵੇਗੀ।

ਜੇਕਰ ਬਲ ਕਰਕੇ ਖੋਟੀਆਂ ਵਾਸ਼ਨਾ ਤੇ ਕਾਬੂ ਪਾ ਲਵੇ ਤਾਂ ਉਹ ਮਨੁੱਖ ਪਾਪ ਕਰਮ ਤੋਂ ਬਚ ਜਾਂਦਾ ਹੈ। ਕਈ ਆਦਮੀ ਆਪਣੇ ਦੁਸ਼ਮਣ ਨੂੰ ਮਾਰਨ ਦੀ ਘਾੜਤ ਘੜੀ ਜਾਂਦੇ ਹਨ ਉਹ ਰਾਤ ਨੂੰ ਸੁਪਨੇ ਵਿੱਚ ਵੀ ਆਪ ਦੁਸ਼ਮਣ ਬਣਕੇ

ਉਸਨੂੰ ਮਾਰਦੇ ਹਨ ਜਾਂ ਉਸ ਤੋਂ ਆਪ ਮਾਰ ਖਾਂਦੇ ਹਨ। ਇਸੇ ਕਰਕੇ ਕਈਆਂ ਨੂੰ ਸੁਪਨੇ ਵਿੱਚ ਦਬਾਅ ਪੈਂਦਾ ਹੈ ਅਤੇ ਉਨ੍ਹਾਂ ਦਾ ਸੁੱਤੇ ਪਿਆਂ ਅਰੜਾਟ ਨਿਕਲ ਜਾਂਦਾ ਹੈ, ਰੌਲਾ ਸੁਣਕੇ ਕੋਲ ਪਏ ਜਾਗ ਪੈਂਦੇ ਹਨ। ਉਸਨੂੰ ਜਗਾਉਂਦੇ ਹਨ, ਸਰੀਰ ਤਾਂ ਏਥੇ ਹੀ ਪਿਆ ਹੁੰਦਾ ਹੈ, ਪਰ ਮਨ ਕਰਕੇ ਦੁਖੀ ਹੁੰਦੇ ਫਿਰਦੇ ਹਨ।

ਸੋ ਜੀਵ ਨੂੰ ਚਾਹੀਦਾ ਹੈ ਕਿ ਆਪਣੇ ਮਨ ਦੇ ਖ਼ਿਆਲਾਂ ਨੂੰ ਠੀਕ ਰੱਖੇ ਤਾਂ ਸੰਸਾਰ ਵਿੱਚ ਸੁੱਖ ਦੀ ਜ਼ਿੰਦਗੀ ਬਤੀਤ ਕਰ ਸਕਦਾ ਹੈ। ਪਰ ਇਹ ਨਿਯਮ ਹੈ ਕਿ ਸਾਰੇ ਜੀਵ ਆਪਣੇ ਕੀਤੇ ਕਰਮਾਂ ਦਾ ਹੀ ਫ਼ਲ ਭੋਗਦੇ ਹਨ ਚਾਹੇ ਉਹ ਕਰਮ ਸਰੀਰ ਕਰਕੇ ਕੀਤੇ ਜਾਣ ਚਾਹੇ ਮਨ ਕਰਕੇ:

ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥
ਸੋ ਜਾਣੈ ਜਿਨਿ ਦਾਤੈ ਦੀਏ ॥
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ
ਸਹੁ ਅਪਣਾ ਕੀਆ ਕਰਾਰਾ ਹੇ ॥

(ਪੰਨਾ ੧੦੩੦)

ਇਹ ਕਰਮ ਗਿਆਨ ਹੋਣ ਤੋਂ ਬਿਨਾਂ ਮਿਟ ਨਹੀਂ ਸਕਦੇ, ਜ਼ਰੂਰ ਹੀ ਭੋਗਣੇ ਪੈਂਦੇ ਹਨ।

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ
ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥
ਬਦਤਿ ਤ੍ਰਿਲੋਚਨ ਰਾਮ ਜੀ ॥੬॥

(ਪੰਨਾ ੬੯੫)

ਕਰਮ ਵੀ ਸੁਤੰਤਰ ਅਤੇ ਪਤੰਤਰ ਦੋ ਤਰ੍ਹਾਂ ਦੇ ਹਨ:

ਇਕ ਕਰਮ ਤਾਂ ਆਪਣੀ ਮਰਜ਼ੀ ਨਾਲ ਕੀਤਾ ਜਾਂਦਾ ਹੈ ਇੱਕ ਦੂਜੇ ਦੇ ਹੁਕਮ ਵਿੱਚ। ਜਿਵੇਂ ਇੱਕ ਮਨੁੱਖ ਜੇਲ੍ਹ ਵਿੱਚ ਆਟਾ ਪੀਂਹਦਾ ਹੈ, ਇੱਕ ਆਪਣੇ ਘਰ ਵਿੱਚ ਚੱਕੀ ਚਲਾਉਂਦਾ ਹੈ। ਆਟਾ ਪੀਸਣਾ ਤਾਂ ਇੱਕੋ ਹੀ ਕਰਮ ਹੈ, ਪਰ ਜੇਲ੍ਹ ਵਿੱਚ ਪਤੰਤਰ ਹੈ, ਘਰ ਵਿੱਚ ਸੁਤੰਤਰ ਹੈ। ਇਸੇ ਤਰ੍ਹਾਂ ਚੋਰੀ ਕਰਨੀ ਇਹ ਸੁਤੰਤਰ ਹੈ ਪਰ ਉਸਦਾ ਫ਼ਲ ਭੋਗਣਾ ਪਤੰਤਰ ਕਰਮ ਹੈ। ਕਈ ਕਰਮਾਂ ਦਾ ਫ਼ਲ ਤੁਰੰਤ ਮਿਲ ਜਾਂਦਾ ਹੈ, ਕਈ ਦੂਸਰੇ ਜਨਮ ਵਿੱਚ ਫ਼ਲ ਦਿੰਦੇ ਹਨ। ਜਿਵੇਂ ਕਿਸੇ ਪਾਮਰ ਪੁਰਸ਼ ਨੇ ਮਦਰਾ ਦੀ ਮਸਤੀ ਵਿੱਚ ਦੂਸਰੇ ਦੇ ਥੱਪੜ ਮਾਰਿਆ ਤੇ ਉਸੇ ਸਮੇਂ ਸਜ਼ਾ ਹੋ ਗਈ ਸੋ ਤੁਰੰਤ ਫ਼ਲ ਮਿਲ ਗਿਆ। ਕਈਆਂ ਦਾ ਬਾਅਦ ਵਿੱਚ।

ਕਰਮ ਕਰਨ ਦੀ ਇੱਛਾ ਹੋਣੀ ਜਾਂ ਕਰਮ ਕਰਨਾ ਇਹ ਸੁਤੰਤਰ ਕਰਮ ਹੈ। ਇਸਦੀ ਪ੍ਰਾਰਬਧ ਬਣ ਗਈ, ਉਸਦਾ ਫ਼ਲ ਪਤੰਤਰ ਕਰਮ ਹੈ।

ਇਉਂ ਕਰਮਾਂ ਦੀ ਫਿਲਾਸਫੀ ਬੜੀ ਡੂੰਘੀ ਹੈ। ਸ਼ੁਭ ਕਰਮ ਕਰਦੇ ਹੋਏ ਫ਼ਲ ਦੀ ਇੱਛਾ ਤਿਆਗ ਕੇ ਨਿਸ਼ਕਾਮਤਾ ਨਾਲ ਨਾਮ ਜਪੇ ਤਾਂ ਮੁਕਤੀ ਮਿਲਦੀ ਹੈ।"

ਬੇਨਤੀ ਕੀਤੀ, "ਮਹਾਰਾਜ! ਜੀਵ ਤਾਂ ਪਹਿਲਾਂ ਹੀ ਅਜ਼ਾਦ ਹੈ। ਭਾਵ ਇਹ ਮੁਕਤ ਰੂਪ ਹੈ, ਦੇਹ ਏਥੇ ਰਹਿ ਜਾਂਦੀ ਹੈ। ਫੇਰ ਦੱਸੋ ਮੁਕਤੀ ਕਿਸ ਨੂੰ ਮਿਲੀ?"

ਉੱਤਰ: ਚਾਰ ਪ੍ਰਕਾਰ ਦਾ ਚੇਤਨ ਹੈ। ਜੀਵ ਚੇਤਨ, ਈਸ਼ਰ ਚੇਤਨ, ਸਾਖੀ ਚੇਤਨ ਤੇ ਵਿਸ਼ੇਸ਼ ਚੇਤਨ।

ਸ਼ੁੱਧ ਚੇਤਨ ਤਾਂ ਦੁਖ-ਸੁਖ ਤੋਂ ਰਹਿਤ ਹੈ। ਸੂਖਮ ਸਰੀਰ ਨਾਲ ਮਿਲਕੇ ਵਿਸ਼ੇਸ਼ ਚੇਤਨ ਕਰਮ ਕਰਦਾ ਤੇ ਫ਼ਲ ਭੋਗਦਾ ਹੈ। ਅੰਤਸ਼ਕਰਨ ਵਿੱਚ ਵਿਸ਼ੇਸ਼ ਚੇਤਨ ਦਾ ਅਭਾਸ ਪੈਂਦਾ ਹੈ, ਦੋਨੋਂ ਮਿਲਕੇ ਭੋਗਾਂ ਨੂੰ ਭੋਗਦੇ ਹਨ।

ਸਮਾਨ ਚੇਤਨ ਅਸਲੀ ਹੈ ਜੋ ਸਾਰੇ ਵਿਆਪਕ ਹੈ। ਵਿਸ਼ੇਸ਼ ਚੇਤਨ ਨਕਲੀ ਹੈ, ਇਸ ਵਿਸ਼ੇਸ਼ ਚੇਤਨ ਦਾ ਹੀ ਅੰਤਸ਼ਕਰਨ ਵਿੱਚ ਪ੍ਰਤਿਬਿੰਬ ਪੈਂਦਾ ਹੈ ਜਿਸਨੂੰ ਜੀਵ ਆਤਮਾ ਕਹੀਦਾ ਹੈ।

ਸਮਾਨ ਚੇਤਨ ਸਾਖੀ ਹੈ ਇਹ ਸ਼ੁੱਧ ਹੈ, ਅਸੰਗ ਹੈ, ਅਕ੍ਰਿਆ ਹੈ, ਮੁਕਤ ਰੂਪ ਹੈ। ਚਿਦਾ ਭਾਸ਼ ਵਿਸ਼ੇਸ਼ ਚੇਤਨ ਜੰਮਦਾ, ਮਰਦਾ, ਕਰਤਾ, ਭੋਗਦਾ ਹੈ। ਅੰਤਸ਼ਕਰਨ ਦੀ ਉਪਾਧੀ ਵਾਲਾ ਹੋਣ ਕਰਕੇ ਸਮਾਨ ਚੇਤਨ ਹੀ ਵਿਸ਼ੇਸ਼ ਚੇਤਨ ਆਖੀਦਾ ਹੈ ਇਸ ਨੂੰ ਮੁਕਤੀ ਮਿਲਦੀ ਹੈ।

ਯਥਾ: ਸ੍ਰੀ ਸੁਆਮੀ ਸ਼ੰਕਰਾਚਾਰਯ ਜੀ ਕਥਨ ਕਰਦੇ ਹਨ:

*ਮਨ: ਏਵ ਮਨੁੱਸ਼ਯਾਣਾਂ ਕਾਰਣੰ ਬੰਧ ਮੋਖਸ਼ਿਓ: ।*
*ਬੰਧਾਯ ਵਿਸਯਸਕਤਿ ਮੁਕਤਯ ਨਿਰਵਿਸ਼ਯੰ ਮਨ: ।*

ਅਰਥ: ਮਨੁੱਸ਼ ਦਾ ਮਨ ਹੀ ਨਿਸ਼ਚੇ ਕਰਕੇ ਬੰਧ ਅਤੇ ਮੋਖ ਦਾ ਕਾਰਣ ਹੈ, ਵਿਸ਼ਿਆਂ ਵਿੱਚ ਖਚਤ (ਆਸਕੱਤ) ਮਨ ਵਾਲਾ ਪੁਰਸ਼ ਬੰਧਨ ਨੂੰ ਪ੍ਰਾਪਤ ਹੁੰਦਾ ਹੈ ਅਤੇ ਵਿਸ਼ਿਆਂ ਤੋਂ ਰਹਿਤ ਮਨ ਵਾਲਾ ਪੁਰਸ਼ ਮੁਕਤ ਰੂਪ ਕਥਨ ਕੀਤਾ ਹੈ।

# ਦੁਖ

ਇਕ ਦਿਨ ਸੰਤ ਜੀ ਮਹਾਰਾਜ ਦੇ ਪਾਸ ਰਾਮਪੁਰ ਪਿੰਡ ਦੇ ਬਿਸ਼ਨ ਸਿੰਘ ਨੇ ਅਰਜ਼ ਕੀਤੀ ਕਿ ਮਹਾਰਾਜ! ਇਹ ਜੀਵ ਦੁਖੀ ਕਿਉਂ ਹੁੰਦਾ ਹੈ? ਤਾਂ ਹਜ਼ੂਰ ਨੇ ਉੱਤਰ ਦਿੱਤਾ ਕਿ ਦੁੱਖ ਦਾ ਵੱਡਾ ਕਾਰਣ ਹੈ ਜੀਵ ਦੇ ਮਨ ਦਾ ਫੁਰਨਾ। ਇਸਦੇ ਅਭਾਵ ਨਾਲ ਹੀ ਪੂਰਨ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਫੇਰ ਫੁਰਨਾ ਵੀ ਸ਼ੁਭ ਨਹੀਂ ਕਰਦਾ, ਅੱਠੇ ਪਹਿਰ ਮਾਇਕੀ ਪਦਾਰਥਾਂ ਦਾ ਗ੍ਰਸਿਆ ਭਟਕ ਰਿਹਾ ਹੈ। ਤ੍ਰਿਸ਼ਨਾਲੂ ਪੁਰਸ਼ ਕਦੇ ਵੀ ਸੁਖੀ ਨਹੀਂ ਹੋ ਸਕਦਾ ਕਿਉਂਕਿ ਇਸਦੀ ਇੱਛਾ ਅਗੇ ਤੋਂ ਅੱਗੇ ਵਧਦੀ ਜਾਂਦੀ ਹੈ। ਮਹਾਂ-ਪੁਰਸ਼ਾਂ ਦਾ ਕਥਨ ਹੈ:

*ਸਮ ਸੰਤੋਖ ਨ ਔਰ ਸੁਖ...* *(ਸਾਰਕੁਤਾਵਲੀ)*

ਜਿਤਨਾ ਪਦਾਰਥ ਇਹ ਚਾਹੁੰਦਾ ਹੈ ਅਤੇ ਜਦੋਂ ਚਾਹੁੰਦਾ ਹੈ ਉਹ ਉਸੇ ਸਮੇਂ ਤੇ ਉਤਨਾ ਮਿਲਦਾ ਨਹੀਂ, ਇਸ ਕਰਕੇ ਇੱਛਾ ਅਧੂਰੀ ਹੀ ਰਹਿੰਦੀ ਹੈ ਜਿਸ ਕਰਕੇ ਦੁਖੀ ਹੁੰਦਾ ਹੈ।

ਇਹ ਪ੍ਰਮੇਸ਼ਰ ਦਾ ਨਿਯਮ ਹੈ ਕਿ ਹਰੇਕ ਚੀਜ਼ ਦੇਸ਼ ਕਾਲ ਦੇ ਨਮਿਤ ਮਿਲਦੀ ਹੈ, ਜੇ ਕਹੇ ਅਜ ਅੰਬ ਦੀ ਗੁਠਲੀ ਬੀਜਕੇ ਉਸਦਾ ਫ਼ਲ ਵੀ ਅੱਜ ਹੀ ਖਾ ਲਵਾਂ, ਇਹ ਗੱਲ ਅਸੰਭਵ ਹੈ। ਅੱਜ ਦਾ ਬੀਜਿਆ ਅੰਬ ਚਾਰ ਸਾਲਾਂ ਨੂੰ ਫ਼ਲ ਦੇਵੇਗਾ। ਇਹ ਚਾਹੁੰਦਾ ਹੈ ਮੇਰੇ ਮਨ ਦਾ ਸਕੰਲਪ ਤੁਰੰਤ ਹੀ ਪੂਰਾ ਹੋ ਜਾਵੇ ਪਰ ਹੁੰਦਾ ਨਹੀਂ, ਇਹ ਵੀ ਦੁੱਖ ਦਾ ਕਾਰਣ ਹੈ। ਸੰਸਾਰੀ ਪਦਾਰਥਾਂ ਦਾ ਸੁੱਖ ਤਰੇਲ ਦੇ ਤੁਬਕੇ ਸਮਾਨ ਹੈ। ਜਿਵੇਂ ਉਸ ਦੇ ਤੁਬਕੇ ਕਿਸੇ ਪਿਆਸੇ ਮਨੁੱਖ ਦੀ ਪਿਆਸ ਨਹੀਂ ਦੂਰ ਕਰ ਸਕਦੇ, ਇਸੇ ਤਰ੍ਹਾਂ ਪਦਾਰਥਾਂ ਵਿੱਚ ਸੁੱਖ ਨਹੀਂ। ਫੇਰ ਹਰੇਕ ਜੀਵ ਦੇ ਮਨ ਦੀ ਇੱਛਾ ਵੀ ਇੱਕ ਨਹੀਂ ਅਡੋ-ਅੱਡ ਹੈ ਤੇ ਆਪਸ ਵਿੱਚ ਟਕਰਾ ਜਾਂਦੀ ਹੈ।

ਜਿਵੇਂ ਇੱਕ ਘੁਮਿਆਰ ਦੀਆਂ ਦੋ ਲੜਕੀਆਂ ਸਨ, ਉਹ ਦੋਵੇਂ ਹੀ ਅੱਡ-ਅੱਡ ਥਾਵਾਂ ਤੇ ਵਿਆਹ ਦਿੱਤੀਆਂ। ਉਨ੍ਹਾਂ ਵਿੱਚੋਂ ਇੱਕ ਖੇਤੀ ਕਰਦੇ ਸਨ, ਦੂਸਰੇ ਭਾਂਡਿਆਂ ਦਾ ਕੰਮ। ਜਦੋਂ ਉਹ ਦੋਹਾਂ ਨੂੰ ਮਿਲਣ ਗਿਆ ਤੇ ਜਾ ਕੇ ਸੁੱਖ ਅਨੰਦ ਪੁੱਛੀ ਤਾਂ ਜੋ ਖੇਤੀ ਕਰਦੇ ਸਨ ਉਸ ਨੇ ਕਿਹਾ ਪਿਤਾ ਜੀ! ਸ਼ਾਹੂਕਾਰ ਤੋਂ ਕਰਜ਼ਾ ਲੈ ਕੇ ਬੀਜ ਪਾਇਆ ਹੈ। ਜ਼ਮੀਨ ਦਾ ਵੀ ਚਕੋਤਾ ਦੇਣਾ ਹੈ, ਜੇ ਬਾਰਸ਼ ਹੋ ਗਈ ਤਾਂ ਚਾਰ ਮਣ ਦਾਨਿਆਂ ਦੀ ਆਸ ਬਝ ਜਾਵੇਗੀ, ਨਹੀਂ ਤਾਂ ਬੱਚੇ ਭੁੱਖੇ ਮਰਣਗੇ ਅਤੇ ਸ਼ਾਹੂਕਾਰ ਦਾ ਕਰਜ਼ਾ, ਜ਼ਮੀਨ ਦਾ ਚਕੋਤਾ ਅਤੇ ਬੀਜ ਵੀ ਨਹੀਂ ਮੁੜਨਾ।

ਫੇਰ ਉਹ ਦੂਸਰੀ ਲੜਕੀ ਕੋਲ ਮਿਲਣ ਗਿਆ, ਜਦੋਂ ਉਸਦਾ ਹਾਲ-ਚਾਲ ਪੁੱਛਿਆ ਤਾਂ ਉਹ ਚਿੰਤਾਤੁਰ ਹੋ ਕੇ ਕਹਿਣ ਲੱਗੀ, ਪਿਤਾ ਜੀ! ਪੁਜਾਵੀ ਨੂੰ ਅੱਗ ਦਿਤੀ ਹੈ ਜੇ ਚੰਗੀ ਤਰ੍ਹਾਂ ਸਹੀ ਸਲਾਮਤ ਪੱਕ ਗਈ ਤਾਂ ਵਸਦਿਆਂ ਵਿੱਚ ਰਹਿ ਜਾਵਾਂਗੇ, ਜੇ ਮੀਂਹ ਕਣੀ ਪੈ ਗਿਆ ਫੇਰ ਮਾਰੇ ਗਏ।

ਦੇਖੋ! ਦੋਵੇਂ ਲੜਕੀਆਂ ਇੱਕੋ ਪਿਤਾ ਦੀ ਸੰਤਾਨ ਹਨ, ਪਰ ਇੱਛਾ ਵੱਖੋ-ਵੱਖ ਹੈ, ਕਿਵੇਂ ਪੂਰੀ ਹੋ ਸਕੇ। ਇੱਕ ਮੀਂਹ ਚਾਹੁੰਦੀ ਹੈ, ਦੂਜੀ ਨਹੀਂ ਚਾਹੁੰਦੀ। ਇਸ ਕਰਕੇ ਦੋਹਾਂ ਚੋਂ ਇੱਕ ਤਾਂ ਜ਼ਰੂਰ ਮਰੇਗੀ ਜਿਸ ਕਰਕੇ ਨਾਲ ਹੀ ਮਾਤਾ-ਪਿਤਾ ਨੂੰ ਵੀ ਦੁੱਖ ਹੋਵੇਗਾ।

ਇਉਂ ਇਸ ਦੀਆਂ ਸਾਰੀਆਂ ਇੱਛਾ ਤਾਂ ਕੋਈ ਕਦੇ ਵੀ ਪੂਰੀਆਂ ਨਹੀਂ ਕਰ ਸਕਦਾ ਜਿਸ ਕਰਕੇ ਦੁਖੀ ਹੁੰਦਾ ਹੈ। ਜੇ ਭਲਾ ਇਸ ਦੀਆਂ ਇੱਛਾ ਪੂਰੀਆਂ ਹੋ ਵੀ ਜਾਣ ਫੇਰ ਵੀ ਇਹ ਪਦਾਰਥ ਜਾਂ ਵਿਸ਼ੇ ਸੁੱਖ ਦੁੱਖਾਂ ਦੇ ਦਬਾਉਣ ਦਾ ਸਮਾਨ ਤਾਂ ਮਿਲ ਗਿਆ ਪਰ ਦੁੱਖ ਦੇ ਮਿਟਾਉਣ ਦਾ ਸਮਾਨ (ਬ੍ਰਹਮ ਗਿਆਨ ਜਾਂ ਸੰਤੋਖ ) ਉਹ ਨਹੀਂ ਮਿਲਿਆ। ਅਸਲੀ ਸੁੱਖ ਸਤ-ਪੁਰਸ਼ਾਂ ਦੀ ਸੰਗਤ ਵਿੱਚੋਂ ਮਿਲਦਾ ਹੈ।

ਭਾਈ ਰੇ ਸੁਖੁ ਸਾਧਸੰਗਿ ਪਾਇਆ ॥

(ਪੰਨਾ ੪੨)

ਕਬੀਰ ਸਾਗਰ ਗ੍ਰੰਥ ਵਿੱਚ ਕਬੀਰ ਜੀ ਨੇ ਸਾਧੂ ਦੀ ਸੰਗਤ ਨੂੰ ਬੈਕੁੰਠ ਤੇ ਸ੍ਰੇਸ਼ਟ ਕਥਨ ਹੈ।

*ਰਾਮ ਬੁਲਾਵਾ ਭੇਜਿਆ ਦੀਆ ਕਬੀਰੈ ਰੋ।*
*ਜੋ ਸੁਖ ਸਾਧੂ ਸੰਗ ਮੈ ਸੋ ਬੈਕੁੰਠ ਨ ਹੋ।*

# ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ

ਸ੍ਰੀ ਹਜ਼ੂਰ ਸੰਤ ਜੀ ਮਹਾਰਾਜ ਪਾਸ ਰੌਣੀ ਵਾਲੇ ਸੰਤ ਬਿਸ਼ਨ ਸਿੰਘ ਜੀ ਨੇ ਅਰਜ਼ ਕੀਤੀ ਕਿ ਮਹਾਰਾਜ! ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਕਿਸੇ ਪੂਰਨ ਮਹਾਂ-ਪੁਰਸ਼ ਦੀ ਸੰਗਤ ਕਰਨੀ ਜ਼ਰੂਰੀ ਹੈ ਜਾਂ ਕਿ ਨਹੀਂ? ਸੰਤ ਜੀ ਮਹਾਰਾਜ ਨੇ ਉੱਤਰ ਦਿੱਤਾ ਕਿ ਗੁਰਮੁਖ ਜੀ! ਇਸ ਗੱਲ ਦਾ ਤਾਂ ਆਪ ਹੀ ਸਤਿਗੁਰ ਨੇ ਫੈਸਲਾ ਕਰ ਦਿਤਾ ਹੈ ਕਿ ਬ੍ਰਹਮ ਗਿਆਨੀ ਗੁਰੂ ਤੋਂ ਬਿਨਾਂ ਸਿੱਖ ਨੂੰ ਗਿਆਨ ਹੋ ਨਹੀਂ ਸਕਦਾ। ਜੋ ਆਪ ਹੀ ਗਿਆਨ ਤੋਂ ਹੀਣਾ ਅਗਿਆਨੀ ਹੈ ਫੇਰ ਉਹ ਅੱਗੇ ਕਿਸੇ ਨੂੰ ਗਿਆਨ ਕਿਵੇਂ ਕਰੇਗਾ? ਜਿਵੇਂ ਦੁਨਿਆਵੀ ਕੰਮਾਂ ਨੂੰ ਸਿੱਖਣ ਵਾਸਤੇ ਕਿਸੇ ਉਸਤਾਦ ਦੀ ਲੋੜ ਹੈ। ਸ਼ਾਸਤਰ ਜਾਂ ਸ਼ਸ਼ਤਰ ਵਿੱਦਿਆ ਦੇਣ ਵਾਲਾ ਅਧਿਆਪਕ ਜਾਂ ਟੀਚਰ ਅਖਵਾਉਂਦਾ ਹੈ। ਇਸੇ ਤਰ੍ਹਾਂ ਜੋ ਆਤਮ ਗਿਆਨ ਦਾ ਦਾਤਾ ਹਿਰਦੇ ਦੇ ਅੰਧਕਾਰ ਨੂੰ ਮੇਟਣ ਵਾਲਾ ਮਹਾਂ-ਪੁਰਸ਼ ਹੈ ਉਸ ਉਸਤਾਦ-ਮੁਰਸ਼ਦ (ਗੁਰੂ) ਦੀ ਅਵੱਸ਼ ਲੋੜ ਹੈ। ਹਜ਼ੂਰ ਨੇ ਕਥਨ ਕੀਤਾ ਹੈ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥

(ਪੰਨਾ ੪੬੨)

ਤਥਾ:

ਸਤਿਗੁਰ ਬਾਝਹੁ ਮੁਕਤਿ ਕਿਨੇਹੀ ॥

(ਪੰਨਾ ੪੬੨)

ਸਤਿਗੁਰੂ ਦੀ ਕੀਤੀ ਸੇਵਾ ਹੀ ਸਫ਼ਲੀ ਹੈ:

ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥ ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥

(ਪੰਨਾ ੧੧੯੬)

ਸੋ ਭਰਮ ਤੇ ਅਗਿਆਨ ਦੀ ਗੰਢ ਬ੍ਰਹਮ ਗਿਆਨੀ ਗੁਰੂ ਤੋਂ ਬਿਨਾਂ ਨਹੀਂ ਖੁੱਲ੍ਹਦੀ। ਬੇਨਤੀ ਕੀਤੀ, ਮਹਾਰਾਜ! ਭਰਮ ਦਾ ਕੀ ਸਰੂਪ ਹੈ?

ਉੱਤਰ: ਭਰਮ ਨਾਮ ਭਲੇਖੇ ਦਾ ਹੈ। ਜਿਵੇਂ ਮਨੁੱਖ ਰਾਤਰੀ ਦੇ ਅੰਧੇਰੇ ਵਿੱਚ ਕਿਸੇ ਝਾੜ ਜਾਂ ਉਪਰੋਂ ਕੱਟੀ ਹੋਈ ਲੱਕੜ ਨੂੰ ਦੇਖਕੇ ਚੋਰ ਜਾਣਕੇ ਭੈਅ ਕਰਦਾ ਹੈ ਜਾਂ ਰੱਸੀ ਨੂੰ ਸਰਪ ਸਮਝਕੇ ਡਰਦਾ ਹੈ ਇਸੇ ਤਰ੍ਹਾਂ ਇਹ ਜੀਵ ਸੱਚੀ ਜਗਦੀ ਜੋਤ ਨੂੰ ਜਨਮ ਮਰਨ ਦੇ ਦੁੱਖ ਵਿੱਚ ਸਮਝਦਾ ਹੈ ਇਸਨੂੰ ਭਰਮ ਕਹਿੰਦੇ ਹਨ। ਭਗਤ ਰਵਿਦਾਸ ਜੀ ਨੇ ਭਰਮ ਦਾ ਸਰੂਪ ਇਸ ਪ੍ਰਕਾਰ ਕਥਨ ਕੀਤਾ ਹੈ।

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ
ਜਲ ਕੇਵਲ ਜਲ ਮਾਂਹੀ ॥੧॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥
ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥

(ਪੰਨਾ ੬੫੭)

ਸੋ ਇਹ ਜੀਵ ਭਰਮ ਤੇ ਅਗਿਆਨ ਕਰਕੇ ਜਨਮ ਮਰਨ ਦੇ ਚੱਕਰ ਵਿੱਚ ਪਿਆ ਹੈ। ਇਹ ਭਰਮ ਬ੍ਰਹਮ

ਨੇਸ਼ਟੀ, ਬ੍ਰਹਮ ਸ੍ਰੋਤ੍ਰੀ, ਬ੍ਰਹਮ ਬਕਤਾ ਪੂਰਨ ਗੁਰੂ ਤੋਂ ਬਿਨਾਂ ਦੂਰ ਨਹੀਂ ਹੁੰਦਾ। ਕੱਚੇ ਤੇ ਪਖੰਡੀ ਗੁਰੂ ਇਸ ਭਰਮ ਦੀ ਗੰਢ ਨੂੰ ਤੋੜ ਨਹੀਂ ਸਕਦੇ।

ਕਾਚੇ ਗੁਰ ਤੇ ਮੁਕਤਿ ਨ ਹੂਆ ॥

(ਪੰਨਾ ੯੩੨)

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥

(ਪੰਨਾ ੯੫੧)

ਸੋ ਪ੍ਰੇਮੀਓ! ਜੀਵ ਦਾ ਅਸਲੀ ਮਿਤਰ ਲੋਕ ਪ੍ਰਲੋਕ ਦਾ ਰਾਖਾ ਪੂਰਨ ਗੁਰੂ ਹੀ ਹੈ।

ਯਥਾ:

ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ ॥

(ਪੰਨਾ ੧੩੬੩)

ਤਥਾ:

ਮੁਕਤੇ ਸੇਵੇ ਮੁਕਤਾ ਹੋਵੈ ॥
ਹਉਮੈ ਮਮਤਾ ਸਬਦੇ ਖੋਵੈ ॥

(ਪੰਨਾ ੧੧੬)

ਅਥਵਾ:

ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥

(ਪੰਨਾ ੧੩੦੧)

ਸੋ ਬ੍ਰਹਮ ਗਿਆਨੀ ਗੁਰੂ ਹੀ ਅਗਿਆਨ ਦਾ ਹਨੇਰਾ ਮੇਟਕੇ ਗਿਆਨ ਦਾ ਪ੍ਰਕਾਸ਼ ਕਰ ਸਕਦਾ ਹੈ, ਉਸਦੀ ਅਵੱਸ਼ ਲੋੜ ਹੈ। ਸ਼ਾਸਤਰ-ਕਾਰਾਂ ਨੇ ਹੋਰ ਮਤਾਂ ਵਿੱਚ ਗੁਰੂ ਤਿੰਨ ਪ੍ਰਕਾਰ ਦਾ ਮੰਨਿਆ ਹੈ। ੧. ਅਵਧੂਤ ਗੁਰੂ। ੨. ਪੰਡਤ ਗੁਰੂ। ੩. ਬ੍ਰਹਮ ਸਰੋਤ੍ਰੀ ਬ੍ਰਹਮ ਨੇਸ਼ਟੀ ਤੇ ਬ੍ਰਹਮ ਵਕਤਾ ਗੁਰੂ।

੧. ਅਵਧੂਤ ਗੁਰੂ: ਅਨਪੜ੍ਹ ਹੋਣ ਕਰਕੇ ਸਿੱਖ ਦੀ ਸ਼ੰਕਾ ਦੂਰ ਨਹੀਂ ਕਰ ਸਕਦਾ ਪਰ ਇਸਦੇ ਉਪਦੇਸ਼ ਨਾਲ ਕਿਸੇ ਇੱਕ ਅੱਧੇ ਪੂਰਨ ਸ਼ਰਧਾਲੂ ਦਾ ਭਲਾ ਜ਼ਰੂਰ ਹੋ ਜਾਂਦਾ ਹੈ ਬਹੁਤਿਆਂ ਦਾ ਨਹੀਂ।

੨. ਪੰਡਤ ਗੁਰੂ: ਵਿੱਦਿਆ ਦੇ ਬਲ ਕਰਕੇ ਸਿੱਖ ਦੀ ਸ਼ੰਕਾ ਤਾਂ ਨਵਿਰਤ ਕਰ ਸਕਦਾ ਹੈ ਪਰ ਆਪ ਉਸਨੂੰ ਵੇਦ ਵਾਕਾਂ ਤੇ ਨਿਸ਼ਚਾ ਨਹੀਂ ਹੁੰਦਾ ਇਸ ਲਈ ਕਮਾਈ ਅਤੇ ਭਰੋਸੇ ਤੋਂ ਹੀਣਾ ਹੋਣ ਕਰਕੇ ਉਹ ਗਿਆਨਵਾਨ ਨਹੀਂ ਜਿਸ ਕਰਕੇ ਉਸਦੀ ਸੰਗਤ ਨਾਲ ਵੀ ਘੱਟ ਤਰਦੇ ਹਨ।

੩. ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤੀ ਤੇ ਬ੍ਰਹਮ ਵਕਤਾ ਗੁਰੂ: ਜੋ ਹਰੇਕ ਜਗਿਆਸੂ ਦੀ ਸ਼ੰਕਾ ਵੀ ਦੂਰ ਕਰ ਸਕਦਾ ਹੈ, ਗਿਆਨਵਾਨ ਹੋਣ ਕਰਕੇ ਉਸਦਾ ਉਪਦੇਸ਼ ਵੀ ਕਾਟ ਕਰਦਾ ਹੈ।

ਯਥਾ:

ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥
ਤਿਸ ਕੀ ਸੀਖ ਤਰੈ ਸੰਸਾਰੁ ॥

(ਪੰਨਾ ੨੬੯)

ਗੁਰਮਤਿ ਦਾ ਇਹ ਨਿਸ਼ਚਾ ਹੈ ਕਿ ਗੁਰੂ ਨਾਨਕ ਦੇਵ ਤੇ ਹੋਰ ਪਾਤਸ਼ਾਹੀਆਂ ਈਸ਼ਰ ਗੁਰੂ ਸਨ ਅਤੇ ਉਹ ਪਹਿਲਾਂ ਹੀ ਅਕਾਲ ਪੁਰਖ ਨਾਲ ਅਭੇਦ ਸਨ। ਜੀਵਾਂ ਦੇ ਭਲੇ ਵਾਸਤੇ ਸਾਕਾਰ ਰੂਪ ਧਾਰਕੇ ਸੰਸਾਰ ਵਿੱਚ ਆਏ ਜੋ ਪੂਰਨ ਤਾਕਤ ਦੇ ਮਾਲਕ ਸਨ। ਜਗਤ ਭਲਾਈ ਵਾਸਤੇ ਸਰਗੁਨ ਰੂਪ ਧਾਰਕੇ ਲੱਖਾਂ ਜੀਵਾਂ ਨੂੰ ਬ੍ਰਹਮ ਗਿਆਨ ਦੀ ਦਾਤ ਬਖ਼ਸ਼ੀ, ਕਰੋੜਾਂ ਪ੍ਰਾਣੀਆਂ ਨੂੰ ਸੁਮਾਰਗੇ ਪਾਇਆ।

ਜੋ ਸੰਤ ਮਹਾਂ-ਪੁਰਸ਼ ਗੁਰਮੁਖ ਜਨ ਹਨ ਉਹ ਭਜਨ ਸਿਮਰਨ ਦੀ ਮਿਹਨਤ ਦੁਆਰਾ ਬ੍ਰਹਮ ਗਿਆਨੀ ਹੋਏ ਹਨ। ਫਰਕ ਇਤਨਾ ਹੀ ਹੈ ਕਿ ਗੁਰੂ ਅਵਤਾਰ ਜਨਮ ਤੋਂ ਗਿਆਨਵਾਨ ਸਨ। ਸੰਤ ਮਹਾਤਮਾ ਆਪਣੇ ਮੁਰਸ਼ਦ ਦੀ ਸੇਵਾ

ਤੇ ਪ੍ਰਭੂ ਸਿਮਰਨ ਨਾਲ ਗਿਆਨਵਾਨ ਬਣੇ ਅਤੇ ਅੱਗੇ ਉਨ੍ਹਾਂ ਨੇ ਕੋਈ ਆਪਣਾ ਮਜ਼ਬ ਜਾਂ ਫਿਰਕਾ ਨਹੀਂ ਚਲਾਇਆ ਨਾ ਹੀ ਉਨ੍ਹਾਂ ਨੂੰ ਅਕਾਲ ਪੁਰਖ ਵਲੋਂ ਕੋਈ ਆਗਿਆ ਸੀ, ਉਨ੍ਹਾਂ ਦੀ ਸੰਗਤ ਦੁਆਰਾ ਜੀਵ ਨੂੰ ਗਿਆਨ ਜ਼ਰੂਰ ਹੋ ਜਾਂਦਾ ਹੈ ਕਿਉਂਕਿ ਉਹ ਆਪ ਮੁਕਤ ਰੂਪ ਹਨ।

ਕਈ ਮਹਾਤਮਾ ਜਿਨ੍ਹਾਂ ਦੀ ਪ੍ਰਮੇਸ਼ਰ ਵਲੋਂ ਨਾਮ ਜਪਾਉਣ ਦੀ ਡਿਊਟੀ ਲੱਗੀ ਹੁੰਦੀ ਹੈ ਉਹ ਜੀਵਾਂ ਨੂੰ ਉੱਤਮ ਉਪਦੇਸ਼ ਦੁਆਰਾ ਸੁਮਾਰਗ ਵਿੱਚ ਜੋੜ ਕੇ ਗਿਆਨ ਬਖ਼ਸ਼ਦੇ ਹਨ। ਕਈ ਮਹਾਤਮਾ ਆਪਣੀ ਹੀ ਮੌਜ ਵਿੱਚ ਮਸਤ ਰਹਿੰਦੇ ਹਨ, ਅੱਗੇ ਕਿਸੇ ਨੂੰ ਉਪਦੇਸ਼ ਹੀ ਨਹੀਂ ਕਰਦੇ। ਸ਼ਾਸਤਰ ਵਲੋਂ ਵੀ ਉਨ੍ਹਾਂ ਵਾਸਤੇ ਕੋਈ ਪਾਬੰਦੀ ਨਹੀਂ ਉਹ ਆਪ ਤਾਂ ਅਕਾਲ ਪੁਰਖ ਨਾਲ ਅਭੇਦ ਹਨ ਪਰ ਅੱਗੇ ਨਹੀਂ ਦੱਸਦੇ। ਜੋ ਸਤ ਪੁਰਸ਼ ਪ੍ਰਮੇਸ਼ਰ ਨਾਲ ਮਿਲਕੇ ਉਸਦਾ ਰੂਪ ਹੋ ਚੁੱਕਾ ਹੈ ਉਸੇ ਨੂੰ ਹੀ ਅੱਗੇ ਨਾਮ ਜਪਾਉਣ ਦਾ ਅਧਿਕਾਰ ਹੈ। ਉਹ ਖ਼ੁਦ ਜਹਾਜ਼ ਰੂਪ ਹੈ ਉਸਦੀ ਸੰਗਤ ਨਾਲ ਲੱਖਾਂ ਕਰੋੜਾਂ ਜੀਵਾਂ ਦਾ ਭਲਾ ਹੁੰਦਾ ਹੈ। ਜਿਵੇਂ ਕਬੀਰ ਦੀ ਸੰਗਤ ਨੇ ਨੌਂ ਕਰੋੜ ਜੀਵਾਂ ਦਾ ਭਲਾ ਕੀਤਾ।

*ਪਾਰਸ ਮੇ ਅਰ ਸੰਤ ਮੇ ਬਡੋ ਅੰਤਰੋ ਜਾਨ।*
*ਵਹਿ ਲੋਹਾ ਕੰਚਨ ਕਰੈ ਵਹਿ ਕਰਹੈ ਆਪ ਸਮਾਨ।* *(ਵਿਚਾਰਮਾਲਾ)*

ਯਥਾ:

ਨਾਮਿ ਰਤਾ ਸਤਿਗੁਰੁ ਹੈ ਕਲਿਜੁਗ ਬੋਹਿਥੁ ਹੋਇ ॥

(ਪੰਨਾ ੫੫੨)

ਅਥਵਾ:

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥

(ਪੰਨਾ ੨੮੬)

ਅਸਲੀ ਗੁਰੂ ਦੀ ਏਹੋ ਨਿਸ਼ਾਨੀ ਹੈ ਕਿ ਉਨ੍ਹਾਂ ਦਾ ਦਰਸ਼ਨ ਕਰਕੇ ਮਨ ਵਿੱਚ ਠੰਢ ਪੈਂਦੀ ਹੈ।

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥

(ਪੰਨਾ ੧੬੮)

ਐਸੇ ਗਿਆਨਵਾਨ ਮਹਾਂ-ਪੁਰਸ਼ ਹੀ ਜੀਵ ਨੂੰ ਪ੍ਰਮਾਰਥ ਦਾ ਰਸਤਾ ਦੱਸਣ ਵਾਲੇ ਹਨ। ਰਸਤਾ ਦੱਸਣ ਵਾਲੇ ਨੂੰ ਗੁਰੂ ਕਹਿੰਦੇ ਹਨ ਪਰ ਮਜ਼੍ਹਬੀ ਗੁਰੂ ਉਹੋ ਹੈ ਜੋ ਅਕਾਲ ਪੁਰਖ ਦੀ ਆਗਿਆ ਨਾਲ ਆ ਕੇ ਆਪਣਾ ਮਜ਼੍ਹਬ ਚਲਾਵੇ। ਸੋ ਐਸੇ ਗਿਆਨਵਾਨ ਗੁਰੂਆਂ ਦੀ ਜੋ ਜਗਤ ਦਾ ਭਲਾ ਕਰ ਸਕਣ, ਦੁਨੀਆਂ ਨੂੰ ਹਰ ਸਮੇਂ ਲੋੜ ਹੈ।

## ਪ੍ਰਮੇਸ਼ਰ ਦਾ ਮਿਲਾਪ ਕਿਵੇਂ ਹੋਵੇ?

ਸੰਤ ਕਿਸ਼ਨ ਸਿੰਘ ਜੀ ਨੇ ਅਰਜ਼ ਕੀਤੀ, "ਮਹਾਰਾਜ ਪ੍ਰਮੇਸ਼ਰ ਦਾ ਮਿਲਾਪ ਕਿਵੇਂ ਹੁੰਦਾ ਹੈ?" ਸੰਤਾਂ ਨੇ ਉੱਤਰ ਦਿੱਤਾ: ਜਿਤਨਾਂ ਚਿਰ ਮਨ ਵਿੱਚ ਕਿਸੇ ਪ੍ਰਕਾਰ ਦੀ ਉਣਤਾਈ ਹੈ ਜਾਂ ਆਪਣੇ ਕੀਤੇ ਕਰਮਾਂ ਦਾ ਇਹ ਜੀਵ ਹੰਕਾਰ ਕਰ ਲੈਂਦਾ ਹੈ, ਉਨ੍ਹਾਂ ਨੂੰ ਪ੍ਰਮੇਸ਼ਰ ਦਾ ਦੀਦਾਰ ਹੋਣਾ ਕਠਿਨ ਹੈ। ਹਿਰਦੇ ਦੀ ਸ਼ੁੱਧੀ ਵਾਹਿਗੁਰੂ ਮਿਲਾਪ ਦਾ ਅਸਲੀ ਸਾਧਨ ਹੈ। ਜਿਵੇਂ ਚੰਗੀ ਬਣੀ ਜ਼ਮੀਨ ਵਿੱਚ ਰੁੱਤ ਅਨੁਸਾਰ ਬੂਟਾ ਲੱਗਾ ਫ਼ਲ ਲਿਆਉਂਦਾ ਹੈ। ਬੰਜਰ ਧਰਤੀ ਵਿੱਚ ਪਿਆ ਤਾਂ ਬੀਜ ਵੀ ਨਿਸਫ਼ਲ ਜਾਂਦਾ ਹੈ। ਇਸੇ ਤਰ੍ਹਾਂ ਅਧਿਕਾਰੀ ਜਗਿਆਸੂ ਤੋਂ ਬਿਨਾਂ ਗੁਰ-ਉਪਦੇਸ਼ ਕਾਟ ਨਹੀਂ ਕਰਦਾ।

ਯਥਾ:

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥

(ਪੰਨਾ ੧੩੭੨)

ਸੋ ਇਹ ਤਾਂ ਮਰ-ਜੀਵੜਿਆਂ ਦਾ ਧਨ ਹੈ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥

(ਪੰਨਾ ੧੧੦੨)

ਦੁਨੀਆਂ ਦੀ ਪ੍ਰੀਤੀ ਦਾ ਤਿਆਗ ਕਰਕੇ ਰੱਬ ਦਾ ਸੱਚਾ ਆਸ਼ਕ ਬਣੇ, ਸ਼ਰਧਾ ਭਾਵਨਾ ਨਾਲ ਨਾਮ ਜਪਿਆਂ ਮਨ ਦੀ ਮੈਲ ਦੂਰ ਹੁੰਦੀ ਹੈ, ਫੇਰ ਸ਼ੁੱਧ ਤੇ ਸਾਫ਼ ਮਨ ਵਿੱਚ ਪ੍ਰਮੇਸ਼ਰ ਦਾ ਅਕਸ਼ ਪੈਂਦਾ ਹੈ। ਭਗਤਾਂ ਦੇ ਰੱਬ ਅਧੀਨ ਹੋ ਜਾਂਦਾ ਹੈ।

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥

(ਪੰਨਾ ੧੩੬੭)

ਜਿਵੇਂ ਸਾਫ਼ ਬਸਤਰ ਨੂੰ ਲਲਾਰੀ ਰੰਗ ਚਾੜ੍ਹਦਾ ਹੈ, ਇਸੇ ਤਰ੍ਹਾਂ ਸ਼ੁੱਧ ਮਨ ਵਿੱਚ ਗੁਰੂ ਵਲੋਂ ਕੀਤਾ ਹੋਇਆ ਬ੍ਰਹਮ ਗਿਆਨ ਦਾ ਉਪਦੇਸ਼ ਵਸ ਜਾਂਦਾ ਹੈ।

ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥

(ਪੰਨਾ ੫੯੮)

ਜਿਵੇਂ ਦੁੱਧ ਨੂੰ ਜਾਗ ਲਾਇਆਂ ਦਹੀਂ ਬਣਦਾ ਹੈ, ਫੇਰ ਉਸਨੂੰ ਰਿੜਕ ਕੇ ਮੱਖਣ ਕਢੀਦਾ ਹੈ। ਇਸੇ ਤਰ੍ਹਾਂ ਨਿਸ਼ਕਾਮ ਕਰਮਾਂ ਰੂਪੀ ਦੁੱਧ ਵਿੱਚ ਗੁਰੂ ਉਪਦੇਸ਼ ਦੇ ਜਾਗ ਨਾਲ ਗਿਆਨ ਰੂਪੀ ਮੱਖਣ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਾਰੇ ਅਕਾਲ ਪੁਰਖ ਦ੍ਰਿਸ਼ਟੀ ਆਉਣ ਲੱਗ ਪੈਂਦਾ ਹੈ। ਏਥੇ ਪਹੁੰਚ ਕੇ ਵੀ ਫੇਰ ਬੱਸ ਨਹੀਂ, ਆਪਾ ਭਾਵ ਮੇਟਕੇ ਅੱਗੇ ਏਸ ਅਵਸਥਾ ਦਾ ਅਭਿਆਸ ਕਰਨਾ ਪੈਂਦਾ ਹੈ।

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥

(ਪੰਨਾ ੧੩੭੫)

ਇਉਂ ਗਿਆਨ ਰੂਪੀ ਚਖਸ਼ੂਆਂ ਦੇ ਖੁਲ੍ਹਿਆਂ ਸਾਰੀ ਦੁਨੀਆਂ ਅਕਾਲ ਪੁਰਖ ਦਾ ਰੂਪ ਦਿਸਦੀ ਹੈ।

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥

(ਪੰਨਾ ੧੩੮੧)

ਏਸ ਅਵਸਥਾ ਵਿੱਚ ਪੁੱਜਕੇ ਦੁੱਖ ਤੇ ਸੁੱਖ ਵੈਰੀ ਤੇ ਮਿੱਤਰ ਸੋਨਾ ਤੇ ਮਿੱਟੀ ਵਿਹੁ ਤੇ ਅੰਮ੍ਰਿਤ ਇੱਕੋ ਜਿਹੇ

ਦਿਸਦੇ ਹਨ।

ਯਥਾ:

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥

(ਪੰਨਾ ੧੪੨੭)

ਤਥਾ:

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

(ਪੰਨਾ ੧੨੯੯)

ਸੋ ਸੰਸਾਰ ਅਗਿਆਨ ਕਾਲ ਵਿੱਚ ਪਹਿਲਾਂ ਸਤ ਪ੍ਰਤੀਤ ਹੋ ਰਿਹਾ ਸੀ, ਉਹ ਸੁਪਨੇ ਦੀ ਰਚਨਾ ਤੇ ਮ੍ਰਿਗ ਤ੍ਰਿਸ਼ਨਾਂ ਦੇ ਜਲ ਸਮਾਨ ਮਿਥਿਆ ਨਿਸ਼ਚਿਤ ਹੋ ਜਾਂਦਾ ਹੈ।

ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ ॥

(ਪੰਨਾ ੫੩੬)

ਪਹਿਲਾਂ ਤਾਂ ਇਸ ਤਰ੍ਹਾਂ ਦੀ ਹਾਲਤ ਹੁੰਦੀ ਹੈ, ਜਿਵੇਂ ਸੁਪਨਾਵੀ ਜੀਵ ਸੁਪਨੇ ਵਿੱਚ ਆਪਣੀ ਸ੍ਰਿਸ਼ਟੀ ਰਚ ਲੈਂਦਾ ਹੈ। ਪਰ ਗਿਆਨ ਰੂਪੀ ਅੱਖਾਂ ਦੇ ਖੁਲ੍ਹਿਆਂ ਅਵਿੱਦਿਆ ਰੂਪੀ ਨੀਂਦ ਦੇ ਦੂਰ ਹੋਇਆਂ ਸੰਸਾਰ ਸੁਪਨਾ ਮਿਟਕੇ ਜਗਤ ਹਰੀ ਦਾ ਰੂਪ ਦਿਸਣ ਲੱਗ ਪਿਆ। ਫੇਰ ਇਹ ਨਿਸ਼ਚਾ ਹੋ ਗਿਆ ਕਿ ਜੋ ਇਹ ਪ੍ਰਪੰਚ ਦ੍ਰਿਸ਼ਟੀ ਆ ਰਿਹਾ ਹੈ ਇਹ ਸਾਰਾ ਪਸਾਰਾ ਬ੍ਰਹਮ ਦਾ ਸਰੂਪ ਹੈ। ਜਿਵੇਂ ਸੂਰਜ ਤੋਂ ਬੇਮੁਖ ਹੋ ਕੇ ਜੰਮਿਆ ਪਾਣੀ ਸਫ਼ੈਦ ਬਰਫ ਦਾ ਟੁਕੜਾ ਬਣ ਜਾਂਦਾ ਹੈ। ਜੇ ਉਹ ਬਰਫ ਦਾ ਢੇਲਾ ਕਿਸੇ ਦੁਸ਼ਮਣ ਦੇ ਮਾਰਿਆ ਜਾਵੇ ਤਾਂ ਉਸਦਾ ਸਿਰ ਪਾੜ ਦਿੰਦਾ ਹੈ ਪਰ ਹੈ ਉਹ ਵਾਸਤਵ ਵਿੱਚ ਪਾਣੀ ਹੀ। ਇਸੇ ਤਰ੍ਹਾਂ ਦੁਨੀਆਂ ਹੈ ਤਾਂ ਨਿਰਾਕਾਰ ਪ੍ਰਮਾਤਮਾ ਦਾ ਰੂਪ ਪਰ ਅਕਾਰ ਵਾਲੀ ਦ੍ਰਿਸ਼ਟੀ ਆਉਂਦੀ ਹੈ। ਜੇ ਵਿਚਾਰ ਦੀ ਨਿਗ੍ਹਾ ਨਾਲ ਦੇਖੀਏ ਤਾਂ ਇਹ ਸਾਰੇ ਅਕਾਰ ਉਸੇ ਦੇ ਧਾਰਨ ਕੀਤੇ ਹੋਏ ਹਨ।

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥

(ਪੰਨਾ ੯੨੨)

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ
ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ
ਬਿਚਰਤ ਆਨ ਨ ਹੋਈ ॥੨॥

(ਪੰਨਾ ੪੮੫)

ਸੋ ਸਾਰਾ ਸੰਸਾਰ ਹਰੀ ਦਾ ਰੂਪ ਹੈ ਪਰ ਆਪੋ ਆਪਣੀ ਅਵਸਥਾ ਅਨੁਸਾਰ ਵੱਖੋ-ਵੱਖ ਭਾਸਦਾ ਹੈ। ਜੇ ਹੋਰ ਸੂਖਮ ਵਿਚਾਰ ਨਾਲ ਦੇਖੀਏ ਤਾਂ ਇਹ ਪ੍ਰਪੰਚ ਇੱਕ ਮਨ ਦਾ ਕਲਪਿਆ ਹੋਇਆ ਫੁਰਨਾ ਹੈ। ਭਾਵ ਮਨ ਹੀ ਸਰੀਰ ਤੇ ਸੰਸਾਰ ਰੂਪ ਹੋ ਰਿਹਾ ਹੈ। ਪ੍ਰਮਾਤਮਾ ਤੋਂ ਮਨ, ਮਨ ਤੋਂ ਪ੍ਰਪੰਚ ਬਣਿਆ ਹੈ। ਯਥਾ:

ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥

(ਪੰਨਾ ੮੭੦)

ਅਥਵਾ:

ਕਹੁ ਕਬੀਰ ਜੋ ਜਾਨੈ ਭੇਉ ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥

(ਪੰਨਾ ੩੨੯)

# ਦੁਨੀਆਂ ਮਨ ਦੇ ਖ਼ਿਆਲਾਂ ਦੀ ਰਚਨਾ ਹੈ

ਜਿਵੇਂ ਇੱਕੋ ਆਦਮੀ ਕਿਸੇ ਨੂੰ ਮਿੱਤਰ ਹੋ ਕੇ ਦਿਸਦਾ ਹੈ, ਦੂਸਰੇ ਨੂੰ ਦੁਸ਼ਮਣ ਰੂਪ ਵਿੱਚ ਭਾਸਦਾ ਹੈ। ਕਿਸੇ ਦੀ ਉਸ ਵਿੱਚ ਪਿਤਾ ਵਾਲੀ ਭਾਵਨਾ ਹੈ, ਕੋਈ ਉਸਨੂੰ ਪੁੱਤਰ ਜਾਣਕੇ ਪਿਆਰ ਕਰਦਾ ਹੈ, ਭਾਵ ਕੀ ਜੇਹੋ ਜੇਹਾ ਕਿਸੇ ਦਾ ਖ਼ਿਆਲ ਹੈ ਉਹੋ ਜਿਹਾ ਉਸਨੂੰ ਸਮਝਦਾ ਹੈ। ਇਸੇ ਤਰ੍ਹਾਂ ਸੰਸਾਰ ਵੀ ਆਪੋ ਆਪਣੀ ਅਵਸਥਾ ਅਨੁਸਾਰ ਦ੍ਰਿਸ਼ਟੀ ਆ ਰਿਹਾ ਹੈ, ਅਗਿਆਨੀ ਦੀ ਨਿਗ੍ਹਾ ਵਿੱਚ ਸੱਤ ਹੈ, ਜਗਿਆਸੂ ਮਾਇਆ ਮਾਤਰ ਜਾਣਦਾ ਹੋਇਆ ਮਿਥਿਆ ਮੰਨਦਾ ਹੈ, ਗਿਆਨਵਾਨ ਦਾ ਨਿਸ਼ਚਾ ਹੈ:

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥
ਰਾਮ ਬਿਨਾ ਕੋ ਬੋਲੈ ਰੇ ॥

(ਪੰਨਾ ੯੮੮)

ਜਿਵੇਂ ਘੜਾ ਅਕਾਸ਼ ਵਿੱਚ ਹੈ ਅਤੇ ਘੜੇ ਵਿੱਚ ਅਕਾਸ਼ ਹੈ।
ਇਸੇ ਤਰ੍ਹਾਂ:

ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥

(ਪੰਨਾ ੧੩੫੦)

ਭਾਵ ਰੱਬ ਦੁਨੀਆਂ ਵਿੱਚ ਵਿਆਪਕ ਹੈ, ਦੁਨੀਆਂ ਉਸਦੇ ਵਿੱਚ ਕਲਪਤ ਹੈ। ਉਹ ਸਾਰੇ ਆਪਣੇ ਆਤਮਾ ਨੂੰ ਦੇਖਦਾ ਹੈ, ਕਿਸੇ ਦਾ ਦਿਲ ਦੁਖਾਉਣਾ ਪਸੰਦ ਨਹੀਂ ਕਰਦਾ, ਕਿਸੇ ਨੂੰ ਮੰਦਾ ਆਖਣ ਨਾਲ ਉਸਦਾ ਆਪਣਾ ਮਨ ਦੁਖੀ ਹੁੰਦਾ ਹੈ। ਉਹ ਮਹਾਂ-ਪੁਰਸ਼ ਅੱਗੇ ਉਪਦੇਸ਼ ਵੀ ਏਹੋ ਹੀ ਕਰਦਾ ਹੈ। ਕਿਉਂਕਿ ਜਿਤਨੀ ਇਹ ਸ੍ਰਿਸ਼ਟੀ ਬਾਹਰ ਦਿਸ ਰਹੀ ਹੈ ਇਹ ਸਾਰੀ ਹੀ ਤੁਹਾਡੇ ਅੰਦਰ ਹੈ, ਜੇਹੋ ਜੇਹੀ ਕੋਈ ਭਾਵਨਾ ਕਰਦਾ ਹੈ ਉਹੋ ਜੇਹਾ ਰੂਪ ਹੋ ਕੇ ਦਿਖਾਦੀ ਦਿੰਦੀ ਹੈ। ਜੇਕਰ ਨਿਰਗੁਣ ਦੇਖਣ ਦੀ ਭਾਵਨਾ ਹੈ ਤਾਂ ਫੇਰ ਨਿਰਗੁਣ ਬ੍ਰਹਮ ਦਾ ਗਿਆਨ ਹੋਵੇਗਾ। ਜੇਕਰ ਅੰਦਰ ਸਰਗੁਣ ਸਰੂਪ ਦੇ ਦਰਸ਼ਨਾਂ ਦੀ ਇੱਛਾ ਹੈ ਤਾਂ ਉਹ ਸਰਗੁਣ ਦੀ ਮੂਰਤੀ ਵਿੱਚ ਆ ਕੇ ਦਰਸ਼ਨ ਦੇਵੇਗਾ। ਜਿਵੇਂ ਪਿਛਲੇ ਸਮੇਂ ਵਿੱਚ ਕਬੀਰ, ਨਾਮਦੇਵ, ਧੰਨਾ, ਰਵਿਦਾਸ ਤੇ ਸੈਣ ਆਦਿਕ ਆਪਣੇ ਭਗਤਾਂ ਨੂੰ ਸਰਗੁਣ ਸਰੂਪ ਵਿੱਚ ਪ੍ਰਤੱਖ ਮਿਲਦਾ ਰਿਹਾ। ਪਰ ਅਖ਼ੀਰ ਨੂੰ ਜਦੋਂ ਬ੍ਰਿਤੀ ਬ੍ਰਹਮਾਕਾਰ ਹੋ ਕੇ ਨਿਰਗੁਣ ਬ੍ਰਹਮ ਵਿੱਚ ਲੀਨ ਹੋਊ ਪੂਰਨ ਅਨੰਦ ਤੇ ਹਰ ਸਮੇਂ ਦਾ ਮਿਲਾਪ ਤਾਂ ਉਦੋਂ ਹੀ ਹੋਣਾ ਹੈ। ਸਰਗੁਣ ਮੂਰਤੀ ਤਾਂ ਨਿਰਗੁਣ ਦੀ ਪ੍ਰਾਪਤੀ ਦਾ ਸਾਧਨ ਹੈ, ਇਸਦਾ ਫ਼ਲ ਹੈ ਬ੍ਰਹਮ ਗਿਆਨ ਨਿਰਗੁਣ ਦਾ ਮਿਲਾਪ। ਜਿਤਨਾ ਚਿਰ ਮਨ ਪ੍ਰਮੇਸ਼ਰ ਨੂੰ ਆਪਣੇ ਆਪ ਤੋਂ ਵੱਖਰਾ ਸਮਝੇਗਾ। ਜਦੋਂ ਨਿਰਗੁਣ ਦੀ ਪ੍ਰਾਪਤੀ ਹੋਈ ਫੇਰ ਤਾਂ:

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥

(ਪੰਨਾ ੫੯੯)

ਉਸ ਸਮੇਂ ਇਹ ਅਵਸਥਾ ਆ ਜਾਂਦੀ ਹੈ:

ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥

(ਪੰਨਾ ੪੦੭)

ਦਰ-ਅਸਲ ਇਸਦਾ ਨਾਮ ਹੀ ਮੋਖਸ਼ ਹੈ।

# ਮੁਕਤੀ ਦਾ ਸਰੂਪ

ਉਸ ਸਮੇਂ ਹਜ਼ੂਰ ਦੇ ਪਾਵਨ ਚਰਨਾਂ ਵਿੱਚ ਛੋਟੇ ਸੰਤ ਈਸ਼ਰ ਸਿੰਘ ਜੀ ਨੇ ਅਰਜ਼ ਕੀਤੀ, ਗ਼ਰੀਬ ਨਿਵਾਜ਼! ੧. ਮੋਖਸ਼ ਕਿਸ ਨੂੰ ਕਹਿੰਦੇ ਹਨ? ੨. ਇਹ ਕਿਤਨੇ ਪ੍ਰਕਾਰ ਦੀ ਹੈ? ੩. ਇਸਦੀ ਪ੍ਰਾਪਤੀ ਦਾ ਅਸਲ ਸਾਧਨ ਕਿਹੜਾ ਹੈ?

ਮਹਾਂ-ਪੁਰਸ਼ਾਂ ਨੇ ਉੱਤਰ ਦਿਤਾ, ਤਮਾਮ ਦੁੱਖਾਂ ਦੀ ਨਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਨੂੰ ਮੋਖਸ਼ ਕਹਿੰਦੇ ਹਨ। ਇਹ ਪੰਜ ਪ੍ਰਕਾਰ ਦੀ ਹੈ: ਸਲੋਕ, ਸਮੀਪ, ਸਰੂਪ, ਸਾਯੁਜ ਅਤੇ ਕੈਵਲ ਮੁਕਤੀ।

੧. ਸਲੋਕ ਮੁਕਤੀ: ਉਸਨੂੰ ਕਹਿੰਦੇ ਹਨ ਜਿਸ ਲੋਕ ਵਿੱਚ ਪ੍ਰਮੇਸ਼ਰ ਦਾ ਵਾਸਾ ਹੈ ਉਸਦੀ ਪ੍ਰਾਪਤੀ ਹੋ ਜਾਣੀ। ਯਥਾ:

ਸਚ ਖੰਡਿ ਵਸੈ ਨਿਰੰਕਾਰੁ ॥

(ਪੰਨਾ ੮)

ਉਸੇ ਜਗ੍ਹਾ ਉਸਦੇ ਭਗਤਾਂ ਦਾ ਵਾਸਾ ਹੈ।

ਤਿਥੈ ਭਗਤ ਵਸਹਿ ਕੇ ਲੋਅ ॥

(ਪੰਨਾ ੮)

ਤਥਾ:

ਜਹ ਅਬਿਗਤੁ ਭਗਤੁ ਤਹ ਆਪਿ ॥

(ਪੰਨਾ ੨੯੨)

੨. ਸਮੀਪ ਮੁਕਤੀ: ਉਸ ਦੇ ਨਿਕਟਵਰਤੀ ਭਗਤਾਂ ਵਿੱਚ ਦਰਜਾ ਪ੍ਰਾਪਤ ਹੋ ਜਾਣਾ।

੩. ਸਰੂਪ ਮੁਕਤੀ: ਸੰਖ, ਚਕ੍ਰ, ਗਦਾ, ਪਦਮਾਧਾਰੀ ਸਿਆਮ ਮੂਰਤੀ, ਜੇਹੋ ਜੇਹਾ ਪ੍ਰਮੇਸ਼ਰ, ਮਹਾਂ ਵਿਸ਼ਨੂੰ ਦਾ ਸਰੂਪ ਹੈ ਉਹੋ ਜੇਹਾ ਬਣ ਜਾਣਾ।

੪. ਸਾਯੁਜ ਮੁਕਤੀ: ਉਤਪਤੀ, ਪਾਲਣਾ, ਲੈਤਾ ਤੋਂ ਬਗ਼ੈਰ ਹੋਰ ਪ੍ਰਮੇਸ਼ਰ ਦੀ ਸਾਰੀ ਬਿਭੂਤੀ ਦਾ ਮਾਲਕ ਬਣ ਜਾਣਾ।

ਇਹ ਚਾਰ ਸਰਗੁਣ ਦੀਆਂ ਮੁਕਤੀਆਂ ਹਨ ਜਿਨ੍ਹਾਂ ਨੂੰ ਪਾ ਕੇ ਸੂਖਮ ਰੂਪ ਵਿੱਚ ਸਰੀਰ ਦਾ ਅਕਾਰ ਬਣਿਆ ਰਹਿੰਦਾ ਹੈ ਜਿਵੇਂ ਪਾਣੀ ਵਿੱਚ ਮੱਛੀ ਰਹਿੰਦੀ ਹੈ ਪਰ ਹੈ ਵੱਖਰੀ।

੫. ਪੰਜਵੀਂ ਕੈਵਲ ਮੋਖਸ਼- ਨਿਰਗੁਣ ਦੇ ਗਿਆਨ ਦੁਆਰਾ ਪ੍ਰਾਪਤ ਹੁੰਦੀ ਹੈ। ਜਿੱਥੇ ਸੂਖਮ ਸਰੀਰ ਵੀ ਨਹੀਂ ਹੁੰਦਾ।

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥

(ਪੰਨਾ ੨੭੮)

ਮੁਕਤੀ ਦਾ ਸਾਧਨ ਪ੍ਰਮੇਸ਼ਰ ਦਾ ਨਾਮ ਹੈ ਜੋ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਜਪਿਆਂ ਵਿਸ਼ੇਸ਼ ਪੁੰਨ ਰੂਪ ਤੇ ਫ਼ਲਦਾਇਕ ਹੈ।

ਗੁਰਮੁਖਿ ਨਾਮੁ ਦਾਨੁ ਇਸਨਾਨੁ ॥
ਗੁਰਮੁਖਿ ਲਾਗੈ ਸਹਜਿ ਧਿਆਨੁ ॥

(ਪੰਨਾ ੯੪੨)

# ਭਜਨ ਤੇ ਮੁਕਤੀ

ਮਹਾਰਾਜ! ਭਜਨ ਕਰਨ ਵਾਲਿਆਂ ਨੂੰ ਇੱਕੋ ਜੇਹੀ ਮੁਕਤੀ ਕਿਉਂ ਨਹੀਂ ਮਿਲਦੀ? ਸੰਤ ਜੀ ਮਹਾਰਾਜ ਨੇ ਬਚਨ ਕੀਤਾ ਭਜਨ ਕਰਨ ਵਾਲਿਆਂ ਵਿੱਚ ਵੀ ਫਰਕ ਹੈ।

ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥
ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥੧੯੦॥

(ਪੰਨਾ ੧੩੭੪)

ਅਰਥਾਤ: ਪ੍ਰਮੇਸ਼ਰ ਦਾ ਨਾਮ ਤਾਂ ਰਾਸ-ਧਾਰੀਏ ਵੀ ਜਪਦੇ ਦੇਖੀਦੇ ਹਨ, ਪਰ ਉਨ੍ਹਾਂ ਦੇ ਮਨ ਵਿੱਚ ਪ੍ਰਮੇਸ਼ਰ ਦੇ ਨਾਮ ਤੇ ਸ਼ਰਧਾ ਨਹੀਂ ਹੁੰਦੀ, ਕੇਵਲ ਪਦਾਰਥਾਂ ਵਾਸਤੇ ਜਪਦੇ ਹਨ। ਮਹਾਂ-ਪੁਰਸ਼ ਭੈਅ ਤੇ ਸ਼ਰਧਾ ਨਾਲ ਜਪਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਤੇ ਕੈਵਲ ਮੋਖਸ਼ ਮਿਲਦੀ ਹੈ। "ਹਜ਼ੂਰ! ਕੈਵਲ ਮੋਖਸ਼ ਦਾ ਕੀ ਸਰੂਪ ਹੈ?" ਉੱਤਰ:

ਸਰੀਰ ਦੇ ਅੰਦਰ ਤੇ ਬਾਹਰ ਬ੍ਰਹਿਮੰਡ ਵਿੱਚ ਸਾਰੇ ਹੀ ਪ੍ਰਮਾਤਮਾਂ ਨੂੰ ਪਰੀ-ਪੂਰਨ ਨਿਸ਼ਚੇ ਕਰਨਾ ਅਤੇ ਆਪਣੇ ਆਪ ਤੋਂ ਵੀ ਭਿੰਨ ਨਾ ਮੰਨਣਾ ਇਸਨੂੰ ਕੈਵਲ ਮੋਖਸ਼ ਕਹਿੰਦੇ ਹਨ। ਇਹ ਸਰੀਰ ਦੇ ਹੁੰਦਿਆਂ ਹੀ ਪ੍ਰਾਪਤ ਹੁੰਦੀ ਹੈ, ਫੇਰ ਇਸਨੂੰ ਬ੍ਰਹਮ ਗਿਆਨੀ ਕਿਹਾ ਜਾਂਦਾ ਹੈ।

"ਮਹਾਰਾਜ! ਜੋ ਪ੍ਰਮਾਤਮਾ ਸਾਰੇ ਪਰੀ-ਪੂਰਨ ਵਿਆਪਕ ਹੈ ਫੇਰ ਉਹ ਹਰ ਇੱਕ ਨੂੰ ਕਿਉਂ ਨਹੀਂ ਦਿਸਦਾ?" ਉੱਤਰ ਦਿੱਤਾ, "ਉਸ ਪ੍ਰਮਾਤਮਾ ਦੀ ਪ੍ਰਾਪਤੀ ਅਗਿਆਨ ਦਾ ਪੜਦਾ ਦੂਰ ਹੋਇਆਂ ਹੁੰਦੀ ਹੈ। ਯਥਾ:

ਅੰਤਰਿ ਅਲਖੁ ਨ ਜਾਈ ਲਖਿਆ
ਵਿਚਿ ਪੜਦਾ ਹਉਮੈ ਪਾਈ ॥

(ਪੰਨਾ ੨੦੫)

ਅੰਤਰਿ ਅਲਖੁ ਨ ਜਾਈ ਲਖਿਆ ॥
ਨਾਮੁ ਰਤਨੁ ਲੈ ਗੁਝਾ ਰਖਿਆ ॥

(ਪੰਨਾ ੧੩੦)

ਪਰ ਪੰਜਾਂ ਕੋਸ਼ਾਂ ਤੋਂ ਅਗਿਆਨ ਦਾ ਪੜਦਾ ਗੁਰ ਕ੍ਰਿਪਾ ਦੁਆਰਾ ਦੂਰ ਹੁੰਦਾ ਹੈ।

# ਕੋਸ਼ਾਂ ਦਾ ਨਿਰਣਯ

੧. ਅੰਨਮਯ ਕੋਸ਼: ਅੰਨ ਦੇ ਆਸਰੇ ਚਲਣ ਵਾਲਾ ਅਸਥੂਲ ਸਰੀਰ।

੨. ਪ੍ਰਾਣ ਮਯ ਕੋਸ਼: ਸਰੀਰ ਅੰਦਰ ਪੰਜ ਤਰ੍ਹਾਂ ਦੀ ਅਪਾਨ, ਪ੍ਰਾਨ, ਉਦਾਨ, ਸਮਾਨ, ਬਯਾਨ ਆਦਿ ਹਵਾ ਤੇ ਪੰਜ ਕਰਮ ਇੰਦਰੇ ਹੱਥ, ਪੈਰ, ਮੂਲ ਦੁਆਰਾ, ਉਪਸਥ ਇੰਦਰਾ ਤੇ ਵਾਕ ਇੰਦਰਾ, ਕਈ ਗ੍ਰੰਥ ਕੇਵਲ ਪੰਜੇ ਪ੍ਰਾਣ ਹੀ ਮੰਨਦੇ ਹਨ।

੩. ਮਨੋਮਯ ਕੋਸ਼: ਮਨ ਅਤੇ ਨੇਤਰ, ਕੰਨ, ਨਾਸਕਾ, ਰਸਨਾ, ਤੁਚਾ ਇਹ ਪੰਜ ਗਿਆਨ ਇੰਦਰੇ ਹਨ। ਕਈ ਗ੍ਰੰਥ ਏਥੇ ਪੰਜ ਕਰਮ ਇੰਦਰੇ ਮੰਨਦੇ ਹਨ।

੪. ਵਿਗਿਆਨ ਮਯ ਕੋਸ਼: ਬੁੱਧੀ ਅਤੇ ਪੰਜ ਗਿਆਨ ਇੰਦਰੇ।

੫. ਅਨੰਦ ਮਯ ਕੋਸ਼: ਸਖੋਪਤ ਅਵਸਥਾ ਸਮੇਂ ਅੰਤਸ਼-ਕਰਨ ਸਹਿਤ ਅਵਿੱਦਿਆ ਵਿੱਚ ਜੋ ਸਾਖੀ ਚੇਤਨ ਦਾ ਪ੍ਰਤਿਬਿੰਬ ਪੈਂਦਾ ਹੈ ਅਤੇ ਜਾਗਕੇ ਕਹਿੰਦਾ ਹੈ, ਮੈਂ ਬੜਾ ਅਨੰਦ ਨਾਲ ਸੁੱਤਾ, ਕੋਈ ਪਤਾ ਨਾ ਰਿਹਾ ਇਸ ਅਨੰਦ ਦਾ ਨਾਮ ਆਨੰਦ ਮਯ ਕੋਸ਼ ਹੈ।

## ਅਗਿਆਨ ਦਾ ਪੜਦਾ

*ਪਾਪ ਔਰ ਪੁੰਨ ਦੋਊ ਪਟੀਆ ਪ੍ਰਬਲ ਜਾਕੇ,*
*ਲੋਕ ਔਰ ਵੇਦ ਰੀਤਿ ਬਾਸ਼ਨਾ ਕੀ ਬਾਰ ਕੈ।*
*ਕਾਮ, ਕ੍ਰੋਧ, ਲੋਭ, ਮੋਹ, ਕੀਲਨ ਸੋ ਰਾਖਯੋ ਜਰ,*
*ਕਹੈ ਸੁਖਦੇਵ ਚਕ੍ਰ ਕਰਮਨ ਵਿਚਾਰ ਕੈ।*
*ਆਸ਼ਰਮ ਬਚਨ ਅਭਿਮਾਨ ਕੀ ਜੰਜੀਰ ਜਾਨ,*
*ਸੁਖ ਅਰ ਦੁਖ ਕੇ ਕਿਵਾਰ ਤੋਰ ਤਾਰ ਕੈ।*
*ਭਰਮ ਕੋ ਨਿਵਾਰ ਰੂਪ ਆਪਨੋ ਸੰਭਾਰ ਸਿੰਘ,*
*ਨਿਕਸਯੋ ਪ੍ਰਬੋਧ ਜਗ ਪਿੰਜਰੇ ਕੋ ਫਾਰ ਕੈ।*

*(੧੪੩-ਅਧਯਾਤਮ ਪ੍ਰਕਾਸ਼)*

ਸੋ ਗੁਰੂ ਕ੍ਰਿਪਾ ਦੁਆਰਾ ਹੀ ਇਸ ਸੰਸਾਰ ਰੂਪ ਪਿੰਜਰੇ ਤੋਂ ਪੰਜਾਂ ਕੋਸ਼ਾਂ ਦਾ ਪੜਦਾ ਦੂਰ ਕਰਕੇ ਅਜ਼ਾਦ ਹੋਈਦਾ ਹੈ।

ਯਥਾ:

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥

(ਪੰਨਾ ੨੦੫)

ਪੂਰਨ ਗੁਰੂ ਦੀ ਪ੍ਰਾਪਤੀ ਪ੍ਰਮੇਸ਼ਰ ਕਿਰਪਾ ਨਾਲ ਹੁੰਦੀ ਹੈ। ਜੋ ਅਧਿਕਾਰੀ ਜਗਿਆਸੂ ਪ੍ਰੇਮ ਨਾਲ ਭਜਨ ਸਿਮਰਨ ਕਰਦਾ ਹੈ ਉਸਨੂੰ ਪ੍ਰਮੇਸ਼ਵਰ ਗੁਰੂ ਰੂਪ ਵਿੱਚ ਆ ਕੇ ਮਿਲਦਾ ਹੈ।

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥

(ਪੰਨਾ ੫੩)

## ਜੀਵ ਦੀ ਅਵਸਥਾ

ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਜਦੋਂ ਇਸਨੂੰ ਗੁਰੂ ਕ੍ਰਿਪਾ ਦੁਆਰਾ ਆਪਣੇ ਸਰੂਪ ਦੀ ਪੂਰਨ ਲੱਖਤਾ ਹੋ ਜਾਂਦੀ ਹੈ ਤਾਂ ਫੇਰ ਇਸ ਜੀਵ ਦੀ ਕੈਸੀ ਅਵਸਥਾ ਹੋ ਜਾਂਦੀ ਹੈ?" ਹਜ਼ੂਰ ਨੇ ਉੱਤਰ ਦਿੱਤਾ ਕਿ ਉਸ ਸਮੇਂ ਇਹ ਮਨੁੱਖ ਰੱਬ ਦਾ ਰੂਪ ਹੀ ਬਣ ਜਾਂਦਾ ਹੈ ਕਿਉਂਕਿ ਜਦੋਂ

ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥

(ਪੰਨਾ ੨੦੫)

ਗੁਰੂ ਉਪਦੇਸ਼ ਨਾਲ ਹਉਮੈ ਦਾ ਪੜਦਾ ਦੂਰ ਹੋਇਆ ਤਾਂ ਜਨਮ ਮਰਨ ਤੋਂ ਮੁਕਤ ਹੋ ਗਿਆ। ਇਹ ਹੰਗਤਾ ਮਮਤਾ ਹੀ ਸਾਰੇ ਉਪੱਦਰਾਂ ਦਾ ਮੂਲ ਤੇ ਪ੍ਰਮੇਸ਼ਰ ਤੋਂ ਵਿਛੋੜਾ ਪਾਉਣ ਵਾਲੀ ਹੈ।

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥

(ਪੰਨਾ ੧੦੦੨)

ਏਸ ਅਵਸਥਾ ਵਿੱਚ ਪੁੱਜ ਕੇ ਫੇਰ ਆਪਣੇ ਆਪ ਦੀ ਖ਼ੁਦ ਮਸਤੀ ਵਿੱਚ ਇਸਥਿਤ ਹੋ ਕੇ ਅਡੋਲ ਰਹਿੰਦਾ ਹੈ। ਕਿਸੇ ਬਿਪਤਾ ਦੇ ਸਮੇਂ ਵੀ ਘਾਬਰਦਾ ਨਹੀਂ, ਮਨ ਵਿੱਚ ਕਿਸੇ ਦਾ ਭੈਅ ਤੇ ਡਰ ਨਹੀਂ ਕਰਦਾ। ਸ਼ਾਹੀ ਹਕੂਮਤ, ਸ਼ੇਰ, ਚਿਤਰੇ, ਸਰਪ, ਬਿੱਛੂ ਤੇ ਅੱਗ, ਪਾਣੀ ਦਾ ਖ਼ੌਫ਼ ਨਹੀਂ ਮੰਨਦਾ ਅਤੇ ਸਾਰੇ ਵਿਰੋਧੀ ਜੀਵ ਭੀ ਫੇਰ ਉਸਦਾ ਸਤਿਕਾਰ ਕਰਦੇ ਹਨ। ਆਪਣੇ ਆਪ ਨੂੰ ਪ੍ਰਮੇਸ਼ਰ ਰੂਪ ਨਿਸ਼ਚੇ ਕਰਦਾ ਹੈ। ਐਸੇ ਨੇਸ਼ਟਾ ਵਾਲੇ ਮਹਾਂ-ਪੁਰਸ਼ ਨੂੰ ਕਿਸੇ ਕੀਤੇ ਕਰਮ ਦਾ ਫ਼ਲ ਪਾਪ ਪੁੰਨ ਨਹੀਂ ਲੱਗਦਾ ਉਹ ਖੁਦ ਪ੍ਰਮੇਸ਼ਰ ਬਣ ਗਿਆ:

ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥
ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥੯੭॥

(ਪੰਨਾ ੧੩੬੯)

ਐਸੇ ਪਵਿੱਤਰ ਆਤਮਾ ਮਹਾਂ-ਪੁਰਸ਼ ਦੇ ਮਜ਼ਬੀ ਅਸੂਲ ਟੁੱਟ ਜਾਂਦੇ ਹਨ ਉਸਦੀ ਦ੍ਰਿਸ਼ਟੀ ਵਿੱਚ ਗੁਰਦੁਆਰਾ, ਮੰਦਰ, ਮਸੀਤ ਤੇ ਗਿਰਜਾ ਇੱਕ ਦਿਸਦੇ ਹਨ। ਉਹ ਕਰਮ ਕਾਂਡ ਤੋਂ ਪਰ੍ਹੇ ਹੋ ਕੇ ਜੀਵਨ ਮੁਕਤੀ ਦੇ ਆਨੰਦ ਵਿੱਚ ਝੂਮਦਾ ਹੈ। ਏਸੇ ਆਸ਼ੇ ਨੂੰ ਲੈ ਕੇ ਭਗਤ ਕਬੀਰ ਜੀ ਨੇ ਕਥਨ ਕੀਤਾ ਹੈ:

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥੧੮੪॥

(ਪੰਨਾ ੧੩੭੪)

ਏਹੋ ਜੇਹੇ ਮਹਾਂ-ਪੁਰਸ਼ ਹਰੇਕ ਹੀ ਫਿਰਕੇ ਵਿੱਚ ਹੁੰਦੇ ਹਨ ਪਰ ਸ਼ਰਈ ਲੋਕ ਉਨ੍ਹਾਂ ਨੂੰ ਮਜ਼ਬੀ ਅਸੂਲਾਂ ਤੋਂ ਦੂਰ ਜਾਣਕੇ ਈਰਖਾ ਕਰਦੇ ਹੋਏ ਉਨ੍ਹਾਂ ਦੇ ਵਿਰੁੱਧ ਪ੍ਰਚਾਰ ਕਰਦੇ ਹਨ ਕਿ ਇਹ ਮੰਦਰ, ਮਸੀਤ, ਗੁਰਦੁਆਰੇ ਨਹੀਂ ਜਾਂਦੇ। ਉਨ੍ਹਾਂ ਦੇ ਈਰਖਾਲੂ ਪੁਰਸ਼ਾਂ ਨੇ ਝੂਠੇ ਇਲਜ਼ਾਮ ਲਾਕੇ ਮੁਗਲ ਬਾਦਸ਼ਾਹਾਂ ਤੱਕ ਸ਼ਕਾਇਤਾਂ ਕਰਕੇ ਮਨਸੂਰ ਤੇ ਸਰਮੱਦ ਵਰਗੇ ਰੱਬ ਦੇ ਪਿਆਰੇ ਮਹਾਂ-ਪੁਰਸ਼ ਕਤਲ ਕਰਵਾ ਦਿੱਤੇ। ਇਹ ਅਸਲੀਅਤ ਹੈ ਕਿ ਜਦੋਂ ਸਾਰੇ ਹੀ ਪ੍ਰਮੇਸ਼ਰ ਦਾ ਨੂਰ ਦ੍ਰਿਸ਼ਟੀ ਆਇਆ ਫੇਰ ਇਨ੍ਹਾਂ ਮੰਦਰਾਂ ਮਸੀਤਾਂ ਵਿੱਚ ਜਾ ਕੇ ਕੀ ਕਰਨਾ ਹੈ?

ਯਥਾ: ਪੂਜਨ ਚਾਲੀ ਬ੍ਰਹਮ ਠਾਇ ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥
ਜਹਾ ਜਾਈਐ ਤਹ ਜਲ ਪਖਾਨ ॥
ਤੂ ਪੂਰਿ ਰਹਿਓ ਹੈ ਸਭ ਸਮਾਨ ॥
ਬੇਦ ਪੁਰਾਨ ਸਭ ਦੇਖੇ ਜੋਇ ॥
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥

(ਪੰਨਾ ੧੧੯੫)

ਭਜਨ ਸਿਮਰਨ ਕਰਨਾ, ਮੰਦਰ, ਮਸੀਤ, ਗੁਰਦੁਆਰੇ ਜਾਣਾ ਰੱਬ ਦੇ ਮਿਲਾਪ ਵਾਸਤੇ ਹੈ, ਜਦੋਂ ਉਸਦੇ ਵਿੱਚ ਮਿਲਕੇ ਉਸਦਾ ਰੂਪ ਬਣ ਗਿਆ।

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

(ਪੰਨਾ ੨੭੩)

ਫੇਰ ਉਨ੍ਹਾਂ ਦਾ ਆਪਣੇ ਵਾਸਤੇ ਕਰਨ ਕਰਾਉਣ ਵਾਲਾ ਬਾਕੀ ਕੁਝ ਨਹੀਂ ਰਹਿ ਜਾਂਦਾ ਅਤੇ ਉਨ੍ਹਾਂ ਦੀ ਰਹਿਣੀ ਬਹਿਣੀ ਵੀ ਦੁਨੀਆਂਦਾਰੀ ਨਾਲੋਂ ਜੁਦਾ ਹੋ ਜਾਂਦੀ ਹੈ। ਕੋਈ ਕਮਲਿਆਂ ਦੀ ਤਰ੍ਹਾਂ ਮਸਤਾਨੇ ਰਹਿੰਦੇ ਹਨ। ਕੋਈ ਚੁੱਪ ਹੀ ਧਾਰੀ ਰਖਦੇ ਹਨ। ਕੋਈ ਅੰਦਰ ਹੀ ਛੁਪਕੇ ਬੈਠੇ ਰਹਿੰਦੇ ਹਨ। ਕਈ ਅਲਫ ਨਗਨ ਰਹਿੰਦੇ ਹਨ। ਉਨ੍ਹਾਂ ਦੀ ਅੰਦਰਲੀ ਅਵਸਥਾ ਤਾਂ ਇੱਕੋ ਜੇਹੀ ਹੁੰਦੀ ਹੈ ਪਰ ਪ੍ਰਾਰਬਧ ਜਾਂ ਭੂਮਕਾ ਕਰਕੇ ਬਾਹਰਲੀ ਕ੍ਰਿਆ ਜੁਦਾ-ਜੁਦਾ ਹੈ। ਜੋ ਮਹਾਂ-ਪੁਰਸ਼ ਪੂਰਨ ਗਿਆਨਵਾਨ ਹੋ ਕੇ ਵੀ ਮਰਯਾਦਾ ਵਿੱਚ ਚਲਦੇ ਹੋਏ ਦੁਨੀਆਂ ਨੂੰ ਸਿੱਧੇ ਰਸਤੇ ਪਾਉਣ ਲਈ ਆਤਮ ਉਪਦੇਸ਼ ਕਰਦੇ ਹਨ ਉਹ ਸਭਨਾਂ ਤੋਂ ਸ੍ਰੇਸ਼ਟ ਹਨ, ਜਿਸ ਕਰਕੇ ਉਨ੍ਹਾਂ ਦੀ ਸੰਗਤ ਦੁਆਰਾ ਹਜ਼ਾਰਾਂ ਜੀਵਾਂ ਦੀ ਕਲਿਆਣ ਹੁੰਦੀ ਹੈ ਕਿਉਂਕਿ ਆਪਣੇ ਭਲੇ ਵਾਸਤੇ ਤਾਂ ਹਰ ਇੱਕ ਹੀ ਯਤਨ ਕਰਦਾ ਹੈ, ਪਰਸੁਆਰਥੀ ਕੋਈ ਵਿਰਲਾ ਹੀ ਮਹਾਂ-ਪੁਰਸ਼ ਹੈ। ਉਸ ਅਵਸਥਾ ਵਾਲਿਆਂ ਦਾ ਨੌਵੇਂ ਪਾਤਸ਼ਾਹ ਜੀ ਮਹਾਰਾਜ ਨੇ ਇਸ ਪ੍ਰਕਾਰ ਨਿਰਣਯ ਕੀਤਾ ਹੈ:

ਸੋਰਠਿ ਮਹਲਾ ੯ ॥
ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥

(ਪੰਨਾ ੬੩੩)

ਸੋ ਬ੍ਰਹਮ ਗਿਆਨੀ ਕਿਸੇ ਪ੍ਰਕਾਰ ਵੀ ਦੁੱਖ ਸੁੱਖ ਵਿੱਚ ਲੁਭਾਇਮਾਨ ਨਹੀਂ ਹੁੰਦਾ। ਪਰ ਮਰਯਾਦਾ ਪ੍ਰਸ਼ੋਤਮ ਮਹਾਂ-ਪੁਰਸ਼ ਏਸ ਅਵਸਥਾ ਦੇ ਜਾਣੂ ਹੋ ਕੇ ਵੀ ਜਗਤ ਭਲਿਆਈ ਵਾਸਤੇ ਕਰਮਾਂ ਦਾ ਤਿਆਗ ਨਹੀਂ ਕਰਦੇ। ਫ਼ਲ ਦੀ ਇੱਛਾ ਛੱਡ ਕੇ ਨਿਸ਼ਕਾਮ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦੀ ਸ਼ੁਭ ਕ੍ਰਿਆ ਤੱਕ ਕੇ ਭਾਵ ਸੇਵਾ ਸਿਮਰਨ ਕਰਦਿਆਂ ਦੇਖ ਕੇ ਹੋਰ ਜੀਵਾਂ ਦੀ ਪ੍ਰਮਾਰਥ ਵੱਲ ਰੁਚੀ ਵਧਦੀ ਹੈ, ਉਹ ਉਪਦੇਸ਼ ਵੀ ਏਹੋ ਹੀ ਦਿੰਦੇ ਹਨ।
ਯਥਾ:

ਨੈਨੀ ਦੇਖਉ ਗੁਰ ਦਰਸਨੋ ਗੁਰ ਚਰਣੀ ਮਥਾ ॥
ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ ॥

(ਪੰਨਾ ੧੧੦੧)

ਮੁਖੋਂ ਭਗਤੀ ਦਾ ਉਪਦੇਸ਼ ਕਰਦੇ ਹੋਇਆਂ ਆਪਣੇ ਆਪ ਨੂੰ ਦਾਸਾਂ ਦਾ ਦਾਸ ਨਿਸ਼ਚੇ ਕਰਣਾ। ਸੰਸਾਰ ਦੇ ਵਿਸ਼ਿਆਂ ਵਲੋਂ ਉਪਰਾਮ ਰਹਿਣਾ। ਮਨ ਵਿੱਚ ਪ੍ਰਪੱਕ ਨਿਸ਼ਚਾ ਸਰੂਪ ਦੇ ਗਿਆਨ ਤੇ ਰਖਣਾ। ਮੁਖ ਭਗਤੀ, ਵਰਤਨ ਵੈਰਾਗ, ਨਿਹਚੇ ਗਿਆਨ।

ਗਿਆਨ ਹੋਣ ਉਪਰੰਤ ਵੀ ਭੂਮਕਾ ਅਨੁਸਾਰ ਨਿਊਨ ਅਤੇ ਅਧਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਜੀਵਨ ਮੁਕਤੀ ਅਤੇ ਵਿਦੇਹ ਮੁਕਤੀ। ਇਸ ਦੇ ਵੀ ਦੋ ਅੰਗ ਹਨ।

ਜੀਵਨ ਮੁਕਤੀ ਸਰੀਰ ਦੇ ਹੁੰਦਿਆਂ ਮਨ ਦੇ ਤਮਾਮ ਸੰਕਲਪਾਂ ਦਾ ਅਭਾਵ ਕਰ ਕੇ ਆਪਣੇ ਸਰੂਪ ਦੇ ਅਨੰਦ ਦਾ ਰਸ ਮਾਨਣਾ। ਪਰ ਕਾਰ ਵਿਹਾਰ ਦੇ ਸਮੇਂ ਸੰਸਾਰਾਕਾਰ ਬ੍ਰਿਤੀ ਹੋਣ ਕਰਕੇ ਕਈ ਵਾਰੀ ਇਹ ਅਨੰਦ ਵਿਸਰ ਜਾਂਦਾ ਹੈ।

ਪਰਪੱਕ ਅਵਸਥਾ ਵਾਲੇ ਮਹਾਂ-ਪੁਰਸ਼ ਰਾਜਾ ਜਨਕ ਤੇ ਭਗਤ ਕਬੀਰ ਜੀ ਵਾਂਗੂੰ ਕਾਰ-ਵਿਹਾਰ ਵਿੱਚ ਵੀ ਨਹੀਂ ਭੁਲਾਉਂਦੇ। ਅਰਥਾਤ ਵਿਵਹਾਰ-ਕਾਰ ਸਮੇਂ ਵੀ ਉਨ੍ਹਾਂ ਦੇ ਤਾਈਂ ਜੀਵਨ ਮੁਕਤੀ ਅਨੰਦ ਨਹੀਂ ਭੁੱਲਦਾ। ਰਾਗ ਦਵੈਸ਼ ਤੋਂ ਨਿਰਲੇਪ ਰਹਿੰਦੇ ਹਨ। ਜੇਕਰ ਉਨ੍ਹਾਂ ਦੇ ਅੰਦਰ ਰਾਗ ਦਵੈਸ਼ ਆ ਵੀ ਜਾਵੇ ਤਾਂ ਪਾਣੀ ਤੇ ਲੀਕ ਸਮ ਹੁੰਦਾ ਹੈ। ਜਗਿਆਸੂ ਦੇ ਅੰਦਰ ਮਿਟੀ ਤੇ ਲੀਕ ਸਮ ਹੁੰਦਾ ਹੈ। ਵਿਸ਼ਈਆਂ ਦੇ ਅੰਦਰ ਪੱਥਰ ਤੇ ਲੀਕ ਸਮ ਅਤੇ ਪਾਮਰਾਂ ਦੇ ਅੰਦਰ ਲੋਹੇ ਤੇ ਲੀਕ ਸਮ ਹੁੰਦਾ ਹੈ।

ਤਥਾ: *ਉੱਤਮ ਮੱਧਮ ਅਧਮ ਨਰ, ਪਾਹਨ ਸਿਕਤਾ ਵਾਰ।*
*ਪ੍ਰੀਤ ਅਨੁਕ੍ਰਮ ਜਾਣੀਐ, ਵਿੱਤੋਂ ਵੈਰ ਵਿਚਾਰ।*

ਭਾਵ: ਉੱਤਮ ਪੁਰਸ਼ ਦਾ ਪਿਆਰ ਪੱਥਰ ਦੀ ਰੇਖਾ ਸਮਾਨ ਹੈ। ਮੱਧਮ ਪੁਰਸ਼ ਦਾ ਪਿਆਰ ਰੇਤ ਦੀ ਲਕੀਰ ਸਮਾਨ ਹੈ ਤੇ ਨੀਚ ਆਦਮੀ ਦਾ ਪਿਆਰ ਪਾਣੀ ਦੀ ਲਕੀਰ ਸਮਾਨ ਹੈ। ਵੈਰ ਦੀ ਦ੍ਰਿਸ਼ਟੀ ਵਿੱਚ ਉੱਤਮ ਪੁਰਸ਼ ਰੇਤ ਉੱਤੇ ਖਿੱਚੀ ਲਕੀਰ ਵਾਂਗ ਵੈਰ ਰੱਖਦੇ ਹਨ, ਭਾਵ ਜੇ ਕਿਸੇ ਨੇ ਵੈਰ ਭਾਵ ਹਟਾਉਣ ਦੀ ਕੋਸ਼ਿਸ਼ ਕੀਤੀ ਤਦ ਮੱਧਮ ਪੁਰਖ ਦਾ ਵੈਰ ਭਾਵ ਹਟ ਜਾਂਦਾ ਹੈ। ਪ੍ਰੰਤੂ ਦੁਸ਼ਟ ਪੁਰਸ਼ ਦਾ ਵੈਰ ਵਾਲਾ ਹਿਰਦਾ ਐਸਾ ਹੈ ਜਿਵੇਂ ਪੱਥਰ ਉਤੇ ਲਕੀਰ ਖਿੱਚੀ ਜਾਵੇ, ਉਹ ਯਤਨ ਕੀਤਿਆਂ ਭੀ ਨਹੀਂ ਹਟ ਸਕਦੀ।

ਵਿਦੇਹ ਮੁਕਤੀ ਪ੍ਰਾਰਬਧ ਦੇ ਖ਼ਤਮ ਹੋਇਆਂ ਸਰੀਰ ਤਿਆਗਣ ਤੋਂ ਬਾਅਦ ਦੇਹ ਦੀ ਉਪਾਧੀ ਦੂਰ ਕਰ ਕੇ ਉਸ ਵਿੱਚ ਇਉਂ ਲੀਣ ਹੋ ਜਾਣਾ ਜਿਵੇਂ ਸੂਰਜ ਦੀਆਂ ਕਿਰਣਾਂ ਦੁਆਰਾ ਬਰਫ ਢਲਕੇ ਪਾਣੀ ਰੂਪ ਹੋ ਕੇ ਉਹ ਜਲ ਵਿੱਚ ਮਿਲ ਜਾਂਦੀ ਹੈ ਜਾਂ ਘਟਾ ਅਕਾਸ਼ ਮਹਾਂ-ਅਕਾਸ਼ ਵਿੱਚ ਲੀਨ ਹੋ ਜਾਂਦਾ ਹੈ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

(ਪੰਨਾ ੮੪੬)

ਤਥਾ:

ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ ॥

(ਪੰਨਾ ੧੩੭੪)

ਇਉਂ ਫੇਰ ਉਹ ਮਹਾਂ-ਪੁਰਸ਼ ਬ੍ਰਹਮ ਵਿੱਚ ਅਭੇਦ ਹੋ ਕੇ ਉਸ ਦਾ ਹੀ ਰੂਪ ਬਣ ਜਾਂਦਾ ਹੈ।

# ਛੇ ਪ੍ਰਕਾਰ ਦੀ ਗਤੀ

ਸ੍ਰੀ ਸੰਤ ਜੀ ਮਹਾਰਾਜ ਦੇ ਪਾਸ ਸੁਆਮੀ ਸੰਤੋਖ ਸਿੰਘ ਜੀ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਜੀ ਨੇ ਕੇਵਲ ਗਿਆਨਵਾਨਾਂ ਦੀ ਅਵਸਥਾ ਹੀ ਕਥਨ ਕੀਤੀ ਹੈ, ਕ੍ਰਿਪਾ ਕਰਕੇ ਪਾਪੀ-ਪੁੰਨੀ ਤੇ ਜੋਗੀਆਂ ਦਾ ਹਾਲ ਵੀ ਵਰਣਨ ਕਰੋ।" ਤਦ ਮਹਾਰਾਜ ਜੀ ਨੇ ਆਖਿਆ ਕਿ ਇਹ ਵਿਚਾਰ ਬੜੀ ਡੂੰਘੀ ਹੈ, ਪਰ ਤੁਹਾਡੀ ਇੱਛਾ ਅਨੁਸਾਰ ਸੰਖੇਪ ਨਾਲ ਦਸਦੇ ਹਾਂ। ਗਤੀ ਛੇ ਪ੍ਰਕਾਰ ਦੀ ਹੈ: ੧. ਪਾਪੀ ਪੁਰਸ਼ਾਂ ਦੀ, ੨. ਪੁੰਨੀ ਪੁਰਸ਼ਾਂ ਦੀ, ੩. ਭਗਤਾਂ ਦੀ, ੪. ਜੋਗਾ ਅਭਿਆਸੀਆਂ ਦੀ, ੫. ਬ੍ਰਹਮ ਗਿਆਨੀਆਂ ਦੀ, ੬. ਕਾਰਕਾਂ ਦੀ। ਇਸ ਦਾ ਵੇਰਵਾ ਇਸ ਪ੍ਰਕਾਰ ਹੈ:

*੧. ਪਾਪੀ ਪੁਰਸ਼ਾਂ ਦੀ ਗਤੀ:*

ਪਾਪੀ ਪੁਰਸ਼ਾਂ ਨੂੰ (ਜਿਨ੍ਹਾਂ ਨੇ ਅਮੋਲਕ ਮਨੁੱਖਾ ਜਨਮ ਪਾ ਕੇ ਇਸ ਤੋਂ ਕੋਈ ਲਾਭ ਨਹੀਂ ਪ੍ਰਾਪਤ ਕੀਤਾ, ਵੇਦ ਸ਼ਾਸਤਰ ਤੋਂ ਉਲਟ ਚਲਦੇ ਹੋਏ ਗੁਰੂ ਪ੍ਰਮੇਸ਼ਰ ਤੋਂ ਬੇਮੁਖ ਰਹੇ) ਨਾ ਕਦੀ ਉਨ੍ਹਾਂ ਨੇ ਪ੍ਰਲੋਕ ਹੀ ਮੰਨਿਆਂ, ਨਾ ਦਾਨ-ਪੁੰਨ ਹੀ ਕੀਤਾ, ਸਦੀਵੀ ਇਹੋ ਹੀ ਕਹਿੰਦੇ ਹਨ "Eat Drink and Be Merry." "*ਈਟ ਡਰਿੰਕ ਐਂਡ ਬੀ ਮੈਰੀ।*" ਖਾਓ ਪੀਓ ਐਸ਼ ਲਉ (ਆਹ ਜਗ ਮਿੱਠਾ ਅਗਲਾ ਕਿਨ ਡਿਠਾ) ਉਨ੍ਹਾਂ ਨੂੰ ਅੰਤ ਸਮੇਂ ਜਮਾਂ ਦੇ ਦੂਤ ਮਾਰਦੇ ਕੁਟਦੇ ਪ੍ਰਲੋਕ ਵਿੱਚ ਲਿਜਾਂਦੇ ਹਨ। ਰਸਤੇ ਵਿੱਚ ਅਸਪਤਰ ਬਣ, ਵੈਤਰਨੀ ਨਦੀ ਤੇ ਅਗਨੀ ਦਾ ਸਾਗਰ ਆਉਂਦਾ ਹੈ।

ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ ॥

(ਪੰਨਾ ੧੦੨੬)

ਅੱਗੇ ਧਰਮ ਰਾਜਾ ਦੇ ਪੇਸ਼ੀ ਹੁੰਦੀ ਹੈ, ਫੇਰ ਕੀਤੇ ਕਰਮਾਂ ਅਨੁਸਾਰ ਨਰਕਾਂ ਵਿੱਚ ਪਾਏ ਜਾਂਦੇ ਹਨ।

ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥

(ਪੰਨਾ ੧੦੭੩)

ਤਥਾ:

ਚਉਰਾਸੀਹ ਨਰਕ ਸਾਕਤੁ ਭੋਗਾਈਐ ॥

(ਪੰਨਾ ੧੦੨੮)

ਯਥਾ:

ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥

(ਪੰਨਾ ੪੭੩)

ਤਥਾ:

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥੯॥

(ਪੰਨਾ ੧੪੨੫)

ਵਿਭਚਾਰੀਆਂ ਵਾਸਤੇ ਲੋਹੇ ਦੇ ਥੰਮ ਅਗਨੀ ਨਾਲ-ਲਾਲ ਕਰਕੇ ਉਨ੍ਹਾਂ ਦੇ ਨਾਲ ਲਗਾਉਂਦੇ ਹਨ।

ਯਥਾ:

ਬਿਸਾਰਿ ਹਰਿ ਜੀਉ ਬਿਖੈ ਭੋਗਹਿ
ਤਪਤ ਥੰਮ ਗਲਿ ਲਾਇ ॥੧॥
ਰੇ ਨਰ ਕਾਇ ਪਰ ਗ੍ਰਿਹਿ ਜਾਇ ॥
ਕੁਚਲ ਕਠੋਰ ਕਾਮਿ ਗਰਧਭ
ਤੁਮ ਨਹੀ ਸੁਨਿਓ ਧਰਮ ਰਾਇ ॥੧॥ ਰਹਾਉ ॥
ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥
ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥

(ਪੰਨਾ ੧੦੦੧)

ਤਥਾ:

ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥
ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥
ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥੨੭॥

(ਪੰਨਾ ੩੧੫)

ਖੰਡੇ ਧਾਰ ਗਲੀ ਅਤਿ ਭੀੜੀ ॥
ਲੇਖਾ ਲੀਜੈ ਤਿਲ ਜਿਉ ਪੀੜੀ ॥
ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ
ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥

(ਪੰਨਾ ੧੦੨੮)

ਸੋ ਪਾਪੀ ਪੁਰਸ਼ਾਂ ਨੂੰ ਕੀਤੇ ਕਰਮਾਂ ਅਨੁਸਾਰ ਪਹਿਲਾਂ ਨਰਕਾਂ ਵਿੱਚ ਪਾਇਆ ਜਾਂਦਾ ਹੈ, ਫੇਰ ਚੌਰਾਸੀ ਲੱਖ ਜੂਨ ਦਾ ਚੱਕਰ ਕੱਟਦੇ ਹਨ ਉਪ੍ਰੰਤ ਭਾਗਾਂ ਨਾਲ ਮਨੁੱਖਾ ਜਨਮ ਦੀ ਵਾਰੀ ਆਉਂਦੀ ਹੈ। ਮਾਨਸ ਦੇਹੀ ਪਾਕੇ ਵੀ ਖ਼ਿਆਲ ਚੰਗੇ ਨਹੀਂ ਹੁੰਦੇ। ਉਨ੍ਹਾਂ ਦੇ ਲੱਛਣ ਇਹ ਹਨ:

*ਚਾਹਿ ਘਨੀ ਜਿਨ ਕੇ ਮਨ ਮੈਂ ਪੁਨ ਜੋ ਨਰ ਨੀਤ ਸੰਤੋਖ ਤੇ ਭਾਗਤ।*
*ਜੋ ਸੁਪਨੇ ਮਹਿ ਮੂੜ ਰਹੇ ਗੁਰ ਮਾਤ ਪਿਤਾ ਨਿਜ ਮਿਤ੍ਰਨ ਠਾਗਤ।*
*ਜੋ ਨਰ ਆਲਸ ਵੰਸ ਰਹੇ ਪੁੰਨ ਜਾਸ ਸਦਾ ਖੁਧਿਆਦਿਕ ਲਾਗਤ।*
*ਏ ਖਟ ਲਖਨ ਜਾਸ ਵਿਖੇ ਵਹਿ ਟੇਢਨ ਜੋਨਨ ਤੇ ਨਰ ਆਗਤ।*

ਤਥਾ: *ਬਾਂਧਵ ਮਾਹਿ ਵਿਰੋਧ ਸਦਾ ਅਤਸੈ ਕਰਿ ਦੇਹ ਸਰੋਗ ਰਹੇ।*
*ਮੂਰਖ ਜੰਤ ਕੁਸੰਗਤ ਹੈ ਅਤ ਕ੍ਰੋਧ ਸੁਭਾਵ ਸਦੀਵ ਅਹੇ।*
*ਜਾਸ ਸਦੀਵ ਗਿਰਾ ਕਟੁਕੀ ਇਹ ਪਾਂਚ ਕੁਲਖਣ ਜਾਸ ਗਹੇ।*
*ਤੇ ਨਰ ਤਿਆਗ ਅਹੇ ਨਰਕਾ ਨਰ ਦੇਹ ਲਈ ਹਰਿਦਿਆਲ ਕਹੇ।*

*(ਸਾਰਕੁਤਾਵਲੀ ਅਧਿ: ੬ )*

### *੨. ਪੁੰਨੀ ਪੁਰਸ਼ਾਂ ਦੀ ਗਤੀ:*

ਜਿਨ੍ਹਾਂ ਨੇ ਵੇਦ ਸ਼ਾਸਤਰ ਅਨੁਸਾਰ ਯੋਗ ਅਯੋਗ ਦੇ ਵਿਚਾਰ ਦੁਆਰਾ ਦਾਨ-ਪੁੰਨ ਕੀਤਾ, ਆਸਤਕ ਖਿਆਲੀ ਰਹੇ, ਪ੍ਰਮੇਸ਼ਰ ਦੀ ਹੋਂਦ ਮੰਨੀ। ਸਰੀਰ ਛੱਡਣ ਤੋਂ ਬਾਅਦ ਉਨ੍ਹਾਂ ਨੂੰ ਫੇਰ ਦੇਵ ਦੇਹੀ ਮਿਲਦੀ ਹੈ। ਹਿਸਾਬ ਤਾਂ ਭਾਵੇਂ ਉਨ੍ਹਾਂ ਦਾ ਵੀ ਧਰਮ ਰਾਜਾ ਦੇ ਪਾਸ ਹੀ ਹੁੰਦਾ ਹੈ। ਧਰਮ ਰਾਜਾ ਹੈ ਤਾਂ ਇੱਕੋ ਪਰ ਉਹ ਪੁੰਨੀ ਪੁਰਸ਼ਾਂ ਦਾ ਸਤਿਕਾਰ ਕਰਦਾ ਹੈ। ਮਿੱਠੇ ਬਚਨ ਬੋਲਦਾ ਹੈ ਅਤੇ ਉਹੋ ਹੀ ਪਾਪੀਆਂ ਵਾਸਤੇ ਜਮ-ਰੂਪ ਹੈ। ਜਿਵੇਂ ਬਿੱਲੀ ਦਾ ਮੂੰਹ ਇੱਕੋ ਹੀ ਹੈ ਆਪਣੇ ਬੱਚੇ ਚੁੱਕਣ ਵਾਸਤੇ ਤੇ ਚੂਹੇ ਮਾਰਨ ਵਾਸਤੇ ਇਸੇ ਤਰ੍ਹਾਂ ਪਾਪੀ ਤੇ ਪੁੰਨੀ ਦੋਹਾਂ ਦਾ ਹਿਸਾਬ ਤਾਂ ਧਰਮ ਰਾਜਾ ਦੇ ਪਾਸ ਹੀ ਹੁੰਦਾ ਹੈ ਪਰ ਉਨ੍ਹਾਂ ਨਾਲ ਵਰਤਾਵ ਵੱਖ-ਵੱਖ ਕਰਦਾ ਹੈ।

ਯਥਾ:

ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥

(ਪੰਨਾ ੧੪੧੪)

ਤਥਾ: ਧਰਮੀ ਡਿਠਾ ਧਰਮ ਰਾਇ ਪਾਪੁ ਕਮਾਇ ਪਾਪੀ ਜਮ ਡਿਠਾ।
ਪਾਪੀ ਨੋ ਪਛੜਾਇਦਾ ਧਰਮੀ ਨਾਲਿ ਬੁਲੇਂਦਾ ਮਿਠਾ ।

(ਭਾਈ ਗੁਰਦਾਸ ਜੀ)

ਜੇਕਰ ਦੇਵਨੇਤ ਨਾਲ ਰਾਜੇ ਜਨਕ ਵਾਂਗੂੰ ਤੱਤਬੇਤੇ ਮਹਾਂਪੁਰਸ਼ ਧਰਮਰਾਜਾ ਦੇ ਪਾਸ ਪੁੱਜ ਜਾਵਣ ਤਾਂ ਇਉਂ ਆਖਦਾ ਹੈ:

ਯਥਾ:

ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥
ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥੧੦॥

(ਪੰਨਾ ੧੪੨੫)

ਜਿਤਨੇ ਸਾਲ ਸੁਰਗ ਵਿੱਚ ਰਹਿਣਾ ਹੁੰਦਾ ਹੈ ਗਿਣਕੇ ਉਤਨੇ ਫ਼ੁੱਲਾਂ ਦੀ ਮਾਲਾ ਉਨ੍ਹਾਂ ਦੇ ਗਲ ਪਾਈ ਜਾਂਦੀ ਹੈ। ਸਾਲ ਪਿੱਛੋਂ ਇੱਕ ਫ਼ੁੱਲ ਸੁੱਕ ਜਾਂਦਾ ਹੈ। ਜਦੋਂ ਸਾਰੇ ਸੁੱਕ ਜਾਂਦੇ ਹਨ ਪੁੰਨ ਖ਼ਤਮ ਹੋਏ ਜਾਣਗੇ ਉਨ੍ਹਾਂ ਨੂੰ ਮਾਤਲੋਕ ਦੀ ਧਰਤੀ ਤੇ ਗਿਰਾਇਆ ਜਾਂਦਾ ਹੈ।

*"ਖੀਨੇ ਪੁੰਨੇ ਚਰਤੀ ਮਾਰਤ ਲੋਕ:"*

ਤਥਾ:

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥
ਓਛੇ ਤਪ ਕਰਿ ਬਾਹੁਰਿ ਐਬੋ ॥੧॥

(ਪੰਨਾ ੬੯੨)

ਉਪਰੰਤ ਕਿਸੇ ਅਮੀਰ ਘਰਾਣੇ ਵਿੱਚ ਜਨਮ ਹੋ ਕੇ ਸੁੰਦਰ ਸਰੂਪ ਨੇਕ ਸੁਭਾਓ ਤੇ ਸਰੀਰਕ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ, ਉਨ੍ਹਾਂ ਦੇ ਲੱਛਣ ਇਸ ਪ੍ਰਕਾਰ ਕਥਨ ਕੀਤੇ ਹਨ।

ਯਥਾ: *ਦਾਨ ਪ੍ਰਸੰਗ ਸਦੀਵ ਕਰੇ ਪਰਮਾਤਮ ਦੇਵ ਭਜੇ ਚਿਤ ਲਾਈ।*
*ਜਾਸੁ ਗਿਰਾ ਮਧੁਰੀ ਅਤਿਸੈ ਨਿਤ ਸੇਵਤ ਜੋ ਧਰਮੀ ਨਰ ਤਾਈ।*
*ਜਾਂ ਜਨ ਕੇ ਮਨ ਮੈ ਨਿਤ ਹੀ ਗੁਣ ਚਾਰ ਬਿਰਾਜਤ ਦੇ ਸੁਖਦਾਈ।*
*ਤੇ ਨਰ ਭੂਮਿ ਬਿਰਾਜਤ ਹੀ ਸੁਰਗੇ ਬਸ ਹੈ ਸਹਿਸੋ ਨਹਿ ਰਾਈ।* *(ਸਾਰਕੁਤਾਵਲੀ)*

ਯਥਾ:

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥

(ਪੰਨਾ ੯੬੯)

ਪਰ ਪ੍ਰਮੇਸ਼ਰ ਪ੍ਰਾਪਤੀ ਦੀ ਚਾਹ ਵਾਲੇ ਮਹਾਂ-ਪੁਰਸ਼ ਸੁਰਗ ਦਾ ਸੁੱਖ ਵੀ ਨਹੀਂ ਮੰਗਦੇ ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਜੇਹੋ ਜਿਹਾ ਨਰਕ ਦਾ ਦੁਖ, ਤੇਹੋ ਜਿਹਾ ਸੁਰਗ ਦਾ ਸੁੱਖ ਹੈ।

ਤਥਾ:

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥

(ਪੰਨਾ ੧੩੭੦)

ਅਯੁਧਿਆ ਪੁਰੀ ਵਿੱਚ ਭਗਵਾਨ ਰਾਮ ਚੰਦਰ ਜੀ ਦੇ ਅਕਾਰਣ ਹੱਸਣ ਪਰ ਵਸ਼ਿਸ਼ਟ ਜੀ ਨੇ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਭਰੀ ਸਭਾ ਵਿਖੇ ਕੰਧ ਤੇ ਚੜ੍ਹਦਾ ਇੱਕ ਟੁੱਟੀਆਂ ਲੱਤਾਂ ਵਾਲਾ ਕੀੜਾ ਦਿਖਾਕੇ ਆਖਿਆ ਕਿ ਇਹ ੧੪ ਵਾਰੀ ਦੇਵ ਲੋਕ ਦਾ ਰਾਜਾ ਇੰਦਰ ਬਣ ਚੁੱਕਾ ਹੈ। ਨੌਹਰ ਤੇ ਜਜਾਤੀ ਰਾਜੇ ਵਾਂਗੂੰ ਸੁਰਗ ਸੁੱਖ ਵੀ ਨਾਸਵੰਤ ਹੈ ਸੋ ਮਹਾਂ-ਪੁਰਸ਼ ਸੁਰਗ ਸੁੱਖ ਦੀ ਇੱਛਾ ਵੀ ਨਹੀਂ ਰੱਖਦੇ।

### *੩. ਭਗਤਾਂ ਦੀ ਗਤੀ:*

ਜੋ ਤੀਰਥ ਯਾਤਰਾ ਤੇ ਦਾਨ-ਪੁੰਨ ਆਦਿਕ ਚੰਗੇ ਕਰਮਾਂ ਨੂੰ ਕਰਦੇ ਹੋਏ ਉਸਦੇ ਫ਼ਲ ਦੀ ਇੱਛਾ ਨਹੀਂ ਰੱਖਦੇ ਕੇਵਲ ਪ੍ਰਮੇਸ਼ਰ ਪਰਾਇਣ ਹੋਏ ਬੰਦਗੀ ਵਿੱਚ ਜੁੜੇ ਹਨ, ਉਹ ਅੰਤ ਸਮੇਂ ਆਪਣੇ ਇਸ਼ਟ ਦੇ ਲੋਕ ਵਿੱਚ ਜਾਂਦੇ ਹਨ। ਉਨ੍ਹਾਂ ਨੂੰ ਸਤਿਕਾਰ ਸਹਿਤ ਦੇਵਤੇ ਲੈਣ ਆਉਂਦੇ ਹਨ। ਬਿਬਾਨਾਂ ਵਿੱਚ ਬਿਠਾਕੇ ਪ੍ਰਭੂ ਦੇ ਪਾਸ ਲੈ ਜਾਂਦੇ ਹਨ, ਉਨ੍ਹਾਂ ਦੇ

ਪ੍ਰਲੋਕ ਜਾਣ ਦਾ ਰਸਤਾ ਹੋਰ ਹੈ, ਜਿਥੋਂ ਕਿ ਫੇਰ ਮੁੜਕੇ ਸਰੀਰ ਨਹੀਂ ਧਾਰਦੇ।

ਯਥਾ:

ਜਹ ਲਾਲਚ ਜਾਗਾਤੀ ਘਾਟ ॥
ਦੂਰਿ ਰਹੀ ਉਹ ਜਨ ਤੇ ਬਾਟ ॥
ਜਹ ਆਵਟੇ ਬਹੁਤ ਘਨ ਸਾਥ ॥
ਪਾਰਬ੍ਰਹਮ ਕੇ ਸੰਗੀ ਸਾਧ ॥

(ਪੰਨਾ ੩੯੩)

ਤਥਾ:

ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥
ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥

(ਪੰਨਾ ੩੯੩)

*੪. ਜੋਗਾ ਅਭਿਆਸੀਆਂ ਦੀ ਗਤੀ:*

ਜੋਗਾ ਅਭਿਆਸੀ ਮਹਾਂਪੁਰਸ਼ ਅੰਤ ਸਮੇਂ ਬ੍ਰਹਮ ਲੋਕ ਵਿੱਚ ਜਾਂਦਾ ਹੈ ਅਤੇ ਮਹਾਂਪਰਲੋ ਦੇ ਸਮੇਂ ਬ੍ਰਹਮਾਂ ਨਾਲ ਮੁਕਤ ਹੋ ਜਾਂਦਾ ਹੈ।

ਗਰੜ ਪੁਰਾਣ ਆਦਿਕ ਸਨਾਤਨ ਗੰਥ੍ਰਾਂ ਵਿੱਚ ਲਿਖਿਆ ਹੈ ਕਿ ਸਵਰਗ ਜਾਂ ਬ੍ਰਹਮ ਲੋਕ ਨੂੰ ਜਾਣ ਵਾਸਤੇ ਦੋ ਰਸਤੇ ਹਨ। ਇੱਕ ਸੂਰਜ ਮਾਰਗ ਅਤੇ ਦੂਜਾ ਚੰਦਰ ਮਾਰਗ। ਸੂਰਜ ਮਾਰਗ ਸਿੱਧਾ ਸਵਰਗ ਨੂੰ ਜਾਂਦਾ ਹੈ ਅਤੇ ਚੰਦਰ ਮਾਰਗ ਜਮ-ਲੋਕ ਵਿੱਚ ਦੀ ਹੋ ਕੇ ਸਵਰਗ ਨੂੰ ਜਾਂਦਾ ਹੈ। ਪੁੰਨ ਆਤਮਾ ਪੁਰਸ਼ ਨੂੰ ਰਾਮ ਗਣ ਸੂਰਜ ਮਾਰਗ ਵੱਲ ਦੀ ਲੈ ਜਾਂਦੇ ਹਨ ਅਤੇ ਦੂਜੇ ਸਭ ਚੰਦਰ ਮਾਰਗ ਥਾਣੀ ਜਾਂਦੇ ਹਨ। ਜਿਵੇਂ ਸਾਡਾ ਦਿਨ ਤੇ ਰਾਤ ਹੈ, ਇਸੇ ਤਰ੍ਹਾਂ ਪਿਤਰਾਂ ਦਾ ਵੀ ਦਿਨ ਤੇ ਰਾਤ ਹੈ ਜੋ ਸਾਡੇ ਮਹੀਨੇ ਦੇ ਬਰਾਬਰ ਬਣਦਾ ਹੈ। ਅਰਥਾਤ ਚਾਂਦਨੇ ਪੱਖ ਦੀ ਏਕਮ ਤੋਂ ਪੁੰਨਿਆਂ ਤੱਕ ਪਿਤਰਾਂ ਦਾ ਦਿਨ ਹੈ। ਪਿਤਰਾਂ ਨਾਲੋਂ ਦੇਵਤਿਆਂ ਦਾ ਦਿਨ ਰਾਤ ਵੱਡਾ ਹੈ ਜੋ ਸਾਡੇ ਸਾਲ ਦੇ ਬਰਾਬਰ ਹੈ। ਬ੍ਰਹਮਾਂ ਦਾ ਦਿਨ ਏਦੂੰ ਵੀ ਵੱਡਾ ਹੈ। ਮਾਤ-ਲੋਕ ਦੇ ਚਾਰ ਯੁਗ ਹਜ਼ਾਰ ਵਾਰੀ ਬੀਤ ਜਾਣ ਤੋਂ ਬਾਅਦ ਬ੍ਰਹਮਾਂ ਦਾ ਦਿਨ ਬਣਦਾ ਹੈ। ਜਿਸ ਬ੍ਰਹਮਾਂ ਦੇ ਇੱਕੋ ਦਿਨ ਵਿੱਚ ੧੪ ਇੰਦਰ ਰਾਜ ਕਰਦੇ ਹੋਏ ਆਪਣੀ ਆਯੂ ਭੋਗਕੇ ਮਿਰਤੂ ਹੋ ਜਾਂਦੇ ਹਨ। ਇਤਨੀ ਹੀ ਵੱਡੀ ਬ੍ਰਹਮਾਂ ਦੀ ਰਾਤ ਹੈ।

ਦੇਵਤਿਆਂ ਦਾ ਦਿਨ ਸਾਡੇ ਛੇ ਮਹੀਨਿਆਂ ਦੇ ਬਰਾਬਰ ਹੈ। ਜੈਸਾ ੨੩ ਦਸੰਬਰ (ਮਕਰ ਰੇਖਾ) ਤੋਂ ਲੈ ਕੇ ੨੧ ਜੂਨ (ਕਰਕ ਰੇਖਾ) ਤੱਕ ਉਤਰਾਇਣ ਕਹਾਉਂਦਾ ਹੈ ਜੋ ਦੇਵਤਿਆਂ ਦਾ ਦਿਨ ਹੈ ਅਤੇ ੨੨ ਜੂਨ (ਕਰਕ ਰੇਖਾ) ਤੋਂ ੨੨ ਦਸੰਬਰ (ਮਕਰ ਰੇਖਾ) ਦਖਨੈਣ ਅਖਵਾਉਂਦਾ ਹੈ ਜੋ ਦੇਵਤਿਆਂ ਦੀ ਰਾਤ ਹੈ। ਆਮ ਖਿਆਲ ਹੈ ਕਿ ਦਖਨੈਣ (ਦੇਵਤਿਆਂ ਦੀ ਰਾਤ) ਵਿੱਚ ਮਰਨ ਵਾਲਾ ਪ੍ਰਾਣੀ ਚੰਦਰ ਮਾਰਗ ਥਾਣੀਂ ਜਾਂਦਾ ਹੈ ਅਤੇ ਉਤਰੈਣ (ਦੇਵਤਿਆਂ ਦੇ ਦਿਨ) ਵਿੱਚ ਮਰਣ ਵਾਲਾ ਪ੍ਰਾਣੀ ਸੂਰਜ ਮਾਰਗ ਥਾਣੀਂ ਜਾਂਦਾ ਹੈ। ਇਸੇ ਖ਼ਿਆਲ ਨੂੰ ਲੈ ਕੇ ਕਈ ਸਾਡੇ ਸਨਾਤਨੀ ਭਰਾ ਰਾਤ ਸਮੇਂ ਮ੍ਰਿਤਕ ਪ੍ਰਾਣੀ ਦਾ ਸਸਕਾਰ ਨਹੀਂ ਕਰਦੇ। ਰਾਜਾ ਜਨਕ ਜੀ ਨੂੰ ਵੀ ਚੰਦਰ ਮਾਰਗ ਥਾਣੀਂ ਦੇਵ-ਲੋਕ ਨੂੰ ਜਾਣਾ ਪਿਆ, ਰਸਤੇ ਵਿੱਚ ਜਮਪੁਰੀ ਆ ਗਈ, ਪਾਪੀ ਜੀਵਾਂ ਤੇ ਤਰਸ ਕਰਕੇ ਸਿਮਰਨ ਦੇ ਬਲ ਦੁਆਰਾ ਸਾਰੇ ਪਾਪੀ ਨਰਕਾਂ ਤੋਂ ਛੁਡਾ ਦਿਤੇ ਸਨ।

ਭਗਤ ਵਡਾ ਰਾਜਾ ਜਨਕ ਹੈ ਗੁਰਮੁਖ ਮਾਯਾ ਵਿਚ ਉਦਾਸੀ।
ਦੇਵ ਲੋਕ ਨੋਂ ਚਲਿਆ ਗਣ ਗੰਧਰਬ ਸਭਾ ਸੁਖਵਾਸੀ।
ਜਮਪੁਰ ਗਇਆ ਪੁਕਾਰ ਸੁਣ ਵਿਲਲਾਵਨ ਜੀ ਨਰਕ ਨਿਵਾਸੀ।
ਧਰਮਰਾਇ ਨੋ ਆਖਿਓਨੁ ਸਭਨਾ ਦੀ ਕਰ ਬੰਦ ਖਲਾਸੀ।
ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰ ਅਬਿਨਾਸੀ।
ਗਹਿਣੇ ਧਰਿਅਨੁ ਇਕ ਨਾਉਂ ਪਾਪਾਂ ਨਾਲ ਕਰੈ ਨਿਰਜਾਸੀ।

ਪਾਸੰਗ ਪਾਪ ਨ ਪੁਜਨੀ ਗੁਰਮੁਖ ਨਾਉਂ ਅਤੁਲ ਨ ਤੁਲਾਸੀ।
ਨਰਕਹੁੰ ਛੁਟੇ ਜੀਆ ਜੰਤ ਕਟੀ ਗਲਹੁ ਸਿਲਕ ਜਮਫਾਸੀ।
ਮੁਕਤਿ ਜੁਗਤਿ ਨਾਵੈਂ ਕੀ ਦਾਸੀ ॥੫॥

(ਭਾਈ ਗੁਰਦਾਸ ਜੀ)

ਯੁਧਿਸ਼ਟਰ ਜੀ ਵੀ ਅੰਤ ਸਮੇਂ ਚੰਦਰ ਮਾਰਗ ਥਾਣੀਂ ਹੀ ਗਏ ਸਨ। ਭੀਸ਼ਮ ਪਿਤਾਮਾਂ ਜੀ ਜੋਗਾਭਿਆਸੀ ਮਹਾਂਪੁਰਸ਼ ਸਨ ਜਿਸ ਕਰਕੇ ਆਪਣੀ ਇੱਛਾ ਅਨੁਸਾਰ ਸੁਛੰਦ ਮ੍ਰਿਤੂ ਦੇ ਮਾਲਕ ਸੀ। ਭਾਵੇਂ ਉਨ੍ਹਾਂ ਲਈ ਇੱਕ ਤਰ੍ਹਾਂ ਨਾਲ ਦਖਨੈਣ ਵਿੱਚ ਸੱਦਾ ਆ ਗਿਆ, ਪਰ ਉਨ੍ਹਾਂ ਨੇ ਚੰਦਰ ਮਾਰਗ ਦੇ ਰਸਤੇ ਜਮ-ਲੋਕ ਦਾ ਦੁੱਖ ਦੇਖਣਾ ਪਏਗਾ, ਇਉਂ ਜਾਨਕੇ ਸਰੀਰ ਨਾ ਤਿਆਗਿਆ। ਭਾਵੇਂ ਤੀਰਾਂ ਨਾਲ ਵਿੰਨੇ ਛੇਕੋ-ਛੇਕ ਹੋ ਚੁੱਕੇ ਸਨ ਪਰ ਫੇਰ ਵੀ ੫੨ ਦਿਨ ਤੀਰਾਂ ਦੀ ਸੇਜਾ ਤੇ ਪਏ ਰਹੇ ਅਤੇ ਉਤਰੈਣ ਆਇਆਂ ਸਰੀਰ ਦਾ ਤਿਆਗ ਕੀਤਾ, ਬਿਬਾਨਾਂ ਤੇ ਅਸਵਾਰ ਹੋ ਕੇ ਬ੍ਰਹਮ ਲੋਕ ਨੂੰ ਗਏ ਜਿਥੋਂ ਫੇਰ ਵਾਪਸ ਨਹੀਂ ਆਉਣਾ ਹੁੰਦਾ ਅਤੇ ਬ੍ਰਹਮਾ ਦੀ ਆਯੂ ਸਮਾਪਤ ਹੋਇਆਂ ਮਹਾਂ-ਪਰਲੋ ਦੇ ਸਮੇਂ ਮੁਕਤ ਹੋ ਜਾਂਦਾ। ਸਾਰੇ ਦੇਵਤੇ ਅਗਨ ਦੇਵਤਾ, ਵਰਨ ਦੇਵਤਾ ਅਤੇ ਇੰਦਰ ਆਦਿਕ ਆਪੋ ਆਪਣੇ ਲੋਕਾਂ ਵਿੱਚ ਉਨ੍ਹਾਂ ਦੀ ਪੂਜਾ ਤੇ ਆਦਰ ਕਰਦੇ ਹੋਏ ਅੱਗੇ ਪਹੁੰਚਾਉਂਦੇ ਹਨ।

*੫. ਬ੍ਰਹਮ ਗਿਆਨੀ ਮਹਾਂਪੁਰਸ਼ਾਂ ਦੀ ਗਤੀ:*

ਜਿਨ੍ਹਾਂ ਨੇ ਬੰਦਗੀ ਕਰਦਿਆਂ-ਕਰਦਿਆਂ ਪ੍ਰਮੇਸ਼ਰ ਨੂੰ ਸਾਖਸ਼ਾਤ ਪ੍ਰਗਟ ਕਰ ਲਿਆ ਫੇਰ ਉਹ ਉਸਦਾ ਰੂਪ ਹੀ ਬਣ ਗਏ। ਉਨ੍ਹਾਂ ਵਾਸਤੇ ਜੰਮਣਾ ਮਰਣਾ ਤੇ ਆਉਣਾ ਜਾਣਾ ਨਹੀਂ ਬਨਦਾ। ਅੰਤ ਸਮੇਂ ਸਰੀਰ ਦੀ ਉਪਾਧੀ ਦੇ ਦੂਰ ਹੋਇਆਂ ਤੱਤਾਂ ਵਿੱਚ ਤੱਤ ਮਿਲ ਕੇ ਪ੍ਰਮੇਸ਼ਰ ਵਿੱਚ ਇਉਂ ਅਭੇਦ ਹੋ ਜਾਂਦੇ ਹਨ:

ਯਥਾ:

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥

(ਪੰਨਾ ੨੭੮)

ਤਥਾ:

ਪਵਨੈ ਮਹਿ ਪਵਨੁ ਸਮਾਇਆ ॥
ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥
ਰੋਵਨਹਾਰੇ ਕੀ ਕਵਨ ਟੇਕ ॥

(ਪੰਨਾ ੮੮੫)

ਤਥਾ:

ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ ॥
ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ ॥

(ਪੰਨਾ ੭੮੮)

ਉਹਨਾਂ ਬਾਬਤ ਪੀਪਾ ਭਗਤ ਜੀ ਇਸ ਪ੍ਰਕਾਰ ਕਥਨ ਕਰਦੇ ਹਨ:

ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥

(ਪੰਨਾ ੧੯੫)

ਉਹਨਾਂ ਦੇ ਚਰਨਾਂ ਦੀ ਛੁਹ ਧਰਤੀ ਨੂੰ ਪਵਿਤਰ ਕਰਦੀ ਹੈ। ਯਥਾ:

*ਕੁਲਮ ਪਵਿਤ੍ਰਮ ਜਨੀ ਕ੍ਰਿਤਾਰਥਾ ਬਸੰਪੁਰਾ ਪੁਣਵਤੀ ਚਤੇ ਨਾ॥*

ਉਹ ਕੇਵਲ ਆਪ ਹੀ ਨਹੀਂ ਤਰਦੇ ਉਨ੍ਹਾਂ ਦੇ ਸੰਗੀ ਸਾਥੀ ਵੀ ਤਰ ਜਾਂਦੇ ਹਨ ਬਲਕਿ ਉਹ ਆਪਣੀਆਂ ੧੦੧ ਕੁਲਾਂ ਨੂੰ ਵੀ ਤਾਰ ਲੈਂਦੇ ਹਨ।

## ਇਕੋਤ੍ਰ ਸੌ ਕੁਲਾਂ ਤਰਣ ਦਾ ਵੇਰਵਾ

*ਛਪਯ ਛੰਦ:* *ਪਿਤਾ ਪੱਖ ਚੌਬੀਸ, ਬੀਸ ਮਾਤਾ ਕੈ ਜਾਨੋ।*
*ਖੋੜਸ ਤ੍ਰਿਆ ਮਹਾਨ, ਦ੍ਵਾਦਸੇ ਸੁਤਾ ਪਛਾਨੋ।*
*ਮਾਤ ਭੈਣ ਕੁਲ ਆਠ, ਦਸ ਭੂਆ ਕੇ ਲੇਖੋ।*
*ਇਕਾਦਸ ਕੁਲ ਭੈਣ, ਸੁਰਤ ਸਿਮ੍ਰਿਤ ਮਹਿ ਪੇਖੋ।*
*ਇਕ ਉਪਰ ਸਤ ਏਕ ਕੀ, ਤਤ ਬੇਤਾ ਹਰਿ ਜਨ ਕਹੀ।*
*ਭਗਤ ਹੋਤ ਜਿਸ ਗੋਤ੍ਰ ਮਹਿ, ਏਤੀ ਕੁੱਲ ਤਾਰੇ ਸਹੀ।*

ਅਰਥ: ਚੌਵੀ ਕੁਲਾਂ ਦਾਦਕੇ ਤੇ ਵੀਹ ਕੁਲਾਂ ਨਾਨਕੇ ਘਰ ਦੀਆਂ ਤਰਦੀਆਂ ਹਨ। ਸੋਲਾਂ ਕੁਲਾਂ ਇਸਤਰੀ ਦੇ ਪੇਕਿਆਂ ਦੀਆਂ ਤੇ ਬਾਰਾਂ ਕੁਲਾਂ ਲੜਕੀ ਦੇ ਸਹੁਰਿਆਂ ਦੀਆਂ ਤਰਦੀਆਂ ਹਨ। ਅੱਠ ਕੁਲਾਂ ਮਾਸੀ ਦੇ ਸਹੁਰਿਆਂ ਦੀਆਂ, ਦਸ ਕੁਲਾਂ ਭੂਆ ਦੇ ਸਹੁਰਿਆਂ ਦੀਆਂ ਤਰਦੀਆਂ ਹਨ। ੧੧ ਕੁਲਾਂ ਭੈਣ ਦੇ ਸਹੁਰਿਆਂ ਦੀਆਂ। ਇਹ ਸਾਰੀਆਂ ੧੦੧ ਕੁਲਾਂ ਬ੍ਰਹਮ ਗਿਆਨੀ ਮਹਾਂ-ਪੁਰਸ਼ ਦੀਆਂ ਤਰਦੀਆਂ ਹਨ। ਉਨ੍ਹਾਂ ਦਾ ਸੰਸਾਰ ਤੇ ਆਉਣਾ ਹੀ ਸਫ਼ਲ ਹੈ।

ਆਇਆ ਸਫਲ ਤਾਹੂ ਕੋ ਗਨੀਐ ॥
ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥

(ਪੰਨਾ ੨੫੨)

ਉਹ ਆਪ ਵੀ ਧੰਨਤਾ ਜੋਗ ਹਨ, ਉਨ੍ਹਾਂ ਦੇ ਮਾਤਾ ਪਿਤਾ ਵੀ ਧੰਨਤਾ ਜੋਗ ਹਨ, ਉਨ੍ਹਾਂ ਦੇ ਸੱਜਣ ਮਿੱਤਰ ਤੇ ਸਿੱਖ ਸੇਵਕ ਵੀ ਧੰਨਤਾ ਜੋਗ ਹਨ। ਯਥਾ:

*ਧੰਨ ਭਈ ਤਿਨ ਕੀ ਜਨਨੀ, ਕਿਰਤਾਰਥ ਜੋ ਜਗ ਬੇਦਨ ਗਾਈ।*
*ਕੁਲ ਪਾਵਨ ਜਾਂਹਿ ਕਰੀ ਸਗਰੀ ਜਗ ਧੰਨ ਭਏ ਤਿਨ ਮੀਤ ਸਖਾਈ।*
*ਪਦ ਕੰਜਨ ਯਾਸ ਪੁਨੀਤ ਧਰਾ ਰਜ ਪਾਵਨ ਤੇ ਜਨ ਪਾਪ ਮਿਟਾਈ।*
*ਜੋ ਭਵ ਮੰਡਲ ਮਾਂਹਿ ਭਜੇ ਖਿਣ ਏਕ ਇਕਾਗਰ ਰਾਮ ਸਹਾਈ।* *(ਭਾਵਰਸਾਂਮ੍ਰਿਤ)*

*੬. ਕਾਰਕਾਂ ਦੀ ਗਤੀ:*

ਜੋ ਰੂਹਾਂ ਪ੍ਰਮੇਸ਼ਰ ਦੀ ਆਗਿਆ ਨਾਲ ਦੁਨੀਆਂ ਦੇ ਭਲੇ ਵਾਸਤੇ ਸੰਸਾਰ ਤੇ ਆਉਂਦੀਆਂ ਹਨ ਉਹ ਖੁਦ ਮੁਕਤ ਰੂਪ ਹਨ। ਆਪਣੇ ਵਾਸਤੇ ਉਨ੍ਹਾਂ ਨੂੰ ਕੁਝ ਕਰਣ ਕਰਾਉਣ ਦੀ ਲੋੜ ਨਹੀਂ ਹੁੰਦੀ ਪਰ ਦੂਜਿਆਂ ਨੂੰ ਨਮੂਨਾ ਦਸਦੇ ਹਨ। ਜਿਵੇਂ ਮੈਟ੍ਰਿਕ ਜਾਂ ਐਮ. ਏ. ਦੀ ਡਿਗਰੀ ਪ੍ਰਾਪਤ ਕਰਨ ਵਾਲੇ ਟੀਚਰ ਨੂੰ ਆਪ ਜ਼ਰੂਰਤ ਨਹੀਂ ਪਰ ਵਿਦਿਆਰਥੀ ਨੂੰ ਸੰਥਾ ਪੜ੍ਹਾਉਣ ਸਮੇਂ ਅਗੇ-ਅਗੇ ਪੰਜਾਬੀ ਜਾਂ ਹਿੰਦੀ ਦੀ ਪੈਂਤੀ ਅਤੇ ਅੰਗਰੇਜ਼ੀ ਦੇ ਅੱਖਰ ਬੋਲਦਾ ਹੈ। ਇਸੇ ਤਰ੍ਹਾਂ ਉਨ੍ਹਾਂ ਨੂੰ ਆਪਣੇ ਕੀਤੇ ਕਰਮਾਂ ਦਾ ਫ਼ਲ ਪਾਪ-ਪੁੰਨ ਨਹੀਂ ਲਗਦਾ। ਸ਼ਰਧਾਲੂ ਸੇਵਾ ਕਰਕੇ ਪੁੰਨ ਤੇ ਨਿੰਦਕ ਅਚਾਨਕ ਹੋਏ ਪਾਪਾਂ ਨੂੰ ਲੈ ਜਾਂਦੇ ਹਨ, ਉਹ ਦੋਹਾਂ ਤੋਂ ਨਿਰਲੇਪ ਹਨ। ਜਿਵੇਂ ਜੇਲ੍ਹ ਵਿੱਚ ਕੈਦੀਆਂ ਦੀ ਸਹੂਲਤ ਵਾਸਤੇ ਡਾਕਟਰ ਤੇ ਦਰੋਗਾ ਜਾਂਦੇ ਹਨ, ਇਸੇ ਤਰ੍ਹਾਂ ਉਨ੍ਹਾਂ ਦਾ ਸੰਸਾਰ ਦੇ ਭਲੇ ਵਾਸਤੇ ਆਉਣਾ ਹੁੰਦਾ ਹੈ। ਜਿਸ ਤਰ੍ਹਾਂ ਕਬੀਰ ਦੀ ਸੰਗਤ ਨੇ ਨੌਂ ਕਰੋੜ ਜੀਵਾਂ ਦਾ ਭਲਾ ਕੀਤਾ ਹੈ।

ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ॥
ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥
ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ ॥
ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ ॥
ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ ॥

(ਪੰਨਾ ੫੭੭)

# ਬੀਰ ਯਾਤਰਾ ਵਾਲੇ ਰਾਜੇ ਦੀ ਸਾਖੀ

ਪਹਿਲੇ ਸਮਿਆਂ ਵਿੱਚ ਧਰਮਾਤਮਾਂ ਰਾਜੇ ਭੇਸ ਬਦਲਕੇ ਰਾਤ ਨੂੰ ਗਸ਼ਤ ਕਰਦੇ। ਦੁਖੀ ਗ਼ਰੀਬਾਂ ਦੀ (ਜਿਨ੍ਹਾਂ ਨੂੰ ਸ਼ਾਹੀ ਹਾਕਮਾਂ ਪਾਸੋਂ ਇਨਸਾਫ ਨਹੀਂ ਮਿਲਦਾ) ਛੁਪਕੇ ਪੁਕਾਰ ਸੁਣਦੇ। ਇਸੇ ਸਮੇਂ ਕਈ ਗੁਪਤ ਕੇਸ ਵੀ ਨਿਕਲ ਆਉਂਦੇ। ਇਉਂ ਖ਼ੁਫੀਆ ਪੁਲੀਸ ਦਾ ਕੰਮ ਵੀ ਆਪ ਹੀ ਕਰਦੇ। ਇਸ ਨੂੰ ਵੀਰ ਯਾਤਰਾ ਆਖਦੇ ਸਨ। ਇਕ ਸਮੇਂ ਕਿਸੇ ਦੇਸ਼ ਦਾ ਰਾਜਾ ਫਟੇ ਪੁਰਾਣੇ ਬਸਤਰ ਪਾ ਕੇ ਮਲੀਨ ਤੇ ਕੋਝੇ ਜਿਹੇ ਭੇਸ ਵਿੱਚ ਰਾਤ ਨੂੰ ਗਸ਼ਤ ਕਰ ਰਿਹਾ ਸੀ, ਦੇਵ ਨੇਤ ਨਾਲ ਉਸਨੂੰ ਅੱਗੋਂ ਚਾਰ ਚੋਰ ਮਿਲ ਗਏ ਜੋ ਸ਼ਾਹੀ ਮਹਿਲਾਂ ਵਿੱਚ ਸੰਨ੍ਹ ਮਾਰਨ ਵਾਸਤੇ ਵਿਚਾਰਾਂ ਕਰ ਰਹੇ ਸਨ। ਇਹ ਵੀ ਉਨ੍ਹਾਂ ਦੇ ਨਾਲ ਜਾ ਰਲਿਆ। ਪਹਿਲਾਂ ਤਾਂ ਉਨ੍ਹਾਂ ਨੇ ਨਾ ਵਾਕਫ਼ ਆਦਮੀ ਨੂੰ ਦੇਖਕੇ ਆਪਣੇ ਵਿੱਚ ਸ਼ਾਮਲ ਕਰਣ ਵਲੋਂ ਸੰਕੋਚ ਕੀਤਾ ਪਰ ਜਦੋਂ ਇਸ ਤੋਂ ਪੁਛਣ ਤੇ ਪਤਾ ਲੱਗਾ ਕਿ ਮੈਂ ਵੀ ਚੋਰ ਹਾਂ ਅਤੇ ਹਮੇਸ਼ਾਂ ਇਹੋ ਹੀ ਕੰਮ ਕਰਦਾ ਹਾਂ ਡਰੋ ਨਾ, ਤਾਂ ਉਨ੍ਹਾਂ ਵਿੱਚੋਂ ਇੱਕ ਬੋਲਿਆ ਕਿ ਸਾਰੇ ਆਪੋ ਆਪਣੇ ਗੁਣ ਦੱਸੋ ਕਿ ਤੁਹਾਡੇ ਵਿੱਚ ਕੀ ਗੁਣ ਹਨ?

੧. ਪਹਿਲਾ ਕਹਿਣ ਲੱਗਾ ਮੇਰੇ ਵਿੱਚ ਇਹ ਗੁਣ ਹੈ, ਜਿਥੋਂ ਦੀ ਮੈਂ ਲੰਘ ਜਾਵਾਂ ਮੈਨੂੰ ਦੇਖਕੇ ਉਸ ਜਗ੍ਹਾ ਕੋਈ ਕੁੱਤਾ ਨਹੀਂ ਭੌਂਕਦਾ।
੨. ਦੂਜਾ ਬੋਲਿਆ ਮੇਰੇ ਗਿਆਂ ਤੋਂ ਸਾਰੇ ਪਹਿਰੇਦਾਰ ਸੌਂ ਜਾਂਦੇ ਹਨ, ਕਿਸੇ ਵੀ ਪਹਿਰੇਦਾਰ ਸੰਤਰੀ ਜਾਂ ਘਰ ਵਾਲੇ ਨੂੰ ਕੋਈ ਹੋਸ਼ ਨਹੀਂ ਰਹਿੰਦੀ।
੩. ਤੀਜੇ ਚੋਰ ਨੇ ਕਿਹਾ ਕਿ ਚਾਹੇ ਕਿਤਨਾ ਵੀ ਪੱਕਾ ਜਿੰਦਰਾ ਹੋਵੇ ਮੇਰੇ ਹੱਥ ਲੱਗਿਆਂ ਇਕ-ਦਮ ਖੁੱਲ੍ਹ ਜਾਂਦਾ ਹੈ।
੪. ਚੌਥਾ ਕਹਿਣ ਲਗਾ ਮੈਂ ਜਗ੍ਹਾ ਨੂੰ ਸੁੰਘਕੇ ਦਸ ਸਕਦਾ ਹਾਂ ਕਿ ਏਥੇ ਧਨ ਦਬਿਆ ਹੈ।

ਜਦੋਂ ਇਹ ਚਾਰੇ ਆਪੋ ਆਪਣੇ ਗੁਣ ਦਸ ਚੁੱਕੇ ਫੇਰ ਬਾਦਸ਼ਾਹ ਨੂੰ ਜੋ ਚੋਰ ਦੇ ਰੂਪ ਵਿੱਚ ਸੀ ਪੁੱਛਿਆ, "ਤੁਹਾਡੇ ਵਿੱਚ ਕੀ ਗੁਣ ਹੈ?" ਉਸਨੇ ਉੱਤਰ ਦਿੱਤਾ, "ਮੇਰੇ ਵਿੱਚ ਇਹ ਗੁਣ ਹੈ ਕਿ ਜੇਕਰ ਆਪਾਂ ਫੜੇ ਜਾਈਏ ਉਥੇ ਮੈਂ ਆਪਣੀ ਦਾੜ੍ਹੀ ਹਿਲਾ ਦੇਵਾਂ ਤਾਂ ਸਾਰੇ ਛੁੱਟ ਸਕਦੇ ਹਾਂ।" ਇਹ ਸੁਣਕੇ ਸਾਰੇ ਹੀ ਪ੍ਰਸੰਨ ਹੋਏ ਉਪ੍ਰੰਤ ਸ਼ਾਹੀ ਮਹਿਲਾਂ ਵੱਲ ਚਲ ਪਏ। ਅੱਗੋਂ ਜਾ ਕੇ ਇਨ੍ਹਾਂ ਨੇ ਆਪੋ ਆਪਣੇ ਗੁਣਾਂ ਅਨੁਸਾਰ ਕੰਮ ਕੀਤਾ। ਕੁੱਤਾ ਵੀ ਨਹੀਂ ਭੌਂਕਿਆਂ, ਪਹਿਰੇਦਾਰ ਵੀ ਸੌਂ ਗਏ, ਜਿੰਦਰੇ ਵੀ ਹੱਥ ਲਗਣ ਕਰਕੇ ਖੁੱਲ੍ਹ ਗਏ। ਜਗ੍ਹਾ ਸੁੰਘ ਕੇ ਧਨ ਵੀ ਕੱਢ ਲਿਆ। ਬਾਦਸ਼ਾਹ ਇਹ ਸਾਰੀ ਵਾਰਤਾ ਦੇਖਦਾ ਰਿਹਾ ਜਦੋਂ ਇਹ ਚਾਰੇ ਚੋਰ ਮਾਲ ਲੈ ਕੇ ਮਹਿਲਾਂ ਤੋਂ ਬਾਹਰ ਹੋਏ ਤਾਂ ਪਿਛੋਂ ਬਾਦਸ਼ਾਹ ਨੇ ਪੋਲੀਸ ਭੇਜ ਕੇ ਪਕੜਾ ਲਏ।

ਦੂਸਰੇ ਦਿਨ ਕਚਹਿਰੀ ਦੇ ਸਮੇਂ ਬਾਦਸ਼ਾਹ ਦੇ ਪੇਸ਼ ਕੀਤੇ ਤਾਂ ਉਸ ਸਮੇਂ ਬਾਦਸ਼ਾਹ ਬੋਲਿਆ ਕਿ ਤੁਸੀਂ ਚਾਰੇ ਆਪਣੇ ਰਾਤ ਵਾਲੇ ਗੁਣ ਦੱਸੋ। ਚੋਰਾਂ ਨੇ ਝਟ ਪਛਾਣ ਲਿਆ ਕਿ ਸਾਡੇ ਨਾਲ ਰਾਤ ਵਾਲਾ ਨਵਾਂ ਚੋਰ ਇਹੋ ਬਾਦਸ਼ਾਹ ਹੀ ਸੀ। ਇਨ੍ਹਾਂ ਨੇ ਹੱਥ ਜੋੜਕੇ ਕਿਹਾ, ਸਰਕਾਰ! ਹੁਣ ਜ਼ਰਾ ਆਪਣੀ ਦਾੜ੍ਹੀ ਵੀ ਹਿਲਾਓ ਤਾਂ ਕਿ ਅਸੀਂ ਛੁੱਟ ਜਾਈਏ। ਬਾਦਸ਼ਾਹ ਨੇ ਕਿਹਾ, ਛੁਡਾ ਤਾਂ ਮੈਂ ਦਿੰਦਾ ਹਾਂ ਪਰ ਜੇ ਅਗੇ ਵਾਸਤੇ ਇਹ ਚੋਰੀ ਕਰਨ ਦਾ ਮੰਦਾ ਕੰਮ ਤਿਆਗ ਦੇਵੋ। ਉਨ੍ਹਾਂ ਨੇ ਕਿਹਾ, ਅੱਗੇ ਵਾਸਤੇ ਅਸੀਂ ਚੋਰੀ ਛੱਡੀ ਪਰ ਆਪ ਹੁਣ ਸਾਡੇ ਤੇ ਤਰਸ ਕਰੋ। ਬਾਦਸ਼ਾਹ ਨੇ ਉਹ ਚਾਰੇ ਚੋਰ ਛੁਡਾਕੇ ਆਪਣੇ ਪਾਸ ਨੌਕਰ ਰੱਖ ਲਏ। ਇਉਂ ਅੱਗੇ ਵਾਸਤੇ ਉਨ੍ਹਾਂ ਦਾ ਸੁਧਾਰ ਹੋ ਗਿਆ।

ਇਸੇ ਤਰ੍ਹਾਂ ਕਾਰਕ ਮਹਾਂ-ਪੁਰਸ਼ ਵੀ ਦੁਨੀਆਂ ਦੇ ਭਲੇ ਵਾਸਤੇ ਸੰਸਾਰ ਵਿੱਚ ਆਉਂਦੇ ਹਨ। ਦੁਨਿਆਵੀ ਮਨੁੱਖਾਂ ਨਾਲ ਮਿਲਕੇ ਉਨ੍ਹਾਂ ਦਾ ਭਲਾ ਕਰਦੇ ਹੋਏ ਆਪ ਉਸ ਬਾਦਸ਼ਾਹ ਵਾਂਗੂੰ ਅਸੰਗ ਰਹਿੰਦੇ ਹਨ। ਇਹ ਹੈ ਛੇ ਪ੍ਰਕਾਰ ਦੀ ਗਤੀ।

-o-

# ਬਾਰ੍ਹਵਾਂ ਕਾਂਡ

## ਵੈਸਾਖੀ ਦੇ ਸਮੇਂ ਦਮਦਮੇ ਸਾਹਿਬ ਦੀ ਯਾਤਰਾ

੧੯੯੩ ਬਿਕ੍ਰਮੀ ਦੇ ਆਰੰਭ ਹੁੰਦਿਆਂ ਹੀ ਸੰਤ ਜੀ ਮਹਾਰਾਜ ਨੇ ਵਿਚਾਰ ਕੀਤੀ ਕਿ ਐਤਕੀਂ ਸਾਲ ਮਾਘ ਮਹੀਨੇ ਵਿੱਚ ਆਪਣੇ ਪਰਮ ਧਾਮ ਨੂੰ ਚਲੇ ਜਾਣਾ ਹੈ ਜਿਸ ਕਰਕੇ ਪੂਰਨ ਬ੍ਰਹਮ ਗਿਆਨੀ ਮਹਾਂ-ਪੁਰਸ਼ ਦਾ ਮਿਲਾਪ ਤੇ ਹਜ਼ੂਰ ਦੇ ਚੌਥੇ ਤਖ਼ਤ ਦੇ ਦਰਸ਼ਨ ਕਰ ਆਈਏ।

ਇਉਂ ਵੈਸਾਖੀ ਤੋਂ ਅੱਠ ਦਿਨ ਪਹਿਲਾਂ ਦਮਦਮੇ ਸਾਹਿਬ ਜਾਣ ਲਈ ਤਿਆਰੀ ਕੀਤੀ। ਆਪ ਜੀ ਨਾਲ ਪਰਮ ਪ੍ਰੀਤਵਾਨ ਅਨਿੰਨ ਸੇਵਕ ਆਪ ਜੀ ਦੇ ਗੜਵਈ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਭਗਵਾਨ ਸਿੰਘ ਜੀ ਤੇ ਹੋਰ ਬਹੁਤ ਸਾਰੇ ਪ੍ਰੇਮੀ ਰਾਮਪੁਰ ਨਗਰ ਅਤੇ ਡੇਰੇ ਦੇ ਸੇਵਾਦਾਰ ਸਨ। ਦੋਰਾਹੇ ਸਟੇਸ਼ਨ ਤੋਂ ਗੱਡੀ ਬੈਠਕੇ ਲੁਧਿਆਣੇ ਵਿੱਚ ਦੀ ਧੂਰੀ ਜਾ ਉੱਤਰੇ, ਏਥੋਂ ਫੇਰ ਪੈਦਲ ਹੀ ਕਾਂਜਲੇ ਪੁੱਜੇ ਜਿੱਥੇ ਸੰਤ ਬਿਸ਼ਨ ਸਿੰਘ ਜੀ ਰਹਿੰਦੇ ਸਨ। ਇਨ੍ਹਾਂ ਨੇ ਆਪ ਜੀ ਦਾ ਬੜਾ ਆਦਰ ਸਤਿਕਾਰ ਕੀਤਾ। ਇੱਕ ਰਾਤ ਏਥੇ ਠਹਿਰੇ ਦੂਸਰੇ ਦਿਨ ਮਸਤੂਆਣੇ ਚਲੇ ਗਏ। ਗੁਰੂ ਨਾਨਕ ਨਿਰੰਕਾਰੀ ਦੇ ਚਰਨ ਛੁਹ ਵਾਲੀ ਇਸ ਘਨੇ ਜੰਗਲ ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਦਿਬ ਦ੍ਰਿਸ਼ਟੀ ਨਾਲ ਰਾਜ ਪੁਤਰੀ ਤੋਂ ਰਾਜ ਕੁਮਾਰ ਬਣਾਇਆ ਸੀ ਤੇ ਮਹਾਂ-ਪੁਰਸ਼ਾਂ ਦੀ ਨਿਵਾਜੀ ਭਾਗਸ਼ਾਲੀ ਧਰਤੀ ਨੂੰ ਨਮਸ਼ਕਾਰ ਕੀਤੀ।

ਸੰਤ ਜੀ ਮਹਾਰਾਜ ਤਾਂ ਉਸ ਸਮੇਂ ਸੰਗਤ ਪਾਸੋਂ ਦਮਦਮੇ ਸਾਹਿਬ ਦੇ ਗੁਰਸਾਗਰ ਸਰੋਵਰ ਦੀ ਸੇਵਾ ਕਰਵਾ ਰਹੇ ਸਨ। ਆਪ ਜੀ ਨੇ ਏਥੇ ਥੋੜ੍ਹਾ ਹੀ ਸਮਾਂ ਠਹਿਰਕੇ ਦਰਸ਼ਨ ਦੀਦਾਰ ਕੀਤੇ ਉਸ ਤੋਂ ਬਾਅਦ ਫੇਰ ਸ਼ਾਮੀਂ ਕਾਂਜਲੇ ਵਾਪਸ ਆਏ। ਤੀਸਰੇ ਦਿਨ ਸਵੇਰੇ ਦਰਸ਼ਨ ਦੀਦਾਰ ਕਰਕੇ ਧੂਰੀ ਤੋਂ ਗੱਡੀ ਬੈਠਕੇ ਭੁੱਚੋ ਜਾ ਉੱਤਰੇ। ਏਥੋਂ ਸਿੱਧੇ ਹੀ ਪੈਦਲ ਚੱਲ ਕੇ ਦਮਦਮੇ ਸਾਹਿਬ ਆ ਗਏ। ਉਸ ਸਮੇਂ ਮਸਤੂਆਣੇ ਵਾਲੇ ਮਹਾਂ-ਪੁਰਸ਼ ਸਰੋਵਰ ਦੇ ਕੰਢੇ ਸਜੇ ਸੰਗਤ ਪਾਸੋਂ ਸੇਵਾ ਕਰਵਾ ਰਹੇ ਸਨ। ਇਨ੍ਹਾਂ ਨੂੰ ਆਉਂਦਿਆਂ ਦੇਖਕੇ ਬੜੇ ਪਿਆਰ ਨਾਲ ਉੱਠ ਕੇ ਖੜੋ ਗਏ। ਆਪ ਜੀ ਨੇ ਅੱਗੇ ਵਧਕੇ ਨਮਸ਼ਕਾਰ ਕਰਨੀ ਚਾਹੀ ਪਰ ਆਪਣਾ ਰੂਪ ਜਾਣਕੇ ਦੋਵੇਂ ਹੱਥ ਅੱਗੇ ਵਧਾਏ ਅਤੇ ਇਨ੍ਹਾਂ ਨੂੰ ਖਿੱਚਕੇ ਆਪਣੀ ਛਾਤੀ ਨਾਲ ਲਾ ਲਿਆ ਅਤੇ ਬੜੇ ਪਿਆਰ ਵਿੱਚ ਆ ਕੇ ਆਖਿਆ:

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥

(ਪੰਨਾ ੧੭)

ਫੇਰ ਮਸਤੂਆਣੇ ਵਾਲੇ ਸੰਤਾਂ ਨੇ ਆਖਿਆ, "ਆਪ ਸਾਡੇ ਨਾਲ ਹੀ ਪਲੰਘੇ ਤੇ ਬੈਠ ਜਾਵੋ।" ਆਪ ਜੀ ਨੇ ਉੱਤਰ ਦਿੱਤਾ:

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥

(ਪੰਨਾ ੧੦੮੮)

"ਮਹਾਰਾਜ! ਆਪ ਜੀ ਪਲੰਘੇ ਤੇ ਸ਼ੋਭਦੇ ਹੋ।" ਮਹਾਂਪੁਰਸ਼ਾਂ ਨੇ ਫੇਰ ਬਚਨ ਕੀਤਾ, "ਤੁਸੀਂ ਜੋ ਕੁਛ ਕਰਣਾ ਸੀ ਕਰ ਚੁੱਕੇ ਹੋ ਇਤਨੀ ਕਠਨ ਤਪੱਸਿਆ ਤੇ ਸਖ਼ਤ ਮੇਹਨਤ ਨਾ ਕਰਿਆ ਕਰੋ। ਸਹਿਜ ਅਵਸਥਾ ਵਿੱਚ ਹੀ ਰਹੋ।" ਤਾਂ ਆਪ ਜੀ ਨੇ ਉੱਤਰ ਦਿੱਤਾ, "ਅਸੀਂ ਮੇਹਨਤ ਕਰਨ ਵਾਲੇ ਹਲ ਵਾਹਕ ਗੁਰੂ ਕੇ ਸੇਵਾਦਾਰ ਹਾਂ। ਪਿਆਰੇ ਤੋਂ ਸੇਵਾ ਦੀ ਦਾਤ ਹੀ ਮੰਗ ਕੇ ਲਈ ਹੈ। ਆਪ ਜੈਸੇ ਮਹਾਂਪੁਰਸ਼ਾਂ ਦੀ ਅਸੀਸ ਨਾਲ ਇਹ ਸੇਵਾ ਵਿੱਚ ਹੀ ਨਿਭ ਜਾਵੇ, ਗੁਰੂ ਨਾਨਕ ਦੀ ਕ੍ਰਿਪਾ ਹੈ। ਜਿਤਨਾ ਅਨੰਦ ਗੁਰੂ ਕੀ ਸੇਵਾ ਵਿੱਚ ਆਉਂਦਾ ਹੈ ਉਤਨਾ ਬੈਠਿਆਂ ਨਹੀਂ।

ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥

(ਪੰਨਾ ੩੩੬)

ਜਿਤਨਾ ਵੀ ਏਸ ਸਰੀਰ ਤੋਂ ਕੰਮ ਲਿਆ ਜਾਵੇ ਉਤਨਾ ਹੀ ਚੰਗਾ ਹੈ।" ਉਸ ਸਮੇਂ ਆਪ ਵੀ ਸਾਥੀਆਂ ਸਮੇਤ ਜਿੱਥੇ ਹੋਰ ਸੰਗਤ ਸਰੋਵਰ ਦੀ ਸੇਵਾ ਕਰ ਰਹੀ ਸੀ, ਨਾਲ ਹੀ ਜੁਟ ਗਏ। ਸਿੰਘ ਤਾਂ ਭਾਵੇਂ ਮਸਤੂਆਣੇ ਵਾਲੇ ਜਥੇ ਦੇ ਵੀ

ਬੜੇ ਬਲੀ ਸਨ ਪਰ ਏਸ ਉਮਰ ਵਿੱਚ ਆਪ ਜੀ ਦੀ ਘਾਲਣਾ ਦੇਖਕੇ ਸਾਰੇ ਹੈਰਾਨ ਹੋ ਗਏ। ਸਭ ਤੋਂ ਵੱਡਾ ਟੋਕਰਾ ਚੁੱਕਣਾ, ਸਰੀਰ ਨੂੰ ਥਕਾਵਟ ਮਹਿਸੂਸ ਨਾ ਕਰਨੀ, ਸ਼ਾਮ ਤੱਕ ਸੰਗਤ ਨਾਲ ਮਿਲ ਕੇ ਸੇਵਾ ਕੀਤੀ। ਪ੍ਰਸ਼ਾਦ ਤਾਂ ਆਪ ਇੱਕੋ ਵਕਤ ਹੀ ਛਕਿਆ ਕਰਦੇ। ਫੇਰ ਰਾਤ ਦੇ ਸਮੇਂ ਬਾਹਰ ਸੂਏ ਦੇ ਕੰਢੇ ਜਾ ਬੈਠੇ। ਗਿਆਰਾਂ ਤੋਂ ਲੈ ਕੇ ਦੋ ਵਜੇ ਤੱਕ ਸਿਰਫ ਤਿੰਨ ਘੰਟੇ ਆਰਾਮ ਕੀਤਾ। ਉਸ ਤੋਂ ਬਾਅਦ ਇਸ਼ਨਾਨ ਕਰਕੇ ਉਸੇ ਜਗ੍ਹਾ ਆ ਸਜੇ। ਸਵੇਰੇ ਚਾਰ ਵਜੇ ਮਸਤੂਆਣੇ ਬੁੰਗੇ ਗੁਰੂ ਦਰਬਾਰ ਨੂੰ ਨਮਸ਼ਕਾਰ ਕਰਕੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ। ਮਸਤੂਆਣੇ ਵਾਲੇ ਸੰਤ ਜੀ ਗੁਰੂ ਮਹਾਰਾਜ ਦੇ ਤਾਬਿਆ ਸਜੇ ਸਨ, ਆਪ ਜੀ ਪਿਛਲੇ ਪਾਸੇ ਉਸੇ ਤਖ਼ਤਪੋਸ਼ ਦੇ ਨਾਲ ਸਿਰ ਜੋੜਕੇ ਸਮਾਧੀ ਵਿੱਚ ਇਸਥਿਤ ਹੋ ਗਏ। ਸੰਤ ਜੀ ਮਹਾਰਾਜ ਨੇ ਆਪ ਜੀ ਨੂੰ ਆਪਣੇ ਪਾਸ ਤਾਬਿਆ ਬੈਠਣ ਵਾਸਤੇ ਆਖਿਆ, ਪਰ ਆਪ ਜੀ ਨੇ ਨਿੰਮ੍ਰਤਾ ਨਾਲ ਬੇਨਤੀ ਕੀਤੀ, "ਮਹਾਰਾਜ! ਏਥੇ ਹੀ ਬੜੇ ਅਨੰਦ ਵਿੱਚ ਬੈਠੇ ਹਾਂ।" ਦੀਵਾਨ ਦੀ ਸਮਾਪਤੀ ਉਪਰੰਤ ਸੰਤ ਜੀ ਗੁਰੂ ਮਹਾਰਾਜ ਦੇ ਤਾਬਿਓਂ ਉੱਠਕੇ ਆਪ ਜੀ ਦੇ ਪਾਸ ਆ ਖੜ੍ਹੇ ਹੋਏ ਅਤੇ ਆਪ ਜੀ ਨੂੰ ਆਪਣੇ ਬਰਾਬਰ ਖੜਿਆਂ ਕਰਕੇ ਸਾਰੀ ਸੰਗਤ ਨੂੰ ਸੰਬੋਧਨ ਕਰਕੇ ਆਖਿਆ, "ਆਓ ਸੰਗਤ ਜੀ! ਤੁਹਾਨੂੰ ਪੂਰਨ ਬ੍ਰਹਮ ਗਿਆਨੀ, ਤਤ ਬੇਤੇ, ਪਰਮ ਹੰਸ, ਮਹਾਂ-ਪੁਰਸ਼ ਦੇ ਦੀਦਾਰ ਕਰਵਾਈਏ ਜਿਨ੍ਹਾਂ ਨੇ ਸਾਰੀ ਜ਼ਿੰਦਗੀ ਬਿਨਾਂ ਅਪੀਲ, ਬਿਨਾਂ ਉਗ੍ਰਾਹੀ ਕੀਤਿਆਂ ਕੇਵਲ ਹੱਥਾਂ ਦੀ ਮੇਹਨਤ ਨਾਲ ਹਲ ਵਾਹ ਕੇ ਗੁਰੂ ਕਾ ਲੰਗਰ ਚਲਾਇਆ ਹੈ। ਫੇਰ ਰਾਤ ਨੂੰ ਬੈਠਕੇ ਸਿਮਰਨ ਕਰਨਾ ਏਹੋ ਜੇਹੇ ਕੌਮ ਦੇ ਹੀਰੇ ਜਿਨ੍ਹਾਂ ਤੇ ਸਮੁੱਚੇ ਸਿੱਖ ਪੰਥ ਨੂੰ ਮਾਣ ਹੈ, ਬੜੇ ਦੁਰਲੱਭ ਹਨ।"

ਵੈਸਾਖੀ ਦੇ ਪੁਰਬ ਤੇ ਹਜ਼ਾਰਾਂ ਦੀ ਗਣਿਤੀ ਦਾ ਇਕੱਠ ਜੁੜਿਆ ਸੀ। ਸਾਰਿਆਂ ਨੇ ਦੋਹਾਂ ਵਿਅਕਤੀਆਂ ਦਾ ਦੀਦਾਰ ਕੀਤਾ। ਇਉਂ ਜਾਪਦਾ ਹੈ ਜਿਵੇਂ ਗਿਆਨ ਤੇ ਵੈਰਾਗ ਨੇ ਪ੍ਰਤੱਖ ਸਰੂਪ ਧਾਰਨ ਕੀਤੇ ਹੋਏ ਹਨ ਜਾਂ ਗੰਗਾ ਤੇ ਜਮੁਨਾ ਦੋ ਪਵਿੱਤ੍ਰ ਨਦੀਆਂ ਦਾ ਮਿਲਾਪ ਹੋਇਆ ਹੈ ਏਹੋ ਹੀ ਅਸਲੀ ਪ੍ਰਯਾਗ ਰਾਜ ਦਾ ਕੁੰਭ ਹੈ। ਗੋਸਾਈਂ ਤੁਲਸੀ ਦਾਸ ਜੀ ਸਾਧੂ ਦੀ ਸੰਗਤ ਨੂੰ ਹੀ ਪ੍ਰਾਗਰਾਜ ਕਥਨ ਕਰਦੇ ਹਨ।

*ਮੁਦ ਮੰਗਲ ਮਯ ਸੰਤ ਸਮਾਜੂ। ਜੋ ਜਗ ਜੰਗਮ ਤੀਰਥ ਰਾਜੂ।*
*ਰਾਮ ਭਗਤ ਜਹਿ ਸੁਰਸਰਿ ਧਾਰਾ। ਸਰੁਸਤੀ ਬ੍ਰਹਮ ਵਿਚਾਰ ਪ੍ਰਚਾਰਾ।*
*ਬਿਧ ਨਿਖੇਧ ਮਯ ਕਲਮਲ ਹਰਨੀ। ਕਰਮ ਕਥਾ ਰਵਿ ਨੰਦਨਿ ਬਰਨੀ।*

*(ਤੁਲਸੀ ਰਮਾਇਣ)*

ਜਿਵੇਂ ਪ੍ਰਾਗਰਾਜ ਵਿੱਚ ਗੰਗਾ ਜਮੁਨਾ ਸਰੁਸਤੀ ਤਿੰਨੇ ਨਦੀਆਂ ਦਾ ਮਿਲਾਪ ਹੈ ਇਸੇ ਤਰ੍ਹਾਂ ਸਾਧ ਸੰਗਤ ਰੂਪ ਪ੍ਰਯਾਗਰਾਜ ਵਿੱਚ ਭਗਤੀ ਰੂਪੀ ਗੰਗਾ, ਕਰਮਾਂ ਦਾ ਬਿਧ ਨਿਖੇਧ ਰੂਪ ਜਮੁਨਾ ਅਤੇ ਬ੍ਰਹਮ ਵਿੱਦਿਆ ਰੂਪ ਸਰੁਸਤੀ ਦਾ ਪ੍ਰਵਾਹ ਚਲਦਾ ਹੈ।

*"ਲਹੇ ਅਛਤ ਤਨ ਚਤਰ ਫਲ ਸਾਧ ਸਮਾਜ ਪ੍ਰਾਗ।"*

ਪਰ ਸਤਿਗੁਰਾਂ ਦਾ ਮਹਾਂ ਵਾਕ ਹੈ:

ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥

(ਪੰਨਾ ੩੨੨)

ਕਲਜੁਗ ਦੇ ਤਾਰਕ ਨਿਤ ਅਵਤਾਰ ਏਹੋ ਜੇਹੇ ਮਹਾਂ-ਪੁਰਸ਼ਾਂ ਦੇ ਭਾਗਾਂ ਵਾਲਿਆਂ ਨੂੰ ਹੀ ਦਰਸ਼ਨ ਹੁੰਦੇ ਹਨ ਤਦੇ ਹੀ ਮੁਖੀ ਤੀਰਥਾਂ ਤੇ ਕੁੰਭ ਦੇ ਮੇਲੇ ਲਗਦੇ ਹਨ ਕਿ ਕਿਸੇ ਬਖ਼ਸ਼ੀ ਰੂਹ ਦੇ ਦਰਸ਼ਨ ਹੋ ਜਾਣ।

*ਉਠ ਫਰੀਦਾ ਗਵਨ ਕਰ ਦੁਨੀਆਂ ਦੇਖਣ ਜਾ।*
*ਕੋਈ ਮਿਲਜੇ ਰਬ ਦਾ ਬਖਸ਼ਿਆ ਤੂ ਵੀ ਬਖਸ਼ਿਆ ਜਾ।*

ਭਗਤ ਕਬੀਰ ਜੀ ਨੇ ਕੁੰਭ ਦੇ ਮੇਲੇ ਤੇ ਗਿਆਂ ਸਾਈਂ ਦੇ ਪਿਆਰੇ ਤੋਂ ਬਿਨਾਂ ਸਾਰਾ ਸੰਸਾਰ ਉਜਾੜ ਕਥਨ ਕੀਤਾ ਹੈ:

ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ ॥
ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥੧੪॥

(ਪੰਨਾ ੧੩੬੫)

ਹੋਰਨਾਂ ਵੈਸਾਖੀਆਂ ਨਾਲੋਂ ਐਤਕੀਂ ਦੀ ਵਿਸਾਖੀ ਬੜੀ ਮਹੱਤਤਾ ਤੇ ਰੌਣਕ ਵਾਲੀ ਸੀ ਕਿਉਂਕਿ ਏਹੋ ਜਿਹੇ ਪੂਰਨ:

ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥

(ਪੰਨਾ ੩੯੨)

ਸੰਤਾਂ ਦੇ ਦਰਸ਼ਨ ਹੋਣੇ ਕਿਤਨੇ ਦੁਰਲੱਭ ਹਨ। ਫੇਰ ਸੰਤ ਜੀ ਮਹਾਰਾਜ ਨੇ ਗੁਰੂ ਕੇ ਲੰਗਰੋਂ ਜਲ-ਪਾਣੀ ਛਕਿਆ ਅਤੇ ਤਖ਼ਤ ਸਾਹਿਬ ਦੇ ਦਰਸ਼ਨਾਂ ਨੂੰ ਚਲੇ ਗਏ। ਪੱਚੀ ਰੁਪੈ ਗੁਰੂ ਕੀ ਗੋਲਕ ਦੀ ਭੇਟਾ ਅਰਪਕੇ ਗੁਰੂ ਦਰਬਾਰ ਨੂੰ ਨਮਸ਼ਕਾਰ ਕੀਤੀ। ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਨੇ ਆਪ ਜੀ ਨੂੰ ਉਸ ਮੋਹਰ ਦੇ ਦਰਸ਼ਨ ਕਰਵਾਏ ਜੋ ਕਿ ਕਲਗੀਆਂ ਵਾਲੇ ਪਾਤਸ਼ਾਹ ਦੇ ਸਮੇਂ ਹੁਕਮਨਾਮਿਆਂ ਤੇ ਲਾਈ ਜਾਂਦੀ ਸੀ ਅਤੇ ਜਿਸ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਲਿਖਿਆ ਹੋਇਆ ਹੈ। ਫੇਰ ਹਜ਼ੂਰ ਦੇ ਜੋ ਨਾਲ ਸਿੰਘ ਸਨ ਉਨ੍ਹਾਂ ਨੇ ਇੱਕ ਸਵੈਯਾ ਛੇਵੇਂ ਪਾਤਸ਼ਾਹ ਜੀ ਦੇ ਗੁਰ-ਬਿਲਾਸ ਚੋਂ ਲਿਖਿਆ ਹੋਇਆ ਪੜ੍ਹਿਆ:

*ਸੁਣਕੇ ਹਮ ਤਾਹਿ ਕੇ ਬੈਨਨ ਕੋ ਦਮਦਮਾ ਸੋ ਮਲਾਵੇ ਬੀਚ ਸਧਾਰੋ।*
*ਢਿਗ ਤਾਂਹਿ ਤਲਵੰਡੀ ਕੇ ਕਾਂਸ਼ੀ ਰਚੋਂ ਜਹਾਂ ਬੈਲ ਪੜੇ ਹੋਇ ਬੁੱਧ ਉਦਾਰੋਂ।*
*ਗ੍ਰੰਥ ਉਚਾਰ ਕਰੋਂ ਤਹਿ ਬੈਠ ਕੇ ਬੀੜ ਸੋਊ ਜਗ ਮਾਹਿ ਬਿਥਾਰੋਂ।*
*ਅੱਖਰ ਏਕ ਕਾ ਭੇਦ ਰਹੇ ਨਹਿ ਦਾਸ ਗੁਰੂ ਸਮਰਥ ਉਚਾਰੋਂ।*

ਉਸ ਸਮੇਂ ਸਾਥੀ ਪ੍ਰੇਮੀਆਂ ਨੇ ਸੰਤ ਜੀ ਮਹਾਰਾਜ ਪਾਸ ਅਰਜ਼ ਕੀਤੀ ਕਿ ਗ਼ਰੀਬ ਨਿਵਾਜ਼! ਆਪ ਕਿਰਪਾ ਕਰਕੇ ਸਾਨੂੰ ਇਸ ਦਾ ਮਤਲਬ ਸਮਝਾ ਦਿਓ। ਉਸ ਸਮੇਂ ਸੰਤਾਂ ਨੇ ਗ੍ਰੰਥੀ ਸਿੰਘ ਨੂੰ ਏਥੋਂ ਦਾ ਸਾਰਾ ਇਤਿਹਾਸ ਸੁਣਾਉਣ ਵਾਸਤੇ ਆਖਿਆ। ਉਸ ਨੇ ਅਰਜ਼ ਕੀਤੀ ਮਹਾਰਾਜ! ਏਸ ਸਵੱਈਏ ਵਿੱਚ ਛੇਵੇਂ ਪਾਤਸ਼ਾਹ ਜੀ ਨੇ ਭਵਿਖਤ ਵਾਕ ਕਥਨ ਕੀਤੇ ਹਨ ਕਿ ਅਸੀਂ ਦਸਵੇਂ ਸਰੂਪ ਵਿੱਚ ਫੇਰ ਮਾਲਵੇ ਦੀ ਧਰਤੀ ਨੂੰ ਭਾਗ ਲਾ ਕੇ ਸਾਬੋ ਕੀ ਤਲਵੰਡੀ ਨੂੰ ਗੁਰੂ ਕੀ ਕਾਂਸ਼ੀ ਹੋਣ ਦਾ ਮਾਣ ਬਖ਼ਸ਼ਾਂਗੇ।

# ਸਾਬੋ ਕੀ ਤਲਵੰਡੀ

ਬਾਬਾ ਬਿਸ਼ਨ ਸਿੰਘ ਬੋਲਿਆ, ਇਸ ਦਾ ਨਾਮ ਸਾਬੋ ਕੀ ਤਲਵੰਡੀ ਕਿਵੇਂ ਪਿਆ? ਭਾਈ ਸਾਹਿਬ ਨੇ ਆਖਿਆ ਕਿ ਮੈਂ ਤਾਂ ਬਜ਼ੁਰਗਾਂ ਤੋਂ ਇਸ ਤਰ੍ਹਾਂ ਸੁਣਿਆ ਹੈ ਕਿ ਪਹਿਲਾਂ ਇਹ ਸਾਰਾ ਇਲਾਕਾ ਲੱਖੀ ਜੰਗਲ ਦਾ ਸੀ ਅਤੇ ਦਿੱਲੀ ਦੇ ਬਾਦਸ਼ਾਹ ਸਮਸ਼ਉਦੀਨ ਦੇ ਸਮੇਂ ਹਿੰਦੂ ਗੁੱਜਰਾਂ ਦੇ ਕਬਜ਼ੇ ਵਿੱਚ ਸੀ। ਉਸ ਸਮੇਂ ਇਨ੍ਹਾਂ ਗੁੱਜਰਾਂ ਦੀ ਚੌਧਰ ਹੇਠ ੪੮ ਪਿੰਡ ਸਨ ਜੋ ਉਨ੍ਹਾਂ ਨੇ ਬਹਾਦਰੀ ਕਰਕੇ ਬਾਦਸ਼ਾਹ ਤੋਂ ਪ੍ਰਾਪਤ ਕੀਤੇ ਸਨ। ਉਨ੍ਹਾਂ ਗੁੱਜਰ ਚੌਧਰੀਆਂ ਦੇ ਪੁੱਤਰ ਨਾ ਹੋਣ ਕਰਕੇ ਉਨ੍ਹਾਂ ਦੀ ਲੜਕੀ ਸਾਹਬੋ ਜਾਂ ਸਾਬੋ ਇਸ ਇਲਾਕੇ ਦੀ ਚੌਧਰਾਣੀ ਬਣੀ ਜਿਸ ਨੇ ਆਪਣੀ ਰਾਜਧਾਨੀ ਤਲਵੰਡੀ ਕਾਇਮ ਕੀਤੀ। ਇਸੇ ਕਰਕੇ ਇਸ ਦਾ ਨਾਂ ਸਾਬੋ ਕੀ ਤਲਵੰਡੀ ਹੋ ਗਿਆ। ਏਥੇ ਗੁੱਜਰਾਂ ਤੇ ਬਰਾੜਾਂ ਦੇ ਆਮ ਜੰਗ ਹੁੰਦੇ ਰਹਿੰਦੇ। ਬਰਾੜਾਂ ਨੇ ਇਸ ਨੂੰ ਜੰਗ ਵਿੱਚ ਜਿੱਤਕੇ ਗੁੱਜਰਾਂ ਨੂੰ ਬਾਹਰ ਕੱਢ ਦਿੱਤਾ ਤੇ ਆਪਣਾ ਕਬਜ਼ਾ ਕਰ ਲਿਆ। ਦਸਮ ਪਾਤਸ਼ਾਹ ਦੇ ਸਮੇਂ ਇਸ ਦਾ ਮਾਲਕ ਸਲੇਮ ਸ਼ਾਹ ਦਾ ਪੁੱਤਰ ਡੱਲਾ ਬਰਾੜ ਸੀ, ਜਦੋਂ ਉਸ ਦੇ ਪਾਸ ਕਲਗੀਆਂ ਵਾਲੇ ਪਾਤਸ਼ਾਹ ਜੀ ਪੁੱਜੇ ਤਾਂ ਇਸ ਨੇ ਬੜਾ ਪ੍ਰੇਮ ਕੀਤਾ। ਸਤਿਗੁਰਾਂ ਨੇ ਏਸ ਥਾਂ ਪੌਣਾਂ ਸਾਲ ਠਹਿਰ ਕੇ ਗੁਰਬਾਣੀ ਦੀ ਕਥਾ ਸੁਣਾਈ।

ਇਹ ਗੁਰੂ ਕੀ ਕਾਂਸ਼ੀ 'ਮਨੀ ਕਰਨਕਾ' ਹੈ, ਏਥੇ ਮਾਰਕੰਡੇ ਨੇ ਤਪ ਕੀਤਾ ਹੈ, ਏਥੋਂ ਦੇ ਗੁਰੂ ਸਰ ਸਰੋਵਰ ਦਾ ਜਲ ਅੰਮ੍ਰਿਤ ਦੇ ਤੁਲ ਹੈ। ਅੰਮ੍ਰਿਤ ਦੇ ਕੜਾਹੇ ਬਣਾ ਕੇ ਵਿੱਚ ਪਾਏ, ਝਾੜਾਂ ਤੇ ਅੰਮ੍ਰਿਤ ਛਿੜਕਿਆ ਤੇ ਕਿਹਾ ਕਿ ਇੱਥੇ ਝਾੜ-ਝਾੜ ਖਾਲਸਾ ਗੱਜੇਗਾ ਤੇ ਇਸ ਨੂੰ ਚੌਥੇ ਤਖ਼ਤ ਦਾ ਮਾਨ ਬਖ਼ਸ਼ਿਆ, ਪੰਜਵਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਹੈ ਅਤੇ ਵਰ ਦਿੱਤੇ, ਮਾਲਵੇ ਵਿੱਚ ਵਿੱਦਿਆ ਦੀ ਟਕਸਾਲ ਜਾਰੀ ਕੀਤੀ। ਸਤਿਗੁਰੂ ਕਲਗੀਧਰ ਜੀ ਦੇ ਵਰਾਂ ਦਾ ਸਦਕਾ ਮਾਲਵੇ ਦੀ ਧਰਤੀ ਵਿਖੇ ਉੱਚ ਪਾਏ ਦੇ ਵਿਦਵਾਨ ਹੋਏ। ਸਭ ਤੋਂ ਪਹਿਲਾਂ ਦਸ਼ਮੇਸ਼ ਜੀ ਤੋਂ ਅੰਮ੍ਰਿਤ-ਪਾਨ ਕਰਨ ਵਾਲੇ ਬਾਬਾ ਦੀਪ ਸਿੰਘ ਜੀ ਸ਼ਹੀਦ ਜਿਨ੍ਹਾਂ ਨੇ ਕਾਫ਼ੀ ਸਮਾ ਏਥੇ ਰਹਾਇਸ਼ ਰੱਖਕੇ ਵਿੱਦਿਆ ਪੜ੍ਹਾਉਣ ਦੀ ਟਕਸਾਲ ਜਾਰੀ ਰਖੀ ਅਤੇ ਆਪਣੇ ਹੱਥੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲਿਖਕੇ ਸਾਰੇ ਤਖ਼ਤਾਂ ਤੇ ਭੇਜੀਆਂ। ਸਮੇਂ-ਸਮੇਂ ਅਨੁਸਾਰ ਏਥੇ ਹੋਰ ਵੀ ਵਿਦਵਾਨ ਟਿਕੇ ਰਹੇ।

## ਸ਼ੁਧ ਪਾਠ ਕਰਨ ਦਾ ਹੀ ਪੁੰਨ ਹੈ

ਬਿਸ਼ਨ ਸਿੰਘ ਨੇ ਫੇਰ ਆਖਿਆ ਇਹ ਪ੍ਰਸੰਗ ਵੀ ਸਾਰਾ ਖੋਲ੍ਹ ਕੇ ਸੁਣਾ ਦੇਵੋ ਤਾਂ ਗ੍ਰੰਥੀ ਸਿੰਘ ਨੇ ਅਰਜ਼ ਕੀਤੀ ਕਿ ਜਦੋਂ ਕਲਗੀਆਂ ਵਾਲੇ ਪਾਤਸ਼ਾਹ ਜੀ ਅੰਨਦਪੁਰ ਦੀ ਪਾਵਨ ਧਰਤੀ ਨੂੰ ਭਾਗ ਲਾ ਰਹੇ ਸਨ ਤਾਂ ਇੱਕ ਦਿਨ ਸਵੇਰ ਦੇ ਟਾਈਮ ਕਿਸੇ ਸਿੰਘ ਨੇ ਦੱਖਣੀ ਓਅੰਕਾਰ ਬਾਣੀ ਦਾ ਪਾਠ ਕਰਦਿਆਂ ਇਹ ਤੁਕ ਪੜ੍ਹੀ:

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥

(ਪੰਨਾ ੯੩੦)

ਪਾਠ ਹੈ "ਕੈ ਜਾਣੈ ਗੁਰੁ ਸੂਰਾ" ਪਰ ਸਿੰਘ ਨੇ 'ਕੇ ਜਾਣੈ ਗੁਰੁ ਸੂਰਾ' ਸਤਿਗੁਰਾਂ ਨੇ ਉਸ ਨੂੰ ਆਵਾਜ਼ ਦਿਤੀ, "ਸਿੰਘਾਂ! ਖ਼ਿਆਲ ਨਾਲ ਬਾਣੀ ਪੜ੍ਹ ਪਰ ਉਸ ਨੇ ਫੇਰ ਵੀ ਉਸੇ ਤਰ੍ਹਾਂ ਹੀ ਪਾਠ ਕੀਤਾ। ਤਾਂ ਹਜ਼ੂਰ ਨੇ ਇੱਕ ਹੋਰ ਪ੍ਰੇਮੀ ਨੂੰ ਭੇਜਿਆ ਕਿ ਤੂੰ ਜਾ ਕੇ ਇਸ ਨੂੰ ਰੋਕ, ਬਾਣੀ ਗ਼ਲਤ ਪੜ੍ਹਦਾ ਹੈ। ਉਸ ਪ੍ਰੇਮੀ ਨੇ ਜਾ ਕੇ ਉਸ ਦੇ ਪੰਜ-ਚਾਰ ਜੜ ਦਿਤੀਆਂ। ਬਾਣੀ ਪੜ੍ਹਨ ਵਾਲਾ ਸਿੰਘ ਰੋਂਦਾ-ਰੋਂਦਾ ਸਤਿਗੁਰਾਂ ਪਾਸ ਆਇਆ ਕਿ ਮਹਾਰਾਜ! ਇਸ ਨੇ ਮੈਨੂੰ ਪਾਠ ਕਰਦੇ ਨੂੰ ਮਾਰਿਆ ਹੈ। ਤੁਹਾਡੀ ਬਾਣੀ ਤਾਂ ਜਮਾਂ ਤੋਂ ਛੁਡਾਉਂਦੀ ਹੈ ਪਰ ਮੈਨੂੰ ਤਾਂ ਬਾਣੀ ਪੜ੍ਹਦਿਆਂ ਏਥੇ ਹੀ ਚਪੇੜਾਂ ਪੈਂਦੀਆਂ ਹਨ ਅੱਗੇ ਖਬਰੇ ਕੀ ਹਾਲ ਹੋਊ? ਸਤਿਗੁਰਾਂ ਨੇ ਉੱਤਰ ਦਿਤਾ ਕਿ ਸਿੰਘਾ! ਸ਼ੁੱਧ ਬਾਣੀ ਪੜ੍ਹਨ ਵਾਲੇ ਨੂੰ ਹੀ ਪੁੰਨ ਮਿਲਦਾ ਹੈ। ਸੱਤਵੇਂ ਪਾਤਸ਼ਾਹ ਜੀ ਨੇ ਵੀ ਏਹੋ ਹੀ ਸੰਗਤ ਪ੍ਰਤੀ ਉਪਦੇਸ਼ ਕੀਤਾ ਹੈ:

*ਸੁਨ ਕਰਿ ਸ੍ਰੀ ਹਰਿਰਾਇ ਉਚਾਰੇਂ।*
*ਸੁਨਹੁ ਸਿਖ ਤੁਮ ਹੋ ਮਮ ਪਿਆਰੇ ॥੧੨॥*
*ਗੁਰ ਅਨਭੈ ਵਿਚ ਬਾਨੀ ਰੂਪ।*
*ਯਾ ਕੀ ਮਹਿਮਾ ਅਮਿਤ ਅਨੂਪ।*
*ਭਵ ਸਾਗਰ ਅਗਨੀ ਕਹੁ ਤਰਨੀ।*
*ਸਤਿਗੁਰ ਸਿਖਨਿ ਕੋ ਸੁਖ ਕਰਨੀ ॥੧੩॥...*
*ਜੋ ਸਿਖ ਗੁਰਬਾਣੀ ਭੈ ਕਰੈ।*
*ਬਿਨ ਪ੍ਰਯਾਸ ਭਵ ਸਾਗਰ ਤਰੈ।...*
*ਜੋ ਸਿਖ ਹੈ ਗੁਰ ਸਬਦ ਕਮਾਵੈ।*
*ਸਬਦ ਕਮਾਇ ਪਰਮਪਦ ਪਾਵੈ।*
*ਭਗਤ ਪ੍ਰਤੀਤ ਨਹੀ ਜਿਸੁ ਤਨ ਮੈ।*
*ਤਿਹ ਗੁਰਬਾਨੀ ਭੈ ਨਹਿ ਮਨ ਮੈ ॥੧੭॥*
*ਬਿਨ ਭੈ ਭਗਤਿ ਨ ਪ੍ਰਾਪਤਿ ਹੋਇ।*
*ਭਗਤਿ ਬਿਨਾ ਨ ਗਯਾਨ ਅਵਿਲੋਇ।*
*ਗਯਾਨ ਬਿਨਾ ਮੁਕਤੀ ਕਿਮ ਪਾਇ।*
*ਮੁਕਤਿ ਬਿਨਾ ਨ ਅਨੰਦ ਸਮਾਇ ॥੧੯॥...*
*ਜੋ ਗੁਰ ਭਗਤ ਸੁ ਸਿਖ ਹੈ ਮੇਰਾ।*
*ਗੁਰਬਾਨੀ ਭੈ ਤਿਸੇ ਘਨੇਰਾ।*
*ਜਿਨ ਭੈ ਅਦਬ ਨ ਬਾਨੀ ਧਾਰਾ।*
*ਜਾਨਹੁ ਸੋ ਸਿਖ ਨਹੀਂ ਹਮਾਰਾ ॥੨੦॥...*
*ਗੁਰ ਉਪਦੇਸ਼ ਜਾਹਿ ਮਨ ਲਾਗਾ।*
*ਕੋਟਿ ਜਨਮ ਕੋ ਸੋਵਤਿ ਜਾਗਾ ॥੨੪॥*
*ਮਨ ਜਾਗੇ ਕੀ ਇਹੀ ਨਿਸ਼ਾਨੀ।*
*ਪ੍ਰਿਯ ਲਾਗਹਿ ਉਰ ਸਤਿਗੁਰ ਬਾਨੀ।* *(ਗੁਰ ਪ੍ਰਤਾਪ ਸੂਰਜ ਰਾਸਿ ੧੦ ਅੰਸੂ ੨੧)*

ਸੋ ਪ੍ਰੇਮੀਓ! ਸ਼ੁੱਧ ਪਾਠ ਕਰਨ ਦਾ ਬੜਾ ਮਹਾਤਮ ਹੈ। ਛੇਵੇਂ ਪਾਤਸ਼ਾਹ ਜੀ ਸ਼ੁੱਧ ਜਪੁਜੀ ਸਾਹਿਬ ਦਾ ਪਾਠ ਸੁਣ ਕੇ ਗੁਰਤਾ ਗੱਦੀ ਬਖ਼ਸ਼ਣ ਲਈ ਤਿਆਰ ਹੋ ਗਏ ਪਰ ਭਾਈ ਗੋਪਾਲੇ ਸਿੱਖ ਦੀ ਭਾਵਨਾ ਅਨੁਸਾਰ ਉਸ ਨੂੰ ਸਵਾ ਲੱਖ ਦੀ ਕੀਮਤ ਦਾ ਘੋੜਾ ਦੇ ਕੇ ਜਨਮ ਮਰਨ ਕੱਟ ਦਿਤਾ। ਤੈਂ ਪੜ੍ਹਿਆ ਸੀ 'ਕੇ ਜਾਣੈ ਗੁਰ ਸੂਰਾ' ਸੂਰਮਾ ਗੁਰੂ ਕੀ ਜਾਣਦਾ ਹੈ ਪਰ ਪਾਠ ਹੈ:

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥

(ਪੰਨਾ ੯੩੦)

ਕਰਤੇ (ਅਕਾਲ ਪੁਰਖ) ਦੀ ਮਿਤ (ਮਰਯਾਦਾ) ਨੂੰ ਉਹ ਆਪ ਹੀ ਜਾਣਦਾ ਹੈ (ਕੈ) ਅਥਵਾ ਉਸ ਦਾ ਸਰੂਪ (ਸੂਰਮਾ) ਗੁਰੂ ਵੀ ਜਾਣ ਸਕਦਾ ਹੈ ਹੋਰ ਕੋਈ ਨਹੀਂ।

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥

(ਪੰਨਾ ੫੩)

ਤਥਾ:

ਕਬੀਰ ਸਾਰੀ ਸਿਰਜਨਹਾਰ ਕੀ ਜਾਨੈ ਨਾਹੀ ਕੋਇ ॥
ਕੈ ਜਾਨੈ ਆਪਨ ਧਨੀ ਕੈ ਦਾਸੁ ਦੀਵਾਨੀ ਹੋਇ ॥੧੭੬॥

(ਪੰਨਾ ੧੩੭੩)

ਸਿੱਖ ਨੇ ਅਰਜ਼ ਕੀਤੀ, ਮਹਾਰਾਜ! ਆਪ ਕ੍ਰਿਪਾ ਕਰਕੇ ਸੰਪੂਰਨ ਗੁਰਬਾਣੀ ਦੇ ਅਰਥ ਸੁਣਾਉ ਤਾਂ ਫੇਰ ਪਾਠ ਸ਼ੁੱਧ ਹੋ ਸਕੇਗਾ। ਸਤਿਗੁਰਾਂ ਨੇ ਬਚਨ ਕੀਤਾ ਹੁਣ ਤਾਂ ਜੰਗਾਂ ਯੁੱਧਾਂ ਦਾ ਸਮਾਂ ਹੈ ਕਿਸੇ ਵੇਹਲੇ ਵਕਤ ਤੁਹਾਨੂੰ ਅਰਥ ਸੁਣਾਵਾਂਗੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ

ਜਦੋਂ ਹਜ਼ੂਰ ਨੇ ਮਾਲਵੇ ਦੇਸ਼ ਨੂੰ ਭਾਗ ਲਾਏ ਏਥੇ ਸਾਬੋ ਕੀ ਤਲਵੰਡੀ ਪੁੱਜੇ ਅਤੇ ਏਥੋਂ ਦੇ ਸਰਦਾਰ ਡੱਲ ਸਿੰਘ ਦੀ ਬੇਨਤੀ ਸੁਣਕੇ ਕੁਛ ਸਮਾਂ ਠਹਿਰਣ ਦਾ ਬਚਨ ਦਿੱਤਾ ਤਾਂ ਫੇਰ ਸਿੰਘਾਂ ਨੇ ਅਰਜ਼ ਕੀਤੀ, ਮਹਾਰਾਜ ਹੁਣ ਕ੍ਰਿਪਾ ਕਰੋ ਅਤੇ ਸਾਨੂੰ ਗੁਰਬਾਣੀ ਦੇ ਅਰਥ ਸੁਣਾਉ। ਉਸ ਸਮੇਂ ਸਤਿਗੁਰਾਂ ਨੇ ਕਿਹਾ ਕਿ ਪੰਚਮ ਪਾਤਸ਼ਾਹ ਜੀ ਦੇ ਪਾਵਨ ਹੱਥਾਂ ਦੀ ਨਿਸ਼ਾਨੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਜੋ ਭਾਈ ਗੁਰਦਾਸ ਜੀ ਨੇ ਲਿਖੀ ਹੈ ਉਹ ਧੀਰ ਮੱਲ ਦੇ ਪਾਸ ਹੈ ਕੋਈ ਸਿੱਖ ਜਾ ਕੇ ਲੈ ਆਵੇ। ਸਤਿਗੁਰਾਂ ਦਾ ਹੁਕਮ ਮੰਨਕੇ ਪੰਜ ਸਿੱਖ ਦੁਆਬੇ ਵਿੱਚ ਕਰਤਾਰਪੁਰ ਸਾਹਿਬ ਗਏ। ਧੀਰ ਮੱਲ ਜੀ ਪਾਸ ਬੇਨਤੀ ਕੀਤੀ ਉਸਨੇ ਉੱਤਰ ਦਿੱਤਾ ਕਿ ਕਲਗੀਆਂ ਵਾਲੇ ਪਾਤਸ਼ਾਹ ਜੀ ਉਸੇ ਗੱਦੀ ਦੇ ਮਾਲਕ ਗੁਰੂ ਨਾਨਕ ਦਾ ਦਸਵਾਂ ਸਰੂਪ ਹਨ ਉਹ ਹੋਰ ਨਵੀਂ ਬਾਣੀ ਕਿਉਂ ਨਹੀਂ ਉਚਾਰਨ ਕਰ ਲੈਂਦੇ।

ਯਥਾ:

*ਆਪ ਨਈਓ ਨਈਓ ਪੰਥ ਚਲਾਵਤ।*
*ਕਿਉਂ ਨਹਿ ਅਪਨੋ ਗ੍ਰੰਥ ਬਨਾਵਤ।*

ਕਿਉਂਕਿ ਉਸਦੇ ਮਨ ਦਾ ਖਿਆਲ ਸੀ ਕਿ ਜੇਕਰ ਇੱਕ ਵਾਰੀ ਵੀ ਉਨ੍ਹਾਂ ਪਾਸ ਇਹ ਵੱਡੇ ਸਤਿਗੁਰਾਂ ਦੇ ਪਾਵਨ ਹੱਥਾਂ ਦੀ ਨਿਸ਼ਾਨੀ ਚਲੀ ਗਈ (ਜਿਸਦੇ ਪਾਸ ਹੋਣ ਕਰਕੇ ਬਹੁਤ ਸਾਰੇ ਪ੍ਰੇਮੀ ਮੈਨੂੰ ਗੁਰੂ ਮੰਨਦੇ ਹਨ) ਉਹ ਫੇਰ ਉਨ੍ਹਾਂ ਨੇ ਮੋੜਕੇ ਨਹੀਂ ਦੇਣੀ। ਸਿੰਘਾਂ ਨੇ ਵਾਪਸ ਆ ਕੇ ਸਤਿਗੁਰਾਂ ਪਾਸ ਅਰਜ਼ ਕੀਤੀ ਕਿ ਮਹਾਰਾਜ! ਉਹ ਤਾਂ ਦੇਣ ਤੋਂ ਇਨਕਾਰ ਕਰਦੇ ਹਨ ਤਾਂ ਉਸ ਸਮੇਂ ਗ਼ਰੀਬ ਨਿਵਾਜ਼ ਸਤਿਗੁਰਾਂ ਨੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ *'ਇਕ ਓਅੰਕਾਰ ਤੋਂ ਲੈ ਕੇ ਅਠਾਰਹ ਦਸ ਬੀਸ'* ਤੱਕ ਆਪਣੇ ਕੰਠੋਂ ਅਨੁਭਵ ਦੁਆਰਾ ਸੰਪੂਰਨ ਗੁਰਬਾਣੀ ਉਚਾਰਨ ਕਰਕੇ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਵਿੱਚ ਦਰਜ ਕੀਤੀ।

ਫੇਰ ਉਸੇ ਦਮਦਮੀ ਸਰੂਪ ਨੂੰ ਹੀ ੧੭੬੫ ਬਿਕ੍ਰਮੀ ਕਤਕ ਸੁਦੀ ਦੂਜ ਨੂੰ ਸ੍ਰੀ ਹਜ਼ੂਰ ਸਾਹਿਬ ਗੁਰਤਾ ਗੱਦੀ ਤੇ ਜੁਗੋ-ਜੁਗ ਅਟੱਲ ਅਸਥਾਪਨ ਕੀਤਾ ਅਤੇ ਏਥੇ ਹੀ ਨਿਤਾ ਪ੍ਰਤੀ ਸ਼ਾਮ ਦੇ ਦੀਵਾਨ ਵਿੱਚ ਆਪ ਗੁਰਬਾਣੀ ਦੀ ਕਥਾ ਕਰਦੇ ਜਿਸਨੂੰ ਸਰਵਣ ਕਰਕੇ ੪੮ ਸਿੰਘ ਸਰੀਰ ਦੇ ਹੁੰਦਿਆਂ ਹੀ ਵਿਦੇਹ ਮੋਖਸ਼ ਨੂੰ ਪ੍ਰਾਪਤ ਹੋ ਗਏ। ਪਰ ਭਾਈ ਮਨੀ ਸਿੰਘ ਜੀ ਸ਼ਹੀਦ ਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਨੂੰ ਗੁਰਬਾਣੀ ਦੇ ਅਰਥ ਪੜ੍ਹਾਉਣ ਦੀ ਸੇਵਾ ਬਖ਼ਸ਼ ਕੇ ਜੀਵਨ ਮੁਕਤੀ ਦਾ ਅੰਨਦ ਦਿੱਤਾ ਅਤੇ ਹੁਕਮ ਕੀਤਾ ਕਿ ਤੁਸੀਂ ਅੱਗੇ ਇਸ ਗੁਰਬਾਣੀ ਦਾ ਪ੍ਰਚਾਰ ਕਰੋ ਤੇ ਸਿੱਖ ਸੰਗਤਾਂ ਪ੍ਰਤੀ ਕਥਾ ਸੁਣਾਉ।

ਹਜ਼ੂਰ ਦੇ ਹੁਕਮ ਅਨੁਸਾਰ ਭਾਈ ਮਨੀ ਸਿੰਘ ਜੀ ਸ੍ਰੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਬਣਕੇ ਉਸ ਜਗ੍ਹਾ ਕਥਾ ਕਰਦੇ ਰਹੇ ਜੋ ਅੱਜ ਤੱਕ ਉਹੀ ਮਰਯਾਦਾ ਤੇ ਟਕਸਾਲ ਕਾਇਮ ਹੈ। ਬਾਬਾ ਦੀਪ ਸਿੰਘ ਜੀ ਨੂੰ ਦਮਦਮੇਂ ਸਾਹਿਬ ਟਿਕਕੇ ਗੁਰਬਾਣੀ ਪੜ੍ਹਾਉਣ ਦਾ ਹੁਕਮ ਕੀਤਾ। ਇਨ੍ਹਾਂ ਨੇ ਆਪਣੇ ਹੱਥੀਂ ਗੁਰਬਾਣੀ ਦੀਆਂ ਬੀੜਾਂ ਲਿਖਕੇ ਪੰਜਾਂ ਤਖ਼ਤਾਂ ਤੇ ਅਸਥਾਪਨ ਕੀਤੀਆਂ। ਆਪ ਏਸ ਦਮਦਮੀ ਟਕਸਾਲ ਦੇ ਮੁਖੀ ਮੰਨੇ ਗਏ। ਬਾਅਦ ਵਿੱਚ ਇਨ੍ਹਾਂ ਤੋਂ ਵਰੋਸਾਏ ਏਥੇ ਬੜੇ-ਬੜੇ ਗੁਣੀ ਗਿਆਨੀ ਰਿਹਾ ਕਰਦੇ। ਗੁਰਬਾਣੀ ਦਾ ਪ੍ਰਵਾਹ ਚਲਦਾ ਰਿਹਾ, ਕਥਾ ਵਾਰਤਾਵਾਂ ਹੁੰਦੀਆਂ ਰਹੀਆਂ।

ਇਹ ਸਾਰਾ ਪ੍ਰਸੰਗ ਸੁਣਨ ਤੋਂ ਬਾਅਦ ਫੇਰ ਆਪ ਜੀ ਨੇ ਕੱਟੂ ਵਾਲੇ ਬੁੰਗੇ ਸੰਤ ਮਹਾਰਾਜ ਬਾਬਾ ਚੰਦਾ ਸਿੰਘ ਜੀ ਦੇ ਦਰਸ਼ਨ ਦੀਦਾਰ ਤੇ ਬਚਨ ਬਿਲਾਸ ਕੀਤੇ। ਜਿਨ੍ਹਾਂ ਨੇ ਇਸ ਕਲਗੀਆਂ ਵਾਲੇ ਪਾਤਸ਼ਾਹ ਜੀ ਦੀ ਚਲਾਈ ਹੋਈ ਅਰਥਾਂ ਦੀ ਟਕਸਾਲ ਨੂੰ ਕਾਇਮ ਰੱਖਿਆ ਹੋਇਆ ਸੀ। ਇਨ੍ਹਾਂ ਪਾਸ ਵੀ ਬੇਅੰਤ ਵਿਦਿਆਰਥੀ ਗੁਰਬਾਣੀ ਤੇ ਗੁਰ-ਇਤਿਹਾਸ ਨੂੰ ਪੜ੍ਹਦੇ ਸਨ। ਕਿਉਂਕਿ ਇਸ ਧਰਤੀ ਨੂੰ ਬਾਜਾਂ ਵਾਲੇ ਸਤਿਗੁਰਾਂ ਨੇ ਗੁਰੂ ਕੀ ਕਾਂਸ਼ੀ ਹੋਣ ਦਾ ਮਾਣ ਬਖ਼ਸ਼ਿਆ ਹੈ ਅਤੇ ਇਹ ਵਰ ਦਿੱਤੇ ਹਨ ਕਿ ਏਥੇ ਬੈਲਾਂ ਸਮਾਨ ਮੋਟੀ ਮਤ ਵਾਲੇ ਪੁਰਸ਼ ਵੀ ਸਭਾਜਿਤ ਪੰਡਤ ਬਣ ਜਾਣਗੇ।

ਇਸ ਧਰਤੀ ਨੂੰ ਕਲਗੀਆਂ ਵਾਲੇ ਪਾਤਸ਼ਾਹ ਦੇ ਵਰ:

ਯਥਾ: *ਇਹ ਪ੍ਰਗਟ ਹਮਾਰੀ ਕਾਂਸ਼ੀ। ਪੜ੍ਹ ਹੈ ਇਹਾਂ ਢੋਰ ਮਤਿ ਰਾਸੀ।*
*ਲੇਖਕ ਗੁਣੀ ਕਵਿੰਦ ਗਿਆਨੀ। ਬੁਧਿ ਸਿੰਧੁ ਹ੍ਵੈ ਹੈ ਇਤ ਆਨੀ।*

*ਦੋਹਿਰਾ: ਤਿਨਕੇ ਕਾਰਣ ਕਲਮ ਘੜ, ਦੇਤ ਪ੍ਰਗਟ ਹਮ ਡਾਰ।*
*ਸਿਖ ਸਖਾ ਇਤ ਪੜੈਂਗੇ, ਹਮਰੇ ਕਈ ਹਜ਼ਾਰ।*

ਇਉਂ ਤਖ਼ਤ ਸਾਹਿਬ ਦੀ ਯਾਤਰਾ ਕਰਕੇ ਫੇਰ ਆਪ ਜੀ ਮਸਤੂਆਣੇ ਬੁੰਗੇ ਆ ਗਏ, ਦੁਪਹਿਰ ਦਾ ਪ੍ਰਸ਼ਾਦਾ ਛਕਕੇ ਕੁਝ ਕੁ ਸਮਾਂ ਆਰਾਮ ਕੀਤਾ। ਫੇਰ ਵੈਸਾਖੀ ਤੋਂ ਦੋ ਦਿਨ ਬਾਅਦ ਵਾਪਸ ਆਉਣ ਦੀ ਤਿਆਰੀ ਕੀਤੀ। ਉਸ ਸਮੇਂ ਸੰਤ ਮਹਾਰਾਜ ਮਸਤੂਆਣੇ ਵਾਲੇ ਬੜੇ ਪਿਆਰ ਨਾਲ ਮਿਲੇ ਤਾਂ ਬਾਬਾ ਜੀ ਨੇ ਨਿਮਰਤਾ ਨਾਲ ਅਰਜ਼ ਕੀਤੀ, "ਮਹਾਰਾਜ! ਹੁਣ ਆਗਿਆ ਬਖ਼ਸ਼ੋ ਤਾਂ ਕਿ ਵਾਪਸ ਚਲੀਏ।" ਸੰਤਾਂ ਨੇ ਉੱਤਰ ਦਿੱਤਾ, "ਚੰਗਾ ਗੁਰੂ ਪਿਆਰਿਓ! ਚਲੋ ਮਾਣੋ ਗੁਰੂ ਨਾਨਕ ਦੀ ਗੋਦ ਦਾ ਆਨੰਦ। ਅਸੀਂ ਵੀ ਤੁਹਾਡੇ ਮਗਰ ਹੀ ਆ ਰਹੇ ਹਾਂ।" ਇਸ ਅਗੰਮੀ ਰਮਜ਼ ਤੇ ਭਵਿੱਖਤ ਵਾਕਾਂ ਨੂੰ ਦੋਹਾਂ ਵਿਅਕਤੀਆਂ ਤੋਂ ਬਗ਼ੈਰ ਕੌਣ ਸਮਝ ਸਕਦਾ ਸੀ ਕਿ ਇਨ੍ਹਾਂ ਇਕੱਠਿਆਂ ਨੇ ਸਚਖੰਡ ਜਾਣ ਦਾ ਸਮਾਂ ਨੀਯਤ ਕੀਤਾ ਹੈ। ਕੇਵਲ ਨੌਂ ਦਿਨਾਂ ਦੇ ਫਾਸਲੇ ਨਾਲ ਹੀ ਆਪ ਨੇ ਪਰਮ ਧਾਮ ਨੂੰ ਪਿਆਨੇ ਕੀਤੇ ਸਨ।

ਉਸ ਤੋਂ ਬਾਅਦ ਹਜ਼ੂਰ ਦੇ ਗੜਵਈ ਨੇ ਸੰਤ ਮਹਾਰਾਜ ਮਸਤੂਆਣੇ ਵਾਲਿਆਂ ਨੂੰ ਨਮਸ਼ਕਾਰ ਕੀਤੀ ਤਾਂ ਭੂਤ ਭਵਿੱਖਤ ਦੇ ਗਿਆਤ-ਗੇਅ ਮਹਾਂ-ਪੁਰਸ਼ਾਂ ਨੇ ਇਨ੍ਹਾਂ ਦੇ ਚੇਹਰੇ ਵੱਲ ਤੱਕਕੇ ਸਿਰ ਤੇ ਹੱਥ ਰੱਖਿਆ ਤੇ ਪਿਆਰ ਨਾਲ ਬੁੱਕਲ ਵਿੱਚ ਲੈ ਕੇ ਬੜੇ ਵਰ ਦਿਤੇ ਕਿ ਤੂੰ ਬੜਾ ਵੱਡਾ ਸਾਧ ਬਣੇਂਗਾ, ਤੁਹਾਡੇ ਦਰ ਤੇ ਵੱਡੇ-ਵੱਡੇ ਆਕੜਖਾਨਾਂ ਦੀਆਂ ਧੌਣਾਂ ਝੁਕਣਗੀਆਂ। ਇਹ ਮਾਲਵੇ ਦੇਸ਼ ਦਾ ਬੜਾ ਕੀਮਤੀ ਸੁੱਚਾ ਹੀਰਾ ਹੈ, ਗੁਰਮਤਿ ਦਾ ਪ੍ਰਚਾਰ ਤੇ ਅੰਮ੍ਰਿਤ ਛਕਾਕੇ ਹੋਤੀ ਮਰਦਾਨ ਦੇ ਨਾਮ ਨੂੰ ਚਮਕਾਏਗਾ। ਉਸ ਤੋਂ ਬਾਅਦ ਹੋਰ ਸਾਥੀਆਂ ਨੇ ਮੱਥਾ ਟੇਕਿਆ। ਫੇਰ ਦੋਵੇਂ ਵਿਆਕਤੀ ਇੱਕ ਦੂਜੇ ਤੋਂ ਸਰੀਰ ਕਰਕੇ ਅਲਹਿਦਾ ਹੋ ਗਏ ਤਾਂ ਮਸਤੂਆਣੇ ਵਾਲੇ ਸੰਤਾਂ ਨੇ ਉੱਚੀ ਸੁਰ ਵਿੱਚ ਇਹ ਮਲਵਈ ਧਾਰਨਾ ਪੜ੍ਹੀ:

*"ਕਿਤੇ ਹੋਣਗੇ ਸੰਜੋਗੀ ਮੇਲੇ ਨਦੀਆਂ ਦੇ ਨੀਰ ਵਿਛੜੇ"*
ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥
ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥

(ਪੰਨਾ ੪੩੯)

ਫੇਰ ਆਪ ਜੀ ਨਾਲ ਦੇ ਸਾਥੀਆਂ ਸਮੇਤ ਉਸੇ ਤਰ੍ਹਾਂ ਪੈਦਲ ਚੱਲ ਕੇ ਬੋਹੜ ਵਾਲੇ ਚੱਕ ਆ ਗਏ। ਰਾਮਪੁਰ ਨਗਰ ਦੇ ਸ੍ਰ: ਸਦਾ ਸਿੰਘ ਕਪਤਾਨ ਦੇ ਘਰਵਾਲੀ ਮਾਤਾ ਭਗਵਾਨ ਕੌਰ ਏਸੇ ਪਿੰਡ ਦੇ ਸਨ। ਇਨ੍ਹਾਂ ਨੇ ਪਹਿਲਾਂ ਹੀ ਅਰਜ਼ ਕਰ ਲਈ ਸੀ ਤੇ ਬੋਹੜ ਵਾਲੇ ਚੱਕ ਆਕੇ ਸੰਤਾਂ ਦੇ ਸੰਗਤ ਸਮੇਤ ਘਰ ਚਰਨ ਪਵਾਏ, ਪ੍ਰਸ਼ਾਦਾ ਛਕਾਇਆ। ਉਪਰੰਤ ਸੰਤ ਚੈਂਚਲ ਸਿੰਘ ਜੀ ਦੇ ਪਾਸ ਰਾਤ ਆਰਾਮ ਕੀਤਾ। ਦੂਸਰੇ ਦਿਨ ਸਵੇਰੇ ਭੁੱਚੋ ਸਟੇਸ਼ਨ ਤੋਂ ਗੱਡੀ ਬੈਠਕੇ ਵਾਪਸ ਰੇਰੂ ਸਾਹਿਬ ਆ ਗਏ। ਦਰਸ਼ਨ ਕਰਕੇ ਗੁਰਦੁਆਰਾ ਸਾਹਿਬ ਤੇ ਇਲਾਕੇ ਦੀਆਂ ਸਿਖ ਸੰਗਤਾਂ ਨੂੰ ਬੜੀਆਂ ਖ਼ੁਸ਼ੀਆਂ ਹੋਈਆਂ।

# ਸਿਧਾਂਤ ਰੂਪ ਪ੍ਰਸੰਗ

*ਚਲੋ ਦਮਦਮੇ ਚੱਲੀਏ ਸੰਤਾਂ ਕਰੀ ਵਿਚਾਰ।*
*ਬ੍ਰਹਮ ਗਿਆਨੀ ਪੁਰਖ ਦੇ ਕਰ ਆਈਏ ਦੀਦਾਰ।*
*ਗੱਡੀ ਬੈਠ ਦੋਰਾਹੇ ਤੋਂ ਧੂਰੀ ਉੱਤਰੇ ਆ।*
*ਮਸਤੁਆਣੇ ਕਾਂਜਲੇ ਦਰਸ਼ਨ ਕੀਤੇ ਜਾ।*
*ਫੇਰ ਚੜ੍ਹੇ ਸੀ ਰੇਲ ਮੇ ਭੁੱਚੋ ਸਟੇਸ਼ਨ ਤੀਕ।*
*ਪੈਦਲ ਤੁਰ ਕੇ ਪਹੁੰਚ ਗਏ ਗੁਰ ਕਾਂਸ਼ੀ ਕੇ ਵੀਚ।*
*ਸੰਤਾਂ ਨੂੰ ਜਦ ਦੇਖਿਆ ਚੜ੍ਹਗੇ ਸਭਨਾਂ ਚਾਅ।*
*ਇਕੱਠਾ ਕਰਕੇ ਮਾਲਵਾ ਪੁਟਾਉਂਦੇ ਓਦੋਂ ਤਲਾਅ।*
*ਮਿਲਕੇ ਦੋਵੇਂ ਵੀਰ ਜੀ ਖ਼ੁਸ਼ੀਆਂ ਬਹੁਤ ਮਨਾਉਣ।*
*ਆਪਸ ਮੇ ਸਤਿਕਾਰ ਕਰ ਚਰਨੀ ਹੱਥ ਲਗਾਉਣ।*
*ਬਹਿ ਗਏ ਇਕੱਠੇ ਇੱਕ ਥਾਂ ਲਗੇ ਕਰਨ ਵਿਚਾਰ।*
*ਏਸ ਤਰ੍ਹਾਂ ਸੀ ਸੋਭਦੇ ਜਿਵੇਂ ਰਾਮ ਕ੍ਰਿਸ਼ਨ ਅਵਤਾਰ।*
*ਪਿਛਲੇ ਪਾਸੇ ਦੋਹਾਂ ਦੇ ਗਡਵਈ ਬੈਠ ਗਏ ਕੋਲ।*
*ਆ ਕੇ ਵਿੱਚ ਪ੍ਰੇਮ ਦੇ ਮਿੱਠੇ ਬੋਲਣ ਬੋਲ ।*
*ਫੇਰ ਸੰਤ ਜੀ ਬੋਲਦੇ ਸੁੰਦਰ ਮੁਖੋਂ ਨਜੀਰ।*
*ਕਠਨ ਤਪੱਸਿਆ ਕਰ ਰਹੇ ਬਦਲਣ ਲਈ ਤਕਦੀਰ।*
*ਨਾਲ ਨਿੰਮ੍ਰਤਾ ਆਖਿਆ ਸੁਣ ਲਓ ਮੇਰੇ ਭਰਾ।*
*ਸਵਰਗ ਪੁਰੀ ਇਸ ਧਰਤ ਨੂੰ ਦਿਤਾ ਤੁਸਾਂ ਬਣਾ।*
*ਬੋਲੇ ਫਿਰ ਮਹਾਤਮਾ ਹੋ ਕੇ ਦਿਲ ਦਰਿਆ।*
*ਇਹ ਹੀਰਾ ਜੋ ਕੌਮ ਦਾ ਤੁਸਾਂ ਰੱਖਿਆ ਕਿਉਂ ਛੁਪਾ।*
*ਤੁਹਾਡਾ ਜੋ ਗਡਵਈ ਹੈ ਰੰਗ ਲਿਆਊ ਇਉਂ।*
*ਚਮਕੂ ਵਿੱਚ ਸੰਸਾਰ ਦੇ ਸੂਰਜ ਚੰਦ੍ਰਮਾ ਜਿਉਂ।*
*ਕਲਗੀਧਰ ਦੇ ਮਿਸ਼ਨ ਦਾ ਜਗ ਮੇਂ ਕਰੂ ਉਪਦੇਸ਼।*
*ਦਰ ਇਹਦੇ ਤੇ ਝੁਕਣਗੇ ਦੁਨੀਆਂ ਦੇ ਨ੍ਰਿਪੇਸ਼।*
*ਇਹ ਪੀਰਾਂ ਦਾ ਪੀਰ ਹੈ ਐਸਾ ਬਣੂ ਫ਼ਕੀਰ।*
*ਚਮਕਾਊ ਹੋਤੀ ਦੇ ਨਾਮ ਨੂੰ ਸੁਣ ਲੈ ਮੇਰੇ ਵੀਰ।*
*ਰਗ ਮਿੱਠੀ ਹੈ ਏਸ ਦੀ ਰਲ ਜੂ ਨਾਲ ਸੰਗੀਤ।*
*ਕਲਜੁਗ ਦੀ ਤਪਸ਼ ਨੂੰ ਕਰ ਦੇਊ ਠੰਡਾ ਸੀਤ।*
*ਸਿੰਘ ਸਜੂ ਹਰਦੇਵ ਵੀ ਸੁਣਕੇ ਮਿੱਠਾ ਰਾਗ।*
*ਸੁੱਤੇ ਹਿੰਦੁਸਤਾਨ ਦੇ ਜਾਗ ਪੈਣਗੇ ਭਾਗ।* *(ਵਲੋਂ: ਗਿ. ਹਰਦੇਵ ਸਿੰਘ ਲੋਹਟਵੱਦੀ )*

# ਸਚਖੰਡ ਸ੍ਰੀ ਹਜ਼ੂਰ ਸਾਹਿਬ ਦਾ ਇਤਿਹਾਸ

ਇਕ ਸਮੇਂ ਗਿਆਨੀ ਸਾਧੂ ਸਿੰਘ ਸੂਰਮੇ ਨੇ ਰਾਤ ਦੇ ਭਰੇ ਦੀਵਾਨ ਵਿੱਚ ਸ੍ਰੀ ਹਜ਼ੂਰ ਬਾਬਾ ਅਤਰ ਸਿੰਘ ਜੀ ਮਹਾਰਾਜ ਨੂੰ ਸਰਬ ਸੰਗਤ ਸਮੇਤ ਸਰਬੰਸ ਦਾਨੀ ਕਲਗੀਆਂ ਵਾਲੇ ਪਾਤਸ਼ਾਹ ਜੀ ਦੇ ਚੋਜ ਸੁਣਾਏ।

ਅਰਸ਼ੀ ਦਾਤਾਰ ਨੇ ਦੇਸ਼ ਕੌਮ ਅਤੇ ਮਜ਼ਲੂਮਾਂ ਦੀ ਰੱਖਿਆ ਵਾਸਤੇ ਆਪਣਾ ਸਭ ਕੁਝ ਕੁਰਬਾਨ ਕਰਕੇ ਵੀ ਚਮਕੌਰ ਦੀ ਗੜ੍ਹੀ ਤੋਂ ਬਾਹਰ ਆ ਕੇ ਮਾਛੀਵਾੜੇ ਦੇ ਜੰਗਲ ਵਿੱਚ ਜਦੋਂ ਆਪ ਜੀ ਦਾ ਜਾਮਾ ਲੀਰੋ ਲੀਰ ਸੀ, ਪੈਰੀਂ ਜੋੜਾ ਤੇ ਨੀਲਾ ਘੋੜਾ ਵੀ ਨਾਲ ਨਹੀਂ ਸੀ, ਤਖ਼ਤਾਂ ਤਾਜਾਂ ਦਾ ਮਾਲਕ ਅੱਜ ੮੪ ਘੰਟਿਆਂ ਦਾ ਭੁੱਖਾ ਸ਼ਾਹੀ ਫ਼ਕੀਰ ਟਿੰਡ ਦਾ ਸਿਰਹਾਣਾ ਲਾ ਕੇ ਇਹ ਪਿਆ ਗਾਉਂਦਾ ਹੈ:

ਖਿਆਲ ਪਾਤਸ਼ਾਹੀ ੧੦ ॥
ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ॥
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾ ਦੇ ਰਹਣਾ ॥
ਸੂਲ ਸੁਰਾਹੀ ਖੰਜਰ ਪਿਆਲਾ ਬਿੰਗੁ ਕਸਾਈਆਂ ਦਾ ਸਹਣਾ ॥
ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਣਾ ॥

(ਦਸਮ ਗ੍ਰੰਥ)

ਫੇਰ ਗੁਲਾਬੇ ਮਸੰਦ ਦੇ ਘਰ ਠਹਿਰੇ, ਏਥੋਂ ਉੱਚ ਦੇ ਪੀਰ ਬਣਕੇ ਆਪਣੀ ਚਰਨ-ਛੁਹ ਨਾਲ ਅਨੇਕਾਂ ਥਾਵਾਂ ਨੂੰ ਪਵਿੱਤ੍ਰ ਕਰਦੇ ਹੋਏ ਏਸ ਜਗ੍ਹਾ ਵਿੱਚ ਦੀ ਹੁੰਦਿਆਂ ਰਾਇ ਕੱਲੇ ਦੇ ਪਾਸ 'ਰਾਏ ਕੋਟ' ਪੁੱਜੇ। ਏਥੋਂ ਨੂਰੂ ਮਾਹੀ ਨੂੰ ਸਰਹੰਦ ਭੇਜਕੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦਾ ਪਤਾ ਮੰਗਾਇਆ। ਛੋਟੀਆਂ ਜ਼ਿੰਦਾਂ ਦੇ ਵੱਡੇ ਸਾਕੇ ਸੁਣਕੇ ਸ਼ੁਕਰਾਨਾਂ ਕਰਦੇ ਹੋਇਆਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਹੇ ਅੰਤਰਯਾਮੀ ਸਰਬ ਸ਼ਕਤੀਮਾਨ ਵਾਹਿਗੁਰੂ ! ਤੇਰੀ ਅਮਾਨਤ ਤੇਰੇ ਪਾਸ ਪੁੱਜ ਗਈ।

ਯਥਾ:

ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥
ਪ੍ਰਭ ਕੀ ਆਗਿਆ ਮਾਨੈ ਮਾਥੈ ॥

(ਪੰਨਾ ੨੬੮)

ਫਿਰ ਇਸ ਤੋਂ ਅਗੇ ਮੁਕਤਸਰ ਵਾਲੀ ਥਾਂ ਤੇ ਜਾਕੇ ਬੇਦਾਵੇ ਦਾ ਕਾਗ਼ਜ਼ ਪਾੜਕੇ ਟੁੱਟੀ ਗੰਢੀ ਅਤੇ ਖਿਦਰਾਣੇ ਦੀ ਢਾਬ ਨੂੰ ਮੁਕਤੀ ਦਾ ਸਰ ਬਣਾਇਆ। ਸਾਬੋ ਕੀ ਤਲਵੰਡੀ ਡੱਲੇ ਦੇ ਪਾਸ ਜਾ ਕੇ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਪੜ੍ਹਾਏ, ਕਥਾ ਦੀਆਂ ਟਕਸਾਲਾ ਜਾਰੀ ਕੀਤੀਆਂ। ਇਸ ਨੂੰ ਤਖ਼ਤ ਦਮਦਮਾ ਸਾਹਿਬ ਆਖਕੇ ਅਤੇ ਗੁਰੂ ਕਾਂਸ਼ੀ ਦਾ ਵਰ ਦੇ ਕੇ ਕਿ ਏਥੇ ਬੈਲ ਬੁੱਧੀ ਵਾਲੇ ਵੀ ਪੜ੍ਹਕੇ ਗੁਰੂ ਘਰ ਦੇ ਮਹਾਨ ਵਿਦਵਾਨ ਪੰਡਤ ਬਣਨਗੇ। ਉਪਰੰਤ ਆਪ ਨਾਦੇੜ ਪਹੁੰਚੇ।

ਅੰਤਮ ਸਮੇਂ ਇਹ ਬਚਨ ਆਖਕੇ ਕਿ ਤੁਹਾਨੂੰ ਅੱਜ ਤੋਂ ਗੁਰਬਾਣੀ ਦੇ ਲੜ ਲਾ ਚਲੇ ਹਾਂ ਸਾਡਾ ਅਸਥੂਲ ਸਰੂਪ ਗੁਰੂ ਸਾਹਿਬ ਜੀ ਹਨ। ਸੂਖਮ ਸਰੂਪ ਗੁਰੂ-ਸ਼ਬਦ ਹੈ ਜੋ ਅੱਗੇ ਵਾਸਤੇ ਗੁਰੂ ਘਰ ਦੇ ਪ੍ਰੇਮੀ ਨੇਮੀਂ ਨਾਮ-ਰਸੀਏ ਮਹਾਂ-ਪੁਰਸ਼ਾਂ ਤੋਂ ਪ੍ਰਾਪਤ ਹੋਵੇਗਾ ਜਿਸਦੀ ਸੇਵਾ ਪੰਜਾਂ ਪਿਆਰੀਆਂ ਨੂੰ ਸੌਂਪ ਚਲੇ ਹਾਂ। ਇਨ੍ਹਾਂ ਦੀਆਂ ਅੱਗੇ ਸੰਪ੍ਰਦਾਵਾਂ ਚਲਣਗੀਆਂ ਅਤੇ ਉਹ ਮਹਾਂ-ਪੁਰਸ਼ ਨਾਮ ਬਾਣੀ ਗੁਰ ਸ਼ਬਦ ਦਾ ਪ੍ਰਚਾਰ ਕਰਣਗੇ। ਅਤੇ ਆਖਿਆ ਸਾਡਾ ਅੰਗੀਠਾ ਨਹੀਂ ਫਰੋਲਣਾ, ਕੋਈ ਪੱਕੀ ਯਾਦਗਾਰ ਨਹੀਂ ਕਾਇਮ ਕਰਨੀ।

ਯਥਾ:

*ਚਿਨਹਿ ਮਹਿਲ ਤਿਸ ਕੁਲ ਗਲ ਜਾਇ।*
*ਯਾ ਤੇ ਕਹੀ ਨਹੀਂ ਬਿਸਰਾਇ ॥੧੨॥*

*(ਗੁਰਪ੍ਰਤਾਪ ਸੂਰਜ ਐਨ ੨ ਅੰਸੂ ੨੪)*

ਭਾਵ ਜੋ ਇਸ ਅਸਥਾਨ ਨੂੰ ਪੱਕਿਆਂ ਕਰੇਗਾ ਉਸਦੀ ਬੰਸ ਨਹੀਂ ਰਹੇਗੀ। ਫਿਰ ਆਪਣੀ ਜੋਤ ਸਮੁੱਚੇ ਖਾਲਸਾ

ਪੰਥ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਅਸਥਾਪਨ ਕਰਕੇ ੧੭੬੫ ਬਿਕ੍ਰਮੀ ਸੰਮਤ ਕੱਤਕ ਸੁਦੀ ਪੰਚਮੀ ਤਿੱਥ ਨੂੰ ਅੰਮ੍ਰਿਤ ਵੇਲੇ ਸਮੇਤ ਸਰੀਰ ਦੇ ਸਚਖੰਡ ਨੂੰ ਚਲੇ ਗਏ। ਭਾਵੇਂ ਇਹ ਹਜ਼ੂਰ ਦੇ ਬਚਨਾਂ ਦਾ ਸਿੰਘਾਂ ਦੀ ਪ੍ਰੀਖਿਆ ਵਾਸਤੇ ਬਹੁਤ ਵੱਡਾ ਪਰਚਾ ਸੀ ਪਰ ਕਲਗੀਆਂ ਵਾਲੇ ਪਾਤਸ਼ਾਹ ਦੀ ਨੰਗੀ ਤਲਵਾਰ ਅੱਗੇ ਆਪਣਾ ਸਿਰ ਝੁਕਾਉਣ ਵਾਲੇ ਵਿਦਿਆਰਥੀ ਕਿਹੜਾ ਆਪਣੀ ਗੌਰਵਤਾ ਤੇ ਘੱਟ ਮਾਣ ਰਖਦੇ ਹਨ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਜਦੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਲਾਹੌਰ ਦੇ ਤਖ਼ਤ ਤੇ ਬਿਰਾਜਮਾਨ ਹੋਏ ਤਾਂ ਦਿੱਲੀ ਸ਼ਹਿਰ ਅਤੇ ਹਜ਼ੂਰ ਸਾਹਿਬ ਗੁਰਦੁਆਰੇ ਦੇ ਸੇਵਾਦਾਰ ਇਕੱਠੇ ਹੋ ਕੇ ਮਹਾਰਾਜ ਨੂੰ ਮਿਲਣ ਵਾਸਤੇ ਲਾਹੌਰ ਆਏ। ਦੀਵਾਨ ਸਜਿਆ ਹੋਇਆ ਸੀ। ਵਜ਼ੀਰ, ਅਮੀਰ, ਦੀਵਾਨ, ਮੁਸਾਹਿਬ ਰਈਸ ਤੇ ਜਾਗੀਰਦਾਰ ਆਪਣੇ ਦਰਜਿਆਂ ਤੇ ਇਸਥਿਤ ਸਨ। ਸ਼ੇਰੇ ਪੰਜਾਬ ਤਖ਼ਤ ਤੇ ਬਿਰਾਜਮਾਨ ਸੀ। ਚੋਬਦਾਰਾਂ ਨੇ ਖ਼ਬਰ ਦੱਸੀ ਕਿ ਦਿੱਲੀ ਸ਼ਹਿਰ ਤੋਂ ਗੁਰਦੁਆਰਾ ਸੀਸ ਗੰਜ ਤੇ ਹੋਰ ਅਸਥਾਨਾਂ ਦੇ ਸੇਵਾਦਾਰ ਆਏ ਹਨ ਅਤੇ ਸਚਖੰਡ ਹਜ਼ੂਰ ਸਾਹਿਬ ਦੇ ਪੁਜਾਰੀ ਵੀ ਪੁੱਜੇ ਹਨ। ਉਸ ਸਮੇਂ ਚੋਬਦਾਰ ਨੂੰ ਹੁਕਮ ਕੀਤਾ ਅਤੇ ਸਭਨਾਂ ਨੂੰ ਦਰਬਾਰ ਵਿੱਚ ਲੈ ਆਏ। ਗੁਰੂ ਪਿਆਰਿਆਂ ਦਾ ਸ਼ੇਰੇ ਪੰਜਾਬ ਨੇ ਬੜਾ ਆਦਰ ਸਤਿਕਾਰ ਕੀਤਾ। ਜਿਸ ਦੇ ਮਨ ਵਿੱਚ ਸਿੱਖੀ ਪਿਆਰ ਦਾ ਜਜ਼ਬਾ ਬੜਾ ਜੋਸ਼ ਨਾਲ ਠਾਠਾਂ ਮਾਰ ਉੱਠਿਆ। ਗੁਰੂ ਦਰ ਦੇ ਝਾੜੂ ਬਰਦਾਰਾਂ ਦੇ ਆਦਰ ਤੇ ਸਤਿਕਾਰ ਵਾਸਤੇ ਖਾਲਸੇ ਦਾ ਪਾਤਸ਼ਾਹ ਤਖ਼ਤ ਤੋਂ ਉੱਠਿਆ ਅੱਗੇ ਗਿਆ। ਉਨ੍ਹਾਂ ਦੇ ਚਰਨ ਫੜ ਲਏ, ਹੱਥਾਂ ਨਾਲ ਨਹੀਂ, ਕਪੜੇ ਨਾਲ ਨਹੀਂ ਸਗੋਂ, ਸ੍ਰ: ਕਾਹਨ ਸਿੰਘ ਜੀ ਨਾਭਾ ਦੇ ਕਥਨ ਅਨੁਸਾਰ ਸ਼ੇਰੇ-ਪੰਜਾਬ ਨੇ ਆਪਣੇ ਦਾਹੜੇ ਨਾਲ ਉਨ੍ਹਾਂ ਦੇ ਚਰਨ ਝਾੜੇ। ਧੰਨ ਸਿੱਖੀ! ਧੰਨ ਗੁਰੂ ਪਿਆਰ! ਉਨ੍ਹਾਂ ਨੂੰ ਸੋਨੇ ਦੇ ਕੜੇ ਅਤੇ ਹੋਰ ਕੀਮਤੀ ਖਿਲਤਾਂ ਭੇਟਾਂ ਕੀਤੀਆਂ।

ਜਦੋਂ ਮਹਾਰਾਜ ਰਣਜੀਤ ਸਿੰਘ ਕਲਗੀਧਰ ਜੀ ਦੇ ਜੋਤੀ ਜੋਤ ਸਮਾਉਣ ਦੇ ਗੁਰਦੁਆਰੇ ਦੀ ਹਾਲਤ ਨੂੰ ਸੁਣਦਾ ਹੈ ਕਿ ਉਹ ਗੁਰਧਾਮ ਤੇ ਤਖ਼ਤ ਅਜੇ ਕੱਚਾ ਹੈ। ਸ਼ੇਰੇ ਪੰਜਾਬ ਦੀ ਕੌਮੀ ਅਣਖ ਤੇ ਗ਼ੈਰਤ ਭੜਕ ਉੱਠਦੀ ਹੈ। ਉਨ੍ਹਾਂ ਦੇ ਪੱਕੇ ਬਨਾਉਣ ਦੀ ਸੇਵਾ ਆਪਣੇ ਜ਼ੁੰਮੇਂ ਲੈਣਾ ਚਾਹੁੰਦਾ ਹੈ। ਪਰ ਜਦੋਂ ਉਥੋਂ ਦੇ ਸੇਵਾਦਾਰਾਂ ਨੇ ਕਲਗੀਧਰ ਪਾਤਿਸ਼ਾਹ ਦਾ ਇਹ ਫੁਰਮਾਨ ਸੁਣਾਇਆ:

ਚੌਪਈ: *ਦਰਬ ਅਸੰਖ ਇਹਾਂ ਜੋ ਆਇ।*
*ਤਿਸ ਤੇ ਨਹਿ ਮੰਦਰ ਚਿਨਵਾਇ ॥੧੧॥*
*ਸਕਲ ਦੇਗ ਪਰ ਦੇਹੁ ਲਗਾਈ।*
*ਪੰਚਾਮ੍ਰਿਤ ਆਦਿਕ ਕਰਵਾਈ।*
*ਚਿਨਹਿ ਮਹਿਲ ਤਿਸ ਕੁਲ ਗਲ ਜਾਇ।*
*ਯਾ ਤੇ ਕਹੀ ਨਹੀਂ ਬਿਸਰਾਇ ॥੧੨॥*

*(ਗੁਰਪ੍ਰਤਾਪ ਸੂਰਜ ਐਨ ੨ ਅੰਸੂ ੨੪)*

ਸ਼ੇਰੇ ਪੰਜਾਬ ਇਹ ਫੁਰਮਾਣ ਸੁਣਦਾ ਹੈ, ਸੋਚਦਾ ਹੈ, ਵਿਚਾਰਦਾ ਹੈ, ਆਪਣੇ ਪੁੱਤਰਾਂ ਦੀ ਬਿਰਧੀ ਲਈ, ਆਪਣੀ ਬੰਸ ਵਾਸਤੇ, ਸੰਸਾਰ ਵਿੱਚ ਆਪਣਾ ਨਾਮ ਕਾਇਮ ਰੱਖਣ ਹਿੱਤ ਮਨੁੱਖ ਕੀ ਕੁਝ ਨਹੀਂ ਕਰ ਗੁਜ਼ਰਦਾ। ਆਪਣੇ ਖਨਦਾਨ ਦੇ ਸੁੱਖਾਂ, ਐਸ਼੍ਵਰਜ ਤੇ ਪ੍ਰਤਾਪ ਵਧਾਉਣ ਲਈ ਕਿਹੜੀ ਗੱਲ ਨਹੀਂ ਕਰਦਾ। ਪਰ ਹਜ਼ੂਰ ਸਾਹਿਬ ਗੁਰਦੁਆਰੇ ਦੇ ਸੇਵਾਦਾਰਾਂ ਦੇ ਕਹੇ ਹੋਏ ਬਚਨ ਵਾਰੰਵਾਰ ਕੰਨਾਂ ਵਿੱਚ ਗੂੰਜਦੇ ਹਨ: *ਚਿਨਹਿ ਮਹਿਲ ਤਿਸ ਕੁਲ ਗਲ ਜਾਇ।* ਪਰ ਜਦੋਂ ਅੰਦਰ ਦੋ ਚੀਜ਼ਾਂ ਦੇ ਇਕੱਠਾ ਘੋਲ ਹੋਣ ਲੱਗਾ ਸਿੱਖੀ ਪਿਆਰ ਤੇ ਪੁੱਤਰਾਂ ਦਾ ਮੋਹ, ਪਰ ਗੁਰੂ ਪਿਆਰੇ ਤਾਂ:

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ ॥

(ਪੰਨਾ ੫੩੪)

ਉਸ ਸਮੇਂ ਸ਼ੇਰੇ ਪੰਜਾਬ ਨੇ ਆਖਿਆ ਕਿ ਹੱਛਾ! ਜੇਕਰ ਮੇਰੇ ਮਾਲਕ ਨੂੰ ਇਸੇ ਤਰ੍ਹਾਂ ਹੀ ਭਾਉਂਦਾ ਹੈ ਅਤੇ ਜੇ ਕਲਗੀਧਰ ਪਾਤਸ਼ਾਹ ਜੀ ਦੇ ਸਰੀਰਕ ਚੋਜ ਦੀ ਆਖ਼ਰੀ ਯਾਦਗਾਰ ਕਾਇਮ ਰੱਖਣ ਦੇ ਬਦਲੇ ਰਣਜੀਤ ਸਿੰਘ ਦਾ ਨਾਮੋ ਨਿਸ਼ਾਨ ਨਹੀਂ ਰਹਿੰਦਾ ਤਾਂ ਨਾ ਰਹੇ, ਪਰ ਸਰਬੰਸ ਦਾਨੀ ਦੇ ਅੰਤਮ ਚੋਜਾਂ ਦਾ ਨਿਸ਼ਾਨ ਉੱਚੀ ਸ਼ਾਨ ਨਾਲ ਜ਼ਰੂਰ ਕਾਇਮ

ਹੋਣਾ ਚਾਹੀਦਾ ਹੈ। ਇਹ ਵਿਚਾਰ ਕੇ ਸੱਤਰ ਹਜ਼ਾਰ ਰੁਪਿਆ ਦੇ ਕੇ ਸੇਵਾ ਸ਼ੁਰੂ ਕਰਵਾ ਦਿੱਤੀ।

ਭਾਵੇਂ ਹਜ਼ੂਰ ਦੇ ਕਥਨ ਅਨੁਸਾਰ ਸ਼ੇਰੇ ਪੰਜਾਬ ਦੀ ਬੰਸ ਦਾ ਨਾਮੋ ਨਿਸ਼ਾਨ ਮਿਟ ਗਿਆ ਪਰ ਉਸ ਗੁਰੂ ਪਿਆਰੇ ਦਾ ਜਸ ਰਹਿੰਦੀ ਦੁਨੀਆਂ ਤੱਕ ਕਾਇਮ ਰਹੇਗਾ।

## ਸੰਤ ਜੀ ਨੇ ਹਜ਼ੂਰ ਸਾਹਿਬ ਦੇ ਦਰਸ਼ਨਾਂ ਨੂੰ ਤਿਆਰ ਹੋਣਾ

ਇਹ ਸਾਰਾ ਪ੍ਰਸੰਗ ਸੁਣਕੇ ਬਾਬਾ ਜੀ ਕਿਸੇ ਵਿਸਮਾਦਤਾ ਵਿੱਚ ਪੁੱਜੇ ਅਤੇ ਵੈਰਾਗ ਵਿੱਚ ਆਕੇ ਆਖਿਆ, "ਧੰਨ ਕਲਗੀਆਂ ਵਾਲੇ ਪਾਤਸ਼ਾਹ! ਧੰਨ ਗੁਰੂ ਕੇ ਸਿੰਘ!" ਫੇਰ ਬਾਬਾ ਜੀ ਨੇ ਆਪਣੇ ਮਨ ਵਿੱਚ ਸਤਿਗੁਰਾਂ ਦੇ ਪਾਵਨ ਧਾਮ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਸੰਕਲਪ ਕੀਤਾ ਅਤੇ ਭਰੇ ਦੀਵਾਨ ਵਿੱਚ ਆਖਿਆ, "ਸੰਗਤ ਜੀ! ਹਰ ਇੱਕ ਸਿੱਖ ਨੂੰ ਬਾਜ਼ਾਂ ਵਾਲਾ ਗੁਰੂ ਸੱਠ ਸਾਲਾਂ ਤੱਕ ਉਡੀਕਦਾ ਹੈ (ਆਪ ਜੀ ਦੀ ਉਮਰ ਭੀ ਇਸ ਸਮੇਂ ਸੱਠਵੇਂ ਸਾਲ ਵਿੱਚ ਸੀ) ਹੁਣ ਉਸਦੇ ਪਾਵਨ ਦਰਬਾਰ ਦੀ ਯਾਤਰਾ ਕਰਨੀ ਚਾਹੀਦੀ ਹੈ।"

ਜਦੋਂ ਮਹਾਂ-ਪੁਰਸ਼ਾਂ ਦੀ ਪਵਿਤਰ ਰਸਨਾ ਤੋਂ ਸੰਗਤ ਨੇ ਹਜ਼ੂਰ ਸਾਹਿਬ ਜਾਣ ਵਾਸਤੇ ਸੁਣਿਆਂ ਤਾਂ ਬਹੁਤ ਸਾਰੇ ਪ੍ਰੇਮੀ ਨਾਲ ਜਾਣ ਵਾਸਤੇ ਤਿਆਰ ਹੋ ਗਏ।

ਬਾਬਾ ਜੀ ਨੇ ਸਾਰਿਆਂ ਨੂੰ ਹੁਕਮ ਕੀਤਾ ਜੋ ਕੋਈ ਪ੍ਰੇਮੀ ਸਾਡੇ ਨਾਲ ਜਾਣਾ ਚਾਹੇ ਉਸਦੇ ਪਾਸ ਰਾਹ ਦਾ ਖਰਚ ਤੇ ਆਉਣ ਜਾਣ ਦਾ ਭਾੜਾ ਘਟੋ-ਘੱਟ ਇੱਕ ਸੌ ਰੁਪਿਆ ਹੋਣਾ ਜ਼ਰੂਰੀ ਹੈ। ਉਹ ਪਹਿਲਾਂ ਸਾਨੂੰ ਸੌ ਰੁਪਿਆ ਦਿਖਾ ਦੇਵੇ ਫੇਰ ਉਸਦਾ ਨਾਮ ਯਾਤਰਾ ਲਿਸਟ ਵਿੱਚ ਲਿਖਿਆ ਜਾਵੇਗਾ। ਬਾਬਾ ਜੀ ਦੇ ਇਨ੍ਹਾਂ ਬਚਨਾਂ ਦਾ ਸਭਨਾਂ ਦੇ ਮਨਾਂ ਤੇ ਬੜਾ ਗਹਿਰਾ ਅਸਰ ਹੋਇਆ। ਸਤਿਗੁਰਾਂ ਦੇ ਪਾਵਨ ਅਸਥਾਨ ਦੀ ਯਾਤਰਾ ਜੋ ਉਨ੍ਹਾਂ ਸਮਿਆਂ ਵਿੱਚ ਬੜੀ ਕਠਨ ਤੇ ਦੁਰਲੱਭ ਹੁੰਦੀ ਸੀ। ਅੱਜ ਕੱਲ੍ਹ ਤਾਂ ਬਹੁਰ ਸਾਰੀਆਂ ਸਹੂਲਤਾਂ ਹੋ ਗਈਆਂ, ਨਿਤਾ-ਪ੍ਰਤੀ ਯਾਤਰਾ ਟਰੇਨਾਂ ਤੇ ਬਸਾਂ ਆਮ ਜਾਂਦੀਆਂ ਹਨ। ਉਨ੍ਹਾਂ ਸਮਿਆਂ ਵਿੱਚ ਹਜ਼ੂਰ ਸਾਹਿਬ ਦੀ ਯਾਤਰਾ ਕਰਨ ਵਾਲੇ ਸਿੰਘ ਦਾ ਨਾਮ ਹਜ਼ੂਰੀਆ ਸਿੰਘ ਪੈ ਜਾਂਦਾ। ਜਿਵੇਂ ਮੱਕੇ ਜਾਣ ਵਾਲੇ ਨੂੰ ਹਾਜੀ ਆਖਿਆ ਜਾਂਦਾ ਹੈ। ਦੂਜਾ ਲਾਭ ਹਰ ਰੋਜ਼ ਮਹਾਂ-ਪੁਰਸ਼ਾਂ ਦੇ ਦਰਸ਼ਨ ਕਰਨ ਦਾ ਤੇ ਬਚਨ ਸੁਣਨ ਦਾ ਹੈ। ਸੋ ਕਈ ਵਡਭਾਗੀ ਤਿਆਰ ਹੋ ਗਏ ਜਿਨ੍ਹਾਂ ਵਿੱਚੋਂ ਕੁਝ ਕੁ ਦੇ ਇਹ ਨਾਮ ਹਨ:

ਵੱਡੇ ਬਾਬਾ ਜੀ ਮਹਾਰਾਜ ਆਪ, ਸੰਤ ਭਗਵਾਨ ਸਿੰਘ ਜੀ ਮਹੰਤ ਰੇਰੂ ਸਾਹਿਬ, ਵੱਡੇ ਸੰਤ ਮਹਾਰਾਜ ਰਾੜੇ ਸਾਹਿਬ ਵਾਲੇ, ਛੋਟੇ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲੇ, ਬੰਕਾ ਸਿੰਘ ਗ੍ਰੰਥੀ ਗੁਰਦੁਆਰੇ ਰੇਰੂ ਸਾਹਿਬ ਦੇ, ਬਾਬਾ ਬਿਸ਼ਨ ਸਿੰਘ ਰਾਮਪੁਰ ਦੇ। ਚੰਦਾ ਸਿੰਘ ਰਾਮਪੁਰ ਪਿੰਡ ਦੇ ਤੇ ਉਸਦੇ ਘਰ ਵਾਲੀ ਪ੍ਰਤਾਪ ਕੌਰ, ਨਿਰੰਜਨ ਸਿੰਘ, ਕਨੇਚ ਦਾ ਨਾਹਰ ਸਿੰਘ ਤੇ ਸੁਰਜਨ ਸਿੰਘ ਇਹ ਦੋਵੇਂ ਪਹਿਲਾਂ ਪੁੱਜੇ ਹੋਏ ਸਨ, ਮਿਤ ਸਿੰਘ ਜੀ ਅਤੇ ਉਸਦੇ ਘਰੋਂ, ਕੁੰਦਨ ਸਿੰਘ ਸੰਤ ਮਹਾਰਾਜ ਦਾ ਲਾਂਗਰੀ, ਮੇਦਪੁਰ ਦਾ ਸੇਵਾ ਸਿੰਘ ਆਦਿ ਇਉਂ ਹੋਰ ਵੀ ਬਹੁਤ ਸਾਰੇ ਪ੍ਰੇਮੀ ਸਨ। ਸਾਰੀ ਤਿਆਰੀ ਕਰਕੇ ਅੱਸੂ ਸੁਦੀ ਦੂਜ ਨੂੰ ਦੋਰਾਹੇ ਸਟੇਸ਼ਨ ਤੋਂ ਦੁਪਹਿਰ ਦੀ ਗੱਡੀ ਬੈਠ ਗਏ। ਸ਼ਾਮ ਦੇ ੯ ਵਜੇ ਦਿੱਲੀ ਜਾ ਉੱਤਰੇ, ਰਾਤ ਸੀਸ ਗੰਜ ਗੁਰਦੁਆਰੇ ਆਰਾਮ ਕੀਤਾ। ਏਥੇ ਦੂਜੇ ਦਿਨ ਦੁਪਿਹਰ ਦੇ ਸਮੇਂ ਸੰਤ ਜੀ ਮਹਾਰਾਜ ਦਾ ਸੇਵਾਦਾਰ ਨੇ ਪ੍ਰਸ਼ਾਦਾ ਤਿਆਰ ਕੀਤਾ ਜੋ ਆਪ ਜੀ ਬਿਬੇਕ ਦਾ ਛਕਿਆ ਕਰਦੇ। ਸਾਥੀਆਂ ਨੇ ਵੀ ਪ੍ਰਸ਼ਾਦਾ ਛਕਿਆ, ਸਾਰੇ ਗੁਰ-ਅਸਥਾਨਾਂ ਦੀ ਯਾਤਰਾ ਕੀਤੀ। ਫੇਰ ਰਾਤ ਦੀ ਗੱਡੀ ਬੈਠ ਕੇ ਦੂਜੀ ਰਾਤ ਗਵਾਲੀਅਰ ਠਹਿਰੇ। ਇਸੇ ਤਰ੍ਹਾਂ ਇੱਕ ਰਾਤ ਮਨਮਾੜ ਦੇ ਗੁਰਦੁਆਰੇ ਸਾਹਿਬ ਦਰਸ਼ਨ ਦੀਦਾਰ ਕੀਤਾ। ਦੁਸਹਿਰੇ ਤੋਂ ਦੋ ਦਿਨ ਪਹਿਲਾਂ ਹੀ ਹਜ਼ੂਰ ਸਾਹਿਬ ਪੁੱਜ ਗਏ। ਬਾਬਾ ਨਿਧਾਨ ਸਿੰਘ ਜੀ ਦੇ ਡੇਰੇ ਜਿੱਥੇ ਕਲਗੀਆਂ ਵਾਲੇ ਪਾਤਸ਼ਾਹ ਜੀ ਦਾ ਲੰਗਰ ਹੁੰਦਾ ਸੀ, ਉਥੇ ਰਹਾਇਸ਼ ਰੱਖੀ। ਰਸਤੇ ਵਿੱਚ ਜਾਂਦਿਆਂ ਅਤੇ ਆਉਣ ਦੇ ਸਮੇਂ ਆਪ ਜੀ ਨੇ ਜਿਸ ਜਗ੍ਹਾ ਵੀ ਗੁਰਦੁਆਰੇ ਸਾਹਿਬ ਦੀ ਯਾਤਰਾ ਕਰਨੀ ਉਸ ਥਾਂ ਸੇਵਾ ਪੰਜ ਰੁਪਏ ਭੇਟਾ ਕਰਨੇ ਅਤੇ ਜਿੱਥੇ ਕਿਸੇ ਪ੍ਰੇਮੀ ਦੇ ਪ੍ਰੇਮ ਨੂੰ ਦੇਖਕੇ ਜਲ ਪਾਣੀ ਛਕਣਾ, ਉਸ ਜਗ੍ਹਾ ਸਵਾ ਗਿਆਰਾਂ ਰੁਪਏ ਅਰਪਣੇ। ਜਿੱਥੇ ਰਾਤ ਠਹਿਰਣਾ ਨਾਲ ਦੀ ਸੰਗਤ ਨੇ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਣਾ ਉਥੇ ਪੱਚੀ ਰੁਪਏ ਭੇਟਾ ਕਰਨੇ।

ਸੰਤ ਮਹਾਰਾਜ ਜੀ ਦਾ ਬਾਬਾ ਨਿਧਾਨ ਸਿੰਘ ਜੀ ਨੇ ਬੜਾ ਆਦਰ ਸਤਿਕਾਰ ਕੀਤਾ। ਰਹਾਇਸ਼ ਵਾਸਤੇ ਕਮਰਾ, ਪਲੰਘਾ ਤੇ ਬਿਸਤ੍ਰਾ ਦਿੱਤਾ ਪਰ ਮਹਾਂ-ਪੁਰਸ਼ਾਂ ਨੇ ਬੇਨਤੀ ਕੀਤੀ ਕਿ ਇਸ ਪਾਵਨ ਧਰਤੀ ਤੇ ਭੂਮ ਆਸਨ ਹੀ ਹਾਜ਼ਰੀ ਭਰਨੀ ਹੈ। ਸਾਥੀਆਂ ਸਮੇਤ ਗੋਦਾਵਰੀ ਵਿਖੇ ਇਸ਼ਨਾਨ ਕਰਕੇ ਭੇਟਾ ਅਰਪ ਕੇ ਗੁਰੂ ਦਰਬਾਰ ਦੇ ਦਰਸ਼ਨ ਕੀਤੇ।

ਦੂਸਰੇ ਦਿਨ ਕਲਗੀਆਂ ਵਾਲੇ ਪਾਤਸ਼ਾਹ ਜੀ ਦਾ ਖ਼ਾਸ ਸਵਾਰੀ ਵਾਲਾ ਘੋੜਾ ਸ਼ਿੰਗਾਰਿਆ ਗਿਆ। ਜਦੋਂ ਸੁਨਹਿਰੀ ਕਾਠੀ ਪਾ ਕੇ ਤੰਗ ਕਸਿਆ ਅਤੇ ਮੁੱਖ ਵਿੱਚ ਲਗਾਮ ਦਿੱਤੀ ਤਾਂ ਘੋੜੇ ਦੇ ਕੰਨ ਇਉਂ ਖੜੇ ਹੋ ਗਏ ਜਿਵੇਂ ਆਪਣੇ ਮਾਲਕ ਦੀ ਉਡੀਕ ਵਿੱਚ ਅਸਵਾਰੀ ਵਾਲਾ ਘੋੜਾ ਤਿਆਰ ਹੋ ਕੇ ਖੜੋਂਦਾ ਹੈ। ਬਾਜ਼ਾਂ ਵਾਲੇ ਗੁਰੂ ਦਾ ਘੋੜਾ

ਜਾਣਕੇ ਸੰਗਤਾਂ ਵੀ ਉਸਨੂੰ ਭਾਵਨਾ ਨਾਲ ਮੱਥੇ ਟੇਕਦੀਆਂ ਸਨ। ਪਹਿਲਾਂ ਵੀ ਇਹ ਖੜ੍ਹਾ ਹੀ ਨਿਹਾਰੀਆਂ ਛਕਦਾ। ਪੱਕੀਆਂ ਰਸਦਾਂ ਲੱਗੀਆਂ ਰਹਿੰਦੀਆਂ, ਇਸੇ ਸਮੇਂ ਹੀ ਸ਼ਿੰਗਾਰਿਆ ਜਾਂਦਾ। ਅੱਗੇ ਪਿੱਛੇ ਜਿੱਥੇ ਮਰਜ਼ੀ ਹੈ ਖੁੱਲ੍ਹਾ ਵਿਚਰਦਾ ਕੋਈ ਰੋਕ ਨਹੀਂ ਹੁੰਦੀ। ਸ਼ਹਿਰ ਵਿੱਚ ਵੀ ਇਸਦਾ ਹਰ ਇੱਕ ਦੁਕਾਨਦਾਰ ਸਤਿਕਾਰ ਕਰਦਾ। ਜਦੋਂ ਕਿਸੇ ਦੀ ਦੁਕਾਨ ਅੱਗੋਂ ਲੰਘਦਾ ਤਾਂ ਪ੍ਰੇਮੀ ਦਰਸ਼ਨ ਪਾ ਕੇ ਆਪਣੇ ਆਪ ਨੂੰ ਧੰਨ ਭਾਗਾ ਸਮਝਦੇ ਅਤੇ ਸ਼ਰਧਾ ਅਨੁਸਾਰ ਉਸਨੂੰ ਜ਼ਰੂਰ ਹੀ ਕੁਝ ਨਾ ਕੁਝ ਛਕਣ ਵਾਸਤੇ ਭੇਟਾ ਕਰਦੇ। ਇਉਂ ਇਸ ਭਾਗਾਂ ਵਾਲੇ ਵਿਸ਼ਵ ਪੂਜਯ ਘੋੜੇ ਦੀ ਜਦੋਂ ਸੱਚ ਖੰਡ ਦਰਬਾਰ ਅੱਗੇ ਆ ਕੇ ਅਰਸ਼ੀ ਦਾਤਾਰ ਦੇ ਚਰਨਾਂ ਵਿੱਚ ਅਰਦਾਸ ਕੀਤੀ ਤੇ ਆਖਿਆ, "ਹੇ ਅਰਸ਼ਾਂ ਕੁਰਸ਼ਾਂ ਦੇ ਵਾਲੀ! ਨੀਲੇ ਵਾਲੇ! ਫੌਜਾਂ ਦੇ ਮਾਲਕ! ਆਪ ਆਪਣੇ ਘੋੜੇ ਤੇ ਅਸਵਾਰ ਹੋ ਕੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਦੀਦਾਰ ਬਖ਼ਸ਼ੋ।" ਇਉਂ ਅਰਦਾਸ ਦੀ ਸਮਾਪਤੀ ਉਪ੍ਰੰਤ ਜਦੋਂ ਅਰਦਾਸੀਏ ਦੇ ਮੁਖੋਂ *'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ'* ਇਹ ਅੱਖਰ ਨਿਕਲੇ ਤਾਂ ਉਸ ਸਮੇਂ ਘੋੜੇ ਦੀ ਕਾਠੀ ਇਉਂ ਜਰਕੀ ਜਿਵੇਂ ਪੁੱਤਰਾਂ ਦੇ ਦਾਨੀ ਅੰਮ੍ਰਿਤ ਸੰਚਾਲਕ ਨੇ ਆਪ ਹੀ ਆਕੇ ਕੇ ਅਸਵਾਰੀ ਕਰ ਲਈ ਹੋਵੇ। ਆਪਣੇ ਮਾਲਕ ਨੂੰ ਆਇਆ ਜਾਣਕੇ ਘੋੜੇ ਨੇ ਆਪਣੀ ਧੌਣ ਇਉਂ ਤਣ ਲਈ ਜਿਵੇਂ ਅਸਵਾਰ ਦੇ ਹੱਥੀਂ ਲਗਾਮ ਕਸਿਆਂ ਤਣੀਦੀ ਹੈ। ਧਰਤੀ ਤੇ ਪੌੜ ਮਾਰਨ ਲੱਗਿਆ ਸਾਰਾ ਸਰੀਰ ਮੁੜ੍ਹਕੋ-ਮੁੜ੍ਹਕੀ ਹੋ ਗਿਆ। ਦੋ ਤਿੰਨ ਸੇਵਾਦਾਰਾਂ ਦਾ ਫੜਿਆ ਵੀ ਕਾਬੂ ਵਿੱਚ ਰਹਿਣਾ ਔਖਾ ਹੋ ਗਿਆ। ਉਸ ਸਮੇਂ ਸ਼ਰਧਾਲੂ ਪ੍ਰੇਮੀਆਂ ਦਾ ਪੂਰਨ ਨਿਸ਼ਚਾ ਹੋ ਗਿਆ ਕਿ ਅਰਦਾਸ ਤੋਂ ਬਾਅਦ ਐਸ ਵੇਲੇ ਸਤਿਗੁਰੂ ਜੀ ਆਪ ਘੋੜੇ ਤੇ ਅਸਵਾਰ ਹੋ ਗਏ ਪਰ ਦਿੱਸੇ ਕਿਸੇ ਵਡਭਾਗੀ ਨੂੰ ਹੀ। ਸਭਨਾਂ ਦੇ ਮਨਾਂ ਵਿੱਚ ਅਚਾਨਕ ਹੀ ਖ਼ੁਸ਼ੀ ਦੀ ਲਹਿਰ ਪ੍ਰਵੇਸ਼ ਹੋ ਆਈ। ਜਦੋਂ ਜਲੂਸ ਅੱਗੇ ਤੁਰਿਆ ਤਾਂ ਘੋੜਾ ਬੜੀ ਤੇਜ਼ੀ ਨਾਲ ਧਰਤੀ ਤੇ ਪੌੜ ਮਾਰਦਾ ਹੋਇਆ ਚਾਹੁੰਦਾ ਹੈ ਕਿ ਮੈਨੂੰ ਦੌੜਣ ਦੀ ਪੂਰੀ ਖੁੱਲ੍ਹ ਮਿਲਣੀ ਚਾਹੀਦੀ ਹੈ। ਉਸਦੇ ਮਨ ਦਾ ਆਸਾ ਜਾਣਕੇ ਅਤੇ ਪ੍ਰਬੰਧਕਾਂ ਦੇ ਹੁਕਮ ਨਾਲ ਜਦੋਂ ਸੇਵਾਦਾਰਾਂ ਨੇ ਘੋੜੇ ਦੀਆਂ ਵਾਗਾਂ ਢਿੱਲੀਆਂ ਕਰਕੇ ਉਸਨੂੰ ਦੌੜਣ ਦੀ ਪੂਰੀ ਖੁੱਲ੍ਹ ਕਰ ਦਿੱਤੀ ਤਾਂ ਉਹ ਇਤਨਾ ਤੇਜ਼ ਨੱਸਿਆ ਕਿ ਇੱਕ ਦੋ ਸੇਵਾਦਾਰ ਹੀ ਸਾਥ ਦੇ ਸਕੇ, ਬਾਕੀ ਦੇ ਸਭ ਪਿੱਛੇ ਰਹਿ ਗਏ। ਭਾਵੇਂ ਘੋੜੇ ਦੇ ਨਾਲ ਨੱਠਣ ਦੀ ਸੰਗਤ ਨੇ ਵੀ ਬੜੀ ਵਾਹ ਲਾਈ ਪਰ ਸਾਰੇ ਹੰਭ ਕੇ ਰੁਕ ਗਏ। ਸਿਰਫ ਇਕੋ-ਇਕ ਪੰਜਾਬੋਂ ਆਇਆ ਬ੍ਰਿਧ ਬਾਬਾ ਸੱਠਾਂ ਸਾਲਾਂ ਦੀ ਉਮਰ ਦਾ ਨਾਲ ਜਾ ਰਿਹਾ ਸੀ, ਏਹੋ ਹੀ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਸਨ।

ਪਿੱਛੇ ਦੌੜੇ ਜਾ ਰਹੇ ਸਾਥੀ ਦੂਰੋਂ ਨੀਝ ਲਾ ਕੇ ਤੱਕੀ ਜਾਂਦੇ ਹਨ ਕਿ ਬਾਬਾ ਜੀ ਨੇ ਪੂਰੇ ਜ਼ੋਰ ਨਾਲ ਫੌਜੀਆਂ ਵਾਲੀ ਦੌੜ ਲਾਈ ਤੇ ਐਨ ਘੋੜੇ ਦੇ ਨਾਲ ਰਲ ਕੇ ਰਕਾਬ ਨੂੰ ਪਕੜਕੇ ਉਸ ਉੱਤੇ ਆਪਣਾ ਸਿਰ ਰੱਖ ਦਿੱਤਾ। ਸ਼ਰਧਾਲੂ ਜਾਣ ਗਏ ਐਸ ਵੇਲੇ ਬਾਬਾ ਜੀ ਨੇ ਕਲਗੀਆਂ ਵਾਲੇ ਪਾਤਸ਼ਾਹ ਨੂੰ ਨਮਸ਼ਕਾਰ ਕੀਤੀ ਹੈ। ਫੇਰ ਜਦੋਂ ਸ਼ਾਮੀਂ ਵਾਪਸ ਡੇਰੇ ਆਏ ਤਾਂ ਅਰਜ਼ ਕੀਤੀ, "ਮਹਾਰਾਜ! ਜਦੋਂ ਆਪ ਜੀ ਨੇ ਖ਼ਾਲੀ ਰਕਾਬ ਤੇ ਸੀਸ ਰੱਖਿਆ ਸੀ, ਆਪ ਜੀ ਨੂੰ ਉਸ ਸਮੇਂ ਸਤਿਗੁਰਾਂ ਦੇ ਦੀਦਾਰ ਹੋਏ ਸਨ?" ਤਾਂ ਸੰਤਾਂ ਨੇ ਆਖਿਆ, "ਬਈ! ਜੇ ਸ਼ਰਧਾਲੂ ਪ੍ਰੇਮੀ ਏਥੇ ਆਉਂਦਾ ਹੀ ਏਸੇ ਪ੍ਰਯੋਜਨ ਨੂੰ ਮੁੱਖ ਰੱਖਕੇ ਹੈ ਫੇਰ ਦਰਸ਼ਨ ਕਿਵੇਂ ਨਾ ਹੋਵਣ। ਇਹ ਗੁਰੂ ਸਾਹਿਬਾਂ ਦਾ ਸੇਵਕਾਂ ਨੂੰ ਨਿਵਾਜਣ ਵਾਲਾ ਆਪਣਾ ਬਿਰਦ ਹੈ।"

ਉਪ੍ਰੰਤ ਮਾਤਾ ਜੀ ਦੇ ਗੁਰਦੁਆਰੇ ਸਾਹਿਬ ਜਾਕੇ ਬ੍ਰਹਮ ਗਿਆਨੀ ਮਹਾਂ-ਪੁਰਸ਼ ਬਾਬਾ ਮਿੱਤ ਸਿੰਘ ਜੀ ਦੇ ਦਰਸ਼ਨ ਦੀਦਾਰ ਤੇ ਬਚਨ ਬਿਲਾਸ ਕੀਤੇ। ਸ਼ਿਕਾਰ ਘਾਟ (ਜਿਥੇ ਕਲਗੀਆਂ ਵਾਲੇ ਪਾਤਸ਼ਾਹ ਨੇ ਸਹੇ ਦੀ ਜੂਨ ਵਿੱਚ ਪਏ ਸਿਆਲਕੋਟ ਵਾਸੀ ਮੂਲੇ ਖੱਤਰੀ ਦਾ ਉਧਾਰ ਕੀਤਾ) ਅਤੇ ਹੀਰਾ ਘਾਟ ਦੀ ਯਾਤਰਾ ਕੀਤੀ। ਉਪ੍ਰੰਤ ਨਗੀਨਾ ਘਾਟ ਤੇ ਬਾਬਾ ਬੰਦਾ ਬਹਾਦਰ ਜੀ ਦੇ ਅਸਥਾਨ ਦੇ ਦਰਸ਼ਨ ਦੀਦਾਰ ਕੀਤੇ।

ਗੁਰਦੁਆਰਾ ਲੰਗਰ ਸਾਹਿਬ ਤੇ ਸਚਖੰਡ ਦਰਬਾਰ ਦੋਵੇਂ ਥਾਈਂ ਦੋ ਅਖੰਡ ਪਾਠ ਕਰਵਾ ਕੇ ਨਾਲ ਹੀ ਦੋਹੀਂ ਥਾਈਂ ਦੋ ਭੰਡਾਰੇ ਵੀ ਕੀਤੇ। ਇਉਂ ਆਪ ਏਥੇ ਕਈ ਦਿਨ ਠਹਿਰੇ। ਦਿਨ ਦੇ ਸਮੇਂ ਦਰਸ਼ਨ ਦੀਦਾਰ ਤੇ ਗੁਰੂ ਕੇ ਲੰਗਰ ਦੀ ਸੇਵਾ ਕਰਦੇ, ਰਾਤਰੀ ਨੂੰ ਗੋਦਾਵਰੀ ਦੇ ਕੰਢੇ ਅਲਾਹੀ ਯਾਦ ਵਿੱਚ ਜੁੜਦੇ। ਸਿਰਫ ਪ੍ਰਸ਼ਾਦ ਛਕਕੇ ਦੁਪਹਿਰ ਨੂੰ ਹੀ ਬਿਰਾਜਦੇ। ਸੁਬ੍ਹਾ ਤੇ ਸ਼ਾਮ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰਦੇ। ਫੇਰ ਕੱਤਕ ਦੀ ਪੁੰਨਿਆਂ ਦਾ ਗੁਰਪੁਰਬ ਨਜ਼ਦੀਕ ਜਾਣਕੇ ਪੰਜਾਬ ਵਾਪਸ ਆ ਗਏ ਅਤੇ ਰੇਰੂ ਸਾਹਿਬ ਸੰਗਤਾਂ ਨੂੰ ਦਰਸ਼ਨ ਦਿਤਾ।

# ਅੰਮ੍ਰਿਤਸਰ ਦੀ ਯਾਤਰਾ

ਇਸੇ ਤਰ੍ਹਾਂ ਕਈ ਵਾਰੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਵੀ ਗਏ। ਹੋਤੀ ਮਰਦਾਨ ਤੇ ਸੈਦੂ ਸਾਹਿਬ ਨੂੰ ਜਾਣ ਸਮੇਂ ਵੀ ਗੱਡੀ ਤੋਂ ਉੱਤਰ ਕੇ ਗੁਰੂ ਦਰਬਾਰ ਨੂੰ ਨਮਸ਼ਕਾਰ ਕਰਦੇ।

ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਦੇ ਸਮੇਂ ੧੯੨੧ ਈਸਵੀ ਨੂੰ ਵੀ ਸੰਗਤ ਸਮੇਤ ਆਏ। ਗੁਰਦੁਆਰੇ ਸਾਰਾ ਗੜ੍ਹੀ ਤੇ ਹੋਰ ਅਸਥਾਨਾਂ ਦੀ ਯਾਤਰਾ ਕੀਤੀ ਅਤੇ ਨਿਰਮਲ ਉਦੇਸ਼ ਦੇ ਐਡੀਟਰ ਸ੍ਰੀਮਾਨ ਮਹੰਤ ਹਰੀ ਸਿੰਘ ਜੀ ਦੇ ਪੂਜਯ ਗੁਰਦੇਵ ਸ੍ਰੀਮਾਨ ਮਹੰਤ ਹਰਨਾਮ ਸਿੰਘ ਦੇ ਪਾਸ ਗਲੀ ਬਾਗ਼ ਵਾਲੀ ਚੌਂਕ ਬਾਬਾ ਸਾਹਿਬ ਜੀ ਵਿਖੇ ਰਹਾਇਸ਼ ਰੱਖੀ। ਇਨ੍ਹਾਂ ਮਹਾਂ-ਪੁਰਸ਼ਾਂ ਨੇ ਆਪ ਜੀ ਦਾ ਹਾਰਦਿਕ ਸਤਿਕਾਰ ਕੀਤਾ ਕਿਉਂਕਿ ਪਹਿਲਾਂ ਹਰਿਦੁਆਰ ਦੀ ਅਰਧ ਕੁੰਭੀ ਤੋਂ ਵਾਪਸ ਆਉਂਦਿਆਂ ਬਾਬਾ ਅਇਆ ਸਿੰਘ ਜੀ ਮਹਾਰਾਜ ਵੀ ਏਥੇ ਹੀ ਠਹਿਰੇ ਸਨ।

# ਦੋਰਾਹੇ ਮੰਡੀ ਦੇ ਕਿਸ਼ੋਰੀ ਮੱਲ ਸੇਠ ਨੂੰ ਪੁੱਤਰਾਂ ਦਾ ਵਰ

੧੯੯੩ ਬਿਕ੍ਰਮੀ ਦੇ ਚੜ੍ਹਦੇ ਸਿਆਲ ਦੋਰਾਹੇ ਮੰਡੀ ਦੇ ਰਹਿਣ ਵਾਲੇ ਸੇਠ ਵੈਸ਼ਨੋ ਦਾਸ ਭੱਲੇ ਨੇ ਸੰਤਾਂ ਪਾਸ ਬੇਨਤੀ ਕੀਤੀ, "ਮਹਾਰਾਜ! ਆਪ ਕ੍ਰਿਪਾ ਕਰੋ ਕਾਫ਼ੀ ਸਮੇਂ ਤੋਂ ਮੇਰੇ ਮਨ ਦਾ ਖ਼ਿਆਲ ਹੈ ਕਿ ਆਪਣੇ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਪ੍ਰਾਰੰਭ ਕਰਵਾਵਾਂ। ਆਪਣੇ ਹੱਥੀਂ ਸਾਰਾ ਪਰਿਵਾਰ ਪਾਠੀਆਂ ਦੀ ਸੇਵਾ ਕਰੇ। ਸੋ ਆਪ ਵੀ ਸੰਗਤ ਸਮੇਤ ਜ਼ਰੂਰ ਪੁੱਜੋ ਤੇ ਪਾਠੀ ਵੀ ਤੁਹਾਡੇ ਵੱਲੋਂ ਹੀ ਜਾਵਣ।" ਸੰਤਾਂ ਨੇ ਇਸ ਦੀ ਬੇਨਤੀ ਪ੍ਰਵਾਨ ਕਰ ਲਈ। ਇਸਨੇ ਅਰਜ਼ ਕੀਤੀ, "ਮਹਾਰਾਜ! ਮੈਂ ਸਾਰੀ ਤਿਆਰੀ ਕਰ ਆਇਆਂ ਹਾਂ। ਆਪ ਕਲ੍ਹ ਹੀ ਪਾਠ ਪ੍ਰਾਰੰਭ ਕਰ ਦੇਵੋ।"

ਦੂਸਰੇ ਦਿਨ ਬਾਬਾ ਜੀ ਦੀ ਆਗਿਆ ਨਾਲ ਇਸਦੇ ਘਰ ਪਾਠੀ ਪੁੱਜ ਗਏ। ਤਿਆਰੀ ਕਰਕੇ ਅਖੰਡ ਪਾਠ ਦਾ ਪ੍ਰਾਰੰਭ ਕੀਤਾ। ਸਾਰਾ ਪ੍ਰਵਾਰ ਬੜੇ ਚਾਅ ਨਾਲ ਪਾਠ ਵੀ ਸਰਵਣ ਕਰਦਾ ਸੀ ਅਤੇ ਸੰਗਤ ਦੀ ਸੇਵਾ ਵਿੱਚ ਵੀ ਪੂਰਨ ਹਿੱਸਾ ਲੈ ਰਿਹਾ ਸੀ। ਭੋਗ ਪੈਣ ਵਾਲੇ ਦਿਨ ਅੰਮ੍ਰਿਤ ਵੇਲੇ ਵੈਸ਼ਨੋ ਦਾਸ ਡੇਰੇ ਗਿਆ ਤੇ ਸੰਤਾਂ ਨੂੰ ਨਮਸ਼ਕਾਰ ਕਰਕੇ ਅਰਜ਼ ਕੀਤੀ, "ਆਪ ਜੀ ਵੀ ਸੰਗਤ ਨੂੰ ਚੱਲ ਕੇ ਦਰਸ਼ਨ ਬਖ਼ਸ਼ੋ ਅਤੇ ਆਸਾ ਜੀ ਦੀ ਵਾਰ ਦੇ ਕੀਰਤਨ ਵਾਸਤੇ ਰਾਗੀ ਵੀ ਭੇਜ ਦਿਓ।" ਇਸਦੀ ਬੇਨਤੀ ਪ੍ਰਵਾਨ ਕਰਕੇ ਸੰਤਾਂ ਨੇ ਕੀਰਤਨੀਏ ਸਿੰਘ ਵੀ ਭੇਜ ਦਿੱਤੇ ਅਤੇ ਭੋਗ ਦੇ ਸਮੇਂ ਆਪ ਵੀ ਚਲੇ ਗਏ। ਉਸ ਸਮੇਂ ਮਹਾਂ-ਤਿਆਗੀ ਬੀਤ-ਰਾਗ ਵੈਰਾਗ ਦੀ ਔਧੀ ਸੰਤ ਜੀ ਮਹਾਰਾਜ ਦੇ ਗੜਵਈ ਸੰਤ ਈਸ਼ਰ ਸਿੰਘ ਜੀ ਨੂੰ ਤੱਕਕੇ ਭਗਤ ਵੈਸ਼ਨੋ ਦਾਸ ਨੇ ਦਾਤੇ ਦੇ ਚਰਨਾਂ ਵਿੱਚ ਅਰਜ਼ ਕੀਤੀ, "ਮਹਾਰਾਜ! ਜੇਕਰ ਹਜ਼ੂਰ ਦਾ ਹੁਕਮ ਹੋਵੇ ਤਾਂ ਇਸ ਮੋਹਨੀ ਮੂਰਤੀ ਜਿਸਦਾ ਦਰਸ਼ਨ ਮਨ ਨੂੰ ਖਿੱਚ ਅਤੇ ਠੰਢ ਪਾਉਂਦਾ ਹੈ, ਮੈਂ ਆਪਣੇ ਵਲੋਂ ਇਨ੍ਹਾਂ ਨੂੰ ਗਰਮ ਭੂਰੀ ਦੇਣਾ ਚਾਹੁੰਦਾ ਹਾਂ।"

ਸੰਤਾਂ ਨੇ ਹੱਸ ਕੇ ਉੱਤਰ ਦਿਤਾ, "ਚੰਗਾ ਬਈ! ਤੇਰੀ ਮਰਜ਼ੀ ਹੈ ਪਰ ਇਉਂ ਨਾ ਸਮਝੀਂ ਕਿ ਇਸਦੇ ਪਾਸ ਬਸਤਰ ਹੈ ਨਹੀਂ। ਇਹ ਤਾਂ ਜਾਣਕੇ ਹੀ ਆਪਣੇ ਆਪ ਸਰੀਰ ਨੂੰ ਖੇਦ ਦੇ ਰਹੇ ਹਨ। ਇਸਨੂੰ ਤਾਂ ਤਿੰਨ-ਤਿੰਨ ਹਜ਼ਾਰ ਦੀ ਕੀਮਤ ਵਾਲੀਆਂ ਭੂਰੀਆਂ ਦੇਣ ਵਾਲੇ ਪ੍ਰੇਮੀ ਉਡੀਕ ਰਹੇ ਹਨ।"

ਸੰਤਾਂ ਦਾ ਬਚਨ ਸੁਣ ਕੇ ਉਸਨੇ ਮਹਾਰਾਜ ਦੇ ਉਪਰ ਗਰਮ ਭੂਰੀ ਪਾ ਦਿੱਤੀ। ਜੋ ਨੇਤਰ ਬੰਦ ਕਰੀ ਮਸਤੀ ਵਿੱਚ ਕੀਰਤਨੀਆਂ ਨਾਲ ਚਿਮਟਾ ਵਜਾ ਰਹੇ ਹਨ। ਅਖੰਡ ਪਾਠ ਦਾ ਭੋਗ ਪਿਆ ਤਾਂ ਸਰਦਾਰ ਹੀਰਾ ਸਿੰਘ, ਭਾਗ ਸਿੰਘ ਨੇ ਜੋ ਮਾਝੇ ਦੇ ਵਸਨੀਕ ਏਥੇ ਦੋਰਾਹੇ ਮੰਡੀ ਸ਼ਤੀਰੀਆਂ ਦੀ ਦੁਕਾਨ ਕਰਦਾ ਸੀ, ਸੇਠ ਵੈਸ਼ਨੋ ਦਾਸ ਤੇ ਉਸਦੇ ਪੁੱਤਰ ਕਿਸ਼ੋਰੀ ਮਲ ਦੀ ਵੀ ਸ਼ਤੀਰੀਆਂ ਵੇਚਣ ਦੀ ਦੁਕਾਨ ਸੀ ਜਿਸ ਕਰਕੇ ਇਨ੍ਹਾਂ ਦਾ ਆਪਸ ਵਿੱਚ ਬੜਾ ਪਿਆਰ ਸੀ। ਇਸਨੇ ਕਸ਼ੋਰੀ ਮੱਲ ਵਲੋਂ ਅਰਜ਼ ਕੀਤੀ ਕਿ ਮਹਾਰਾਜ! ਇਹ ਬੜਾ ਪ੍ਰੇਮੀ ਤੇ ਸਤਸੰਗੀ ਭਗਤ ਹੈ ਉਮਰ ਕਾਫ਼ੀ ਹੋ ਚੁੱਕੀ ਹੈ ਪਰ ਇਸਦੇ ਘਰ ਕੋਈ ਬੱਚਾ ਨਹੀਂ, ਆਪ ਕ੍ਰਿਪਾ ਕਰਕੇ ਵੇਲ ਹਰੀ ਕਰੋ। ਹਜ਼ੂਰ ਨੇ ਨੇਤ੍ਰ ਬੰਦ ਕਰ ਲਏ ਅਤੇ ਕੁਝ ਸਮੇਂ ਵਾਸਤੇ ਚੁੱਪ ਕਰ ਰਹੇ ਫੇਰ ਰੱਬੀ ਰੰਗ ਵਿੱਚ ਰੱਤੇ ਨੇਤ੍ਰ ਖੋਲ੍ਹੇ ਤੇ ਕਿਹਾ:

ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ ॥

(ਪੰਨਾ ੧੧੬)

ਅਥਵਾ: ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥
ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ ॥

(ਪੰਨਾ ੫੨)

"ਗੁਰੂ ਨਾਨਕ ਨਿਰੰਕਾਰੀ ਦਾ ਭੰਡਾਰਾ ਅਤੁਟ ਹੈ ਉਸਦੇ ਘਰ ਵਿੱਚ ਕਿਸੇ ਵਸਤੂ ਦਾ ਘਾਟਾ ਨਹੀਂ, ਗੁਰ-ਚਰਨਾਂ ਵਿੱਚ ਅਰਦਾਸ ਕਰੋ ਭਾਵਨਾ ਪੂਰੀ ਹੋਵੇਗੀ।" ਸੰਤਾਂ ਦਾ ਹੁਕਮ ਮੰਨਕੇ ਅਰਦਾਸ ਕੀਤੀ ਗਈ, ਹੁਕਮ ਲੈ ਕੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਕਿਸ਼ੋਰੀ ਮੱਲ ਦੇ ਘਰੋਂ ਬੀਬੀ ਨੇ ਸੰਤਾਂ ਨੂੰ ਭੇਟਾ ਰੱਖਕੇ ਮੱਥਾ ਟੇਕਿਆ। ਹਜ਼ੂਰ ਨੇ ਆਪਣੇ ਹੱਥੀਂ ਇਨ੍ਹਾਂ ਨੂੰ ਪ੍ਰਸ਼ਾਦ ਦਿੱਤਾ ਤੇ ਫਿਰ ਡੇਰੇ ਆ ਗਏ। ਸਮਾਂ ਪਾ ਕੇ ਉਸਦੇ ਘਰ ਪੰਜ ਪੁੱਤਰ ਜਨਮੇਂ ਜੋ ਉਹ ਵੀ ਅੱਜ ਪੋਤਰਿਆਂ ਵਾਲੇ ਹਨ ਅਤੇ ਗੁਰੂ ਘਰ ਦੇ ਪੂਰਨ ਪ੍ਰੇਮੀ ਤੇ ਸੰਤਾਂ ਦੇ ਸ਼ਰਧਾਲੂ ਹਨ।

# ਕਿਸ਼ੋਰੀ ਮਲ ਨੂੰ ਪੁੱਤਰ ਦਾ ਵਰ ਕਵਿਤਾ

*ਕਿਹਾ ਬੋਲ ਸੀ ਮੁਖ ਮੁਬਾਰਕਾਂ ਤੋਂ*
*ਸਮੇਂ ਨਾਲ ਤਾਂ ਫੁਲ ਕੇ ਫ਼ਲ ਬੈਠਾ।*
*ਸੰਤ ਪੀਰ ਜੇ ਦਾਬ ਨੂੰ ਦਬ ਦੇਵਣ*
*ਕੱਲਰ ਵਿੱਚ ਵੀ ਜਾਊਗਾ ਮੱਲ ਬੈਠਾ।*
*ਉਮਰ ਹੋਈ ਸੀ ਨੇੜ ਜਾਂ ਸੱਠ ਓਹਦੀ*
*ਬੁਢੇਪਾ ਮਾਰਦਾ ਕਾਲਜੇ ਸੱਲ ਬੈਠਾ।*
*ਮੇਹਰ ਤਰਸਦੀ ਤੁਸਾਂ ਨੇ ਹੱਦ ਕੀਤੀ*
*ਮੁੰਡਾ ਪੰਜਵਾਂ ਖੇਡਣ ਨੂੰ ਘੱਲ ਬੈਠਾ।*
*ਭੁੱਜੇ ਬੀਜ ਤਾਂ ਯਾਰੋ ਉਗ ਪੈਂਦੇ*
*ਹੁਕਮ ਪਿਆਰੜਾ ਗੁਰੂ ਜੀ ਘੱਲ ਬੈਠਾ।*
*ਅਰਜ਼ਾਂ ਮੇਰੀਆਂ ਕੁਦਰਤਾਂ ਤੇਰੀਆਂ ਨੇ*
*ਸੁਕਾ ਰੁੱਖ ਵੀ ਦਿੰਦਾ ਏ ਫ਼ਲ ਬੈਠਾ।*

# ਵਲੈਤ ਖ਼ਾਂ ਹਕੀਮ ਨੂੰ ਉਪਦੇਸ਼

ਸੰਤ ਜੀ ਮਹਾਰਾਜ ਦੀ ਸ਼ੋਭਾ ਸੁਣਕੇ ਸਾਨ੍ਹੇਵਾਲ ਤੋਂ ਵਲੈਤ ਖ਼ਾਂ ਹਕੀਮ ਦਰਸ਼ਨਾਂ ਨੂੰ ਆਇਆ। ਸਵੇਰ ਦਾ ਸਮਾਂ ਸੀ, ਹਜ਼ੂਰ ਇਕਾਂਤ ਅਸਥਾਨ ਵਿਖੇ ਬਾਹਰ ਬਗ਼ੀਚੀ ਵਿੱਚ ਬੈਠੇ ਸਨ। ਕੁਝ ਕੁ ਸਮਾਂ ਚੁੱਪ ਰਹਿਣ ਤੋਂ ਬਾਅਦ ਅਰਜ਼ ਕੀਤੀ, "ਪੀਰ ਜੀ! ਕ੍ਰਿਪਾ ਕਰਕੇ ਕੋਈ ਪਵਿੱਤਰ ਉਪਦੇਸ਼ ਬਖ਼ਸ਼ੋ।" ਸੰਤ ਜੀ ਮਹਾਰਾਜ ਬੋਲੇ, "ਕੰਮ ਕੀ ਕਰਿਆ ਕਰਦੈਂ?" ਇਸਨੇ ਅਰਜ਼ ਕੀਤੀ, "ਮਹਾਰਾਜ! ਅੱਲਾ ਤਾਲਾ ਦੀ ਕ੍ਰਿਪਾ ਹੈ ਕਈ ਪੁਸ਼ਤਾਂ ਤੋਂ ਹਿਕਮਤ ਦਾ ਵਿਵਹਾਰ ਚਲਦਾ ਹਾਂ ਯੂਨਾਨੀ ਤੇ ਵੈਦਿਕ ਹਕੀਮ ਹਾਂ।" ਸੰਤਾਂ ਨੇ ਹੱਸਕੇ ਪੁੱਛਿਆ, "ਹਿਕਮਤ ਦਾ ਕੀ ਅਰਥ ਹੈ?"

ਇਸ ਤਰ੍ਹਾਂ ਦੇ ਬਚਨ ਸੁਣਕੇ ਇਸਨੇ ਕਿਹਾ, "ਮਹਾਰਾਜ! ਜੋ ਮਰੀਜ਼ਾਂ ਨੂੰ ਦਵਾਈ ਬੂਟੀ ਕਰਨੀ ਹੈ ਏਸ ਨੂੰ ਹਿਕਮਤ ਜਾਂ ਹਕੀਮੀ ਕਹਿੰਦੇ ਹਨ।"

ਸੰਤ ਜੀ ਬੋਲੇ, "ਹਕੀਮ ਜੀ! ਹਿਕਮਤ ਦਾ ਅਰਥ ਹੈ ਹਿੱਕ ਦੀ ਮੱਤ ਭਾਵ ਆਪਣੀ ਹਿਕ=ਬੁੱਧੀ ਦੀ ਸਿਆਣਪ, ਦਿਮਾਗ ਦੀ ਚਾਤੁਰਤਾ, ਭਾਵ ਮਰੀਜ਼ ਨੂੰ ਉਸਦੀ ਕਿਰਿਆ ਤੇ ਚੇਹਰਾ ਤੱਕ ਕੇ ਆਪਣੀ ਸਿਆਣਪ ਨਾਲ ਪਹਿਲਾਂ ਬੀਮਾਰੀ ਦੀ ਪਛਾਣ ਕਰੇ, ਫੇਰ ਉਸ ਮੁਤਾਬਕ ਦਵਾਈ ਦੇਵੇ, ਪ੍ਰਹੇਜ਼ ਦੱਸੇ"

ਯਥਾ:

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥

(ਪੰਨਾ ੧੪੮)

ਸੰਤ ਜੀ ਮਹਾਰਾਜ ਤੋਂ ਇਸ ਪ੍ਰਕਾਰ ਦੇ ਬਚਨ ਸੁਣਕੇ ਇਸਦੇ ਮਨ ਵਿੱਚ ਸ਼ਾਂਤੀ ਜਾਪੀ ਜਿਸ ਕਰਕੇ ਹੋਰ ਵੀ ਸ਼ਰਧਾ ਹੋ ਆਈ ਅਤੇ ਆਖਿਆ, "ਮਹਾਰਾਜ! ਅਸੀਂ ਤਾਂ ਆਪਣੀ ਉਪਜੀਵਕਾ ਵਾਸਤੇ ਹੀ ਇਹ ਕੰਮ ਕਰਦੇ ਹਾਂ, ਪਰ ਸਾਰੇ ਦੁੱਖ ਕਲੇਸ਼ ਤੇ ਅਸਾਧ ਰੋਗ ਤਾਂ ਗੁਰੂ ਪੀਰਾਂ ਦੀ ਸ਼ਰਨ ਵਿੱਚ ਆ ਕੇ ਮਿਟਦੇ ਹਨ।"

ਹਜ਼ੂਰ ਬੋਲੇ, "ਹਾਂ! ਗੁਰੂ ਪੀਰਾਂ ਦੀ ਸ਼ਰਨ ਲੈਣ ਵਾਲਿਆਂ ਦੇ ਦੁੱਖ ਘਟ ਜਾਂਦੇ ਹਨ, ਭਾਵ ਸੂਲੀ ਦੀ ਸੂਲ ਬਣ ਜਾਂਦੀ ਹੈ। ਕਿਉਂਕਿ ਸਰੀਰਕ ਦੁੱਖ ਤਾਂ ਸਰੀਰ ਦੇ ਅੰਤ ਹੋਣ ਤੱਕ ਹੀ ਹਨ ਅਤੇ ਹਰੇਕ ਸਰੀਰ ਵਿੱਚ ਕੋਈ ਨਾ ਕੋਈ ਰੋਗ ਹਨ, ਦੁੱਖ ਜ਼ਰੂਰ ਹੀ ਬਣਿਆ ਰਹਿੰਦਾ ਹੈ। ਜਿਵੇਂ ਸੰਸਾਰ ਦੁੱਖਾਂ ਦੀ ਖਾਨ ਹੈ। ਭਾਵ ਕਿ ਸਾਰਾ ਸੰਸਾਰ ਦੁਖੀ ਹੈ:

ਨਾਨਕ ਦੁਖੀਆ ਸਭੁ ਸੰਸਾਰੁ ॥ (ਪੰਨਾ ੯੫੪)

ਤਥਾ:

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥

(ਪੰਨਾ ੧੩੮੨)

ਪੰਚਮ ਪਾਤਸ਼ਾਹ ਜੀ ਨੇ ਫਰੀਦ ਦੇ ਸਲੋਕ ਦਾ ਉੱਤਰ ਦਿੱਤਾ ਕਿ ਗੁਰੂ ਦੀ ਸ਼ਰਨ ਆਉਣ ਵਾਲੇ ਉਪਰ ਇਨ੍ਹਾਂ ਸੰਸਾਰਕ ਦੁੱਖਾਂ ਦਾ ਬਲ ਨਹੀਂ ਪੈਂਦਾ।

ਯਥਾ: ਫਰੀਦਾ ਭੂਮਿ ਰੰਗਾਵਲੀ, ਮੰਝਿ ਵਿਸੂਲਾ ਬਾਗ ॥
ਜੋ ਜਨ ਪੀਰਿ ਨਿਵਾਜਿਆ, ਤਿੰਨ੍ਹਾ ਅੰਚ ਨ ਲਾਗ ॥

(ਪੰਨਾ ੧੩੮੨)

ਅਤੇ ਸਰੀਰ ਰੋਗਾਂ ਦੀ ਖਾਨ ਹੈ, ਗ੍ਰਹਿਸਥ ਚਿੰਤਾ ਦੀ ਖਾਨ ਹੈ। ਖਾਨ ਆਪਣੀ ਚੀਜ਼ ਤੋਂ ਖ਼ਾਲੀ ਨਹੀਂ ਰਹਿੰਦੀ, ਸਤਿਗੁਰਾਂ ਨੇ ਦੁੱਖ ਵੀ ਕਈ ਪ੍ਰਕਾਰ ਦੇ ਕਥਨ ਕੀਤੇ ਹਨ। ਯਥਾ:

ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥

(ਪੰਨਾ ੧੨੫੬)

ਇਹਨਾਂ ਦੁੱਖਾਂ ਦੀ ਨਿਵਰਤੀ ਦਾ ਸਾਧਨ ਦੁਨਿਆਵੀ ਵੈਦਾਂ ਹਕੀਮਾਂ ਪਾਸ ਨਹੀਂ ਹੈ। ਇਹ ਤਾਂ ਗੁਰੂ ਦੀ ਸ਼ਰਨ ਵਿੱਚ ਆ ਕੇ ਨਿਸ਼ਚੇ ਨਾਲ ਸੇਵਾ ਤੇ ਸਿਮਰਨ ਕਰੇ ਤਾਂ ਦੂਰ ਹੁੰਦੇ ਹਨ।"

# ਮਾਨਸਕ ਰੋਗਾਂ ਦਾ ਇਲਾਜ

ਸਤਿਗੁਰੂ ਨਾਨਕ ਦੇਵ ਜੀ ਨੇ ਹਰਦਾਸ ਵੈਦ ਪ੍ਰਤੀ ਕਥਨ ਕੀਤਾ ਹੈ ਕਿ ਜੋ ਦੇਹ ਦੀ ਹੰਗਤਾ ਮਮਤਾ ਧਾਰਨ ਕੀਤੀ ਹੈ ਇਹੋ ਹੀ ਸਾਰੇ ਰੋਗਾਂ ਦੀ ਜੜ੍ਹ ਹੈ:

ਹਉਮੈ ਦੀਰਘ ਰੋਗੁ ਹੈ...

(ਪੰਨਾ ੪੬੬)

ਆਪਣੇ ਆਤਮਾ ਨੂੰ ਸਰੀਰ ਤੋਂ ਇਉਂ ਅਸੰਗ ਨਿਸ਼ਚੇ ਕਰਨਾ ਜਿਵੇਂ ਮਕਾਨ ਵਿੱਚ ਵੱਸਣ ਵਾਲਾ ਮਕੀਂ ਹੁੰਦਾ ਹੈ ਜਾਂ ਘੋੜੇ ਦਾ ਅਸਵਾਰ ਘੋੜੇ ਤੋਂ ਵੱਖਰਾ ਹੁੰਦਾ ਹੈ, ਗੱਡੀ ਦਾ ਡਰਾਇਵਰ ਗੱਡੀ ਤੋਂ ਅਲਹਿਦਾ ਹੈ, ਇਹ ਹੈ ਇਸ ਰੋਗ ਦਾ ਇਲਾਜ।

ਦੂਸਰੇ ਦੇ ਚੰਗੇ ਗੁਣਾਂ ਨੂੰ ਬਹੁਤੇ ਪਦਾਰਥਾਂ ਨੂੰ ਦੇਖ ਕੇ ਜੋ ਸੜਣਾ ਹੈ ਇਹ ਹਰ ਸਮੇਂ ਮਨ ਨੂੰ ਬੁਖਾਰ ਚੜ੍ਹਿਆ ਰਹਿੰਦਾ ਹੈ। ਇਸ ਦਾ ਇਲਾਜ ਹੈ ਸਾਰਿਆਂ ਨੂੰ ਈਸ਼ਵਰ ਦਾ ਰੂਪ ਜਾਣਕੇ ਪ੍ਰੇਮ ਕਰਨਾ ਅਤੇ ਜੋ ਆਪਣੇ ਗੁਣਾਂ ਦਾ ਆਪਣੇ ਧਨ ਦਾ, ਆਪਣੀ ਵਡਿਆਈ ਦਾ, ਹੰਕਾਰ ਕਰਨਾ ਹੈ ਏਹੋ ਹੀ ਜੀਵ ਨੂੰ (ਅਜੀਰਣ) ਅਣਪਚੀ ਦਾ ਰੋਗ ਹੈ, ਇਹ ਜਾਣਕੇ ਕਿ ਸਾਰੇ ਪਦਾਰਥ ਪ੍ਰਮੇਸ਼ਰ ਦੀ ਰਹਿਮਤ ਨਾਲ ਹੀ ਮਿਲਦੇ ਹਨ, ਉਸ ਦਾ ਸਿਮਰਨ ਕਰਦਾ ਹੋਇਆ ਨਿੰਮ੍ਰਤਾ ਧਾਰੇ, ਇਹ ਗ਼ਰੀਬੀ ਰੂਪੀ ਚੂਰਨ ਇਸ ਦਾ ਇਲਾਜ ਹੈ ਜੋ ਹਰੀ ਦੇ ਸਿਮਰਨ ਵਿੱਚ ਲਿਵ ਜੁੜਨੀ ਹੈ ਏਹੋ ਹੀ ਅਰੋਗਤਾ ਦੀ ਨਿਸ਼ਾਨੀ ਹੈ। ਨਾਮ ਦੀ ਭੁੱਖ ਲੱਗਣੀ ਇਹ ਅਰੋਗ ਹੋਣਾ ਹੈ।

ਸਾਚੇ ਨਾਮ ਕੀ ਲਾਗੈ ਭੂਖ ॥

(ਪੰਨਾ ੯)

ਜੋ ਅੰਦਰ ਵਿਸ਼ਿਆਂ ਦੀ ਵਾਸ਼ਨਾ ਤੇ ਪਦਾਰਥਾਂ ਦੀ ਤ੍ਰਿਸ਼ਨਾ ਹੈ ਇਹ ਬੜਾ ਭਾਰੀ ਖਾਂਸੀ ਦਾ ਰੋਗ ਹੈ ਜੋ ਨਿਤਾ-ਪ੍ਰਤੀ ਵਧਦਾ ਹੀ ਜਾਂਦਾ ਹੈ। ਕਦੇ ਵੀ ਸ਼ਾਂਤੀ ਰੂਪ ਨੀਂਦ ਨਹੀਂ ਆਉਣ ਦਿੰਦਾ। ਸਾਰੇ ਪਦਾਰਥਾਂ ਨੂੰ ਨਾਸਵੰਤ ਨਿਸ਼ਚੇ ਕਰਨ ਰੂਪ ਚਟਣੀ ਦੇ ਖਾਧਿਆਂ ਇਹ ਖਾਂਸੀ ਦੂਰ ਹੁੰਦੀ ਹੈ। ਕਾਮ, ਕ੍ਰੋਧ ਤੇ ਮੋਹ ਦਾ ਬਲ ਪੈਣਾ ਏਹ (ਤ੍ਰਿਦੋਖ) ਸੰਨਪਾਤ=ਵਾਯੂ ਕਫ਼ ਤੇ ਪਿੱਤਾ ਤਿੰਨਾਂ ਦੀ ਅਧਿਕਤਾ ਰੂਪ ਰੋਗ ਹੈ। ਸਤਿਗੁਰਾਂ ਦੇ ਬਚਨ ਮੰਨਕੇ ਉਨ੍ਹਾਂ ਅਨੁਸਾਰ ਚਲਣ ਰੂਪ ਤਾਂਬੇਸਰ ਦੀ ਪੁੜੀ ਖਾਣੀ ਇਸ ਦਾ ਇਲਾਜ ਹੈ। ਪਰਾਏ ਦੀ ਨਿੰਦਾ ਕਰਨੀ ਇਹ (ਬਮਨ) ਉਲਟੀ ਦਾ ਰੋਗ ਹੈ, ਸਾਰਿਆਂ ਤੋਂ ਆਪਣੇ ਆਪ ਨੂੰ ਮਾੜਾ ਸਮਝਣਾ ਇਸ ਦਾ ਇਲਾਜ:

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥

(ਪੰਨਾ ੧੩੬੪)

ਇਉਂ ਹੋਰ ਵੀ ਬਹੁਤ ਸਾਰੇ ਰੋਗ ਹਨ, ਜਿਨ੍ਹਾਂ ਦੀ ਨਿਵਰਤੀ ਗੁਰ-ਚਰਨਾਂ ਦੀ ਧੂੜੀ ਰੂਪ ਚੂਰਨ ਦੇ ਵਰਤਿਆਂ ਹੁੰਦੀ ਹੈ। ਦਰਵੇਸ਼ ਕਵੀ ਭਾਈ ਨੰਦ ਲਾਲ ਜੀ ਚਰਨ-ਧੂੜੀ ਦੀ ਮਹਿਮਾ ਇਸ ਪ੍ਰਕਾਰ ਕਥਨ ਕਰਦੇ ਹਨ:

*ਖ਼ਾਕ ਰਾਹਸ਼ ਤੂਤੀਯਾਏ ਚਸ਼ਮ ਮਾਸਤ।*
*ਆਬਰੂ ਅਫ਼ਜਾਇ ਹਰ ਸ਼ਾਹੋ ਗ਼ਦਾਸਤ।*

ਅਰਥ: ਸ਼=ਉਹਨਾਂ ਦੇ। ਰਾਹ=ਰਸਤੇ ਦੀ। ਖਾਕ=ਧੂੜੀ। ਮ=ਮੇਰੇ। ਚਸ਼ਮ=ਨੇਤਰਾਂ ਦਾ। ਤੂਤੀਯਾਏ=ਸੁਰਮਾ ਮਾਸਤ ਅਸਤ=ਹੈ ਜੋ ਧੂੜੀ ਹਰ ਇੱਕ ਸ਼ਾਹੋ=ਬਾਦਸ਼ਾਹ ਦੀ ਤੇ ਗਦਾਸਤ=ਗ਼ਰੀਬਾਂ ਦੀ ਆਬਰੂ=ਇਜ਼ਤ ਅਫਜਾਇ=ਵਧਾਉਂਦੀ ਹੈ।

ਅਥਵਾ: *ਬਸ ਬਜ਼ੁਰਗੀ ਅੰਦ ਫਿਦਾਇ ਰਾਹਿ ਸ਼ਾਂ।*
*ਸੁਰਮਏ ਚਸ਼ਮਮ ਜ਼ਿ ਖ਼ਾਕੇ ਰਾਹਿ ਸ਼ਾਂ।*

ਅਰਥ: ਬਸ ਬਜ਼ੁਰਗੀ=ਬਹੁਤ ਵਡਿਆਈ ਵਾਲੇ ਬਾਦਸ਼ਾਹ ਵੀ ਉਨ੍ਹਾਂ ਦੇ ਰਸਤੇ ਉਪਰੋਂ ਫਿਦਾਇ=ਕੁਰਬਾਨ ਹੁੰਦੇ ਹਨ। ਸ਼ਾਂ=ਉਹਨਾਂ ਦੇ ਰਸਤੇ ਦੀ ਧੂੜੀ ਮੇਰੇ ਨੇਤਰਾਂ ਦਾ ਸੁਰਮਾ ਹੈ। ਗੁਰ ਸ਼ਬਦ ਦਾ ਜਾਪ ਕਰਨਾ ਸਾਰੇ ਰੋਗਾਂ ਦਾ ਇੱਕੋ ਹੀ ਇਲਾਜ ਹੈ।

ਯਥਾ:

ਸਰਬ ਰੋਗ ਕਾ ਅਉਖਦੁ ਨਾਮੁ ॥

(ਪੰਨਾ ੨੭੪)

ਕਈ ਸੰਨਿਆਸੀ ਵੈਦਾਂ ਪਾਸ ਇੱਕੋ ਹੀ ਨੁਸਖਾ ਹੈ, ਉਹ ਅਨੁਪਾਨ ਬਦਲਾਕੇ ਹਰ ਇੱਕ ਬੀਮਾਰ ਨੂੰ ਦੇਈ ਜਾਂਦੇ ਹਨ। ਪੱਥ ਪ੍ਰਹੇਜ ਰੱਖ ਕੇ ਖਾਧਿਆਂ ਮਰੀਜ਼ ਨੂੰ ਆਰਾਮ ਆ ਜਾਂਦਾ ਹੈ। ਏਸੇ ਤਰ੍ਹਾਂ ਅਸੀਂ ਵੀ ਇੱਕੋ ਨੁਸਖਾ ਦਸਦੇ ਹਾਂ ਉਸ ਦੀ ਵਰਤੋਂ ਕੀਤਿਆਂ ਸਾਰੇ ਰੋਗ ਦੂਰ ਹੋ ਸਕਦੇ ਹਨ।

## ਅਦਭੁਤ ਨੁਸਖਾ

ਏਕਾਂਤ ਦਾ ਪੱਤਾ, ਹੌਂਸਲੇ ਦੀ ਹਰੜ, ਭਰੋਸੇ ਦਾ ਬਹੇੜਾ ਅਤੇ ਵਿਚਾਰ ਰੂਪ ਸੌਂਫ ਇਨ੍ਹਾਂ ਚੀਜ਼ਾਂ ਨੂੰ ਭਗਤੀ ਦੀ ਦੌਰੀ=ਕੂੰਡੀ ਵਿੱਚ ਪਾ ਕੇ ਸਬਰ ਦੇ ਵੱਟੇ ਨਾਲ ਪੀਸੋ, ਫੇਰ ਮਾਨ ਅਪਮਾਨ ਦੀ ਤੁਲਨਾ ਰੂਪ ਛਾਨਣੀ ਨਾਲ ਛਾਣ ਲਵੋ। ਉਪਰੰਤ ਤਿਆਗ ਦੀ ਹਾਂਡੀ ਵਿੱਚ ਪਾਕੇ ਵੈਰਾਗ ਦੇ ਚੁਲ੍ਹੇ ਤੇ ਰੱਖਕੇ ਹੇਠਾਂ ਗਿਆਨ ਦੀ ਅਗਨੀ ਜਲਾਓ। ਇਸ ਪ੍ਰਕਾਰ ਜਦੋਂ ਇਹ ਚੰਗੀ ਤਰ੍ਹਾਂ ਭੁਜਕੇ ਅਧਿਆਤਮਕ ਮਜ਼ੂਨ ਤਿਆਰ ਹੋ ਜਾਵੇ ਫੇਰ ਇਸ ਦਿਬਯ ਔਸ਼ਧੀ ਨੂੰ ਪ੍ਰੇਮ ਦੇ ਕੈਪਸੂਲ ਵਿੱਚ ਪਾ ਕੇ ਸੁਬਾਹ ਤੇ ਸ਼ਾਮ ਦੋਵੇਂ ਸਮੇਂ ਵਰਤੋ।

ਪ੍ਰਹੇਜ਼: ਚੁਗਲੀ ਦੀ ਖਟਾਈ, ਨਿੰਦਾ ਦੀ ਮਿਠਾਈ, ਹਰਾਮ ਦਾ ਨਿਮਕ ਨਾ ਵਰਤੋ ਤਾਂ ਪੂਰਨ ਅਰੋਗ ਹੋਵੇਗਾ।

ਇਸ ਤਰ੍ਹਾਂ ਦੇ ਅਮੋਲਕ ਬਚਨ ਸੁਣਕੇ ਹਕੀਮ ਦਾ ਮਨ ਗਦ-ਗਦ ਹੋ ਗਿਆ। ਕੁਝ ਕੁ ਸਮਾਂ ਪਾਸ ਬੈਠਾ ਦਰਸ਼ਨ ਕਰਦਾ ਰਿਹਾ। ਉਪਰੰਤ ਆਗਿਆ ਪਾ ਕੇ ਆਪਣੇ ਘਰ ਵਾਪਸ ਆ ਗਿਆ। ਫੇਰ ਤਾਂ ਪੂਰਨ ਸ਼ਰਧਾਲੂ ਬਣਿਆ, ਹਰੇਕ ਐਤਵਾਰ ਨੂੰ ਦਰਸ਼ਨ ਕਰਨ ਜਾਇਆ ਕਰੇ।

-o-

# ਤੇਰ੍ਹਵਾਂ ਕਾਂਡ

## ਗੋਖੇ ਦੀ ਛਪੜੀ ਨੂੰ ਵਰ

ਸੰਤ ਜੀ ਮਹਾਰਾਜ ਹਜ਼ੂਰ ਸਾਹਿਬ ਤੋਂ ਵਾਪਸ ਆ ਕੇ ਬਹੁਤਾ ਸਮਾਂ ਬਾਹਰਲੀ ਗੁਫ਼ਾ ਵਿੱਚ ਜਾਂ ਕਨੇਚ ਦੀ ਖੂਹੀ ਅਥਵਾ ਸਾਨ੍ਹੇਵਾਲ ਦੀ ਝਿੜੀ ਵਿੱਚ ਬਤੀਤ ਕਰਦੇ। ਗੋਖੇ ਦੀ ਛਪੜੀ ਤੇ ਕਦੇ-ਕਦੇ ਹੀ ਜਾਇਆ ਕਰਦੇ। ਬੇਰੀ ਪਾਸ ਦੀ ਲੰਘਦੇ ਡੂੰਘੀ ਵਿਚਾਰ ਵਿੱਚ ਲੀਣ ਹੋ ਕੇ ਸੋਚਦੇ, ਕਿਸੇ ਬਖ਼ਸ਼ੀ ਰੂਹ ਤੋਂ ਇਸ ਨਾਲ ਅੰਤ ਪ੍ਰਯੰਤ ਨਿਭਣ ਦਾ ਵਰ ਮੰਗਿਆ ਹੈ। ਮਹਾਂ-ਪੁਰਸ਼ਾਂ ਨੇ ਤਰੁੱਠ ਕੇ ਮੰਗ ਪੂਰੀ ਕਰ ਦਿੱਤੀ। ਨਿਰੰਕਾਰ ਨੇ ਬੇਰੀ ਨਾਲ ਹੀ ਨਿਭਾ ਦਿੱਤੀ।

ਅੱਜ ਪੰਜ ਮਾਘ ਦਾ ਅੰਮ੍ਰਿਤ ਵੇਲਾ ਹੋਇਆ, ਛਪੜੀ ਦੇ ਕੰਢੇ ਬੈਠਿਆਂ ਪਹੁ ਫੁਟਾਲੇ ਦੇ ਸਮੇਂ ਹਜ਼ੂਰ ਨੇ ਰੱਬੀ ਰੰਗ ਵਿੱਚ ਰੱਤੇ ਨੇਤਰ ਖੋਲ੍ਹੇ, ਚੁਫੇਰੇ ਸ਼ਾਂਤ ਵਾਤਾਵਰਣ ਤੱਕਿਆ। ਸਾਥੀ ਥੋੜ੍ਹੇ-ਥੋੜ੍ਹੇ ਫਾਸਲੇ ਤੇ ਪਾਸ ਬੈਠੇ ਹਨ।

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥

(ਪੰਨਾ ੩੧੯)

ਰੱਬੀ ਯਾਦ ਵਿੱਚ ਜੁੜਿਆ ਸ਼ਾਹੀ ਫ਼ਕੀਰ, ਸੱਚੀਆਂ ਪ੍ਰੀਤਾਂ ਦਾ ਵਣਜਾਰਾ, ਅੱਧ ਖੁੱਲ੍ਹੇ ਨੇਤਰ ਜਿਨ੍ਹਾਂ ਵਿੱਚ ਨਾਮ ਖੁਮਾਰੀ ਝਲਕਾਂ ਮਾਰ ਰਹੀ ਹੈ, ਕਾਦਰ ਦੀ ਕੁਦਰਤ ਦੇਖਕੇ:

ਬਲਿਹਾਰੀ ਕੁਦਰਤਿ ਵਸਿਆ ॥

(ਪੰਨਾ ੪੬੯)

ਸੁੱਤੇ ਹੀ ਮੁਖੋਂ ਵਾਹ-ਵਾਹ ਦੀ ਧੁਨੀ ਨਿਕਲੀ, ਜਿਸਨੇ ਦੂਰ ਤੱਕ ਵਾਤਾਵਰਣ ਸ਼ਾਂਤ ਤੇ ਪਵਿੱਤਰ ਬਣਾ ਦਿੱਤਾ। ਅੱਜ ਕਿਸੇ ਅਗੰਮੀ ਦੇਸ਼ ਦੀ ਤਿਆਰੀ ਵਿੱਚ ਲੱਗਿਆ ਪਿਆਰਿਆਂ ਦੇ ਪ੍ਰੇਮ ਦਾ ਪਰਖੂਆ, ਲੋਕ ਪ੍ਰਲੋਕ ਦਾ ਸਾਥੀ, ਛਪੜੀ ਦੇ ਟੋਏ ਤੇ ਬੇਰੀ ਵੱਲ ਤੱਕ ਕੇ ਵੈਰਾਗ-ਮਈ ਬਚਨ ਆਖ ਰਿਹਾ ਹੈ ਕਿ ਤੇਰੇ ਨਾਲ ਚਿਰਾਂ ਦੀ ਲੱਗੀ ਪ੍ਰੀਤੀ ਤੇ ਅਤੁੱਟ ਸਾਂਝ ਦਾ ਅੱਜ ਅੰਤਮ ਮਿਲਾਪ ਹੈ ਪਰ ਕਦੇ ਇਹ ਵੀ ਯਾਦ ਕਰੇਗੀ ਕਿ ਮੇਰੇ ਪਾਸ ਆ ਕੇ ਕੋਈ ਰੱਬੀ ਯਾਦ ਵਿੱਚ ਜੁੜਿਆ ਕਰਦਾ ਸੀ। ਜਿਸਨੇ ਗਰਮੀ ਸਰਦੀ ਤਿੱਖੀ ਧੁੱਪ ਤੇ ਬਾਰਸ਼ਾਂ ਵਿੱਚ ਵੀ ਕਦੇ ਨਾਗਾ ਨਹੀਂ ਸੀ ਪਾਇਆ। ਆਹ ਗੋਖੇ ਦੀ ਭਾਗਾਂ ਵਾਲੀ ਛਪੜੀ! ਕਿਸੇ ਦੇ ਪੈਰਾਂ ਦੀ ਆਹਟ ਸੁਣਨ ਵਾਸਤੇ ਉਤਾਵਲੀ ਹੋਵੇਗੀ। ਮਹਿਕ ਦੀ ਆਹਟ ਸੁਣਨ ਵਾਸਤੇ ਉਤਾਵਲੀ ਹੋਵੇਗੀ। ਮਹਿਕ ਦੇ ਕਦਰ ਦਾਨੀ ਤੋਂ ਬਿਨਾਂ ਬਗ਼ੀਚੀ ਦੇ ਬੂਟੇ ਉਦਾਸ ਹੋ ਕੇ ਕੁਮਲਾ ਜਾਣਗੇ। ਕਨੇਚ ਵਾਲੀ ਖੂਹੀ ਅਉਂਦੇ ਜਾਂਦੇ ਰਾਹੀਆਂ ਤੋਂ ਪੁੱਛਿਆ ਕਰੇਗੀ, ਕਿਤੇ ਰੱਬੀ ਆਸ਼ਕ ਗੁਰੂ ਨਾਨਕ ਦੇ ਦਰ ਦਾ ਸੇਵਾਦਾਰ ਤਾਂ ਨਹੀਂ ਆਉਂਦਾ ਵੇਖਿਆ?

ਹਜ਼ੂਰ ਦੀ ਰਸਨਾ ਤੋਂ ਸੁਤੇ ਸਿੱਧ ਨਿਕਲੇ ਵੈਰਾਗ-ਮਈ ਬਚਨ ਨਾਲ ਦੇ ਸਾਥੀਆਂ ਨੂੰ ਬੇਚੈਨ ਕਰਦੇ ਜਾ ਰਹੇ ਸਨ। ਮਹਾਂਪੁਰਸ਼ਾਂ ਨੇ ਸਭਨਾਂ ਦੇ ਅੰਦਰ ਦੀ ਹਾਲਤ ਤੱਕ ਕੇ ਉਸ ਸਮੇਂ ਗੁਰਦੁਆਰੇ ਸਾਹਿਬ ਨੂੰ ਆਉਣਾ ਕੀਤਾ।

# ਰਾਮਪੁਰ ਪਿੰਡ ਦਾ ਰਸਤਾ ਠੀਕ ਕਰਵਾਇਆ

ਪੰਜ ਮਾਘ ਦੀ ਸ਼ਾਮ ਨੂੰ ਬਾਹਰ ਜਾਣ ਸਮੇਂ ਨਗਰ ਦੇ ਕੁਝ ਕੁ ਮੁਖੀ ਸੱਜਣਾਂ ਨੂੰ ਆਖਿਆ ਜੋ ਰੋਜ਼ ਹੀ ਛੁੱਟੀ ਲੈ ਕੇ ਵਾਪਸ ਘਰਾਂ ਨੂੰ ਜਾਇਆ ਕਰਦੇ, ਕਲ੍ਹ ਇੱਕ ਜ਼ਰੂਰੀ ਕੰਮ ਕਰਨਾ ਹੈ, ਤੁਸੀਂ ਪਿੰਡ ਹੀ ਰਹਿਣਾ ਅਸੀਂ ਸੁਵੱਖਤੇ ਹੀ ਪੁੱਜ ਜਾਵਾਂਗੇ। ਇਉਂ ਛੇ ਮਾਘ ਦੇ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਛਪੜੀ ਤੇ ਬਗ਼ੀਚੀ ਵਲੋਂ ਗੁਰਦੁਆਰੇ ਸਾਹਿਬ ਆਏ। ਸਤਿਗੁਰਾਂ ਦੇ ਪਾਵਨ ਸਰੂਪ ਨੂੰ ਨਮਸ਼ਕਾਰ ਕਰਕੇ ਸੇਵਾਦਾਰਾਂ ਸਮੇਤ ਦੀਵਾਨ ਵਿੱਚ ਸਜ ਗਏ। ਕੀਰਤਨ ਦੀ ਸਮਾਪਤੀ ਉਪਰੰਤ ਅਰਦਾਸ ਹੋਈ। ਆਪ ਜੀ ਨੇ ਰੋਜ਼ ਦੇ ਨਿਯਮ ਅਨੁਸਾਰ ਜਲ-ਪਾਣੀ ਛਕਕੇ ਫੇਰ ਬਾਹਰ ਜਾਣ ਦੀ ਤਿਆਰੀ ਕਰ ਲਈ। ਪਰ ਅਜੇ ਕੁਝ ਕੁ ਕਦਮ ਹੀ ਗਏ ਸਨ ਤਾਂ ਅੱਗੇ ਜਾ ਕੇ ਇਕ-ਦਮ ਰੁਕ ਗਏ, ਜਿਵੇਂ ਕਿਸੇ ਭੁੱਲੀ-ਗੱਲ ਦਾ ਚੇਤਾ ਆਉਂਦਾ ਹੈ। ਇਉਂ ਸੋਚਕੇ ਆਖਣ ਲੱਗੇ, "ਜੋ ਕੰਮ ਕਰਨਾ ਸੀ, ਉਹ ਤਾਂ ਰਹਿ ਹੀ ਗਿਆ, ਚੰਗਾ ਹੁਣ ਆਓ ਪਿੰਡ ਦੇ ਲੋਕਾਂ ਨੂੰ ਇਕੱਠੇ ਕਰੀਏ।"

ਸੰਤਾਂ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਅਚਾਨਕ ਬਚਨ ਸੁਣਕੇ ਨਾਲ ਦੀ ਸੰਗਤ ਹੈਰਾਨ ਤਾਂ ਹੋ ਗਈ ਪਰ ਸਮਝ ਕਿਸੇ ਨੂੰ ਨਾ ਆਈ। ਗੁਰਦੁਆਰੇ ਤੋਂ ਹੋਰ ਸੇਵਾਦਾਰ ਵੀ ਨਾਲ ਰਲ ਗਏ। ਆਪ ਸਿੱਧੇ ਪਿੰਡ ਵੱਲ ਆ ਗਏ। ਇੱਕ ਸਿੰਘ ਭੇਜਕੇ ਨਗਰ ਨਿਵਾਸੀਆਂ ਨੂੰ ਇਕੱਠੇ ਕੀਤਾ ਜੋ ਪਹਿਲਾਂ ਹੀ ਹਜ਼ੂਰ ਦੇ ਦਰਸ਼ਨਾਂ ਵਾਸਤੇ ਉਤਾਵਲੇ ਹੋਏ ਉਡੀਕ ਰਹੇ ਸਨ। ਸਭਨਾਂ ਨੇ ਸੰਤਾਂ ਨੂੰ ਭਾਵਨਾ ਨਾਲ ਮੱਥਾ ਟੇਕਿਆ ਤਾਂ ਬਾਬਾ ਜੀ ਬੋਲੇ, "ਪ੍ਰੇਮੀਓ! ਅਸੀਂ ਅੱਜ ਤੱਕ ਤੁਹਾਨੂੰ ਕਿਸੇ ਕੰਮ ਵਾਸਤੇ ਨਹੀਂ ਆਖਿਆ, ਹੁਣ ਇੱਕ ਕੰਮ ਕਹਿਣ ਲੱਗੇ ਹਾਂ ਜੋ ਤੁਹਾਡੇ ਹੀ ਭਲੇ ਵਾਸਤੇ ਹੈ ਤੇ ਕਰਨਾ ਵੀ ਜ਼ਰੂਰੀ ਹੈ।"

ਇਨ੍ਹਾਂ ਨੇ ਹੱਥ ਜੋੜਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਸਾਡੇ ਧੰਨ ਭਾਗ ਹਨ ਆਪ ਕ੍ਰਿਪਾ ਕਰਕੇ ਹੁਕਮ ਕਰੋ।" ਹਜ਼ੂਰ ਨੇ ਕਿਹਾ, "ਚੰਗਾ ਜਿਤਨੇ ਵੀ ਨਗਰ ਦੇ ਘਰ ਹਨ ਸਾਰੇ ਹੀ ਘਰ ਪ੍ਰਤੀ ਇੱਕ-ਇੱਕ ਬੰਦਾ ਅਤੇ ਆਪਣੀਆਂ ਕਹੀਆਂ ਤੇ ਟੋਕਰੇ ਲੈ ਕੇ ਏਥੇ ਪੁੱਜ ਜਾਓ, ਆਹ ਰਸਤਾ ਠੀਕ ਕਰਨਾ ਹੈ। ਦੇਖੋ ਕਿਤਨਾ ਡੂੰਘਾ ਟੋਆ ਪਿਆ ਹੋਇਆ ਹੈ। ਪਿੰਡ ਦਾ ਪਾਣੀ ਇਕੱਠਾ ਹੋ ਕੇ ਚਲ੍ਹਾ ਬਣ ਗਿਆ ਹੈ, ਪਸ਼ੂਆਂ ਤੇ ਬੰਦਿਆਂ ਨੂੰ ਲੰਘਣਾ ਬੜਾ ਔਖਾ ਹੈ। ਜਦੋਂ ਸੰਗਤਾਂ ਆਉਣਗੀਆਂ, ਕਿੱਧਰ ਦੀ ਲੰਘਣਗੀਆਂ? ਇਹ ਰਸਤਾ ਠੀਕ ਕਰੋ।"

ਸੰਤ ਜੀ ਮਹਾਰਾਜ ਦੇ ਬਚਨਾਂ ਦਾ (ਜੋ ਸ਼ਾਇਦ ਇਨ੍ਹਾਂ ਪ੍ਰਤੀ ਪਹਿਲੇ ਜਾਂ ਅਖ਼ੀਰਲੇ ਸਨ) ਇਨ੍ਹਾਂ ਦੇ ਮਨ ਤੇ ਇਤਨਾ ਅਸਰ ਪਿਆ ਕਿ ਨਗਰ ਵਿੱਚ ਏਹੋ ਜਿਹਾ ਕੋਈ ਹੀ ਘਰ ਹੋਵੇਗਾ ਜਿਸ ਨੇ ਇਸ ਸੇਵਾ ਵਿੱਚ ਹਿੱਸਾ ਨਾ ਲਿਆ ਹੋਵੇ। ਬਿਰਧ, ਬਾਬੇ, ਨੌਜਵਾਨ ਗੱਭਰੂ, ਮਾਈਆਂ ਦੇ ਬੱਚੇ ਸਾਰੇ ਹੀ ਆ ਹਾਜ਼ਰ ਹੋਏ। ਛਪੜ ਦੀ ਸੁੱਕੀ ਤੇ ਚੀਕਣੀ ਮਿੱਟੀ ਪੁਟਕੇ ਏਸ ਥਾਂ ਤੇ ਸੁੱਟੀ ਜਾਂਦੇ ਹਨ। ਕੋਈ ਪੁੱਟਦਾ ਹੈ, ਕੋਈ ਭਰਦਾ ਹੈ, ਕੋਈ ਚੁਕਾਉਂਦਾ ਹੈ, ਕੋਈ ਚੁੱਕਦਾ ਹੈ। ਸਭਨਾਂ ਦੇ ਮਨ ਵਿੱਚ ਸੇਵਾ ਦਾ ਹੀ ਚਾਅ ਸੀ, ਕਿਸੇ ਨੇ ਦੁਪਹਿਰ ਦਾ ਪ੍ਰਸ਼ਾਦਾ ਵੀ ਨਾ ਛਕਿਆ। ਸੰਤ ਜੀ ਮਹਾਰਾਜ ਵੀ ਮੋਤਾ ਸਿੰਘ ਮਿਸਤ੍ਰੀ ਦੇ ਕਾਰਖਾਨੇ ਬੈਠ ਗਏ। (ਜੋ ਰਸਤੇ ਦੇ ਉਪਰ ਹੀ ਬਾਹਰਵਾਰ ਸੀ) ਇਹ ਗੁਰੂ ਘਰ ਦੇ ਬੜੇ ਸ਼ਰਧਾਵਾਨ ਤੇ ਪ੍ਰੇਮੀ ਸਿੱਖ ਸਨ। ਡੇਰੇ ਦਾ ਜੋ ਵੀ ਲੁਹਾਰਾ ਤਰਖਾਣਾ ਕੰਮ ਹੁੰਦਾ ਸੇਵਾ ਵਿੱਚ ਹੀ ਬੜੇ ਪ੍ਰੇਮ ਨਾਲ ਕਰਦੇ। ਆਪ ਵੀ ਸੰਤਾਂ ਨੇ ਦੁਪਿਹਰ ਨੂੰ ਕੁਝ ਨਹੀਂ ਛਕਿਆ। ਸ਼ਾਮ ਦੇ ਚਾਰ ਵਜੇ ਤੱਕ ਰਸਤਾ ਬਿਲਕੁਲ ਠੀਕ ਹੋ ਗਿਆ। ਸੰਤ ਜੀ ਮਹਾਰਾਜ ਬੜੇ ਪ੍ਰਸੰਨ ਹੋਏ, ਸਭਨਾਂ ਨੂੰ ਛੁੱਟੀਆਂ ਦਿੱਤੀਆਂ ਤੇ ਆਖਿਆ, "ਸ਼ਾਬਾਸ਼! ਗੁਰੂ ਪਿਆਰਿਓ! ਗੁਰੂ ਨਾਨਕ ਤੁਹਾਡੀ ਸੇਵਾ ਨੂੰ ਸਫਲਿਆ ਕਰੇ। ਜਾਓ ਕਰੋ ਇਸ਼ਨਾਨ ਤੇ ਛਕੋ ਪ੍ਰਸ਼ਾਦ ਪਾਣੀ।" ਹਜ਼ੂਰ ਦੀ ਆਗਿਆ ਪਾਕੇ ਸਭਨਾਂ ਨੇ ਸੰਤਾਂ ਨੂੰ ਮੱਥਾ ਟੇਕਿਆ ਤੇ ਆਪਣੇ ਘਰੀਂ ਪਰਤ ਆਏ।

# ਸੰਤਾਂ ਦੀ ਨਿਜਧਾਮ ਵਾਸਤੇ ਤਿਆਰੀ

ਸੰਤ ਜੀ ਮਹਾਰਾਜ ਵੀ ਗੁਰਦੁਆਰੇ ਸਾਹਿਬ ਆ ਗਏ, ਇਸ਼ਨਾਨ ਕੀਤਾ ਤੇ ਫੇਰ ਪੰਪ ਦੇ ਪਾਸ ਹੀ ਛੋਟੀ ਜੇਹੀ ਮੰਜੀ ਤੇ ਲੰਮੇਂ ਪੈ ਗਏ ਅਤੇ ਆਖਿਆ, "ਅੱਜ ਕੁਝ ਸਰਦੀ ਪ੍ਰਤੀਤ ਹੋ ਰਹੀ ਹੈ ਮੰਜੀ ਅੰਦਰ ਕਰ ਦਿਓ।" ਜਿਸ ਕਮਰੇ ਵਿੱਚ ਬਾਹਰੋਂ ਆਕੇ ਆਪਣਾ ਪਾਵਨ ਜੋੜਾ, ਸੋਟਾ ਤੇ ਗੜਵਾ ਰੱਖਿਆ ਕਰਦੇ ਸੀ, ਉਸ ਛੋਟੇ ਕਮਰੇ ਵਿੱਚ ਮੰਜੀ ਡੁਹਾ ਲਈ ਤੇ ਆਖਿਆ, "ਸਾਡੇ ਪਾਸ ਇੱਕ ਸੇਵਾਦਾਰ ਸਾਡਾ ਗੜਵਈ ਬੈਠਾ ਰਹੇ। ਹੋਰ ਸਾਰੇ ਆਪੋ ਆਪਣੀਆਂ ਡਿਊਟੀਆਂ ਕਰੋ। ਅੱਜ ਅਸੀਂ ਦੀਵਾਨ ਵਿੱਚ ਨਹੀਂ ਆਉਣਾ। ਜੇਕਰ ਨਗਰ ਨਿਵਾਸੀ ਸੰਗਤ ਪੁੱਛੇ ਤਾਂ ਦੱਸਣਾ ਕੁਝ ਨਾ, ਐਵੇਂ ਪ੍ਰੇਮੀ ਖ਼ਿਆਲ ਕਰਨਗੇ, ਅਸੀਂ ਠੀਕ ਹਾਂ।"

ਸ਼ਾਮ ਨੂੰ ਦੀਵਾਨ ਦੇ ਸਮੇਂ ਨਗਰੋਂ ਆਏ ਪ੍ਰੇਮੀ ਪੁੱਛਣ ਲੱਗੇ, ਸੰਤ ਜੀ ਕਿੱਥੇ ਹਨ? ਤਾਂ ਅੱਗੋਂ ਹਜ਼ੂਰ ਦੇ ਹੁਕਮ ਅਨੁਸਾਰ ਸੇਵਾਦਾਰ ਚੁੱਪ ਰਹੇ। ਜਦੋਂ ਸੰਤਾਂ ਦੀ ਘੋੜੀ ਦੇਖੀ ਤਾਂ ਜਾਣ ਲਿਆ ਕਿ ਸੰਤ ਤਾਂ ਏਥੇ ਗੁਰਦੁਆਰੇ ਸਾਹਿਬ ਵਿੱਚ ਹੀ ਹਨ, ਬਾਹਰ ਨਹੀਂ ਗਏ, ਕਿਉਂਕਿ ਆਪ ਬਾਹਰ ਜਾਣ ਸਮੇਂ ਘੋੜੀ ਤੇ ਜਾਇਆ ਕਰਦੇ ਸੀ। ਦੀਵਾਨ ਦੀ ਸਮਾਪਤੀ ਉਪਰੰਤ ਸੰਤਾਂ ਦੇ ਕਮਰੇ ਪਾਸ ਆਕੇ ਦੇਖਿਆ, ਬੂਹਾ ਬੰਦ ਹੈ। ਆਵਾਜ਼ ਦਿੱਤੀ, "ਗ਼ਰੀਬ ਨਿਵਾਜ਼! ਕੀ ਗੱਲ ਹੈ, ਅੱਜ ਹਜ਼ੂਰ ਦਾ ਦਰਸ਼ਨ ਨਹੀਂ ਹੋਇਆ ਸਰੀਰ ਤਾਂ ਠੀਕ ਹੈ?" ਸੰਤਾਂ ਨੇ ਉੱਤਰ ਦਿੱਤਾ, "ਸਰੀਰ ਤਾਂ ਠੀਕ ਹੈ ਕੁਝ ਧਰਨ ਦੀ ਸ਼ਕਾਇਤ ਜਾਪਦੀ ਹੈ ਜਾਂ ਦਿਨ ਦੀ ਥਕਾਵਟ ਹੋ ਗਈ ਹੋਵੇਗੀ। ਕੋਈ ਗੱਲ ਨਹੀਂ, ਹੁਣ ਰਾਜ਼ੀ ਹਾਂ, ਤੁਸੀਂ ਜਾ ਕੇ ਆਰਾਮ ਕਰੋ।" ਇਉਂ ਪ੍ਰੇਮੀ ਨਗਰ ਨੂੰ ਚਲੇ ਗਏ। ਸੇਵਾਦਾਰ ਵੀ ਬਿਰਾਜ ਗਏ। ਸੰਤਾਂ ਨੇ ਸ਼ਾਮ ਨੂੰ ਵੀ ਕੁਝ ਨਹੀਂ ਛਕਿਆ।

ਰਾਤ ਦਾ ਸਮਾਂ ਬਤੀਤ ਹੋਇਆ, ਸੱਤ ਮਾਘ ਦੀ ਸਵੇਰ ਨੂੰ ਸੰਤਾਂ ਦਾ ਚੇਹਰਾ ਚੜ੍ਹਦੇ ਸੂਰਜ ਦੀ ਲਾਲੀ ਵਾਂਗੂੰ ਦਗ-ਦਗ ਕਰਦਾ ਦਿਖਾਈ ਦਿੱਤਾ। ਨੇਤਰ ਵੀ ਭਜਨ ਦੀ ਮਸਤੀ, ਨਾਮ ਖੁਮਾਰੀ ਨਾਲ ਕੁਝ ਲਾਲੀ ਅੰਸ ਤੇ ਦੇਖਕੇ ਸੰਗਤ ਨੇ ਸਰੀਰ ਨੂੰ ਬੁਖਾਰ ਅਨੁਭਵ ਕੀਤਾ। ਜੈਲਦਾਰ ਬਖ਼ਤੌਰ ਸਿੰਘ ਦੋਰਾਹੇ ਮੰਡੀ ਤੋਂ ਇੱਕ ਡਾਕਟਰ ਨੂੰ ਬੁਲਾ ਲਿਆਇਆ। ਉਸਨੇ ਸੰਤਾਂ ਨੂੰ ਨਮਸ਼ਕਾਰ ਕਰਕੇ ਨਬਜ਼ ਦੇਖੀ ਤਾਂ ਉਹ ਠੀਕ ਚਲਦੀ ਸੀ, ਹੋਰ ਵੀ ਬੀਮਾਰੀ ਦਾ ਕੁਝ ਪਤਾ ਨਾ ਲੱਗਾ। ਇਸਨੇ ਬਾਹਰ ਆਕੇ ਜੈਲਦਾਰ ਨੂੰ ਆਖਿਆ, "ਇਨ੍ਹਾਂ ਨੂੰ ਕੋਈ ਤਕਲੀਫ਼ ਨਹੀਂ। ਮਹਾਂ-ਪੁਰਸ਼ਾਂ ਦੇ ਕੌਤਕਾਂ ਨੂੰ ਕੌਣ ਜਾਣ ਸਕਦਾ ਹੈ, ਮੇਰੀ ਸਮਝ ਵਿੱਚ ਤਾਂ ਕੋਈ ਬੀਮਾਰੀ ਨਹੀਂ ਆਈ। ਜੇਕਰ ਤੁਹਾਡੇ ਮਨ ਦਾ ਖ਼ਿਆਲ ਹੈ ਤਾਂ ਲੁਧਿਆਣੇ ਤੋਂ ਵੱਡਾ ਡਾਕਟਰ ਸਿਵਲ ਸਰਜਨ ਮੰਗਵਾ ਲਵੋ।"

ਭਾਵੇਂ ਆਪਣੇ ਵਲੋਂ ਤਾਂ ਇਹ ਬਚਨ ਇਨ੍ਹਾਂ ਨੇ ਹੌਲੀ ਕੀਤੇ ਸਨ, ਪਰ ਜਾਣੀ-ਜਾਣ ਦਾਤੇ ਨੇ ਦੋਵੇਂ ਅੰਦਰ ਸੱਦੇ ਤੇ ਆਖਿਆ, "ਜੋ ਤੁਸੀਂ ਡਾਕਟਰ ਨੂੰ ਬੁਲਾਉਣ ਦੀ ਸਲਾਹ ਕਰ ਰਹੇ ਹੋ, ਸਾਨੂੰ ਕੋਈ ਬੀਮਾਰੀ ਨਹੀਂ ਅਸੀਂ ਠੀਕ ਹਾਂ। ਡਾਕਟਰ ਨਹੀਂ ਸੱਦਣਾ।" ਹਜ਼ੂਰ ਦਾ ਹੁਕਮ ਸੁਣਕੇ ਇਹ ਚੁੱਪ ਹੋ ਗਏ। ਇਉਂ ਦਿਨ ਦਾ ਸਮਾਂ ਬਤੀਤ ਹੋ ਗਿਆ। ਸ਼ਾਮੀਂ ਆਪਣੇ ਕਮਰੇ ਵਿੱਚ ਜਾਕੇ ਉੱਚੀ ਸੁਰ ਨਾਲ ਬਾਣੀ ਦਾ ਪਾਠ ਕੀਤਾ, ਪਾਸ ਬੈਠੇ ਪ੍ਰੇਮੀ ਇਕਾਗਰ ਮਨ ਨਾਲ ਸੁਣ ਰਹੇ ਸਨ। ਸਭਨਾਂ ਦੀਆਂ ਸੁਰਤਾਂ ਜੁੜ ਗਈਆਂ। ਕਾਫ਼ੀ ਰਾਤ ਚਲੀ ਗਈ ਤਾਂ ਸੰਤਾਂ ਨੇ ਆਖਿਆ, "ਚੰਗਾ ਤੁਸੀਂ ਸਾਰੇ ਆਰਾਮ ਕਰੋ।" ਕੁਝ ਕੁ ਨਗਰ ਨਿਵਾਸੀ ਗੁਰਦੁਆਰੇ ਸਾਹਿਬ ਠਹਿਰ ਗਏ। ਬਾਕੀ ਦੇ ਆਪਣੇ ਘਰਾਂ ਨੂੰ ਚਲੇ ਆਏ।

ਅੱਠ ਮਾਘ ਦਾ ਅੰਮ੍ਰਿਤ ਵੇਲਾ ਹੋਇਆ, ਰਾਮਪੁਰ ਨਗਰ ਤੇ ਹੋਰ ਪਿੰਡਾਂ ਦੀ ਸੰਗਤ ਨੂੰ ਪਤਾ ਲੱਗਾ, ਸਾਰੇ ਖ਼ਬਰਾਂ ਲੈਣ ਵਾਸਤੇ ਗੁਰਦੁਆਰੇ ਸਾਹਿਬ ਆ ਗਏ। ਸੇਵਾਦਾਰਾਂ ਨੇ ਅਰਜ਼ ਕੀਤੀ ਜੇਕਰ ਹਜ਼ੂਰ ਦਾ ਹੁਕਮ ਹੋਵੇ ਤਾਂ ਆਪ ਜੀ ਦੀ ਅਰੋਗਤਾ ਵਾਸਤੇ ਸ੍ਰੀ ਅਖੰਡ ਪਾਠ ਰੱਖਕੇ ਸਤਿਗੁਰਾਂ ਪਾਸੋਂ ਤੰਦਰੁਸਤੀ ਤੇ ਹੋਰ ਉਮਰ ਮੰਗ ਲਈਏ। ਮਹਾਂ-ਪੁਰਸ਼ਾਂ ਨੇ ਮੁਸਕਰਾ ਕੇ ਉੱਤਰ ਦਿੱਤਾ, "ਪ੍ਰੇਮੀਓ! ਸਤਿਗੁਰਾਂ ਪਾਸੋਂ ਏਹੋ ਜੇਹੀ ਮਿਥਿਆ ਚੀਜ਼ ਵਾਸਤੇ ਮੰਗ ਕਰਨੀ ਠੀਕ ਨਹੀਂ ਕਿਉਂਕਿ ਸਰੀਰ ਤਾਂ ਹੈ ਹੀ ਨਾਸਵੰਤ। ਜੇ ਦਸ ਵੀਹ ਸਾਲ ਹੋਰ ਵੀ ਜੀਉਂ ਲਈਏ ਤਾਂ ਵੀ ਅੰਤ ਨੂੰ ਇਸਦਾ ਸਾਥ ਛੱਡਣਾ ਹੀ ਪਵੇਗਾ।"

ਇਨ੍ਹਾਂ ਫੇਰ ਆਖਿਆ, "ਪਰਉਪਕਾਰ ਵਾਸਤੇ ਸਾਡੀ ਬੇਨਤੀ ਪ੍ਰਵਾਨ ਕਰ ਲਵੋ। ਸੰਤਾਂ ਨੇ ਕਿਹਾ, "ਚੰਗਾ ਕੱਲ੍ਹ ਜਿਵੇਂ ਤੁਹਾਡੀ ਮਰਜ਼ੀ ਹੋਵੇ ਕਰ ਲੈਣਾ।" ਪਰ ਮਹਾਂ-ਪੁਰਸ਼ ਦੇ ਪ੍ਰੇਮ ਵਿੱਚ ਲੀਨ ਇਨ੍ਹਾਂ ਗੁਰੂ ਪਿਆਰਿਆਂ ਨੇ ਸ਼ਾਮ ਨੂੰ ਹੀ ਸ੍ਰੀ ਅਖੰਡ ਪਾਠ ਪ੍ਰਾਰੰਭ ਕਰ ਦਿੱਤਾ।

## ਫੋਟੋ ਵਾਸਤੇ ਸੰਗਤਾਂ ਦੀ ਬੇਨਤੀ

ਸੰਗਤ ਨੇ ਪਹਿਲਾਂ ਵੀ ਸੰਤ ਜੀ ਮਹਾਰਾਜ ਦੇ ਪਾਸ ਫੋਟੋ ਲੈਣ ਵਾਸਤੇ ਕਈ ਵਾਰੀ ਅਰਜ਼ ਕੀਤੀ ਸੀ ਕਿ ਗ਼ਰੀਬ ਨਿਵਾਜ਼ ਚਾਰ ਪ੍ਰਕਾਰ ਦਾ ਦਰਸ਼ਨ ਹੈ: ਚਿਤ੍ਰ ਦਰਸ਼ਨ, ਸਰਵਣ ਦਰਸ਼ਨ, ਸੁਪਨ ਦਰਸ਼ਨ ਅਤੇ ਪ੍ਰਤੱਖ ਦਰਸ਼ਨ।

ਸੋ ਚਿੱਤਰ ਦਰਸ਼ਨ ਕੀਤਿਆਂ ਸਤ-ਪੁਰਸ਼ਾਂ ਦੀ ਯਾਦਗਾਰ ਜਗਿਆਸੂ ਦੇ ਜੀਵਨ ਤੇ ਅਸਰ ਪਾਉਂਦੀ ਹੈ ਆਪ ਵੀ ਕ੍ਰਿਪਾ ਕਰਕੇ ਫੋਟੋ ਲੁਹਾਓ। ਹਜ਼ੂਰ ਨੇ ਉੱਤਰ ਦਿੱਤਾ, "ਅਸੀਂ ਗੁਰੂ ਨਾਨਕ ਦੇ ਦਰ ਦੇ ਝਾੜੂ ਬਰਦਾਰ ਹਾਂ, ਫੋਟੋ ਲਾਹੁਣ ਵਾਸਤੇ ਸਾਡੇ ਬਜ਼ੁਰਗਾਂ ਦੀ ਸਾਨੂੰ ਆਗਿਆ ਨਹੀਂ, ਨਾ ਤਾਂ ਆਪ ਹੀ ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਆਪਣੀ ਫੋਟੋ ਲੁਹਾਈ ਅਤੇ ਅੱਗੇ ਨਾ ਸਾਨੂੰ ਹੀ ਹੁਕਮ ਦਿੱਤਾ।" ਇਸੇ ਤਰ੍ਹਾਂ ਇੱਕ ਦੋ ਵਾਰ ਪਟਿਆਲੇ ਦੀ ਸੰਗਤ ਨੇ ਅਰਜ਼ ਕੀਤੀ ਸੀ ਉਨ੍ਹਾਂ ਨੂੰ ਵੀ ਹਜ਼ੂਰ ਦਾ ਇਹੋ ਹੁਕਮ ਸੀ ਕਿ ਪ੍ਰੇਮੀਓਂ! ਤੁਸੀਂ ਹੱਠ ਨਾ ਕਰੋ ਸਾਨੂੰ ਵੱਡੇ ਸਾਹਿਬਾਂ ਦੀ ਆਗਿਆ ਨਹੀਂ।

# ਅੰਤਮ ਵੈਰਾਗ-ਮਈ ਬਚਨ

ਅੱਜ ਅੱਠ ਮਾਘ ਨੂੰ ਸਵੇਰ ਦੇ ਟਾਇਮ ਪਾਸ ਬੈਠੀ ਸੰਗਤ ਨੂੰ ਬਚਨ ਕੀਤਾ, "ਗੁਰੂ ਪਿਆਰਿਓ! ਸ਼ਾਇਦ ਕੱਲ੍ਹ ਤੁਹਾਨੂੰ ਇਸ ਸਰੀਰ ਦਾ ਦਰਸ਼ਨ ਨਾ ਹੋ ਸਕੇ। ਪ੍ਰਮੇਸ਼ਰ ਦੀ ਨੇਤ ਹੀ ਇਹੋ ਜਿਹੀ ਹੈ ਕਿ ਸਮੇਂ ਆਏ ਤੋਂ ਸਭਨਾਂ ਨੇ ਤੁਰ ਜਾਣਾ ਹੈ।" ਹਜ਼ੂਰ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਅਚਾਨਕ ਬਚਨ ਸੁਣਕੇ ਜਗਿਆਸੂ ਪ੍ਰੇਮੀਆਂ ਦੀਆਂ ਭੁੱਬਾਂ ਨਿਕਲ ਗਈਆਂ। ਬਾਬਾ ਜੀ ਕਹਿਣ ਲੱਗੇ, "ਪ੍ਰੇਮੀਓਂ ਅਰਸ਼ੀ ਦਾਤਾਰ ਦਾ ਹੁਕਮ ਹੈ:

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥

(ਪੰਨਾ ੧੪੨੯)

ਤੁਸੀਂ ਕੋਈ ਸ਼ੋਕ ਨਾ ਕਰੋ। ਹਰੀ ਜਸ ਤੇ ਗੁਰਬਾਣੀ ਦਾ ਕੀਰਤਨ ਕਰੋ। ਹਜ਼ੂਰ ਦਾ ਹੁਕਮ ਹੈ:

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥

(ਪੰਨਾ ੯੨੩)

ਸੰਸਾਰ ਦੀ ਰਚਨਾ ਹੀ ਇਹੋ ਜਿਹੀ ਹੈ, ਇਸ ਵਿੱਚ ਕੋਈ ਵੀ ਸਰੀਰ ਕਰਕੇ ਥਿਰ ਨਹੀਂ ਰਿਹਾ। ਚੱਕ੍ਰਵਰਤੀ ਬਾਦਸ਼ਾਹ, ਧਰਤੀ ਨੂੰ ਫੂਕ ਮਾਰਕੇ ਉਡਾਉਣ ਵਾਲੇ ਸੂਰਮੇਂ, ਵੇਦਾਂ ਦੇ ਟੀਕਾਕਾਰ, ਪੰਡਤ ਸਵਾਸਾਂ ਦੀ ਰਾਸ ਮੁੱਕਿਆਂ ਸਭ ਤੁਰ ਗਏ, ਜਿਵੇਂ ਕਲਗੀਆਂ ਵਾਲੇ ਪਾਤਸ਼ਾਹ ਜੀ ਮਹਾਰਾਜ ਫੁਰਮਾਉਂਦੇ ਹਨ:

ਰਸਾਵਲ ਛੰਦ ॥
ਜਿਤੇ ਰਾਮ ਹੁਏ ॥ ਸਭੈ ਅੰਤਿ ਮੁਏ ॥
ਜਿਤੇ ਕਿਸਨ ਹੁਇ ਹੈ ॥ ਸਭੈ ਅੰਤ ਜੈ ਹੈ ॥
ਜਿਤੇ ਦੇਵ ਹੋਸੀ ॥ ਸਭੈ ਅੰਤਿ ਜਾਸੀ ॥
ਜਿਤੇ ਬੋਧਿ ਹੋਇ ਹੈ ॥ ਸਭੈ ਅੰਤਿ ਛੈ ਹੈ ॥
ਜਿਤੇ ਦੇਵ ਰਾਯੰ ॥ ਸਭੈ ਅੰਤ ਜਾਯੰ ॥
ਜਿਤੇ ਦਈਤ ਏਸੰ ॥ ਤਿਤਯੋ ਕਾਲ ਲੇਸੰ ॥
ਨਰ ਸਿੰਘਾ ਅਵਤਾਰੰ ॥ ਵਹੈ ਕਾਲ ਮਾਰੰ ॥
ਬਡੋ ਦੰਡ ਧਾਰੀ ॥ ਹਨਿਯੋ ਕਾਲ ਭਾਰੀ ॥
ਦਿਜੈ ਬਾਵਨੇਯੰ ॥ ਹਣਿਓ ਕਾਲ ਤੇਯੰ ॥
ਮਹਾਂ ਮੱਛ ਮੁੰਡੰ ॥ ਫਧਿਓ ਕਾਲ ਝੁੰਡੰ ॥
ਜਿਤੇ ਹੋਇ ਬੀਤੇ ॥ ਤਿਤੇ ਕਾਲ ਜੀਤੇ ॥
ਜਿਤੇ ਸਰਨਿ ਜੈ ਹੈ ॥ ਤਿਤਿਓ ਰਾਖ ਲੈ ਹੈ ॥

(ਦਸਮ ਗ੍ਰੰਥ ਬਚਿਤ੍ਰ ਨਾਟਕ)

ਭੁਜੰਗ ਪ੍ਰਯਾਤ ਛੰਦ ॥
ਬਿਨਾ ਸਰਨ ਤਾਕੀ ਨ ਅਉਰੈ ਉਪਾਯੰ ॥
ਕਹਾ ਦੇਵ ਦਈਤੰ ਕਹਾ ਰੰਕ ਰਾਯੰ ॥
ਕਹਾ ਪਾਤਸ਼ਾਹੰ ਕਹਾ ਉਮਰਾਯੰ ॥
ਬਿਨਾ ਸਰਨ ਤਾ ਕੀ ਨ ਕੋਟੈ ਉਪਾਯੰ ॥
ਜਿਤੇ ਜੀਵ ਜੰਤੰ ਸੁ ਦੁਨੀਐਂ ਉਪਾਯੰ ॥
ਸਭੈ ਅੰਤਿ ਕਾਲੰਬਲੀ ਕਾਲ ਘਾਯੰ ॥
ਬਿਨਾ ਸਰਨ ਤਾ ਕੀ ਨਹੀ ਔਰ ਓਟੰ ॥
ਲਿਖੇ ਜੰਤ੍ਰ ਕੇਤੇ ਪੜ੍ਹੇ ਮੰਤ੍ਰ ਕੋਟੰ ॥

(ਦਸਮ ਗ੍ਰੰਥ ਬਚਿਤ੍ਰ ਨਾਟਕ )

ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,
ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ ॥
ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ
ਸਿੰਮ੍ਰਿਤ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ ॥
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ
ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ ॥
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ
ਭੂਮ ਹੀ ਤੇ ਹੁਇਕੈ ਫੇਰਿ ਭੂਮ ਹੀ ਮਿਲਏ ਹੈਂ ॥

(ਦਸਮ ਗ੍ਰੰਥ ਅਕਾਲ ਉਸਤਿਤ)

ਤਥਾ:

ਜਿਤਕ ਜਗਤ ਕੇ ਜੀਵ ਬਖਾਨੋ ॥
ਏਕ ਜੋਤ ਸਭ ਹੀ ਮਹਿ ਜਾਨੋ ॥
ਕਾਲ ਰੂਪ ਭਗਵਾਨ ਭਨੈਬੋ ॥
ਤਾ ਮੈ ਲੀਨ ਜਗਤਿ ਸਭ ਹ੍ਵੈ ਬੋ ॥

(ਦਸਮ ਗ੍ਰੰਥ ਚੌਵੀ ਅਵਤਾਰ)

ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰ ਧਾਰੀ
ਛਤ੍ਰ ਕੀ ਛਾਇਆ ਕਈ ਕੋਸ ਲੌ ਚਲਤ ਹੈਂ ॥
ਬਡੇ ਬਡੇ ਰਾਜਨ ਕੇ ਦਾਬਿਤ ਫਿਰਤਿ ਦੇਸ
ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤੁ ਹੈ ॥
ਮਾਨ ਸੇ ਮਹੀਪ ਔ ਦਿਲੀਪ ਕੈ ਸੇ ਛਤ੍ਰ ਧਾਰੀ
ਬਡੋ ਅਭਿਮਾਨ ਭਜੁ ਦੰਡ ਕੋ ਕਰਤ ਹੈਂ ॥
ਦਾਰਾ ਸੇ ਦਿਲੀਸਰ ਦੁਰਜੋਧਨ ਸੇ ਮਾਨ ਧਾਰੀ
ਭੋਗ ਭੋਗ ਭੂਮਿ ਅੰਤ ਭੂੰਮਿ ਮੈ ਮਿਲਤ ਹੈ ॥੧॥

(ਦਸਮ ਗ੍ਰੰਥ ਅਕਾਲ ਉਸਤਿਤ)

ਸੰਸਾਰ ਤੇ ਜਨਮ ਲੈਣਾ ਹੀ ਮਰਣ ਦੀ ਨਿਸ਼ਾਨੀ ਹੈ, ਮਨੁੱਖ ਪੈਦਾ ਹੀ ਮਰਣ ਵਾਸਤੇ ਹੋਇਆ ਹੈ। ਜੇ ਕਿਸੇ ਦੇ ਘਰ ਬੱਚਾ ਪੈਦਾ ਹੋ ਜਾਏ ਨਾਲ ਹੀ ਮਰਨ ਦਾ ਭੈਅ ਬਣ ਜਾਂਦਾ ਹੈ, ਵਧਾਈਆਂ ਦੇਣ ਆਏ ਕਹਿੰਦੇ ਹਨ ਇਸਦੀ ਉਮਰ ਲੰਮੇਰੀ ਹੋਵੇ ਪਰ ਸਮਾਂ ਆਏ ਤੋਂ ਇਸ ਨੂੰ ਕੋਈ ਵੀ ਸ਼ਕਤੀ ਕਾਲ ਤੋਂ ਬਚਾ ਨਹੀਂ ਸਕਦੀ।

ਅਨਿਕ ਜਤਨ ਕਰਿ ਇਹੁ ਤਨੁ ਰਾਖਹੁ
ਰਹੈ ਅਵਸਥਾ ਪੂਰੇ ॥੨॥

(ਪੰਨਾ ੧੧੨੪)

ਇਸਦਾ ਆਦਿ ਮਾਤਾ ਦੀ ਗੋਦ ਤੇ ਅੰਤ ਸਮਸ਼ਾਨ ਭੂਮੀ ਹੈ। ਭਾਵੇਂ ਆਮ ਲੋਕੀਂ ਸੰਸਾਰ ਸਮੁੰਦਰ ਵਿੱਚ ਮੌਤ ਨੂੰ ਇੱਕ ਬੜੀ ਸਖ਼ਤ ਚਟਾਨ ਮੰਨਦੇ ਹਨ, ਜਿਸ ਨਾਲ ਟਕਰਾਕੇ ਅਨੇਕਾਂ ਹੀ ਜ਼ਿੰਦਗੀਆਂ ਰੂਪੀ ਬੇੜੀਆਂ ਪਾਸ਼-ਪਾਸ਼ ਹੋ ਗਈਆਂ ਪਰ ਮਹਾਂ-ਪੁਰਸ਼ਾਂ ਦੀ ਮੌਤ ਵੱਖਰੀ ਹੈ। ਉਨ੍ਹਾਂ ਦੇ ਮਨ ਅੰਦਰ ਸਦਾ ਹੀ ਮਰਣ ਦਾ ਚਾਅ ਬਣਿਆ ਰਹਿੰਦਾ ਹੈ। ਭਗਤ ਕਬੀਰ ਜੀ ਕਥਨ ਕਰਦੇ ਹਨ:

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥

(ਪੰਨਾ ੧੩੬੫)

ਯਥਾ:

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥

(ਪੰਨਾ ੫੭੯)

ਉਨ੍ਹਾਂ ਸੂਰਮੇਂ (ਮੁਣਸਾ) ਮਨੁੱਖਾਂ ਦਾ ਭਾਵ ਮਹਾਂ-ਪੁਰਸ਼ਾਂ ਦਾ ਮਰਣਾ (ਹਕੁ) ਸਫ਼ਲਾ ਹੈ ਪ੍ਰਮਾਣੀਕ ਹੋ ਕੇ ਮਰਦੇ ਹਨ, ਭਾਵ ਆਪਣਾ ਜੀਵਨ ਸਫ਼ਲਾ ਕਰ ਲੈਂਦੇ ਹਨ।

ਤਥਾ:

ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥

(ਪੰਨਾ ੫੭੯)

ਹਜ਼ੂਰ ਫੁਰਮਾਉਂਦੇ ਹਨ, ਹੇ ਲੋਕੋ! ਮਰਣ ਨੂੰ (ਮੰਦਾ) ਮਾੜਾ ਨਾ ਕਹੋ, ਮਰਣਾ ਤਾਂ ਬਹੁਤ ਹੀ ਚੰਗਾ ਹੈ, ਦੇਹ ਦੀ ਕੈਦ ਤੋਂ ਆਜ਼ਾਦ ਹੋ ਕੇ ਆਪਣੇ ਪ੍ਰੀਤਮ ਵਿੱਚ ਪੂਰਨ ਅਭੇਦ ਹੋਈਦਾ ਹੈ, ਪਰ ਜੇ ਕੋਈ ਐਸਾ ਮਹਾਤਮਾ ਵਾਲਾ ਮਰਣਾ ਜਾਣਦਾ ਹੋਵੇ, ਮਰਣ ਦੀ ਜਾਚ ਹੋਵੇ, ਭਾਵ ਭਜਨ ਸਿਮਰਨ ਦੁਆਰਾ ਸਰੀਰ ਸਫ਼ਲਾ ਕਰ ਲਵੇ, ਫੇਰ ਉਨ੍ਹਾਂ ਵਾਸਤੇ ਮੌਤ ਮਾੜੀ ਨਹੀਂ। ਤਾਂ ਤੇ ਗੁਰਸਿਖਹੁ! ਤੁਸੀਂ ਵੀ ਮਹਾਂਪੁਰਸ਼ਾਂ ਵਾਂਗੂੰ ਆਪਣੇ ਸਮਰੱਥ ਮਾਲਕ ਨੂੰ ਸੇਵਨਾ ਕਰੋ, ਉਸਦਾ ਨਾਮ ਜਪੋ, ਜਿਸ ਕਰਕੇ ਅੱਗੇ ਪ੍ਰਲੋਕ ਦੇ ਸੁਖਦਾਈ ਰਸਤੇ, ਭਾਵ ਮਹਾਂ-ਪੁਰਸ਼ਾਂ ਵਾਲੇ ਰਸਤੇ ਜਾਣਾ ਹੋਵੇ।

੧. ਪਾਪੀਆਂ ਵਾਸਤੇ ਹੋਰ ਰਸਤਾ ਹੈ। ੨. ਪੁੰਨੀਆਂ ਵਾਸਤੇ ਹੋਰ ਰਸਤਾ ਹੈ। ੩. ਜੋਗਾ-ਭਿਆਸੀਆਂ ਵਾਸਤੇ ਹੋਰ ਮਾਰਗ ਹੈ। ੪. ਭਗਤਾਂ ਵਾਸਤੇ ਹੋਰ ਮਾਰਗ ਹੈ। ੫. ਬ੍ਰਹਮ-ਗਿਆਨੀਆਂ ਵਾਸਤੇ ਹੋਰ ਮਾਰਗ ਹੈ। ੬. ਕਾਰਕਾਂ ਵਾਸਤੇ ਹੋਰ ਰਸਤੇ ਹਨ।

ਭਗਤ ਕਬੀਰ ਜੀ ਕਥਨ ਕਰਦੇ ਹਨ ਕਿ ਜਿਸ ਮੌਤ ਤੋਂ ਸਾਰਾ ਸੰਸਾਰ ਕੰਬਦਾ ਹੈ, ਉਹ ਮਰਣਾ ਗੁਰ-ਕਿਰਪਾ ਦੁਆਰਾ ਸ਼ਬਦ ਦੀ ਕਮਾਈ ਕਰਕੇ ਸਾਨੂੰ ਸੁਖੈਨ ਹੀ ਪ੍ਰਗਟ ਹੋ ਆਇਆ, ਭਾਵ ਸੌਖਾ ਜਾਪਦਾ ਹੈ।

ਜਿਹ ਮਰਨੈ ਸਭੁ ਜਗਤੁ ਤਰਾਸਿਆ ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥

(ਪੰਨਾ ੩੨੭)

ਮਹਾਂ-ਪੁਰਸ਼ਾਂ ਨੂੰ ਮੌਤ ਇੱਕ ਨਵਾਂ ਜੀਵਨ ਦਿੰਦੀ ਹੈ, ਉਹ ਦੇਹ ਦੀ ਕੈਦ ਤੋਂ ਆਜ਼ਾਦ ਹੋ ਕੇ ਆਪਣੇ ਸਾਈਂ ਕੋਲ ਜਾਂਦੇ ਹਨ। ਇਸੇ ਕਰਕੇ ਸਦਾ ਹੀ ਮੌਤ ਦੀ ਉਡੀਕ ਕਰਦੇ ਹਨ। ਜੀਵ-ਆਤਮਾ ਦਾ ਦੇਹ ਤੋਂ ਅਲਹਿਦਾ ਹੋਣ ਦਾ ਨਾਮ ਹੀ ਮੌਤ ਹੈ। ਮਹਾਂ-ਪੁਰਸ਼ਾਂ ਨੇ ਪਹਿਲਾਂ ਹੀ ਆਪਣੇ ਆਪ ਨੂੰ ਸਰੀਰ ਤੋਂ ਵੱਖਰਾ ਨਿਸ਼ਚੇ ਕੀਤਾ ਹੁੰਦਾ ਹੈ, ਫੇਰ ਮੌਤ ਦਾ ਭੈਅ ਕਿਉਂ ਕਰਨ? ਜਿਵੇਂ ਕਿਸੇ ਮਨੁੱਖ ਦੇ ਪਾਸ ਘੋੜਾ ਹੈ, ਉਸਨੇ ਉਸਦੀ ਵੇਚ ਕੇ ਕੀਮਤ ਵੱਟ ਲਈ ਫੇਰ ਭਾਵੇਂ ਉਹ ਜਾਂਦਾ ਹੀ ਖਰੀਦ ਦਾਰ ਦੇ ਘਰ ਜਾਕੇ ਮਰ ਜਾਵੇ ਉਸਨੂੰ ਕੋਈ ਚਿੰਤਾ ਨਹੀਂ। ਇਸੇ ਤਰ੍ਹਾਂ ਸਰੀਰ ਵੀ ਜੀਵ-ਆਤਮਾ ਦਾ ਘੋੜਾ ਹੈ, ਸਤ ਪੁਰਸ਼ਾਂ ਨੇ ਇਸ ਤੋਂ ਸੇਵਾ ਸਿਮਰਨ ਦੁਆਰਾ ਕੰਮ ਲੈ ਕੇ ਆਪਣੇ ਸਰੂਪ ਦੀ ਪਛਾਣ-ਰੂਪੀ ਮੁੱਲ ਵੱਟ ਲਿਆ। ਹੁਣ ਇਸ ਨਾਲ ਕੋਈ ਸਬੰਧ ਨਹੀਂ ਰੱਖਦੇ ਬਲਕਿ ਉਨ੍ਹਾਂ ਨੂੰ ਭਾਰ ਰੂਪ ਜਾਪਦਾ ਹੈ।" ਇਉਂ ਬਚਨਾਂ ਦੁਆਰਾ ਸਭਨਾਂ ਨੂੰ ਧੀਰਜ ਦਿੱਤਾ।

ਉਪਰੰਤ ਸ਼ਾਮ ਦੇ ਚਾਰ ਵਜੇ ਕੇਸੀ ਇਸ਼ਨਾਨ ਕਰਕੇ ਨਵੀਂ ਪੁਸ਼ਾਕ ਪਹਿਨ ਲਈ। ਚਰਨਾਂ ਵਿੱਚ ਜੁਰਾਬਾਂ ਪਾ ਕੇ ਬੂਟਾਂ ਦੇ ਤਸਮੇਂ ਕਸ ਲਏ ਅਤੇ ਆਪਣੇ ਕਮਰੇ ਦੇ ਅੱਗੇ ਬਰਾਂਡੇ ਵਿੱਚ ਟਹਿਲਣ ਲੱਗੇ। ਦੇਖਣ ਵਾਲੇ ਪ੍ਰੇਮੀ ਸਮਝਦੇ ਸਨ, ਸਰੀਰ ਅਰੋਗ ਹੈ ਛੇਤੀ ਹੀ ਠੀਕ ਹੋ ਜਾਣਗੇ। ਏਧਰੋਂ ਭੂਤ, ਭਵਿੱਖਤ ਦੇ ਗਿਆਤ-ਗੇਅ ਦਾਤੇ ਨੇ ਬਚਨ ਕੀਤਾ ਕਿ ਗੈਸ ਸਾਫ਼ ਕਰਕੇ ਤੇਲ ਪਾ ਲਵੋ, ਸਾਡੇ ਪਾਸ ਟਾਇਮ ਪੀਸ ਰੱਖ ਦੇਣਾ, ਵੱਡੇ ਕਮਰੇ ਵਿੱਚ ਤੇ ਬਾਹਰ ਬਰਾਂਡੇ ਵਿੱਚ ਸਾਰੇ ਫਰਸ਼ ਵਿਛਾ ਦੇਵੋ। ਇਸ ਰਮਜ਼ ਨੂੰ ਖ਼ਾਸ-ਖ਼ਾਸ ਪ੍ਰੇਮੀ ਜਾਣਦੇ ਸਨ ਕਿਉਂਕਿ ਸਾਧੂ ਰਮਜ਼ ਦਿੰਦਾ ਹੈ, ਰਾਜ਼ ਨਹੀਂ ਦਸਦਾ। ਉਹ ਆਪਸ ਵਿੱਚ ਕਹਿਣ ਲੱਗੇ ਕਿ ਸੰਤਾਂ ਨੇ ਸਾਨੂੰ ਵਿਛੋੜਾ ਦੇ ਕੇ ਹੁਣ ਜ਼ਰੂਰ ਹੀ ਆਪਣੇ ਨਿੱਜ-ਧਾਮ ਨੂੰ ਚਲੇ ਜਾਣਾ ਹੈ। ਇਨ੍ਹਾਂ ਦਾ ਦਰਸ਼ਨ ਦੁਰਲੱਭ ਹੈ। ਪਲੋ-ਪਲੀ ਵਿੱਚ ਸਾਰੇ ਖ਼ਬਰਾਂ ਫੈਲ ਗਈਆਂ। ਰਾਮਪੁਰ ਨਗਰ ਤੋਂ ਵੀ

ਬਹੁਤ ਸਾਰੇ ਪ੍ਰੇਮੀ ਰਾਤ ਦੇ ਸਮੇਂ ਸੰਤਾਂ ਦੇ ਪਾਸ ਹੀ ਠਹਿਰ ਗਏ। ਹਜ਼ੂਰ ਨੇ ਸੰਗਤ ਦਾ ਇਕੱਠ ਤੇ ਅੰਤ ਸਮਾਂ ਨਜ਼ਦੀਕ ਜਾਣਕੇ ਆਪਣਾ ਪਲੰਘ ਇੱਕ ਵੱਡੇ ਕਮਰੇ ਵਿੱਚ ਡਹਾ ਲਿਆ ਜੋ ਦੋਰਾਹੇ ਵੱਲ ਦੀ ਡਿਉਢੀ ਦੇ ਪਾਸ ਹੈ। ਚਾਰ ਕਮਰੇ ਤੇ ਇੱਕ ਬਾਹਰਲੀ ਗੁਫ਼ਾ ਇਹ ਪਟਿਆਲੇ ਵਾਸੀ ਸੰਗਤ ਨੇ ਬਣਵਾਏ ਸਨ। ਇਹ ਕਮਰਾ ਵੀ ਉਨ੍ਹਾਂ ਵਿੱਚੋਂ ਹੀ ਇੱਕ ਹੈ ਜਿਸਦੇ ਉਪਰਲਾ ਚੁਬਾਰਾ ਸੰਤ ਬਿਸ਼ਨ ਸਿੰਘ ਜੀ ਰੌਣੀ ਵਾਲਿਆਂ ਨੇ ਪਵਾਇਆ ਹੈ। ਸੰਤਾਂ ਦੀ ਆਗਿਆ ਪਾ ਕੇ ਕੁਝ ਕੁ ਪ੍ਰੇਮੀ ਰਾਤ ਨੂੰ ਸੇਵਾ ਵਾਸਤੇ ਹਜ਼ੂਰੀ ਵਿੱਚ ਰਹੇ ਬਾਕੀ ਸੰਗਤ ਬਾਹਰ ਬੈਠ ਗਈ। ਲੁਧਿਆਣੇ ਤੋਂ ਸਿਵਲ ਸਰਜਨ ਡਾਕਟਰ ਨੂੰ ਸੱਦਣ ਵਾਸਤੇ ਸਲਾਹ ਕੀਤੀ ਪਰ ਸੰਤ ਜੀ ਦਾ ਉੱਤਰ ਸੀ ਕਿ ਹੁਣ ਦਵਾਈ ਦੀ ਲੋੜ ਨਹੀਂ ਅਸੀਂ ਤਾਂ ਸਰੀਰ ਦੇ ਪਿੰਜਰੇ ਤੋਂ ਵੱਖਰੇ ਹੋ ਜਾਣਾ ਹੈ।

ਉਸ ਸਮੇਂ ਆਪਣੇ ਪਰਮ-ਪ੍ਰੀਤਵਾਨ ਹਜ਼ੂਰੀਏ ਸੇਵਕ ਸੰਤ ਈਸ਼ਰ ਸਿੰਘ ਦੇ ਹੰਝੂ ਤੱਕ ਕੇ ਸੰਤਾਂ ਦਾ ਸਰੀਰ ਦ੍ਰਵੀਭੂਤ ਹੋ ਆਇਆ, ਬੜੇ ਪਿਆਰ ਨਾਲ ਬੁੱਕਲ ਵਿੱਚ ਲੈ ਕੇ ਸਿਰ ਤੇ ਹੱਥ ਫੇਰਿਆ ਤੇ ਇਹ ਵਰ ਦਿੱਤੇ:

*ਕੋਮਲ ਸਰੀਰ ਅਤੇ ਬਰਖੁਰਦਾਰ ਬੇਟਾ,*
*ਸਾਰੀ ਜ਼ੁੰਮੇਂਵਾਰੀ ਨੂੰ ਤੋੜ ਹੀ ਨਿਭਾਏਗਾ।*
*ਹੋਤੀ ਮਰਦਾਨ ਉਤੇ ਹੋਰ ਡੇਰਾ ਤਿਆਰ ਕਰੂ,*
*ਰੇਰੂ ਸਾਹਿਬ ਵਾਂਗ ਲੋਹ ਲੰਗਰ ਚਲਾਏਗਾ।*
*ਹੋਤੀ ਵਾਲਾ ਡੇਰਾ ਜੈਸੇ ਕਲਪਾਣੀ ਕੰਢੇ ਉਤੇ,*
*ਤੈਸੇ ਡੇਰਾ ਸੋਹਣਾ ਕੰਢੇ ਨਹਿਰ ਦੇ ਬਣਾਏਗਾ।*
*ਗੁਰੂ ਕੀਆਂ ਸੰਗਤਾਂ ਨੂੰ ਨਾਮ ਹੀ ਜਪਾਊ ਸਦਾ,*
*ਧੰਨ ਗੁਰੂ ਨਾਨਕ ਦਾ ਕੀਰਤਨ ਸੁਣਾਏਗਾ।*

ਸ਼ਾਮ ਤੋਂ ਹੀ ਸੰਤ ਜੀ ਮਹਾਰਾਜ ਅਖੰਡ ਸਮਾਧੀ ਵਿੱਚ ਇਸਥਿਤ ਸਨ। ਮੁਖੀ ਸੇਵਾਦਾਰਾਂ ਦਾ ਇਸ਼ਾਰਾ ਪਾ ਕੇ ਇੱਕ ਦੋ ਸੱਜਣਾਂ ਤੋਂ ਬਿਨਾਂ ਹੋਰ ਸਾਰੇ ਪ੍ਰੇਮੀ ਬਾਹਰ ਆ ਗਏ।

# ਸੰਤਾਂ ਨੇ ਜੋਤੀ ਜੋਤ ਸਮਾਉਣਾ

ਬਿਕ੍ਰਮੀ ਸੰਮਤ ੧੯੯੩ ਨੂੰ ੯ ਮਾਘ ਦਾ ਅੰਮ੍ਰਿਤ ਵੇਲਾ ਹੋਣ ਵਾਲਾ ਹੈ। ੨੧ ਜਨਵਰੀ ੧੯੨੭ ਦੀ ਸਵੇਰ ਆਈ। ਰਾਤ ਦੇ ਇੱਕ ਵਜੇ ਨਬਜ਼ ਕੁਝ ਢਿੱਲੀ-ਢਿੱਲੀ ਚੱਲਣ ਲੱਗੀ। ਸਵਾਸਾਂ ਦੀ ਰਫਤਾਰ ਵੀ ਪਹਿਲਾਂ ਨਾਲੋਂ ਧੀਮੀ ਹੋ ਗਈ। ਬੂਹੇ ਤੋਂ ਬਾਹਰ ਬੈਠੀ ਸੰਗਤ ਪਲ-ਪਲ ਵਿੱਚ ਅੰਦਰਲੇ ਸੇਵਾਦਾਰਾਂ ਤੋਂ ਖ਼ਬਰ ਮੰਗਾ ਰਹੀ ਸੀ। ਜਦੋਂ ਉਨ੍ਹਾਂ ਨੇ ਹਜ਼ੂਰ ਦਾ ਅੰਤਮ ਦਰਸ਼ਨ ਤੇ ਸਦੀਵੀ ਵਿਛੋੜਾ ਦੱਸਿਆ ਤਾਂ ਬਾਹਰ ਬੈਠੀ ਸੰਗਤ ਦੀਆਂ ਧਾਹਾਂ ਨਿਕਲ ਗਈਆਂ। ਵੈਰਾਗ ਵਿੱਚ ਆਖਦੇ ਸਨ:

*ਸਾਡੇ ਪ੍ਰੀਤਮਾ ਪ੍ਰੀਤ ਨੂੰ ਤੋੜ ਚਲੇ,*
*ਦੁਨੀਆਂ ਏਸ ਨੂੰ ਛੱਡ ਕੇ ਜਾਣ ਲੱਗੇ।*
*ਹਾਏ! ਹਾਏ! ਕੁਸ਼ਗਨੀ ਰਾਤ ਆਈ,*
*ਪਯਾਰੇ ਸਾਡੇ ਜੁਦਾਈਆਂ ਪਾਣ ਲੱਗੇ।*
*ਮਹਾਂ ਸ਼ੋਕ ਛਾਇਆ ਬੈਠੇ ਸਾਰਿਆਂ ਨੂੰ,*
*ਅਨੁਭਵ ਰੂਪ ਮੇ ਜੋਤ ਮਿਲਾਣ ਲੱਗੇ।*
*ਸਾਡੇ ਪ੍ਰੇਮ ਦੀ ਲੜੀ ਨੂੰ ਤੋੜ ਚਲੇ,*
*ਨਹੀਂ ਰੁੱਠਿਆਂ ਦਰਸ ਦਿਖਾਣ ਲੱਗੇ।*
*ਖਿੜੇ ਫੁੱਲ ਨੇ ਹੁਣ ਕਮਲਾਉਣ ਲੱਗੇ,*
*ਮਹਿਕ ਅਤਰ ਦੀ ਹੱਥੋ ਗਵਾਣ ਲੱਗੇ।*
*ਹਾਲ ਪੁੱਛੂ ਨਾ ਮੁੜਕੇ ਫੇਰ ਕੋਈ,*
*ਪਯਾਰੇ ਕੋਲ ਅਕਾਲ ਦੇ ਜਾਣ ਲੱਗੇ।*

ਸਹੀ ਟਾਇਮ ਦੋ ਵਜੇ ਜਦੋਂ ਆਪ ਸਦੀਵੀ ਇਸ਼ਨਾਨ ਕਰਿਆ ਕਰਦੇ ਆਪਣਾ ਸੱਜਾ ਹੱਥ ਬਸਤਰ ਤੋਂ ਬਾਹਰ ਕੱਢਿਆ, ਸੇਵਾਦਾਰ ਨੇ ਸਰਦੀ ਜਾਣਕੇ ਛੇਤੀ ਉਹ ਬਾਂਹ ਬਸਤਰ ਹੇਠਾਂ ਕਰ ਦਿੱਤੀ। ਮਹਾਂ-ਪੁਰਸ਼ਾਂ ਨੇ ਫੇਰ ਬਾਂਹ ਬਾਹਰ ਕੱਢੀ ਤੇ ਸੇਵਕ ਨੇ ਫੇਰ ਢੱਕ ਦਿੱਤੀ। ਜਦੋਂ ਉਸਨੇ ਢੱਕਣ ਵਾਸਤੇ ਤੀਜੀ ਵਾਰ ਬਾਂਹ ਨੂੰ ਹੱਥ ਲਾਇਆ ਤਾਂ ਮਹਾਂ-ਪੁਰਖਾਂ ਨੇ ਨੇਤਰ ਖੋਲ੍ਹ ਕੇ ਪਾਸ ਬੈਠੇ ਸੱਜਣ ਤੇ ਅੰਮ੍ਰਿਤ ਦ੍ਰਿਸ਼ਟੀ ਪਾਈ ਤੇ ਬਾਂਹ ਨੂੰ ਸੇਵਾਦਾਰ ਦਾ ਹੱਥ ਲੱਗਣੋਂ ਰੋਕ ਦਿੱਤਾ। ਤਿੰਨ ਵਾਰ ਆਪਣਾ ਸੱਜਾ ਹੱਥ ਚੇਹਰੇ ਤੇ ਫੇਰਿਆ। ਇਸ ਅਗੰਮੀ ਰਮਜ਼ ਨੂੰ ਕੌਣ ਜਾਣੇ। ਪਰ:

ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥

(ਪੰਨਾ ੧੩੬੫)

ਸੰਤ ਜੀ ਮਹਾਰਾਜ ਦੇ ਹਜ਼ੂਰੀਏ ਸੇਵਕ ਗੜਵਈ ਸੰਤ ਈਸ਼ਰ ਸਿੰਘ ਜੀ ਨੇ ਜਾਣ ਲਿਆ ਕਿ ਮਹਾਂ-ਪੁਰਸ਼ਾਂ ਦੀ ਰਮਜ਼ ਕਿਸੇ ਕਾਰਣ ਬਗ਼ੈਰ ਖ਼ਾਲੀ ਨਹੀਂ ਹੁੰਦੀ। ਸੋ ਇਸਦਾ ਭਾਵ ਭੀ ਇਹ ਸੀ ਕਿ ਅੱਜ ਅਸੀਂ ਕਲਗੀਆਂ ਵਾਲੇ ਪਾਤਸ਼ਾਹ ਦੀ ਕ੍ਰਿਪਾ ਨਾਲ ਉਨ੍ਹਾਂ ਦੀ ਚਰਨ ਧੂੜ ਮੱਥੇ ਲਾ ਕੇ ਇਸ ਅਸਥਾਨ ਵਿੱਚ ਝਾੜੂ ਕਰਦੇ ਹੋਏ ਅੱਜ ਸੰਸਾਰ ਤੋਂ ਉਜਲਾ ਮੁਖ ਲੈ ਕੇ ਚੱਲੇ ਹਾਂ, ਇਸ ਫ਼ਕੀਰੀ ਦੀ ਚਿੱਟੀ ਚਾਦਰ ਨੂੰ ਕੋਈ ਦਾਗ਼ ਨਹੀਂ ਲੱਗਣ ਦਿੱਤਾ।
ਯਥਾ:

ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ੍ ॥

(ਪੰਨਾ ੧੪੧੯)

ਦੋਹੀਂ ਜਹਾਨੀਂ ਸਚੀ ਦਾਹੜੀ ਉਜਲਾ ਮੁਖ ਮਹਾਂ-ਪੁਰਸ਼ਾਂ ਦਾ ਹੀ ਹੁੰਦਾ ਹੈ, ਪਰ ਫੇਰ ਵੀ ਉਹ ਅਖ਼ੀਰ ਤੱਕ ਮਨ ਦਾ ਵਿਸਾਹ ਨਹੀਂ ਕਰਦੇ।

# ਬੀਤ ਰਾਗ ਸਾਧੂ ਤੇ ਵੇਸਵਾ ਦਾ ਪ੍ਰਸੰਗ

ਜਿਵੇਂ ਕਿਸੇ ਭਿਖਿਆ ਲੈਣ ਗਏ ਬੀਤਰਾਗ ਵਿਰੱਕਤ ਮਹਾਂਪੁਰਸ਼ ਨੂੰ (ਜੋ ਸ਼ਹਿਰੋਂ ਬਾਹਰ ਆਪਣੀ ਕੱਚੀ ਕੁਟੀਆ ਵਿੱਚ ਰਹਿੰਦੇ ਸਨ) ਇੱਕ ਮਨ-ਚਲੀ ਵੇਸਵਾ ਦੁੱਧ ਚਿੱਟੇ ਦਾਹੜੇ ਨੂੰ ਦੇਖਕੇ ਰੋਜ਼ ਹੀ ਆਖਿਆ ਕਰਦੀ, "ਬਾਬਾ ਜੀ! ਇਹ ਤੁਹਾਡਾ ਸੁੰਦਰ ਦਾੜਾ ਚੰਗਾ ਹੈ ਜਾਂ ਮੇਰੇ ਕੁੱਤੇ ਦੀ ਪੂਛ?" ਮਹਾਂ-ਪੁਰਸ਼ਾਂ ਨੇ ਆਖਣਾ, "ਬੱਚੀਏ! ਇਸ ਗੱਲ ਦਾ ਕਦੀ ਫੇਰ ਉੱਤਰ ਦੇਵਾਂਗੇ।" ਇਉਂ ਕਾਫ਼ੀ ਸਮਾਂ ਲੰਘ ਗਿਆ। ਮਹਾਂ-ਪੁਰਸ਼ ਹਰ ਰੋਜ਼ ਭਿਖਿਆ ਨੂੰ ਜਾਂਦੇ ਵੇਸਵਾ ਏਹੋ ਹੀ ਸਵਾਲ ਕਰਦੀ ਕਿ ਤੁਹਾਡਾ ਦਾਹੜਾ ਚੰਗਾ ਹੈ ਜਾਂ ਮੇਰੇ ਕੁੱਤੇ ਦੀ ਪੂਛ? ਮਹਾਂ-ਪੁਰਸ਼ ਆਖ ਛੱਡਦੇ, "ਬੱਚੀ! ਕਦੇ ਫੇਰ ਉੱਤਰ ਦੇਵਾਂਗੇ।"

ਅੱਜ ਰਾਤ ਦੇ ਬਾਰਾਂ ਵੱਜੇ ਹਨ, ਸਿਆਲ ਦੀ ਰੁੱਤ ਹੋਣ ਕਰਕੇ ਅੱਤ ਦੀ ਸਰਦੀ ਪੈ ਰਹੀ ਹੈ। ਮਹਾਂ-ਪੁਰਸ਼ਾਂ ਦਾ ਸਰੀਰ ਸ਼ਾਂਤ ਹੋਣ ਲੱਗਾ ਤਾਂ ਆਪਣੇ ਕੀਤੇ ਬਚਨਾਂ ਦਾ ਰਿਣ ਉਤਾਰਣ ਵਾਸਤੇ ਉਸ ਸਮੇਂ ਵੇਸਵਾ ਨੂੰ ਆਪਣੇ ਪਾਸ ਸੱਦਿਆ ਤੇ ਆਖਿਆ, "ਬੱਚੀ! ਤੇਰਾ ਸਾਡੇ ਸੀਸ ਤੇ ਕਰਜ਼ਾ ਸੀ ਕਿਉਂਕਿ ਅਸੀਂ ਆਖਿਆ ਸੀ ਤੇਰੇ ਪ੍ਰਸ਼ਨ ਦਾ ਕਦੀ ਜ਼ਰੂਰ ਉੱਤਰ ਦੇਵਾਂਗੇ। ਸੋ ਅੱਜ ਸਾਡਾ ਦਾੜ੍ਹਾ ਤੇਰੇ ਕੁੱਤੇ ਦੀ ਪੂਛ ਨਾਲੋਂ ਚੰਗਾ ਹੈ।" ਇਹ ਗੱਲ ਸੁਣਕੇ ਵੇਸਵਾ ਦੀਆਂ ਭੁੱਬਾਂ ਨਿਕਲ ਗਈਆਂ। ਨੇਤਰਾਂ ਦੇ ਹੰਝੂਆਂ ਨਾਲ ਮਹਾਂ-ਪੁਰਸ਼ਾਂ ਦੇ ਚਰਨ ਧੋ ਦਿੱਤੇ। ਹਿਟਕੋਰੇ ਲੈਂਦੀ ਨੇ ਅਰਜ਼ ਕੀਤੀ, "ਮਹਾਰਾਜ! ਮੈਂ ਨਿਭਾਗਨ ਨੇ ਆਪਣੇ ਚੰਚਲ ਸੁਭਾਉ ਅਨੁਸਾਰ ਤਰਕ ਕਰਕੇ ਪੁੱਛਿਆ ਸੀ। ਦਾਹੜਾ ਤਾਂ ਤੁਹਾਡਾ ਉਸੇ ਦਿਨ ਹੀ ਪਵਿੱਤਰ ਅਸਥਾਨ ਤੇ ਝੁਲਣ ਵਾਲੇ ਚੌਰ ਨਾਲੋਂ ਸ੍ਰੇਸ਼ਟ ਤੇ ਕਿਤੇ ਉਜਲਾ ਸੀ, ਮੇਰੀ ਗ਼ਲਤੀ ਮੁਆਫ਼ ਕਰ ਦਿਓ।" ਸੰਤਾਂ ਕਿਹਾ, "ਕੋਈ ਗੱਲ ਨਹੀਂ ਬੀਬਾ! ਤੇਰਾ ਇਹ ਸਵਾਲ ਠੀਕ ਸੀ, ਪਰ ਜੇ ਅਸੀਂ ਉਸੇ ਸਮੇਂ ਹੀ ਕਹਿ ਦਿੰਦੇ ਕਿ ਸਾਡਾ ਦਾਹੜਾ ਤੇਰੇ ਕੁੱਤੇ ਦੀ ਪੂਛ ਨਾਲੋਂ ਕਿਤਨਾ ਚੰਗਾ ਹੈ ਤਾਂ ਇਸ ਜ਼ਿੰਦਗੀ ਵਿੱਚ ਕੀ ਪਤਾ ਹੈ ਮਨ ਦਾ ਰਉ ਕਿਸ ਪਾਸੇ ਵੱਲ ਚਲਾ ਜਾਵੇ।

ਯਥਾ: ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ ॥

(ਪੰਨਾ ੧੩੬੬)

ਸੋ ਅੱਜ ਹੀ ਅਸੀਂ ਗੌਰਵਤਾ ਤੇ ਫਖਰ ਨਾਲ ਕਹਿ ਸਕਦੇ ਹਾਂ ਕਿ ਸਾਡਾ ਦਾਹੜਾ ਤੇਰੇ ਉਸ ਕੁੱਤੇ ਦੀ ਪੂਛ ਨਾਲੋਂ ਬਹੁਤ ਚੰਗਾ ਹੈ।"

ਵੈਰਾਗ ਵਾਲੇ ਹਿਰਦੇ ਚੋਂ ਨਿਕਲੇ ਹੋਏ ਸੰਤਾਂ ਦੇ ਅੰਤਮ ਬਚਨਾਂ ਤੇ ਦਰਸ਼ਨਾਂ ਦਾ ਵੇਸਵਾ ਦੇ ਮਨ ਤੇ ਇਤਨਾ ਗਹਿਰਾ ਅਸਰ ਹੋਇਆ ਕਿ ਉਸ ਸਮੇਂ ਉਸਦੀ ਮੰਦ-ਵਾਸ਼ਨਾ ਦੂਰ ਹੋ ਗਈ। ਜ਼ਿੰਦਗੀ ਦਾ ਬਾਕੀ ਹਿੱਸਾ ਭਜਨ ਸਿਮਰਨ ਵਿੱਚ ਬਤੀਤ ਕਰਕੇ ਅੰਤ ਸਮੇਂ ਉਜਲਾ ਮੁੱਖ ਲੈ ਕੇ ਪ੍ਰਲੋਕ ਨੂੰ ਗਈ। ਜਿਵੇਂ ਚੰਦਰ ਮਣੀ ਵੇਸਵਾ ਤੇ ਤਰਸ ਕਰਕੇ ਸੰਤ ਜੀਵਨ ਪ੍ਰਕਾਸ਼ ਨੇ ਰਾਮ ਨਾਮ ਪੜ੍ਹਿਆ, ਤੋਤਾ ਦੇ ਕੇ ਉਸਦੀ ਕਲਿਆਣ ਕੀਤੀ ਸੀ।

ਯਥਾ:

ਗਨਕਾ ਪਾਪਨ ਹੋਇਕੈ ਪਾਪਾਂ ਦਾ ਗਲ ਹਾਰ ਪਰੋਤਾ।
ਮਹਾਂ ਪੁਰਖ ਅਚਾਣਚਕ ਗਣਕਾ ਵਾੜੇ ਆਇ ਖਲੋਤਾ।
ਦੁਰਮਤਿ ਦੇਖ ਦਇਆਲ ਹੋਇ ਹਥਹੁੰ ਉਸਨੋਂ ਦਿਤੋਸੁ ਤੋਤਾ।
ਰਾਮ ਨਾਮ ਉਪਦੇਸ ਕਰ ਖੇਲ ਗਿਆ ਦੇ ਵਣਜ ਸਉਤਾ।
ਲਿਵ ਲਾਗੀ ਤਿਸ ਤੋਤਿਅਹੁੰ ਨਿਤ ਪੜ੍ਹਾਏ ਕਰੈ ਅਸੋਤਾ।
ਪਤਿਤ ਉਧਾਰਣ ਰਾਮ ਨਾਮ ਦੁਰਮਤਿ ਪਾਪ ਕਲੇਵਰ ਧੋਤਾ।
ਅੰਤਕਾਲ ਜਮ ਜਾਲ ਤੋੜ ਨਰਕੈ ਵਿਚ ਨ ਖਾਧੁਸ ਗੋਤਾ।
ਗਈ ਬੈਕੁੰਠ ਬਿਬਾਣ ਚੜ੍ਹ ਨਾਉ ਨਾਰਾਇਣ ਛੋਤ ਅਛੋਤਾ।
ਥਾਉਂ ਨਿਥਾਵੇਂ ਮਾਣ ਮਣੋਤਾ ॥੨੧॥

(ਭਾਈ ਗੁਰਦਾਸ ਜੀ)

ਇਹ ਹੈ ਸਾਧੂ ਦੇ ਦਰਸ਼ਨਾਂ ਦਾ ਫ਼ਲ:

ਸਾਧ ਕੈ ਸੰਗਿ ਨਹੀ ਕਛੁ ਘਾਲ ॥
ਦਰਸਨੁ ਭੇਟਤ ਹੋਤ ਨਿਹਾਲ ॥

(ਪੰਨਾ ੨੭੨)

ਏਹੋ ਜੇਹੇ ਮਹਾਂ-ਪੁਰਸ਼ਾਂ ਦਾ ਦਰਸ਼ਨ ਦੁਰਲੱਭ ਹੈ ਜੋ ਪਰਉਪਕਾਰ ਵਾਸਤੇ ਹੀ ਸੰਸਾਰ ਤੇ ਆਪਣਾ ਸਰੀਰ ਧਾਰਣ ਕਰਦੇ ਹਨ।

*ਮਹਾਂ ਪੁਰਖ ਕੋ ਜਗ ਤਨ ਧਾਰਣ।*
*ਅਕਿ ਨਰਨ ਸ੍ਰੇਯ ਕੋ ਕਾਰਣ।* *(ਗੁਰ-ਪ੍ਰਤਾਪ ਸੂਰਜ)*

ਆਪਣੇ ਪਾਵਨ ਦਾਹੜੇ ਤੇ ਹੱਥ ਫੇਰਕੇ ਸਹੀ ਦੋ ਵਜੇ ਸੰਤਾਂ ਨੇ ਫੇਰ ਨੇਤਰ ਬੰਦ ਕਰ ਲਏ। ਉਪਰ ਨੂੰ ਇੱਕ ਲੰਬਾ ਸਵਾਸ ਖਿਚਿਆ ਤੇ ਜੀਵ ਆਤਮਾ ਬ੍ਰਹਮ ਰੁੰਧ੍ਰ ਦੁਆਰਾ ਬਾਹਰ ਨਿੱਕਲ ਕੇ ਵਿਆਪਕ ਜੋਤੀ ਵਿੱਚ ਅਭੇਦ ਹੋ ਗਿਆ। ਸੇਵਾਦਾਰਾਂ ਦਾ ਵੈਰਾਗ ਥੰਮਿਆਂ ਨਾ ਜਾਵੇ, ਬਾਹਰ ਬੈਠੇ ਪ੍ਰੇਮੀ ਭੁੱਬਾਂ ਮਾਰਣ ਲਗੇ। ਸਾਰੇ ਛਨਾਟਾ ਛਾ ਗਿਆ। ਕਈ ਤਾਂ ਉਸੇ ਥਾਂ ਬੈਠੇ ਹੀ ਸੁੰਨ ਹੋ ਗਏ। ਪਲੋ-ਪਲੀ ਵਿੱਚ ਸਾਰੇ ਖ਼ਬਰਾਂ ਫੈਲ ਗਈਆਂ। ਰਾਮਪੁਰ ਪਿੰਡ ਦੇ ਪ੍ਰੇਮੀ ਬਖਤੌਰ ਸਿੰਘ ਜੈਲਦਾਰ ਤੇ ਹੋਰ ਇਲਾਕੇ ਦੀ ਸੰਗਤ ਇਕੱਤ੍ਰ ਹੋ ਗਈ। ਗੁਰਬਾਣੀ ਦਾ ਵੈਰਾਗ-ਮਈ ਕੀਰਤਨ ਸ਼ੁਰੂ ਕਰ ਦਿੱਤਾ। ਨਾਮ ਅਭਿਆਸੀ ਸਿੱਖ ਵੈਰਾਗ ਕਰਨ ਵਾਲਿਆਂ ਨੂੰ ਰੋਕਦੇ ਹਨ ਕਿ ਸਤਿਗੁਰਾਂ ਦਾ ਹੁਕਮ ਹੈ:

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥

(ਪੰਨਾ ੯੨੩)

ਅਤੇ: ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥੧੬॥

(ਪੰਨਾ ੧੩੬੫)

ਪਰ ਵੈਰਾਗ ਦੇ ਵੇਗ ਨੇ ਇਸ ਉਪਦੇਸ਼ ਨੂੰ ਰੇਤੇ ਦੇ ਪੁਲ ਵਾਂਗੂੰ ਵਹਾ ਦਿੱਤਾ। ਜਦੋਂ ਪਹੁ-ਫੁਟਾਲਾ ਹੋ ਗਿਆ ਤਾਂ ਪਸ਼ੂਆਂ ਦੇ ਸੇਵਾਦਾਰਾਂ ਤੋਂ ਪਤਾ ਲੱਗਾ ਕਿ ਸੰਤਾਂ ਦੇ ਪਿਆਰ ਵਿੱਚ ਦੋ ਬੁੱਢੇ ਬੈਲ (ਜਿਨ੍ਹਾਂ ਨਾਲ ਸੰਤਾਂ ਨੇ ਆਪ ਹਲ ਵਾਹਿਆ ਸੀ) ਇਨ੍ਹਾਂ ਨਾਲ ਹਜ਼ੂਰ ਅਤੀ ਪਿਆਰ ਕਰਦੇ ਹੁੰਦੇ ਹਨ, ਇੱਕ ਗਊ ਤੇ ਇੱਕ ਕੁੱਤਾ ਇਹ ਚਾਰੇ ਅਚਾਨਕ ਸਰੀਰ ਤਿਆਗ ਗਏ। ਇਨ੍ਹਾਂ ਨੇ ਆਪਣੇ ਪਿਆਰੇ ਨਾਲ ਅੰਤਮ ਸਵਾਸਾਂ ਤੱਕ ਪ੍ਰੇਮ ਨਿਬਾਹਕੇ ਭੌਰੇ ਤੇ ਪਤੰਗੇ ਦੀ ਪ੍ਰੀਤੀ ਨੂੰ ਮਾਤ ਪਾ ਦਿੱਤਾ। ਸ਼ਰਧਾਲੂ ਹਿਰਦਿਆਂ ਤੇ ਹੋਰ ਵੀ ਡੂੰਘੀ ਸੱਟ ਲੱਗੀ ਕਿ ਸਾਡੇ ਨਾਲੋਂ ਤਾਂ ਇਹ ਬੇ-ਜ਼ਬਾਨ ਪਸ਼ੂ ਹੀ ਚੰਗੇ ਹਨ ਜਿਨ੍ਹਾਂ ਨੇ ਪਿਆਰੇ ਦਾ ਵਿਛੋੜਾ ਸਹਾਰਨਾ ਚੰਗਾ ਨਾ ਜਾਣਿਆ ਅਤੇ ਇਸ ਵਾਕ ਨੂੰ ਸਫ਼ਲਿਆਂ ਕੀਤਾ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥

(ਪੰਨਾ ੮੩)

ਪ੍ਰੇਮ ਦੀ ਪਛਾਣ ਕਿਸੇ ਕਿਸੇ ਵਡਭਾਗੀ ਨੂੰ ਹੁੰਦੀ ਹੈ।

*ਕਬਿਤ: ਪ੍ਰੇਮ ਬਾਣ ਲੱਗਾ ਜਦੋਂ ਪਿਆਰਿਆਂ ਦੇ ਸੀਨੇ ਵਿੱਚ,*
*ਸੋਹਣੀ ਜਾਨ ਉਤੋਂ ਸਚੀ ਪ੍ਰੀਤ ਨੂੰ ਘੁਮਾ ਗਏ।*
*ਨਿੱਕੀ ਜੇਹੀ ਜਿੰਦ ਨੂੰ ਪ੍ਰੇਮ ਦੀ ਪਛਾਣ ਆਈ,*
*ਸ਼ਮਾ ਤੋਂ ਪਤੰਗੇ ਜਾਨ ਵਾਰ ਕੇ ਵਿਖਾ ਗਏ।*
*ਸ੍ਵਾਂਤ ਬੂੰਦ ਲੈ ਕੇ ਪਿਆਸ ਆਪਣੀ ਬੁਝਾਵਣੇ ਨੂੰ,*
*ਕੂਕ ਕੇ ਪਪੀਹੇ ਵਿੱਚ ਪੀਆ ਦੇ ਸਮਾ ਗਏ।*
*ਪ੍ਰੇਮ ਦੀ ਇਹ ਰੀਤ ਵੇਖੇ ਸ਼ਾਹਾਂ ਤੋਂ ਫ਼ਕੀਰ ਹੋਏ,*
*ਘਰ ਬਾਰ ਛੱਡ ਗਲ ਕਫ਼ਨੀਆਂ ਪਾ ਗਏ।*

ਤਥਾ:

ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥
ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥
ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥
ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥
ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ ॥
ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ ॥੨॥
ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥
ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥੩॥
ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥
ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥੪॥
ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ ॥
ਕਹਤ ਕਬੀਰ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥੫॥

(ਪੰਨਾ ੪੮੦)

ਇਸੇ ਤਰ੍ਹਾਂ ਸੰਤ ਮਹਾਰਾਜ ਦੇ ਗੜਵਈ ਹਜ਼ੂਰੀਏ ਸੇਵਾਦਾਰ ਸੰਤ ਈਸ਼ਰ ਸਿੰਘ ਜੀ (ਜਿਨ੍ਹਾਂ ਨੂੰ ਸੰਗਤ ਬੜੀ ਭਾਵਨਾ ਨਾਲ ਛੋਟੇ ਸੰਤ ਆਖਿਆ ਕਰਦੀ ਹੈ ਤੇ ਉਸੇ ਦਿਨ ਤੋਂ ਕਈ ਪ੍ਰੇਮੀਆਂ ਦਾ ਇਹ ਨਿਸ਼ਚਾ ਸੀ ਕਿ ਇਨ੍ਹਾਂ ਦੀ ਨੀਵੀਂ ਨਿਗ੍ਹਾ ਤੇ ਧਾਰਨ ਕੀਤੀ ਹੋਈ ਚੁੱਪ ਜ਼ਰੂਰ ਹੀ ਕਦੇ ਰੰਗ ਲਾਏਗੀ) ਉਨ੍ਹਾਂ ਦੀ ਹਾਲਤ ਤਾਂ ਇਸ ਸਮੇਂ ਕਥਨ ਕਰਨ ਤੋਂ ਬਾਹਰ ਸੀ। ਜਿਨ੍ਹਾਂ ਲਈ ਜੀਵਨ ਦੀ ਪੂੰਜੀ, ਜ਼ਿੰਦਗੀ ਦਾ ਸਹਾਰਾ, ਗੁਰੂ ਦਾ ਸ਼ਬਦ ਜਾਂ ਮਹਾਂ-ਪੁਰਸ਼ਾਂ ਦਾ ਪਾਵਨ ਦਰਸ਼ਨ ਹੀ ਸੀ, ਉਹ ਦਰਸ਼ਨ ਰੂਪ ਸਹਾਰਾ ਦੂਰ ਹੋਇਆ ਜਾਣ ਕੇ ਉਨ੍ਹਾਂ ਦੇ ਮਨ ਵਿੱਚ ਇਉਂ ਘਬਰਾਹਟ ਤੇ ਬਿਹਬਲਤਾ ਹੋ ਗਈ ਜਿਵੇਂ ਮੱਛੀ ਦੀ ਪਾਣੀ ਤੋਂ ਬਾਹਰ ਆ ਕੇ ਹੁੰਦੀ ਹੈ। ਜਿਵੇਂ ਸਰਪ ਦੀ ਅਮੋਲਕ ਮਣੀ ਗੁਆਚ ਜਾਵੇ ਉਹ ਦੁਖੀ ਹੁੰਦਾ ਹੈ। ਜਿਵੇਂ ਚਕੋਰ ਚੰਦ੍ਰਮਾ ਤੋਂ ਬਿਨਾਂ ਉਦਾਸ ਹੋ ਜਾਂਦਾ ਹੈ। ਭਾਵੇਂ ਮਨ ਵਿੱਚ ਗਿਆਨ ਹੈ ਪਰ ਫੋਕਾ ਗਿਆਨ ਨਹੀਂ, ਪ੍ਰੇਮ ਦੇ ਸਹਿਤ ਗਿਆਨ ਹੈ। ਕਿਤਾਬੀ ਘੋਟੇ ਵਾਲਾ ਖ਼ੁਸ਼ਕ ਗਿਆਨ ਤੇ ਨੇਸ਼ਟਾ ਬਗ਼ੈਰ ਕਥੱਕੜ ਵੇਦਾਂਤ ਕਿਸੇ ਕੰਮ ਨਹੀਂ। ਗਿਆਨ ਦਾ ਅਸਲੀ ਸਰੂਪ ਵੀ ਏਹੋ ਹੀ ਹੈ ਕਿ ਆਪਣੇ ਪ੍ਰੀਤਮ ਦੇ ਵਿਛੋੜੇ ਕਰਕੇ ਪ੍ਰੇਮ ਵਿੱਚ ਮਨ ਦ੍ਰਵੀਭੂਤ ਹੋ ਜਾਣਾ। ਜਿਵੇਂ ਕਿਸੇ ਮੁਸਲਮਾਨ ਫ਼ਕੀਰ ਨੇ ਰੱਬੀ ਆਸ਼ਕਾਂ ਦੀਆਂ ਨੌਂ ਨਿਸ਼ਾਨੀਆਂ ਕਥਨ ਕੀਤੀਆਂ ਹਨ:

*ਆਸ਼ਕਾਂ ਰਾ ਨਵ ਨਿਸ਼ਾਨੀ ਐ ਪਿਸਰ!*
*ਆਹ ਸਰਦੋ, ਰੰਗ ਜ਼ਰਦੋ, ਚਸ਼ਮੋ ਤਰ।*
*ਕਮ ਖ਼ੁਰਦਨੋ, ਕਮ ਗੁਫਤਨੋ, ਖ਼ੁਆਬਸ਼ੇ ਹਰਾਮ।*
*ਇੰਤਜ਼ਾਰੀ, ਬੇਕਰਾਰੀ, ਦਸਤਿ ਸਰ।*

ਭਾਵ ਹਰ ਸਮੇਂ ਠੰਢੇ ਹਉਕੇ ਭਰੀ ਜਾਣਾ, ਚੇਹਰੇ ਦਾ ਰੰਗ ਪੀਲਤਣ ਦੇ ਸਹਿਤ ਹੋ ਜਾਣਾ, ਵੈਰਾਗ ਵਿੱਚ ਅੱਠੇ ਪਹਿਰ ਨੇਤਰ ਹੰਝੂਆਂ ਨਾਲ ਭਿੱਜੇ ਰਹਿਣਾ, ਹਰ ਸਮੇਂ ਦਰਸ਼ਨਾਂ ਦੀ ਉਡੀਕ ਕਰਦੇ ਰਹਿਣਾ, ਮਨ ਨੂੰ ਅੱਚਵੀ ਲੱਗੀ ਰਹਿਣੀ ਅਤੇ ਸ਼ੋਕਾਤੁਰ ਹੋ ਕੇ ਸਿਰ ਤੇ ਹੱਥ ਰੱਖਕੇ ਉਦਾਸ ਬੈਠੇ ਰਹਿਣਾ।

ਜਿਵੇਂ ਸਤਿਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਜੀ ਦੇ ਵਿਛੋੜੇ ਵਿੱਚ ਖਡੂਰ ਸਾਹਿਬ ਆ ਕੇ ਮਾਤਾ ਭਿਰਾਈ ਦੇ ਘਰ ਸਮਾਧ ਅਧਿਸ਼ਟਾਨ ਹੋ ਕੇ ਬਾਹਰੋਂ ਦਰਵਾਜ਼ਾ ਚਿਣਵਾ ਲਿਆ ਸੀ, ਇਸੇ ਤਰ੍ਹਾਂ ਚੌਥੇ ਪਾਤਸ਼ਾਹ ਜੀ ਗੁਰਦੇਵ ਪ੍ਰੀਤਮ ਦੇ ਵਿਛੋੜੇ ਦੀ ਹਾਲਤ ਨੂੰ ਕਥਨ ਕਰਦੇ ਹਨ:

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ
ਮੈ ਨੀਰੁ ਵਹੇ ਵਹਿ ਚਲੈ ਜੀਉ ॥

(ਪੰਨਾ ੯੪)

ਪੰਚਮ ਪਾਤਸ਼ਾਹ ਜੀ ਨੇ ਦਰਸ਼ਨ ਬਗ਼ੈਰ ਬਿਹਬਲ ਹੋ ਕੇ ਲਾਹੌਰ ਸ਼ਹਿਰ ਤੋਂ ਵੈਰਾਗ-ਮਈ ਪੱਤ੍ਰਕਾ ਲਿਖ ਭੇਜੀਆਂ ਜਿਨ੍ਹਾਂ ਵਿੱਚ ਆਪਣੇ ਮਨ ਦੀ ਹਾਲਤ ਕਥਨ ਕੀਤੀ ਹੈ ਕਿ ਤੁਹਾਡੇ ਦਰਸ਼ਨਾਂ ਤੋਂ ਬਗ਼ੈਰ ਮਨ ਇਉਂ ਤੜਫਦਾ ਹੈ, ਜਿਵੇਂ ਸਵਾਂਤੀ ਬੂੰਦ ਤੋਂ ਬਿਨਾਂ ਪਪੀਹੇ ਦੀ ਹਾਲਤ ਹੁੰਦੀ ਹੈ।

ਯਥਾ:

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ ॥੧॥

(ਪੰਨਾ ੯੬)

ਸੋ ਅਸਲੀ ਗਿਆਨ ਪ੍ਰੇਮ ਸਹਿਤ ਸਫ਼ਲਾ ਹੈ, ਵੈਰਾਗ ਤੇ ਪ੍ਰੇਮ ਇਹ ਸ਼ੁਭ ਗੁਣ ਗਿਆਨ ਦਾ ਭੂਸ਼ਣ ਹਨ।

ਸੰਤ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਦੀਆਂ ਖ਼ਬਰਾਂ ਸਾਰੇ ਹੀ ਇਲਾਕੇ ਵਿੱਚ ਫੈਲ ਗਈਆਂ। ਪੰਜਾਬ ਦੇ ਸ਼ਹਿਰਾਂ ਤੇ ਫਰੰਟੀਅਰ ਦੇ ਇਲਾਕੇ ਸੈਦੂ ਸਾਹਿਬ ਕੈਮਲਪੁਰ ਹੋਤੀ ਮਰਦਾਨ ਸਾਰੇ ਹੀ ਤਾਰਾਂ ਭੇਜ ਦਿੱਤੀਆਂ। ਉਸ ਸਮੇਂ ਰਾਮਪੁਰ ਪਿੰਡ ਦਾ ਸੇਠ ਬਾਬੂ ਮਨਸਾ ਰਾਮ ਜੋ ਉਹਨੀਂ ਦਿਨੀਂ ਲੁਧਿਆਣੇ ਹੀ ਰਹਿੰਦੇ ਸੀ, ਦੋਰਾਹੇ ਮੰਡੀ ਦਾ ਕਿਸ਼ੋਰੀ ਮੱਲ ਭੱਲਾ, ਜਿਨ੍ਹਾਂ ਦੇ ਘਰ ਬਾਬਾ ਜੀ ਦੇ ਬਚਨਾਂ ਨਾਲ ਬੱਚਿਆਂ ਦਾ ਜਨਮ ਹੋਇਆ ਅਤੇ ਜ਼ੈਲਦਾਰ ਬਖਤੌਰ ਸਿੰਘ ਇਨ੍ਹਾਂ ਤਿੰਨਾਂ ਨੇ ਸੰਤਾਂ ਦੇ ਸਰੀਰ ਨੂੰ ਸੈਦੂ ਸਾਹਿਬ ਲਿਜਾਣ ਵਾਸਤੇ ਲੁਧਿਆਣੇ ਜਾ ਕੇ ਗੱਡੀ ਦਾ ਇੱਕ ਸਾਲਮ ਡੱਬਾ ਬੁੱਕ ਕਰਵਾ ਲਿਆ।

ਏਧਰੋਂ ਬਹੁਤ ਸਾਰੇ ਪ੍ਰੇਮੀਆਂ ਨੇ ਇਕੱਤਰ ਹੋ ਕੇ ਸੰਤ ਜੀ ਮਹਾਰਾਜ ਦੇ ਸਰੀਰ ਦਾ ਕੇਸੀ ਇਸ਼ਨਾਨ ਕਰਵਾਕੇ ਨਵੀਂ ਪੁਸ਼ਾਕ ਪਹਿਨਾਈ। ਰੇਸ਼ਮੀ ਤੇ ਪਸ਼ਮੀਨੇ ਦੇ ਦੁਸ਼ਾਲੇ ਪਾਕੇ ਲੰਗਰ ਦੇ ਸਾਹਮਣੇ ਕਮਰਿਆਂ ਦੇ ਅੱਗੇ ਖੁੱਲ੍ਹੇ ਮੈਦਾਨ ਵਿੱਚ ਪਲੰਘ ਤੇ ਬਿਰਾਜਮਾਨ ਕਰ ਦਿੱਤੇ ਤਾਂ ਕਿ ਉਦਾਲੇ ਫਰਸ਼ਾਂ ਤੇ ਧੁੱਪ ਵਿੱਚ ਬੈਠੀ ਸੰਗਤ ਚੰਗੀ ਤਰ੍ਹਾਂ ਦਰਸ਼ਨ ਕਰ ਸਕੇ। ਉਪਰੰਤ ਦੁਪਹਿਰ ਤੋਂ ਬਾਅਦ ਇਸੇ ਸਮੇਂ ਪ੍ਰੇਮੀਆਂ ਨੇ ਫੋਟੋ ਲੈਣ ਦੀ ਵਿਚਾਰ ਕੀਤੀ, ਪਰ ਸੰਤਾਂ ਦਾ ਬਚਨ ਦੱਸ ਕੇ ਸੇਵਦਾਰਾਂ ਨੇ ਉਨ੍ਹਾਂ ਨੂੰ ਰੋਕ ਦਿੱਤਾ ਕਿ ਸੰਤਾਂ ਦੀ ਆਗਿਆ ਨਹੀਂ। ਉਪਰੰਤ ਸਰੀਰ ਨੂੰ ਸੰਦੂਕ ਵਿੱਚ ਬਿਰਾਜਮਾਨ ਕਰ ਕੇ ਉਪਰ ਕੀਮਤੀ ਬਸਤਰਾਂ ਤੇ ਗੁਲਾਬ ਕਿਉੜਾ ਅਤੇ ਅਤਰ ਛਿੜਕਿਆ, ਅਲੈਚੀਆਂ ਬਦਾਮ ਅਤੇ ਮਿਸ਼ਰੀ ਭੇਟਾ ਕੀਤੀ, ਫ਼ੁੱਲਾਂ ਦੇ ਸੇਹਰੇ ਪਾਏ, ਫੇਰ ਸਭਨਾਂ ਨੂੰ ਦਰਸ਼ਨ ਕਰਵਾ ਕੇ ਬਕਸਾ ਬੰਦ ਕਰ ਦਿੱਤਾ। ਅਰਦਾਸ ਕਰਕੇ ਪ੍ਰੇਮੀਆਂ ਨੇ ਬਬਾਨ ਕੰਧੇ ਤੇ ਚੁੱਕ ਲਿਆ। ਨਾਲ ਕਈ ਰਾਗੀ ਜਥੇ ਸ਼ਬਦ ਕੀਰਤਨ ਕਰਦੇ ਜਾ ਰਹੇ ਸਨ।

ਜਦੋਂ ਰਾਮਪੁਰ ਪਿੰਡ ਦੇ ਵਿੱਚ ਦੀ ਲੰਘੇ ਜਿੱਥੇ ਦੋ ਦਿਨ ਪਹਿਲਾਂ ਬਹੁਤ ਵੱਡਾ ਚਲ੍ਹਾ ਸੀ ਜਿਸ ਨੂੰ ਸੰਤਾਂ ਨੇ ਆਪ ਮਿੱਟੀ ਪੁਆਕੇ ਪੂਰਤ ਕੀਤਾ, ਉਸ ਥਾਂ ਨੂੰ ਵੇਖਕੇ ਅੱਜ ਸਭਨਾਂ ਨੂੰ ਸਮਝ ਪੈ ਗਈ ਕਿ ਮਹਾਂ-ਪੁਰਸ਼ ਅੰਤਰਜਾਮੀ ਸਨ। ਐਸ ਸਮੇਂ ਵਾਸਤੇ ਹੀ ਇਹ ਰਸਤਾ ਠੀਕ ਕਰਵਾਇਆ ਸੀ ਕਿ ਆਉਣ ਵਾਲੀਆਂ ਸੰਗਤਾਂ ਨੂੰ ਕਸ਼ਟ ਨਾ ਹੋਵੇ। ਰਸਤੇ ਵਿੱਚ ਹੋਰ ਵੀ ਪ੍ਰੇਮੀ ਜੁੜਦੇ ਗਏ, ਦੋਰਾਹੇ ਸਟੇਸ਼ਨ ਤੱਕ ਕਾਫ਼ੀ ਇਕੱਠ ਹੋ ਗਿਆ। ਅੱਗੇ ਸਟੇਸ਼ਨ ਮਾਸਟਰ ਤੇ ਹੋਰ ਕਰਮਚਾਰੀਆਂ ਨੇ ਪਲੇਟ ਫਾਰਮ ਤੇ ਪਰਾਲੀ ਅਤੇ ਦਰੀਆਂ ਵਿਛਾਕੇ ਬੈਠਣ ਦਾ ਇੰਤਜ਼ਾਮ ਕੀਤਾ ਹੋਇਆ ਸੀ। ਸੰਤਾਂ ਦੇ ਬਬਾਨ ਨੂੰ ਇੱਕ ਪਾਸੇ ਰੱਖ ਕੇ ਉਦਾਲੇ ਸੰਗਤਾਂ ਬੈਠ ਗਈਆਂ, ਰਾਗੀਆਂ ਨੇ ਪਾਸ ਬੈਠਕੇ ਵੈਰਾਗ-ਮਈ ਕੀਰਤਨ ਸ਼ੁਰੂ ਕਰ ਦਿੱਤਾ:

ਗੁਰਮੁਖ ਜਨਮ ਸਵਾਰ ਦਰਗਹ ਚਲਿਆ। ਸਚੀ ਦਰਗਹ ਜਾਇ ਸਚਾ ਪਿੜ ਮਲਿਆ।
ਗੁਰਮੁਖ ਭੋਜਨ ਭਾਉ ਚਾਉ ਅਲਲਿਆ। ਗੁਰਮੁਖ ਨਿਹਚਲ ਚਿਤ ਨ ਹਲੈ ਹਲਿਆ।
ਗੁਰਮੁਖ ਸਚ ਅਲਾਉ ਭਲੀ ਹੂੰ ਭਲਿਆ। ਗੁਰਮੁਖ ਸਦੇ ਜਾਨ ਆਵਨ ਘਲਿਆ ॥੧੪॥

(ਭਾਈ ਗੁਰਦਾਸ ਜੀ)

ਅਥਵਾ:

ਆਇਆ ਸਫਲ ਤਾਹੂ ਕੋ ਗਨੀਐ ॥
ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥

(ਪੰਨਾ ੨੫੨)

ਤਥਾ:

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥੪॥੨॥

(ਪੰਨਾ ੮੪੬)

ਜਥੇ ਕਾਫ਼ੀ ਪੁੱਜੇ ਸਨ। ਸਾਰੇ ਹੀ ਆਪੋ ਆਪਣੀ ਹਾਜ਼ਰੀ ਲਵਾਉਣੀ ਚਾਹੁੰਦੇ ਸਨ, ਉਨ੍ਹਾਂ ਨੂੰ ਮਸਾਂ ਦਸ-ਦਸ ਮਿੰਟ ਦਾ ਹੀ ਸਮਾਂ ਮਿਲਿਆ। ਸਭਨਾਂ ਨੇ ਇਕ-ਇਕ ਸ਼ਬਦ ਪੜ੍ਹਕੇ ਆਪਣੀ ਸ਼ਰਧਾਂਜਲੀ ਭੇਟ ਕੀਤੀ। ਸ਼ਾਮ ਦੇ ਚਾਰ ਵਜੇ ਗੱਡੀ ਆਈ ਜਿਸ ਨਾਲ ਇੱਕ ਖ਼ਾਲੀ ਡੱਬਾ ਲੱਗਾ ਹੋਇਆ ਸੀ, ਉਸ ਵਿੱਚ ਅਰਦਾਸ ਕਰਕੇ ਸੰਤਾਂ ਦੇ ਸਰੀਰ ਵਾਲਾ ਬਕਸਾ ਬਿਰਾਜਮਾਨ ਕਰ ਦਿੱਤਾ।

ਹਜ਼ਾਰਾਂ ਹੀ ਪ੍ਰੇਮੀ ਸਜਲ ਨੇਤਰੀ ਪੱਥਰ ਦੀਆਂ ਮੂਰਤੀਆਂ ਸਮਾਨ ਸਾਹਮਣੇ ਹੱਥ ਜੋੜੀ ਦਰਸ਼ਨ ਕਰ ਰਹੇ ਸਨ। ਬਹੁਤ ਸਾਰੀ ਸੰਗਤ ਪਟਿਆਲੇ ਤੇ ਰਾਜਪੁਰੇ ਤੋਂ ਇਸੇ ਹੀ ਗੱਡੀ ਵਿੱਚੋਂ ਉੱਤਰੀ ਸੀ। ਸਭਨਾਂ ਨੇ ਅੰਤਮ ਦੀਦਾਰ ਕੀਤਾ, ਉਸ ਸਮੇਂ ਹਰੇਕ ਸ਼ਰਧਾਲੂ ਦਾ ਹਿਰਦਾ ਇਹ ਚਾਹੁੰਦਾ ਸੀ ਕਿ ਮੈਂ ਵੀ ਸੰਤਾਂ ਦੇ ਸਰੀਰ ਨਾਲ ਹੀ ਸੈਦੂ ਤੱਕ ਜਾਵਾਂ। ਪਰ ਸਿਆਣੇ ਗੁਰਮੁਖ ਸਿੱਖਾਂ ਨੇ ਪਿਛਲੇ ਪ੍ਰਬੰਧ ਦੀ ਜ਼ੁੰਮੇਵਾਰੀ ਸੰਭਾਲਣ ਵਾਸਤੇ ਹੋਰ ਸੇਵਾਦਾਰਾਂ ਨੂੰ ਅਸਥਾਨ ਦੀ ਸੇਵਾ ਲਈ ਡਿਊਟੀਆਂ ਸੌਂਪ ਦਿੱਤੀਆਂ।

ਅਸਥਾਨ ਤੋਂ ਸਿਰਫ ਇਹੋ ਹੀ ਪ੍ਰੇਮੀ ਨਾਲ ਗਏ:
ਸੰਤ ਮਹਾਰਾਜ ਦੇ ਹਜ਼ੂਰੀਏ ਰਾਗੀ ਸੰਤ ਭਗਵਾਨ ਸਿੰਘ ਜੀ,
ਹਜ਼ੂਰ ਦੇ ਗੜਵਈ ਸੰਤ ਈਸ਼ਰ ਸਿੰਘ ਜੀ (ਛੋਟੇ ਸੰਤ),
ਲੰਗਰ ਦੇ ਇੰਨਚਾਰਜ ਬਾਬਾ ਸੰਤਾ ਸਿੰਘ (ਸ੍ਰੀ ਮਾਨ),
ਗੁਰੂ ਘਰ ਦੀ ਖੇਤੀ ਕਰਾਉਣ ਵਾਲੇ ਨਿਰਮਾਣ ਸੇਵਕ ਬਾਬਾ ਨੱਥਾ ਸਿੰਘ ਜੀ,
ਗਿਆਨੀ ਸਾਧੂ ਸਿੰਘ ਸੂਰਮਾ (ਕਥਾ ਵਾਚਕ),
ਰਾਗੀ ਤ੍ਰਿਲੋਕ ਸਿੰਘ,
ਭਾਈ ਕਰਤਾਰ ਸਿੰਘ ਜੋ ਕਾਫ਼ੀ ਸਮਾਂ ਰੇਰੂ ਸਾਹਿਬ ਗੁਰਦੁਆਰੇ ਗ੍ਰੰਥੀ ਰਹੇ।
ਸ੍ਰ: ਬਖਤੌਰ ਸਿੰਘ ਜ਼ੈਲਦਾਰ।
ਸ੍ਰ: ਬਖਤੌਰ ਸਿੰਘ ਜ਼ੈਲਦਾਰ ਤੋਂ ਇਲਾਵਾ ਰਾਮਪੁਰ ਦੇ ਇਹ ਪ੍ਰੇਮੀ ਵੀ ਨਾਲ ਸਨ:

ਕਰਤਾਰ ਸਿੰਘ ਮਿਸਤਰੀ, ਮੋਹਨ ਸਿੰਘ ਦਰਜੀ, ਭਾਈ ਮਹਿਮਾ ਸਿੰਘ। ਸੰਤ ਮਹਾਰਾਜ ਦਾ ਖ਼ਾਸ ਪ੍ਰੇਮੀ ਬਾਬਾ ਬਿਸ਼ਨ ਸਿੰਘ ਜਿਸਨੇ ਬਾਬਾ ਜੀ ਦੀ ਪਾਵਨ ਜੀਵਨੀ ਦੀਆਂ ਸਾਖੀਆਂ ਲਿਖਵਾਈਆਂ, ਕਪਤਾਨ ਸਦਾ ਸਿੰਘ, ਕਪਤਾਨ ਪ੍ਰਤਾਪ ਸਿੰਘ, ਭਾਈ ਬੂਟਾ ਸਿੰਘ, ਭਾਈ ਚੰਨਣ ਸਿੰਘ, ਭਾਈ ਤਾਰਾ ਸਿੰਘ, ਭਾਈ ਦਲੀਪ ਸਿੰਘ, ਭਾਈ ਚੰਦਾ ਸਿੰਘ ਤੇ ਉਸਦੇ ਘਰੋਂ ਬੀਬੀ ਪ੍ਰਤਾਪ ਕੌਰ, ਬਖਸ਼ੀਸ਼ ਸਿੰਘ ਤੇ ਮਾਈ ਪ੍ਰਤਾਪੋ, ਗੁੜਥਲੀ ਵਾਲਾ ਸ੍ਰ: ਬਲਦੇਵ ਸਿੰਘ ਇਉਂ ਤੀਹ ਕੁ ਪ੍ਰੇਮੀ ਡੱਬੇ ਵਿੱਚ ਅਸਵਾਰ ਹੋ ਕੇ ਗਏ। ਗੱਡੀ ਡੇਢ ਘੰਟਾ ਰੁਕੀ ਰਹੀ ਫੇਰ ਸ਼ਾਮ ਦੇ ਸਾਢੇ ਪੰਜ ਵਜੇ ਚੱਲ ਪਈ। ਬਾਕੀ ਦੀ ਸੰਗਤ ਹੰਝੂ ਕੇਰਦੀ ਗੱਡੀ ਵੱਲ ਵੇਖਦੀ ਵਾਪਸ ਮੁੜ ਆਈ।

ਸੰਤਾਂ ਦੇ ਸਰੀਰ ਦਾ ਦਰਸ਼ਨ ਕਰਨ ਵਾਸਤੇ ਲਾਹੌਰ ਸ਼ਹਿਰ ਤੇ ਹੋਰ ਥਾਵਾਂ ਦੇ ਪ੍ਰੇਮੀ ਸਟੇਸ਼ਨਾਂ ਤੇ ਖੜ੍ਹੇ ਗੱਡੀ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਨੂੰ ਕੇਵਲ ਬਕਸੇ ਦਾ ਹੀ ਦਰਸ਼ਨ ਕਰਵਾਇਆ ਗਿਆ। ਸਰੀਰ ਦਾ ਦਰਸ਼ਨ ਕਰਨ ਲਈ ਬਕਸਾ ਖੋਲ੍ਹਣ ਵਾਸਤੇ ਸੰਤਾਂ ਦੀ ਆਗਿਆ ਨਹੀਂ ਸੀ। ਰਸਤੇ ਵਿੱਚ ਲਾਹੌਰ, ਕੈਮਲਪੁਰ ਤੇ ਹੋਰ ਥਾਵਾਂ ਤੋਂ ਪ੍ਰੇਮੀ ਨਾਲ ਰਲਦੇ ਗਏ ਦੋ ਰਾਤਾਂ ਤੇ ਇੱਕ ਦਿਨ ਵਿੱਚ ਆਪਣਾ ਸਫਰ ਖ਼ਤਮ ਕਰਕੇ ਤੀਸਰੇ ਦਿਨ ਸਵੇਰੇ ੯ ਵਜੇ ਗੱਡੀ ਅਟਕ ਦਰਿਆ ਦੇ ਕੰਢੇ ਤੇ ਜਾ ਰੁਕੀ ਜਿੱਥੇ ਪਹਿਲਾਂ ਹੀ ਸੰਗਤ ਦਾ ਕਾਫ਼ੀ ਇਕੱਠ ਜੁੜਿਆ ਸੀ। ਰਾਗੀ ਲਾਲ ਸਿੰਘ ਕੈਂਮਲਪੁਰ ਵਾਲਿਆਂ ਨੇ ਸਾਰਾ ਪ੍ਰਬੰਧ ਕੀਤਾ ਹੋਇਆ ਸੀ। ਬੈਂਡ ਵਾਜਿਆਂ ਤੇ ਸ਼ਬਦ ਕੀਰਤਨ ਨਾਲ ਸੰਗਤ ਬਕਸਾ ਚੁੱਕ ਕੇ ਦਰਿਆ ਦੇ ਕਿਨਾਰੇ ਪੁੱਜੀ। ਦਰੀਆਂ ਵਿਛਾਕੇ ਕੀਰਤਨ ਸ਼ੁਰੂ ਕਰ ਦਿੱਤਾ।

ਯਥਾ:

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥

(ਪੰਨਾ ੧੦੦੦)

ਉਪਰੰਤ ਜਪੁਜੀ ਸਾਹਿਬ ਦਾ ਪਾਠ ਕਰਕੇ ਅਰਦਾਸ ਕੀਤੀ ਤੇ ਸੰਦੂਕ ਨਾਲ ਭਾਰ ਬੰਨ੍ਹਕੇ ਬੇੜੀ ਤੇ ਰੱਖਿਆ। ਦਰਿਆ ਦੇ ਅੱਧ ਵਿਚਕਾਰ ਲਿਜਾਕੇ ਜਿੱਥੇ ਬਾਬਾ ਕਰਮ ਸਿੰਘ ਜੀ ਤੇ ਬਾਬਾ ਆਇਆ ਸਿੰਘ ਜੀ ਦਾ ਸਰੀਰ ਜਲ ਪ੍ਰਵਾਹ ਕੀਤਾ ਸੀ, ਬੇੜੀ ਨਾਲੋਂ ਰੱਸੇ ਖੋਲ੍ਹ ਦਿੱਤੇ। ਕੁਝ ਚਿਰ ਤਾਂ ਸੰਦੂਕ ਪਾਣੀ ਵਿੱਚ ਤਰਦਾ ਰਿਹਾ, ਫੇਰ ਇੱਕ ਦਮ ਥੱਲੇ ਬੈਠ ਗਿਆ। ਸਿਰਫ ਇਹ ਜਤਾਉਣ ਵਾਸਤੇ ਕਿ ਅਸੀਂ ਸੰਸਾਰ ਵਿੱਚ ਵੀ ਫ਼ੁੱਲ ਵਾਂਗੂੰ ਨਿਰਲੇਪ ਰਹੇ ਅਤੇ ਆਪਣੀ ਸੁੰਦਰ ਖ਼ੁਸ਼ਬੂ ਦੇ ਕੇ ਹੋਰ ਅਨੇਕਾਂ ਮਹਿਕਦੇ ਫ਼ੁੱਲ ਤਿਆਰ ਕਰਕੇ ਨਿਰਲੇਪ ਹੀ ਤੁਰ ਚੱਲੇ ਹਾਂ। ਦੋ ਚਾਰ ਫ਼ੁੱਲ ਬਕਸੇ ਚੋਂ ਬਾਹਰ ਨਿਕਲ ਕੇ ਜਲ ਦੇ ਉਪਰ ਤਰਦੇ ਦਿਖਾਈ ਦਿੱਤੇ। ਉਸ ਸਮੇਂ ਸਾਰੇ ਪ੍ਰੇਮੀਆਂ ਦੇ ਮੁੱਖੋਂ ਇਹ ਹੀ ਬਚਨ ਨਿਕਲਦੇ ਸਨ:

# ਪਿਆਰੇ ਦੀ ਯਾਦ ਵਿੱਚ ਕਵਿਤਾ

*ਨਾ ਓਹ ਫ਼ੁੱਲ ਨਾ ਦਿਸਦੇ ਚਮਨ ਸੋਹਣੇ,*
*ਮਾਲੀ ਬਾਗ਼ ਦਾ ਛੱਡ ਅਲੋਪ ਹੋਇਆ।*
*ਨਾ ਓਹ ਬਹਾਰ ਨਾ ਕੋਹਨੂਰ ਦਿੱਸਣ,*
*ਦਿਲ ਸਾਰਿਆਂ ਦੇ ਡਾਹਢਾ ਸ਼ੋਕ ਹੋਇਆ।*
*ਨਾ ਓਹ ਪੀਰ ਸਾਡੇ ਨਾ ਫ਼ਕੀਰ ਦਿੱਸਣ,*
*ਵਿੱਚ ਤਾਰਿਆਂ ਚੰਦ ਕਹਾਉਣ ਵਾਲੇ।*
*ਨਾ ਓਹ ਸੰਗ ਨਾ ਰੰਗ ਗੁਲਜ਼ਾਰ ਦਿੱਸਣ,*
*ਨਾ ਓਹ ਅਤਰ ਨਾ ਅਤਰ ਵਰਸੌਣ ਵਾਲੇ।*
*ਡਾਹਢਾ ਰੰਜ ਹੋਇਆ ਸਾਰੇ ਪ੍ਰੇਮੀਆਂ ਨੂੰ,*
*ਭਰਮ ਦਿਲਾਂ ਦਾ ਦੂਰ ਕਰੌਣ ਵਾਲੇ।*
*ਆਬਹਿਯਾਤ ਸੀ ਅਸਾਂ ਦੇ ਹੱਥ ਲਗਾ,*
*ਅੰਮ੍ਰਿਤ ਵਿੱਚ ਹਾਂ ਮਿਟੀ ਮਿਲੌਣ ਵਾਲੇ।*
*ਹੱਥੀਂ ਆਪਣੀ ਲਾਇਆ ਸੀ ਬਾਗ਼ ਸਾਈਆਂ,*
*ਵਿੱਚ ਓਸਦੇ ਖਿੜੇ ਸੀ ਫ਼ੁੱਲ ਸੋਹਣੇ।*
*ਮਸਤ ਭੌਰੇ ਵੀ ਆਣ ਕੇ ਪੁੱਜਗੇ ਸੀ,*
*ਬੁਲਬੁਲ ਕੂਕਦੀ ਦੇਖਕੇ ਗੁੱਲ ਸੋਹਣੇ।*
*ਫ਼ੁੱਲ ਟਾਹਣੀਆਂ ਤੇ ਇਉਂ ਚਮਕਦੇ ਸੀ,*
*ਜਿਵੇਂ ਜੜੇ ਨੇ ਮੋਤੀ ਅਮੁੱਲ ਸੋਹਣੇ।*
*ਗੂੰਜ ਭੌਰਿਆਂ ਦੀ ਸੁਣੇ ਹਰ ਪਾਸੇ,*
*ਸਦਾ ਆਂਵਦੀ ਸੀ ਬਾਸ ਫ਼ੁੱਲ ਸੋਹਣੇ।*
*ਨਾ ਓਹ ਬਾਗ਼ ਨਾ ਰਹੀ ਬਹਾਰ ਹੁਣ ਤਾਂ,*
*ਸੋਹਣਾ ਬਾਗ਼ ਹੋਇਆ ਏ ਵੈਰਾਨ ਤੇਰਾ।*
*ਨਾ ਓਹ ਫ਼ੁੱਲ ਚੰਬੇਲੀ ਗ਼ੁਲਾਬ ਦੀਹਦਾ,*
*ਹੋਇਆ ਬਰਬਾਦ ਏਹ ਕੁੱਲ ਸਾਮਾਨ ਤੇਰਾ।*
*ਸੁਣੇ ਬੋਲਦੀ ਨਾ ਕਿਧਰੇ ਕੋਈ ਬੁਲਬੁਲ,*
*ਬਾਗ਼ ਦਿਸਦਾ ਏ ਸੁੰਨਸਾਨ ਤੇਰਾ।*
*ਬਿਨਾ ਮਾਲੀ ਤੋਂ ਰਹੇ ਏਹ ਬਾਗ਼ ਕੀਕੂੰ,*
*ਬੂਟੇ ਖੇਤ ਉਜੜੇ ਬੋਸਤਾਨ ਤੇਰਾ।*
*ਮਾਲੀ ਬਾਗ਼ ਦਾ ਰੁੱਸ ਕੇ ਟੁਰ ਗਿਆ ਏ,*
*ਜਦੋਂ ਗੇੜਾ ਖਾਧਾ ਕਿਸਮਤ ਤੱਤੜੀ ਦੇ।*
*ਨਾ ਓਹ ਫੁੱਲ ਰਹਿਗੇ ਨਾ ਓਹ ਟਾਹਣੀਆਂ ਨੇ,*
*ਹੋਏ ਖੇਤ ਉਜਾੜੇ ਜਿਉਂ ਮੱਕੜੀ ਦੇ।*
*ਬੂਟੇ ਸੁੱਕ ਕੇ ਝੜ ਗਏ ਫ਼ੁੱਲ ਪੱਤੇ,*
*ਖੜੇ ਟੁੰਡ ਦੀਹਦੇ ਵਾਂਗ ਲੱਕੜੀ ਦੇ।*
*ਆਵੇ ਖ਼ੁਸ਼ਬੂ ਨਾ ਹੁਣ ਬਾਗ਼ ਵਿੱਚੋਂ,*
*ਉਡੀ ਜਾਂਦੀ ਏ ਅਗੇ ਹੁਣ ਫੱਕੜੀ ਦੇ।*

*ਤੂੰ ਤਾਂ ਮਾਲੀ ਸੀ ਚੰਗੇ ਤਰਸ ਵਾਲਾ,*
*ਕਸ਼ਟ ਝੱਲਕੇ ਬਾਗ਼ ਨੂੰ ਪਾਲਿਆ ਸੀ।*
*ਰਾਖੀ ਕਰੀ ਸੀ ਦਿਨ ਤੇ ਰਾਤ ਫਿਰਕੇ,*
*ਅੱਠੇ ਪਹਿਰ ਏਹ ਘਾਲ ਨੂੰ ਘਾਲਿਆ ਸੀ।*
*ਗਰਮੀ ਠੰਢ ਦੀ ਛੱਡ ਪ੍ਰਵਾਹ ਸਾਰੀ,*
*ਏਸ ਬਾਗ਼ ਨੂੰ ਖ਼ੂਬ ਸੰਭਾਲਿਆ ਸੀ।*
*ਜੇਕਰ ਛੱਡਣਾ ਸਾਨੂੰ ਵਿਚਾਲੜੇ ਸੀ,*
*ਕਾਹਨੂੰ ਇਤਨਾ ਕਸ਼ਟ ਉਠਾ ਲਿਆ ਸੀ।*
*ਕਬਿਤ: ਹੀਰਾ ਗਿਆ ਗਈ ਸਾਰੀ ਹੀਰਨ ਵਾਲੀ ਕਾਨ ਸਾਡੀ,*
*ਗਿਆ ਛੱਡ ਜੌਹਰੀ ਸਾਨੂੰ ਰਾਮ ਦੀ ਪਛਾਣ ਦਾ।*
*ਸੰਤ ਗਿਆ ਭਾਰੀ ਗਈ ਵਿਰੱਕਤਾਂ ਵਾਲੀ ਸ਼ਾਨੀ ਸਾਰੀ,*
*ਰਾਹ ਕੇਹੜਾ ਦੱਸੇ ਮੁੜ ਬ੍ਰਹਮ ਦੇ ਗਿਆਨ ਦਾ।*
*ਮਾਲੀ ਗਿਆ, ਗਿਆ ਬਾਗ਼ ਫ਼ੁੱਲ ਤੇ ਬਾਹਰ ਸਾਰੀ,*
*ਰਿਹਾ ਨਹੀਂ ਫ਼ਲ ਫ਼ੁੱਲ ਰੁੱਖ ਦੇ ਨਿਸ਼ਾਨ ਦਾ।*
*ਸੁੱਕੀ ਗੁਲਜ਼ਾਰ ਉਡੇ ਮੋਰ ਤੇ ਚਰਾਗ ਕੂਕੇ,*
*ਭੌਰੇ ਜ਼ਾਰ ਜ਼ਾਰ ਦੁੱਖ ਪਯਾਰੇ ਦੇ ਧਿਆਨ ਦਾ।*
*ਗਿਆ ਗੰਗਾ ਨੀਰ ਰੁੱਠਾ ਸਾਧੂਆਂ ਦੀ ਪੀਰ ਸਾਥੋਂ,*
*ਛੱਡ ਬੈਠੇ ਧੀਰ ਪਿਆਰ ਗੰਗਾ ਵਾਲੇ ਨੀਰ ਤੋਂ।*
*ਰੁੱਤ ਸੀ ਬਾਹਰ ਖਿੜ ਰਹੀ ਗੁਲਜ਼ਾਰ ਫ਼ੁੱਲ,*
*ਉਡਦੀ ਹੈ ਰਾਖ ਬਿਨਾਂ ਭਗਤ ਕਬੀਰ ਤੋਂ।*
*ਰਾਮ ਜੇਹੀ ਅੰਸ ਸੀ ਸਰੋਵਰ ਵਾਲੇ ਹੰਸ ਏਥੇ,*
*ਵਾਰ ਦੇਈਏ ਬੰਸ ਉਤੋਂ ਏਹੋ ਜੇਹੇ ਪੀਰ ਤੋਂ।*
*ਲਮਕਦੇ ਸੀ ਫ਼ਲ ਖਾਂਦੇ ਪੰਛੀਆਂ ਦੇ ਦਲ ਆਣ,*
*ਸੁਕ ਗਏ ਰੁਖ ਬਿਨਾਂ ਦਰਸ ਵਾਲੇ ਨੀਰ ਤੋਂ।*

ਸੈਦੂ ਜਲ ਪ੍ਰਵਾਹ ਕਰਨ ਰੂਪ ਆਪ ਜੀ ਦੇ ਬਚਨਾਂ ਦੀ ਪਾਲਣਾ ਕਰਕੇ ਫੇਰ ਸਾਰੀ ਸੰਗਤ ਅਟਕ ਗੁਰਦੁਆਰੇ ਆ ਗਈ, ਸੂਰਜ ਛੁਪ ਚੁੱਕਾ ਸੀ। ਵਡਹੰਸ ਰਾਗ ਚੋਂ ਅਲਾਹਣੀਆਂ ਅਤੇ ਕੀਰਤਨ ਸੋਹਿਲੇ ਦੀ ਬਾਣੀ ਦਾ ਪਾਠ ਕਰਕੇ ਅਰਦਾਸ ਕੀਤੀ ਗਈ। ਉਪਰੰਤ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ। ਫੇਰ ਰਾਤ ਨੂੰ ਸੈਦੂ ਸਾਹਿਬ ਦੇ ਗੁਰਦੁਆਰੇ ਆ ਕੇ ਸੰਗਤ ਨੇ ਲੰਗਰ ਛਕਿਆ। ਸੰਤਾਂ ਦੀ ਯਾਦ ਵਿੱਚ ਰੈਣ-ਸਬਾਈ ਕੀਰਤਨ ਕੀਤਾ। ਨਜ਼ਦੀਕ ਪਿੰਡਾਂ ਦੇ ਪ੍ਰੇਮੀ ਤਾਂ ਦਰਿਆ ਤੋਂ ਹੀ ਆਪੋ-ਆਪਣੇ ਨਗਰਾਂ ਨੂੰ ਚਲੇ ਗਏ।

ਰੇਰੂ ਸਾਹਿਬ ਗੁਰਦੁਆਰੇ ਤੋਂ ਆਏ ਸਾਰੇ ਗੁਰਮੁਖ ਇੱਕ ਰਾਤ ਸੈਦੂ ਸਾਹਿਬ ਠਹਿਰ ਕੇ ਗੁਰਦੁਆਰੇ ਦੀਆਂ ਹਾਜ਼ਰੀਆਂ ਭਰਕੇ ਦੂਸਰੇ ਦਿਨ ਹੋਤੀ ਮਰਦਾਨ ਦੇ ਦਰਸ਼ਨਾਂ ਨੂੰ ਡੇਰੇ ਆ ਗਏ। ਮਹਾਂ-ਪੁਰਸ਼ਾਂ ਨੂੰ ਪ੍ਰਸ਼ਾਦ ਰੱਖਕੇ ਮੱਥਾ ਟੇਕਿਆ। ਅਸਥਾਨ ਦੀ ਯਾਤਰਾ ਕੀਤੀ। ਚਰਨ-ਧੂੜ ਮਸਤਕ ਨੂੰ ਲਾਈ। ਬਾਬਾ ਰਾਮ ਸਿੰਘ ਜੀ ਤੇ ਸੰਤ ਮਾਝਾ ਸਿੰਘ ਜੀ ਨੇ ਸਭਨਾਂ ਦਾ ਬੜਾ ਆਦਰ ਸਤਿਕਾਰ ਕੀਤਾ। ਏਥੇ ਇੱਕ ਰਾਤ ਠਹਿਰਕੇ ਦੂਸਰੇ ਦਿਨ ਆਗਿਆ ਲਈ ਤੇ ਪੰਜਾਬ ਨੂੰ ਵਾਪਸ ਪਰਤ ਆਏ। ਰਸਤੇ ਵਿੱਚ ਪ੍ਰੇਮ ਦੇ ਵਸੀਕਾਰ ਹੋਇਆਂ ਰਾਗੀ ਲਾਲ ਸਿੰਘ ਦੇ ਘਰ ਕੈਂਮਲਪੁਰ ਪ੍ਰਸ਼ਾਦ ਛਕਿਆ ਤੇ ਸ਼ਾਮ ਦੀ ਗੱਡੀ ਫੇਰ ਚਲ ਪਏ। ਰੇਰੂ ਸਾਹਿਬ ਦੇ ਗੁਰਦੁਆਰੇ ਆ ਕੇ ਸੰਤਾਂ ਦੀ ਯਾਦ ਵਿੱਚ ਅਖੰਡ ਪਾਠ ਪ੍ਰਾਰੰਭ ਕਰ ਦਿੱਤੇ ਜਿਨ੍ਹਾਂ ਦਾ ਦੁਸਹਿਰੇ ਵਾਲੇ ਦਿਨ ਭੋਗ ਪਿਆ।

ਉਸ ਸਮੇਂ ਪੰਜਾਬ ਭਰ ਤੋਂ ਸਾਰੇ ਭੇਖਾਂ ਦੇ ਸਾਧੂ ਗੁਣੀ ਗਿਆਨੀ ਸੰਤ ਮਹੰਤ ਡੇਰੇਦਾਰ ਤੇ ਤਿਆਗੀ ਵਿਰੱਕਤ

ਅਤੇ ਹੋਰ ਵੀ ਵਿਦਵਾਨ ਸੱਜਣ ਪੁੱਜੇ ਸਨ। ਹਰਖੋਵਾਲ ਤੋਂ ਸੰਤ ਜੁਆਲਾ ਸਿੰਘ ਜੀ ਸੰਗਤ ਸਮੇਤ ਆਏ। ਨਿਰਮਲ ਭੇਖ ਦੇ ਸ੍ਰੋਮਣੀ ਸ੍ਰੀ ਮਹੰਤ, ਹੋਤੀ ਸੰਪਰਦਾਇ ਵਿੱਚੋਂ ਪੰਡਤ ਪ੍ਰੇਮ ਸਿੰਘ ਜੀ ਆਏ ਸਨ। ਭਿੰਡਰਾਂ ਵਾਲੇ ਸੰਤ ਗਿਆਨੀ ਸੁੰਦਰ ਸਿੰਘ ਜੀ ਜਥੇ ਸਮੇਤ ਆ ਕੇ ਦਸ ਦਿਨ ਦੋਵੇਂ ਸਮੇਂ ਕਥਾ ਕਰਦੇ ਰਹੇ। ਸੰਤ ਮਨੀ ਸਿੰਘ ਜੀ ਦਿਆਲਪੁਰ ਵਾਲੇ, ਸੰਤ ਮੱਘਰ ਸਿੰਘ ਜੀ ਰਾਮਗੜ੍ਹ ਵਾਲਿਆਂ ਦਾ ਜਥਾ ਅਤੇ ਹੋਰ ਵੀ ਨਾਮਣੇ ਵਾਲੀਆਂ ਪੂਜ ਹਸਤੀਆਂ ਆਈਆਂ ਸਨ। ਸਭਨਾਂ ਨੇ ਮਹਾਂ-ਪੁਰਸ਼ਾਂ ਦੀ ਵਡਿਆਈ ਵਿੱਚ ਸ਼ਰਧਾਂਜਲੀ ਭੇਟਾ ਕੀਤੀ ਤੇ ਆਖਿਆ ਕਿ ਇਹ ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਹੋ ਜਿਹੇ ਨਿਰਮਾਣ ਵਿਅਕਤੀ ਦਾ ਦਰਸ਼ਨ ਬੜਾ ਦੁਰਲੱਭ ਹੈ, ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸਹੀ ਰੂਪ ਵਿੱਚ ਗੁਰੂ ਨਾਨਕ ਦੇਵ ਦੇ ਦਰ ਟਹਿਲੂਏ ਬਣਕੇ ਬਤੀਤ ਕੀਤੀ। ਦਿਨੇ ਹਲ ਚਲਾਉਣਾ ਰਾਤ ਨੂੰ ਭਜਨ ਕਰਨਾ। ਫਿਰ ਗੁਪਤ ਇਤਨੇ ਰਹੇ ਕਿ ਬਾਹਰ ਤੋਂ ਆਇਆ ਹਰੇਕ ਪ੍ਰੇਮੀ ਇਹ ਨਹੀਂ ਸੀ ਜਾਣ ਸਕਦਾ ਕਿ ਇਨ੍ਹਾਂ ਵਿੱਚ ਸੰਤ ਕਿਹੜੇ ਹਨ? ਉਪਰੰਤ ਅਰਦਾਸ ਤੋਂ ਬਾਅਦ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਕੇ ਦੀਵਾਨ ਦੀ ਸਮਾਪਤੀ ਹੋਈ।

## ਸੰਤ ਭਗਵਾਨ ਸਿੰਘ ਜੀ ਨੂੰ ਦਸਤਾਰ-ਬੰਦੀ

ਕੁਝ ਕੁ ਸੱਜਣਾਂ ਦੀ ਸਲਾਹ ਨਾਲ ਸੰਤ ਭਗਵਾਨ ਸਿੰਘ ਜੀ ਨੂੰ ਏਸ ਅਸਥਾਨ ਦੇ ਪ੍ਰਬੰਧ ਤੇ ਲੰਗਰ ਦੀ ਜ਼ੁੰਮੇਂਵਾਰੀ ਸੰਭਾਲਣ ਲਈ ਮਹੰਤੀ ਦੀ ਦਸਤਾਰ-ਬੰਦੀ ਕੀਤੀ। ਉਪਰੰਤ ਤਿਆਰ ਕੀਤਾ ਹੋਇਆ ਸਮਸ਼ਟੀ ਪੱਕਾ ਭੰਡਾਰਾ ਵਰਤਾਇਆ ਗਿਆ। ਬਾਹਰੋਂ ਆਏ ਗੁਣੀ ਗਿਆਨੀ ਸੱਜਣਾਂ ਤੇ ਸੰਤਾਂ ਮਹੰਤਾਂ ਨੂੰ ਦਸਤਾਰਾਂ ਨਾਲ ਮਾਇਆ, ਬਦਾਮ ਤੇ ਮਿਸ਼ਰੀ ਦਾ ਪ੍ਰਸ਼ਾਦ ਦੇ ਕੇ ਸਤਿਕਾਰ ਕੀਤਾ, ਉਪਰੰਤ ਸਭਨਾਂ ਨੇ ਵਿਦਾਇਗੀ ਲਈ। ਸੰਤ ਭਗਵਾਨ ਸਿੰਘ ਜੀ, ਬਾਬਾ ਸੰਤਾ ਸਿੰਘ ਜੀ ਤੇ ਹੋਰ ਮੁੱਖੀ ਸੱਜਣਾਂ ਦੇ ਉੱਦਮ ਤੇ ਸਹਿਯੋਗ ਦਾ ਸਦਕਾ ਅਸਥਾਨ ਦਾ ਪ੍ਰਬੰਧ ਉਸੇ ਤਰ੍ਹਾਂ ਹੀ ਚਲ ਰਿਹਾ ਹੈ। ਗੁਰੂ ਕਾ ਲੰਗਰ ਤੇ ਕਥਾ ਕੀਰਤਨ ਦਾ ਪ੍ਰਵਾਹ ਪਹਿਲਾਂ ਵਾਂਗੂੰ ਹੀ ਜਾਰੀ ਹੈ। ਗੁਰੂ ਨਾਨਕ ਇਸ ਨੂੰ ਸਦੀਵੀ ਕਾਇਮ ਰੱਖੇ ਤਾਂ ਕਿ ਸਭਨਾਂ ਦੇ ਮਨਾਂ ਅੰਦਰ ਮਹਾਂ-ਪੁਰਸ਼ਾਂ ਦੀ ਯਾਦ ਬਣੀ ਰਹੇ।

-o-

# ਚੌਧਵਾਂ ਕਾਂਡ

## ਕੈਂਮਲਪੁਰ ਵਾਲੇ ਰਾਗੀ ਲਾਲ ਸਿੰਘ ਨੂੰ ਸੰਤਾਂ ਦੇ ਅੰਤਮ ਬਚਨ

*ਸਾਡਾ ਹੈ ਅੰਗੀਠਾ ਅਟਕ ਦਰਿਆ ਦੇ ਵਿੱਚ,*
*ਸਾਡੀ ਵੀ ਤਿਆਰੀ ਹੁਣ ਤੁਸਾਂ ਨਾਲ ਜਾਵਣਾ।*
*ਪੰਛੀ ਜਦੋਂ ਨਿਕਲੇਗਾ ਇਸ ਦੇਹੀ ਪਿੰਜਰੇ ਚੋਂ,*
*ਸੰਦੂਕ ਬੰਦ ਕਰ ਅਟਕ ਜਲ ਪਰਵ੍ਹਾਵਣਾ।*
*ਸਾਡੇ ਏਸ ਬਚਨ ਨੂੰ ਪੱਲੇ ਬੰਨ੍ਹ ਯਾਦ ਰਖੋ,*
*ਕਦੇ ਨਾ ਭੁਲਾਵਣਾ ਤੇ ਸੇਵਾ ਨੂੰ ਨਿਭਾਵਣਾ।*
*ਇਹ ਸਭ ਵਾਰਤਾ ਵੀ ਸੰਗਤ 'ਚੋਂ ਪਹੁੰਚ ਗਈ,*
*ਲਾਲ ਸਿੰਘ ਨਾਲ ਸੰਤਾਂ ਸੈਦੂਪੁਰ ਜਾਵਣਾ।*
*ਗਲ ਵਿੱਚ ਪੱਲੇ ਪਾ ਕੇ ਸੰਗਤ ਖੜੋਤੀ ਆਕੇ,*
*ਨਾਲੇ ਹੰਝੂ ਕੇਰਦੇ ਤੇ ਅਰਜ਼ ਗੁਜ਼ਾਰਦੇ।*
*ਕੇਹੜੀ ਭੁੱਲ ਹੋ ਗਈ ਸਾਨੂੰ ਦੇਣ ਜੋ ਵਿਛੋੜਾ ਲਗੇ,*
*ਕਿਉਂ ਇਨ੍ਹਾਂ ਮੱਛੀਆਂ ਨੂੰ ਪਾਣੀ ਬਿਨਾਂ ਮਾਰਦੇ।*
*ਗੋਪੀਆਂ ਦੇ ਕਾਨ੍ਹ ਸਾਡੇ ਪ੍ਰਾਣਾਂ ਦਾ ਸਹਾਰਾ ਤੁਹੀਂ,*
*ਕਿਵੇਂ ਰਹਿਸਣ ਜਿਉਂਦੇ ਬਿਨਾਂ ਸਰਕਾਰ ਦੇ।*
*ਬਾਲ ਬੱਚੇ ਬਿਰਧ, ਮਾਈ ਭਾਈ ਸਭ ਨਾਲ ਤਿਆਰ,*
*ਖ਼ਿਮਾ ਕਰੋ ਦਾਤਾ ਕਿਉਂ ਵਿਛੋੜਾ ਦੇ ਕੇ ਮਾਰਦੇ।*
ਦਵੈਯਾ: *ਸੰਤਾਂ ਅਰਜ਼ ਸੁਣੀ ਜਾਂ ਸਭ ਦੀ, ਮੁਖ ਤੋਂ ਇਹ ਫੁਰਮਾਇਆ।*
*ਸਾਡਾ ਅੰਗੀਠਾ ਅਟਕ ਦਰਿਆ ਵਿੱਚ, ਜਾਣ ਨੂੰ ਚਿਤ ਉਠਾਇਆ।*
*ਦੇਹੀ ਦਾ ਹੁਣ ਨਹੀਂ ਭਰੋਸਾ, ਕਦੋਂ ਬਿਨਸ ਇਹ ਜਾਸੀ।*
*ਇਤਨੀ ਦੂਰੋਂ ਕੌਣ ਲਿਜਾਏ, ਜਲ ਪ੍ਰਵਾਹ ਕਰਾਸੀ।*
*ਸੈਦੂ ਹੋਏ ਤਾਂ ਕੋਈ ਨਾ ਕੋਈ, ਅਟਕ ਪ੍ਰਵਾਹ ਕਰਨਗੇ।*
*ਰਾਮਪੁਰ ਤੋਂ ਦੂਰ ਜਗ੍ਹਾ ਹੈ, ਦੂਰੋਂ ਕੌਣ ਖੜਨਗੇ।*
*ਜੇ ਹੁਣ ਰੱਖਣਾ ਚਾਹੋ ਸਾਨੂੰ, ਜ਼ੁੰਮੇਂਵਾਰੀ ਉਠਾਵੋ।*
*ਬਣੋ ਸੂਰਮੇਂ ਪ੍ਰਣ ਕਰੋ, ਤੇ ਸਾਹਮਣੇ ਖੜੇ ਹੋ ਜਾਵੋ।*
*ਸੁਰਜਨ ਸਿੰਘ, ਬਖਤਾਵਰ ਸਿੰਘ ਆਦਿ, ਸਭਨਾਂ ਅਰਜ਼ ਗੁਜ਼ਾਰੀ।*
*ਸਰੀਰ ਰਿਹਾ ਤਾਂ ਸੇਵਾ ਕਰਾਂਗੇ, ਉਠਾਂਦੇ ਹਾਂ ਜ਼ੁੰਮੇਂਵਾਰੀ।*
*ਸੰਤਾਂ ਆਖਿਆ ਇੱਕ ਨੂੰ ਸੌਂਪੋ ਸਾਰੀ ਜ਼ੁੰਮੇਂਵਾਰੀ।*
*ਪੈਸੇ ਦਾ ਕੋਈ ਫ਼ਿਕਰ ਕਰੋ ਨਾ ਹੋਜੂ ਮਾਇਆ ਭਾਰੀ।*
*ਬਖਤੌਰ ਸਿੰਘ ਜ਼ੈਲਦਾਰ ਜੋ ਸਿੰਘ ਗੁਰੂ ਕਾ ਸੂਰਾ।*
*ਹੱਥ ਜੋੜਕੇ ਬੇਨਤੀ ਕੀਤੀ ਪ੍ਰਣ ਕਰੂੰ ਮੈਂ ਪੂਰਾ।*
*ਜ਼ੈਲਦਾਰ ਬਖੌਤਰ ਸਿੰਘ ਨੂੰ ਸੰਤਾਂ ਬਚਨ ਸੁਣਾਇਆ।*
*ਕਰਕੇ ਕੌਲ ਮੁੱਕਰਿਆ ਜੇਕਰ ਸਮਝੀਂ ਕੀਤਾ ਪਾਇਆ।*
*ਤੇਰਾ ਸਰੀਰ ਚਿਰਕਾਲ ਰਹੇਗਾ, ਸੁੱਖ ਤੂੰ ਦੇਖੇਂ ਸਾਰੇ।*

*ਕਰਕੇ ਪ੍ਰਣ ਤੂੰ ਤੋੜ ਨਿਭਾਵੀਂ ਹੋਜੂ ਜੈ ਜੈਕਾਰੇ।*
*ਸਭ ਸੰਗਤ ਨੇ ਖ਼ੁਸ਼ੀ ਮਨਾਈ ਜਾਵਣ ਪਏ ਬਲਿਹਾਰੇ।*
*ਸਾਡੀ ਅਰਜ਼ ਮਨਜ਼ੂਰ ਕੀਤੀ ਨੇ ਧੰਨ ਧੰਨ ਸੰਤ ਪਿਆਰੇ।*

## ਰਾਗੀ ਲਾਲ ਸਿੰਘ ਨੂੰ ਭਵਿੱਖਤ ਵਾਕ

ਦੂਸਰੇ ਦਿਨ ਦਾਸ ਨੂੰ ਤੋਰਨ ਜਦੋਂ ਗੁਫ਼ਾ ਵੱਲ ਆਏ।
ਬੈਠ ਬਗ਼ੀਚੀ ਦੇ ਵਿੱਚ ਸੰਤਾਂ ਅੰਤਮ ਬਚਨ ਸੁਣਾਏ।
ਮਾਘ ਮਹੀਨੇ ਪਹਿਲੀ ਤੋਂ ਤੁਸਾਂ ਕੈਮਲਪੁਰ ਹੀ ਰਹਿਣਾ।
ਮਨ ਵਿੱਚ ਖ਼ਿਆਲ ਅਸਾਡਾ ਰੱਖਣਾ ਕਿਸੇ ਪਾਸ ਨਹੀਂ ਕਹਿਣਾ।
ਮਾਘ ਪਹਿਲੀ ਤੋਂ ਦਸਵੀਂ ਅੰਦਰ ਕਰਨੀ ਅਸਾਂ ਤਿਆਰੀ।
ਖ਼ਬਰ ਮਿਲੇ ਤਾਂ ਅਟਕ ਤੇ ਜਾਕੇ ਉਠਾਵੀਂ ਸੇਵਾ ਸਾਰੀ।
ਮੇਰੇ ਹੰਝੂ ਗਿਰਦੇ ਜਾਂਦੇ ਡਾਢਾ ਗੱਚ ਭਰ ਆਇਆ।
ਕਿਉਂ ਵਿਛੋੜਾ ਦੇਣ ਲਗੇ ਹੋ ਇਹ ਕੀ ਹੁਕਮ ਸੁਣਾਇਆ।
ਸੰਤਾਂ ਸਿਰ ਤੇ ਹੱਥ ਫੇਰਿਆ ਹੁਕਮ ਪ੍ਰਭੂ ਦਾ ਐਸਾ।
ਵੈਸਾ ਹੁਕਮ ਧੁਰਾਂ ਤੋਂ ਆਇਆ ਆਖ ਸੁਣਾਇਆ ਤੈਸਾ।
ਸ਼ਬਦ ਮਿਲਾਵਾ ਹੋਇ ਹਮੇਸ਼ਾਂ ਦੇਹ ਮਿਲਾਵਾ ਨਾਹੀਂ।
ਗੁਰਮੁਖ ਸ਼ਬਦ ਮਿਲਾਵੇ ਵਾਲੇ ਜੰਮਦੇ ਮਰਦੇ ਨਾਹੀਂ।
ਸੰਤਾਂ ਭਾੜਾ ਦਿੱਤਾ ਰੇਲ ਦਾ ਆਖਰੀ ਫਤਹਿ ਬੁਲਾਈ।
ਆਗਿਆ ਪਾਕੇ ਚਲ ਪਿਆ ਉਥੋਂ ਚਰਨੀਂ ਸੀਸ ਨਿਵਾਈ।
ਸਾਨ੍ਹੇਵਾਲ ਤੋਂ ਬੈਠਾ ਗੱਡੀ ਲੈ ਕੇ ਤਦੋਂ ਵਿਦਾਈ।
ਮੈਨੂੰ ਗੱਡੀ ਲੈ ਕੇ ਸਾਡੇ ਕੈਮਲਪੁਰ ਨੂੰ ਆਈ।
ਹੁਕਮਨਾਮੇ ਸਨ ਆਂਦੇ ਜਾਂਦੇ ਦਿਲਾਸਾ ਦਿੰਦੇ ਜਾਵਣ।
ਕੀਰਤਨ ਕਰੋ ਨਾਮ ਲਿਵ ਲਾਵੋ ਸੇਵਾ ਕਰਨ ਬਿਤਾਵਣ।
ਇਸ ਤਰ੍ਹਾਂ ਹੀ ਸਾਲ ਬੀਤ ਗਿਆ ਮਾਘ ਮਹੀਨਾ ਆਇਆ।
ਰਾਮਪੁਰੇ ਵੱਲ ਲੱਗੀਆਂ ਅੱਖੀਆਂ ਸੰਤਾਂ ਜੋ ਫੁਰਮਾਇਆ।
ਰੇਰੂ ਸਾਹਿਬ ਦੀ ਸੁਣੋ ਵਾਰਤਾ ਜਾਨਣ ਗੁਰੂ ਪਿਆਰੇ।
ਮਾਘ ਮਹੀਨਾ ਸਰਦੀ ਬਹੁਤੀ ਕੀਤੇ ਸੰਤਾਂ ਤਿਆਰੇ ।

ਕਬਿਤ: ਅੱਜ ਰਾਮਪੁਰੇ ਨਗਰ ਛੱਪੜ ਕਿਨਾਰੇ ਆਏ,
ਸਾਰੇ ਪਿੰਡ ਵਾਲਿਆਂ ਤੋਂ ਮਿੱਟੀ ਸੁਟਵਾਈ ਜੀ।
ਤਿੰਨ ਫੁੱਟ ਗਲੀ ਸਾਰੀ ਸੜਕ ਬਣਵਾ ਦਿੱਤੀ,
ਅੰਦਰ ਦੀ ਗੱਲ ਕਿਸੇ ਤਾਂਈ ਨ ਬਤਾਈ ਜੀ।
ਡੇਰੇ ਆ ਕੇ ਕੀਤਾ ਇਸ਼ਨਾਨ ਸੰਤਾਂ ਸ਼ਾਮ ਵੇਲੇ,
ਪੰਪ ਪਾਸ ਆਖ ਕੇ ਤੇ ਮੰਜੀ ਵਿਛਵਾਈ ਜੀ।
ਬੁਲਾਓ ਪ੍ਰਣ ਵਾਲਿਆਂ ਨੂੰ ਪ੍ਰਣ ਜਿਨ੍ਹਾਂ ਕੀਤਾ ਸੀਗਾ,
ਹੁਕਮ ਸੁਣ ਹਾਜ਼ਰ ਹੋਏ ਢਿਲ ਨ ਲਗਾਈ ਜੀ।

ਦਵੈਯਾ: ਹੁਕਮ ਕੀਤਾ ਸੰਤਾਂ ਨੇ ਤਦੋਂ, ਪ੍ਰਣ ਕਰਿਆ ਤੋੜ ਨਿਭਾਨਾ।
ਸਾਡਾ ਸਰੀਰ ਛੁਟੇਗਾ ਜਿਸ ਦਮ, ਵਿੱਚ ਸੰਦੂਕ ਦੇ ਪਾਣਾ।
ਇਥੋਂ ਸੰਦੂਕ ਨੂੰ ਬੰਦ ਕਰਣਾ, ਅਟਕਾ ਜਲ ਪ੍ਰਵਾਹਣਾ।
ਰਸਤੇ ਵਿੱਚ ਕਿਸੇ ਪ੍ਰੇਮੀ ਨੂੰ, ਚਿਹਰਾ ਨਹੀਂ ਦਿਖਾਣਾ।
ਸਾਡੇ ਪਿਛੇ ਰੋਣਾ ਹੈ ਨਹੀਂ, ਕੀਰਤਨ ਗੁਰੂ ਕਾ ਕਰਨਾ।
ਨਹਿ ਕਿਛ ਜਨਮੇ ਨਹਿ ਕਿਛੁ ਮਰਦੇ ਸ਼ਬਦ ਇਹ ਮਨ ਮਹਿ ਧਰਣਾ।

ਅੰਤ ਸਮੇਂ ਸੰਤਾਂ ਨੇ ਮੁਖੋਂ ਸ਼ਬਦ ਗੁਰੂ ਕਾ ਪੜ੍ਹਿਆ।
ਗੁਰੂ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰ ਗਰਭਾਸ ਨ ਪਰ੍ਹਿਆ।
ਪੜ੍ਹਕੇ ਸ਼ਬਦ ਵਿਛੋੜਾ ਦੇ ਗਏ ਮੇਰੇ ਪ੍ਰੀਤਮ ਪਿਆਰੇ।
ਪੱਥਰਾਂ ਚੋਂ ਵੀ ਹੰਝੂ ਵਗਦੇ ਮਾਨਸ ਕਿਆ ਵਿਚਾਰੇ।
ਗਿਰ-ਗਿਰ ਅਥਰੂ ਪੈਂਦੇ ਸਭ ਦੇ ਹੇ ਰੱਬ ਜੀ ਕੀ ਕੀਤਾ।
ਸੁੱਚਾ ਹੀਰਾ ਸਭ ਦਾ ਸਹਾਰਾ ਸਾਥੋਂ ਕਿਉਂ ਖੋਹ ਲੀਤਾ।
ਕਿਉਂ ਵਿਛੋੜਾ ਪਾਇਆ ਸਾਨੂੰ ਕਿਸ ਦੇ ਅਸੀਂ ਸਹਾਰੇ।
ਲੈ ਜਾਓ ਹੁਣ ਸਾਨੂੰ ਓਥੇ ਜਿੱਥੇ ਸੰਤ ਪਿਆਰੇ।
ਕਿਉਂ ਇਸ ਦੇਸ਼ ਤੇ ਛੱਡ ਸਾਨੂੰ ਪਾਈਆਂ ਕਿਉਂ ਜੁਦਾਈਆਂ।
ਰਾਮਪੁਰ ਤੇ ਹੋਰ ਸੰਗਤਾਂ ਸਨ ਦਰਸ਼ਨ ਨੂੰ ਆਈਆਂ।
ਬਾਬਾ ਭਗਵਾਨ ਸਿੰਘ ਜੀ ਸਭ ਨੂੰ ਹੱਥ ਬੰਨ੍ਹ ਅਰਜ਼ ਗੁਜ਼ਾਰੀ।
ਬਾਣੀ ਪੜ੍ਹੋ ਹਰਿ ਕੀਰਤਨ ਗਾਵੋ ਜਾਣ ਦੀ ਕਰੋ ਤਿਆਰੀ।
ਸਿਰ ਤੇ ਬਹੁਤਾ ਕੰਮ ਪਿਆ ਹੈ ਦੂਰ ਪੰਧ ਹੈ ਭਾਰੀ।
ਸਭ ਸੰਗਤ ਮਿਲ ਮੰਨੇ ਹੁਕਮ ਨੂੰ ਜਪੋ ਨਾਮ ਨਰ ਨਾਰੀ।
ਈਸ਼ਰ ਸਿੰਘ ਤੇ ਕਿਸ਼ਨ ਸਿੰਘ ਜੀ ਦੋਵੇਂ ਵੈਰਾਗ 'ਚ ਰੋਏ।
ਸਾਥ ਛੱਡ ਗਿਆ ਪ੍ਰਾਣ ਪਿਆਰਾ ਕੌਣ ਆਸਰਾ ਹੋਏ।
ਪਹਿਲਾਂ ਅਸੀਂ ਇਨ੍ਹਾਂ ਤੋਂ ਜਾਂਦੇ ਨਾ ਵਿਛੋੜਾ ਸਹਿੰਦੇ।
ਧ੍ਰਿਗ ਜੀਵਨ ਸੰਸਾਰ ਦਾ ਪਿਛੋਂ ਗੁਰੂ ਸਾਹਿਬ ਜੀ ਕਹਿੰਦੇ।
ਰਾਗੀਆਂ ਤਾਂਈਂ ਹੁਕਮ ਹੋ ਗਿਆ ਕੀਰਤਨ ਤੁਸੀਂ ਸੁਣਾਵੋ।
"ਓੜਕ ਨਿਭ ਗਈ ਪ੍ਰੀਤ ਸੇਵਕ ਦੀ" ਏਸ ਸ਼ਬਦ ਨੂੰ ਗਾਵੋ।
ਕੈਂਮਲਪੁਰ ਭਾਈ ਲਾਲ ਸਿੰਘ ਨੂੰ ਦੂਜੀ ਤਾਰ ਇੱਕ ਪਾਵੋ।
ਸੰਤ ਮਹਾਰਾਜ ਜੀ ਜੋਤ ਸਮਾ ਗਏ ਤੁਸੀਂ ਅਟਕ ਆ ਜਾਵੋ।
ਅਸੀਂ ਹੁਣ ਬੇੜਾ ਲੈਕਰ ਛੇਤੀ ਗੱਡੀ ਦੇ ਵਿੱਚ ਆ ਰਹੇ।
ਜਲਦੀ ਪੁੱਜਣ ਦੇ ਕਾਰਨ ਤਿਆਰੀ ਸਭ ਕਰਾ ਰਹੇ।
ਦੇਖ ਤਾਰ ਨੂੰ ਕੰਬਣੀ ਆ ਗਈ, ਅੰਤ ਵਿਛੋੜਾ ਦੇ ਗਏ।
ਓਹਾ ਗੱਲ ਬਣੀ ਅੱਜ ਆ ਕੇ, ਜੋ ਗੱਲ ਪਹਿਲੇ ਕਹਿ ਗਏ।
ਅਟਕਾ ਜਾ ਕੇ ਦਾਸ ਨੇ, ਹੋਤੀ ਡੇਰੇ ਖ਼ਬਰ ਪੁਚਾਈ।
ਪਿਸ਼ੌਰ, ਨੁਸ਼ੈਹਰਾ, ਖੈਰਾਬਾਦ, ਜੰਘੀਰੇ, ਤੁਢੇਰ ਤਾਂਈ।
ਸੈਦੂ ਤੇ ਅਕੋੜਾ, ਜੋਧਾਂ, ਮਨੇਰੀ ਤੇ ਸੁਆਬੀ।
ਸੁਣ-ਸੁਣ ਖ਼ਬਰਾਂ ਸੰਗਤਾਂ ਸਾਰੀਆਂ, ਆਏ ਸ਼ਤਾਬ ਸ਼ਤਾਬੀ।
ਕੈਂਮਲਪੁਰ ਤੇ ਰਾਵਲਪਿੰਡੀ, ਸਾਰਾ ਛੱਛ ਇਲਾਕਾ।
ਹਰੀ ਪੁਰ, ਹਜ਼ਾਰਾ ਸਾਰਾ, ਪੋਠੋਹਾਰ ਦਾ ਨਾਕਾ।
ਪੰਜੇ ਸਾਹਿਬ ਦੀ ਸੰਗਤ ਤੇ ਮੈਨੇਜਰ, ਜਥੇਦਾਰ।
ਕਈ ਜੋੜੀਆਂ ਰਾਗੀਆਂ ਦੀਆਂ, ਆਏ ਅਟਕ ਕਿਨਾਰ।
ਹਰ ਇੱਕ ਪਿੰਡਾਂ ਦੀਆਂ ਸੰਗਤਾਂ ਮਿਲਕੇ, ਸ਼ਬਦ ਪੜ੍ਹਦੇ ਆਏ।
ਢੋਲਕ, ਚਿਮਟੇ ਨਾਲ ਵਜਾਵਣ, ਅਤੇ ਨਿਸ਼ਾਨ ਝੁਲਾਏ।
ਖੈਰਾਬਾਦ ਸਟੇਸ਼ਨ ਤੇ ਗੱਡੀ, ਸੰਤਾਂ ਦੀ ਜਦ ਆਈ।

ਜੈ ਜੈ ਬਾਬਾ ਅਤਰ ਸਿੰਘ ਜੀ, ਬੋਲੇ ਸਭ ਲੁਕਾਈ।
ਪਠਾਣ ਪਠਾਣੀਆਂ ਸਭ ਮਿਲ ਆਕੇ, ਝੁਕ-ਝੁਕ ਕਰਨ ਸਲਾਮਾਂ।
ਲੋਇ ਪੀਰ ਬਾਬਾ ਅਤਰ ਸਿੰਘ ਜੀ, ਤੜੇ ਮੁਸ਼ੇ ਟੋਲ ਤਮਾਮਾ।
ਰਾਗੀ ਲਾਲ ਸਿੰਘ ਨੇ ਕਿਹਾ ਸ਼ਬਦ ਇਹ ਉੱਚੀ ਪੜ੍ਹਕੇ।
ਲੜ ਲਾ ਗਇਆ ਸੰਗਤ ਨੂੰ ਕਿਸਦੇ ਗਿਆ ਬਬਾਨੀ ਚੜ੍ਹ ਕੇ।
ਵਿਛੋੜਾ ਦੇ ਗਿਆ ਸੰਗਤ ਨੂੰ ਬਾਬਾ ਬ੍ਰਿਹੁ ਵਾਲਾ ਤੀਰ ਮਾਰਕੇ।
ਹੰਝੂ ਕਿਰਦੇ ਨੈਨ ਨ ਥੰਮਦੇ ਰੋ-ਰੋ ਹੋ ਗਏ ਝੱਲੇ।
ਲੜ ਲਾ ਗਏ ਸਾਨੂੰ ਕਿਸਦੇ ਰਹਿ ਗਏ ਅਸੀਂ ਇਕੱਲੇ।
ਬੇੜੇ ਨੂੰ ਉਠਾਇਆ ਸੰਗਤਾਂ ਫੁੱਲਾਂ ਦੀ ਵਰਖਾ ਹੋਵੇ।
ਲਛਮੀ ਬਰਸੇ ਪੈਣ ਦੁਸ਼ਾਲੇ ਵਿਛੋੜਾ ਦਿਲਾਂ ਨੂੰ ਖੋਹਵੇ।
ਦਰਿਆ ਪਾਸ ਉਤਾਰਿਆ ਬੇੜਾ ਕੀਰਤਨ ਗੁਰੂ ਦਾ ਹੋਇਆ।
ਜਲ ਪ੍ਰਵਾਹੀ ਕਰਨ ਸੰਤਾਂ ਦਾ ਫਿਰ ਅਰਦਾਸਾ ਹੋਇਆ।
ਵਿੱਚ ਬੇੜੀ ਦੇ ਬਕਸਾ ਰੱਖਕੇ ਅਟਕਾਂ ਦਾ ਪਾਣੀ ਆਇਆ।
ਨਾਲ ਬੇੜਿਓਂ ਰੱਸੇ ਖੋਲ੍ਹੇ ਅੰਤਮ ਸੀਸ ਝੁਕਾਇਆ।
ਗਹਿਰੇ ਪਾਣੀ ਦੇ ਵਿੱਚ ਬਕਸਾ ਜਲ ਪ੍ਰਵਾਹ ਕਰਾਇਆ।
ਨਦੀਆਂ ਵਾਹ ਵਿਛੰਨਿਆਂ ਮੇਲਾ ਏਸ ਸ਼ਬਦ ਨੂੰ ਗਾਇਆ।
ਖੈਰਾਬਾਦ ਦੀ ਤਰਫ ਉੱਤਰਕੇ ਇਸ਼ਨਾਨ ਸੰਗਤ ਨੇ ਕੀਤੇ।
ਕੀਰਤਨ ਸੋਹਿਲਾ ਪੜ੍ਹਕੇ ਤੇ ਫਿਰ ਅਰਦਾਸੇ ਕੀਤੇ।
ਗੁਰਦੁਆਰੇ ਸਭ ਸੰਗਤ ਆਈ ਦਰਸ਼ਨ ਗੁਰੂ ਕਾ ਪਾਇਆ।
ਬਚਨ ਗੁਰੂ ਦਾ ਲਿਆ ਜੋ ਸੰਗਤਾਂ ਤਾਈਂ ਸੁਣਾਇਆ।
ਗਿਆਨੀ ਸਾਧੂ ਸਿੰਘ ਸੁਰਮੇਂ ਸ਼ਬਦ ਦੀ ਕਥਾ ਸੁਣਾਈ।
ਸੰਤ ਆਏ ਜਗ ਪਰਉਪਕਾਰੀ ਜਨਮ ਮਰਨ ਸੇ ਨਾਹੀ।
ਪਰਉਪਕਾਰ ਜਗਤ ਵਿੱਚ ਕਰਕੇ ਜੋਤੀ ਜੋਤ ਸਮਾਏ।
ਭੁਲੇ ਭਟਕੇ ਜੀਅ ਜੰਤ ਸਭ ਨਾਮ ਜਪਣ ਵਿੱਚ ਲਾਏ।
"ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ।"
ਵਿੱਚ ਧਨਾਸਰੀ ਪੰਚਮ ਪਾਤਸ਼ਾਹ ਦੀਨੋ ਬਚਨ ਸੁਣਾਏ।
ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਕੇ ਲੰਗਰ ਸੰਗਤਾਂ ਛਕਿਆ।
ਨਾਮ ਦਾਨ ਦਾ ਹੋਇਆ ਭੰਡਾਰਾ ਸੰਤਾਂ ਦੀ ਸਭ ਸੱਤਿਆ।
ਆਪੋ ਆਪਣੇ ਨਗਰਾਂ ਨੂੰ ਸਭ ਆਗਿਆ ਲੈ ਕਰ ਜਾਂਦੇ।
ਸੰਤਾਂ ਦੇ ਉਪਕਾਰ ਯਾਦ ਕਰ ਜੈ-ਜੈਕਾਰ ਬੁਲਾਂਦੇ।
ਈਸ਼ਰ ਸਿੰਘ ਭਗਵਾਨ ਸਿੰਘ ਜੀ ਹੋਤੀ ਨੂੰ ਚਲ ਆਏ।
ਸਹਿਤ ਸੰਗਤਾਂ ਦਰਸ਼ਨ ਕੀਤੇ ਚਰਨੀਂ ਸੀਸ ਨਿਵਾਏ।
ਦਾਸ ਆਗਯਾ ਲੈ ਕੇ ਚਲ ਫਿਰ ਕੈਮਲ ਪੁਰ ਨੂੰ ਆਇਆ।
ਭਾਗਾਂ ਵਾਲਿਆਂ ਪ੍ਰੇਮੀਆਂ ਨੇ ਸੰਤਾਂ ਦਾ ਦਰਸ਼ਨ ਪਾਇਆ।
ਖੈਰਾਬਾਦ ਤੋਂ ਆਗਿਆ ਸੰਤਾਂ ਪਾਸੋਂ ਜੋ ਹੈ ਲੀਤੀ।
ਘਰ ਆ ਕੇ ਲੰਗਰ ਤਿਆਰੀ ਹਰ ਪ੍ਰਕਾਰ ਦੀ ਕੀਤੀ।
ਹੋਤੀਉ ਮੁੜਕੇ ਸੰਗਤ ਆਈ ਰਾਮਪੁਰੇ ਦੀ ਸਾਰੀ।

*ਕੀਰਤਨ ਗੁਰਦੁਆਰੇ ਹੋਇਆ ਸੰਤਾਂ ਤੋਂ ਬਲਿਹਾਰੀ।*
*ਸੇਵਕਾਂ ਦੇ ਘਰ ਚਰਨ ਪਾ ਕੇ ਭਾਗ ਝੁੱਗੀ ਨੂੰ ਲਾਏ।*
*ਗ਼ਰੀਬ ਨਿਮਾਣਾ ਸੇਵਕ ਜਾਣਕੇ ਆਪਣਾ ਬਿਰਦ ਰਖਾਏ।*
*ਸਾਡਾ ਭੋਜਨ ਰੁੱਖਾ ਮਿਸਾ (ਗੋਬਿੰਦ) ਭਉ ਭਗਤ ਦਾ ਭੁੱਖਾ।*
*ਖਾਧਾ ਸਾਗ ਬਿਦਰ ਦਾ ਫਿੱਕਾ ਦਰਯੋਜਨ ਪ੍ਰੇਮ ਨਾ ਉਕਾ।*
*ਰਾਤੀਂ ਨੌਂ ਵਜੇ ਦੀ ਗੱਡੀ ਚੜ੍ਹ ਗਈ ਸੰਗਤ ਸਾਰੀ।*
*ਰਾਮਪੁਰੇ ਵੱਲ ਤੁਰ ਗਈ ਗੱਡੀ ਲੱਗਾ ਵਿਛੋੜਾ ਭਾਰੀ।*
*ਈਸ਼ਰ ਸਿੰਘ ਭਗਵਾਨ ਸਿੰਘ ਦਾ ਹੁਕਮ ਦਾਸ ਦੇ ਤਾਈਂ।*
*ਜਲਦੀ ਰੇਰੂ ਸਾਹਿਬ ਆਵੋ ਦੇਰ ਨ ਕਰਨੀ ਕਾਈ।*
*ਹੋਤੀ ਜਾ ਕੇ ਸੰਤਾਂ ਨੂੰ ਵੀ ਨਾਲ ਲੈ ਕੇ ਆਣਾ।*
*ਕਰਕੇ ਬੇਨਤੀ ਸੰਤਾਂ ਅੱਗੇ ਜਲਦੀ ਹੀ ਪੁੱਜ ਜਾਣਾ।*
*ਨਾਲ ਲੈ ਕੇ ਸੰਗਤਾਂ ਨੂੰ ਜਦ ਰੇਰੂ ਸਾਹਿਬ ਆਏ।*
*ਹੋਤੀ ਵਾਲੇ ਸੰਤਾਂ ਦੇ ਤਦ ਦਰਸ਼ਨ ਸਭ ਨੇ ਪਾਏ।*
*ਅਖੰਡ ਪਾਠ ਤੇ ਕੀਰਤਨ ਹੁੰਦਾ ਲੰਗਰ ਖੁੱਲ੍ਹਾ ਚੱਲੇ।*
*ਸੰਤਾਂ ਦੇ ਉਪਕਾਰ ਨੂੰ ਕਹਿੰਦੇ ਜਗ ਵਿੱਚ ਆਉਂਦੇ ਘੱਲੇ।*
*ਦਸਵੇਂ ਦਿਨ ਜਦ ਭੋਗ ਪੈ ਗਿਆ ਤਿਆਰ ਹੋਏ ਭੰਡਾਰੇ।*
*ਬਾਹਰੋਂ ਆਏ ਸਾਧੂ ਸੰਤਾਂ ਸਭਨਾਂ ਦਿਤੇ ਦਸਤਾਰੇ।*
*ਅਸਥਾਨ ਦੀ ਸੇਵਾ ਭਗਵਾਨ ਸਿੰਘ ਨੂੰ ਸੰਗਤਾਂ ਫੇਰ ਸੰਭਾਲੀ।*
*ਧੰਨ ਗੁਰੂ ਨਾਨਕ ਪਿਆਰੇ ਓਹੀ ਚਲ ਰਹੀ ਚਾਲੀ।*
*ਕਥਾ ਕੀਰਤਨ ਤੇ ਨਾਮ ਅੰਨ ਦਾ ਲੰਗਰ ਚਲਦਾ ਭਾਰੀ।*
*ਬਿਨਾਂ ਵਿਤਕਰੇ ਸਭ ਨੂੰ ਵਰਤੇ ਛਕਦੇ ਹਨ ਨਰ-ਨਾਰੀ।*

## ਬਾਬਾ ਜੀ ਤੋਂ ਵਰੋਸਾਈਆਂ ਕੁਝ ਕੁ ਪੂਜਯ ਵਿਅਕਤੀਆਂ ਦੇ ਸ਼ੁਭ ਨਾਮ

ਸ੍ਰੀ ਮਾਨ ਸੰਤ ਭਗਾਵਨ ਸਿੰਘ ਜੀ (ਮਹੰਤ ਰੇਰੂ ਸਾਹਿਬ)
ਸ੍ਰੀ ਮਾਨ ਸੰਤ ਮਹਾਰਾਜ ਈਸ਼ਰ ਸਿੰਘ ਜੀ, ਕਰਮਸਰ (ਰਾੜਾ ਸਾਹਿਬ)
ਸ੍ਰੀ ਮਾਨ ਸੰਤ ਮਹਾਰਾਜ ਕਿਸ਼ਨ ਸਿੰਘ ਜੀ, ਕਰਮਸਰ (ਰਾੜਾ ਸਾਹਿਬ)
ਸ੍ਰੀ ਮਾਨ ਸੰਤ ਬਿਸ਼ਨ ਸਿੰਘ ਜੀ (ਰੌਣੀ ਸਾਹਿਬ)
ਸ੍ਰੀ ਮਾਨ ਸੰਤ ਨੰਦ ਸਿੰਘ ਜੀ (ਭੌਰਲੇ)
ਸ੍ਰੀ ਮਾਨ ਸੰਤ ਸੁਆਮੀ ਸੰਤੋਖ ਸਿੰਘ ਜੀ (ਰਾਜਸਥਾਨ)
ਸ੍ਰੀ ਮਾਨ ਸੰਤ ਰਤਨ ਸਿੰਘ ਜੀ (ਰਾਮਪੁਰ)
ਸ੍ਰੀ ਮਾਨ ਸੰਤ ਲਛਮਣ ਸਿੰਘ ਜੀ ਗੰਧਰਬ ਡਬਲ ਐਮ. ਏ. ਆਲਮਗੀਰ (ਹਾਲ ਲੁਧਿਆਣਾ)
ਸ੍ਰੀ ਮਾਨ ਸੰਤ ਭਗਾਵਾਨ ਸਿੰਘ ਜੀ (ਲੋਪੋ ਨਿਵਾਸੀ)
ਸ੍ਰੀ ਮਾਨ ਬਾਬਾ ਸੰਤਾ ਸਿੰਘ ਜੀ (ਸ੍ਰੀ ਮਾਨ) (ਰੇਰੂ ਸਾਹਿਬ)
ਸ੍ਰੀ ਮਾਨ ਸੰਤ ਹਾਕਮ ਸਿੰਘ ਜੀ (ਰੇਰੂ ਸਾਹਿਬ)
ਸ੍ਰੀ ਮਾਨ ਸੰਤ ਕਰਤਾਰ ਸਿੰਘ ਜੀ (ਗ੍ਰੰਥੀ ਰੇਰੂ ਸਾਹਿਬ)
ਸ੍ਰੀ ਮਾਨ ਗੁਰਬਚਨ ਸਿੰਘ (ਭਾਈ ਜੀ) ਜਿਨ੍ਹਾਂ ਨੇ ਕਰਮਸਰ ਚੜ੍ਹਾਈ ਕੀਤੀ ਸੀ
ਸ੍ਰੀ ਮਾਨ ਸੰਤ ਮਸਤਾਨ ਸਿੰਘ ਜੀ (ਪਾਤਸ਼ਾਹ) ਰਾਮਪੁਰ
ਸ੍ਰੀ ਮਾਨ ਸੰਤ ਰੂੜ ਸਿੰਘ ਜੀ (ਭੌਰਲੇ)
ਸ੍ਰੀ ਮਾਨ ਸੰਤ ਕਰਤਾਰ ਸਿੰਘ ਜੀ (ਅਨੰਦਪੁਰ ਕਲੌਰ)
ਸ੍ਰੀ ਮਾਨ ਸੰਤ ਗੁੱਜਰ ਸਿੰਘ ਜੀ (ਬਾਈ ਜੀ) ਕਰਮਸਰ
ਸ੍ਰੀ ਮਾਨ ਬਾਬਾ ਹੀਰਾ ਸਿੰਘ ਜੀ ਕਰਮਸਰ
ਸ੍ਰੀ ਮਾਨ ਬਾਬਾ ਗੁਰਮੁਖ ਸਿੰਘ ਜੀ ਛੋਟੀ ਖਨਾਲ
ਸ੍ਰੀ ਮਾਨ ਬਾਬਾ ਬਿਸ਼ਨ ਸਿੰਘ ਜੀ (ਰਾਮਪੁਰ)[੫]
ਸ੍ਰੀ ਮਾਨ ਬਾਬਾ ਭਗਵਾਨ ਸਿੰਘ ਜੀ (ਬਰਵਾਲਾ) ਇਹ ਨਿਤਾ-ਪ੍ਰਤੀ ਕਈ ਸਾਲ ਸੰਤਾਂ ਦੇ ਇਸ਼ਨਾਨ ਕਰਵਾਉਣ ਦੀ ਸੇਵਾ ਕਰਦੇ ਰਹੇ।
ਸ੍ਰੀ ਮਾਨ ਡਿਪਟੀ ਕਰਤਾਰ ਸਿੰਘ ਜੀ (ਕਟਾਣੀ ਕਲਾਂ)

ਇਹ ਸੰਤਾਂ ਤੋਂ ਉਪਦੇਸ਼ ਲੈ ਕੇ ਆਪਣੀ ਕਮਾਈ ਵਿੱਚੋਂ ਸਾਰੀ ਜ਼ਿੰਦਗੀ ਦਸਵੰਧ ਕੱਢਦਾ ਰਿਹਾ।

---

[੫] ਇਹ ਮਹਾਂ-ਪੁਰਸ਼ ਗ੍ਰਿਹਸਥੀ ਭਗਤ ਹੁੰਦੇ ਹੋਏ ਬਚਪਨ ਤੋਂ ਲੈ ਕੇ ਸਾਰੀ ਜ਼ਿੰਦਗੀ ਸੰਤ ਜੀ ਮਹਾਰਾਜ ਦੇ ਨਾਲ ਹੀ ਰਹੇ, ਜਿਥੇ ਵੀ ਸੰਤ ਗਏ ਨਾਲ ਗਏ। "ਜਨ ਕੀ ਟਹਲ ਸੰਭਾਖੁਨ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ।" (ਪੰਨਾ ੯੨੯) ਇਹਨਾਂ ਨੂੰ ਬਾਬਾ ਜੀ ਦੇ ਜੀਵਨ ਸੰਬੰਧੀ ਕਾਫੀ ਵਾਕਫ਼ੀ ਸੀ, ਲੇਖਕ ਨੂੰ ਬਹੁਤਾ ਇਤਿਹਾਸ ਇਹਨਾਂ ਪਾਸੋਂ ਹੀ ਮਿਲਿਆ ਹੈ। ਇਹ ਘਰ ਵਿਚ ਰਹਿ ਕੇ ਸੇਵਾ ਤੇ ਸਿਮਰਨ ਦਾ ਆਨੰਦ ਮਾਣਦੇ ਹੋਏ ੯੫ ਸਾਲ ਦੀ ਆਯੂ ਵਿਚ ੪-੨-੭੧ ਨੂੰ ਚਲਦੇ-ਫਿਰਦੇ ਹੀ ਸਰੀਰ ਤਿਆਗ ਗਏ।

## ਰੇਰੂ ਸਾਹਿਬ ਗੁਰਦੁਆਰੇ ਤੋਂ ਵਰੋਸਾਏ ਅਸਥਾਨ

੧. ਗੁਰਦੁਆਰਾ ਕਰਮਸਰ (ਰਾੜਾ ਸਾਹਿਬ)
੨. ਸੰਤ ਆਸ਼੍ਰਮ ਧਭਲਾਨ।
੩. ਈਸ਼ਰ ਪੁਰਾ ਛੰਨਾ ਸੁਖਣਵਾਲੀਆ।
੪. ਮੋਹੀ।
੫. ਈਸ਼ਰ ਗੜ੍ਹ (ਨਾਭਾ)
੬. ਕਨੇਚ ਦੀ ਖੂਹੀ ਦੋਰਾਹੇ ਦੇ ਪਾਸ ਜੀ. ਟੀ. ਰੋਡ।
੭. ਭੌਰਲੇ।
੮. ਭਗਾਵਨ ਪੁਰਾ ਤੇ ਬਾਹੋ ਮਾਜਰਾ।
੯. ਲੁਧਿਆਣੇ ਦਸਮੇਸ਼ ਨਗਰ।
੧੦. ਲੋਪੋਂ (ਸੁਜਾਣਾ ਸਰ)

ਇਤਿਆਦਕ ਹੋਰ ਵੀ ਬਹੁਤ ਸਾਰੇ ਅਸਥਾਨ ਹਨ।

# ਸੰਤ ਜੀ ਦੀ ਤਪੋ ਭੂਮੀ ਦੀ ਪ੍ਰਤੱਖ ਕਰਾਮਾਤ

ਜਿਸ ਜਗ੍ਹਾ ਸੰਤ ਜੀ ਮਹਾਰਾਜ ਨੇ ਸਾਰੀ-ਸਾਰੀ ਰਾਤ ਪਿਆਰੇ ਦੀ ਯਾਦ ਵਿੱਚ ਲੀਨ ਹੋ ਕੇ ਜ਼ਿੰਦਗੀ ਦਾ ਕਾਫ਼ੀ ਹਿੱਸਾ ਇੱਕ ਰਸ ਬਤੀਤ ਕੀਤਾ, ਉਹ ਗੋਖੇ ਦੀ ਭਾਗਾਂ ਭਰੀ ਛਪੜੀ ਅੱਜ ਮਹਾਨ ਤੀਰਥ ਦਾ ਰੂਪ ਧਾਰਣ ਕਰ ਆਈ।

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥
ਤਹ ਬੈਕੁੰਠੁ ਜਹ ਨਾਮੁ ਉਚਰਹਿ ॥

(ਪੰਨਾ ੮੯੦)

ਜਿਸ ਜਗ੍ਹਾ ਦਾ ਦਰਸ਼ਨ ਕੀਤਿਆਂ ਨੇਤ੍ਰ ਸੀਤਲ ਤੇ ਹਿਰਦੇ ਠੰਢ ਪੈਂਦੀ ਹੈ। ਭਾਵਨਾ ਵਾਲੇ ਸ਼ਰਧਾਲੂ ਪ੍ਰੇਮੀਆਂ ਨੂੰ ਭੋਗ ਮੋਖ ਦੇ ਪਦਾਰਥ ਦੇਣ ਵਾਲੀਆਂ ਸੁੱਖਾਂ ਵਰ ਆਉਂਦੀਆਂ ਹਨ। ਦਰਸ਼ਨਾਲੂ ਸੱਜਨਾਂ ਦਾ ਹਰ ਸਮੇਂ ਮੇਲਾ ਹੀ ਜੁੜਿਆ ਰਹਿੰਦਾ ਹੈ। ਛੁੱਟੀ ਵਾਲੇ ਦਿਨ ਐਤਵਾਰ ਨੂੰ ਵਿਸ਼ੇਸ਼ ਇਕੱਠ ਹੁੰਦਾ ਹੈ। ਮਾਈਆਂ ਦੇ ਇਸ਼ਨਾਨ ਵਾਸਤੇ ਪੋਣਾ ਤੇ ਇੱਕ ਪਾਸੇ ਸਰੋਵਰ ਵੀ ਬਣ ਚੁੱਕਾ ਹੈ। ਬਾਕੀ ਦੀ ਸੇਵਾ ਅਜੇ ਚੱਲ ਰਹੀ ਹੈ।

੧੯੭੦ ਈਸਵੀ ਦੀ ਵਾਰਤਾ ਹੈ ਕਿ ਉਸ ਜਗ੍ਹਾ ਇੱਕ ਬਟੇਰਿਆਂ ਦਾ ਜੋੜਾ ਨਿਤਾ-ਪ੍ਰਤੀ ਸ਼ਾਮ ਨੂੰ ਬਾਬਾ ਜੀ ਦੀ ਨਿਵਾਜ਼ੀ ਸੁਭਾਗੀ ਬੇਰੀ ਦੇ ਦਰਸ਼ਨ ਕਰਨ ਆਉਂਦਾ ਸੀ। ਇਸ ਗੱਲ ਦਾ ਪਤਾ ਰਾਮਪੁਰ ਪਿੰਡ ਦੇ ਵਾਸੀ ਇੱਕ ਪ੍ਰੇਮੀ ਨੂੰ ਵੀ ਲੱਗ ਗਿਆ। ਇਹ ਨੌਜਵਾਨ ਪੱਕਾ ਨਿਸ਼ਾਨਚੀ ਤੇ ਮੰਨਿਆਂ ਸ਼ਿਕਾਰੀ ਸੀ। ਬੇਰੀ ਦੇ ਪਾਸ ਆਇਆ ਬਟੇਰਿਆਂ ਦਾ ਜੋੜਾ ਦੇਖ ਕੇ ਆਪਣੇ ਸੁਭਾਉ ਅਨੁਸਾਰ ਇਸਨੇ ਬੰਦੂਕ ਦੀ ਸ਼ਿਸ਼ਤ ਲਈ ਤੇ ਫਾਇਰ ਕੀਤਾ ਪਰ ਉਹ ਖ਼ਾਲੀ ਚਲਾ ਗਿਆ। ਦੂਜਾ ਫੇਰ ਕੀਤਾ ਉਹ ਵੀ ਮਿੱਸ ਹੀ ਗਿਆ। ਇਉਂ ਲਗਾਤਾਰ ਅੱਠ ਫਾਇਰ ਕੀਤੇ ਪਰ ਲਗਿਆ ਕੋਈ ਨਾ। ਇਹ ਬੜਾ ਹੈਰਾਨ ਤੇ ਉਦਾਸ ਹੋਇਆ ਕਿ ਮੇਰਾ ਨਿਸ਼ਾਨਾ ਤਾਂ ਕਦੇ ਵੀ ਖ਼ਾਲੀ ਨਹੀਂ ਸੀ ਗਿਆ। ਇਹ ਕੀ ਕਾਰਣ ਹੈ? ਜਦੋਂ ਇਸ ਨੇ ਪਾਵਨ ਧਰਤੀ ਦੀ ਹੱਦ ਤੋਂ ਬਾਹਰ ਆ ਕੇ ਹੋਰ ਜਾਨਵਰਾਂ ਤੇ ਗੋਲੀ ਚਲਾਈ ਤਾਂ ਉਨ੍ਹਾਂ ਤੇ ਉਸੇ ਸਮੇਂ ਜਾ ਲੱਗੀ। ਹਨੇਰਾ ਹੋਇਆ ਜਾਣ ਕੇ ਹੈਰਾਨਗੀ ਨਾਲ ਘਰ ਚਲਾ ਗਿਆ।

ਦੂਸਰੇ ਦਿਨ ਉਸੇ ਸਮੇਂ ਫੇਰ ਆਇਆ ਅਤੇ ਕਿਸੇ ਮਹਾਂਪੁਰਸ਼ ਦੀ ਤਪੋ ਭੂਮੀ ਨੂੰ ਨਿੱਘੀ ਗੋਦ ਸਮਝਕੇ ਬੈਠੇ ਨਿਰਦੋਸ਼ ਤੇ ਦਰਵੇਸ਼ ਪੰਛੀਆਂ ਤੇ ਪਹਿਲੇ ਦਿਨ ਵਾਂਗ ਫੇਰ ਅੱਠ ਨੌਂ ਫਾਇਰ ਕੀਤੇ ਪਰ ਉਹ ਵੀ ਇਸੇ ਤਰ੍ਹਾਂ ਸਾਰੇ ਹੀ ਖ਼ਾਲੀ ਚਲੇ ਗਏ। ਇਹ ਲਗਾਤਾਰ ਤਿੰਨ ਦਿਨ ਜਾਂਦਾ ਰਿਹਾ ਅਤੇ ਆਪਣੀ ਆਦਤ ਤੋਂ ਮਜ਼ਬੂਰ ਹੋ ਕੇ ਫਾਇਰ ਵੀ ਕਰਦਾ ਰਿਹਾ, ਉਹ ਸਾਰੇ ਖ਼ਾਲੀ ਹੀ ਜਾਂਦੇ ਰਹੇ। ਸੋਚਦਾ ਹੈ ਕੀ ਕਾਰਣ? ਸਮਝ ਕੋਈ ਨਹੀਂ ਪੈਂਦੀ। ਉਸ ਸਮੇਂ ਕਿਸੇ ਨਜ਼ਦੀਕ ਦੇ ਖੇਤ ਵਾਲੇ ਨੇ ਬੰਦੂਕ ਦੀ ਆਵਾਜ਼ ਸੁਣੀ, ਪਾਸ ਆ ਕੇ ਆਖਿਆ, "ਇਹ ਕਿਸੇ ਬਖ਼ਸ਼ੀ ਰੂਹ ਰੱਬੀ ਜੋਤ ਦੀ ਪਾਵਨ ਕੀਤੀ ਧਰਤੀ ਹੈ। ਏਥੋਂ ਦੀ ਸ਼ਰਨ ਲੈਣ ਵਾਲੇ ਉਪਰ ਤਾਂ ਧਰਮ-ਰਾਜਾ ਦਾ ਵੀ ਬਲ ਨਹੀਂ ਪੈਂਦਾ ਤੂੰ ਇਨ੍ਹਾਂ ਵਿਚਾਰਿਆਂ ਦਾ ਕੀ ਵਿਗਾੜ ਸਕਦਾ ਹੈਂ।" ਇਸ ਨੇ ਕਿਹਾ, "ਐਵੇਂ ਵੇਹਲੜ ਲੋਕਾਂ ਨੇ ਗੱਲਾਂ ਘੜ ਲਈਆਂ ਹਨ। ਮੈਂ ਪੱਕਾ ਨਿਸ਼ਨਾਚੀ ਹਾਂ ਤੂੰ ਕਿਵੇਂ ਆਖਦਾ ਹੈਂ ਕਿ ਇਨ੍ਹਾਂ ਦੀ ਰੱਖਿਆ ਪ੍ਰਮੇਸ਼ਰ ਕਰਦਾ ਹੈ। ਇਸ ਨੇ ਆਪਣੇ ਮਨ ਦੇ ਹਠ ਨਾਲ ਫੇਰ ਗੋਲੀ ਚਲਾਈ ਪਰ ਅੱਗੇ ਕੁਝ ਦਿਸੇ ਹੀ ਨਾ। ਸ਼ਿਸ਼ਤ ਬੰਨ੍ਹੇ ਤੋਂ ਪੰਛੀ ਦਿਸਣੋਂ ਹਟ ਜਾਣ। ਬੰਦੂਕ ਨੀਵੀਂ ਕੀਤਿਆਂ ਜਿਉਂ ਦੇ ਤਿਉਂ ਬੇਰੀ ਤੇ ਬੈਠੇ ਦਿਸਣ।" ਇਸੇ ਤਰ੍ਹਾਂ ਲਗਾਤਾਰ ਗਿਆਰਾਂ ਦਿਨ ਆਉਂਦਾ ਰਿਹਾ। ਪੰਜ ਸੱਤ ਰੌਂਦ ਫੂਕ ਕੇ ਚਲਾ ਜਾਵੇ ਲੱਗੇ ਕੋਈ ਨਾ।

ਕਿਸੇ ਨੇ ਗੁਰਦੁਆਰੇ ਸਾਹਿਬ ਸੰਤਾਂ ਨੂੰ ਜਾ ਦਸਿਆ। ਜਦੋਂ ਸੰਤ ਭਗਵਾਨ ਸਿੰਘ ਜੀ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਇਸ ਨੂੰ ਪਾਸ ਬੁਲਾ ਕੇ ਆਖਿਆ, "ਕਾਕਾ! ਇਹ ਤੇਰੀ ਮਹਾਨ ਗ਼ਲਤੀ ਹੈ ਇਨ੍ਹਾਂ ਨਿਰਦੋਸ਼ੇ ਜਨਵਰਾਂ ਨੂੰ ਮਾਰਨਾ ਤਾਂ ਉਂਞ ਹੀ ਪਾਪ ਹੈ।

ਭਗਤ ਕਬੀਰ ਜੀ ਕਿਸੇ ਮਾਸਾਹਾਰੀ ਨੂੰ ਦੇਖ ਕੇ ਕਹਿੰਦੇ ਹਨ ਜੋ ਜੀਵਾਂ ਨੂੰ ਮਾਰਨਾ ਪੁੰਨ ਸਮਝਦਾ ਸੀ ਅਤੇ ਕਹਿੰਦਾ ਸੀ ਆਪਣੇ ਹੱਥੀਂ ਸ਼ਿਕਾਰ ਮਾਰ ਕੇ ਖਾਣਾ ਪਾਪ ਨਹੀਂ। ਭਗਤ ਜੀ ਨੇ ਉੱਤਰ ਦਿੱਤਾ ਕਿ ਜੇਕਰ ਤੁਸੀਂ ਜੀਵਾਂ ਨੂੰ ਮਾਰ ਕੇ ਕਹਿੰਦੇ ਹੋ ਕਿ ਅਸੀਂ ਤਾਂ ਧਰਮਾਤਮਾ ਰਾਜਿਆਂ ਵਾਂਗੂੰ ਸ਼ਿਕਾਰ ਖੇਲ੍ਹਕੇ ਧਰਮ ਦਾ ਕੰਮ ਕਰ ਰਹੇ ਹਾਂ ਤਾਂ ਫੇਰ ਪਾਪ ਕਿਸ ਨੂੰ ਆਖੋਗੇ? ਆਪਣੇ ਆਪ ਨੂੰ ਧਰਮਾਤਮਾ ਤੇ ਮੁਨੀ ਮੰਨਣ ਵਾਲਿਓ! ਫੇਰ ਕਸਾਈ ਕਿਸ ਨੂੰ ਆਖਿਆ ਜਾਵੇਗਾ, ਉਹ ਤੁਹਾਥੋਂ ਵੱਖਰੇ ਨਹੀਂ।"

ਯਥਾ:

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ
ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ
ਕਾ ਕਉ ਕਹਹੁ ਕਸਾਈ ॥੨॥

(ਪੰਨਾ ੧੧੦੩)

ਦੂਜੀ ਗੱਲ ਇਹ ਹੈ ਕਿ ਇਸ ਪਾਵਨ ਧਰਤੀ ਦੀ ਧੂੜ ਪਰਸਣ ਵਾਲਾ ਤਾਂ ਧਰਮ ਰਾਜਾ ਦੀ ਪ੍ਰਵਾਹ ਵੀ ਨਹੀਂ ਕਰਦਾ, ਤੇਰੀਆਂ ਗੋਲੀਆਂ ਕੀ ਕਰ ਸਕਦੀਆਂ ਹਨ ਕਿਉਂਕਿ ਜਿਸ ਨੂੰ ਪ੍ਰਮੇਸ਼ਰ ਰਖਣਾ ਚਾਹੇ ਫੇਰ ਉਸ ਨੂੰ ਕੋਈ ਵੀ ਸ਼ਕਤੀ ਮਾਰ ਨਹੀਂ ਸਕਦਾ।

*ਜਿਸ ਨੂੰ ਰਾਖੈ ਸਾਵਰਾ ਮਾਰ ਨ ਸਾਕੈ ਕੋਇ।*
*ਵਾਲ ਨ ਬਾਂਕਾ ਕਰ ਸਕੈ ਸਭ ਜਗ ਵੈਰੀ ਹੋਇ।*

ਇਕ ਗਰਭਵਤੀ ਹਰਨੀ (ਜਿਸ ਦੇ ਬੱਚਾ ਪੈਦਾ ਹੋ ਰਿਹਾ ਸੀ) ਜੰਗਲ ਵਿੱਚ ਖੜੀ ਦੇਖਕੇ ਮਾਰਨ ਵਾਸਤੇ ਸ਼ਿਕਾਰੀ ਨੇ ਉਸ ਦੇ ਚਾਰੇ ਪਾਸੇ ਘੇਰ ਲਏ, ਇੱਕ ਪਾਸੇ ਅੱਗ ਬਾਲ ਦਿੱਤੀ, ਦੂਜੇ ਪਾਸੇ ਕੁੱਤਾ ਖੜਾ ਕਰ ਦਿੱਤਾ, ਤੀਜੇ ਪਾਸੇ ਜਾਲੀ ਤਾਣ ਦਿੱਤੀ ਅਤੇ ਚੌਥੇ ਪਾਸੇ ਆਪ ਤੀਰ ਲੈ ਕੇ ਖੜੋ ਗਿਆ। ਆਪਣੇ ਚਾਰੇ ਪਾਸੇ ਘਿਰੇ ਜਾਣ ਕੇ ਲਚਾਰ ਹੋ ਗਈ। ਗ਼ਰੀਬ ਹਰਨੀ ਨੇ ਪ੍ਰਭੂ ਅੱਗੇ ਪੁਕਾਰ ਕੀਤੀ, 'ਹੇ ਦੀਨਾ ਬੰਧੂ! ਭਗਤ ਵਤਸਲ! ਸਰਬ ਸ਼ਕਤੀਮਾਨ! ਪ੍ਰਮਾਤਮ ਦੇਵ! ਐਸ ਸਮੇਂ ਮੇਰੀ ਇੱਕ ਤੂੰਹੀਓਂ ਈ ਰੱਖਿਆ ਕਰ ਸਕਦਾ ਹੈਂ ਹੋਰ ਕੋਈ ਤਾਕਤ ਮੈਨੂੰ ਬਚਾ ਨਹੀਂ ਸਕਦੀ।' ਪ੍ਰਭੂ ਦੀ ਅਗਾਧਗਤੀ ਹੈ ਉਸ ਦੇ ਦਰਬਾਰ ਵਿੱਚ ਕੀੜੀ ਦੀ ਪੁਕਾਰ ਪਹਿਲਾਂ ਤੇ ਹਾਥੀ ਦੀ ਪਿਛੋਂ ਸੁਣੀ ਜਾਂਦੀ ਹੈ।

ਇਉਂ ਉਸ ਹਰਨੀ ਦੀ ਕੀਤੀ ਅਰਜੋਈ ਵੀ ਪ੍ਰਮੇਸ਼ਰ ਦੀ ਸੱਚੀ ਦਰਗਾਹ ਵਿੱਚ ਪੁਜ ਗਈ। ਦੇਵਨੇਤ ਨਾਲ ਏਹੋ ਜਿਹੀ ਹਵਾ ਚਲੀ, ਜਾਲ ਉਡ ਕੇ ਅਗਨੀ ਵਿੱਚ ਜਾ ਪਿਆ। ਪਾਸ ਹੀ ਖੁੱਡ ਵਿੱਚੋਂ ਇੱਕ ਜ਼ਹਿਰੀਲਾ ਸੱਪ ਨਿਕਲਿਆ ਜਿਸ ਨੇ ਸ਼ਿਕਾਰੀ ਦੀ ਲੱਤ ਤੇ ਡੰਗ ਮਾਰਿਆ, ਉਹ ਦਾੜ ਦੇ ਕੇ ਧਰਤੀ ਤੇ ਡਿਗ ਪਿਆ। ਕਮਾਨ ਹੱਥੋਂ ਛੁੱਟ ਗਈ ਤੇ ਉਹ ਸਿੰਨਿਆਂ ਹੋਇਆ ਤੀਰ ਕੁੱਤੇ ਦੀ ਜ਼ਬਾਨ ਵਿੱਚ ਜਾ ਲੱਗਾ। ਜਿਸ ਕਰਕੇ ਉਸ ਦੀ ਮੌਤ ਹੋ ਗਈ। ਸਾਰੇ ਪਾਸੇ ਵਿਹਲੇ ਹੋ ਗਏ ਤੇ ਹਰਨੀ ਦਾ ਵਾਲ-ਵਾਲ ਬਚ ਗਿਆ। ਭਗਤ ਸੂਰਦਾਸ ਜੀ ਕਥਨ ਕਰਦੇ ਹਨ:

*ਉਲਟੀ ਪਵਨ ਚੱਲੀ ਕੁਦਰਤ ਕੀ ਜਾਲਿ ਅਗਨ ਮੈਂ ਡਾਰੀ।*
*ਫੰਦਕੀ ਕੋ ਫਨੀਅਰ ਨੇ ਡਸੀਓ ਸੁਆਨ ਗ੍ਰਸੇ ਸਿਸਕਾਰੀ।*
*ਨਾਚਤ ਕੁਦਤ ਨਿਕਸ ਗਈ ਹਰਨੀ ਬੋਲੈ ਜੈ ਜੈ ਕਾਰੀ।*
*ਸੂਰਦਾਸ ਤੁਮਾਰੇ ਦਰਸ਼ਨ ਕੋ ਮੈਂ ਜਾਵਾਂ ਬਲਿਹਾਰੀ।*

ਅਥਵਾ:

*ਵੇਲਾ ਜਾਚ ਸ਼ਿਕਾਰੀ ਨੇ ਸ਼ਿਸ਼ਤ ਬਧੀ*
*ਤੀਰ ਖਿਚਿਆ ਖ਼ੂਨੀ ਕਮਾਨ ਦੇ ਵਿੱਚ।*
*ਪਿਛੋਂ ਸੱਪ ਨੇ ਆਣਕੇ ਡਸ ਦਿੱਤਾ*
*ਤੀਰ ਕੁਤੇ ਦੀ ਲੱਗਾ ਜ਼ਬਾਨ ਦੇ ਵਿੱਚ।*
*ਇਧਰੋਂ ਆਣਕੇ ਐਸੀ ਹਵਾ ਚੱਲੀ*
*ਜਾਲ ਜਲਿਆ ਐਨ ਮੈਦਾਨ ਦੇ ਵਿੱਚ।*
*ਗਰਭਵਤੀ ਦੀ ਰੱਖਿਆ ਖ਼ੂਬ ਕੀਤੀ*
*ਅੰਤ ਵੇਲੜਾ ਜੋ ਬੀਆਬਾਨ ਦੇ ਵਿੱਚ।*
*ਚਾਰੇ ਬੰਨੇ ਹੀ ਮੋਕਲੇ ਹੋ ਗਏ ਨੇ,*
*ਉਹਦੀ ਕੂਕ ਫਰਿਆਦ ਮਨਜ਼ੂਰ ਹੋ ਗਈ।*

*ਬੱਚਾ ਜੰਮਿਆਂ ਲੱਗੀ ਚੰਘੋਣ ਉਸ ਨੂੰ,*
*ਚੁੰਮ ਚੱਟ ਕੇ ਖ਼ੁਸ਼ੀ ਮਖ਼ਮੂਰ ਹੋ ਗਈ।*

ਇਸੇ ਵਾਰਤਾ ਨੂੰ ਪੰਚਮ ਪਾਤਸ਼ਾਹ ਜੀ ਮਹਾਰਾਜ ਵੀ ਕਥਨ ਕਰਦੇ ਹਨ।

ਯਥਾ:

ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖੵ ਆਵਧਹ ॥
ਅਹੋ ਜਸੵ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਰਤੇ ॥੬॥

(ਪੰਨਾ ੧੩੫੪)

ਖ਼ਬਰ ਨਹੀਂ ਇਨ੍ਹਾਂ ਬਚਨਾਂ ਦਾ ਜਾਂ ਉਸ ਪਾਵਨ ਧਰਤੀ ਦੇ ਦਰਸ਼ਨਾਂ ਦਾ ਇਸ ਨੌਜਵਾਨ ਦੇ ਮਨ ਤੇ ਕੀ ਅਸਰ ਹੋਇਆ? ਉਸ ਦੀ ਕਾਇਆ ਹੀ ਪਲਟ ਗਈ। ਉਸੇ ਸਮੇਂ ਬੰਦੂਕ ਸੁੱਟ ਦਿੱਤੀ ਤੇ ਸ਼ਿਕਾਰ ਕਰਨਾ ਬੰਦ ਕਰ ਦਿੱਤਾ। ਰੋਜ਼ ਦਾ ਨਿਯਮੀ ਮਾਸ, ਸ਼ਰਾਬ ਛੱਡ ਕੇ ਪਰਮ ਵੈਸ਼ਨੋਪੁਣਾ ਧਾਰਣ ਕਰਕੇ ਅਸਥਾਨ ਦਾ ਸ਼ਰਧਾਲੂ ਤੇ ਪੂਰਨ ਸੇਵਾਦਾਰ ਬਣ ਗਿਆ। ਅੰਮ੍ਰਿਤ ਪਾਨ ਕਰਕੇ ਗੁਰਬਾਣੀ ਦੇ ਪਾਠ ਦਾ ਨਿਤ-ਨੇਮੀ ਹੋ ਕੇ ਜ਼ਿੰਦਗੀ ਸਫ਼ਲੀ ਬਣਾ ਲਈ।[੬] ਇਹ ਹੈ ਮਹਾਂ-ਪੁਰਸ਼ਾਂ ਦੀ ਤਪੋ-ਭੂਮੀ ਦੇ ਦਰਸ਼ਨਾਂ ਦੀ ਕਰਾਮਾਤ ਤੇ ਉਸ ਦਾ ਪ੍ਰਤੱਖ ਫ਼ਲ।

---

[੬]ਇਹ ਵਾਰਤਾ ਉਸ ਨੌਜਵਾਨ ਨੇ ਲੇਖਕ ਨੂੰ ਬਾਬਾ ਜੀ ਦੇ ਜੀਵਨ ਸਬੰਧੀ ਕਿਸ਼੍ਰਮੇਂ ਪੁੱਛਣ ਗਿਆਂ ਰੇਰੂ ਸਾਹਿਬ ਗੁਰਦੁਆਰੇ ਸੰਤ ਭਗਵਾਨ ਸਿੰਘ ਜੀ ਦੇ ਪਾਸ ਬੈਠਿਆਂ ੨੪-੧-੭੧ ਨੂੰ ਆਪ ਦੱਸੀ ਹੈ।

## ਮਹਾਰਾਜ ਜੀ ਦੀ ਵਿਸ਼ੇਸ਼ਤਾ

*ਨੇਤਰ ਮਸਤ ਤੇ ਸਦਾ ਖ਼ੁਸ਼ਹਾਲ ਦਿਸਣ,*
*ਔਗੁਣਹਾਰੇ ਨੂੰ ਕਦੀ ਨਾ ਤਾੜਦੇ ਸੀ।*
*ਕਣੀ ਗੁੱਸੇ ਦੀ ਅਣੀ ਸੀ ਤੀਰ ਵਾਲੀ,*
*ਛੱਡ ਕਮਾਨ ਨਾ ਦਿਲਾਂ ਨੂੰ ਫਾੜਦੇ ਸੀ।*
*ਅੱਗ ਚਮਕਦੀ ਧੁੱਪ ਦੀ ਕਿਰਣ ਕੋਲੋਂ,*
*ਫੁੱਲ ਮਹਿਕਦੇ ਕਦੀ ਨਾ ਸਾੜਦੇ ਸੀ।*
*ਬੁਰਿਆਂ ਨਾਲ ਵੀ ਕਰਨ ਭਲਿਆਈ ਚੰਗੀ,*
*ਰੁੱਖਾ ਬੋਲ ਨਾ ਆਪ ਜੀ ਝਾੜਦੇ ਸੀ।*
*ਦਿਲ ਨੂੰ ਪਿਆਸ ਤੇ ਆਸ ਪਰੀਤ ਵਾਲੀ,*
*ਔੜ ਵਿੱਚ ਵੀ ਰੁੱਤ ਬਹਾਰ ਹੋਵੇ।*
*ਸ਼ਰਨ ਪਏ ਨੂੰ ਸੰਤ ਸਨ ਬਖਸ਼ ਦਿੰਦੇ,*
*ਚਾਹੇ ਕਿਤਨਾ ਵੀ ਗ਼ੁਨਾਹਗਾਰ ਹੋਵੇ।*

# ਲੇਖਕ ਵਲੋਂ ਪ੍ਰਾਰਥਨਾ

*ਕਬਿੱਤ: ਨਿੱਕੀ ਜੇਹੀ ਜਾਨ ਤਾਈਂ ਪ੍ਰੇਮ ਦੀ ਪਛਾਣ ਨਾਹੀਂ,*
*ਦਰਸ ਪਿਆਸ ਆਸ ਛੱਡੀ ਮੈਂ ਜਹਾਨ ਦੀ।*
*ਇਸ਼ਕ ਕਮਾਵਣਾ ਜਗਾਵਣਾ ਹੈ ਸ਼ੇਰ ਸੁੱਤਾ,*
*ਰੱਖਦਾ ਨਾ ਹੋਸ਼ ਨਾਹੁ ਪੀਆ ਦੇ ਕਮਾਣ ਦੀ।*
*ਅਨੋਖੀ ਜੇਹੀ ਰੀਤ ਸ਼ਾਹ ਬਣਦੇ ਫ਼ਕੀਰ ਦੇਖੇ,*
*ਤਾਂਘ ਤਬਰੇਜ਼ ਵਾਂਗ ਖੱਲ ਦੇ ਲੁਹਾਣ ਦੀ।*
*ਲੋਭ ਮੋਹ ਤਿਆਗ ਨਹੀਂ ਕਫ਼ਨੀ ਬੈਰਾਗ ਪਾਈ,*
*ਅਲਖ ਨ ਜਗਾਈ ਖੈਰ ਮੰਗੀ ਨਾ ਗਿਆਨ ਦੀ।*
*ਛੱਡ ਸਾਰੇ ਸੁੱਖ ਹੁਣ ਮੱਲਿਆ ਹੈ ਦਰ ਤੇਰਾ,*
*ਰੱਖ ਲੈਣੀ ਲਾਜ ਆਪ ਸ਼ਰਨ ਵਿੱਚ ਆਣ ਦੀ।*
*ਨਾਮ ਹੈ ਮੋਹਨ ਹਰਿ ਮੋਹ ਦਾ ਨ ਤਿਆਗ ਕੀਤਾ,*
*ਸੰਤਾਂ ਦੀ ਸ਼ਰਨ ਆਸ ਜਨਮ ਮਿਟਾਣ ਦੀ।*

ਗੁਰੂ ਪੰਥ ਅਤੇ ਸਮੂਹ ਸੰਤਾਂ ਦਾ ਅਦਨਾ ਦਾਸ:
ਗਿਆਨੀ ਮੋਹਨ ਸਿੰਘ 'ਆਜ਼ਾਦ'
ਕਥਾ ਵਾਚਕ--ਗੁਰਦੁਆਰਾ ਰਾੜਾ ਸਾਹਿਬ

-o-

ੴ ਸਤਿਗੁਰ ਪ੍ਰਸਾਦਿ ॥

# ਦੂਸਰਾ ਭਾਗ

## ਬਾਬਾ ਜੀ ਤੋਂ ਵਰੋਸਾਏ

## *ਮਹਾਂ-ਪੁਰਸ਼ਾਂ ਦੇ ਸੰਖੇਪ ਜੀਵਨ*

# ਪਹਿਲਾ ਕਾਂਡ

## ਸੰਤ ਭਗਵਾਨ ਸਿੰਘ ਜੀ

ਅਨੰਦਪੁਰ ਤੇ ਕਲੌੜ ਕਹਿਣ ਨੂੰ ਭਾਵੇਂ ਦੋ ਨਗਰ ਹਨ ਪਰ ਵਿਚਕਾਰ ਫਾਸਲਾ ਇਤਨਾ ਘੱਟ ਹੈ ਕਿ ਇੱਕ ਬਰਸਾਤੀ ਨਾਲਾ ਹੀ ਵਗਦਾ ਹੈ ਜੋ ਸਾਵਣ ਤੇ ਭਾਦਰੋਂ ਦੇ ਮਹੀਨੇ ਕੇਵਲ ਬਾਰਸ਼ਾਂ ਦੇ ਸਮੇਂ ਹੀ ਭਰਦਾ ਹੈ ਬਾਕੀ ਦਿਨੀਂ ਸੁੱਕਾ ਰਹਿੰਦਾ ਹੈ। ਇਸ ਅਨੰਦਪੁਰ ਨਗਰ ਵਿੱਚ ਹੋਰ ਕੌਮਾਂ ਵਾਂਗੂੰ ਜ਼ਿਮੀਂਦਾਰਾਂ ਦੇ ਘਰ ਵੀ ਕਾਫ਼ੀ ਹਨ ਜੋ ਖੁੱਲ੍ਹੀਆਂ ਜ਼ਮੀਨਾਂ ਦੇ ਕਾਰਣ ਚੰਗੇ ਰੱਜੇ ਪੁੱਜੇ ਤੇ ਬੜੇ ਖ਼ੁਸ਼ਹਾਲ ਹਨ। ਸ਼ਹੀਦਾਂ ਦੀ ਪਾਵਨ ਧਰਤੀ ਸਰਹੰਦ ਤੇ ਚਮਕੌਰ ਸਾਹਿਬ ਦੇ ਇਲਾਕੇ ਵਿੱਚ ਇਹ ਨਗਰ ਕਾਫ਼ੀ ਮਸ਼ਹੂਰ ਹੈ। ਏਥੋਂ ਦੇ ਰਹਿਣ ਵਾਲਾ ਸਰਦਾਰ ਚੂਹੜ ਸਿੰਘ ਪਿੰਡ ਵਿੱਚ ਮੰਨਿਆਂ ਪ੍ਰਮੰਨਿਆਂ ਗੁਰੂ ਪਿਆਰਾ ਤੇ ਸੰਤ ਸੇਵੀ ਸੀ। ਕਈ ਪੁਸ਼ਤਾਂ ਤੋਂ ਘਰ ਵਿੱਚ ਨੰਬਰਦਾਰੀ ਵੀ ਚੱਲੀ ਆ ਰਹੀ ਸੀ ਜੋ ਹੁਣ ਇਨ੍ਹਾਂ ਦੇ ਵੱਡੇ ਭਰਾ ਸਰਦਾਰ ਅਨੂਪ ਸਿੰਘ ਜੀ ਦੇ ਪਾਸ ਸੀ। ਜਿਵੇਂ ਫ਼ਲ ਲੱਗੇ ਤੋਂ ਬ੍ਰਿਛ ਝੁਕ ਜਾਂਦਾ ਹੈ ਇਸੇ ਤਰ੍ਹਾਂ ਚਾਹੇ ਇਲਾਕੇ ਵਿੱਚ ਇਸ ਘਰਾਣੇ ਦਾ ਕਾਫ਼ੀ ਸਤਿਕਾਰ ਸੀ ਫੇਰ ਵੀ ਸਰਦਾਰ ਚੂਹੜ ਸਿੰਘ ਗ਼ਰੀਬ ਪਰਵਰ ਤੇ ਨਾਮ ਬਾਣੀ ਦਾ ਬੜਾ ਪ੍ਰੇਮੀ ਸੀ ਇਸੇ ਤਰ੍ਹਾਂ ਇਨ੍ਹਾਂ ਦੇ ਘਰੋਂ ਸ੍ਰੀਮਤੀ ਅਜੀਤ ਕੌਰ ਜੀ ਭੀ ਪਤੀ ਦੇ ਆਗਿਆਕਾਰ ਤੇ ਪੂਰਨ ਗੁਰਸਿੱਖੀ ਜੀਵਨ ਵਾਲੇ ਸਨ।

ਇਸ ਸੁਭਾਗ ਜੋੜੀ ਦੇ ਘਰ ੧੯੮੫ ਈਸਵੀ ਵਿੱਚ ਲੜਕੇ ਨੇ ਜਨਮ ਲਿਆ ਜੋ ਬਚਪਨ ਵਿੱਚ ਬੜਾ ਤੇਜ਼ ਪ੍ਰਤਾਪੀ ਪ੍ਰਤੀਤ ਹੋ ਰਿਹਾ ਸੀ। ਮਾਤਾ ਪਿਤਾ ਬੜੇ ਪ੍ਰਸੰਨ ਹੋਏ। ਬਾਲਕ ਦੀ ਕੁਸ਼ਲਤਾ ਵਾਸਤੇ ਗੁਰਦੁਆਰੇ ਸਾਹਿਬ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਅਰਦਾਸ ਕੀਤੀ ਗਈ, ਸਤਿਗੁਰਾਂ ਦਾ ਹੁਕਮ ਲਿਆ। ਹਜ਼ੂਰ ਨੇ ਇਸ ਮਹਾਂ ਵਾਕ ਦੀ ਬਖ਼ਸ਼ਸ਼ ਕੀਤੀ:

ਧਨਾਸਰੀ ਮਹਲਾ ੫ ਘਰੁ ੧ ਚਉਪਦੇ
ੴ ਸਤਿਗੁਰ ਪ੍ਰਸਾਦਿ ॥
ਭਵ ਖੰਡਨ ਦੁਖ ਭੰਜਨ ਸ੍ਵਾਮੀ
ਭਗਤਿ ਵਛਲ ਨਿਰੰਕਾਰੇ ॥
ਕੋਟਿ ਪਰਾਧ ਮਿਟੇ ਖਿਨ ਭੀਤਰਿ
ਜਾਂ ਗੁਰਮੁਖਿ ਨਾਮੁ ਸਮਾਰੇ ॥੧॥
ਮੇਰਾ ਮਨੁ ਲਾਗਾ ਹੈ ਰਾਮ ਪਿਆਰੇ ॥
ਦੀਨ ਦਇਆਲਿ ਕਰੀ ਪ੍ਰਭਿ ਕਿਰਪਾ
ਵਸਿ ਕੀਨੇ ਪੰਚ ਦੂਤਾਰੇ ॥੧॥ ਰਹਾਉ ॥
ਤੇਰਾ ਥਾਨੁ ਸੁਹਾਵਾ ਰੂਪੁ ਸੁਹਾਵਾ

ਤੇਰੇ ਭਗਤ ਸੋਹਹਿ ਦਰਬਾਰੇ ॥
ਸਰਬ ਜੀਆ ਕੇ ਦਾਤੇ ਸੁਆਮੀ
ਕਰਿ ਕਿਰਪਾ ਲੇਹੁ ਉਬਾਰੇ ॥੨॥
ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ
ਤੇਰੀ ਕੁਦਰਤਿ ਕਉਨੁ ਬੀਚਾਰੇ ॥
ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ
ਅਗਮ ਰੂਪ ਗਿਰਧਾਰੇ ॥੩॥
ਕੀਰਤਿ ਕਰਹਿ ਸਗਲ ਜਨ ਤੇਰੀ
ਤੂ ਅਬਿਨਾਸੀ ਪੁਰਖੁ ਮੁਰਾਰੇ ॥
ਜਿਉ ਭਾਵੈ ਤਿਉ ਰਾਖਹੁ ਸੁਆਮੀ
ਜਨ ਨਾਨਕ ਸਰਨਿ ਦੁਆਰੇ ॥੪॥੧॥

(ਪੰਨਾ ੩੭੦)

ਭਗਵਾਨ ਦੀ ਮੇਹਰ ਹੋਈ ਜਾਣਕੇ 'ਭ' ਅੱਖਰ ਤੋਂ ਬੱਚੇ ਦਾ ਨਾਮ ਭਗਵਾਨ ਸਿੰਘ ਰੱਖਿਆ। ਛੋਟੀ ਉਮਰ ਵਿੱਚ ਹੀ ਵਿੱਦਿਆ ਪੜ੍ਹਣ ਦਾ ਸ਼ੌਕ ਜਾਗਿਆ ਪਰ ਇਹ ਗੱਲ ਈਸ਼ਵਰ ਨੂੰ ਮਨਜ਼ੂਰ ਨਹੀਂ ਸੀ ਜਿਸ ਕਰਕੇ ਆਪ ਮਾਤਾ ਦੀ ਨਿੱਘੀ ਗੋਦ ਦਾ ਸੁੱਖ ਤੇ ਪਿਤਾ ਦਾ ਪਿਆਰ ਨਾ ਮਾਣ ਸਕੇ। ੧੯੦੧ ਈਸਵੀ ਦੀ ਪਹਿਲੀ ਪਲੇਗ ਦੇ ਸਮੇਂ ਆਪ ਜੀ ਦੇ ਮਾਤਾ ਪਿਤਾ ਪ੍ਰਲੋਕ ਗਵਨ ਕਰ ਗਏ। ਫੇਰ ਇਨ੍ਹਾਂ ਤੋਂ ਬਾਅਦ ਆਪ ਜੀ ਦੇ ਚਾਰੇ ਭਰਾਵਾਂ ਤੇ ਤਿੰਨੇ ਭੈਣਾਂ ਨੂੰ ਵੀ ਛੇਤੀ ਹੀ ਧੁਰ ਦਰਗਾਹੋਂ ਸੱਦਾ ਆ ਗਿਆ। ਕੇਵਲ ਛੋਟੀ ਅਵਸਥਾ ਵਿੱਚ ਆਪ ਜੀ ਦਾ ਹੀ ਸਰੀਰ ਰਹਿ ਗਿਆ।

ਮਾਤਾ ਪਿਤਾ ਤੋਂ ਹੀਣਾ ਜਾਣਕੇ ਤਾਇਆ ਜੀ ਨੇ (ਜਿਨ੍ਹਾਂ ਦੇ ਘਰ ਕੋਈ ਬੱਚਾ ਨਹੀਂ ਸੀ) ਆਪਣਾ ਪੁੱਤਰ ਬਣਾਕੇ ਪਾਲਣਾ ਕੀਤੀ। ਆਪ ਜੀ ਦੇ ਮਨ ਦੀ ਇੱਛਾ ਜਾਣਕੇ ਅਤੇ ਆਪਣਾ ਫ਼ਰਜ਼ ਸਮਝਕੇ ਤਾਇਆ ਜੀ ਨੇ ਨਾਲ ਦੇ ਨਗਰ ਕਲੌੜ ਵਿੱਚ ਜਿੱਥੇ ਸਕੂਲ ਸੀ ਆਪ ਜੀ ਨੂੰ ਪੜ੍ਹਨੇ ਪਾ ਦਿੱਤਾ ਪਰ ਬਾਰਸ਼ਾਂ ਦੇ ਦਿਨਾਂ ਵਿੱਚ ਉਹ ਬਰਸਾਤੀ ਨਾਲਾ (ਜਿਸਦੇ ਵਿੱਚੋਂ ਹਰ ਰੋਜ਼ ਲੰਘਿਆ ਕਰਦੇ) ਪਾਣੀ ਨਾਲ ਭਰ ਗਿਆ। ਫੇਰ ਆਪ ਜੀ ਨੇ ਏਥੇ ਵੀ ਜਾਣਾ ਬੰਦ ਕਰ ਦਿੱਤਾ।

ਨਗਰ ਵਿੱਚ ਹੀ ਇੱਕ ਉਦਾਸੀ ਸੰਤਾਂ ਦਾ ਡੇਰਾ ਸੀ ਇਸ ਡੇਰੇ ਦੇ ਕਾਰਕੁਨ ਮਹਾਤਮਾ ਬਿਸ਼ਨ ਦਾਸ ਜੀ ਗੁਰੂ ਘਰ ਦੇ ਪ੍ਰੀਤਵਾਨ ਸਮ-ਦ੍ਰਿਸ਼ਟੀ ਵਾਲੇ ਤੇ ਉੱਚ-ਖ਼ਿਆਲੀ ਸਨ। ਦੂਸਰੇ ਦਿਨ ਆਪ ਜੀ ਨੂੰ ਤਾਇਆ ਜੀ ਇਨ੍ਹਾਂ ਪਾਸ ਲੈ ਆਏ। ਆਪ ਜੀ ਦੀ ਤੀਖਣ ਬੁੱਧੀ ਦੇਖਕੇ ਸੰਤ ਬਿਸ਼ਨ ਦਾਸ ਜੀ ਬੜੇ ਪ੍ਰਸੰਨ ਹੋਏ ਅਤੇ ਇੱਕ ਸਾਲ ਵਿੱਚ ਹੀ ਆਪ ਗੁਰਬਾਣੀ ਦੀਆਂ ਤਿੰਨੇ ਪੋਥੀਆਂ ਪੜ੍ਹ ਗਏ। ਫੇਰ ਮਹਾਰਾਜ ਦੇ ਭਾਗਾਂ ਦਾ ਪਾਠ ਵੀ ਆਪ ਜੀ ਨੂੰ ਇਨ੍ਹਾਂ ਮਹਾਤਮਾ ਨੇ ਹੀ ਕਰਵਾਇਆ। ਉਪਰੰਤ ਕੁਝ ਸਮਾਂ ਨਗਰ ਵਿੱਚ ਰਹਿੰਦਿਆਂ ਖੇਤੀ-ਬਾੜੀ ਦਾ ਕੰਮ ਕੀਤਾ।

ਜਦੋਂ ਆਪ ਜੀ ਭਰ ਜਵਾਨੀ ਨੂੰ ਪ੍ਰਾਪਤ ਹੋਏ ਤਾਂ ਮਨ ਵਿੱਚ ਤੀਰਥ ਯਾਤਰਾ ਦਾ ਸ਼ੌਕ ਜਾਗਿਆ। ਸਰਦਾਰ ਅਨੂਪ ਸਿੰਘ ਜੀ ਦੀ ਆਗਿਆ ਪਾਕੇ ਆਪ ਘਰੋਂ ਚਲ ਪਏ। ਕਈ ਗੁਰ ਅਸਥਾਨਾਂ ਦੇ ਦਰਸ਼ਨ ਦੀਦਾਰ ਕੀਤੇ। ਫੇਰ ਪੂਰਬਲੇ ਜਨਮਾਂ ਦੇ ਪੁੰਨਾਂ ਦੇ ਪ੍ਰੇਰੇ ਆਪ ਗੁਰਦੁਆਰੇ ਰੇਰੂ ਸਾਹਿਬ ਆ ਗਏ। ਏਥੇ ਆਪ ਜੀ ਦੇ ਨਗਰ ਆਨੰਦਪੁਰ ਦਾ ਪ੍ਰੇਮੀ ਭਾਈ ਹੀਰਾ ਸਿੰਘ ਜੋ ਸੰਤ ਮਹਾਰਾਜ ਜੀ ਰੇਰੂ ਸਾਹਿਬ ਵਾਲਿਆਂ ਦਾ ਖ਼ਜ਼ਾਨਚੀ (ਬਾਅਦ ਵਿੱਚ ਸੂਰਮੇਂ ਸੁਹੇਲ ਸਿੰਘ ਨੂੰ ਇਹ ਸੇਵਾ ਦਿੱਤੀ ਗਈ ਸੀ।) ਉਸਨੇ ਆਪਣੇ ਘਰ ਸੰਤ ਮਹਾਰਾਜ ਦੇ ਜਥੇ ਤੋਂ ਅਖੰਡ ਪਾਠ ਕਰਵਾਇਆ। ਭੋਗ ਦੇ ਸਮੇਂ ਸੰਤ ਮਹਾਰਾਜ ਜੀ ਨੇ ਵੀ ਅਨੰਦਪੁਰ ਪਿੰਡ ਚਰਨ ਪਾਏ ਤਾਂ ਉਸ ਦਿਨ ਸੰਤ ਭਗਵਾਨ ਸਿੰਘ ਜੀ ਨੂੰ ਬਾਬਾ ਜੀ ਦੇ ਪਹਿਲੀ ਵਾਰ ਦਰਸ਼ਨ ਹੋਏ ਜਿਸ ਕਰਕੇ ਪੂਰਨ ਸ਼ਰਧਾ ਸੀ।

ਭਾਈ ਹੀਰਾ ਸਿੰਘ ਜੀ ਵੀ ਆਉਂਦੇ ਹੋਏ ਆਖ ਆਏ ਤੁਸਾਂ ਕਦੀ ਰੇਰੂ ਸਾਹਿਬ ਆਉਣਾ। ਏਥੋਂ ਆ ਕੇ ਵੀ ਇੱਕ ਦੋ ਪੱਤ੍ਰਕਾ ਭੇਜੀਆਂ ਸਨ ਜਿਨ੍ਹਾਂ ਕਰਕੇ ਆਪ ਰੇਰੂ ਸਾਹਿਬ ਪੁੱਜੇ ਸਨ। ਭਾਈ ਹੀਰਾ ਸਿੰਘ ਜੀ ਨੂੰ ਮਿਲੇ। ਮਹਾਂ-ਪੁਰਸ਼ਾਂ ਦੇ ਪਵਿੱਤਰ ਅਸਥਾਨ ਦਾ ਦਰਸ਼ਨ ਕੀਤਾ। ਸੰਤ ਜੀ ਨੂੰ ਨਮਸ਼ਕਾਰ ਕੀਤੀ। ਹਜ਼ੂਰ ਨੇ ਸੁੱਖ ਅਨੰਦ ਪੁਛੀ ਉਪਰੰਤ

ਸੇਵਾਦਾਰ ਨੂੰ ਆਖਕੇ ਕਮਰੇ ਵਿੱਚ ਡੇਰਾ ਕਰਵਾਇਆ। ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਿਆ। ਕੁਝ ਦਿਨ ਏਥੇ ਟਿਕੇ। ਇਨ੍ਹਾਂ ਦੇ ਨਗਰ ਅਨੰਦਪੁਰ ਦਾ ਪ੍ਰੇਮੀ ਭਾਈ ਰਾਮ ਸਿੰਘ ਜੋ ਹੋਤੀ ਮਰਦਾਨ ਸੰਤ ਬਾਬਾ ਆਇਆ ਸਿੰਘ ਜੀ ਦੇ ਪਾਸ ਰਹਿੰਦਾ ਸੀ ਉਨ੍ਹਾਂ ਨੇ ਵੀ ਪਿੰਡ ਆਇਆਂ ਕਈ ਵਾਰ ਆਖਿਆ ਸੀ ਤੁਸਾਂ ਹੋਤੀ ਮਰਦਾਨ ਆਉਣਾ। ਬਾਅਦ ਵਿੱਚ ਕਈ ਚਿੱਠੀਆਂ ਵੀ ਭੇਜੀਆਂ। ਹੁਣ ਏਥੋਂ ਆਪ ਹੋਤੀ ਮਰਦਾਨ ਚਲੇ ਗਏ। ਨਦੀ ਕਿਨਾਰੇ ਸੁੰਦਰ ਅਨੰਦ ਦਾਇਕ ਅਸਥਾਨ ਦੇਖਿਆ, ਮਨ ਖੇੜੇ ਵਿੱਚ ਆ ਗਿਆ। ਪੂਰਬਲੇ ਪੁੰਨ ਸੰਤ ਸ਼ਰਨ ਤੇ ਗੁਰ ਸੇਵਾ ਵਾਸਤੇ ਪ੍ਰੇਰਨ ਲੱਗੇ।

ਭਾਵੇਂ ਭਾਈ ਰਾਮ ਸਿੰਘ ਨੇ ਆਪਣਾ ਨਗਰ ਨਿਵਾਸੀ ਜਾਣ ਕੇ ਕਈ ਵਾਰੀ ਬਾਬਾ ਆਇਆ ਸਿੰਘ ਜੀ ਮਹਾਰਾਜ ਤੋਂ ਉਪਦੇਸ਼ ਲੈਣ ਵਾਸਤੇ ਪ੍ਰੇਰਿਆ ਪਰ ਆਪ ਜੀ ਦੀ ਸ਼ਰਧਾ ਰੇਰੂ ਸਾਹਿਬ ਵਾਲੇ ਮਹਾਂ-ਪੁਰਸ਼ਾਂ ਤੇ ਹੀ ਪੂਰਨ ਬੱਝੀ ਹੋਈ ਸੀ।

ਏਧਰੋਂ ਕਈ ਦਿਨਾਂ ਤੋਂ ਸਿੱਖਿਆ ਦਿੰਦਾ ਹੋਇਆ ਅੱਜ ਭਾਈ ਰਾਮ ਸਿੰਘ ਆਪ ਜੀ ਨੂੰ ਉਪਦੇਸ਼ ਲੈਣ ਵਾਸਤੇ ਬਾਬਾ ਆਇਆ ਸਿੰਘ ਜੀ ਪਾਸ ਲੈ ਗਿਆ। ਉਸ ਸਮੇਂ ਅੰਤਰਜਾਮੀ ਮਹਾਂ-ਪੁਰਸ਼ਾਂ ਨੇ ਆਪ ਜੀ ਦੇ ਮਨ ਦੀ ਭਾਵਨਾ ਜਾਣਕੇ ਬਚਨ ਕੀਤਾ ਤੁਹਾਡੇ ਮਨ ਦਾ ਖ਼ਿਆਲ ਠੀਕ ਹੈ। ਤੁਹਾਨੂੰ ਉਸੇ ਥਾਂ ਤੋਂ ਹੀ ਦਾਤ ਪ੍ਰਾਪਤ ਹੋਣੀ ਹੈ ਜਿੱਥੇ ਮਨ ਦੀ ਸ਼ਰਧਾ ਹੈ, ਕੋਈ ਖ਼ਿਆਲ ਨਾ ਕਰਨਾ। ਸਾਰੇ ਮਹਾਤਮਾ ਇੱਕੋ ਰੂਪ ਹੀ ਹੁੰਦੇ ਹਨ, ਸ਼ਰਧਾ ਨੇ ਬੇੜਾ ਪਾਰ ਕਰਨਾ ਹੈ। ਉਸ ਸਮੇਂ ਬਾਬਾ ਆਇਆ ਸਿੰਘ ਜੀ ਦੀ ਅੰਤਰਯਾਮਤਾ ਦੇਖਕੇ ਆਪ ਜੀ ਦਾ ਮਨ ਬੜਾ ਪ੍ਰਸੰਨ ਹੋਇਆ। ਹੋਰ ਵੀ ਦ੍ਰਿੜ੍ਹ ਵਿਸ਼ਵਾਸ਼ ਹੋ ਗਿਆ ਕਿ ਰੇਰੂ ਸਾਹਿਬ ਹੀ ਉਪਦੇਸ਼ ਲਵਾਂਗੇ। ਕੁਝ ਕੁ ਦਿਨ ਏਥੇ ਠਹਿਰੇ ਫੇਰ ਸੰਤਾਂ ਦੀ ਆਗਿਆ ਪਾਕੇ ਰੇਰੂ ਸਾਹਿਬ ਵਾਪਸ ਆ ਗਏ ਅਤੇ ਸੰਤ ਜੀ ਮਹਾਰਾਜ ਤੋਂ ਉਪਦੇਸ਼ ਲੈ ਕੇ ਗ੍ਰੰਥੀ ਦੀ ਸੇਵਾ ਕਰਨ ਲੱਗ ਪਏ ਤੇ ਨਾਲ-ਨਾਲ ਕੀਰਤਨ ਵੀ ਸਿੱਖਦੇ ਤੇ ਕਰਦੇ ਰਹੇ। ਦੋ ਟਾਇਮ ਗੁਰੂ ਦਰਬਾਰ ਦੀ ਹਾਜ਼ਰੀ, ਸਤਿਗੁਰਾਂ ਦਾ ਪੂਰਨ ਸਤਿਕਾਰ ਪ੍ਰਕਾਸ਼ ਤੇ ਸੁਖ-ਆਸਨ ਦੀ ਸੇਵਾ, ਗੁਰੂ ਦਰਬਾਰ ਦੇ ਝਾੜੂ ਦਾ ਪਹਿਰਾ, ਆਏ ਗਏ ਸਾਧੂ ਬਿਹੰਗਮ ਦਾ ਆਦਰ, ਹੋਰ ਵੀ ਅਸਥਾਨ ਦੀ ਜ਼ੁੰਮੇਂਵਾਰੀ ਦਾ ਕੰਮ ਤੇ ਰਾਤ ਨੂੰ ਬੰਦਗ਼ੀ ਕਰਨੀ।

ਇਉਂ ਜਦੋਂ ਆਪ ਜੀ ਨੂੰ ਏਥੇ ਰਹਿੰਦਿਆਂ ਦੋ ਕੁ ਸਾਲਾਂ ਦਾ ਸਮਾਂ ਹੋ ਗਿਆ ਤਾਂ ਰਾਮਪੁਰ ਨਗਰ ਦੇ ਕਈ ਫੌਜੀ ਸਿੰਘ ਆਪਣੇ ਘਰ ਛੁੱਟੀ ਕੱਟਣ ਆਏ ਜਿਨ੍ਹਾਂ ਵਿੱਚੋਂ ਸੂਬੇਦਾਰ ਥੰਮਣ ਸਿੰਘ, ਹੌਲਦਾਰ ਸੁੱਚਾ ਸਿੰਘ, ਸੰਤ ਮਹਾਰਾਜ ਦੇ ਖ਼ਾਸ ਪ੍ਰੇਮੀ ਸਨ। ਇਨ੍ਹਾਂ ਨੂੰ ਆਪਣੇ ਪਿੰਡ ਆਉਣ ਸਮੇਂ ਗਿਆਨ ਸਿੰਘ ਸੂਬੇਦਾਰ ਨੇ (ਜੋ ਜਗਰਾਵਾਂ ਕੋਲ ਦਾ ਸੀ) ਆਖਿਆ, "ਤੁਸੀਂ ਰੇਰੂ ਸਾਹਿਬ ਵਾਲੇ ਸੰਤ ਮਹਾਰਾਜ ਜੀ ਦੀ ਕਾਫ਼ੀ ਸਿਫ਼ਤ ਕਰਦੇ ਹੋ। ਉਨ੍ਹਾਂ ਪਾਸੋਂ ਫੌਜ ਵਾਸਤੇ ਕੋਈ ਸਿਆਣਾ ਗ੍ਰੰਥੀ ਲੈ ਕੇ ਆਉਣਾ।

ਇਨ੍ਹਾਂ ਨੇ ਪਿੰਡ ਆਕੇ ਸੰਤ ਜੀ ਮਹਾਰਾਜ ਪਾਸ ਬੇਨਤੀ ਕੀਤੀ। ਹਜ਼ੂਰ ਨੇ ਉੱਤਰ ਦਿੱਤਾ, "ਸਿੰਘਾਂ ਨੂੰ ਪੁੱਛ ਲੈਂਦੇ ਹਾਂ ਜੇ ਕੋਈ ਆਪਣੀ ਮਰਜ਼ੀ ਨਾਲ ਜਾਣਾ ਚਾਹੇ ਜਾ ਸਕਦਾ ਹੈ।" ਉਸ ਸਮੇਂ ਭਾਈ ਕਰਮ ਸਿੰਘ ਤੇ ਭਾਈ ਤਿਰਲੋਕ ਸਿੰਘ ਹੋਰਾਂ ਨੂੰ ਪੁੱਛਿਆ ਜੋ ਅਸਥਾਨ ਦੇ ਰਾਗੀ ਸਿੰਘ ਸਨ, ਇਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ! ਸਾਡਾ ਤਾਂ ਏਥੇ ਹੀ ਰਹਿਕੇ ਸੇਵਾ ਕਰਨ ਦਾ ਖ਼ਿਆਲ ਹੈ।" ਫੇਰ ਸਾਰੀ ਸੰਗਤ ਨੇ ਇਸ ਕੰਮ ਵਾਸਤੇ ਯੋਗ ਸਮਝਕੇ ਸੰਤ ਭਗਵਾਨ ਸਿੰਘ ਜੀ ਬਾਬਤ ਸੰਤ ਮਹਾਰਾਜ ਪਾਸ ਬੇਨਤੀ ਕੀਤੀ ਕਿ ਆਪ ਜੀ ਕ੍ਰਿਪਾ ਕਰਕੇ ਇਨ੍ਹਾਂ ਨੂੰ ਨਾਲ ਭੇਜ ਦੇਵੋ। ਸੰਗਤ ਦੀ ਅਤੇ ਨਗਰ ਨਿਵਾਸੀ ਫੌਜੀਆਂ ਦੀ ਬੇਨਤੀ ਸੁਣਕੇ ਸੰਤ ਜੀ ਨੇ ਭਾਈ ਭਗਵਾਨ ਸਿੰਘ ਜੀ ਨੂੰ ਪਾਸ ਬੁਲਾਕੇ ਆਖਿਆ, "ਤੁਸੀਂ ਇਨ੍ਹਾਂ ਦੇ ਨਾਲ ਚਲੇ ਜਾਓ।" ਇਨ੍ਹਾਂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਫੌਜ ਵਿੱਚ ਤਾਂ ਕਾਫ਼ੀ ਵਿਦਵਾਨ ਚਾਹੀਦਾ ਹੈ। ਮੈਂ ਤਾਂ ਅਨਪੜ੍ਹ ਹਾਂ, ਬਹੁਤਾ ਪੜ੍ਹਿਆ ਹੋਇਆ ਨਹੀਂ ਮਾਮੂਲੀ ਪਾਠੀ ਹੀ ਹਾਂ।" ਸੰਤਾਂ ਨੇ ਕਿਹਾ, "ਜੇ ਨਹੀਂ ਪੜ੍ਹਿਆ ਤਾਂ ਹੁਣ ਪੜ੍ਹਾ ਦਿੰਦੇ ਹਾਂ। ਜੇ ਇਨ੍ਹਾਂ ਗੱਲਾਂ ਦਾ ਖ਼ਿਆਲ ਰੱਖੇਂ ਤਾਂ ਹਰੇਕ ਥਾਂ ਆਦਰ ਮਿਲੇਗਾ।

੧. ਤੁਸੀਂ ਆਪਣੀ ਗ੍ਰੰਥੀ ਦੀ ਡਿਊਟੀ ਕਰੀ ਜਾਣਾ ਕਿਸੇ ਨਾਲ ਕੋਈ ਤੁਅੱਲਕ ਨਹੀਂ ਰੱਖਣਾ। ਇੱਕ ਤਾਂ ਬਿਨਾਂ ਕੰਮ ਤੋਂ ਸ਼ਹਿਰ ਨਹੀਂ ਜਾਣਾ ਤੁਹਾਨੂੰ ਇੱਕ ਅਰਦਲੀ ਮਿਲੇਗਾ ਜੇ ਕੁਝ ਸ਼ਹਿਰੋਂ ਮੰਗਵਾਉਣਾ ਹੋਵੇ ਤਾਂ ਉਸਨੂੰ ਭੇਜ ਦੇਣਾ।
੨. ਬਿਨਾਂ ਮਤਲਬ ਕਿਸੇ ਸਰਦਾਰ ਦੇ ਬੰਗਲੇ ਨਹੀਂ ਜਾਣਾ, ਜੇ ਸੈਰ ਕਰਨ ਵੀ ਜਾਣਾ ਹੋਵੇ ਤਾਂ ਵੀ ਬਾਹਰ ਜੰਗਲ ਵੱਲ ਨਿਕਲ ਜਾਣਾ, ਸ਼ਹਿਰ ਵੱਲ ਨਹੀਂ ਜਾਣਾ।

੩. ਇਕ ਤੋਂ ਸੁਣ ਕੇ ਉਸ ਦੀ ਗੱਲ ਦੂਜੇ ਪਾਸ ਨਹੀਂ ਕਰਨੀ।

੪. ਜਦੋਂ ਸੰਗਰਾਂਦ ਜਾਂ ਗੁਰਪੁਰਬ ਨੂੰ ਗੁਰਦੁਆਰੇ ਸਾਹਿਬ ਕੜਾਹ ਪ੍ਰਸ਼ਾਦ ਦੀ ਦੇਗ ਬਣੇ ਤਾਂ ਅਰਦਾਸ ਤੋਂ ਬਾਅਦ ਹੁਕਮ ਲੈ ਕੇ ਸਾਰਿਆਂ ਦੇ ਸਾਹਮਣੇ ਹੀ ਵਰਤਾ ਕੇ ਕੜਾਹੀ ਖ਼ਾਲੀ ਕਰ ਦੇਣੀ ਬਕਾਇਆ ਨਹੀਂ ਰੱਖਣੀ। ਫੇਰ ਤੁਹਾਡੇ ਉਪਰ ਕੋਈ ਇਤਰਾਜ਼ ਨਹੀਂ ਆਵੇਗਾ।

ਇਹ ਚਾਰੇ ਹੀ ਬੜੇ ਕੀਮਤੀ ਬਚਨ ਹਨ, ਸਾਰੀ ਜ਼ਿੰਦਗੀ ਤੁਹਾਡੇ ਕੰਮ ਆਉਣਗੇ।"

ਇਉਂ ਹੋਰ ਵੀ ਬਹੁਤ ਸਾਰੀ ਸਿੱਖਿਆ ਦੇ ਕੇ ਸੰਤ ਮਹਾਰਾਜ ਨੇ ਆਪ ਜੀ ਨੂੰ ਫੌਜ ਵਿੱਚ ਗ੍ਰੰਥੀ ਦੀ ਸੇਵਾ ਕਰਨ ਵਾਸਤੇ ਭੇਜ ਦਿੱਤਾ। ਪਹਿਲਾਂ ਆਪ ਮੁਲਤਾਨ ਰਹੇ ਫੇਰ ਅਹਿਮਦਾਬਾਦ ਭੇਜੇ ਗਏ। ਪਰ ਚਾਰ ਪੰਜ ਸਾਲਾਂ ਦਾ ਸਮਾਂ ਪਲਟਨ ਵਿੱਚ ਗ੍ਰੰਥੀ ਦੀ ਸੇਵਾ ਕਰਨ ਤੋਂ ਬਾਅਦ ਫੇਰ ਮਨ ਉਪਰਾਮ ਹੋ ਗਿਆ। ਕਿਉਂਕਿ ਇਹ ਵੀ ਹੁਕਮ ਦੀ ਡਿਊਟੀ ਸੀ। ਸਮੇਂ ਸਿਰ ਹਾਜ਼ਰ ਹੋਣਾ ਪੈਂਦਾ। ਬਿਨਾਂ ਪੁੱਛੇ ਕਿਤੇ ਜਾ ਆ ਨਹੀਂ ਸਨ ਸਕਦੇ। ਨਾ ਹੀ ਹਰ ਵਕਤ ਜਦੋਂ ਵੀ ਜੀ ਚਾਹੇ ਭਜਨ ਸਿਮਰਨ ਕਰਨ ਦੀ ਆਜ਼ਾਦੀ ਸੀ। ਸੋ ਇਸ ਨੌਕਰੀ ਨੂੰ ਪਰਮਾਰਥ ਵਿੱਚ ਪ੍ਰਤਿਬੰਧਕ ਜਾਣਕੇ ੧੯੨੧ ਈਸਵੀ ਵਿੱਚ ਅਸਤੀਫ਼ਾ ਦੇ ਕੇ ਸੰਤ ਮਹਾਰਾਜ ਦੇ ਚਰਨਾਂ ਵਿੱਚ ਰੇਰੂ ਸਾਹਿਬ ਆ ਗਏ। ਗੁਰੂ ਦਰਬਾਰ ਵਿੱਚ ਕੀਰਤਨ ਕਰਨ ਦੀ ਸੇਵਾ ਸੰਭਾਲ ਲਈ। ਜਿਧਰ ਸੰਤ ਮਹਾਰਾਜ ਜੀ ਨੇ ਜਾਣਾ ਹੁੰਦਾ ਆਪ ਨਾਲ ਹੀ ਜਾਂਦੇ ਫੇਰ ਤਾਂ ਸਾਰੀ ਉਮਰ ਏਥੇ ਹੀ ਸੇਵਾ ਤੇ ਸਿਮਰਨ ਦਾ ਆਨੰਦ ਮਾਣਿਆ।

ਸੂਚਨਾ: ਭਾਈ ਬਾਂਕਾ ਸਿੰਘ ਜੀ (ਜਿਨ੍ਹਾਂ ਦੇ ਭਰਾ ਭਾਈ ਰਾਂਕਾ ਸਿੰਘ ਜੀ ਸਨ) ਇਨ੍ਹਾਂ ਨੇ ਗ੍ਰੰਥੀ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇਹ ਦੋਵੇਂ ਭਰਾ ਤੇ ਬਾਬਾ ਨੱਥਾ ਸਿੰਘ ਜੀ ਤਿੰਨੇ ਹੀ ਸੰਤ ਮਹਾਰਾਜ ਬਾਬਾ ਆਇਆ ਸਿੰਘ ਜੀ ਦੇ ਸੇਵਕ ਸਨ। ਸੰਤ ਮਹਾਰਾਜ ਜੀ ਨੂੰ ਉਨ੍ਹਾਂ ਦਾ ਸਰੂਪ ਜਾਣਕੇ ਪੂਰਨ ਸ਼ਰਧਾ ਰਖਦੇ ਸਨ।

# ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦਾ ਸੰਖੇਪ ਜੀਵਨ ਚਮਤਕਾਰ

ਮਾਲਵੇ ਦਾ ਮਸ਼ਹੂਰ ਇਲਾਕਾ ਜਿਸ ਦਾ ਸਭ ਤੋਂ ਵੱਡਾ ਜੰਕਸ਼ਨ ਬਠਿੰਡਾ ਸ਼ਹਿਰ ਹੈ। ਬਠਿੰਡੇ ਤੋਂ ਇੱਕ ਗੱਡੀ ਦੀ ਛੋਟੀ ਲਾਇਨ ਰਾਜਸਥਾਨ (ਬੀਕਾਨੇਰ) ਨੂੰ ਜਾਂਦੀ ਹੈ। ਹਨੂੰਮਾਨ ਗੜ੍ਹ ਜੰਕਸ਼ਨ ਤੋਂ ਇਕ ਲਾਈਨ ਤਾਂ ਸਿੱਧੀ ਸੂਰਤਗੜ੍ਹ ਨੂੰ ਚਲੀ ਜਾਂਦੀ ਹੈ ਅਤੇ ਦੂਜੀ ਗੰਗਾਨਗਰ ਹੋ ਕੇ ਉਸੇ ਵਿੱਚ ਅੱਗੇ ਸੂਰਤਗੜ੍ਹ ਜਾ ਮਿਲਦੀ ਹੈ। ਇਸੇ ਲਾਇਨ ਤੇ ਬਠਿੰਡੇ ਤੋਂ ਡਬਵਾਲੀ ਮੰਡੀ ਰੇਲ ਦਾ ਚੌਥਾ ਸਟੇਸ਼ਨ ਆਉਂਦਾ ਹੈ ਇਸ ਤੋਂ ਚਾਰ ਕੁ ਮੀਲ ਛਿਪਦੇ ਵੱਲ ਬਠਿੰਡੇ ਤੋਂ ੨੫ ਮੀਲ ਦੇ ਫਾਸਲੇ ਤੇ ਦੱਖਣ, ਹਨੂੰਮਾਨ ਗੜ੍ਹ ਤੋਂ ੨੦ ਮੀਲ ਪਿੱਛੇ ਨੂੰ ਬਠਿੰਡੇ ਵੱਲ ਸਿੱਖੀ ਦੇ ਕੇਂਦਰ ਦਮਦਮੇ ਸਾਹਿਬ ਗੁਰੂ ਕਾਂਸ਼ੀ ਤੋਂ ੧੯ ਕੋਹ ਦੱਖਣ ਦਿਸ਼ਾ ਨੂੰ ਇੱਕ ਜੱਟ ਸਿੱਖਾਂ ਦਾ ਨਗਰ ਹੈ, ਜਿਸ ਦਾ ਨਾਮ ਮਸੀਤਾਂ ਜਾਂ ਮਸੀਤ ਵਾਲਾ ਕਹਿੰਦੇ ਹਨ।

ਇਹ ਨਗਰ ਸ਼ੁਰੂ ਤੋਂ ਹੀ ਅੰਗਰੇਜ਼ੀ ਹਕੂਮਤ ਦੇ ਅਧੀਨ ਰਿਹਾ ਹੈ। ਜਿਸਨੂੰ ਜ਼ਿਲ੍ਹਾ ਹਿਸਾਰ ਤਹਿਸੀਲ ਸਰਸਾ ਲੱਗਦੀ ਹੈ। ਛੋਟੀ ਤਹਿਸੀਲ ਡਬਵਾਲੀ ਦੀ ਹੈ। ਇਸ ਨਗਰ ਦਾ ਨਾਮ ਮਸੀਤਾਂ ਕਿਉਂ ਪਿਆ? ਅਜੇ ਇਸ ਗੱਲ ਦੀ ਪੂਰੀ ਖੋਜ ਨਹੀਂ ਮਿਲੀ। ਜਾਂ ਤਾਂ ਕਿਸੇ ਮੁਸਲਮਾਨ ਦਾ ਆਬਾਦ ਕੀਤਾ ਹੋਵੇਗਾ ਜਾਂ ਪਹਿਲਾਂ ਮੁਸਲਮਾਨ ਰਾਜ ਸਮੇਂ ਏਥੇ ਕੋਈ ਵੱਡੀ ਮਸੀਤ ਹੋਵੇਗੀ ਜਿਸਨੂੰ ਸਮੇਂ ਦੀ ਗਰਦਸ਼ ਨੇ ਢਾਹ ਦਿੱਤਾ ਅਤੇ ਉਸਦੇ ਨਾਮ ਤੇ ਹੀ ਪਿੰਡ ਦਾ ਨਾਮ ਪੈ ਗਿਆ। ਜਾਂ ਪਹਿਲਾਂ ਏਥੇ ਕੋਈ ਮਸਤ ਫ਼ਕੀਰ ਰਹਿੰਦਾ ਹੋਵੇਗਾ। ਜਿਸਦਾ ਹੁਣ ਨਜ਼ਦੀਕ ਹੀ ਮਕਬਰਾ ਬਣਿਆ ਦਿਸ ਰਿਹਾ ਹੈ। ਉਸਦੀ ਯਾਦਗਾਰ ਵਿੱਚ ਨਗਰ ਦਾ ਨਾਮ ਮਸੀਤਾਂ ਹੈ।

ਇਸ ਇਲਾਕੇ ਦੀਆਂ ਖੁੱਲ੍ਹੀਆਂ ਜ਼ਮੀਨਾਂ ਖ਼ੁਸ਼ਹਾਲ ਲੋਕ ਚੰਗੀਆਂ ਫਸਲਾਂ ਦਾ ਸਦਕਾ ਮੱਝਾਂ ਗਊਆਂ ਵੀ ਲੋਕ ਆਮ ਰੱਖਦੇ ਹਨ। ਦੁੱਧ ਪੀਂਦੇ ਤੇ ਮੱਖਣ ਖਾਂਦੇ ਹਨ ਜਿਸ ਕਰਕੇ ਇਸ ਧਰਤੀ ਦੇ ਵਸਨੀਕਾਂ ਦਾ ਸਰੀਰ ਭੀ ਵੱਡਾ ਡੀਲ-ਡੌਲ ਅਤੇ ਚੰਗੇ ਬਲ ਵਾਲਾ ਹੁੰਦਾ ਸੀ। ਭਾਵੇਂ ਇਸ ਨਗਰ ਵਿੱਚ ਹੋਰ ਵੀ ਕੌਮਾਂ ਦੇ ਲੋਕ ਵਸਦੇ ਹਨ, ਪਰ ਬਹੁਤ ਘੱਟ। ਜ਼ਿਆਦਾ ਦਲੇਂ, ਸਰਾਂ ਅਤੇ ਸੀੜ੍ਹੇ ਆਦਿਕ ਗੋਤਾਂ ਦੇ ਜੱਟ ਲੋਕਾਂ ਦਾ ਵਾਸਾ ਹੈ।

ਸੀੜ੍ਹੇ ਗੋਤ ਵਿੱਚੋਂ ਇੱਕ ਧਾਰਮਿਕ ਖ਼ਿਆਲਾਂ ਦਾ ਜ਼ਿਮੀਂਦਾਰ ਘਰਾਣਾ ਕਈ ਪੁਸ਼ਤਾਂ ਤੋਂ ਆਪਣੀ ਖੇਤੀ-ਬਾੜੀ ਦਾ ਕੰਮ ਕਰਦਾ ਆ ਰਿਹਾ ਸੀ। ਪਹਿਲਾਂ ਇਸੇ ਕੁਲ ਵਿੱਚ ਸ੍ਰਦਾਰ ਗੁਰੀਆ ਸਿੰਘ ਹੋਇਆ ਜਿਨ੍ਹਾਂ ਦੇ ਘਰ ਅੱਗੇ ਸ੍ਰਦਾਰ ਰਾਜੂ ਸਿੰਘ ਨੇ ਜਨਮ ਲਿਆ। ਇਨ੍ਹਾਂ ਦਾ ਸਪੁੱਤਰ ਹਰੀ ਸਿੰਘ ਵੀ ਬੜਾ ਧਾਰਮਿਕ ਖ਼ਿਆਲੀ ਮਨੁੱਖ ਸੀ। ਹਰੀ ਸਿੰਘ ਦੇ ਸਪੁਤਰ ਅੱਗੇ ਗੋਧਾ ਸਿੰਘ ਜੀ ਹੋਇਆ। ਗੋਧਾ ਸਿੰਘ ਦੇ ਘਰ ਅੱਗੋਂ ਸਰਦਾਰ ਸੱਦਾ ਸਿੰਘ ਜੀ ਦਾ ਜਨਮ ਹੋਇਆ ਜੋ ਕਿ ਬਹੁਤ ਹੀ ਪਰਉਪਕਾਰੀ, ਨੇਕ ਦਿਲ, ਗ਼ਰੀਬਾਂ ਦਾ ਸਹਾਇਕ ਅਤੇ ਧਾਰਮਿਕ ਖਿਆਲਾਂ ਦਾ ਸੱਤਵਾਦੀ ਪੁਰਸ਼ ਸੀ ਜਿਸਦੇ ਅੱਗੇ ਪੰਜ ਪੁੱਤਰ ਹੋਏ, ਜਿਨ੍ਹਾਂ ਦੇ ਨਾਮ ਇਹ ਹਨ:

੧. ਸ੍ਰ: ਵਜੀਰ ਸਿੰਘ ਜੀ
੨. ਸ੍ਰ: ਦਿਆਲ ਸਿੰਘ ਜੀ
੩. ਸ੍ਰ: ਪਾਲਾ ਸਿੰਘ ਜੀ
੪. ਸ੍ਰ: ਬਾਨਾ ਸਿੰਘ ਜੀ।
੫. ਸ੍ਰ: ਬੁੱਗਾ ਸਿੰਘ ਜੀ।

ਵਿਚਾਲੜੇ ਸ੍ਰ: ਪਾਲਾ ਸਿੰਘ ਜੀ ਬਹੁਤ ਹੀ ਸੰਤ ਸੇਵੀ ਸਾਧੂ ਸੁਭਾਉ ਅਤੇ ਸਾਦੇ ਖਿਆਲਾਂ ਵਾਲੇ ਗੁਰਮੁਖ ਸਿੱਖ ਸਨ। ਇਨ੍ਹਾਂ ਦੇ ਘਰ ਵਾਲੀ ਸ੍ਰੀ ਮਤੀ ਚੰਦ ਕੌਰ (ਜ਼ਿਲ੍ਹਾ ਬਠਿੰਡਾ ਮੌੜ ਮੰਡੀ ਦੇ ਪਾਸ ਪਿੰਡ ਘੁੰਮਣ ਦੇ ਸ੍ਰ: ਘਰਾਣੇ ਚੋਂ) ਪਤੀ ਦੀ ਆਗਿਆਕਾਰੀ, ਸੁਸ਼ੀਲ ਸੁਭਾਓ ਦੀ ਸੀ। ਇਨ੍ਹਾਂ ਦੇ ਘਰ ਸੰਨ ੧੯੦੦ ਨੂੰ ੨੪ ਦਸੰਬਰ ਪੋਹ ਦਸ ਪੋਹ ਸੁਦੀ ਸਪਤਮੀ ਦਸਮ ਪਾਤਸ਼ਾਹ ਜੀ ਦੇ ਪ੍ਰਕਾਸ਼ ਉਤਸਵ ਵਾਲੇ ਦਿਨ ਇੱਕ ਬਾਲਕ ਨੇ ਜਨਮ ਲਿਆ। ਇਸ ਹੋਣਹਾਰ ਨੌਨਿਹਾਲ ਦੇ ਜਨਮ ਸਮੇਂ ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ, ਬੜਾ ਪੁੰਨ-ਦਾਨ ਕੀਤਾ, ਵਧਾਈਆਂ ਦੇਣ ਆਏ ਗ਼ਰੀਬ ਲੋਕਾਂ ਨੂੰ ਮੂੰਹ ਮੰਗਿਆ ਧਨ ਦਿੱਤਾ ਗਿਆ। ਚਾਲੀ ਦਿਨਾਂ ਤੋਂ ਬਾਅਦ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ, ਸਹਿਜ ਪਾਠ ਦੇ ਭੋਗ ਉਪਰੰਤ ਸਤਿਗੁਰਾਂ ਅੱਗੇ ਨਾਮ ਸੰਸਕਾਰ ਕਰਨ ਲਈ ਅਰਦਾਸ ਕੀਤੀ ਤਾਂ ਹਜ਼ੂਰ ਦਾ ਇਹ ਪਾਵਨ ਹੁਕਮ ਆਇਆ:

ਜੈਤਸਰੀ ਮਹਲਾ ੫ ॥
ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥
ਚਰਨ ਗਹਉ ਬਕਉ ਸੁਭ ਰਸਨਾ
ਦੀਜਹਿ ਪ੍ਰਾਨ ਅਕੋਰਿ ॥੧॥ ਰਹਾਉ ॥
ਮਨੁ ਤਨੁ ਨਿਰਮਲ ਕਰਤ ਕਿਆਰੋ
ਹਰਿ ਸਿੰਚੈ ਸੁਧਾ ਸੰਜੋਰਿ ॥
ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ
ਮਹਾ ਬਿਖਿਆ ਤੇ ਤੋਰਿ ॥੧॥
ਆਇਓ ਸਰਣਿ ਦੀਨ ਦੁਖ ਭੰਜਨ
ਚਿਤਵਉ ਤੁਮ੍ਰੀ ਓਰਿ ॥
ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ
ਪ੍ਰਭ ਨਾਨਕ ਬੰਧਨ ਛੋਰਿ ॥੨॥੫॥

(ਪੰਨਾ ੭੦੧)

ਸ਼ਬਦ ਦੇ ਪਹਿਲੇ ਅੱਖਰ 'ਕ' ਤੋਂ ਭੁਝੰਗੀ ਦਾ ਨਾਮ ਕਿਸ਼ਨ ਸਿੰਘ ਰੱਖਿਆ। ਇਸ ਦਿਨ ਬੜਾ ਭਾਰੀ ਯੱਗ ਕੀਤਾ ਤੇ ਗ਼ਰੀਬ ਗੁਰਬੇ ਪ੍ਰਸੰਨ ਹੋ ਕੇ ਬਾਲਕ ਦੀ ਕੁਸ਼ਲਤਾ ਦੀਆਂ ਅਸੀਸਾਂ ਦਿੰਦੇ ਸਨ। ਇਸ ਸੁਭਾਗ ਜੋੜੀ (ਮਾਤਾ ਚੰਦ ਕੌਰ ਜੀ ਅਤੇ ਪਿਤਾ ਪਾਲਾ ਸਿੰਘ ਜੀ) ਨੇ ਬੱਚੇ ਦੀ ਪਾਲਣਾ ਖ਼ਾਸ ਧਿਆਨ ਦੇ ਕੇ ਉਤਸ਼ਾਹ ਨਾਲ ਕੀਤੀ। 'ਹੋਣਹਾਰ ਬਿਰਵਾ ਦੇ ਚਿਕਨੇ ਚਿਕਨੇ ਪਾਤ' ਅਨੁਸਾਰ ਪਿਛਲੇ ਸੰਸਕਾਰਾਂ ਦਾ ਸਦਕਾ ਛੋਟੀ ਉਮਰ ਵਿੱਚ ਹੀ ਗੁਰਮੁਖੀ ਵਿੱਦਿਆ ਪੜ੍ਹਣ ਦਾ ਸ਼ੋਕ ਜਾਗਿਆ। ਪੰਜਾਬੀ ਦੀ ਪੈਂਤੀ ਅਤੇ ਮੁਹਾਰਨੀ ਤਾਂ ਘਰ ਵਿੱਚ ਹੀ ਚਾਚਾ ਬਾਨਾ ਸਿੰਘ ਜੀ ਪਾਸੋਂ (ਜੋ ਫੌਜੀ ਹੌਲਦਾਰ ਚੰਗੇ ਵਿਦਵਾਨ ਅਤੇ ਹਕੀਮ ਵੀ ਸਨ) ਸਿੱਖੀ। ਫਿਰ ਨਾਲ ਦੇ ਪਿੰਡ 'ਅਲੀਕੇ' ਉਦਾਸੀ ਸੰਤਾਂ ਦੇ ਡੇਰੇ ਪੰਜ ਗ੍ਰੰਥੀ ਤੱਕ ਪੜ੍ਹਾਈ ਕੀਤੀ।

ਉਸ ਤੋਂ ਬਾਅਦ ਨਗਰ ਦੇ ਸੰਤਾਂ ਨੂੰ ਪਤਾ ਲੱਗਾ ਜੋ ਕਿ ਇਹ ਵੀ ਉਦਾਸੀ ਹੀ ਸਨ। ਘਰ ਵਿੱਚ ਆਕੇ ਸ੍ਰ: ਪਾਲਾ ਸਿੰਘ ਨੂੰ ਕਹਿਣ ਲੱਗੇ, "ਤੁਸੀਂ ਆਪਣੇ ਬੱਚੇ ਨੂੰ ਇਤਨੀ ਦੂਰ ਪੜ੍ਹਣ ਵਾਸਤੇ ਨਾ ਭੇਜਿਆ ਕਰੋ, ਅਸੀਂ ਏਥੇ ਹੀ ਉਸ ਨੂੰ ਬੜੇ ਪਿਆਰ ਨਾਲ ਵਿੱਦਿਆ ਪੜ੍ਹਾਵਾਂਗੇ।" ਮਾਤਾ ਪਿਤਾ ਨੇ ਇਨ੍ਹਾਂ ਦੇ ਕਹੇ ਆਪ ਜੀ ਨੂੰ ਪਿੰਡ ਦੇ ਡੇਰੇ ਵਿੱਚ ਹੀ ਪੜ੍ਹਨੇ ਪਾ ਦਿਤਾ। ਇਹ ਦੋਵੇਂ ਮਹਾਂ-ਪੁਰਸ਼ ਗੁਰਮੁਖ ਦਾਸ ਤੇ ਸਰਮੁਖ ਦਾਸ 'ਅਮਲੂ ਮਹਿਮੇ' ਨਗਰ ਦੇ (ਜੋ ਬਠਿੰਡੇ ਤੋਂ ਅੱਠ ਮੀਲ ਗੋਨੇਆਣੇ ਮੰਡੀ ਦੇ ਪਾਸ ਹੈ) ਸਕੇ ਭਰਾ ਸਨ। ਚੰਗੇ ਸਿਆਣੇ ਵਿਦਵਾਨ ਅਤੇ ਜੋਤਿਸ਼ ਦੇ ਵੀ ਜਾਣੂ ਸਨ। ਇਨ੍ਹਾਂ ਨੇ ਮਸਤਕ ਦੇਖ ਕੇ ਜਾਣ ਲਿਆ ਕੋਈ ਚਮਤਕਾਰੀ ਮਹਾਂ-ਪੁਰਸ਼ ਬਣੇਗਾ ਹੱਥਾਂ ਦੀਆਂ ਰੇਖਾ ਉਦਾਰਤਾ ਨੂੰ ਦਰਸਾਉਂਦੀਆਂ ਹਨ ਬੜੀ ਸ਼ਰਧਾ ਨਾਲ ਸੰਥਿਆ ਕਰਾਉਂਦੇ। ਆਪ ਜੀ ਨੂੰ ਵੀ ਸੇਵਾ ਦਾ ਸ਼ੁਰੂ ਤੋਂ ਹੀ ਸ਼ੌਕ ਸੀ। ਉਨ੍ਹਾਂ ਸੰਤਾਂ ਦੇ ਰੋਕਦਿਆਂ ਰੋਕਦਿਆਂ ਝਾੜੂ ਅਤੇ ਬਰਤਨਾਂ ਦੀ ਸੇਵਾ ਦਾ ਲਾਭ ਪ੍ਰਾਪਤ ਕਰਦੇ ਰਹਿੰਦੇ।

ਇਕ ਸੰਤ ਹੋਰ ਤੋਤਾ ਰਾਮ (ਜੋ ਇਨ੍ਹਾਂ ਪਾਸ ਹੀ ਰਹਿੰਦਾ ਸੀ ਉਸ ਦਾ ਤਾਂ ਆਪ ਜੀ ਨਾਲ ਬਹੁਤ ਹਿਤ ਵਧ ਗਿਆ) ਬਾਈ ਵਾਰਾਂ, ਭਗਤ ਬਾਣੀ ਏਥੇ ਪੜ੍ਹੀ ਅਤੇ ਕੁਝ ਕੁ (ਕੱਚੀ ਦੀ ਪੜ੍ਹਾਈ) ਲੰਡੇ ਅੱਖਰ ਵੀ ਸਿੱਖੇ, ਉਸ ਤੋਂ ਬਾਅਦ ਘਰ ਵਿੱਚ ਹੀ ਗੁਰਬਾਣੀ ਦੇ ਪਾਠ ਕਰਨ ਦਾ ਅਭਿਆਸ ਆਰੰਭ ਦਿੱਤਾ। ਰਾਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਪੜ੍ਹਨੀ। ਇਕਾਗਰ ਚਿੱਤ ਮਿੱਠੀ ਸੁਰ ਰਾਹ ਜਾਂਦੇ ਰਾਹੀਆਂ ਨੂੰ ਰੋਕਦੀ। ਬਿਰਧ ਮਾਈ ਭਾਈ ਘਰ ਵਿੱਚ ਇਕੱਤਰ ਹੋ ਜਾਂਦੇ। ਸੁਰੀਲੀ ਰਸਨਾ ਤੋਂ ਸੁਣਕੇ ਸਭਨਾਂ ਦੀਆਂ ਸੁਰਤਾਂ ਜੁੜ ਜਾਂਦੀਆਂ ਪ੍ਰਸੰਨ ਹੋ ਕੇ ਆਖਣਾ, "ਇਹ ਤਾਂ ਕੋਈ ਚਮਤਕਾਰੀ ਬਾਲਕ ਹੈ ਕਿਸੇ ਦਿਨ ਪਿਤਾ ਦਾ ਨਾਮ ਉੱਜਲਾ ਕਰਕੇ ਦੁਨੀਆਂ ਤਾਰੇਗਾ।" ਉਨ੍ਹਾਂ ਨੇ ਵੀ ਆਪਣੇ ਬੱਚੇ ਆਪ ਜੀ ਪਾਸ ਪੜ੍ਹਣ ਵਾਸਤੇ ਭੇਜ ਦੇਣੇ, ਉਨ੍ਹਾਂ ਬੱਚਿਆਂ ਨੂੰ ਪੰਜਾਬੀ ਪੜ੍ਹਾਕੇ ਬਾਣੀ ਦੇ ਪਾਠ ਕਰਾਉਣੇ ਤੇ ਹੋਰ ਚੰਗੀ ਸਿੱਖਿਆ ਦੇਣੀ। ਪਿੰਡ ਵਿੱਚ ਸਕੂਲ ਤਾਂ ਹੈ ਨਹੀਂ ਸੀ, ਆਪ ਜੀ ਨੇ ਵਿੱਦਿਆ ਦਾਨ ਦੀ ਮਹਾਂ ਉਸਾਰੀ ਦੀ ਨੀਂਹ ਏਥੇ ਹੀ ਰੱਖ ਦਿੱਤੀ ਜੋ ਬਾਅਦ ਵਿੱਚ ਸਕੂਲਾਂ ਤੇ ਕਾਲਜਾਂ ਦੇ ਰੂਪ ਵਿੱਚ ਬਦਲ ਗਈ। ਬੱਚਿਆਂ ਦੇ ਮਾਤਾ ਪਿਤਾ ਵੀ

ਬਹੁਤ ਪ੍ਰਸੰਨ ਹੁੰਦੇ ਕਿਉਂਕਿ ਉਨ੍ਹਾਂ ਦੀ ਸੰਤਾਨ ਨੂੰ ਪ੍ਰਮਾਰਥ ਦਾ ਸ਼ੌਕ ਜਾਗਦਾ ਅਤੇ ਕੁਸੰਗਤ ਤੋਂ ਬਚਦੇ ਸਨ। ਆਪ ਜੀ ਵੀ ਰੋਜ਼ ਦੇ ਨਿੱਤਨੇਮ ਕੀਤੇ ਬਗ਼ੈਰ ਸਵੇਰ ਦਾ ਪ੍ਰਸ਼ਾਦ ਤੇ ਹੋਰ ਜਲ ਪਾਣੀ ਨਹੀਂ ਛਕਦੇ। ਸ਼ਾਮੀਂ ਰਹਿਰਾਸ ਸਾਹਿਬ ਜੀ ਦਾ ਪਾਠ ਕਰਨਾ ਅਤੇ ਰਾਤੀਂ ਸੋਹਿਲਾ ਪੜ੍ਹਕੇ ਬਿਰਾਜਣਾ। ਸਵੇਰੇ ਵੀ ਘਰ ਦੇ ਸਾਰੇ ਜੀਆਂ ਤੋਂ ਪਹਿਲਾ ਜਾਗਣਾ, ਦਾਤਣ ਕਰਕੇ ਇਸ਼ਨਾਨ ਕਰਨਾ, ਫੇਰ ਗੁਰਬਾਣੀ ਦਾ ਨਿੱਤਨੇਮ ਉਸ ਤੋਂ ਉਪਰੰਤ ਜੋ ਕੁਝ ਘਰ ਵਿੱਚ ਤਿਆਰ ਹੋਣਾ ਉਹ ਛਕਕੇ ਬਾਹਰ ਖੇਤਾਂ ਵੱਲ ਚਲੇ ਜਾਣਾ। ਉਥੇ ਜਾ ਕੇ ਪਿਤਾ ਜੀ ਅਤੇ ਭਰਾਵਾਂ ਨਾਲ ਕੰਮ ਕਰਾਉਣਾ। ਪੱਠੇ ਵੱਢਣੇ, ਉਨ੍ਹਾਂ ਦਾ ਟੋਕਾ ਕਰਨਾ, ਪਸ਼ੂਆਂ ਨੂੰ ਪਾਉਣਾ ਇਉਂ ਹੋਰ ਵੀ ਬਹੁਤ ਸਾਰਾ ਖੇਤੀ ਆਦਿਕ ਦਾ ਕੰਮ ਕਰਵਾਉਣਾ। ਕਈ ਵਾਰੀ ਆਪਣੀ ਮੌਜ ਵਿੱਚ ਹੋਰ ਹਮ-ਅਵਸਥਾ ਦੇ ਬੱਚਿਆਂ ਦੇ ਨਾਲ ਦੁਆਪਰ ਯੁਗ ਵਾਲਾ ਨਾਮ ਸਫਲਾ ਕਰਨ ਵਾਸਤੇ ਗਊਆਂ ਚਾਰਣ ਭੀ ਚਲੇ ਜਾਣਾ। ਸਰੀਰ ਸ਼ੁਰੂ ਤੋਂ ਤਕੜਾ ਤੇ ਬਲੀ ਸੀ।

ਬੀਕਾਨੇਰ ਰਿਆਸਤ ਦੇ ਬਰਾਨੇ ਇਲਾਕੇ ਜ਼ਿਲ੍ਹਾ ਸੂਰਤਗੜ੍ਹ ਵਿੱਚ ਤਹਿਸੀਲ ਹਨੂੰਮਾਨ ਗੜ੍ਹ ਤੋਂ ੧੮ ਮੀਲ ਦੂਰ ਇੱਕ ਸੂਰੇਵਾਲ ਨਾਮ ਦਾ ਨਗਰ ਹੈ ਇਸ ਤੋਂ ਚਾਰ ਮੀਲਾਂ ਤੇ 'ਸਿੱਲ੍ਹਵਾਲੀ' ਪਿੰਡ ਹੈ ਜਿਸ ਨੂੰ ਛੋਟੀ ਤਹਿਸੀਲ ਟਿੱਬੀ ਲਗਦੀ ਹੈ ਜੋ ਇਸ ਥਾਂ ਤੋਂ ਸਿਰਫ ਚਾਰ ਮੀਲਾਂ ਤੇ ਹੀ ਹੈ। ਭਾਵੇਂ 'ਸਿੱਲ੍ਹਵਾਲੀ' ਵੀ ਛੋਟਾ ਅਤੇ ਵੱਡਾ ਦੇ ਨਾਮ ਦੇ ਨਗਰ ਹਨ ਪਰ ਦੋਹਾਂ ਦਾ ਫਾਸਲਾ ਇਤਨਾ ਨਜ਼ਦੀਕ ਹੈ ਕਿ ਵਿਚਕਾਰ ਦੀ ਕੇਵਲ ਇੱਕ ਬਰਸਾਤੀ ਨਾਲਾ ਹੀ ਵਗਦਾ ਹੈ ਜੋ ਕਦੇ ਕਦੇ ਬਾਰਸ਼ਾਂ ਦੇ ਸਮੇਂ ਹੀ ਭਰਕੇ ਚੱਲਦਾ ਹੈ। ਬਾਕੀ ਸਮੇਂ ਤ੍ਰਿਸ਼ਨਾਲੂ ਪੁਰਸ਼ ਦੇ ਹਿਰਦੇ ਵਾਂਗ ਸੱਖਣਾ ਹੀ ਰਹਿੰਦਾ ਹੈ।

ਨਾਮ ਕਰਕੇ 'ਸਿੱਲ੍ਹਵਾਲੀ' ਵੱਡੀ ਹੈ ਪਰ ਅਬਾਦੀ ਕਰ ਕੇ ਦੂਜੇ ਨਾਲੋਂ ਘੱਟ, ਛੋਟੀ 'ਸਿੱਲ੍ਹਵਾਲੀ' ਪਿੰਡ ਵੀ ਦੂਜੇ ਨਾਲੋਂ ਵੱਡਾ ਅਤੇ ਓਥੋਂ ਦੇ ਲੋਕ ਵੀ ਕਾਫ਼ੀ ਸੂਝਵਾਨ ਹਨ। ਏਥੇ ਵੀ ਆਪ ਜੀ ਦੇ ਬਜ਼ੁਰਗਾਂ ਦੀ ਪਹਿਲੇ ਸਮੇਂ ਦੀ ਕਾਫ਼ੀ ਜ਼ਮੀਨ ਸੀ। ਬਾਰਸ਼ਾਂ ਹੋਈਆਂ ਤੋਂ ਆ ਕੇ ਬੀਜ ਜਾਣਾ ਅਤੇ ਫਸਲਾਂ ਦੇ ਕੱਟਣ ਸਮੇਂ ਹੀ ਏਥੇ ਆਉਣਾ। ਇਉਂ ਖੇਚਲ ਘੱਟ ਤੇ ਪੈਦਾ ਬਹੁਤੀ। ਆਪ ਜੀ ਏਥੇ ਵੀ ਬਜ਼ੁਰਗਾਂ ਨਾਲ ਆਉਂਦੇ। ਰੁੱਤ ਦਾ ਮੇਵਾ ਰਾਏ ਚਿੱਬੜ ਅਤੇ ਮਤੀਰੇ ਪ੍ਰਸੰਨ ਹੋ ਕੇ ਛਕਦੇ। ਜੰਗਲੀ ਬੇਰ, ਜੰਡਾਂ ਦੇ ਖੋਖੇ, ਬਣਾ ਦੇ ਪੀਲੂ, ਕਰੀਰਾਂ ਦੇ ਡੇਲੇ ਖ਼ਾਸ ਕਰਕੇ ਏਥੋਂ ਦਾ ਮੇਵਾ ਸੀ।

ਬਾਰਸ਼ਾਂ ਦੇ ਦਿਨਾਂ ਵਿੱਚ ਤਾਂ ਬੜੀ ਹਰਿਆਵਲਤਾ ਹੁੰਦੀ ਚੰਗਾ ਦਿਲ ਲੱਗਦਾ। ਅੱਗੇ ਪਿਛੇ ਇੱਥੋਂ ਦੇ ਵਸਨੀਕਾਂ ਨੂੰ ਜਿਵੇਂ ਅਵੈੜੀ ਇਸਤਰੀ ਆਪਣੇ ਮਾਲਕ ਨਾਲ ਵਰਤਾਵ ਕਰਦੀ ਹੈ, ਧਰਤੀ ਭਿਆਨਕ ਲਗਦੀ। ਉਸ ਸਮੇਂ ਤਾਂ ਪਸ਼ੂਆਂ ਅਤੇ ਬੰਦਿਆਂ ਨੂੰ ਪੀਣ ਵਾਸਤੇ ਪਾਣੀ ਦੀ ਵੀ ਤੰਗੀ ਹੋ ਜਾਂਦੀ ਹੈ। ਜਿਸ ਕਰਕੇ ਔੜ ਵਿੱਚ ਫੇਰ ਇਸੇ ਇਲਾਕੇ ਮਸੀਤਾਂ ਪਿੰਡ ਵਿੱਚ ਆ ਜਾਂਦੇ ਕਿਉਂਕਿ ਇੱਥੇ ਨਹਿਰੀ ਪਾਣੀ ਆਮ ਹੋਣ ਕਾਰਣ ਇਲਾਕਾ ਸਰਸਬਜ਼ ਤੇ ਖ਼ੁਸ਼ਹਾਲ ਹੈ।

ਰੋਪੜ ਹੈਡ ਤੋਂ ਨਿਕਲੀ ਹੋਈ ਨਹਿਰ ਸਰਹੰਦ, ਦੋਰਾਹੇ ਕੋਲ ਗੁਰਥਲੀ ਦੇ ਪੁਲ ਤੇ ਆਕੇ ਦੋ ਹਿੱਸਿਆਂ ਵਿੱਚ ਵੰਡੀ ਜਾਂਦੀ ਹੈ। ਇੱਕ ਸ਼ਾਖ ਤਾਂ ਫ਼ਿਰੋਜ਼ਪੁਰ ਨੂੰ ਚਲੀ ਜਾਂਦੀ ਹੈ, ਜਿਸ ਦੀਆਂ ਅੱਗੋਂ ਦੋ ਕੁ ਮੀਲ ਤੇ ਜਾ ਕੇ ਫੇਰ ਦੋ ਸ਼ਾਖਾਂ ਬਣ ਜਾਂਦੀਆਂ ਹਨ। ਇੱਕ ਸਿੱਧੀ ਫਿਰੋਜ਼ਪੁਰ ਨੂੰ ਨਿਕਲ ਜਾਂਦੀ ਹੈ ਅਤੇ ਦੂਜੀ ਰਾੜੇ ਸਾਹਿਬ ਕੋਲ ਦੀ ਲੰਘਦੀ ਹੋਈ ਬਠਿੰਡੇ ਨੂੰ ਚਲੀ ਜਾਂਦੀ ਹੈ ਅਤੇ ਦੂਜੀ ਸਾਖ ਗੁਰਥਲੀ ਦੇ ਪੁਲ ਤੋਂ ਸਿੱਧੀ ਨਿਕਲ ਜਾਂਦੀ ਹੈ ਜਿਸਨੂੰ ਪਟਿਆਲੇ ਵਾਲੀ ਨਹਿਰ ਕਹਿੰਦੇ ਹਨ। ਇਹ ਵੀ ਅੱਗੇ ਆਕੇ ਭੁਰਥਲੇ ਦੇ ਮੁਕਾਮ ਤੇ ਵੰਡੀ ਜਾਂਦੀ ਹੈ ਜਿਸਦਾ ਇੱਕ ਹਿੱਸਾ ਤਾਂ ਪਟਿਆਲੇ ਵੱਲ ਚਲਿਆ ਜਾਂਦਾ ਹੈ ਅਤੇ ਦੂਜੀ ਸ਼ਾਖ ਧੂਰੀ ਕੋਲ ਦੀ ਅੱਗੇ ਸਿੱਧੀ ਦਮਦਮੇ ਸਾਹਿਬ ਗੁਰੂ ਕਾਂਸ਼ੀ ਵੱਲ ਨੂੰ ਚਲੀ ਜਾਂਦੀ ਹੈ। ਇਸਦੇ ਜੋਧਪੁਰ[੭] ਜਾ ਕੇ ਫੇਰ ਦੋ ਹਿੱਸੇ ਹੋ ਜਾਂਦੇ ਹਨ। ਇੱਕ ਤਾਂ ਸਾਬੋ ਕੀ ਤਲਵੰਡੀ ਦਮਦਮੇ ਸਾਹਿਬ ਵੱਲ ਚਲਿਆ ਜਾਂਦਾ ਹੈ। ਦੂਜੀ ਸ਼ਾਖ ਦੇਸੂ ਬਖਤੂ ਵਿੱਚ ਦੀ ਹੁੰਦੀ ਹੋਈ ਏਸ ਇਲਾਕੇ ਨੂੰ ਸੈਰਾਬ ਕਰਦੀ ਹੈ। ਜਿਸਦਾ ਸਦਕਾ ਏਥੇ ਚੰਗੀਆਂ ਫਸਲਾਂ ਹੁੰਦੀਆਂ ਹਨ।

ਪਿੰਡ ਰਹਿੰਦਿਆਂ ਆਪ ਜੀ ਦੀ ਸਤਾਰਾਂ ਅਠਾਰਾਂ ਸਾਲਾਂ ਦੇ ਕਰੀਬ ਆਯੂ ਹੋ ਗਈ। ਉਸ ਸਮੇਂ ੧੯੧੫ ਵਾਲਾ ਜੰਗ ਜ਼ੋਰਾਂ ਤੇ ਸੀ ਜਿਸ ਕਰਕੇ ਅੰਗਰੇਜ਼ੀ ਇਲਾਕੇ ਤੇ ਰਿਆਸਤਾਂ ਵਿੱਚ ਭਰਤੀ ਆਮ ਖੁੱਲ੍ਹੀ ਹੋਈ ਸੀ। ਆਪ ਜੀ ਦੇ ਅੰਦਰ ਵੀ ਦੇਸ਼ ਪਿਆਰ ਦਾ ਜਜ਼ਬਾ ਜਾਗਿਆ। ਪਹਿਲਾਂ ਤਾਂ ਦੋ ਕੁ ਮਹੀਨੇ ਮਨ ਉਪਰਾਮ ਹੋਣ ਦੇ ਕਾਰਣ ਘਰ ਦੇ ਕੰਮਾਂ ਕਾਰਾਂ ਨੂੰ ਛੱਡ ਬੈਠੇ, ਮਾਤਾ ਪਿਤਾ ਬੁਲਾਉਣ, ਸਰੀਰਕ ਤਕਲੀਫ਼ ਪੁੱਛਣ ਪਰ ਅੱਗੋਂ ਉੱਤਰ ਨਾ ਆਵੇ, ਦਿਲ ਦੀਆਂ

[੭] ਲੇਖਕ ਦਾ ਨਗਰ ਭੈਣੀ ਬਾਘਾ ਵੀ ਇਸ ਨਹਿਰ ਦੇ ਉਪਰ ਜੋਧਪੁਰ ਤੋਂ ਦਸ ਮੀਲ ਦਮਦਮੇਂ ਸਾਹਿਬ ਗੁਰੂ-ਕਾਂਸ਼ੀ ਤੋਂ ਪੰਦਰਾਂ ਮੀਲ ਦੇ ਫਾਸਲੇ ਤੇ ਮਾਨਸਾ ਮੰਡੀ ਪਾਸ ਹੈ।

ਗੁੱਝੀਆਂ ਪੀੜਾਂ ਦਾ ਮਰਮੀਂ ਕੌਣ ਹੋ ਸਕਦਾ ਹੈ। ਅਖ਼ੀਰ ਇੱਕ ਦਿਨ ਚੁਪ ਚੁਪੀਤੇ ਸਵੇਰੇ ਹੀ ਪਰਵਾਰ ਨੂੰ ਸੁੱਤਿਆਂ ਛੱਡ ਜਿਵੇਂ ਆਪਣੀ ਮਾਂ ਪਾਸੋਂ ਮਧੂਬਨ ਨੂੰ ਤਪੱਸਿਆ ਕਰਨ ਵਾਸਤੇ ਧਰੂਅ ਭਗਤ ਤੁਰਿਆ ਸੀ ਡਬਵਾਲੀ ਮੰਡੀ ਆ ਗਏ। ਸਵੇਰੇ ਹੀ ਅੱਠ ਵਜੇ ਵਾਲੀ ਗੱਡੀ ਬਠਿੰਡੇ ਨੂੰ ਜਾਣ ਵਾਸਤੇ ਤਿਆਰ ਸੀ, ਉਸ ਵਿੱਚ ਅਸਵਾਰ ਹੋ ਗਏ। ਆਪਣਾ ਸਫਰ ਪੂਰਾ ਕਰਕੇ ਮੰਜ਼ਲੋ-ਮੰਜ਼ਲੀ ਗੱਡੀ ਬਠਿੰਡੇ ਜਾ ਰੁਕੀ।

ਬਠਿੰਡੇ ਜ਼ੰਕਸ਼ਨ ਤੇ ਹੀ ਇੱਕ ਭਰਤੀ ਕਰਨ ਵਾਲਾ ਫੌਜੀ ਅਫ਼ਸਰ ਜੋ ਰਿਆਸਤ ਪਟਿਆਲੇ ਵਲੋਂ ਨੀਅਤ ਕੀਤਾ ਹੋਇਆ ਸੀ ਅਤੇ ਜਵਾਨਾਂ ਨੂੰ ਭਰਤੀ ਹੋਣ ਵਾਸਤੇ ਸਟੇਸ਼ਨ ਤੇ ਖੜ੍ਹਾ ਪ੍ਰੇਰਦਾ ਸੀ ਇਨ੍ਹਾਂ ਦਾ ਖੁੱਲ੍ਹਾ ਸਰੀਰ, ਚੌੜੀ ਛਾਤੀ, ਭਰਵਾਂ ਕੱਦ ਤੇ ਨੂਰਾਨੀ ਚੇਹਰਾ ਤੱਕ ਕੇ ਪਾਸ ਆਇਆ ਅਤੇ ਕਹਿਣ ਲੱਗਾ ਕਿ ਤੁਸੀਂ ਵੀ ਦੇਸ਼ ਸੇਵਾ ਵਾਸਤੇ ਫੌਜ ਵਿੱਚ ਭਰਤੀ ਹੋ ਜਾਓ। ਸਰਕਾਰ ਵਲੋਂ ਇਨਾਮ ਮਿਲੇਗਾ, ਤਾਂ ਸੁਤੇ ਹੀ ਆਪ ਜੀ ਦੇ ਮੁਖੋਂ ਹਾਂ ਨਿਕਲ ਗਈ। ਉਸ ਸਮੇਂ ਆਪ ਜੀ ਦਾ ਨਾਮ ਨੋਟ ਕੀਤਾ ਅਤੇ ਸਰਕਾਰੀ ਹੋਟਲ ਤੋਂ ਜਿਥੋਂ ਹੋਰ ਭਰਤੀ ਹੋਏ ਰੰਗਰੂਟਾਂ ਨੂੰ ਪ੍ਰਸ਼ਾਦੇ ਵਾਸਤੇ ਪ੍ਰਬੰਧ ਸੀ, ਪ੍ਰਸ਼ਾਦਾ ਛਕਾਇਆ। ਫੇਰ ਪੰਜ ਸਤ ਭਰਤੀ ਹੋਏ ਇਲਾਕੇ ਦੇ ਹੋਰ ਨੌਜੁਆਨ ਦੇਸ਼-ਭਗਤ ਕੌਮੀ ਪਰਵਾਨੀਆਂ ਸਮੇਤ ਆਪ ਜੀ ਨੂੰ ਰੇਲ ਦੇ ਸਪੈਸ਼ਲ ਫੌਜੀ ਡੱਬੇ ਵਿੱਚ ਪਟਿਆਲੇ ਲੈ ਆਂਦਾ। ਆਪ ਜੀ ਨੇ ਏਥੇ ਤੋਪਖਾਨੇ ਦੀ ਨੌਕਰੀ ਪਸੰਦ ਕੀਤੀ।

ਬਾਬਾ ਅਤਰ ਸਿੰਘ ਜੀ ਅਤੇ ਬਾਬਾ ਕਰਮ ਸਿੰਘ ਜੀ ਵਾਗੂੰ ਸਭ ਤੋਂ ਸਚਿਆਈ, ਲੋਕ ਭਲਿਆਈ ਅਤੇ ਹੱਕ ਦੀ ਕਮਾਈ ਵਾਲੀ ਮੌਤ ਨੂੰ ਚੇਤੇ ਕਰਾਉਣ ਵਾਲੀ, ਨਾਮ ਵਿੱਚ ਜੋੜਨ ਵਾਲੀ ਇਹ ਨੌਕਰੀ ਜਚ ਗਈ।

ਪਿਉ ਦਾਦੇ ਜੇਵਿਹਾ ਪੋਤਾ ਪਰਵਾਣੁ ॥

(ਪੰਨਾ ੯੬੮)

ਪਟਿਆਲੇ ਪੁੱਜਕੇ ਆਪ ਜੀ ਨੇ ਹੋਰ ਨਵੇਂ ਭਰਤੀ ਹੋਏ ਰੰਗਰੂਟਾਂ ਨਾਲ ਮਿਲਕੇ ਰੰਗਰੂਟੀ ਸ਼ੁਰੂ ਕਰ ਦਿੱਤੀ। ਭਾਵੇਂ ਹੋਰ ਤਾਂ ਫੌਜੀ ਇਸੇ ਰੰਗਰੂਟੀ ਦੇ ਕੰਮ ਵਿੱਚ ਦੋ-ਦੋ ਤਿੰਨ-ਤਿੰਨ ਸਾਲ ਲਟਕਦੇ ਰਹੇ ਪਰ ਆਪ ਜੀ ਨੇ ਇਸ ਰੰਗਰੂਟੀ ਸੱਤਾਂ ਮਹੀਨਿਆਂ ਵਿੱਚ ਪੂਰੇ ਨੰਬਰਾਂ ਤੇ ਪਾਸ ਕਰ ਲਈ। ਫੇਰ ਉਸ ਸਮੇਂ ਹੋਰ ਰੰਗਰੂਟੀ ਪਾਸ ਕੀਤੇ ਫੌਜੀਆਂ ਸਮੇਤ ਆਪ ਜੀ ਨੂੰ ਅੰਮ੍ਰਿਤ ਪਾਨ ਕਰਵਾਇਆ ਗਿਆ। ਜਿਸ ਵਿੱਚ ਤੋਪਖਾਨੇ ਦੇ ਗ੍ਰੰਥੀ ਗੁਰਬਖਸ਼ ਸਿੰਘ ਅਤੇ ਸੇਵਾਦਾਰ ਭਾਈ ਲਾਲ ਸਿੰਘ ਜੀ ਵੀ ਸ਼ਾਮਲ ਸਨ ਜੋ ਤੋਪਖਾਨੇ ਦੇ ਰੰਗਰੂਟਾਂ ਨੂੰ ਪੰਜਾਬੀ ਪੜ੍ਹਾਇਆ ਕਰਦਾ ਸੀ ਅਤੇ ਉਸੇ ਸਮੇਂ ਨਵੇਂ ਰੰਗਰੂਟੀ ਪਾਸ ਕਰ ਚੁੱਕੇ ਸਿੱਖ ਫੌਜੀਆਂ ਨੂੰ ਭਾਈ ਜੀ ਸੌਂਹ ਚੁਕਵਾਉਂਦਾ, ਹੋਰ ਕੌਮਾਂ ਦੇ ਫੌਜੀਆਂ ਨੂੰ ਉਨ੍ਹਾਂ ਦੇ ਧਾਰਮਿਕ ਆਗੂ ਸਹੁੰ ਚੁਕਵਾਉਂਦੇ ਸਨ। ਆਪ ਜੀ ਨੇ ਮਹਾਰਾਜ ਦੇ ਪਾਠ ਦੀ ਵੀ ਇਸ ਭਾਈ ਲਾਲ ਸਿੰਘ ਪਾਸੋਂ ਹੀ ਸੰਥਾ ਪੜ੍ਹੀ।

ਇਸ ਤਰ੍ਹਾਂ ਆਪ ਜੀ ਨੂੰ ਪੂਰੀ ਇਮਾਨਦਾਰੀ ਨਾਲ ਤੋਪਖਾਨੇ ਦੀ ਡਿਊਟੀ ਦਾ ਕੰਮ ਕਰਦਿਆਂ ਪੰਜ ਸਾਲ ਬਤੀਤ ਹੋ ਗਏ। ਇਸੇ ਦੌਰਾਨ ਇਸ ਤੋਪਖਾਨੇ ਦੇ ਹੋਰ ਫੌਜੀ ਸੱਜਣ ਜੋ ਕਿ ਆਪ ਜੀ ਤੋਂ ਪਹਿਲਾਂ ਭਰਤੀ ਹੋਏ ਸਨ ਜੈਸਾ ਕਿ ਗੁੱਜਰ ਸਿੰਘ (ਬਾਈ ਜੀ) ਸੰਤ ਬਿਸ਼ਨ ਸਿੰਘ ਰੌਣੀ ਵਾਲੇ, ਭਾਈ ਮੁਕੰਦ ਸਿੰਘ ਜੀ ਖਨਾਲ ਵਾਲੇ, ਇਹ ਸਾਰੇ ਹੀ ਪ੍ਰੇਮੀ ਰੇਰੂ ਸਾਹਿਬ ਵਾਲੇ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਪਾਸ ਜਾਇਆ ਕਰਦੇ ਅਤੇ ਉਨ੍ਹਾਂ ਤੋਂ ਉਪਦੇਸ਼ ਪ੍ਰਾਪਤ ਕਰਕੇ ਸਵੇਰੇ ਜਾਗਕੇ ਅਭਿਆਸ ਕਰਦੇ। ਇਨ੍ਹਾਂ ਨੂੰ ਦੇਖਕੇ ਫੇਰ ਇਨ੍ਹਾਂ ਦੇ ਨਾਲ ਹੋਰ ਤਿੰਨ ਸੱਜਣ ਭਾਈ ਗੱਜਣ ਸਿੰਘ, ਜੋ ਕਾਫ਼ੀ ਸਮਾਂ ਧਭਲਾਨ ਗੁਰਦੁਆਰੇ ਮਹੰਤ ਅਰਜਨ ਸਿੰਘ ਦੇ ਪਾਸ ਰਿਹਾ ਹੈ, ਭਾਈ ਜੀਊਣ ਸਿੰਘ ਅਤੇ ਭਾਈ ਮੇਹਰ ਸਿੰਘ ਵੀ ਸੰਤ ਮਹਾਰਾਜ ਤੋਂ ਉਪਦੇਸ਼ ਲੈ ਆਏ। ਹਜ਼ੂਰ ਦੀ ਦੱਸੀ ਮਰਯਾਦਾ ਅਨੁਸਾਰ ਸਵੇਰੇ ਦੋ ਵਜੇ ਇਸ਼ਨਾਨ ਕਰਕੇ ਇਹ ਕਾਫ਼ੀ ਸਮਾਂ ਗੁਰ-ਸ਼ਬਦ ਦਾ ਅਭਿਆਸ ਕਰਨ ਵਾਸਤੇ ਬੈਠਦੇ। ਹੋਰ ਫੌਜੀ ਕਹਿਣ, ਇਹ ਤਾਂ ਤਰੱਕੀ ਵਾਸਤੇ (ਕਿ ਛੇਤੀ ਜਮਾਂਦਾਰ ਬਣ ਜਾਈਏ) ਕਿਸੇ ਸ਼ਬਦ ਦਾ ਚਲੀਹਾ ਕਰਦੇ ਹਨ।

ਇਕ ਦਿਨ ਆਪ ਜੀ ਨੇ ਵੀ ਇਨ੍ਹਾਂ ਤੋਂ ਪੁੱਛਿਆ ਕਿ ਸਵੇਰੇ ਉੱਠ ਕੇ ਤੁਸੀਂ ਕੀ ਪੜ੍ਹਦੇ ਹੋ? ਇਹ ਕਹਿਣ ਲੱਗੇ, ਇਉਂ ਦੱਸੇ ਤੋਂ ਤੁਹਾਨੂੰ ਪਤਾ ਨਹੀਂ ਲੱਗਣਾ। ਇਸੇ ਛੁੱਟੀ ਵਿੱਚ ਸਾਡੇ ਨਾਲ ਚੱਲੋ ਤੁਹਾਨੂੰ ਪੂਰਨ ਸੰਤਾਂ ਦੇ ਦਰਸ਼ਨ ਕਰਾਵਾਂਗੇ।

ਆਪ ਜੀ ਦੇ ਮਨ ਅੰਦਰ ਸੰਤ-ਮਿਲਾਪ ਦੀ ਤਾਂ ਪਹਿਲਾਂ ਤੋਂ ਹੀ ਪੂਰੀ ਖਿੱਚ ਸੀ, ਕਈ ਮਹਾਂ-ਪੁਰਸ਼ਾਂ ਦੇ

ਦੀਦਾਰ ਵੀ ਕੀਤੇ ਤੇ ਮਨ ਨਾ ਪਤੀਜਿਆ। ਪੂਰਨ ਸ਼ਾਂਤ ਆਤਮਾ, ਬੀਤ ਰਾਗ ਸਾਧੂ ਦੇ ਮਿਲਾਪ ਦੀ ਬੜੀ ਤੀਬਰ ਚਾਹਨਾਂ ਲੱਗੀ ਹੋਈ ਸੀ।

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥

(ਪੰਨਾ ੧੩੯੫)

ਪੂਰਨ ਸੰਤ ਦਾ ਨਾਮ ਸੁਣਕੇ ਮਨ ਖ਼ੁਸ਼ੀ ਵਿੱਚ ਝੂਮ ਉੱਠਿਆ। ਕੋਈ ਅਗੰਮੀ ਮਸਤੀ ਚੜ੍ਹ ਗਈ, ਮਨ ਖੀਵਾ ਹੋ ਕੇ ਕਾਹਲਾ ਪੈ ਗਿਆ, ਸਮਾਂ ਛੇਤੀ ਬਤੀਤ ਨਾ ਹੋਵੇ। ਛੁੱਟੀਆਂ ਦੇ ਦਿਨ ਉਡੀਕ ਕਰਦਿਆਂ ਇਕ-ਇਕ ਦਿਨ ਸਾਲ ਦੇ ਸਮਾਨ ਲੰਘੇ। ਮਸਾਂ ਹੀ ਵੈਸਾਖ, ਇਸੇ ਵੈਸਾਖ ਦੇ ਮਹੀਨੇ ਦੁਆਰਾ ਹੀ ਪੰਚਮ ਪਾਤਸ਼ਾਹ ਜੀ ਨੇ ਕਥਨ ਕੀਤਾ ਹੈ ਕਿ ਪ੍ਰਮਾਤਮਾ ਦੇ ਪ੍ਰੇਮ ਤੋਂ ਵਿਛੜੇ ਵਿਯੋਗੀਆਂ ਨੂੰ ਧੀਰਜ ਕਿਵੇਂ ਪ੍ਰਾਪਤ ਹੋ ਸਕਦੀ ਹੈ?

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥

(ਪੰਨਾ ੧੩੪)

ਪਰ ਉਹੋ ਹੀ ਵੈਸਾਖ ਸੰਤ ਮਿਲਾਪ ਦੁਆਰਾ ਸੁਹਾਵਣਾ ਬਣ ਜਾਂਦਾ ਹੈ।

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥

(ਪੰਨਾ ੧੩੪)

੧੯੭੮ ਬਿਕ੍ਰਮੀ ਦ ਵੈਸਾਖ ਆਇਆ, ਅੰਬਾਂ ਦਾ ਬੂਰ ਖਾਕੇ ਮਿੱਠੀ ਸੁਰ ਨਾਲ ਕੋਇਲਾਂ ਕੂਕਦੀਆਂ ਮਾਨੋ ਇਹ ਪੁਕਾਰ ਰਹੀਆਂ ਹਨ ਕਿ ਸੰਤ ਮਿਲਾਪ ਦਾ ਸੁਹਾਵਣਾ ਸਮਾਂ ਹੈ। ਮਨੁੱਖਾ ਜਨਮ ਅਮੋਲਕ ਰਤਨ ਨੂੰ ਸੰਤ ਸੇਵਾ ਦੁਆਰਾ ਸਫ਼ਲ ਕਰੋ।

ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥
ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥

(ਪੰਨਾ ੧੩੬੫)

ਇਸੇ ਹੀ ਵੈਸਾਖੁ ਦੇ ਆਦਿ ਮੇਖ ਵਾਲੇ ਦਿਨ ਦੁੱਖ ਭੰਜਨੀ ਬੇਰੀ ਉਤੋਂ ਉੱਤਰ-ਕੱਚੀ ਛਪੜੀ ਚੋਂ ਨਹਾਕੇ ਕਾਲਾ ਕਾਂ ਹੰਸ ਬਣਿਆ ਸੀ ਅਤੇ ਇਸੇ ਕਾਰਨ ਜੁਗਾਂ ਦਾ ਅਲੋਪ ਹੋਇਆ ਅੰਮ੍ਰਿਤ ਸਰੋਵਰ ਪ੍ਰਗਟ ਹੋਇਆ।

ਇਸੇ ਤਰ੍ਹਾਂ ੧੭੫੬ ਬਿਕ੍ਰਮੀ ਦੇ ਵੈਸਾਖ ਦੀ ਸੰਗਰਾਂਦ ਨੂੰ ਅਨੰਦਪੁਰ ਦੀ ਠੇਰੀ ਤੇ ਕਲਗੀਆਂ ਵਾਲੇ ਪਾਤਸ਼ਾਹ ਨੇ ਕੇਸਗੜ੍ਹ ਦੇ ਖੁੱਲ੍ਹੇ ਮੈਦਾਨ ਵਿੱਚ ਪੰਜਾਂ ਸਿਰਾਂ ਦੀ ਮੰਗ ਕਰਕੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਅਤੇ ਖਾਲਸਾ ਪੰਥ ਸਾਜਿਆ। ਇਸੇ ਹੀ ੧੮੫੬ ਬਿਕ੍ਰਮੀ ਦੇ ਵੈਸਾਖ ਦੀ ਸੰਗਰਾਂਦ ਨੂੰ ਲਾਹੌਰ ਦੇ ਸ਼ਾਹੀ ਦਰਬਾਰ ਵਿਖੇ ਬਾਬਾ ਸਾਹਿਬ ਸਿੰਘ ਬੇਦੀ ਊਨੇ ਸਾਹਿਬ ਵਾਲਿਆਂ ਨੇ (ਜੋ ਗੁਰੂ ਨਾਨਕ ਦੇਵ ਜੀ ਦੀ ਸੰਤਾਨ ਵਿੱਚੋਂ ਗਿਆਰਵੀਂ ਜਗ੍ਹਾ ਸਨ) ਸ਼ੇਰੇ ਪੰਜਾਬ ਨੂੰ ਕੇਸਰ ਦਾ ਤਿਲਕ ਦੇ ਕੇ ਖਾਲਸਾ ਰਾਜ ਦੀ ਨੀਂਹ ਰੱਖੀ।

ਉਹ ਖਾਲਸਾ ਪੰਥ ਅਤੇ ਖਾਲਸਾ ਰਾਜ ਦਾ ਜਨਮ ਦਾਤਾ ਵੈਸਾਖ, ਕਈ ਜਨਮਾਂ ਦੇ ਇਕੱਠੇ ਤਪੱਸਿਆ ਕਰ ਰਹੇ ਪੂਰਨ ਬ੍ਰਹਮ ਗਿਆਨੀ ਮਹਾਂ-ਪੁਰਸ਼ਾਂ ਦੇ ਮਿਲਾਪ ਦਾ ਨਮਿਤ ਬਣਕੇ ਅੱਗੇ ਆਇਆ।

ਰੌਣੀ ਵਾਲੇ ਸੰਤ ਬਾਬਾ ਬਿਸ਼ਨ ਸਿੰਘ ਜੀ ਤਾਂ ਪਹਿਲਾਂ ਹੀ ਆਪਣਾ ਨਾਮ ਕਟਵਾਕੇ ਸੰਤ ਮਹਾਰਾਜ ਦੇ ਚਰਨਾਂ ਵਿੱਚ ਪੁੱਜਕੇ ਸੇਵਾ ਦਾ ਲਾਹਾ ਖੱਟ ਰਹੇ ਸਨ। ਆਪ ਜੀ ਵੀ ਪਟਿਆਲੇ ਤੋਂ ਗੱਡੀ ਵਿੱਚ ਅਸਵਾਰ ਹੋ ਕੇ ਰਾਜਪੁਰੇ ਤੇ ਸਰਹੰਦ ਹੁੰਦੇ ਹੋਏ ਦੋਰਾਹੇ ਸਟੇਸ਼ਨ ਤੇ ਪੁੱਜੇ। ਗੱਡੀ ਤੋਂ ਉੱਤਰਕੇ ਰਾਮਪੁਰ ਪਿੰਡ ਦੇ ਵਿੱਚ ਦੀ ਸਿੱਧੇ ਹੀ ਤੁਰ ਪਏ। ਦਾਤੇ ਦੇ ਦਰ ਦਾ ਦੂਰੋਂ ਦਰਸ਼ਨ ਕੀਤਾ। ਰੇਰੂ ਸਾਹਿਬ ਗੁਰਦੁਆਰੇ ਦੀ ਧਰਤੀ ਨੂੰ ਨਮਸ਼ਕਾਰ ਕੀਤੀ। ਭਾਗਾਂ ਵਾਲੀ ਧਰਤੀ ਦੀ ਮਿੱਟੀ ਚੁੰਮੀ। ਸਰਬੰਸ-ਦਾਨੀ ਅਤੇ ਰੱਬੀ ਆਸ਼ਕ ਪੂਰਨ ਮਹਾਂਪੁਰਸ਼ ਦੇ ਚਰਨ ਛੁਹ ਵਾਲੀ ਧੂੜੀ ਮੁਖ ਅਤੇ ਮਸਤਕ ਪਰ ਮਲੀ ਕਲੇਜੇ ਨੂੰ ਸ਼ਾਂਤ-ਮਈ ਧੂਹ ਪਈ। ਮਨ ਠੰਢਾ ਠਾਰ ਹੋ ਗਿਆ। ਸੰਤ ਬਿਸ਼ਨ ਸਿੰਘ ਜੀ ਨੂੰ ਮਿਲੇ (ਜੋ ਪਹਿਲਾਂ ਹੀ ਫੌਜ ਦੇ ਮਿਲਾਪੀ ਤੇ ਵਾਕਫ਼ ਸਨ) ਆਪ ਜੀ ਦਾ ਇਨ੍ਹਾਂ ਮਹਾਂ-ਪੁਰਸ਼ਾਂ ਨੇ ਹਾਰਦਿਕ ਸੁਆਗਤ ਕੀਤਾ। ਜਲ ਪਾਣੀ ਛਕਾ ਕੇ ਡੇਰਾ ਕਰਵਾਇਆ। ਦਰਗਾਹੀ ਬਸੀਠ ਨੇ ਵੀ ਚਿਰਾਂ ਦੇ ਮਿਲਾਪੀ ਨੂੰ ਆਇਆ ਜਾਣਕੇ ਹਾਰ ਚੋਂ ਵਿਛੜਿਆ ਹੀਰਾ ਮੁੜ ਹਾਰ 'ਚ ਪਰੋਣ ਦਾ ਇਰਾਦਾ ਕਰ ਲਿਆ। ਸੰਤ ਬਿਸ਼ਨ ਸਿੰਘ ਜੀ ਨੇ ਸੰਤ ਮਹਾਰਾਜ ਪਾਸ ਬੇਨਤੀ ਕੀਤੀ,

"ਗ਼ਰੀਬ ਨਿਵਾਜ਼! ਆਪ ਇਨ੍ਹਾਂ ਤੇ ਕ੍ਰਿਪਾ ਕਰੋ। ਇਹ ਹਜ਼ੂਰ ਦਾ ਜਸ ਸੁਣਕੇ ਉਪਦੇਸ਼ ਦੀ ਜਾਚਨਾ ਕਰਦੇ ਹਨ।" ਸੰਤ ਜੀ ਮੁਸਕਰਾਏ ਅਤੇ ਆਖਿਆ, "ਭਾਈ ਬਿਸ਼ਨ ਸਿੰਘ! ਅਸੀਂ ਆਪਣਿਆਂ ਦੀ ਤਾਂ ਸੰਭਾਲ ਕਰਨੀ ਹੀ ਹੋਈ। ਸਵੇਰੇ ਅੰਮ੍ਰਿਤ ਵੇਲੇ ਹਾਜ਼ਰ ਹੋ ਜਾਵਣ।"

ਆਪ ਜੀ ਦਾ ਇਹ ਰੋਜ਼ ਦਾ ਨਿਯਮ ਸੀ ਕਿ ਸ਼ਾਮ ਦੇ ਦੀਵਾਨ ਦੀ ਸਮਾਪਤੀ ਉਪਰੰਤ ਬਾਹਰ (ਜਿਥੇ ਗੋਖੇ ਦੀ ਛਪੜੀ ਤੇ ਆਪ ਜੀ ਦਾ ਤਪ ਅਸਥਾਨ ਬਣਿਆ ਹੈ) ਚਲੇ ਜਾਂਦੇ। ੧੧ ਵਜੇ ਤੱਕ ਬੈਠਕੇ ਪ੍ਰੀਤਮ ਦੇ ਚਰਨਾਂ ਵਿੱਚ ਜੁੜੇ ਬੰਦਗੀ ਕਰਦੇ ਅਤੇ ਦੋ ਵਜੇ ਇਸ਼ਨਾਨ ਕਰਕੇ ਮੁੜ ਉਸੇ ਜਗ੍ਹਾ ਚਲੇ ਜਾਂਦੇ। ਅੰਮ੍ਰਿਤ ਵੇਲੇ ਤਿੰਨ ਵਜੇ "ਅੰਮ੍ਰਿਤ ਵੇਲਾ ਸਚੁ ਨਾਉ" ਉਪਦੇਸ਼ ਬਖ਼ਸ਼ਦੇ। ਆਪ ਜੀ ਵੀ ਸੰਤ ਬਿਸ਼ਨ ਸਿੰਘ ਜੀ ਦੇ ਕਹੇ ਸ਼ਾਮ ਨੂੰ ਸੰਤ ਮਹਾਰਾਜ ਜੀ ਦੇ ਨਾਲ ਹੀ ਚਲੇ ਗਏ। ਅੰਮ੍ਰਿਤ ਵੇਲੇ ਆਪ ਜੀ ਨੂੰ ਮਹਾਂ-ਪੁਰਸ਼ਾਂ ਨੇ ਆਪਣੇ ਪਾਸ ਸੱਦਿਆ ਤੇ ਬੜੇ ਪਿਆਰ ਨਾਲ ਕੋਲ ਬਿਠਾ ਕੇ ਪੁੱਛਿਆ, "ਤੁਹਾਡਾ ਅੰਮ੍ਰਿਤ ਛਕਿਆ ਹੈ?" ਆਪ ਜੀ ਨੇ ਨਿੰਮ੍ਰਤਾ ਨਾਲ ਉੱਤਰ ਦਿਤਾ, "ਜੀ ਹਾਂ।" ਫਿਰ ਕਿਹਾ, "ਤੁਹਾਡੀ ਸ਼ਾਦੀ ਹੋਈ ਹੈ?" ਉੱਤਰ ਦਿੱਤਾ, "ਜੀ ਨਹੀਂ।" "ਕੀ ਸ਼ਾਦੀ ਕਰਵਾਉਣ ਦਾ ਵਿਚਾਰ ਹੈ?" "ਨਹੀਂ ਮਹਾਰਾਜ!"

ਇਸ ਤੋਂ ਬਾਅਦ ਸਾਰੇ ਨਿਯਮ ਦਸ ਕੇ ਰੂਹਾਨੀ ਬਰਖਾ ਦੀ ਗੁਰੂ ਬੱਦਲ ਨੇ ਸ੍ਵਾਂਤੀ ਬੂੰਦ ਤਰਸਦੇ ਪਪੀਹੇ ਦੀ ਸ਼ਾਂਤੀ ਲਈ ਬਖ਼ਸ਼ ਦਿੱਤੀ। ਬੱਸ ਫੇਰ ਕੀ ਸੀ ਇੱਕ ਵਾਰੀ:

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥

(ਪੰਨਾ ੧੩੭੪)

ਦੇਸ਼ ਕਾਲ ਦਾ ਗਿਆਨ ਦੂਰ ਹੋ ਗਿਆ, ਧਿਆਤਾ ਧਿਆਨ ਧੇਅ ਦਾ ਅਭਾਵ ਹੋ ਕੇ ਕੋਈ ਐਸਾ ਅਗੰਮੀ ਅਨੰਦ ਆਇਆ ਜੋ:

ਗੁੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥

(ਪੰਨਾ ੬੫੭)

ਸਵੇਰ ਤੱਕ ਸਮਾਧੀ ਵਿੱਚ ਲੀਨ ਰਹੇ। ਮਹਾਂ-ਪੁਰਸ਼ਾਂ ਨੇ ਪਹੁ ਫੁਟਾਲੇ ਸਮਾਧੀ ਤੋਂ ਉਥਾਨ ਕਰਕੇ ਹੋਰ ਸੱਜਣਾਂ ਸਮੇਤ ਆਪ ਜੀ ਨੂੰ ਡੇਰੇ ਲੈ ਆਂਦਾ। ਆਪ ਇਸੇ ਛੁੱਟੀ ਸਮੇਂ ਏਥੇ ਅੱਠ-ਦਸ ਦਿਨ ਠਹਿਰੇ। ਸ਼ਾਮ ਨੂੰ ਚਲੇ ਜਾਣਾ, ਸਾਰੀ ਰਾਤ ਬੈਠਕੇ ਬੰਦਗੀ ਕਰਨੀ। ਦਿਨੇ ਸੇਵਾ ਕਰਕੇ ਸਮਾਂ ਬਿਤਾਉਣਾ। ਪਤਾ ਨਹੀਂ ਲੱਗਿਆ ਅੱਖ ਦੇ ਫੋਰ ਵਿੱਚ ਛੁੱਟੀ ਦੇ ਦਸ ਦਿਨ ਖ਼ਤਮ ਹੋ ਗਏ। ਜਾਣੀ-ਜਾਣ ਦਾਤੇ ਨੇ ਪਾਸ ਬੁਲਾਕੇ ਪਿਆਰ ਦਿੱਤਾ ਅਤੇ ਆਖਿਆ, "ਚੰਗਾ ਬਈ ਫੌਜੀ ਸਿੰਘਾ! ਤੁਹਾਡੀ ਤਾਂ ਹੁਣ ਛੁੱਟੀ ਪੂਰੀ ਹੋ ਗਈ ਹੈ ਡਿਊਟੀ ਤੇ ਜਾਣਾ ਚਾਹੀਦਾ ਹੈ ਇਹ ਫੌਜ ਦੀ ਨੌਕਰੀ ਬੜੀ ਚੰਗੀ ਹੈ। ਇਸ ਵਿੱਚ ਰੱਬ ਮੌਤ ਦੋਵੇਂ ਹੀ ਚੇਤੇ ਰਹਿੰਦੇ ਹਨ। ਇਮਾਨਦਾਰੀ ਨਾਲ ਕੰਮ ਕਰਨਾ, ਆਪਣੇ ਅਫ਼ਸਰ ਦਾ ਹੁਕਮ ਮੰਨਣਾ ਅਤੇ ਅੰਮ੍ਰਿਤ ਵੇਲੇ ਜਾਗ ਕੇ ਸਿਮਰਨ ਕਰਨਾ। ਗੁਰੂ ਅੰਗ ਸੰਗ ਹੈ।"

ਆਪ ਜੀ ਨੇ ਅੱਗੋਂ ਹੱਥ ਜੋੜਕੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ, "ਮਹਾਰਾਜ! ਮੇਰਾ ਤਾਂ ਮਨ ਏਥੇ ਆਪ ਜੀ ਦੇ ਪਾਸ ਸੇਵਾ ਵਿੱਚ ਹੀ ਲੱਗ ਗਿਆ ਹੈ। ਬੜਾ ਅਨੰਦ ਆਉਂਦਾ ਹੈ ਆਪ ਕ੍ਰਿਪਾ ਕਰੋ ਤਾਂ ਕਿ ਇਹ ਅਨੰਦ ਇਸੇ ਤਰ੍ਹਾਂ ਹੀ ਬਣਿਆ ਰਹੇ।" ਅੱਗੋਂ ਰੂਹਾਨੀ ਦਾਤੇ ਨੇ ਉੱਤਰ ਦਿੱਤਾ, "ਨਾ ਬਈ ਫੌਜੀਆ! ਇਹ ਗੱਲ ਠੀਕ ਨਹੀਂ। ਅਸੀਂ ਵੀ ਇੱਕ ਵਾਰੀ ਵੱਡੇ ਸਾਹਿਬਾਂ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਪਾਸ ਏਹੋ ਬੇਨਤੀ ਕੀਤੀ ਸੀ, ਉਨ੍ਹਾਂ ਨੇ ਕਿਹਾ ਸੀ ਕਿ ਹੁਣ ਤੁਸੀਂ ਹੌਲਦਾਰੀ ਪੈਨਸ਼ਨ ਲੈ ਕੇ ਹੀ ਆਉਣਾ, ਪਹਿਲਾਂ ਆਪਣਾ ਨਾਮ ਨਹੀਂ ਕਟਵਾਉਣਾ। ਫੇਰ ਕਿਸੇ ਦਾ ਮੁਹਤਾਜ ਨਹੀਂ ਹੋਣਾ ਪਵੇਗਾ। ਸਾਰੀ ਜ਼ਿੰਦਗੀ ਪੈਨਸ਼ਨ ਨਾਲ ਹੀ ਨਿਰਬਾਹ ਕਰਕੇ ਸਿਮਰਨ ਕਰਦੇ ਰਹਿਣਾ। ਸੋ ਬਈ ਹੁਣ ਤੂੰ ਆਪਣੀ ਡਿਊਟੀ ਤੇ ਹਾਜ਼ਰ ਹੋ, ਇਹ ਤੇਰੀ ਸੇਵਾ ਵਾਲੀ ਮੰਗ ਵੀ ਪੂਰੀ ਹੋ ਜਾਵੇਗੀ। ਤੈਥੋਂ ਤਾਂ ਅਸਾਂ ਬਹੁਤ ਸੇਵਾ ਲੈਣੀ ਹੈ ਤੁਸਾਂ ਨੇ ਤਾਂ ਇਤਨੀ ਸੇਵਾ ਕਰਨੀ ਹੈ ਕਿ ਦੇਖਣ ਵਾਲੇ ਲੋਕ ਹੈਰਾਨ ਹੋ ਕੇ ਆਖਣਗੇ ਇਹ ਆਦਮੀ ਹੈ ਜਾਂ ਕੋਈ ਫਰਿਸ਼ਤਾ। ਆਰਾਮ ਕਿਸ ਵੇਲੇ ਕਰਦੇ ਹੋਣਗੇ?"

ਸੋ ਇਹ ਭਵਿੱਖਤ ਵਾਕ ਕਹਿਕੇ ਆਪ ਜੀ ਨੂੰ ਮੁੜ ਡਿਊਟੀ ਤੇ ਜਾਣ ਵਾਸਤੇ ਮਜਬੂਰ ਕੀਤਾ ਗਿਆ। ਫੇਰ

ਆਪ ਜੀ ਨੇ ਮਹਾਂ-ਪੁਰਸ਼ਾਂ ਦੇ ਹੁਕਮ ਅੱਗੇ ਸਿਰ ਝੁਕਾਇਆ ਤੇ ਆਗਿਆ ਪਾ ਕੇ ਅਸ਼ਟਾਂਗ ਡੰਡਉਤ ਕਰਕੇ ਮੁੜ ਦੋਰਾਹੇ ਤੋਂ ਗੱਡੀ ਬੈਠਕੇ ਨੌਕਰੀ ਤੇ ਪਟਿਆਲੇ ਆ ਹਾਜ਼ਰ ਹੋਏ। ਹਰ ਰੋਜ਼ ਸਵੇਰੇ ਦੋ ਵਜੇ ਇਸ਼ਨਾਨ ਕਰਕੇ ਦੱਸੇ ਹੋਏ ਗੁਰ ਸ਼ਬਦ ਦਾ ਅਭਿਆਸ ਕਰਨਾ। ਦਿਨੇ ਪਰੇਡ ਵਿੱਚ ਸ਼ਾਮਲ ਹੋਣਾ ਅਤੇ ਬਾਕੀ ਦਾ ਸਮਾਂ ਨਿਤਨੇਮ, ਪਾਠ ਤੇ ਗੁਰਦੁਆਰੇ ਦੀ ਸੇਵਾ ਵਿੱਚ ਬਤੀਤ ਕਰਨਾ। ਸ਼ੁਰੂ ਤੋਂ ਹੀ (ਜਦ ਆਪ ਜੀ ਫੌਜ ਵਿੱਚ ਭਰਤੀ ਹੋਏ) ਗੁਰੂ ਘਰ ਨਾਲ ਅਤਿਅੰਤ ਪਿਆਰ ਸੀ। ਜਦੋਂ ਵੀ ਕਿਸੇ ਨੇ ਲੱਭਣਾ ਹੋਵੇ ਗੁਰਦੁਆਰੇ ਹੀ ਲੱਭਦੇ ਅਤੇ ਗੁਰਬਾਣੀ ਦਾ ਪਾਠ ਕਰਦਿਆਂ ਮਿਲਦੇ। ਤੋਪਖਾਨੇ ਵਾਲੇ ਕੀਰਤਨੀਏ ਜਥੇ ਦੇ ਆਪ ਮੁਖੀ ਸਨ। ਜਦੋਂ ਵੀ ਕਿਸੇ ਦੇ ਘਰ ਪਾਠ ਦਾ ਭੋਗ ਪੈਣਾ ਜਾਂ ਆਸਾ ਦੀ ਵਾਰ ਦਾ ਕੀਰਤਨ ਕਰਨਾ ਜਾਂ ਅਨੰਦ ਕਾਰਜਾਂ ਦੇ ਸਮੇਂ ਜਾਣਾ ਤਾਂ ਸਰਕਾਰੀ ਦਫਤਰ ਵਲੋਂ ਆਪ ਜੀ ਦਾ ਜਥੇ ਵਿੱਚ ਪਹਿਲਾ ਨਾਮ ਹੁੰਦਾ ਸੀ। ਹਰੇਕ ਐਤਵਾਰ ਅਤੇ ਮਹਾਵਾਰੀ ਸੰਗਰਾਂਦ ਦਾ ਦੀਵਾਨ ਗੁਰਦੁਆਰੇ ਸਾਹਿਬ ਬੜੇ ਇੱਜ਼ਤ ਉਤਸ਼ਾਹ ਨਾਲ ਸਜਾਉਣਾ। ਹੋਰ ਵੀ ਦੂਰ ਨੇੜੇ ਆਪ ਕੀਰਤਨੀਏ ਜਥੇ ਨਾਲ ਜਾਇਆ ਕਰਦੇ ਅਤੇ ਫੌਜ ਵਿੱਚ ਆਪ ਜੀ ਦੀ ਸ਼ੁਰੂ ਤੋਂ ਹੀ ਇੱਜ਼ਤ ਹੁੰਦੀ, ਸਾਰੇ ਅਫ਼ਸਰ ਵੀ ਸਤਿਕਾਰ ਕਰਦੇ।

ਇਸ ਸਮੇਂ ਪਟਿਆਲੇ ਸ਼ਹਿਰ ਵਿੱਚ ਬੜੇ ਚੰਗੇ-ਚੰਗੇ ਮਹਾਤਮਾ ਨਿਵਾਸ ਰਖਦੇ ਸਨ। ਜੇਹਾ ਕਿ ਬਾਬਾ (ਧਿਆਨਾ) ਧਿਆਨ ਦਾਸ, ਸੋਹਨ ਦਾਸ, ਸਾਹਿਬ ਦਾਸ, ਸੰਤੋਖ ਦਾਸ। ਇਹ ਸਾਰੇ ਉਦਾਸੀ ਮਹਾਤਮਾ ਚੰਗੀ ਕਰਨੀ ਵਾਲੇ ਸਨ। ਇੱਕ ਭੀਖੀ ਪਿੰਡ ਦਾ (ਜੋ ਮਾਨਸਾ ਦੇ ਪਾਸ ਹੈ) ਪ੍ਰੇਮਦਾਸ ਉਦਾਸੀ ਮਹਾਤਮਾ ਵੀ ਏਥੇ ਪਟਿਆਲੇ ਵਿੱਚ ਆ ਜਾਇਆ ਕਰਦਾ। ਆਪ ਜੀ ਦਾ ਸਾਰਿਆਂ ਸੰਤਾਂ ਦੇ ਪਾਸ ਆਉਣਾ ਜਾਣਾ ਸੀ। ਸੇਵਾ ਕਰਦੇ, ਬਚਨ ਸੁਣਦੇ, ਇਉਂ ਉਨ੍ਹਾਂ ਦੀਆਂ ਖ਼ੁਸ਼ੀਆਂ ਲੈਂਦੇ।

ਕਈ ਵਾਰ ਬੀਤ ਰਾਗ ਮਹਾਂ-ਤਪੱਸਵੀ ਮਸਤਾਨੇ ਸਾਧੂ ਬਾਬਾ ਬੀਰਮਦਾਸ ਬਿਧੌਸ਼ੀ ਵਾਲਿਆਂ ਦੇ ਵੀ ਦਰਸ਼ਨ ਹੋਏ ਅਤੇ ਬਚਨ ਬਿਲਾਸ ਕੀਤੇ। ਰੇਰੂ ਸਾਹਿਬ ਦੇ ਦਰਸ਼ਨਾਂ ਨੂੰ ਆਉਂਦਿਆਂ ਲੁਧਿਆਣੇ ਵਾਲੇ ਸੰਤ ਬਾਬਾ ਬਾਣ ਬਟਾ ਮਸਤਾਨਾ ਸਾਧੂ ਜੋ ਉਸ ਸਮੇਂ ਬੜਾ ਮਸ਼ਹੂਰ ਸੀ ਉਸ ਦੇ ਵੀ ਆਪ ਜੀ ਨੂੰ ਦਰਸ਼ਨ ਹੁੰਦੇ ਕਿਉਂਕਿ ਉਪਦੇਸ਼ ਲਏ ਤੋਂ ਬਾਅਦ ਆਪ ਜੀ ਬਹੁਤ ਵਾਰੀ ਛੁੱਟੀਆਂ ਦਾ ਸਾਰਾ ਸਮਾਂ ਰੇਰੂ ਸਾਹਿਬ ਹੀ ਮਹਾਂ-ਪੁਰਸ਼ਾਂ ਦੇ ਚਰਨਾਂ ਵਿੱਚ ਬਤੀਤ ਕਰਦੇ।

ਤੋਪਖਾਨੇ ਦੇ ਸਾਰੇ ਸਿੱਖ ਫੌਜੀ ਜੋ ਬਾਬਾ ਜੀ ਦੇ ਉਪਦੇਸ਼ੀ ਸਨ, ਧਾਰਮਿਕ ਫੰਡ ਲਈ ਇਕ-ਇਕ ਰੁਪੈ ਜਾਂ ਦੋ-ਦੋ ਰੁਪੈ ਮਹੀਨਾ ਆਪਣੀ ਤਨਖਾਹ ਅਨੁਸਾਰ ਦਸਵੰਧ ਜਮ੍ਹਾਂ ਕਰਵਾਉਂਦੇ ਜਿਸਦੀ ਕਾਫ਼ੀ ਰਕਮ ਬਣ ਜਾਂਦੀ ਉਸਦੇ ਆਪ ਜੀ ਹੀ ਖਜ਼ਾਨਚੀ ਹੁੰਦੇ। ਸਾਰਿਆਂ ਦੀ ਸਲਾਹ ਨਾਲ ਇਸ ਮਾਇਆ ਨੂੰ ਕਿਸੇ ਨੇਕ ਕੰਮ ਤੇ ਖਰਚ ਕਰਦੇ। ਇਸੇ ਫੰਡ ਵਿੱਚੋਂ ਇੱਕ ਕਮਰਾ ਰੇਰੂ ਸਾਹਿਬ ਪਟਿਆਲੇ ਦੀ ਸੰਗਤ ਦੇ ਆਰਾਮ ਲਈ ਬਣਵਾਇਆ ਅਤੇ ਇੱਕ ਬਾਹਰ ਗੁਫ਼ਾ ਵਿੱਚ ਵੀ ਕਮਰਾ ਬਣਾਇਆ। ਇੱਕ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਦੀ ਅਸਵਾਰੀ ਲਈ ਘੋੜੀ ਘੁੜਾਣੀ ਕਲਾਂ ਤੋਂ ਖਰੀਦ ਕੇ ਭੇਟਾ ਕੀਤੀ। ਬਾਅਦ ਵਿੱਚ ਜਿਸਦੀ ਸੇਵਾ ਕਰਨ ਦਾ ਆਪ ਜੀ ਨੂੰ ਹੀ ਸੁਭਾਗ ਪ੍ਰਾਪਤ ਹੋਇਆ। ਹੋਰ ਚਾਰ ਕਮਰੇ ਤੇ ਦੋਰਾਹੇ ਵੱਲ ਦੀ ਡਿਉਢੀ ਵੀ ਪਟਿਆਲੇ ਵਾਲੀ ਸੰਗਤ ਵਲੋਂ ਬਣੀ ਹੈ।

ਰੋਜ਼ ਦੇ ਨੇਕ ਕੰਮਾਂ ਦਾ ਹੋਰ ਸਾਰੇ ਫੌਜੀਆਂ ਤੇ ਅਸਰ ਪੈਂਦਾ। ਸਾਰੇ ਆਪ ਜੀ ਦਾ ਆਦਰ ਕਰਦੇ। ਆਪ ਦਾ ਬਹੁਤਾ ਸਮਾਂ ਗੁਰ ਸ਼ਬਦ ਦੇ ਅਭਿਆਸ, ਬਾਣੀ ਦੇ ਪਾਠ ਅਤੇ ਧਾਰਮਿਕ ਗ੍ਰੰਥਾਂ ਦੀ ਵਿਚਾਰ ਵਿੱਚ ਹੀ ਬਤੀਤ ਹੁੰਦਾ। ਸੂਫ਼ੀ ਫ਼ਕੀਰ ਦੀ ਜਨਮ ਕਥਾ ਪੜ੍ਹੀ ਕਿ ਨਾਮ ਦੀ ਤਾਕਤ ਹੈ ਉਸਨੇ ਅਲਫ਼ ਕਹਿਕੇ ਜਿੰਦਰਾ ਖੋਲ੍ਹ ਦਿੱਤਾ। ਭਾਵੇਂ ਇਹ ਗੱਲਾਂ ਨਾਮ-ਰਸੀਆਂ ਵਿੱਚ ਸੁਭਾਵਕ ਹੀ ਆ ਜਾਂਦੀਆਂ ਹਨ।

ਮੁਕਤਿ ਜੁਗਤਿ ਨਾਵੈਂ ਕੀ ਦਾਸੀ ॥

(ਭਾਈ ਗੁਰਦਾਸ ਜੀ)

ਪਰ ਮਹਾਂ-ਪੁਰਸ਼ ਇਨ੍ਹਾਂ ਦੀ ਵਰਤੋਂ ਨਹੀਂ ਕਰਦੇ।

ਇਕ ਦਿਨ ਆਪ ਜੀ ਨੇ ਸਵੇਰੇ, ਰੋਜ਼ ਦੇ ਨਿਯਮ ਅਨੁਸਾਰ ਇਸ਼ਨਾਨ ਕੀਤਾ। ਬਸਤਰ ਪਹਿਨੇ, ਕਮਰੇ ਨੂੰ ਜਿੰਦਰਾ ਮਾਰ ਬਾਹਰ ਸੁਧਾ-ਸਰ ਤੇ ਚਲੇ ਗਏ ਜੋ ਆਪ ਇੱਥੇ ਪਹਿਲਾਂ ਵੀ ਇਕਾਂਤ ਜਗ੍ਹਾ ਦੇਖਕੇ ਸਵੇਰੇ ਆ ਬੈਠਦੇ ਸਨ। ਪਹੁ ਫੁਟਾਲੇ ਨਾਲ ਨੇਤਰ ਖੁਲੇ। ਲਾਇਨ ਵਿੱਚ ਵਾਪਸ ਆਏ। ਪ੍ਰੇਡ ਦਾ ਟਾਇਮ ਹੋ ਚੁੱਕਾ ਸੀ। ਬਰਦੀ ਪਾਉਣ ਵਾਸਤੇ ਤਿਆਰੀ ਦਾ ਬਿਗਲ ਵਜ ਗਿਆ। ਜਦੋਂ ਕੁਆਟਰ ਪਾਸ ਪੁੱਜੇ, ਜੇਬ ਵਿੱਚ ਹੱਥ ਮਾਰਿਆ ਚਾਬੀ ਗੁੰਮ ਸੀ। ਪਤਾ

ਨਹੀਂ ਕਿੱਥੇ ਡਿੱਗ ਪਈ। ਖੋਜਣ ਦਾ ਟਾਇਮ ਨਹੀਂ ਸੀ। ਅਚਨਚੇਤ ਸੰਕਲਪ ਫੁਰਿਆ। ਫਰੀਦ ਨੇ ਅਲਫ਼ ਆਖ ਕੇ ਜਿੰਦਰਾ ਖੋਲ੍ਹ ਦਿੱਤਾ ਸੀ। ਸਤਿਨਾਮ ਆਖਕੇ ਜਿੰਦਰੇ ਨੂੰ ਹੱਥ ਲਾਇਆ, ਪੱਕਾ ਰੋਪੜੀ ਜਿੰਦਰਾ ਦੂਹਰੀ ਕਲਾ ਦਾ ਤੜੱਕ ਦੇ ਕੇ ਖੁੱਲ੍ਹ ਗਿਆ।

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ
ਜਿਨ ਹਰਿ ਕਾ ਨਾਮੁ ਪਿਆਰਾ ॥

(ਪੰਨਾ ੬੩੮)

## ਲਾਇਨ ਸਫ਼ਾਈ

ਇਕ ਸਮੇਂ ਗਰਮੀ ਦੇ ਮੌਸਮ ਵਿੱਚ ਫੌਜ ਦਾ ਵੱਡਾ ਅਫ਼ਸਰ ਕਰਨਲ ਜੁਗਿੰਦਰ ਸਿੰਘ ਛੰਨਾਂ ਵਾਲਾ ਪੋਲੋ ਖੇਲਣ ਵਾਸਤੇ ਸਰਕਾਰ ਵਲੋਂ ਵਲਾਇਤ (ਇੰਗਲੈਂਡ) ਭੇਜਿਆ ਗਿਆ। ਜਦੋਂ ਇਸਨੇ ਵਾਪਸ ਮੁੜਨਾ ਸੀ ਦਫਤਰ ਵਿੱਚ ਕੰਪਨੀ ਕਮਾਂਡਰ ਜਮਾਂਦਰ ਨੂੰ ਚਿੱਠੀ ਪਾਈ ਕਿ ਫੌਜੀ ਆਪੋ ਆਪਣੇ ਕਮਰੇ ਸਾਫ਼ ਕਰਣ, ਮੈਂ ਆ ਕੇ ਦੇਖਾਂਗਾ। ਉਸ ਸਮੇਂ ਜਮਾਂਦਾਰ ਨੇ ਸਭਨਾਂ ਨੂੰ ਕਰਨਲ ਜੁਗਿੰਦਰ ਸਿੰਘ ਦਾ ਹੁਕਮ ਸੁਣਾ ਦਿੱਤਾ। ਆਪ ਜੀ ਚੌਥੀ ਤਰੁਪ 'ਚ ਸਨ ਜਿਸਦਾ ਕਮਾਂਡਰ ਜਮਾਂਦਰ ਬਖਤੌਰ ਸਿੰਘ ਸੀ। ਸਾਰੇ ਹੀ ਇੱਕ ਦੂਜੇ ਤੋਂ ਵੱਧ ਚੜ੍ਹਕੇ ਕੁਆਟਰਾਂ ਦੀ ਸਫ਼ਾਈ ਕਰਣ ਲੱਗੇ। ਬਜ਼ਾਰੋਂ ਸਫ਼ੈਦੀ ਲਿਆ ਕੇ ਕੰਧਾਂ ਤੇ ਕੀਤੀ, ਬੂਹਿਆਂ ਨੂੰ ਰੰਗ ਕਰ ਲਏ, ਧੋਬੀ ਤੋਂ ਕਿਰਾਏ ਉਤੇ ਕੰਧਾਂ ਤੇ ਲਾਉਣ ਲਈ ਚਾਦਰਾਂ ਲਿਆਂਦੀਆਂ, ਪਰ ਆਪ ਜੀ ਨੇ ਅਜੇ ਤੱਕ ਕੁਝ ਨਹੀਂ ਕੀਤਾ। ਨਾਲ ਦੇ ਸਾਥੀ (ਧੂਰੀ ਦੇ ਕੋਲ ਲੱਡੇ ਪਿੰਡ ਦਾ) ਚੰਨਣ ਸਿੰਘ ਨੇ ਕਿਹਾ, "ਆਪਾਂ ਵੀ ਇਸ ਤਰ੍ਹਾਂ ਸਫ਼ਾਈ ਕਰੀਏ" ਪਰ ਆਪ ਜੀ ਵਲੋਂ ਉੱਤਰ ਨਾ ਆਇਆ। ਕਮਰੇ ਦੀ ਸਫ਼ਾਈ ਕਰਣ ਨੂੰ ਵਕਤ ਨਾ ਮਿਲੇ। ਰਾਤੀਂ ਜਾਗਣਾ ਅਤੇ ਜੋ ਸਫ਼ਾਈ ਦਾ ਵਕਤ ਸੀ ਦੁਪਹਿਰਾ, ਉਸ ਸਮੇਂ ਆਰਾਮ ਕਰਨਾ।

ਚੰਨਣ ਸਿੰਘ ਕਹਿੰਦਾ, "ਆਪ ਨਾਲ ਲੱਗੋ ਮੈਂ ਇਕੱਲਾ ਕਿਵੇਂ ਕਰਾਂ?" ਜਮਾਂਦਾਰ ਵੀ ਕਹੇ, "ਤੁਸਾਂ ਸਾਹਿਬ ਦਾ ਹੁਕਮ ਨਹੀਂ ਮੰਨਿਆ। ਸਜ਼ਾ ਹੋ ਜਾਵੇਗੀ।" ਪਰ ਆਪ ਜੀ ਚੁੱਪ ਰਹੇ। ਕਰਨਲ ਜੁਗਿੰਦਰ ਸਿੰਘ ਵਲਾਇਤ ਤੋਂ ਵਾਪਸ ਆ ਗਿਆ। ਅੱਜ ਉਸਦਾ ਸਫ਼ਾਈ ਦੇਖਣ ਦਾ ਦਿਨ ਸੀ। ਆਪ ਰੋਜ਼ ਵਾਂਗੂੰ ਸਵੇਰੇ ਦੋ ਵਜੇ ਜਾਗੇ, ਇਸ਼ਨਾਨ ਕੀਤਾ। ਜਪੁਜੀ ਸਾਹਿਬ ਅਤੇ ਹੋਰ ਬਾਣੀਆਂ ਦਾ ਪਾਠ ਕਰਦਿਆਂ ਕਮਰੇ ਵਿੱਚ ਝਾੜੂ ਦਿੱਤਾ। ਆਲੇ ਸਾਫ਼ੇ ਕੀਤੇ, ਬਿਸਤਰਾ ਝਾੜ ਕੇ ਵਿਛਾਇਆ, ਮੇਜ਼ ਤੇ ਮੇਜ਼ ਪੋਸ਼ ਵਿਛਾ ਕੇ, ਉਸ ਉਪਰ ਸਾਰੇ ਗ੍ਰੰਥ ਅਤੇ ਪਾਣੀ ਦਾ ਗੜਵਾ ਰੱਖ ਦਿੱਤਾ। ਉਪਰੰਤ ਗੁਰ-ਸ਼ਬਦ ਦਾ ਅਭਿਆਸ ਕਰਕੇ ਗੁਰ-ਚਰਨਾਂ ਵਿਖੇ ਅਰਦਾਸ ਕੀਤੀ ਕਿ ਭਾਈ ਤਿਲੋਕੇ ਦੀ ਤਲਵਾਰ ਤੇ ਭਾਈ ਕਟਾਰੂ ਦੇ ਘੱਟ ਵੱਟੇ ਸਮਾਨ ਤੁਸਾਂ ਹੀ ਲਾਜ ਰੱਖਣੀ ਹੈ।

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥
ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ॥੧॥

(ਪੰਨਾ ੪੦੩)

ਦਿਨ ਚੜ੍ਹਿਆ ਹੋਰ ਛੋਟੇ ਅਫ਼ਸਰਾਂ ਸਮੇਤ ਕਰਨਲ ਜੁਗਿੰਦਰ ਸਿੰਘ ਆਇਆ, ਸਭਨਾਂ ਦੀ ਬਾਹਰ ਹੀ ਖੜੋ ਕੇ ਸਫ਼ਾਈ ਦੇਖੀ ਪਰ ਆਪ ਜੀ ਦੇ ਕਮਰੇ ਪਾਸ ਆਕੇ ਅੰਦਰ ਚਲਾ ਗਿਆ। ਗ੍ਰੰਥ ਚੁੱਕੇ, ਪੜ੍ਹਕੇ ਦੇਖੇ। ਆਪਣੀ ਜੇਬ 'ਚੋਂ ਕੱਢਕੇ ਆਲੇ ਵਿੱਚ ਰੁਮਾਲ ਫੇਰਿਆ। ਜਦੋਂ ਰੁਮਾਲ ਨੂੰ ਵੀ ਆਲੇ ਦੀ ਮਿੱਟੀ ਨਾ ਲੱਗੀ ਤਾਂ ਬੜਾ ਖ਼ੁਸ਼ ਹੋਇਆ। ਉਪਰੰਤ ਨਾਮ ਨੋਟ ਕਰਕੇ ਚਲਾ ਗਿਆ। ਦਿਨੇ ਆਪ ਜੀ ਨੂੰ ਦਫ਼ਤਰ ਬੁਲਾਇਆ। ਸਭ ਕਹਿਣ, ਇਸਨੇ ਸਾਹਿਬ ਦਾ ਹੁਕਮ ਨਹੀਂ ਮੰਨਿਆ, ਸਫ਼ਾਈ ਨਹੀਂ ਕੀਤੀ, ਸਜ਼ਾ ਹੋਵੇਗੀ ਪਰ ਆਪ ਜੀ ਦੀ ਸਾਦਗੀ ਵਾਲੀ ਸਫ਼ਾਈ ਦੇਖਕੇ ਦੋਹਾਂ ਨੂੰ ਦਸ-ਦਸ ਦਿਨਾਂ ਦੀ ਛੁੱਟੀ ਦੇ ਦਿੱਤੀ। ਦੂਜਿਆਂ ਨੂੰ ਝਾੜਾਂ ਪਾਈਆਂ ਕਿ ਤੁਹਾਡੇ ਪਾਸ ਵਿਖਾਵਾ ਬਹੁਤਾ ਹੈ, ਅਮਲੀ ਜੀਵਨ ਘੱਟ। ਗੌਰਮਿੰਟ ਦੇ ਕੁਆਟਰ ਸਨ ਆਪੇ ਸਰਕਾਰ ਕਲੀ (ਸਫ਼ੈਦੀ) ਕਰਵਾਉਂਦੀ ਤੁਸਾਂ ਕਿਉਂ ਪੈਸੇ ਖਰਚ ਕੀਤੇ? ਧੋਬੀ ਦੀਆਂ ਚਾਦਰਾਂ ਕਿਰਾਏ ਤੇ ਲਿਆਉਣ ਦੀ ਕੀ ਲੋੜ ਸੀ? ਆਪ ਜੀ ਦਫ਼ਤਰ ਚੋਂ ਬਾਹਰ ਆਏ। ਅਕਾਲ ਪੁਰਖ ਦਾ ਧੰਨਵਾਦ ਕੀਤਾ ਅਤੇ ਛੁੱਟੀ ਦੇ ਦਿਨ ਰੇਰੂ ਸਾਹਿਬ ਬਿਤਾਏ।

# ਪਵਿੱਤਰ ਉਪਦੇਸ਼

ਆਪ ਜੀ ਨੂੰ ਸੰਤ ਮਹਾਰਾਜ ਜੀ ਤੋਂ ਉਪਦੇਸ਼ ਲਿਆਂ ਤਕਰੀਬਨ ਪੰਜ ਕੁ ਸਾਲਾਂ ਦਾ ਸਮਾਂ ਹੋ ਗਿਆ ਅਤੇ ਪਟਿਆਲੇ ਤੋਪਖਾਨੇ ਦੀ ਨੌਕਰੀ-ਕਰਦਿਆਂ ਦਸ ਸਾਲ ਹੋਣ ਲੱਗੇ ਸਨ। ਛੁੱਟੀ ਦਾ ਸਮਾਂ ਆਪ ਰੇਰੂ ਸਾਹਿਬ ਹੀ ਸੰਤਾਂ ਦੇ ਚਰਨਾਂ ਵਿੱਚ ਬਤੀਤ ਕਰਦੇ। ਛੁੱਟੀ ਵੀ ਉਸ ਸਮੇਂ ਲੈਣੀ ਜਦੋਂ ਕਿ ਗੁਰਦੁਆਰੇ ਸਾਹਿਬ ਸੇਵਾ ਹੋਣੀ। ਕਣਕਾਂ ਦੀ ਵਢਾਈ ਤੇ ਮੱਕੀਆਂ ਦੀ ਗੁਡਾਈ ਦੇ ਟਾਇਮ ਗੁਰੂ ਕੇ ਲੰਗਰ ਦੀ ਸੇਵਾ ਜਾਂ ਗੁਰਦੁਆਰੇ ਸਾਹਿਬ ਦੀ ਖੇਤੀ ਕਰਵਾਉਣੀ ਜਾਂ ਵੇਹਲੇ ਸਮੇਂ ਸੰਤ ਮਹਾਰਾਜ ਦੀ ਘੋੜੀ ਦੀ ਸੇਵਾ ਸੰਭਾਲ ਕਰਨੀ, ਉਸਦੀ ਮਾਲਸ਼ ਕਰਨੀ, ਦਾਣਾ ਚਾਰਣਾ, ਪੱਠੇ ਪਾਉਣੇ। ਘੋੜੀ ਦਾ ਵੀ ਆਪ ਜੀ ਨਾਲ ਅਤਿਅੰਤ ਹਿੱਤ ਵਧ ਗਿਆ, ਦੂਰੋਂ ਹੀ ਦੇਖਕੇ ਹਿਣਕਣ ਲੱਗ ਪੈਂਦੀ। ਧਰਤੀ ਤੇ ਪੌੜ ਮਾਰਦੀ, ਸੰਤ ਜੀ ਮਹਾਰਾਜ ਅਸਵਾਰੀ ਕਰਨ ਸਮੇਂ ਘੋੜੀ ਦਾ ਸਰੀਰ ਸਾਫ਼ ਸੁਥਰਾ ਤੇ ਮਾਲਸ਼ ਨਾਲ ਚਮਕਾਇਆ ਦੇਖਕੇ ਬੜੇ ਪ੍ਰਸੰਨ ਹੁੰਦੇ। ਉਸ ਸਮੇਂ ਸਾਰੇ ਫੌਜੀਆਂ ਨੂੰ ਇਕੱਠਿਆਂ ਦੇਖਕੇ ਇਹ ਉੱਤਮ ਉਪਦੇਸ਼ ਕੀਤਾ, "ਗੁਰਸਿਖੋ! ਸਫ਼ਾਈ ਵਿੱਚ ਹੀ ਖ਼ੁਦਾਈ ਹੈ। ਜਿਵੇਂ ਸਾਫ਼ ਕਪੜਾ, ਸਾਫ਼ ਥਾਂ, ਸਾਫ਼ ਸਰੀਰ ਹਰ ਇੱਕ ਨੂੰ ਚੰਗਾ ਲੱਗਦਾ ਹੈ, ਇਸੇ ਤਰ੍ਹਾਂ ਸਾਫ਼ ਮਨ ਵਾਲਾ ਗੁਰਮੁਖ ਹੀ ਪ੍ਰਮੇਸ਼ਵਰ ਨੂੰ ਭਾਉਂਦਾ ਹੈ ਕਿਉਂਕਿ ਉਸ ਥਾਂ ਤੇ ਆਪ ਪ੍ਰਮੇਸ਼ਰ ਦਾ ਵਾਸਾ ਹੈ। ਜਿੱਥੇ ਜਗ੍ਹਾ ਦੀ ਸਫ਼ਾਈ ਨਹੀਂ, ਕਮਰਾ ਗੰਦਾ ਹੈ, ਥਾਂ-ਥਾਂ ਕੂੜਾ ਕਰਕਟ ਖਿੰਡਿਆ ਪਿਆ ਹੈ, ਬਿਸਤਰਾ ਮੈਲਾ ਹੈ, ਦਰੀ ਚਾਦਰ ਵੱਟ ਪਏ ਹੋਏ ਹਨ, ਉਥੇ ਕਿਸੇ ਵੀ ਸਫ਼ਾਈ ਪਸੰਦ ਮਨੁੱਖ ਦਾ ਰਹਿਣ ਨੂੰ ਜੀਅ ਨਹੀਂ ਕਰਦਾ। ਇਸੇ ਤਰ੍ਹਾਂ ਜਿੱਥੇ ਹਰ ਸਮੇਂ ਤ੍ਰਿਲੋਕੀ ਦੇ ਮਾਲਕ ਨੇ ਰਹਾਇਸ਼ ਰੱਖਣੀ ਹੈ, ਉਹ ਥਾਂ ਤਾਂ ਫੇਰ ਦੱਸੋ, ਕੇਹੋ ਜੇਹੀ ਸੁੰਦਰ ਤੇ ਸਾਫ਼ ਹੋਣੀ ਚਾਹੀਦੀ ਹੈ? ਤੁਸੀਂ ਆਪ ਹੀ ਸੋਚ ਲਵੋ! ਜਿੱਥੇ ਅੰਤਸ਼-ਕਰਨ ਰੂਪ ਸੇਜਾ ਦੇ ਮਨ ਬੁੱਧ ਚਿਤ ਹੰਕਾਰ ਦੀ ਸ਼ੁੱਧਤਾ ਰੂਪ ਇਹ ਚਾਰ ਪਾਵੇ ਹਨ। ਇਨ੍ਹਾਂ ਦੀ ਬਿਰਤੀ ਦਾ ਇਕਾਗਰ ਕਰਨਾ, ਬਾਹੀਆਂ ਤੇ ਸੇਰੂ ਬਣਾਏ ਹਨ। ਪ੍ਰੇਮ ਦਾ ਵਾਣ ਪਾਇਆ ਹੈ। ਤੁਲਤਾ ਦੀ ਤਲਾਈ ਤੇ ਸਮਤਾ ਦੀ ਵਿਛਾਈ ਕੀਤੀ ਹੋਈ ਹੈ। ਹੰਕਾਰ ਦੇ ਤਿਆਗ ਰੂਪ ਵਿੱਚ ਸਿਰਹਾਣਾ ਹੈ। ਉਪਰ ਭਗਤੀ ਦਾ ਸਿਰਪੋਸ਼ ਤਾਣਿਆਂ ਹੈ। ਇਸਦੇ ਵਿੱਚ ਵਿਵੇਕ ਵੈਰਾਗ ਆਦਿ ਸ਼ੁਭ ਗੁਣਾਂ ਦੇ ਤੋਤੇ ਜੜੇ ਹਨ। ਫੇਰ ਉਸ ਥਾਂ ਤੇ ਅਭਾਸ ਬ੍ਰਿਤੀ ਸਖੀ ਦਾ ਸਾਖੀ ਚੇਤਨ ਨਾਲ ਮਿਲਾਪ ਹੈ। ਸੋ ਗੁਰਸਿਖੋ! ਤੁਸੀਂ ਵੀ ਆਪਣੇ ਮਨ ਨੂੰ ਸਾਫ਼ ਤੇ ਸ਼ੁੱਧ ਕਰਕੇ ਚਮਕਾਓ।"

## ਨੌਕਰੀ ਦਾ ਤਿਆਗ

ਹਜ਼ੂਰ ਦੀ ਪਾਵਨ ਰਸਨਾ ਤੋਂ ਇਸ ਪ੍ਰਕਾਰ ਦੇ ਕਲਿਆਣ ਦਾਇਕ ਪਵਿੱਤ੍ਰ ਬਚਨ ਸੁਣਕੇ ਸਾਰਿਆਂ ਦੇ ਮਨ ਦ੍ਰਵੀ ਭੂਤ ਹੋ ਗਏ। ਉਸ ਸਮੇਂ ਜੋ ਅਸਰ ਆਪ ਜੀ ਦੇ ਸ਼ੁੱਧ ਤੇ ਸਾਫ਼ ਹਿਰਦੇ ਤੇ ਪਿਆ ਉਹ ਨਿਮਾਣੀ ਕਲਮ ਵਰਣਨ ਨਹੀਂ ਕਰ ਸਕਦੀ। ਆਪ ਨੇ ਨੌਕਰੀ ਦੇ ਤਿਆਗ ਕਰਨ ਦਾ ਪੂਰਾ ਖ਼ਿਆਲ ਬਣਾ ਲਿਆ ਕਿ ਜ਼ਿੰਦਗੀ ਦਾ ਬਾਕੀ ਹਿੱਸਾ ਗੁਰ-ਚਰਨਾਂ ਵਿਖੇ ਸੇਵਾ ਸਿਮਰਨ ਵਿੱਚ ਬਤੀਤ ਕਰੀਏ। ਇਉਂ ਛੁੱਟੀ ਖ਼ਤਮ ਹੋਈ ਤੋਂ ਜਾਣ ਦੇ ਸਮੇਂ ਇਕਾਂਤ ਅਸਥਾਨ ਵਿਖੇ ਬਾਬਾ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ, "ਦਾਤਾ ਜੀ! ਕ੍ਰਿਪਾ ਕਰੋ ਅਤੇ ਚਰਨ ਸ਼ਰਨ ਬਖ਼ਸ਼ੋ।"

ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥
ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥

(ਪੰਨਾ ੭੪੨)

ਤੁਮ ਦਾਤੇ ਠਾਕੁਰ ਪ੍ਰਤਿਪਾਲਕ
ਨਾਇਕ ਖਸਮ ਹਮਾਰੇ ॥
ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ
ਹਮ ਬਾਰਿਕ ਤੁਮਰੇ ਧਾਰੇ ॥੧॥
ਜਿਹਵਾ ਏਕ ਕਵਨ ਗੁਨ ਕਹੀਐ ॥
ਬੇਸੁਮਾਰ ਬੇਅੰਤ ਸੁਆਮੀ
ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥ ਰਹਾਉ ॥
ਕੋਟਿ ਪਰਾਧ ਹਮਾਰੇ ਖੰਡਹੁ
ਅਨਿਕ ਬਿਧੀ ਸਮਝਾਵਹੁ ॥
ਹਮ ਅਗਿਆਨ ਅਲਪ ਮਤਿ ਥੋਰੀ
ਤੁਮ ਆਪਨ ਬਿਰਦੁ ਰਖਾਵਹੁ ॥੨॥
ਤੁਮਰੀ ਸਰਣਿ ਤੁਮਾਰੀ ਆਸਾ
ਤੁਮ ਹੀ ਸਜਨ ਸੁਹੇਲੇ ॥
ਰਾਖਹੁ ਰਾਖਨਹਾਰ ਦਇਆਲਾ
ਨਾਨਕ ਘਰ ਕੇ ਗੋਲੇ ॥੩॥੧੨॥

(ਪੰਨਾ ੬੭੩)

ਉਸ ਸਮੇਂ ਇਨ੍ਹਾਂ ਦੀ ਬੇਨਤੀ ਸੁਣਕੇ ਭੂਤ, ਭਵਿੱਖਤ ਵਰਤਮਾਨ ਦੇ ਜਾਨਣਹਾਰ ਨੇ ਸੋਚਿਆ ਕਿ ਠੀਕ ਸਮੇਂ ਅਰਜ਼ ਕੀਤੀ ਹੈ। ਦੋਵੇਂ ਵਿਅਕਤੀਆਂ ਦੇ ਮਿਲਾਪ ਦਾ ਟਾਈਮ ਆ ਗਿਆ ਜੋ ਪਹਿਲਾਂ ਕਈ ਜਨਮਾਂ ਦੇ ਇਕੱਠੇ ਹੀ ਭਗਤੀ ਕਰਦੇ ਆ ਰਹੇ ਹਨ। ਇਹ ਮਿਲਾਪ ਅੱਗੇ ਵਾਸਤੇ ਸਾਰੀ ਜ਼ਿੰਦਗੀ "ਏਕ ਜੋਤਿ ਦੁਇ ਮੂਰਤੀ" ਵਾਂਗੂੰ ਇੱਕ ਰਸ ਪੂਰਣ ਨਿਭੇਗਾ ਅਤੇ ਇਨ੍ਹਾਂ ਦੇ ਵਿਸ਼ਾਲ ਮੋਢਿਆਂ ਤੇ ਅਸਥਾਨ ਦੀ ਸਾਰੀ ਜ਼ੁੰਮੇਂਵਾਰੀ ਦਾ ਭਾਰ ਸੌਂਪ ਕੇ ਆਪ ਪਰ-ਉਪਕਾਰੀ ਮਹਾਂ-ਪੁਰਸ਼ ਦੁਨੀਆਂ ਦਾ ਭਲਾ ਕਰੇਗਾ। ਇਨ੍ਹਾਂ ਦੇ ਪੂਰਨ ਸਹਿਯੋਗ ਨਾਲ ਹਿੰਦੁਸਤਾਨ ਦੇ ਕੋਨੇ-ਕੋਨੇ ਅਤੇ ਬਾਹਰਲੇ ਟਾਪੂਆਂ ਵਿੱਚ ਗੁਰੂ ਨਾਨਕ ਦੀ ਬਾਣੀ ਦੀ ਬਾਰਸ਼ ਕਰਕੇ ਤਪਦੇ ਹਿਰਦੇ ਠਾਰੇਗਾ। ਉਸ ਸਮੇਂ ਬਾਬਾ ਜੀ ਨੇ ਆਗਿਆ ਕੀਤੀ, "ਜਿਵੇਂ ਤੁਹਾਡਾ ਆਪਣਾ ਖਿਆਲ ਹੈ ਕਰੋ।" ਫੇਰ ਅਰਜ਼ ਕੀਤੀ, "ਮਹਾਰਾਜ! ਪਟਿਆਲਾ ਰਿਆਸਤ ਵਿੱਚ ਇਹ ਕਾਨੂੰਨ ਹੈ ਕਿ ਪੰਜ ਸਾਲਾਂ ਤੋਂ ਪਹਿਲਾਂ ਤਾਂ ਫੌਜੀ ਆਪਣਾ ਨਾਮ ਕਟਵਾ ਹੀ ਨਹੀਂ ਸਕਦਾ। ਪਰ ਮੇਰੀ ਤਾਂ ਗ਼ਰੀਬ ਨਿਵਾਜ਼! ਦਸ ਸਾਲਾਂ ਦੀ ਸਰਵਿਸ ਹੋ ਗਈ। ਫੇਰ ਵੀ ਪੰਜ ਸਾਲਾਂ ਤੋਂ ਬਾਅਦ ਜੇ ਕੋਈ ਅਸਤੀਫ਼ਾ ਦੇਵੇ ਤਾਂ ਉਹ ਪਹਿਲਾਂ ਆਪਣੀ ਥਾਂ ਤੇ ਦੋ ਆਦਮੀ ਭਰਤੀ ਕਰਵਾਵੇ। ਤਾਂ ਉਸਦਾ ਅਸਤੀਫ਼ਾ ਮਨਜ਼ੂਰ ਹੋ ਸਕਦਾ ਹੈ, ਇਹ ਮੇਰੇ ਵਾਸਤੇ ਬੜੀ ਮੁਸ਼ਕਲ ਆ ਬਣੀ ਹੈ।"

ਸੰਤ ਜੀ ਮਹਾਰਾਜ ਨੇ ਹੁਕਮ ਕੀਤਾ, "ਕੋਈ ਗੱਲ ਨਹੀਂ ਸਭ ਠੀਕ ਹੋ ਜਾਵੇਗਾ। ਤੁਸੀਂ ਕਿਸੇ ਸਮੇਂ ਆਪਣੇ

ਅਫ਼ਸਰ ਜਮਾਂਦਾਰ ਨੂੰ ਏਥੇ ਸਾਡੇ ਪਾਸ ਲੈ ਆਉਣਾ ਅਸੀਂ ਉਸਨੂੰ ਆਖ ਦੇਵਾਂਗੇ ਫੇਰ ਉਹ ਆਪੇ ਹੀ ਤੁਹਾਡੀ ਥਾਂ ਤੇ ਦੋ ਰੰਗਰੂਟ ਦੇ ਕੇ ਅਸਤੀਫ਼ਾ ਮਨਜ਼ੂਰ ਕਰਵਾ ਦੇਵੇਗਾ।" ਉਸ ਸਮੇਂ ਆਪ ਜੀ ਨੇ ਸੱਤ ਬਚਨ ਆਖਕੇ ਪਾਵਨ ਚਰਨਾਂ ਤੇ ਨਮਸ਼ਕਾਰ ਕੀਤੀ ਤੇ ਆਗਿਆ ਪਾ ਕੇ ਪਟਿਆਲੇ ਆਪਣੀ ਡਿਊਟੀ ਤੇ ਆ ਹਾਜ਼ਰ ਹੋਏ।

ਪਟਿਆਲਾ ਸਰਕਾਰ ਵਲੋਂ ਤੋਪਖਾਨੇ ਦੇ ਸਾਰੇ ਫੌਜੀਆਂ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਦਿਨਾਂ ਵਿੱਚ ਫਤਿਹਗੜ੍ਹ ਸਾਹਿਬ ਦੇ ਜੋੜ ਮੇਲੇ ਤੇ ਜਾਣ ਵਾਸਤੇ ਤਿੰਨ ਦਿਨਾਂ ਦੀ ਛੁੱਟੀ ਮਿਲਦੀ। ਉਸ ਸਮੇਂ ਚਾਹੇ ਕੋਈ ਫਤਿਹਗੜ੍ਹ ਸਾਹਿਬ ਜੋੜ ਮੇਲੇ ਤੇ ਚਲਿਆ ਜਾਵੇ ਅਤੇ ਚਾਹੇ ਕੋਈ ਇਨ੍ਹਾਂ ਦਿਨਾਂ ਵਿੱਚ ਹੀ ਆਪਣੇ ਪਿੰਡ ਹੋ ਆਵੇ। ਆਪ ਜੀ ਤੇ ਹੋਰ ਸੰਤ ਮਹਾਰਾਜ ਦੇ ਉਪਦੇਸ਼ੀ ਤਾਂ ਫਤਿਹਗੜ੍ਹ ਸਾਹਿਬ ਹੀ ਜਾਇਆ ਕਰਦੇ। ਦਿਨੇਂ ਆਪਣੇ ਹੱਥੀਂ ਲੰਗਰ ਦੀ ਅਤੇ ਰਾਤੀਂ ਪਹਿਰੇ ਦੀ ਸੇਵਾ ਕਰਨੀ, ਦੀਵਾਨ ਸੁਣਨੇ ਅਤੇ ਵਾਪਸ ਆਉਂਦਿਆਂ ਰੇਰੂ ਸਾਹਿਬ ਦਰਸ਼ਨ ਭੀ ਜ਼ਰੂਰ ਕਰਦੇ। ਐਤਕੀਂ ਵੀ ਬਖੌਤਰ ਸਿੰਘ ਜਮਾਂਦਾਰ ਦੇ ਸਮੇਤ (ਜੋ ਭਾਈ ਕੀਆਂ ਬਾਗੜੀਆਂ ਦੇ ਪਾਸ ਖੜਕ ਸਿੰਘ ਵਾਲੀਆਂ ਛੰਨਾਂ ਦਾ ਸੀ) ਜਿਸਦੇ ਨਾਲ ਉਸਦੀ ਬ੍ਰਿਧ ਮਾਤਾ ਜੀ ਵੀ ਹੈ ਅਤੇ ਹੋਰ ਵੀ ਫੌਜੀ ਸਿੰਘ ਹਨ ਆਪ ਜੀ ਫਤਿਹਗੜ੍ਹ ਪੁੱਜੇ। ਦੋ ਦਿਨ ਤੇ ਦੋ ਰਾਤਾਂ ਦਰਸ਼ਨ ਮੇਲਾ ਕੀਤਾ। ਦੀਵਾਨ ਦੀ ਸਮਾਪਤੀ ਤੋਂ ਆਪ ਜੀ ਤੀਹ ਬੱਤੀ ਸਾਥੀਆਂ ਸਮੇਤ ਰੇਰੂ ਸਾਹਿਬ ਜਾਣ ਨੂੰ ਤਿਆਰ ਹੋ ਗਏ।

ਜਦੋਂ ਆਪ ਜੀ ਨੇ ਜਮਾਂਦਾਰ ਬਖੌਤਰ ਸਿੰਘ ਨੂੰ ਨਾਲ ਜਾਣ ਵਾਸਤੇ ਆਖਿਆ ਤਾਂ ਪਹਿਲਾ ਤਾਂ ਉਹ ਨਾ ਮੰਨੇ ਪਰ ਜਦੋਂ ਉਨ੍ਹਾਂ ਦੀ ਬਿਰਧ ਮਾਤਾ ਨੂੰ ਪਤਾ ਲੱਗਾ ਤਾਂ ਉਸਨੇ ਆਪਣੇ ਪੁੱਤਰ ਬਖਤੌਰ ਸਿੰਘ ਨੂੰ ਵੀ ਨਾਲ ਹੀ ਤਿਆਰ ਕਰ ਲਿਆ ਕਿ ਚਲੋ ਪੁੱਤਰ ਆਪਾਂ ਭੀ ਸੰਤਾਂ ਦੇ ਦਰਸ਼ਨ ਕਰ ਆਈਏ। ਮੇਰੀ ਬ੍ਰਿਧ ਉਮਰ ਹੁਣ ਤਾਂ ਨਦੀ ਕਿਨਾਰੇ ਰੁਖੜੇ ਵਾਂਗੂੰ ਹੈ। ਉਨ੍ਹਾਂ ਦੀ ਬੜੀ ਸਿਫ਼ਤ ਸ਼ਲਾਘਾ ਸੁਣੀਦੀ ਹੈ। ਪਟਿਆਲੇ ਦੇ ਬਹੁਤ ਸਾਰੇ ਫੌਜੀ ਹਰੇਕ ਮਹੀਨੇ ਉਥੇ ਜਾਂਦੇ ਹਨ।

ਇਉਂ ਆਖਕੇ ਦੋਵੇਂ ਮਾਂ-ਪੁੱਤ ਨਾਲ ਹੀ ਚੱਲ ਪਏ। ਸਾਰੇ ਸਰੀਰ ਸਰਹੰਦ ਤੋਂ ਗੱਡੀ ਬੈਠਕੇ ਦੋਰਾਹੇ ਆ ਉੱਤਰੇ। ਗੁਰਦੁਆਰੇ ਸਾਹਿਬ ਨੂੰ ਜਾਂਦਿਆਂ ਰਸਤੇ ਵਿੱਚ ਸੰਤਾਂ ਦੇ ਬਚਨ ਚੱਲੇ ਤਾਂ ਆਪ ਜੀ ਨੇ ਜਮਾਂਦਾਰ ਨੂੰ ਆਖਿਆ ਕਿ ਜੇਕਰ ਸੰਤ ਤੁਹਾਨੂੰ ਕੋਈ ਕੰਮ ਆਖਣ ਤਾਂ ਤੁਸੀਂ ਉਨ੍ਹਾਂ ਦਾ ਬਚਨ ਮੰਨ ਲੈਣਾ। ਨਾਂਹ ਨਹੀਂ ਕਰਨੀ। ਉਸਨੇ ਕਿਹਾ, "ਮੈਂ ਤਾਂ ਪਹਿਲੀ ਵੇਰ ਹੀ ਦਰਸ਼ਨਾਂ ਨੂੰ ਜਾ ਰਿਹਾ ਹਾਂ। ਅਜੇ ਤੱਕ ਉਨ੍ਹਾਂ ਦਾ ਪੂਰਾ ਵਾਕਫ਼ ਵੀ ਨਹੀਂ ਖ਼ਬਰੇ ਕੀ ਕੰਮ ਦੱਸਣ? ਮੰਨਣ ਵਾਲਾ ਹੋਵੇ ਜਾਂ ਨਾ।" ਤਾਂ ਆਪ ਜੀ ਨੇ ਕਿਹਾ, "ਉਹ ਮੇਰੇ ਅਸਤੀਫੇ ਬਾਬਤ ਹੀ ਤੁਹਾਨੂੰ ਆਖਣਗੇ। ਮੈਨੂੰ ਆਪਣੀ ਘੋੜੀ ਦੀ ਸੇਵਾ ਵਾਸਤੇ ਚਰਨਾਂ ਵਿੱਚ ਰੱਖਣਾ ਚਾਹੁੰਦੇ ਹਨ।" ਜਮਾਂਦਾਰ ਕਹਿਣ ਲੱਗਾ, "ਫੇਰ ਤੁਸੀਂ ਉਨ੍ਹਾਂ ਨੂੰ ਬੇਨਤੀ ਕਰਕੇ ਮੇਰੀ ਮਾਤਾ ਜੀ ਨੂੰ ਭਜਨ ਸਿਮਰਨ ਦਾ ਉਪਦੇਸ਼ ਦਿਵਾ ਦੇਣਾ। ਮੈਂ ਆਪੇ ਹੀ ਤੁਹਾਡੇ ਥਾਂ ਦੋ ਆਦਮੀ ਦੇ ਕੇ ਤੁਹਾਡਾ ਨਾਮ ਕਟਵਾ ਦੇਵਾਂਗਾ।"

ਇਉਂ ਵਿਚਾਰਾਂ ਕਰਦੇ ਹੋਏ ਗੁਰਦੁਆਰੇ ਸਾਹਿਬ ਪੁੱਜੇ, ਗੁਰੂ ਦਰਬਾਰ ਨੂੰ ਨਮਸ਼ਕਾਰ ਕਰਕੇ ਮੰਜੀ ਸਾਹਿਬ ਮੱਥਾ ਟੇਕਿਆ। ਲੰਗਰ ਵਿੱਚ ਜਾ ਕੇ ਜਲ ਪਾਣੀ ਛਕਿਆ। ਇਤਨੇ ਨੂੰ ਸ਼ਾਮ ਹੋ ਗਈ ਤਾਂ ਸੰਤ ਜੀ ਮਹਾਰਾਜ ਵੀ ਬਾਹਰੋਂ ਆ ਗਏ। ਸਭਨਾਂ ਨੇ ਭਾਵਨਾ ਅਨੁਸਾਰ ਭੇਟਾ ਅਰਪਕੇ ਚਰਨ ਪਰਸੇ। ਸਾਦਾ ਲਿਬਾਸ ਤੇ ਨੂਰਾਨੀ ਚੇਹਰਾ ਤੱਕ ਕੇ ਜਮਾਂਦਾਰ ਤਾਂ ਉਸੇ ਸਮੇਂ ਹੀ ਪੂਰਨ ਸ਼ਰਧਾਲੂ ਬਣ ਗਿਆ ਕਿਉਂਕਿ ਉਸਦਾ ਤਪਦਾ ਮਨ ਤਤਛਿਨ ਸ਼ਾਂਤ ਹੋ ਗਿਆ। ਆਪ ਜੀ ਨੇ ਉਸ ਸਮੇਂ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ ਕਿ, "ਮਹਾਰਾਜ! ਇਹ ਸਾਡਾ ਸੈਕਸ਼ਨ ਕਮਾਂਡਰ ਜਮਾਂਦਾਰ ਹੈ" ਤਾਂ ਆਪ ਜੀ ਨੇ ਕਿਹਾ, "ਜਮਾਂਦਾਰ ਸਾਹਿਬ! ਸਾਡਾ ਇੱਕ ਕੰਮ ਕਰੋ। ਸਾਨੂੰ ਘੋੜੀ ਵਾਸਤੇ ਸੇਵਾਦਾਰ ਦੀ ਜ਼ਰੂਰਤ ਹੈ ਅਤੇ ਇਨ੍ਹਾਂ ਦਾ ਵੀ ਏਥੇ ਰਹਿਕੇ ਸੇਵਾ ਕਰਨ ਦਾ ਤੀਬਰ ਖ਼ਿਆਲ ਹੈ, ਸੋ ਬਈ! ਤੂੰ ਇਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਕਰਵਾ ਦੇਹ" ਤਾਂ ਜਮਾਂਦਾਰ ਨੇ ਹੱਥ ਜੋੜ ਕੇ ਆਖਿਆ, "ਸੱਤ ਬਚਨ ਜੀ।"

ਆਪ ਜੀ ਨੇ ਬੇਨਤੀ ਕੀਤੀ, "ਮਹਾਰਾਜ! ਇਹ ਕਹਿੰਦੇ ਹਨ ਕਿ ਸੰਤ ਜੀ ਮਹਾਰਾਜ ਕ੍ਰਿਪਾ ਕਰਕੇ ਮੇਰੀ ਮਾਤਾ ਨੂੰ ਉਪਦੇਸ਼ ਬਖ਼ਸ਼ ਦੇਣ। ਮੈਂ ਆਪਣੀ ਵਲੋਂ ਸਿਫ਼ਾਰਸ਼ ਕਰਕੇ ਕਿ ਇਨ੍ਹਾਂ ਨੂੰ ਘਰ ਵਿੱਚ ਜ਼ਰੂਰੀ ਕੰਮ ਹੈ ਅਤੇ ਦੋ ਆਦਮੀ ਵੀ ਆਪਣੇ ਵਲੋਂ ਦੇ ਕੇ ਅਸਤੀਫ਼ਾ ਮਨਜ਼ੂਰ ਕਰਵਾ ਦੇਵਾਂਗਾ।" ਸ੍ਰੀ ਹਜ਼ੂਰ ਕਹਿਣ ਲੱਗੇ, "ਇਸਨੇ ਅੰਮ੍ਰਿਤ ਛਕਿਆ ਹੈ?" ਕਿਉਂਕਿ ਆਪ ਜੀ ਪਹਿਲਾਂ ਅੰਮ੍ਰਿਤ ਛਕਾਉਂਦੇ ਫੇਰ ਉਪਦੇਸ਼ ਦੀ ਬਖ਼ਸ਼ਿਸ਼ ਕਰਦੇ।

ਇਸਨੇ ਅਰਜ਼ ਕੀਤੀ, "ਹਾਂ ਮਹਾਰਾਜ! ਅੰਮ੍ਰਿਤ ਤਾਂ ਛਕਿਆ ਹੋਇਆ ਹੈ" ਤਾਂ ਹੁਕਮ ਕੀਤਾ, "ਸਵੇਰੇ ਸਵੱਖਤੇ ਹੀ ਨਾਲ ਲੈ ਕੇ ਆਉਣਾ।" ਦੂਜੇ ਦਿਨ ਅੰਮ੍ਰਿਤ ਵੇਲੇ ਇਸ ਮਾਤਾ ਤੇ ਹੋਰ ਨਵੇਂ ਆਏ ਫੌਜੀਆਂ ਨੂੰ ਨਾਮਦਾਨ ਦੀ ਬਖ਼ਸ਼ਸ਼ ਕੀਤੀ। ਫੇਰ ਸਾਰੇ ਹੀ ਬਾਬਾ ਜੀ ਦੀ ਆਗਿਆ ਪਾ ਕੇ ਵਾਪਸ ਪਟਿਆਲੇ ਆ ਗਏ।

ਜਮਾਂਦਾਰ ਨੇ ਉਸ ਸਮੇਂ ਆਪਣੇ ਨਗਰੋਂ ਦੋ ਰੰਗਰੂਟ ਭਰਤੀ ਕਰਵਾ ਦਿੱਤੇ। ਇੱਕ ਰੂੜ ਸਿੰਘ ਤੇ ਇੱਕ ਹੋਰ ਪ੍ਰੇਮੀ ਨੂੰ ਅਤੇ ਆਪ ਵੀ ਪੂਰੀ ਸਿਫ਼ਾਰਸ਼ ਕੀਤੀ ਕਿ ਇਨ੍ਹਾਂ ਨੂੰ ਜ਼ਰੂਰੀ ਕੰਮ ਹੈ ਅਸਤੀਫ਼ਾ ਮਨਜ਼ੂਰ ਕੀਤਾ ਜਾਵੇ। ਇਹ ਸਰਕਾਰੀ ਕਾਨੂੰਨ ਅਨੁਸਾਰ ਆਪਣੀ ਥਾਂ ਦੋ ਆਦਮੀ ਵੀ ਦੇ ਰਹੇ ਹਨ ਅਤੇ ਦਸ ਸਾਲ ਦੀ ਸਰਵਿਸ ਭੀ ਹੈ। ਉਹਨੀਂ ਦਿਨੀਂ ਗਰਮੀ ਦੇ ਮੌਸਮ ਵਿੱਚ ਦਫ਼ਤਰ ਸ਼ਿਮਲੇ ਚਲਿਆ ਜਾਂਦਾ, ਸਰਦੀਆਂ ਵਿੱਚ ਹੇਠਾਂ ਆ ਜਾਂਦਾ। ਇਉਂ ਅਸਤੀਫੇ ਵਾਲੇ ਕਾਗ਼ਜ਼ ਚਾਰ ਕੁ ਮਹੀਨੇ ਘੁੰਮ-ਘੁਮਾਕੇ ਅਸਤੀਫ਼ਾ ਮਨਜ਼ੂਰ ਹੋ ਗਿਆ ਅਤੇ ੧੯੮੩ ਬਿਕ੍ਰਮੀ ਸੰਮਤ ਦੇ ਚੜ੍ਹਦੇ ਜੇਠ ਆਪ ਪੱਕੇ ਹੀ ਗੁਰ ਚਰਨਾਂ ਵਿੱਚ ਆ ਕੇ ਜੋ "ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ" ਹੈ ਸੋ ਸੰਭਾਲ ਲਈ। ਹਜ਼ੂਰ ਦੀ ਘੋੜੀ ਵੀ ਆਪ ਜੀ ਨੂੰ ਦੇਖਕੇ ਇਉਂ ਮਿਲੀ ਜਿਵੇਂ ਕੋਈ ਪੁਰਾਣਾ ਮਿੱਤਰ ਇੱਕ ਦੂਜੇ ਨੂੰ ਦੇਖਕੇ ਪ੍ਰਸੰਨ ਹੁੰਦਾ ਹੈ ਫੇਰ ਆਪ ਜੀ ਸੰਤ ਜੀ ਮਹਾਰਾਜ ਦੇ ਜੋਤੀ-ਜੋਤ ਸਮਾਉਣ ਤੱਕ ਉਨ੍ਹਾਂ ਦੇ ਚਰਨਾਂ ਵਿੱਚ ਹੀ ਸੇਵਾ ਕਰਦੇ ਰਹੇ।

ਨੋਟ: ਅਜ ਕਲ੍ਹ ਆਪ ਜੀ ਰਾੜੇ ਸਾਹਿਬ ਵਾਲੇ ਅਸਥਾਨ ਦੇ ਮੁਖੀ ਪ੍ਰਬੰਧਕ ਹੋ ਕੇ ਬੇਅੰਤ ਸੇਵਾ ਕਰਵਾ ਰਹੇ ਹਨ।

-o-

# ਦੂਜਾ ਕਾਂਡ

## ਸੰਤ ਬਿਸ਼ਨ ਸਿੰਘ ਜੀ ਦੀਆਂ

## -:ਜੀਵਨ ਝਲਕੀਆਂ:-

ਕੇਸਰ ਕਿਆਰੀ ਕਸ਼ਮੀਰ ਵਿੱਚ, ਮੁੱਲ ਪਵੇ ਬਜ਼ਾਰੀਂ।

ਕੇਸਰ ਜਿਵੇਂ ਕਸ਼ਮੀਰ ਦੀ ਧਰਤੀ ਵਿੱਚ ਪੈਦਾ ਹੁੰਦਾ ਹੈ ਪਰ ਮੁੱਲ ਉਸਦਾ ਬਾਹਰ ਆਕੇ ਪੈਂਦਾ ਹੈ। ਹਰਨ ਦੀ ਨਾਭੀ ਵਿੱਚ ਕਸਤੂਰੀ ਦਾ ਨਾਪਾ ਉਸਦੀ ਕੀਮਤ ਵਧਾਉਂਦਾ ਹੈ। ਇਸੇ ਤਰ੍ਹਾਂ ਕੌਣ ਜਾਣਦਾ ਸੀ ਕਿ ਜੰਗਲ ਦਾ ਪਛੜਿਆ ਇਲਾਕਾ ਜਿੱਥੇ ਪਾਣੀ ਤੇ ਵਿੱਦਿਆ ਦੀ ਅਸਲੋਂ ਹੀ ਘਾਟ, ਗੁਰਸਿੱਖੀ ਵਿੱਚ ਸਭ ਤੋਂ ਪਿੱਛੇ, ਪਰ ਏਹੋ ਜੇਹੇ ਕੀਮਤੀ ਹੀਰਿਆਂ ਨੂੰ ਜਨਮ ਦੇਵੇਗਾ ਜਿਨ੍ਹਾਂ ਨੇ ਕਿਸੇ ਜੌਹਰੀ ਦੀ ਪਾਰਖੂ ਅੱਖ ਦਾ ਨਿਸ਼ਾਨਾ ਬਣ ਕੇ ਦੁਨੀਆਂ ਦਾ ਭਲਾ ਕਰਨਾ ਹੈ।

ਅਕਾਲੀ ਲਹਿਰ ਸਮੇਂ ਗੰਗਸਰ ਮੋਰਚੇ ਦੀ ਜਿੱਤ ਦੇ ਕਾਰਣ ਜੈਤੋ ਸਾਰੇ ਭਾਰਤ-ਵਰਸ਼ ਤੇ ਇੰਗਲੈਂਡ ਤੱਕ ਪ੍ਰਸਿੱਧ ਹੈ, ਪਰ ਹੈ ਬਹੁਤ ਛੋਟੀ ਵਪਾਰਕ ਮੰਡੀ। ਪਹਿਲਾਂ ਇਹ ਨਾਭੇ ਰਿਆਸਤ ਵਿੱਚ ਰਹੀ। ਹੁਣ ਬਠਿੰਡੇ ਜ਼ਿਲ੍ਹੇ ਵਿੱਚ ਆ ਗਈ। ਏਥੋਂ ਦਾ ਸਿੱਧੂ ਗੋਤ ਚੋਂ ਰਸਾਲ ਪੱਤੀ ਦਾ ਪ੍ਰਸਿੱਧ ਜ਼ਿਮੀਂਦਾਰ ਸਰਦਾਰ ਰਤਨ ਸਿੰਘ ਜੀ ਹੋਇਆ ਹੈ ਜਿਸਦਾ ਪੁੱਤਰ ਸਰਦਾਰ ਕਾਹਨ ਸਿੰਘ ਧਾਰਮਿਕ ਖ਼ਿਆਲਾਂ ਦਾ ਸੰਤ ਸੇਵੀ ਸੀ। ਇਸਦੇ ਘਰੋਂ ਸ੍ਰੀਮਤੀ ਦਯਾ ਕੌਰ ਅਥਵਾ ਚੰਦ ਕੌਰ ਜੀ, ਜੋ ਗੋਲੇਵਾਲ ਤੋਂ ਸੂਦਾਰ ਘਰਾਣੇ ਦੀ ਸਿਖ ਬੱਚੀ ਸੀ, ਇਨ੍ਹਾਂ ਦੇ ਪੰਜ ਲੜਕੇ ਸਨ। ਪੂਰਨ ਸਿੰਘ, ਅਮਰ ਸਿੰਘ, ਮੰਗਲ ਸਿੰਘ, ਇੰਦਰ ਸਿੰਘ, ਸੰਤ ਬਿਸ਼ਨ ਸਿੰਘ ਜੀ ਤੇ ਹਰ ਕੌਰ ਨਾਮ ਕਰਕੇ ਇੱਕ ਭੈਣ ਸੀ ਜੋ ਜਟਾਣੇ ਪਿੰਡ ਈਸ਼ਰ ਸਿੰਘ ਨੂੰ ਵਿਆਹੀ ਸੀ। ਬਿਸ਼ਨ ਸਿੰਘ ਜੀ ਬਚਪਨ ਤੋਂ ਹੀ ਸਾਧੂ ਸੁਭਾਉ, ਖੁੱਲ੍ਹ-ਦਿਲੇ ਤੇ ਮਸਤ ਸਨ, ਜਿਸਨੇ ਪਹਿਲੇ ਮਾਪਿਆਂ ਦੀ ਨਿੱਘੀ ਗੋਦ ਦਾ ਸੁੱਖ ਮਾਣਿਆ, ਭੈਣਾਂ ਦਾ ਪਿਆਰ ਤੇ ਭਰਾਵਾਂ ਦੀ ਮੁਹੱਬਤ ਲਈ, ਘਰ ਵਿੱਚ ਵੀ ਮਰਜ਼ੀ ਆਈ ਕੰਮ-ਕਾਰ ਕਰਿਆ ਕਰਨ, ਨਹੀਂ ਤਾਂ ਸਾਧੂ ਸੰਤਾਂ ਕੋਲ ਬੈਠੇ ਰਹਿਣ। ਚੜ੍ਹਦੀ ਜਵਾਨੀ ਵਿੱਚ ਮਾਪਿਆਂ ਨੇ ਸ਼ਾਦੀ ਕਰਨੀ ਚਾਹੀ ਤਾਂ ਆਪ ਪਟਿਆਲੇ ਤੋਪਖਾਨੇ ਜਾ ਭਰਤੀ ਹੋਏ। ਨੇਕ ਖ਼ਿਆਲਾਂ ਦੇ ਕਾਰਨ ਏਥੇ ਵੀ ਸਾਰਿਆਂ ਨਾਲ ਮੇਲ ਮੁਲਾਕਾਤ ਵਧ ਗਏ। ਰੰਗਰੂਟੀ ਕਰਕੇ ਛੇਤੀ ਹੀ ਸਿਪਾਹੀ ਤੋਂ ਲੈਸ ਬਣ ਗਏ। ਪਟਿਆਲੇ ਤੋਪਖਾਨੇ ਦਾ ਕੀਰਤਨੀਆਂ ਜਥਾ ਬੜਾ ਮਸ਼ਹੂਰ ਸੀ ਜੋ ਬਾਹਰਲੇ ਪ੍ਰੋਗਰਾਮਾਂ ਤੇ ਵੀ ਜਾਂਦਾ ਤਾਂ ਉਸ ਵਿੱਚ ਆਪ ਪੂਰਾ ਹਿੱਸਾ ਲੈਂਦੇ। ਸੰਤ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਕਾਫ਼ੀ ਸਮਾਂ ਚਰਨਾਂ ਵਿੱਚ ਰਹਿਕੇ ਸੇਵਾ ਕਰਦੇ ਰਹੇ।

## ਕੌਰੀਆਂ ਨਗਰ ਨੂੰ ਵਰ

ਤੋਪਖਾਨੇ ਦੀ ਫੌਜੀ ਨੌਕਰੀ ਸਮੇਂ ਕੌਰੀਆਂ ਨਗਰ ਦੇ ਵਜ਼ੀਰ ਸਿੰਘ ਹੌਲਦਾਰ ਨਾਲ ਇੱਕ ਦੋ ਵਾਰੀ ਸੰਤ ਬਿਸ਼ਨ ਸਿੰਘ ਜੀ ਵੀ ਕੌਰੀਆਂ ਨਗਰ ਆਏ। ਸੰਗਤ ਨੇ ਬੜਾ ਪ੍ਰੇਮ ਕਰਨਾ ਤਾਂ ਆਪ ਉਸ ਸਮੇਂ ਕਈ-ਕਈ ਦਿਨ ਠਹਿਰ ਜਾਂਦੇ। ਫੇਰ ਤੋਪਖਾਨੇ ਦੀ ਨੌਕਰੀ ਦਾ ਅਸਤੀਫ਼ਾ ਦੇਣ ਤੋਂ ਬਾਅਦ ਵੀ ਏਥੇ ਆਇਆ ਕਰਦੇ। ਸੰਗਤ ਬੜੀ ਸ਼ਰਧਾਲੂ ਬਣ ਗਈ। ਆਪ ਜੀ ਨਾਲ ਰੇਰੂ ਸਾਹਿਬ ਵੀ ਜਾਇਆ ਕਰਦੇ। ਕਈ-ਕਈ ਦਿਨ ਠਹਿਰਕੇ ਉਥੇ ਸੇਵਾ ਕਰਦੇ। ਇੱਕ ਵਾਰੀ ਭਾਈ ਵਜ਼ੀਰ ਸਿੰਘ, ਗਿ. ਨਿਰੰਜਨ ਸਿੰਘ, ਪ੍ਰੀਤਮ ਸਿੰਘ, ਘੁਲਾ ਸਿੰਘ, ਕਰਤਾਰ ਸਿੰਘ ਤੇ ਹੋਰ ਇੱਕ ਦੋ ਪ੍ਰੇਮੀ ਆਪ ਜੀ ਨਾਲ ਵੱਡੇ ਸੰਤਾਂ ਪਾਸ ਰੇਰੂ ਸਾਹਿਬ ਦਰਸ਼ਨਾਂ ਨੂੰ ਗਏ।

ਉਸ ਸਮੇਂ ਦੋਰਾਹੇ ਵੱਲ ਦੀ ਡਿਉਢੀ ਅਤੇ ਕਮਰਿਆਂ ਦੀ ਸੇਵਾ ਹੋ ਰਹੀ ਸੀ। ਕੌਰੀਆਂ ਦੀ ਸੰਗਤ ਨੇ ਕਈ ਦਿਨ ਸੇਵਾ ਵਿੱਚ ਹਿੱਸਾ ਲੈ ਕੇ ਵੱਡੇ ਸੰਤਾਂ ਦੀ ਖ਼ੁਸ਼ੀ ਪ੍ਰਾਪਤ ਕੀਤੀ ਤਾਂ ਆਉਣ ਦੇ ਸਮੇਂ ਅਰਜ਼ ਕੀਤੀ, "ਮਹਾਰਾਜ! ਸਾਡੇ ਪਿੰਡ ਗੁਰਦੁਆਰਾ ਨਹੀਂ ਬਣਿਆ। ਆਪ ਕਿਰਪਾ ਕਰਕੇ ਉਸ ਜਗ੍ਹਾ ਦੀ ਸੇਵਾ ਵਾਸਤੇ ਕਿਸੇ ਮਹਾਂ-ਪੁਰਸ਼ ਦੀ ਡਿਊਟੀ ਲਾਓ।" ਤਾਂ ਵੱਡੇ ਬਾਬਾ ਜੀ ਕਹਿਣ ਲਗੇ, "ਜੋ ਤੁਹਾਨੂੰ ਆਪਣੇ ਨਾਲ ਏਥੇ ਸੇਵਾ ਵਾਸਤੇ ਲੈਕੇ ਆਏ ਹਨ, ਇਨ੍ਹਾਂ ਨੂੰ ਹੀ ਲੈ ਜਾਓ।" ਤਾਂ ਸੰਤ ਬਿਸ਼ਨ ਸਿੰਘ ਜੀ ਸੰਗਤ ਨਾਲ ਫੇਰ ਕੌਰੀਆਂ ਨੂੰ ਵਾਪਸ ਆ ਗਏ ਅਤੇ ੧੯੮੨ ਬਿਕ੍ਰਮੀ ਸੰਮਤ ਵਿੱਚ ਅਰਦਾਸ ਕਰਕੇ ਗੁਰੂ ਦਰਬਾਰ ਦੇ ਕਮਰੇ ਦੀ ਨੀਂਹ ਰੱਖੀ। ਕਈ ਪ੍ਰੇਮੀ ਕਹਿਣ ਲੱਗੇ, "ਮਹਾਰਾਜ! ਇਹ ਤਾਂ ਬਹੁਤ ਛੋਟਾ ਕਮਰਾ ਹੈ ਆਪ ਵੱਡੀ ਬਿਲਡਿੰਗ ਬਣਾਓ।"

ਸੰਤਾਂ ਨੇ ਬਚਨ ਕੀਤਾ, "ਅਜੇ ਤਾਂ ਇਤਨਾ ਕੁ ਅਸਥਾਨ ਬਣਨ ਦਾ ਹੀ ਗੁਰੂ ਘਰ ਵਲੋਂ ਹੁਕਮ ਹੋਇਆ ਹੈ ਜੋ ਤੁਸਾਂ ਆਖਿਆ ਹੈ ਇਹ ਵੀ ਤੁਹਾਡੀ ਬੇਨਤੀ ਗੁਰੂ ਨਾਨਕ ਪਾਤਸ਼ਾਹ ਮਨਜ਼ੂਰ ਕਰੇਗਾ। ਅੱਜ ਤੋਂ ਚਾਲੀ ਬਤਾਲੀ ਸਾਲ ਬਾਅਦ ਏਥੇ ਬਹੁਤ ਵੱਡਾ ਗੁਰ ਅਸਥਾਨ ਬਣੇਗਾ ਜਿਸਦੀ ਨੀਂਹ ਕਿਸੇ ਬਖ਼ਸ਼ੀ ਰੂਹ ਮਹਾਨ ਵਿਅਕਤੀ ਨੇ ਆਪਣੇ ਹੱਥੀਂ ਰੱਖਣੀ ਹੈ।" ਸੋ ਇਹ ਬਚਨ ਉਸ ਸਮੇਂ ਪੂਰਾ ਹੋਇਆ ਜਦੋਂ ੮ ਵੈਸਾਖ ੨੦੨੪ ਬਿਕ੍ਰਮੀ ਸੰਮਤ ਨੂੰ ਇਸ ਵੱਡੇ ਹਾਲ ਦੀ ਨੀਂਹ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੇ ਆਪਣੇ ਕਰ-ਕਮਲਾਂ ਨਾਲ ਰੱਖੀ, ਜਿਸ ਤੇ ਕਈ ਲੱਖ ਰੁਪਿਆ ਖਰਚ ਆਇਆ ਹੈ ਅਤੇ ਇਲਾਕੇ ਵਿੱਚ ਇੱਕ ਨਮੂਨੇ ਦੀ ਇਮਾਰਤ ਹੈ। ਕੌਰੀਆਂ ਨਗਰ ਦੀ ਸੇਵਾ ਤੇ ਪ੍ਰਸੰਨ ਹੋ ਕੇ ਭਾਈ ਕਰਮ ਸਿੰਘ ਤੇ ਹੋਰ ਪ੍ਰੇਮੀਆਂ ਨਾਲ ਬਹੁਤ ਸਾਰੇ ਭਵਿੱਖਤ ਬਚਨ ਵੀ ਕੀਤੇ ਕਿ ਕਿਸੇ ਸਮੇਂ ਏਥੇ ਬੜੀਆਂ ਰੌਣਕਾਂ ਹੋਵਣਗੀਆਂ। ਸਰਕਾਰੀ ਹਸਪਤਾਲ, ਗੌਰਮਿੰਟ ਸਕੂਲ, ਪੱਕੀਆਂ ਸੜਕਾਂ ਤੇ ਸੁੰਦਰ ਬਿਲਡਿੰਗਾਂ ਬਣ ਜਾਣਗੀਆਂ, ਏਥੇ ਸਰਕਾਰੀ ਅਫ਼ਸਰ ਤੇ ਵਜ਼ੀਰ[੯] ਵੀ ਆਇਆ ਕਰਨਗੇ। ਸੋ ਹੁਣ ਸੰਤਾਂ ਦੇ ਕਹੇ ਸਾਰੇ ਬਚਨ ਪੂਰੇ ਹੋ ਰਹੇ ਹਨ।

---

[੯] ਰਿਆਸਤਾਂ ਦੇ ਸਮੇਂ ਪਿੰਡਾਂ ਵਿਚ ਵਜ਼ੀਰਾਂ ਦਾ ਆਉਣਾ ਬੜਾ ਦੁਰਲਭ ਤੇ ਅਸੰਭਵ ਸੀ, ਹੁਣ ਤਾਂ ਆਮ ਤੁਰੇ ਰਹਿੰਦੇ ਹਨ।

# ਡੇਰੇ ਦੀ ਰਚਨਾ

ਜਿਸ ਸਮੇਂ ਵੱਡੇ ਸੰਤ ਮਹਾਰਾਜ ਜੋਤੀ-ਜੋਤ ਸਮਾ ਗਏ ਤਾਂ ਫੇਰ ਸੰਤ ਬਿਸ਼ਨ ਸਿੰਘ ਜੀ ਪਟਿਆਲੇ ਰਹਿਣ ਲੱਗ ਪਏ। ਉਸ ਸਮੇਂ ਇਨ੍ਹਾਂ ਪਾਸ ਕਈ ਸ਼ਰਧਾਲੂ ਪ੍ਰੇਮੀਆਂ ਵਲੋਂ ਅਖੰਡ ਪਾਠ ਕਰਵਾਉਣ ਵਾਸਤੇ ਕਾਫ਼ੀ ਮਾਇਆ ਜਮ੍ਹਾਂ ਹੋ ਗਈ ਅਤੇ ਇਨ੍ਹਾਂ ਨੇ ਇਹ ਵੀ ਅਰਜ਼ ਕੀਤੀ ਕਿ ਮਹਾਰਾਜ! ਤੁਸੀਂ ਆਪਣੀ ਇੱਛਾ ਅਨੁਸਾਰ ਜਿੱਥੇ ਵੀ ਚਾਹੁੰਦੇ ਹੋ ਓਥੇ ਹੀ ਇਨ੍ਹਾਂ ਅਖੰਡ ਪਾਠਾਂ ਨੂੰ ਕਰਵਾ ਦਿਓ। ਤਾਂ ਉਸ ਸਮੇਂ ਸੰਤ ਜੀ ਏਹੋ ਜੇਹੀ ਨਿਵੇਕਲੀ ਸੁਤੰਤਰ ਜਗ੍ਹਾ ਦੀ ਭਾਲ ਵਿੱਚ ਸਨ ਜਿੱਥੇ ਇਹ ਸਾਰੇ ਪਾਠ ਇੱਕੋ ਵਾਰੀ ਕੀਤੇ ਜਾਵਣ ਅਤੇ ਕੋਈ ਪ੍ਰੇਮੀ ਵੀ ਏਹੋ ਜੇਹਾ ਮਿਲੇ ਜੋ ਖਰਚ ਤੇ ਖੇਚਲ ਨੂੰ ਮਹਿਸੂਸ ਨਾ ਕਰੇ।

ਉਸ ਸਮੇਂ ਰੌਣੀ ਪਿੰਡ ਦਾ ਸਰਦਾਰ ਨਿਰੰਜਨ ਸਿੰਘ ਜੋ ਮਹਾਰਾਜੇ ਪਟਿਆਲੇ ਦਾ ਹਜ਼ੂਰੀਆ ਡਾਕਟਰ ਸੀ, ਪੁਰਾਣੇ ਮੋਤੀ ਬਾਗ਼ ਦੇ ਪਾਸ ਉਸਨੂੰ ਸਰਕਾਰ ਵਲੋਂ ਰਹਾਇਸ਼ ਵਾਸਤੇ ਕੋਠੀ ਮਿਲੀ ਹੋਈ ਸੀ। ਆਪ ਤਾਂ ਇਹ ਮਹਾਰਾਜਾ ਪਟਿਆਲੇ ਨਾਲ ਚੈਲ ਗਿਆ ਹੋਇਆ ਸੀ। ਉਸ ਦਾ ਲੜਕਾ ਧਰਮ ਸਿੰਘ ਜੋ ਛੋਟਾ ਤਹਿਸੀਲਦਾਰ ਸੀ, ਕੋਠੀ ਵਿੱਚ ਰਹਿੰਦਾ ਸੀ। ਇਸਨੂੰ ਵੀ ਪਤਾ ਲੱਗਾ ਕਿ ਸੰਤਾਂ ਨੇ ਅਖੰਡ ਪਾਠ ਕਰਵਾਉਣੇ ਹਨ। ਪਹਿਲਾਂ ਵੀ ਇਹ ਸੰਤਾਂ ਦਾ ਚੰਗਾ ਵਾਕਫ਼ ਸੀ। ਇਸ ਨੇ ਅਰਜ਼ ਕੀਤੀ, "ਮਹਾਰਾਜ! ਕ੍ਰਿਪਾ ਕਰਕੇ ਇਹ ਸੇਵਾ ਮੈਨੂੰ ਬਖ਼ਸ਼ੋ।"

ਭਵਿੱਖਤ ਵਾਰਤਾ ਅਨੁਭਵ ਕਰਕੇ ਸੰਤ ਜੀ ਨੇ ਇਸਦੀ ਬੇਨਤੀ ਪ੍ਰਵਾਨ ਕਰ ਲਈ। ਇਸਨੇ ਆਪਣੀ ਕੋਠੀ ਵਿੱਚ ਅਖੰਡਪਾਠ ਪ੍ਰਾਰੰਭ ਕਰਵਾ ਦਿੱਤੇ। ਅੱਠੇ ਪਹਿਰ ਅਤੁਟ ਲੰਗਰ ਚਲਦਾ ਰਿਹਾ। ਸੰਤ ਜੀ ਮਹਾਰਾਜ ਵੀ ਉਤਨੇ ਦਿਨ ਉਸੇ ਜਗ੍ਹਾ ਹੀ ਰਹੇ। ਇਸੇ ਸਮੇਂ ਵਿੱਚ ਇੱਕ ਦੋ ਵਾਰ ਸੰਤ ਜੀ ਨੂੰ ਆਪਣੇ ਨਗਰ ਰੌਣੀ ਲੈ ਕੇ ਗਿਆ ਅਤੇ ਆਪਣਾ ਬਾਗ਼ ਦਿਖਾਇਆ। ਬੜੀ ਰਮਣੀਕ ਸੁੰਦਰ ਜਗ੍ਹਾ ਦੇਖਕੇ ਸੰਤ ਜੀ ਬੜੇ ਪ੍ਰਸੰਨ ਹੋਏ। ਅਖੰਡ ਪਾਠਾਂ ਦੇ ਸਮੇਂ ਪ੍ਰਵਾਰ ਨੇ ਹੱਥੀਂ ਸੇਵਾ ਵੀ ਕੀਤੀ ਅਤੇ ਇਸਦਾ ਹਜ਼ਾਰ ਡੇਢ ਹਜ਼ਾਰ ਰੁਪਿਆ ਵੀ ਖਰਚ ਆ ਗਿਆ। ਇਤਨੇ ਨੂੰ ਇਸਦਾ ਪਿਤਾ ਡਾਕਟਰ ਨਿਰੰਜਨ ਸਿੰਘ ਜੀ ਵੀ ਗਰਮੀ ਖ਼ਤਮ ਹੋਈ ਤੋਂ ਮਹਾਰਾਜਾ ਪਟਿਆਲੇ ਨਾਲ ਚੈਲ ਤੋਂ ਵਾਪਸ ਆ ਗਿਆ। ਜਦੋਂ ਸੰਤ ਜੀ ਦੇ ਇਸ ਮਹਾਨ ਜਗ ਅਖੰਡ ਪਾਠਾਂ ਦੀ ਲੜੀ ਦਾ ਪਤਾ ਡਾਕਟਰ ਜੀ ਨੂੰ ਲੱਗਾ (ਜੋ ਸੰਤਾਂ ਦਾ ਪਹਿਲਾਂ ਜਾਣੂ ਸੀ) ਇਹ ਵੀ ਬੜਾ ਖ਼ੁਸ਼ ਹੋਇਆ। ਆਪਣੇ ਘਰ ਵਾਲੀ ਬਿਸ਼ਨ ਕੌਰ ਨਾਲ ਸਲਾਹ ਕਰਕੇ ਸੰਤਾਂ ਪਾਸ ਬੇਨਤੀ ਕੀਤੀ ਕਿ ਹੁਣ ਆਪ ਕਿਰਪਾ ਕਰਕੇ ਕੁਝ ਸਮਾਂ ਸਾਡੇ ਬਾਗ਼ ਵਿੱਚ ਦਰਸ਼ਨ ਬਖ਼ਸ਼ੋ ਜਗ੍ਹਾ ਬੜੀ ਇਕਾਂਤ ਤੇ ਸੁੰਦਰ ਹੈ। ਸੰਤ ਜੀ ਨੇ ਜਗ੍ਹਾ ਪਹਿਲਾਂ ਦੇਖੀ ਹੋਈ ਸੀ। ਇਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਰੌਣੀ ਪਿੰਡ ਤੋਂ ਬਾਹਰ ਬਾਗ਼ ਵਿੱਚ ਜਾ ਡੇਰਾ ਲਾਇਆ ਜੋ ਪਟਿਆਲੇ ਤੋਂ ਸਿੱਧਾ ਚਾਰ ਕੁ ਮੀਲਾਂ ਦੇ ਫਾਸਲੇ ਤੇ ਪੈਂਦਾ ਹੈ।

ਪਟਿਆਲੇ ਦੀ ਸੰਗਤ ਨੂੰ ਪਤਾ ਲੱਗਾ ਤਾਂ ਪ੍ਰੇਮੀਆਂ ਦੀ ਏਥੇ ਵੀ ਆਵਾਜਾਈ ਸ਼ੁਰੂ ਹੋ ਗਈ। ਫੇਰ ਇੱਕ ਦੋ ਸੇਵਾਦਾਰ ਪਾਸ ਰਹਿਣ ਲੱਗ ਪਏ ਜਿਸ ਕਰਕੇ ਦੋ ਤਿੰਨ ਛਪਰੀਆਂ ਤੇ ਇੱਕ ਪੱਕਾ ਕਮਰਾ ਬਣ ਗਿਆ। ਫੇਰ ਤਾਂ ਹੋਰ ਮਕਾਨ, ਛਪਰੀਆਂ, ਗੁਰੂ ਕਾ ਲੰਗਰ ਤੇ ਦਰਬਾਰ ਵਾਲਾ ਕਮਰਾ ਥੋੜ੍ਹੇ ਦਿਨਾਂ ਵਿੱਚ ਕਾਫ਼ੀ ਰਚਨਾ ਹੋ ਗਈ। ਲੰਗਰ ਅੱਠੇ ਪਹਿਰ ਅਤੁਟ ਚੱਲੇ। ਤੀਹ ਚਾਲੀ ਸਿੰਘ ਪੱਕੇ ਰਹਿਣ ਲੱਗ ਪਏ। ਕਥਾ ਕੀਰਤਨ ਦਾ ਪ੍ਰਵਾਹ ਜਾਰੀ ਹੋ ਗਿਆ। ਇਸ ਤਰ੍ਹਾਂ ਇਹ ਥਾਂ ਆਬਾਦ ਹੋ ਗਈ। ਸੰਤਾਂ ਦੇ ਚਰਨਾਂ ਦੀ ਛੁਹ ਦਾ ਸਦਕਾ ਜੰਗਲ ਵਿੱਚ ਮੰਗਲ ਹੋਣ ਲੱਗੇ। ਸੇਵਾ ਸਿਮਰਨ ਦਾ ਲਾਹਾ ਖਟ ਕੇ ਪ੍ਰੇਮੀ ਆਪਣਾ ਜਨਮ ਸਫ਼ਲ ਕਰਨ ਲੱਗੇ। ਇਕ ਦਿਨ ਧਰਮ ਸਿੰਘ ਦੀ ਮਾਤਾ ਬਿਸ਼ਨ ਕੌਰ ਨੇ ਸੰਤਾਂ ਪਾਸ ਅਰਜ਼ ਕੀਤੀ, "ਮਹਾਰਾਜ! ਮੇਰਾ ਲੜਕਾ ਪੜ੍ਹਿਆ ਤਾਂ ਕਾਫ਼ੀ ਹੈ ਪਰ ਹੈ ਅਜੇ ਛੋਟਾ ਤਹਿਸੀਲਦਾਰ। ਜੇ ਤੁਹਾਡੀ ਕਿਰਪਾ ਹੋ ਜਾਵੇ ਤਾਂ ਕਿਤੇ ਨੈਬ ਨਾਜ਼ਮ ਹੀ ਬਣ ਜਾਵੇ।" ਸੰਤ ਮੁਸਕਰਾਏ ਤੇ ਕਹਿਣ ਲੱਗੇ, "ਮਾਈ! ਸੰਤਾਂ ਕੋਲੋਂ ਮੰਗਣ ਤਾਂ ਲੱਗੀ ਸੀ ਵਜ਼ੀਰੀ ਤਾਂ ਮੰਗਦੀ। ਜਾਹ ਤੇਰਾ ਲੜਕਾ ਨਾਜ਼ਮ ਬਣ ਗਿਆ।"

# ਡਾਕਟਰ ਦੀ ਲੜਕੀ ਨੂੰ ਵਰ

ਨਿਰੰਜਨ ਸਿੰਘ ਡਾਕਟਰ ਦੀ ਛੋਟੀ ਲੜਕੀ ਭਰਤਗੜ੍ਹ (ਜੋ ਰੋਪੜ ਅਤੇ ਅਨੰਦਪੁਰ ਦੇ ਵਿਚਕਾਰ ਹੈ) ਦੇ ਸਰਦਾਰ ਨਾਲ ਵਿਆਹੀ ਸੀ। ਇਹ ਸਰਦਾਰ ਦਾ ਦੂਜਾ ਵਿਆਹ ਸੀ, ਉਹ ਵੀ ਆਪਣੀ ਮਾਤਾ ਨਾਲ ਮਹਾਂ-ਪੁਰਸ਼ਾਂ ਦੇ ਦਰਸ਼ਨਾਂ ਨੂੰ ਆਇਆ ਕਰਦੀ। ਉਸਨੇ ਮਨ ਵਿੱਚ ਖ਼ਿਆਲ ਕੀਤਾ ਕਿ ਮੇਰੀ ਪਹਿਲੀ ਸੌਂਕਣ ਦੇ ਤਾਂ ਲੜਕੇ ਹਨ, ਪਰ ਉਹ ਮੈਨੂੰ ਮਤਰੇਈ ਮਾਂ ਸਮਝਦੇ ਹਨ। ਅਜੇ ਮੇਰੇ ਕੋਈ ਬੱਚਾ ਨਹੀਂ ਹੋਇਆ, ਇਸੇ ਕਾਰਣ ਮੇਰੇ ਘਰ ਵਾਲਾ ਸਰਦਾਰ ਤੇ ਹੋਰ ਪ੍ਰਵਾਰ ਦੇ ਜੀਅ ਮੇਰੇ ਵਲੋਂ ਉਪਰਾਮ ਰਹਿੰਦੇ ਹਨ। ਉਸ ਘਰ ਵਿੱਚ ਮੇਰਾ ਤਦੇ ਹੀ ਪੂਰਾ ਆਦਰ ਸਤਿਕਾਰ ਹੋ ਸਕਦਾ ਹੈ ਜੇਕਰ ਮੇਰੀ ਗੋਦ ਹਰੀ ਹੋਵੇ।

ਸੰਤ ਜੀ ਨੇ ਇਸਦੇ ਮਨ ਦੀ ਜਾਣਕੇ ਆਖਿਆ, "ਬੀਬਾ! ਗੁਰੂ ਨਾਨਕ ਦਾ ਘਰ ਸਾਰੇ ਪਦਾਰਥਾਂ ਦਾ ਦਾਤਾ ਹੈ। ਗੁਰੂ ਮਹਾਰਾਜ ਦੀ ਸੇਵਾ ਕੀਤਿਆਂ ਕੋਈ ਵੀ ਵਸਤੂ ਅਲੱਭ ਨਹੀਂ। ਏਥੇ ਹਮੇਸ਼ਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸਰੂਪ ਪ੍ਰਕਾਸ਼ ਹੁੰਦੇ ਹਨ ਤੂੰ ਉਨ੍ਹਾਂ ਚੌਹਾਂ ਤੇ ਨਵੀਆਂ ਚਾਰ ਚੋਲੀਆਂ ਚੜ੍ਹਵਾ ਦੇਹ, ਗੁਰੂ ਨਾਨਕ ਤੇਰੇ ਮਨ ਦੀ ਇੱਛਾ ਪੂਰੀ ਕਰੇਗਾ।" ਸੰਤਾਂ ਦਾ ਬਚਨ ਮੰਨਕੇ ਬੀਬੀ ਨੇ ਉਸੇ ਤਰ੍ਹਾਂ ਚਾਰੇ ਸਰੂਪਾਂ ਤੇ ਚੋਲੀਆਂ ਚੜ੍ਹਾਉਣ ਦੀ ਸੇਵਾ ਕਰ ਦਿੱਤੀ ਤਾਂ ਸਾਲ ਤੋਂ ਬਾਅਦ ਇਸਦੇ ਘਰ ਵਿੱਚ ਸੁੰਦਰ ਬੱਚੇ ਨੇ ਜਨਮ ਲਿਆ।

# ਸ੍ਰਦਾਰ ਬਸੰਤ ਸਿੰਘ ਤੇ ਕਿਰਪਾ

ਇਸੇ ਤਰ੍ਹਾਂ ਇੱਕ ਹੋਰ ਪ੍ਰੇਮੀ ਦਾਖੇ ਨਗਰ ਦਾ ਭਾਈ ਦਸੌਂਧਾ ਸਿੰਘ ਜੋ ਉਨ੍ਹੀਂ ਦਿਨੀਂ ਪਟਿਆਲੇ ਰਹਿੰਦਾ ਸੀ, ਇਹ ਵੀ ਸੰਤ ਮਹਾਰਾਜ ਦਾ ਪੂਰਨ ਸ਼ਰਧਾਲੂ ਸੀ। ਰੌਣੀ ਸਾਹਿਬ ਵੀ ਦਰਸ਼ਨਾਂ ਨੂੰ ਆਇਆ ਕਰਦਾ। ਅੱਗੇ ਇਸਦਾ ਵਾਕਫ਼ ਬੁਆਣੀ ਪਿੰਡ ਦਾ, ਜੋ ਰਾੜਾ ਸਾਹਿਬ ਦੇ ਪਾਸ ਹੈ, ਬਸੰਤ ਸਿੰਘ ਨਾਮ ਕਰਕੇ ਇੱਕ ਪ੍ਰੇਮੀ ਸੀ ਜਿਸਦੇ ਘਰ ਕੋਈ ਬੱਚਾ ਨਹੀਂ ਸੀ। ਦਸੌਂਧਾ ਸਿੰਘ ਨੇ ਸਰਦਾਰ ਬਸੰਤ ਸਿੰਘ ਦੇ ਪਾਸ ਸੰਤਾਂ ਦੀ ਮਹਿਮਾਂ ਵਡਿਆਈ ਕੀਤੀ ਤੇ ਇਸ ਨੂੰ ਪ੍ਰੇਰ ਕੇ ਰੌਣੀ ਸਾਹਿਬ ਲੈ ਆਇਆ। ਬਸੰਤ ਸਿੰਘ ਨੇ ਘਰ ਵਾਲੀ ਸਮੇਤ ਸੰਤਾਂ ਦੇ ਚਰਨਾਂ ਵਿੱਚ ਪੁੱਜਕੇ ਨਮਸ਼ਕਾਰ ਕੀਤੀ, ਭੇਟਾ ਅਰਪਕੇ ਪਾਸ ਬੈਠ ਗਿਆ ਤਾਂ ਦਸੌਂਧਾ ਸਿੰਘ ਨੇ ਇਸ ਵਲੋਂ ਅਰਜ਼ ਕੀਤੀ, “ਮਹਾਰਾਜ! ਆਪ ਇਸ ਪ੍ਰੇਮੀ ਤੇ ਕ੍ਰਿਪਾ ਕਰੋ। ਘਰ ਵਿੱਚ ਬੱਚੇ ਦੀ ਦਾਤ ਬਖ਼ਸ਼ੋ।”

ਸੰਤਾਂ ਨੇ ਉੱਤਰ ਦਿਤਾ, “ਜੇ ਲੜਕਾ ਲੈਣਾ ਹੈ ਤਾਂ ਦੋ ਅਖੰਡ ਪਾਠ ਕਰਵਾਉਣੇ ਪੈਣਗੇ, ਦੇਖ ਲੈ।” ਇਸ ਨੇ ਕਿਹਾ, “ਜੀ ਇੱਕੋ ਵਾਰੀ ਤਾਂ ਦੋਵੇਂ ਮੁਸ਼ਕਲ ਹਨ।” ਸੰਤ ਜੀ ਨੇ ਆਖਿਆ, “ਤਾਂ ਇੱਕ ਪਹਿਲਾਂ ਕਰਵਾ ਦੇਹ, ਇੱਕ ਲੜਕੇ ਦੇ ਜਨਮ ਦੀ ਖ਼ੁਸ਼ੀ ਵਿੱਚ ਕਰਵਾ ਦੇਵੀਂ।” ਇਸ ਨੇ ਸੰਤਾਂ ਦਾ ਬਚਨ ਮੰਨ ਲਿਆ। ਇੱਕ ਅਖੰਡ ਪਾਠ ਪਹਿਲਾਂ ਰੌਣੀ ਸਾਹਿਬ ਡੇਰੇ ਕਰਵਾ ਦਿੱਤਾ। ਸਾਲ ਤੋਂ ਬਾਅਦ ਬੱਚੇ ਦੇ ਜਨਮ ਦੀ ਖ਼ੁਸ਼ੀ ਦਾ ਦੂਜਾ ਅਖੰਡ ਪਾਠ ਫੇਰ ਆਪਣੇ ਘਰ ਸੰਤਾਂ ਦੇ ਚਰਨ ਪੁਵਾਕੇ ਬੁਆਣੀ ਪਿੰਡ ਕਰਾਇਆ ਤੇ ਸੰਤਾਂ ਤੋਂ ਬੱਚੇ ਦਾ ਨਾਮ ਰਖਵਾਇਆ।

## ਕਰਾਮਾਤ ਕੀ ਹੈ?

ਇਕ ਸਮੇਂ ਨਰਿੰਜਨ ਸਿੰਘ ਡਾਕਟਰ ਨੇ ਸੰਤਾਂ ਪਾਸ ਅਰਜ਼ ਕੀਤੀ, "ਮਹਾਰਾਜ! ਜੋ ਕਰਾਮਾਤ ਹੈ, ਉਹ ਕੀ ਚੀਜ਼ ਹੈ? ਆਮ ਸਾਧੂਆਂ ਪਾਸੋਂ ਸੁਣੀਦੀ ਹੈ, ਕ੍ਰਿਪਾ ਕਰਕੇ ਦਿਖਾਓ ਤਾਂ ਸਹੀ।" ਸੰਤਾਂ ਨੇ ਕਿਹਾ, "ਨਾਮ ਜਪਣ ਵਾਲਿਆਂ ਵਿੱਚ ਸੁਤੇ ਹੀ ਕਰਾਮਾਤਾਂ ਆ ਜਾਂਦੀਆਂ ਹਨ ਤੇ ਦਿਸਦੀਆਂ ਵੀ ਪ੍ਰਤੱਖ ਹਨ ਪਰ ਉਨ੍ਹਾਂ ਨੂੰ ਜਾਣਦਾ ਕੋਈ-ਕੋਈ ਹੈ?" ਇਸਨੇ ਕਿਹਾ, "ਜੀ ਮੈਨੂੰ ਤਾਂ ਦਿਖਾਓ।" ਸੰਤ ਕਹਿੰਦੇ, "ਦੇਖੀ ਜਾਹ, ਪ੍ਰਤੱਖ ਹੀ ਦਿਸਦੀ ਹੈ।" ਉਹ ਕਹਿੰਦਾ, "ਮੈਨੂੰ ਪਤਾ ਨਹੀਂ ਲੱਗਦਾ। ਆਪ ਹੀ ਦਿਖਾਓ ਕਿ ਕਰਾਮਾਤ ਕੀ ਚੀਜ਼ ਹੈ?" ਸੰਤ ਕਹਿਣ ਲੱਗੇ, "ਦੇਖ! ਤੂੰ ਮਹਾਰਾਜ ਪਟਿਆਲੇ ਦਾ ਹਜ਼ੂਰੀਆ ਡਾਕਟਰ ਹੈਂ। ਤੈਨੂੰ ਸਾਰੀ ਫੌਜ ਦੇ ਜਵਾਨ ਸਲੂਟ ਕਰਦੇ ਹਨ, ਤੂੰ ਆ ਕੇ ਸਾਨੂੰ ਮੱਥਾ ਟੇਕਦਾ ਹੈਂ, ਕੀ ਜਾਣਕੇ ਟੇਕਦਾ ਹੈਂ? ਤੇਰੇ ਵਿੱਚ ਤੇ ਸਾਡੇ ਵਿੱਚ ਕੀ ਵਾਧਾ ਹੈ? ਕੀ ਇਹ ਕਰਾਮਾਤ ਨਹੀਂ? ਅਤੇ ਹੋਰ ਦੇਖ, ਤੈਨੂੰ ਸਰਕਾਰ ਵਲੋਂ ਇੱਕ ਹਜ਼ਾਰ ਰੁਪਿਆ ਮਹੀਨਾ ਨੌਕਰੀ ਦਾ ਮਿਲਦਾ ਹੈ ਉਸ ਵਿੱਚ ਤੇਰਾ ਹੀ ਖਰਚ ਮਸਾਂ ਚਲਦਾ ਹੈ ਅਤੇ ਸਾਡੇ ਪਾਸ ਨਾ ਕੋਈ ਜਾਇਦਾਦ, ਨਾ ਕਿਸੇ ਤੋਂ ਕੋਈ ਮੰਗ ਉਗਰਾਹੀ ਪਰ ਫੇਰ ਵੀ ਗੁਰੂ ਨਾਨਕ ਦੀ ਇਤਨੀ ਕ੍ਰਿਪਾ ਹੈ ਕਿ ਜੇਕਰ ਕਾਬਲ ਤੋਂ ਲੈ ਕੇ ਅਸਾਮ ਤੱਕ ਦੇ ਯਾਤਰੂ ਰੋਟੀ ਖਾਣ ਵਾਸਤੇ ਆ ਜਾਵਣ ਤਾਂ ਵੀ ਗੁਰੂ ਨਾਨਕ ਦਾ ਲੰਗਰ ਮੁੱਕੇਗਾ ਨਹੀਂ। ਕੀ ਇਹ ਕਰਾਮਾਤ ਨਹੀਂ?" ਇਹ ਬਚਨ ਸੁਣਕੇ ਡਾਕਟਰ ਚੁੱਪ ਕਰ ਗਿਆ।

## ਡੇਰਾ ਛੱਡਣਾ

ਸੰਤ ਜੀ ਮਹਾਰਾਜ ਨੇ ੧੯੮੪ ਤੋਂ ਲੈ ਕੇ ੧੯੯੦ ਬਿਕ੍ਰਮੀ ਸੰਮਤ ਤੱਕ ਪੰਜ ਛੇ ਸਾਲ ਡੇਰੇ ਦਾ ਬੜਾ ਸੁੰਦਰ ਪ੍ਰਬੰਧ ਚਲਾਇਆ। ਨਿਤਾ-ਪ੍ਰਤੀ ਸੰਗਤਾਂ ਦੀ ਅਵਾਜਾਈ ਕਾਫ਼ੀ ਹੋਣ ਲੱਗੀ ਜਿਸ ਕਰਕੇ ਹੋਰ ਮਕਾਨ ਤਿਆਰ ਕਰਨੇ ਪਏ। ਪਰ ਜਦੋਂ ਪ੍ਰਵਿਰਤੀ ਹੱਦੋਂ ਵਧ ਗਈ ਤਾਂ ਸਿੱਖ ਸੇਵਕਾਂ ਅਤੇ ਦਾਨੀ ਸੱਜਣਾਂ ਨੇ ਸੰਤਾਂ ਪਾਸ ਬੇਨਤੀ ਕੀਤੀ, "ਮਹਾਰਾਜ! ਹੁਣ ਏਸ ਜ਼ਮੀਨ ਦੀ ਤੁਹਾਡੇ ਨਾਂ ਰਜਿਸਟਰੀ ਹੋਣੀ ਚਾਹੀਦੀ ਹੈ।" ਸੰਤ ਕਹਿਣ ਲੱਗੇ, "ਅਸੀਂ ਤਾਂ ਆਪਣੇ ਨਾਮ ਨਹੀਂ ਚਾਹੁੰਦੇ, ਹਾਂ ਮਨੁੱਖ ਦਾ ਮਨ ਬਦਲਦਿਆਂ ਦੇਰ ਨਹੀਂ ਲੱਗਦੀ। ਸੋ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਲੱਗ ਜਾਵੇ ਤਾਂ ਕਿ ਦਾਨੀ ਸੱਜਣਾਂ ਦਾ ਵਧੇਰੇ ਉਤਸ਼ਾਹ ਵਧੇ।"

ਜਦੋਂ ਇਸ ਗੱਲ ਦਾ ਡਾਕਟਰ ਨੂੰ ਪਤਾ ਲੱਗਾ ਤਾਂ ਉਹ ਸੰਤਾਂ ਪਾਸ ਆਕੇ ਕਹਿਣ ਲੱਗਾ, "ਮਹਾਰਾਜ! ਜਿਤਨਾ ਚਿਰ ਤੁਹਾਡੀ ਮਰਜ਼ੀ ਹੈ ਬੈਠੇ ਰਹੋ ਜਿਤਨੀ ਹੋ ਸਕੇਗੀ ਮੈਂ ਖ਼ੁਦ ਸੇਵਾ ਕਰਾਂਗਾ। ਪਰ ਤੁਹਾਥੋਂ ਬਾਅਦ ਮੇਰੀ ਮਰਜ਼ੀ ਹੈ ਕਿਸੇ ਨੂੰ ਏਥੇ ਰਹਿਣ ਦੇਵਾਂ ਜਾਂ ਨਾ ਰਹਿਣ ਦੇਵਾਂ ਇਹ ਥਾਂ ਮੇਰੀ ਹੈ। ਮੈਂ ਕਿਸੇ ਦੇ ਨਾਮ ਨਹੀਂ ਕਰਾਵਾਂਗਾ।

ਸੰਤ ਕਹਿਣ ਲੱਗੇ, "ਜੇ ਤੇਰੇ ਮਨ ਦਾ ਏਹੋ ਹੀ ਖ਼ਿਆਲ ਹੈ ਕਿ ਪ੍ਰੇਮੀਆਂ ਵਲੋਂ ਦਾਨ ਕੀਤੀ ਮਾਇਆ ਨਾਲ ਤੇਰਾ ਹੀ ਘਰ ਭਰੀ ਜਾਈਏ ਤਾਂ ਇਹ ਗੱਲ ਸਾਨੂੰ ਬੜੀ ਮਹਿੰਗੀ ਪੈਂਦੀ ਹੈ। ਏਥੇ ਮਕਾਨ ਬਨਾਉਣੇ ਤੇ ਹੋਰ ਰਚਨਾ ਤਦੇ ਹੀ ਹੋ ਸਕਦੀ ਹੈ ਜਦੋਂ ਏਥੇ ਕਿਸੇ ਦੀ ਮੇਰ ਤੇਰ ਨਾ ਹੋਵੇ। ਅਸੀਂ ਆਪ ਤਾਂ ਚਾਹੁੰਦੇ ਨਹੀਂ ਮਹਾਰਾਜ ਦੇ ਨਾਮ ਜ਼ਰੂਰ ਹੋਣੀ ਚਾਹੀਦੀ ਹੈ।" ਇਸ ਨੇ ਕਿਹਾ, "ਇਹ ਗੱਲ ਹੋ ਨਹੀਂ ਸਕਦੀ" ਤਾਂ ਸੰਤ ਜੀ ਨੇ ਆਖਿਆ, "ਫੇਰ ਸਾਨੂੰ ਕਿਸੇ ਦਾ ਲਾਲਚ ਨਹੀਂ। ਆਹ ਸਾਂਭ ਲੈ ਆਪਣੀ ਥਾਂ।" ਉਸ ਸਮੇਂ ਸਭ ਉਸੇ ਤਰ੍ਹਾਂ ਛੱਡਕੇ ਆਪ ਕੌਰੀਆਂ ਆ ਗਏ। ਕੁਝ ਦਿਨਾਂ ਤੋਂ ਬਾਅਦ ਸੰਗਤ ਵਿੱਚ ਇਹ ਗੱਲ ਮਸ਼ਹੂਰ ਹੋ ਗਈ। ਹੌਲੀ-ਹੌਲੀ ਸਾਰੇ ਪ੍ਰੇਮੀ ਖਿੰਡ ਗਏ। ਕੋਈ ਕਿਤੇ ਕੋਈ ਕਿਤੇ ਚਲਾ ਗਿਆ, ਵੱਡੇ ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਤੋਂ ਵਰੋਸਾਏ ਸੰਤ ਸੰਤੋਖ ਸਿੰਘ (ਸੁਆਮੀ ਜੀ) ਤੇ ਸੰਤ ਗੁੱਜਰ ਸਿੰਘ (ਬਾਈ ਜੀ) ਰਾੜੇ ਸਾਹਿਬ ਸੰਤ ਜੀ ਮਹਾਰਾਜ ਪਾਸ ਆ ਗਏ।

## ਗਾਗੇ ਨਗਰ ਦੇ ਹਰਨਾਮ ਸਿੰਘ ਤੇ ਖ਼ੁਸ਼ੀ

ਛੋਟੀ ਖਨਾਲ ਦਾ ਭਾਈ ਮੁਕੰਦ ਸਿੰਘ ਜੋ ਵੱਡੇ ਸੰਤਾਂ (ਰੇਰੂ ਸਾਹਿਬ ਵਾਲਿਆਂ ਦਾ) ਸੇਵਕ ਸੀ, ਇਸਦਾ ਪਿਆਰ ਤੇ ਸ਼ਰਧਾ ਦੇਖਕੇ ਸੰਤ ਬਿਸ਼ਨ ਸਿੰਘ ਜੀ ਕਈ-ਕਈ ਦਿਨ ਇਸਦੇ ਪਾਸ ਠਹਿਰਦੇ ਅਤੇ ਨਗਰ ਨਿਵਾਸੀਆਂ ਦੇ ਪ੍ਰੇਮ ਦਾ ਸਦਕਾ ਸੰਤਾਂ ਦੇ ਪਿੰਡ ਵਿੱਚ ਗੁਰਦੁਆਰਾ ਸਾਹਿਬ ਵੀ ਬਣਵਾਇਆ। ਮੁਕੰਦ ਸਿੰਘ ਦੇ ਘਰੋਂ ਬੀਬੀ ਤੇਜ ਕੌਰ ਗਾਗੇ ਨਗਰ ਤੋਂ ਜੋ ਜ਼ਿਲ੍ਹਾ ਸੰਗਰੂਰ ਵਿੱਚ ਹੈ, ਸਰਦਾਰ ਹਰਨਾਮ ਸਿੰਘ ਦੀ ਲੜਕੀ ਸੀ। ਇਸ ਗੁਰਮੁਖ ਪ੍ਰਵਾਰ ਦੀ ਭਾਵਨਾ ਦੇਖਕੇ ਗਾਗੇ ਨਿਵਾਸੀ ਵੀ ਸੰਤ ਜੀ ਮਹਾਰਾਜ ਦੇ ਸ਼ਰਧਾਲੂ ਬਣ ਗਏ। ਸਰਦਾਰ ਹਰਨਾਮ ਸਿੰਘ ਤੇ ਉਸਦਾ ਲੜਕਾ ਧੰਨਾ ਸਿੰਘ ਤਾਂ (ਅੰਮ੍ਰਿਤ ਛਕਣ ਤੋਂ ਬਾਅਦ ਜਿਸਦਾ ਨਾਮ ਬਸੰਤ ਸਿੰਘ ਰੱਖਿਆ) ਅਤਿਅੰਤ ਪ੍ਰੇਮੀ ਸੀ। ਸੰਤਾਂ ਨੂੰ ਕਈ-ਕਈ ਦਿਨ ਆਪਣੇ ਪਾਸ ਰਖਦੇ, ਸੇਵਾ ਕਰਕੇ ਵਰ ਪ੍ਰਾਪਤ ਕਰਦੇ। ਕੌਰੀਆਂ ਨਗਰ ਨੂੰ ਸੰਤਾਂ ਦੀ ਬਖ਼ਸ਼ਿਸ਼ ਦਾ ਪਾਤਰ ਜਾਣਕੇ ਇਹ ਪਿੰਡ ਵੀ ਪ੍ਰੇਮੀ ਬਣ ਗਿਆ। ਸੰਤਾਂ ਨੇ ਇਨ੍ਹਾਂ ਤੇ ਵੀ ਬੜੀ ਅਪਾਰ ਕ੍ਰਿਪਾ ਕੀਤੀ।

# ਕੌਰੀਆਂ ਦੇ ਸੁਘੜੂ ਸ਼ਾਹ ਨੂੰ ਪੁੱਤਰਾਂ ਦੀ ਦਾਤ

ਇਕ ਸਮੇਂ ਸੰਤ ਬਿਸ਼ਨ ਸਿੰਘ ਜੀ ਗਾਗੇ ਨਗਰ ਤੋਂ ਪੈਦਲ ਹੀ ਸੰਗਤ ਸਮੇਤ ਕੌਰੀਆਂ ਨੂੰ ਆ ਰਹੇ ਸਨ। ਮੌਸਮ ਗਰਮੀ ਦਾ, ਸਮਾਂ ਦੁਪਹਿਰਾਂ ਦਾ, ਨਾਲ ਦੇ ਸਾਥੀਆਂ ਨੂੰ ਬੜੀ ਪਿਆਸ ਲੱਗੀ ਪਰ ਰਸਤੇ ਵਿੱਚ ਪਾਣੀ ਕਿਤੇ ਵੀ ਨਹੀਂ ਸੀ। ਪਰਉਪਕਾਰੀ ਮਹਾਂਪੁਰਸ਼ਾਂ ਨੇ ਸੋਚਿਆ ਕਿ ਗੱਡੀ ਨੂੰ ਆਉਣ ਜਾਣ ਦਾ ਰਸਤਾ ਤਾਂ ਸਾਰਿਆਂ ਵਾਸਤੇ ਲਹਿਰੇ ਸਟੇਸ਼ਨ ਦਾ ਏਹੋ ਹੀ ਹੈ, ਗੱਡੀ ਚੜ੍ਹਣ ਵਾਲੇ ਮੁਸਾਫ਼ਰ ਖ਼ਾਸ ਕਰਕੇ ਮਾਈਆਂ ਤੇ ਬੱਚੇ ਪਾਣੀ ਵਲੋਂ ਬੜੇ ਤੰਗ ਹੁੰਦੇ ਹੋਣਗੇ। ਦਿਲ ਵਿੱਚ ਵਿਚਾਰਾਂ ਕਰਦੇ ਜ਼ਿਲ੍ਹਾ ਸੰਗਰੂਰ ਦੇ ਕਸਬੇ ਕੌਰੀਆਂ ਨਗਰ ਪੁੱਜੇ। ਸੰਗਤ ਇਕੱਤਰ ਹੋਈ, ਭੇਟਾ ਰੱਖਕੇ ਚਰਨ ਪਰਸੇ। ਉਸ ਸਮੇਂ ਮਹਾਂ-ਪੁਰਸ਼ਾਂ ਨੇ ਬਚਨ ਕੀਤਾ, "ਗੁਰਸਿਖੋ! ਤੁਸੀਂ ਉਸ ਗੁਰੂ ਦੇ ਸਿੱਖ ਹੋ ਜਿਸਨੇ ਆਪਣੇ ਸਾਥੀ ਕੀਰਤਨੀਏ ਦੀ ਪਿਆਸ ਬੁਝਾਉਣ ਵਾਸਤੇ ਸੁਮੱਚੇ ਦੇਸ਼ ਤੇ ਤਰਸ ਕਰਕੇ ਵਲੀ ਕੰਧਾਰੀ ਦਾ ਮਾਣ ਤੋੜਕੇ ਹਸਨ ਅਬਦਾਲ ਦੇ ਖ਼ੁਸ਼ਕ ਪਹਾੜ ਚੋਂ ਚਸ਼ਮਾ ਪ੍ਰਗਟ ਕੀਤਾ ਜਿਸਦਾ ਨਾਮ ਹੁਣ ਪੰਜਾ ਸਾਹਿਬ ਕਹਿੰਦੇ ਹਨ। ਇਸੇ ਤਰ੍ਹਾਂ ਤੁਸੀਂ ਵੀ ਉੱਦਮ ਕਰੋ ਤਾਂ ਕਿ ਲਹਿਰੇ ਸਟੇਸ਼ਨ ਦੇ ਰਸਤੇ ਵਿੱਚ ਖੂਹੀ ਲੱਗ ਜਾਵੇ। ਪਾਣੀ ਦਾਨ ਦੇ ਸਮਾਨ ਕੋਈ ਵੱਡਾ ਪੁੰਨ ਨਹੀਂ। ਗੁਰੂ ਘਰ ਅੰਨ ਦੇ ਛੇਤਰ ਚਲਦੇ ਤੇ ਜਲ ਦੀਆਂ ਛਬੀਲਾਂ ਲੱਗਦੀਆਂ ਹਨ। ਲੱਭੋ ਕੋਈ ਪਰਉਪਕਾਰੀ ਦਾਨੀ ਸੱਜਣ। ਤਾਂ ਉਸ ਸਮੇਂ ਮੁਖੀ ਪ੍ਰੇਮੀਆਂ ਨੇ ਅਰਜ਼ ਕੀਤੀ, "ਮਹਾਰਾਜ! ਏਥੇ ਇੱਕ ਸੁਘੜੂ ਮੱਲ ਸ਼ਾਹੂਕਾਰ ਹੈ ਜਿਸਦੇ ਪਾਸ ਮਾਇਆ ਤਾਂ ਕਾਫ਼ੀ ਹੈ ਪਰ ਹੈ ਬੜਾ ਸੂਮ।" ਸੰਤ ਜੀ ਕਹਿਣ ਲਗੇ, "ਕੋਈ ਗੱਲ ਨਹੀਂ ਤੁਸੀਂ ਉਸਨੂੰ ਸਾਡੇ ਪਾਸ ਸੱਦੋ ਹੁਣੇ ਹੀ ਉਸਨੂੰ ਸੂਮ ਤੋਂ ਦਾਨੀ ਬਣਾ ਦਿੰਦੇ ਹਾਂ। ਜੇ ਉਹ ਸਾਡੇ ਕੋਲ ਆਕੇ ਵੀ ਸੂਮ ਹੀ ਰਿਹਾ ਫਿਰ ਸਾਧੂ ਦੇ ਦਰਸ਼ਨ ਦਾ ਕੀ ਲਾਭ?"

ਉਸ ਸਮੇਂ ਸੰਤ ਜੀ ਦਾ ਹੁਕਮ ਸੁਣਕੇ ਇੱਕ ਪ੍ਰੇਮੀ ਸੁਘੜੂ ਮੱਲ ਦੇ ਪਾਸ ਗਿਆ ਤੇ ਆਖਿਆ, "ਸੇਠ ਜੀ! ਤੁਹਾਨੂੰ ਸੰਤ ਜੀ ਬੁਲਾਉਂਦੇ ਹਨ।" ਇਸਨੇ ਸੰਤਾਂ ਦਾ ਨਾਮ ਤੇ ਸਿਫ਼ਤ ਤਾਂ ਪਹਿਲਾਂ ਸੁਣੀ ਹੋਈ ਸੀ, ਪਰ ਅਜੇ ਤੱਕ ਦਰਸ਼ਨ ਨਹੀਂ ਸੀ ਕੀਤਾ।

ਮਨ ਅੰਦਰ ਦਰਸ਼ਨ ਕਰਨ ਦਾ ਖ਼ਿਆਲ ਬਣਿਆ ਹੋਇਆ ਸੀ ਪਰ ਜਦੋਂ ਮੇਹਰਵਾਨ ਨੇ ਆਪ ਹੀ ਹੁਣ ਮੇਹਰ ਕਰ ਦਿੱਤੀ ਫੇਰ ਤਾਂ ਇਸਦਾ ਮਨ ਅਤਿਅੰਤ ਪ੍ਰਸੰਨ ਹੋਇਆ। ਸੰਤਾਂ ਪਾਸ ਪੁੱਜਿਆ, ਹੱਥ ਜੋੜ ਕੇ ਨਮਸ਼ਕਾਰ ਕੀਤੀ। ਮਹਾਂ-ਪੁਰਸ਼ਾਂ ਨੇ ਮੁਸਕਰਾ ਕੇ ਆਖਿਆ, "ਆਓ ਸ਼ਾਹ ਜੀ! ਰਾਜ਼ੀ ਹੋ?" ਇਸਨੇ ਅਰਜ਼ ਕੀਤੀ, "ਮਹਾਰਾਜ! ਆਪ ਜੀ ਦੀ ਕ੍ਰਿਪਾ ਹੈ।" ਸੰਤਾਂ ਨੇ ਇਸ ਨੂੰ ਫੇਰ ਪੁੱਛਿਆ, "ਤੁਹਾਡੇ ਕਿਤਨੇ ਲੜਕੇ ਹਨ?" ਇਹ ਬਚਨ ਸੁਣਕੇ ਇਸਦੇ ਨੇਤਰਾਂ 'ਚੋਂ ਜਲ ਵਹਿ ਤੁਰਿਆ ਤੇ ਅਰਜ਼ ਕੀਤੀ, "ਮਹਾਰਾਜ! ਸੱਠ ਸਾਲਾਂ ਦੇ ਨਜ਼ਦੀਕ ਢੁਕਿਆ ਹਾਂ ਪਰ ਅਜੇ ਤੱਕ ਲੋਕੀਂ ਔਂਤਰਾ ਹੀ ਕਹਿੰਦੇ ਹਨ। ਕਰੋ ਕ੍ਰਿਪਾ, ਮਾਰੋ ਰੇਖ ਵਿੱਚ ਮੇਖ। ਸਾਧੂ ਦਾ ਦਰਸ਼ਨ ਮਨੁੱਖ ਦੀ ਤਕਦੀਰ ਪਲਟ ਦਿੰਦਾ ਹੈ।"

ਸੰਤਾਂ ਨੇ ਇਸਨੂੰ ਧੀਰਜ ਦੇ ਕੇ ਬਚਨ ਕੀਤਾ, "ਜਿਤਨੇ ਕੁ ਇਹ ਸੰਸਾਰੀ ਪਦਾਰਥ ਹਨ-ਇਸਤਰੀ, ਪੁੱਤਰ, ਧਨ, ਦੌਲਤ ਦਾ ਸੁੱਖ ਇਹ ਪਿਛਲੇ ਪੁੰਨਾਂ ਦਾ ਫ਼ਲ ਹੈ। ਹੁਣ ਵੀ ਦਾਨ ਪੁੰਨ ਕਰਿਆ ਕਰ ਗੁਰੂ ਭਲੀ ਕਰੇਗਾ।" ਇਸ ਨੇ ਕਿਹਾ, "ਕਰਾਓ ਮੈਥੋਂ ਦਾਨ, ਪੁੰਨ ਜਿੱਥੇ ਆਪ ਦਾ ਖ਼ਿਆਲ ਹੈ।" ਸੰਤ ਬੋਲੇ, "ਇਹ ਸਭ ਤੋਂ ਵੱਡਾ ਪੁੰਨ ਹੈ ਲਹਿਰੇ ਦੇ ਰਸਤੇ ਵਿੱਚ ਖੂਹੀ ਲਗਵਾ ਦੇਹ, ਪਸ਼ੂ, ਪੰਛੀ ਤੇ ਮਨੁੱਖ ਪਾਣੀ ਪੀ ਕੇ ਅਸੀਸਾਂ ਦੇਣਗੇ ਤੇਰੇ ਮਨ ਦੀ ਮੁਰਾਦ ਪੂਰੀ ਹੋ ਜਾਵੇਗੀ।"

ਸੰਤ ਜੀ ਦਾ ਬਚਨ ਸੁਣਕੇ ਕੁਝ ਕੁ ਚੁੱਪ ਹੋ ਗਿਆ ਕਿਉਂਕਿ ਮਨ ਦਾ ਉਦਾਰ ਨਹੀਂ ਸੀ। ਫੇਰ ਕਹਿਣ ਲੱਗਾ, "ਮਹਾਰਾਜ! ਮੈਂ ਤੁਹਾਡਾ ਹੁਕਮ ਤਾਂ ਮੰਨ ਲੈਂਦਾ ਹਾਂ ਪਰ ਆਮ ਸਾਧੂ ਸੰਤ ਦਾਨ ਵਾਸਤੇ ਹੀ ਕਹਿੰਦੇ ਰਹਿੰਦੇ ਹਨ ਬਚਨ ਕਿਸੇ ਦਾ ਨਹੀਂ ਫੁਰਦਾ।" ਸੰਤ ਜੀ ਹੱਸੇ ਤੇ ਕਿਹਾ, "ਸਾਧੂ ਸਾਰੇ ਇੱਕੋ ਜਿਹੇ ਨਹੀਂ ਹੁੰਦੇ, ਕਈਆਂ ਨੇ ਕੇਵਲ ਭੇਖ ਹੀ ਧਾਰਨ ਕੀਤਾ ਹੁੰਦਾ ਹੈ, ਕਈ ਪੂਰਨ ਗੁਣਾਂ ਵਾਲੇ ਹੁੰਦੇ ਹਨ, ਕਿਸੇ ਨੂੰ ਮਾੜਾ ਕਹਿਣਾ ਠੀਕ ਨਹੀਂ। ਜੇ ਤੇਰੇ ਮਨ ਵਿੱਚ ਨਿਸ਼ਚਾ ਨਹੀਂ ਆਉਂਦਾ ਫੇਰ ਸਾਡੇ ਨਾਲ ਠੇਕਾ ਕਰ ਲੈ। ਖੂਹੀ ਲਵਾ ਦੇਹ। ਜੇਕਰ ਤੇਰੇ ਲੜਕਾ ਨਾ ਹੋਵੇ ਤਾਂ ਇਸ ਗੱਲ ਦੇ ਅਸੀਂ ਜਾਮਨ ਹਾਂ ਦੁੱਗਣੇ ਪੈਸੇ ਦੇਵਾਂਗੇ।" ਇਤਨਾ ਵੱਡਾ ਦਾਈਆ ਦੇਖਕੇ ਸਾਰੀ ਸੰਗਤ ਹੈਰਾਨ ਹੋ ਗਈ। ਪ੍ਰੇਮੀ ਕਹਿਣ ਲੱਗੇ, "ਸੁਘੜੂ ਮਲ! ਹੁਣ ਤੂੰ ਸੰਤਾਂ ਦਾ ਬਚਨ ਨਾ ਮੋੜੀਂ ਤੇਰੇ ਜ਼ਰੂਰ ਹੀ ਗੁਰੂ ਦੀ ਕ੍ਰਿਪਾ ਹੋ ਜਾਵੇਗੀ।" ਸੇਠ

ਬੜਾ ਪ੍ਰਸੰਨ ਹੋਇਆ ਘਰ ਆ ਕੇ ਡੇਢ ਸੌ ਰੁਪਿਆ ਲਿਆਕੇ ਸੰਤਾਂ ਦੇ ਚਰਨਾਂ ਤੇ ਜਾ ਰੱਖਿਆ ਅਤੇ ਆਖਿਆ, "ਮਹਾਰਾਜ! ਹੁਣ ਜਿਤਨੇ ਪੈਸੇ ਹੋਰ ਖਰਚ ਆਉਣਗੇ ਉਹ ਵੀ ਮੈਂ ਦੇਵਾਂਗਾ ਤੁਸੀਂ ਆਪ ਹੀ ਕ੍ਰਿਪਾ ਕਰਕੇ ਇਸ ਕੰਮ ਨੂੰ ਸਿਰੇ ਚਾੜ੍ਹੋ।"

ਉਸ ਸਮੇਂ ਸੰਤ ਜੀ ਨੇ ਸੰਗਤ ਨੂੰ ਨਾਲ ਲਿਆ, 'ਘੋੜਾ ਨਭ' ਪਿੰਡ ਦੇ ਰਸਤੇ ਤੇ ਜੋ ਲਹਿਰੇ ਸਟੇਸ਼ਨ ਨੂੰ ਜਾਣ ਵਾਲਾ ਰਾਹ ਸੀ, ਜਗ੍ਹਾ ਪਸੰਦ ਕਰਕੇ ਆਪ ਜੀ ਨੇ ਅਰਦਾਸ ਕੀਤੀ ਤੇ ਪਹਿਲਾ ਟੱਕ ਆਪਣੇ ਹੱਥੀਂ ਲਾ ਕੇ ਪ੍ਰਸ਼ਾਦ ਵਰਤਾਇਆ। ਫੇਰ ਸੰਗਤ ਨੂੰ ਹੁਕਮ ਕੀਤਾ, ਕਰੋ ਇੰਜ ਪਵਿੱਤਰ ਸੇਵਾ। ਇਉਂ ਥੋੜ੍ਹੇ ਦਿਨਾਂ ਵਿੱਚ ਖੂਹੀ ਮੁਕੰਮਲ ਹੋ ਗਈ। ਹੁਣ ਤੱਕ ਜਿਸ ਦਾ ਪਾਣੀ ਬੜਾ ਸੀਤਲ ਤੇ ਮਿੱਠਾ ਹੈ। ਸੰਤ ਜੀ ਖੂਹੀ ਲਵਾਕੇ ਵਾਪਸ ਚਲੇ ਗਏ ਪਿਛੋਂ ਇਸਦੇ ਘਰ ਸੱਠ ਸਾਲ ਦੀ ਉਮਰ ਵਿੱਚ ਲੜਕੇ ਨੇ ਜਨਮ ਲਿਆ। ਪ੍ਰਵਾਰ ਨੂੰ ਚਾਅ ਚੜ੍ਹ ਗਿਆ। ਨਗਰ ਨਿਵਾਸੀ ਵਧਾਈਆਂ ਦਿੰਦੇ। ਪ੍ਰੇਮੀਆਂ ਦੀ ਸੰਤਾਂ ਤੇ ਹੋਰ ਵੀ ਸ਼ਰਧਾ ਵਧੀ। ਇਸਨੇ ਵੀ ਦਿਲ ਖੋਲ੍ਹਕੇ ਦਾਨ ਪੁੰਨ ਕੀਤਾ।

ਜਦੋਂ ਸੰਤ ਜੀ ਮਹਾਰਾਜ ਫੇਰ ਕੌਰੀਆਂ ਨਗਰ ਆਏ ਤਾਂ ਇਸਨੇ ਕੀਮਤੀ ਬਸਤਰ ਤੇ ਨਕਦੀ ਧਨ ਦੀ ਭੇਟਾ ਅਰਪਕੇ ਬੱਚੇ ਨੂੰ ਸੰਤਾਂ ਦੇ ਚਰਨੀਂ ਪਾਇਆ। ਸੰਤਾਂ ਨੇ ਇਸਦਾ ਨਾਮ 'ਦੇਸ ਰਾਜ' ਰੱਖਿਆ। ਨਾਲ ਇਹ ਵੀ ਆਖਿਆ, "ਦੇਖ ਲਿਆ ਸਾਧ ਦਾ ਬਚਨ? ਜੇ ਹੋਰ ਲੜਕਾ ਲੈਣਾ ਹੈ ਤਾਂ ਇੱਕ ਖੂਹੀ ਛਾਜਲੀ ਸਟੇਸ਼ਨ ਦੇ ਰਸਤੇ ਤੇ ਲਵਾ ਦੇਹ।" ਫੇਰ ਤਾਂ ਇਸਨੇ ਸੰਤਾਂ ਦਾ ਪਹਿਲਾ ਬਚਨ ਵੀ ਮੰਨ ਕੇ 'ਪਿਸੌਰ' ਪਿੰਡ ਦੇ ਰਾਹ ਦੂਜੀ ਖੂਹੀ ਛਾਜਲੀ ਵੱਲ ਲਵਾ ਦਿਤੀ। ਫੇਰ ਦੂਸਰੇ ਲੜਕੇ ਨੇ ਜਨਮ ਲਿਆ ਜਿਸਦਾ ਨਾਮ 'ਹੰਸ ਰਾਜ' ਰੱਖਿਆ। ਸੰਤ ਜੀ ਕਹਿਣ ਲੱਗੇ, "ਕਿਉਂ ਸ਼ਾਹ ਜੀ! ਅਜੇ ਹੋਰ ਇੱਛਾ ਹੈ ਲੜਕੇ ਦੀ ਤਾਂ ਇੱਕ ਖੂਹੀ ਹੋਰ ਲਵਾ ਦੇਹ। ਇਤਨਾ ਸਸਤਾ ਸੌਦਾ ਕੌਣ ਛੱਡੇ?" ਦੋ ਸੌ ਰੁਪਏ 'ਚੋਂ ਮੁੰਡਾ ਮਿਲਦਾ ਹੈ। ਇੱਕ ਹੋਰ ਖੂਹੀ 'ਉਭਿਆ' ਪਿੰਡ ਦੇ ਰਾਹ ਤੇ ਲਵਾ ਦਿੱਤੀ ਤਾਂ ਤੀਜੇ ਲੜਕੇ 'ਚਾਨਣ ਮਲ' ਦਾ ਜਨਮ ਹੋਇਆ। ਇਹ ਤਿੰਨੇ ਹੁਣ ਪੁੱਤਰਾਂ ਵਾਲੇ ਹਨ। ਸੰਤ ਜੀ ਦੀ ਅਪਾਰ ਕ੍ਰਿਪਾ ਹੈ। ਪਿਤਾ ਜਿਤਨਾ ਸੂਮ, ਲੜਕੇ ਉਤਨੇ ਉਦਾਰ।

ਮੈਂ ਇਹ ਸਾਖੀ ਆਪ ਕੌਰੀਆਂ ਜਾ ਕੇ ਸੁਣੀ ਤਾਂ ਉਸ ਸਮੇਂ ੨੫-੨-੭੦ ਦੇ 'ਰਣਜੀਤ' ਅਤੇ ਹੋਰ ਅਖ਼ਬਾਰਾਂ ਵਿੱਚ ਇੱਕ ਗੱਲ ਛਪੀ ਹੋਈ ਦੇਖਣ ਵਿੱਚ ਆਈ ਕਿ ਕੌਰੀਆਂ ਪਿੰਡ ਦੇ ਦੇਸ ਰਾਜ ਨੂੰ (ਜੋ ਅੱਜ ਕੱਲ੍ਹ ਪਾਤੜਾਂ ਕਸਬੇ ਵਿੱਚ ਦੁਕਾਨ ਕਰਦਾ ਹੈ) ਇੱਕ ਬਟੂਆ ਲੱਭਿਆ ਹੈ ਜਿਸ ਵਿੱਚ ਦੋ ਹਜ਼ਾਰ ਦੀ ਰਕਮ ਤੋਂ ਉਪਰ ਦੇ ਨੋਟ ਹਨ। ਇਸਦਾ ਮਾਲਕ ਨਿਸ਼ਾਨੀਆਂ ਦਸ ਕੇ ਲੈ ਸਕਦਾ ਹੈ। ਇਹ ਹੈ ਪੂਰਨ ਸਾਧੂ ਦੀ ਕਿਰਪਾ ਦਾ ਫ਼ਲ ਕਿ ਮਾਮੂਲੀ ਦੁਕਾਨਦਾਰ ਵਿੱਚ ਇਤਨੀ ਇਮਾਨਦਾਰੀ ਤੇ ਸੱਚਾਈ ਹੋਣੀ।

ਇਸੇ ਤਰ੍ਹਾਂ ਆਪ ਚਪੜ ਪਿੰਡ ਭੀ ਕਈ-ਕਈ ਮਹੀਨੇ ਆਪਣੇ ਪ੍ਰੇਮੀਆਂ ਦੇ ਪ੍ਰੇਮ ਦੇ ਬੱਝੇ ਸ੍ਰ: ਮੀਹਾਂ ਸਿੰਘ ਦੇ ਖੂਹ ਤੇ ਠਹਿਰਦੇ ਰਹੇ। ਸ੍ਰ: ਮੀਹਾਂ ਸਿੰਘ ਤੇ ਇਨ੍ਹਾਂ ਦੇ ਘਰੋਂ ਮਾਤਾ ਰਾਮ ਕੌਰ ਅਤੇ ਨੰਬਰਦਾਰ ਬਖਸ਼ੀਸ਼ ਸਿੰਘ ਜੋ ਇਨ੍ਹਾਂ ਦੇ ਛੋਟੇ ਭਰਾ ਸਨ ਇਨ੍ਹਾਂ ਦੇ ਘਰੋਂ ਮਾਤਾ ਅਮਰਜੀਤ ਕੌਰ ਸਮੇਤ ਪ੍ਰਵਾਰ ਦੇ ਸਾਰੇ ਮੈਂਬਰ ਬੜੀ ਭਾਵਨਾ ਨਾਲ ਸੇਵਾ ਕਰਦੇ। ਕਈ ਵਾਰ ਵੱਡੇ ਸੰਤ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਦਾ ਸਾਲਾਨਾ ਜੋੜ ਮੇਲਾ ਨੌ ਮਾਘ ਭੀ ਏਥੇ ਹੀ ਮਨਾਉਂਦੇ ਰਹੇ। ਅਖੰਡ ਪਾਠ ਹੁੰਦੇ, ਕਥਾ ਕੀਰਤਨ ਦਾ ਪ੍ਰਵਾਹ ਅਤੇ ਅਤੁਟ ਲੰਗਰ ਚਲਦੇ।

## ਭਾਈ ਹਰਨੇਕ ਸਿੰਘ ਤੇ ਕਿਰਪਾ

'ਸਿਉਣੇ' ਪਿੰਡ ਦੇ ਬਹੁਤ ਸਾਰੇ ਪ੍ਰੇਮੀ ਸੰਤਾਂ ਦੇ ਸ਼ਰਧਾਲੂ ਬਣ ਗਏ। ਸੰਤ ਜੀ ਮਹਾਰਾਜ ਵੀ ਕਾਫ਼ੀ ਦਿਨ ਇਨ੍ਹਾਂ ਦੇ ਪ੍ਰੇਮ ਸਦਕਾ ਸਿਉਣੇ ਨਗਰ ਠਹਿਰਦੇ। ਜਦੋਂ ਰੌਣੀ ਵਾਲਾ ਅਸਥਾਨ ਛੱਡ ਦਿਤਾ ਫੇਰ ਤਾਂ ਕਈ-ਕਈ ਮਹੀਨੇ ਠਹਿਰ ਜਾਂਦੇ, ਕਿਉਂਕਿ ਡੇਰਾ ਛੱਡਣ ਤੋਂ ਬਾਅਦ ਹੋਰ ਕੋਈ ਅਸਥਾਨ ਆਬਾਦ ਨਹੀਂ ਕੀਤਾ। ਖਨਾਲ, ਕੌਰੀਆ, ਰੇਰੂ ਸਾਹਿਬ, ਰਾੜਾ ਸਾਹਿਬ, ਲਹਿਰਾ ਗਾਗਾ, ਪਟਿਆਲਾ ਤੇ ਹੋਰ ਥਾਵਾਂ ਵਿੱਚ ਸੁਤੰਤਰ ਵਿਚਰਕੇ ਹੀ ਪ੍ਰੇਮੀਆਂ ਦਾ ਪ੍ਰੇਮ ਪੂਰਾ ਕਰਦੇ ਰਹੇ।

ਇਕ ਵਾਰ ਦੋ ਢਾਈ ਸਾਲ ਇਕੱਠੇ ਹੀ ਸਿਉਣੇ ਨਗਰ ਭਾਈ ਹਰਨੇਕ ਸਿੰਘ ਦੇ ਖੂਹ ਤੇ ਟਿਕੇ ਰਹੇ। ਇਸਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਘਰ ਵਿੱਚ ਗ਼ਰੀਬੀ ਤੋਂ ਇਲਾਵਾ ਪੁੱਤਰ ਦੀ ਘਾਟ ਸੀ ਪਰ ਇਸਨੇ ਮੂੰਹੋਂ ਮੰਗਿਆ ਕੁਝ ਨਾ। ਸੰਤਾਂ ਨੇ ਇਨ੍ਹਾਂ ਦੀ ਸੇਵਾ ਤੇ ਪ੍ਰਸੰਨ ਹੋ ਕੇ ਇੱਕ ਦਿਨ ਇਹ ਬਚਨ ਕੀਤਾ ਕਿ ਪ੍ਰੇਮੀਓਂ! ਤੁਸੀਂ ਆਪਣੇ ਮਨ ਵਿੱਚ ਇਹ ਖ਼ਿਆਲ ਕਰਦੇ ਹੋਵੋਗੇ ਕਿ ਸੇਵਾ ਤਾਂ ਸਾਧ ਦੀ ਬੜੀ ਕੀਤੀ ਪਰ ਫ਼ਲ ਕੁਝ ਵੀ ਨਾ ਮਿਲਿਆ? ਕੋਈ ਫ਼ਿਕਰ ਨਾ ਕਰੋ ਗੁਰੂ ਭਲੀ ਕਰੇਗਾ। ਸਤਿਗੁਰਾਂ ਦਾ ਇਹ ਬਚਨ ਜ਼ਰੂਰ ਪੂਰਾ ਹੋਵੇਗਾ ਕਿ ਸਾਧੂ ਦੀ ਸੇਵਾ ਚਾਰੇ ਫ਼ਲਾਂ ਦੀ ਦਾਤੀ ਹੈ।

ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥

(ਪੰਨਾ ੨੬੬)

ਮਹਾਂ-ਪੁਰਸ਼ਾਂ ਦੇ ਬਚਨ ਹੋਣ ਤੋਂ ਸਾਲ ਬਾਅਦ ੨੦੦੧ ਬ੍ਰਿਕਮੀ ਵਿੱਚ ਲੜਕੇ ਦਾ ਜਨਮ ਹੋਇਆ। ਸੰਤਾਂ ਨੇ ਆਪ ਇਸ ਦਾ ਨਾਮ ਭਾਗ ਸਿੰਘ ਰੱਖਿਆ ਅਤੇ ਫੇਰ ਬਚਨ ਕੀਤਾ, ਹੁਣ ਮਕਾਨ ਵੀ ਕੱਚੇ ਖੋਲਿਆਂ ਤੋਂ ਲੈਂਟਰਾਂ ਵਾਲੇ ਪੱਕੇ ਬਣ ਜਾਣਗੇ। ਸੋ ਹੁਣ ਇਹ ਵਾਕ ਵੀ ਪੂਰੇ ਹੋਏ ਹਨ। ਲੜਕਾ ਵੀ ਚੰਗੇ ਘਰ ਧਭਲਾਨ ਵਿਆਹਿਆ ਗਿਆ ਹੈ।

# ਜੋਤੀ ਜੋਤ ਸਮਾਉਣਾ

ਫੇਰ ਸੰਤਾਂ ਨੇ ੨੦੦੨ ਬਿਕ੍ਰਮੀ ਦੀ ਗਰਮੀ ਰਾੜੇ ਸਾਹਿਬ ਬਤੀਤ ਕੀਤੀ। ਦਾਸ ਨੇ ਉਸ ਸਮੇਂ ਇਸ ਵਿਅਕਤੀ ਦੀ ਸੇਵਾ ਤੇ ਦਰਸ਼ਨ ਕੀਤੇ ਹਨ। ਚੜ੍ਹਦੇ ਸਿਆਲ ਵਿੱਚ ਵਿਚਾਰ ਕਰਕੇ ਕਿ ਬਹੁਤ ਸਾਰੇ ਮਹਾਂ-ਪੁਰਸ਼ਾਂ ਜੇਹਾ ਕਿ ਹੋਤੀ ਮਰਦਾਨ ਵਾਲੇ ਬਾਬਾ ਜੀ, ਰੇਰੂ ਸਾਹਿਬ ਵਾਲੇ ਸੰਤ, ਮਸਤੂਆਣੇ ਵਾਲੇ ਮਹਾਂ-ਪੁਰਸ਼ ਮਾਘ ਵਿੱਚ ਹੀ ਜੋਤੀ ਜੋਤ ਸਮਾਏ। ਆਪਣਾ ਸਮਾਂ ਨਜ਼ਦੀਕ ਜਾਣਕੇ ਕੌਰੀਆਂ ਨਗਰ ਆ ਗਏ। ਜਦੋਂ ਏਥੇ ਕੁਝ ਦਿਨ ਰਹਿੰਦਿਆਂ ਨੂੰ ਹੋ ਗਏ ਤਾਂ ਪੈਰ ਤੇ ਮਾਮੂਲੀ ਜੇਹਾ ਜ਼ਖਮ ਹੋ ਗਿਆ। ਕੌਰੀਆਂ ਦੇ ਇੱਕ ਪ੍ਰੇਮੀ ਕਾਕਾ ਰਾਮ ਵੈਦ ਨੇ ਦਵਾਈ ਵੀ ਲਗਾਈ, ਫੇਰ ਤਾਂ ਇਤਨਾ ਵਾਧਾ ਵਧਿਆ ਕਿ ਸਾਰੀ ਲੱਤ ਸੁਜ ਗਈ। ਉਪਰੰਤ ਸੰਗਤ ਦੇ ਬਹੁਤ ਮਜ਼ਬੂਰ ਕਰਣ ਤੋਂ ਸੰਤ ਜੀ ਮਹਾਰਾਜ ਪਟਿਆਲੇ ਡਾਕਟਰ ਦੇ ਪਾਸ ਜਾਣਾ ਮੰਨ ਗਏ। ਗੱਡੀ ਵਿੱਚ ਬੈਠ ਕੇ ਪਟਿਆਲੇ ਖੁਸ਼ਵੰਤ ਸਿੰਘ ਡਾਕਟਰ ਦੀ ਕੋਠੀ ਠਹਿਰੇ ਜੋ ਸੰਤਾਂ ਦਾ ਸ਼ਰਧਾਲੂ ਸੀ। ਪਹਿਲਾਂ ਇਹ ਆਪ ਹੀ ਕਾਫ਼ੀ ਚਿਰ ਇਲਾਜ ਕਰਦਾ ਰਿਹਾ, ਫੇਰ ਰਾਜਿੰਦਰਾ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ। ਏਥੇ ਵੀ ਦੋ ਮਹੀਨੇ ਰਹੇ, ਬੜੇ ਇਲਾਜ ਕੀਤੇ ਪਰ ਆਰਾਮ ਨਾ ਆਇਆ। ਸੰਤਾਂ ਨੇ ਕਿਹਾ, "ਚਲੋ ਹੁਣ ਏਥੇ ਨਹੀਂ ਰਹਿਣਾ ਸਰੀਰ ਦਾ ਅੰਤ ਸਮਾਂ ਨੇੜੇ ਹੈ।" ਡਾਕਟਰ ਛੁੱਟੀ ਨਾ ਦੇਣ ਕਿ ਰਾਜ਼ੀ ਕਰਕੇ ਭੇਜਾਂਗੇ। ਅਖ਼ੀਰ ਨੂੰ ਰਾਤ ਦੇ ਸਮੇਂ ਡਾਕਟਰ ਤੋਂ ਬਿਨਾਂ ਪੁੱਛੇ ਟਾਂਗੇ ਵਿੱਚ ਬੈਠਕੇ ਸ਼ਹਿਰ ਆ ਗਏ ਅਤੇ ਧਰਮ ਸਿੰਘ ਨਾਜ਼ਮ ਦੀ ਕੋਠੀ ਵਿੱਚ ਠਹਿਰੇ। ਏਥੇ ਅੱਠ ਦਿਨ ਠਹਿਰੇ, ਅਖ਼ੀਰ ਨੂੰ ੨੩ ਮਾਘ ੨੦੦੨ ਬਿਕ੍ਰਮੀ ਸੰਮਤ ਨੂੰ ਸ਼ਾਮ ਦੇ ਪੰਜ ਵਜੇ ਪ੍ਰਲੋਕ ਪਿਆਨਾ ਕਰ ਗਏ। ਅੰਤ ਸਮੇਂ ਇੱਕੋ ਇੱਕ ਪ੍ਰੇਮੀ ਸੰਤ ਭਜਨ ਸਿੰਘ ਹੀ (ਜੋ ਸਿੰਘਾਂ ਦੀ ਸਕਰੌਦੀ ਦੇ ਸਨ। ਇਹ ਨਗਰ ਜ਼ਿਲ੍ਹਾ ਸੰਗਰੂਰ ਵਿੱਚ ਢੋਡਿਆਂ ਤੇ ਛੀਟਾਂ ਵਾਲੇ ਦੇ ਵਿਚਕਾਰ ਹੈ) ਆਪ ਦੇ ਪਾਸ ਸੀ ਜੋ ਫੇਰ ਕਾਫ਼ੀ ਸਮਾਂ ਰਾੜੇ ਸਾਹਿਬ ਤੇ ਧਭਲਾਨ ਸੇਵਾ ਕਰਦੇ ਰਹੇ ਅਤੇ ਫੇਰ ਕੌਰੀਆਂ ਨਗਰ ਗੁਰਦੁਆਰੇ ਦੀ ਸੇਵਾ ਕਰਦੇ ਰਹੇ ਸਨ।

ਉਸ ਸਮੇਂ ਸੰਤਾਂ ਦੇ ਕਹੇ ਅਨੁਸਾਰ ਅੰਤ ਸਮੇਂ ਸਰੀਰ ਦਾ ਸਸਕਾਰ 'ਤੁੱਲੇਵਾਲ' ਪਿੰਡ ਕਰਣ ਵਾਸਤੇ ਟਰੱਕ ਤੇ ਲੈ ਆਏ। ੨੪ ਮਾਘ ਨੂੰ ਅੰਗੀਠਾ ਬਣਾ ਕੇ ਅਰਦਾਸ ਕਰਦੇ ਚੰਡਾ ਲਾ ਦਿੱਤਾ। ਬਾਅਦ ਵਿੱਚ ਅਖੰਡ ਪਾਠ ਤੇ ਭੰਡਾਰਾ ਕੀਤਾ, ਹੁਣ ਸਾਲ ਦੇ ਸਾਲ ਉਸੇ ਦਿਨ ਉਥੇ 'ਤੁੱਲੇਵਾਲ' ਤੇ ਕੌਰੀਆਂ ਨਗਰ ਜੋੜ ਮੇਲਾ ਮਨਾਇਆ ਜਾਂਦਾ ਹੈ।

ਇਉਂ ਇਨ੍ਹਾਂ ਮਹਾਂ-ਪੁਰਸ਼ਾਂ ਦੀਆਂ ਪ੍ਰਤੱਖ ਹੀ ਬੇਅੰਤ ਕਰਾਮਾਤਾਂ ਜਗਤ ਪ੍ਰਸਿੱਧ ਹਨ। ਪਰ ਏਥੇ ਸੰਕੋਚ ਕਰਕੇ ਜੀਵਨ ਲਿਖਿਆ ਹੈ। ਉਹ ਮਹਾਂ-ਪੁਰਸ਼ ਜਦੋਂ ਤੋਪਖਾਨੇ ਚੋਂ ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੀ ਸਿਫ਼ਤ ਸੁਣਕੇ ਆਪਣਾ ਨਾਮ ਕਟਵਾਕੇ ਸੰਤਾਂ ਦੇ ਚਰਨਾਂ 'ਚ ਰੇਰੂ ਸਾਹਿਬ ਆ ਗਏ, ਫੇਰ ਤਾਂ ਹੋਰ ਜਿਤਨੇ ਫੌਜੀ ਪਟਿਆਲੇ ਤੋਂ ਸੰਤ ਮਹਾਰਾਜ ਦੇ ਉਪਦੇਸ਼ੀ ਸਨ, ਸਾਰੇ ਇਨ੍ਹਾਂ ਦੇ ਰਾਹੀਂ ਹੀ ਰੇਰੂ ਸਾਹਿਬ ਪਹੁੰਚੇ ਤੇ ਉਪਦੇਸ਼ ਲਿਆ ਸੀ।

## ਜਥੇਦਾਰ ਸੰਤੋਖ ਸਿੰਘ ਜੀ ਦੀਆਂ ਜੀਵਨ ਯਾਦਾਂ

ਰਿਆਸਤ ਪਟਿਆਲੇ ਦੇ ਬਾਨੀ ਬਾਬਾ ਆਲਾ ਸਿੰਘ ਜੀ ਦੀ ਗੱਦੀ ਤੇ ਪੰਜਵੀਂ ਥਾਂ ਮਹਾਰਾਜ ਕਰਮ ਸਿੰਘ ਦੇ ਉਪਦੇਸ਼ਕ ਬਾਬਾ ਰਾਮ ਸਿੰਘ ਜੀ ਹੋਏ, ਜੋ ਪੂਰਨ ਗੁਰਸਿੱਖ ਨਾਮ ਰਸੀਏ ਤੇ ਬ੍ਰਹਮ ਗਿਆਨੀ ਮਹਾਂ-ਪੁਰਸ਼ ਸਨ। ਇਹ ਗੁਰੂ ਪਿਆਰੇ ਪੁਰਾਣੇ ਮੋਤੀ ਬਾਗ਼ ਤੋਂ ਪੂਰਬ ਦੱਖਣ ਵੱਲ ਦੋ ਤਿੰਨ ਕੁ ਮੀਲਾਂ ਦੇ ਫਾਸਲੇ ਤੇ ਬਾਹਰ ਬੀੜ ਵਿੱਚ ਹੀ ਰਹਿੰਦੇ ਸਨ। ਸ਼ਹਿਰ ਤੋਂ ਬਾਹਰ ਏਥੇ ਸੰਗਤ ਦੀ ਬਹੁਤ ਆਵਾਜਾਈ ਹੋ ਗਈ ਜਿਸ ਕਰਕੇ ਛੱਪਰੀਆਂ, ਛੱਪਰ ਤੇ ਕਮਰੇ ਪਾਉਣੇ ਪਏ। ਏਥੇ ਇਨ੍ਹਾਂ ਨੇ ਕਾਫ਼ੀ ਸਮਾਂ ਰਹਾਇਸ਼ ਰੱਖਕੇ ਬੰਦਗੀ ਕੀਤੀ। ਜਿਨ੍ਹਾਂ ਦੇ ਨਾਮ ਤੇ ਨਗਰ ਦਾ ਨਾਮ ਰਾਮਗੜ੍ਹ ਪ੍ਰਸਿੱਧ ਹੋ ਗਿਆ। ਭਾਵੇਂ ਇਸ ਨੂੰ ਆਬਾਦ ਹੋਇਆਂ ਡੇਢ ਸੌ ਸਾਲ ਤੋਂ ਵੱਧ ਸਮਾਂ ਨਹੀਂ ਹੋਇਆ। ਨਗਰ ਵੀ ਬਹੁਤ ਛੋਟਾ ਹੈ ਪਰ ਇਸ ਵਿੱਚ ਕਈ ਕੌਮਾਂ ਦੇ ਲੋਕ ਵਸਦੇ ਹਨ। ਜ਼ਿਮੀਂਦਾਰ, ਕਮੋ ਬਰਾਦਰੀ, ਮਹਾਜਨ ਤੇ ਹਰੀਜਨਾਂ ਤੋਂ ਇਲਾਵਾ ਏਥੇ ਦੋ ਘਰ ਸਾਰਸੁਤ ਗੋਤੀ ਬ੍ਰਾਹਮਣਾਂ ਦੇ ਵੀ ਹਨ ਜੋ ਉਸੇ ਸਮੇਂ ਤੋਂ ਹੀ ਰਾਜ ਪੰਡਤ ਚਲੇ ਆਉਂਦੇ ਹਨ। ਇਨ੍ਹਾਂ ਵਿੱਚੋਂ ਇੱਕ ਜੀਉਣ ਰਾਮ ਨਾਮ ਦਾ ਬ੍ਰਾਹਮਣ ਪੁਰਾਤਨ ਖ਼ਿਆਲੀ ਤੇ ਪੂਰਨ ਵੈਸ਼ਨੋ ਧਰਮ ਦੇ ਧਾਰਣ ਵਾਲਾ ਸੀ ਇਸਦੇ ਘਰ ਠਾਕੁਰ ਚੰਦ ਦਾ ਜਨਮ ਹੋਇਆ ਜਿਸ ਦਾ ਉਪਨਾਮ ਫੀਨਾ ਰਾਮ ਪ੍ਰਸਿੱਧ ਸੀ। ਠਾਕਰ ਚੰਦ ਦੇ ਘਰ ਵਾਲੀ ਦਾ ਨਾਮ ਸ੍ਰੀਮਤੀ ਗੰਗਾ ਦੇਵੀ ਸੀ ਜੋ ਗਾਥਮੜਾ ਪਿੰਡ ਤੋਂ ਸ੍ਰੇਸ਼ਟ ਵਿਦਵਾਨ ਬ੍ਰਾਹਮਣ ਦੀ ਲੜਕੀ ਸੀ, ਇਨ੍ਹਾਂ ਦੇ ਘਰ ਦੋ ਲੜਕਿਆਂ ਨੇ ਜਨਮ ਲਿਆ। ਵੱਡੇ ਦਾ ਨਾਮ ਜੋ ੧੯੫੩ ਬਿਕ੍ਰਮੀ ਵਿੱਚ ਜਨਮਿਆਂ ਉੱਤਮ ਚੰਦ ਰੱਖਿਆ। ਦੂਸਰੇ ਦਾ ਨਾਮ ਰਾਜਾ ਰਾਮ ਹੈ ਜਿਸਦਾ ਜਨਮ ੧੯੫੬ ਬਿਕ੍ਰਮੀ ਵਿੱਚ ਹੋਇਆ।

ਉੱਤਮ ਚੰਦ ਬਚਪਨ ਤੋਂ ਹੀ ਨੇਕ ਖ਼ਿਆਲੀ ਤੇ ਸਾਧੂ ਸੁਭਾਉ ਵਾਲਾ ਸੀ। ਪੰਜਾਬੀ ਦੀ ਪੜ੍ਹਾਈ ਤਾਂ ਛੋਟੀ ਉਮਰ ਵਿੱਚ ਨਗਰ ਦੀ ਧਰਮਸ਼ਾਲਾ ਵਿਖੇ ਹੀ ਸੰਤਾਂ ਪਾਸੋਂ ਕੀਤੀ ਜਿਨ੍ਹਾਂ ਦਾ ਸਰੀਰ ਲੌਂਗੋਵਾਲ ਦਾ ਸੀ। ਫੇਰ ਸੋਲ੍ਹਾਂ ਸਾਲ ਦੀ ਉਮਰ ਵਿੱਚ ਮਾਤਾ ਪਿਤਾ ਨੇ ਇਨ੍ਹਾਂ ਦੀ ਘੁਮੇੜੀ ਬੁਸੇ ਪਿੰਡ ਵਿੱਚ ਸ਼ਾਦੀ ਕਰ ਦਿੱਤੀ। ਜਗਤ ਜੰਜਾਲ ਨੂੰ ਦੁੱਖ ਰੂਪ ਜਾਣਕੇ ੧੮ ਸਾਲ ਦੀ ਆਯੂ ਵਿੱਚ ਪਟਿਆਲੇ ਤੋਪਖਾਨੇ ਨੌਕਰੀ ਕਰ ਲਈ। ਸਿੱਖ ਫੌਜੀਆਂ ਨਾਲ ਹੀ ਰੰਗਰੂਟੀ ਕੀਤੀ, ਤੋਪਖਾਨੇ ਦੇ ਜਥੇ ਨਾਲ ਮਿਲਕੇ ਕੀਰਤਨ ਕਰਿਆ ਕਰਨ। ਗੁਰਸਿੱਖੀ ਦੇ ਸੰਸਕਾਰ ਪਏ। ਰੰਗਰੂਟੀ ਤੋਂ ਬਾਅਦ ਅੰਮ੍ਰਿਤ ਛਕਕੇ ਉੱਤਮ ਚੰਦ ਸੰਤੋਖ ਸਿੰਘ ਬਣ ਗਿਆ। ਫੇਰ ਏਹੋ ਹੀ ਮਹਾਂ-ਪੁਰਸ਼ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਤੋਂ ਉਪਦੇਸ਼ ਲੈ ਕੇ ਸੁਆਮੀ ਸੰਤੋਖ ਸਿੰਘ ਨਾਮ ਕਰਕੇ ਪ੍ਰਸਿੱਧ ਹੋਏ ਜਿਨ੍ਹਾਂ ਨੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਚਰਨਾਂ ਵਿੱਚ ਪੁੱਜ ਕੇ ਪਹਿਲੀ ਢੱਕੀ ਤੋਂ ਲੈ ਕੇ ਦੋਵੇਂ ਅਸਥਾਨਾਂ ਦੀ ਰਹਾਇਸ਼ ਰੱਖਕੇ ਕਾਫ਼ੀ ਸਮਾਂ ਸੇਵਾ ਕੀਤੀ। ਲਗਾਤਾਰ ਤਿੰਨ ਚਾਰ ਸਾਲ ਧਭਲਾਨ ਸੰਤ ਆਸ਼ਰਮ ਵੀ ਠਹਿਰੇ। ਕੁਝ ਕੁ ਸਮਾਂ ਬੀਕਾਨੇਰ ਦੇ ਇਲਾਕੇ ਗੰਗਾਨਗਰ ਦੇ ਜ਼ਿਲ੍ਹੇ ੬ ਐਨ. ਐਨ. ਚੱਕ ਵਿੱਚ ਵੀ ਗੁਰਦੁਆਰੇ ਸਾਹਿਬ ਦੀ ਸੇਵਾ ਕੀਤੀ। ਏਥੇ ਹੀ ਬਿਕ੍ਰਮੀ ਸੰਮਤ ੨੦੨੩ ਪੋਹ ਸੁਦੀ ਸਪਤਮੀ ਵਾਲੇ ਸ਼ੁਭ ਦਿਹਾੜੇ ਇੱਕ ਹਫ਼ਤਾ ਪਹਿਲਾਂ ਦੱਸਕੇ ਜੋਤੀ-ਜੋਤ ਸਮਾਏ।

# ਸੰਤ ਨੰਦ ਸਿੰਘ ਜੀ ਭੌਰਲੇ

ਆਪ ਜੀ ਦਾ ਜਨਮ ੧੯੦੬ ਈਸਵੀ ਦੇ ਕਰੀਬ ਸਰਦਾਰ ਮੈਂਗਲ ਸਿੰਘ ਦੇ ਘਰ ਸ੍ਰੀਮਤੀ ਇੰਦਰ ਕੌਰ ਜੀ ਦੀ ਕੁੱਖੋਂ ਜ਼ਿਲ੍ਹਾ ਲੁਧਿਆਣਾ ਖ਼ਾਸ ਭੌਰਲੇ ਨਗਰ ਹੋਇਆ। ਪਹਿਲਾਂ ਕੁਝ ਸਮਾਂ ਪਿੰਡ ਵਿੱਚ ਹੀ ਪਿਤਾ ਜੀ ਨਾਲ ਖੇਤੀਬਾੜੀ ਦਾ ਕੰਮ ਕਰਦੇ ਰਹੇ। ਚਾਰ ਜਮਾਤਾਂ ਤੱਕ ਨਗਰ ਵਿੱਚ ਹੀ ਸਕੂਲ ਦੀ ਪੜ੍ਹਾਈ ਕੀਤੀ। ਉਹਨੀਂ ਦਿਨੀਂ ਏਸ ਪਿੰਡ ਵਿੱਚ ਦੁਆਬੇ ਦੇ ਇਲਾਕੇ ਚੋਂ ਕੰਗ ਪਿੰਡ ਦੇ (ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਤੋਂ ਵਰੋਸਾਏ) ਮਹਾਂ-ਪੁਰਸ਼ ਬਾਬਾ ਰੂਪ ਸਿੰਘ ਜੀ ਰਹਿੰਦੇ ਸਨ। ਉਨ੍ਹਾਂ ਨੇ ਗੁਰੂ ਦਰਬਾਰ ਵਾਸਤੇ ਇੱਕ ਕੱਚਾ ਛੱਪਰ ਪਾ ਕੇ ਮਹਾਰਾਜ ਦਾ ਪ੍ਰਕਾਸ਼ ਕਰਕੇ ਨਾਮ-ਬਾਣੀ ਦੇ ਪ੍ਰਚਾਰ ਦੁਆਰਾ ਸੰਗਤਾਂ ਨੂੰ ਗੁਰੂ ਘਰ ਵੱਲ ਪ੍ਰੇਰਿਆ।

ਇਹਨਾਂ ਬਜ਼ੁਰਗਾਂ ਦੇ ਮਿਲਾਪ ਨਾਲ ਸੰਤ ਨੰਦ ਸਿੰਘ ਜੀ ੧੮ ਸਾਲਾਂ ਦੀ ਉਮਰ ਵਿੱਚ ਬਾਬਾ ਅਤਰ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਰੇਰੂ ਸਾਹਿਬ ਹਾਜ਼ਰ ਹੋਏ। ਅੰਮ੍ਰਿਤ ਪਾਨ ਕਰਨ ਤੋਂ ਬਾਅਦ ਨਾਮ ਦੀ ਦਾਤ ਪ੍ਰਾਪਤ ਕਰਕੇ ਬਾਬਾ ਜੀ ਦੀ ਆਗਿਆ ਅਨੁਸਾਰ ਸੰਤ ਰੂੜ ਸਿੰਘ ਜੀ ਨਾਲ ਭੌਰਲੇ ਗੁਰਦੁਆਰੇ ਦੀ ਸੇਵਾ ਆ ਸੰਭਾਲੀ। ਪੱਕੇ ਗੁਰਦੁਆਰੇ ਦੀ ਨੀਂਹ ਰੱਖੀ ਅਤੇ ਸੰਗਤ ਦੇ ਸਹਿਯੋਗ ਨਾਲ ਛੇਤੀ ਹੀ ਗੁਰਦੁਆਰਾ ਸਾਹਿਬ ਤਿਆਰ ਹੋ ਗਿਆ। ਹੋਰ ਰਹਾਇਸ਼ੀ ਕਮਰੇ ਤੇ ਗੁਰੂ ਕਾ ਲੰਗਰ ਵੀ ਬਣ ਗਿਆ, ਰੇਰੂ ਸਾਹਿਬ ਵਾਂਗੂੰ ਬਿਨਾਂ ਕਿਸੇ ਉਗਰਾਹੀ ਅਪੀਲ ਤੋਂ ਗੁਰੂ ਕਾ ਲੰਗਰ ਅੱਠੇ ਪਹਿਰ ਚਲਦਾ ਹੈ। ਡਾਲੀ ਦੀ ਰੋਟੀ ਵੀ ਕਿਤੋਂ ਨਹੀਂ ਲਿਆਂਦੀ। ਕਥਾ ਅਤੇ ਕੀਰਤਨ ਦਾ ਪ੍ਰਵਾਹ ਵੀ ਜਾਰੀ ਰਹਿੰਦਾ ਹੈ।

ਮਹਾਂ-ਪੁਰਸ਼ਾਂ ਦੇ ਉੱਦਮ ਨਾਲ ਐਸ ਵੇਲੇ ਅਸਥਾਨ ਦੇ ਨਾਂ ੬੬ ਵਿਘੇ ਜ਼ਮੀਨ ਹੈ। ੩੧ ਵਿਘੇ ਤਾਂ ਮੁੱਲ ਖਰੀਦੀ ਗਈ, ਬਾਕੀ ਦੀ ਬਰਧਾਲਾਂ ਦੇ (ਜੋ ਸਮਰਾਲੇ ਦੀ ਸੜਕ ਤੇ ਲਲਹੇੜੀ ਪਿੰਡ ਦੇ ਪਾਸ ਹੈ) ਬੁੱਧ ਸਿੰਘ ਨੇ ਦਾਨ ਕੀਤੀ ਹੈ। ਇਸ ਨੂੰ ਰਪਾਲੋਂ ਦੀ ਜ਼ਮੀਨ ਨਾਲ ਵਟਾਕੇ ਸੂਏ ਦੇ ਪਾਸ ਗੁਰਦੁਆਰੇ ਦੇ ਨੇੜੇ ਹੀ ਲੈ ਆਂਦਾ। ਪਹਿਲਾਂ ਏਸ ਥਾਂ ਬਾਬਾ ਅਤਰ ਸਿੰਘ ਜੀ ਤੋਂ ਵਰੋਸਾਏ ਇਹ ਮਹਾਂ-ਪੁਰਸ਼ ਏਥੇ ਰਹਿੰਦੇ ਸਨ।

੧. ਡਡਹੇੜੀ ਪਿੰਡ ਦਾ ਮਹਿੰਦਰ ਸਿੰਘ। ੨. ਮੰਜਾਲੀ ਦਾ ਗੁਲਜ਼ਾਰਾ ਸਿੰਘ। ੩. ਦੌਦ ਪੁਰ ਦਾ ਦਰਬਾਰਾ ਸਿੰਘ। ੪. ਚੌਰ ਵਾਲੇ ਦਾ ਗੁਰਦਿਤ ਸਿੰਘ।

ਇਹਨਾਂ ਤੋਂ ਇਲਾਵਾ ਹੋਰ ਵੀ ਪ੍ਰੇਮੀ ਭੌਰਲੇ ਸੰਤ ਨੰਦ ਸਿੰਘ ਜੀ ਪਾਸ ਸੇਵਾ ਕਰਦੇ ਸਨ।

ਅਮਲੋਹ ਤੋਂ ਦੋ ਮੀਲ ਨਾਭੇ ਵਾਲੀ ਸੜਕ ਤੇ ਇੱਕ ਹੋਰ ਭਗਵਾਨ ਪੁਰ ਨਾਮ ਦਾ ਅਸਥਾਨ ਹੈ ਜੋ ੧੯੫੬ ਈਸਵੀ ਵਿੱਚ ਆਬਾਦ ਕੀਤਾ। ਏਥੇ ਵੀ ੧੨੦ ਵਿਘੇ ਜ਼ਮੀਨ ਹੈ ਜਿਸ ਵਿੱਚ ੫੧ ਵਿਘੇ ਤਾਂ ਮੁੱਲ ਖਰੀਦੀ ਹੈ। ੬੧ ਵਿਘੇ ਈਸ਼ਰ ਸਿੰਘ ਨੰਬਰਦਾਰ ਭਗਵਾਨ ਪੁਰ ਵਾਲੇ ਨੇ, ੮ ਵਿਘੇ ਕਾਕਾ ਸਿੰਘ ਦੇ ਘਰੋਂ ਮਾਤਾ ਅਮਰ ਕੌਰ ਨੇ ਅਰਦਾਸ ਕਰਵਾਈ। ਏਥੇ ਵੀ ਸੰਤ ਨੰਦ ਸਿੰਘ ਜੀ ਵਲੋਂ ਅੱਠ ਦਸ ਸਰੀਰ ਰਹਿਕੇ ਖੇਤੀ ਕਰਵਾਕੇ ਲੰਗਰ ਚਲਾਉਂਦੇ ਹਨ।

੧੯੬੧ ਈਸਵੀ ਵਿੱਚ ਪਿੰਡ ਬਾਹੋ ਮਾਜਰੇ ਵਾਲੇ ਅਸਥਾਨ ਦੀ ਸੇਵਾ ਵੀ ਸੰਤ ਗੁਰਬਚਨ ਸਿੰਘ ਜੀ ਦੇ ਗੁਰਪੁਰੀ ਪਿਆਨਾ ਕਰਨ ਉਪਰੰਤ ਉਨ੍ਹਾਂ ਦੇ ਨਮਿਤ ਰੱਖੇ ਅਖੰਡ ਪਾਠ ਦੇ ਭੋਗ ਸਮੇਂ ਸੰਗਤ ਵਲੋਂ ਨੰਦ ਸਿੰਘ ਨੂੰ ਸੰਭਾਲੀ ਗਈ। ੩੧ ਵਿਘੇ ਜ਼ਮੀਨ ਹੈ। ਪੰਜ ਸੰਤ ਸਾਧੂ ਰਹਾਇਸ਼ ਰੱਖਦੇ ਹੋਏ ਗੁਰੂ ਘਰ ਦੀ ਖੇਤੀ ਕਰਵਾਉਂਦੇ ਹਨ। ਮਰਯਾਦਾ ਸਾਰੇ ਥਾਵਾਂ ਤੇ ਰੇਰੂ ਸਾਹਿਬ ਵਾਲੀ ਚੱਲ ਰਹੀ ਹੈ।

ਇਸੇ ਤਰ੍ਹਾਂ ਇਕਲਾਹੇ ਪਿੰਡ ਦੇ ਭਾਈ ਤੇਜਾ ਸਿੰਘ ਜੀ ਜੋ ਪਹਿਲਾਂ ਕਾਫ਼ੀ ਸਮਾਂ ਰੇਰੂ ਸਾਹਿਬ ਦੇ ਲੰਗਰ ਦੀ ਸੇਵਾ ਕਰਦੇ ਰਹੇ। ਫੇਰ ਆਪਣੇ ਪਿੰਡ ਛੇਵੇਂ ਪਾਤਸ਼ਾਹ ਜੀ ਦੇ ਇਤਿਹਾਸੀ ਅਸਥਾਨ ਦੀ ਸੇਵਾ ਕਰਕੇ ਕਮਰੇ ਤੇ ਹੋਰ ਸਮਾਨ ਬਣਾਇਆ। ਏਸੇ ਜਗ੍ਹਾ ਹੀ ਕਾਫ਼ੀ ਬਿਰਧ ਹੋ ਕੇ ਚੜ੍ਹਾਈ ਕਰ ਗਏ। ਏਸ ਅਸਥਾਨ ਦੀ ਸੇਵਾ ਵੀ ਬਾਬਾ ਨੰਦ ਸਿੰਘ ਜੀ ਭੌਰਲੇ ਵਾਲਿਆਂ ਨੂੰ ਸੰਭਾਲ ਦਿੱਤੀ। ਪੰਜ ਸੱਤ ਸਿੰਘ ਰਹਿੰਦੇ ਹਨ, ਪੰਜ ਕਿੱਲੇ ਜ਼ਮੀਨ ਹੈ, ਰੇਰੂ ਸਾਹਿਬ ਵਾਲੀ ਮਰਯਾਦਾ ਕਾਇਮ ਹੈ।

## ਲਛਮਣ ਸਿੰਘ ਜੀ ਗੰਧਰਬ

ਲੁਧਿਆਣੇ ਜ਼ਿਲ੍ਹੇ ਵਿੱਚ ਮਹਿਮੂਦਪੁਰ ਨਾਮ ਦਾ ਇੱਕ ਛੋਟਾ ਜੇਹਾ ਨਗਰ ਹੈ ਜੋ ਲੁਧਿਆਣਾ ਧੂਰੀ ਲਾਇਨ ਤੇ ਗਿੱਲ ਸਟੇਸ਼ਨ ਤੋਂ ਇੱਕ ਮੀਲ ਦੱਖਣ ਵੱਲ ਨਜ਼ਦੀਕ ਹੀ ਪੈਂਦਾ ਹੈ। ਏਸ ਪਿੰਡ ਦੇ ਵਸਨੀਕ ਸਰਦਾਰ ਤਾਰਾ ਸਿੰਘ ਤੇ ਸ੍ਰੀਮਤੀ ਭੋਲੀ ਦੇ ਘਰ ੧੯੦੯ ਈਸਵੀ ਫਰਵਰੀ ਦੇ ਮਹੀਨੇ ਇੱਕ ਬਾਲਕ ਦਾ ਜਨਮ ਹੋਇਆ, ਮਾਤਾ ਪਿਤਾ ਨੇ ਨਾਮ ਲਛਮਣ ਸਿੰਘ ਰੱਖਿਆ। ਅਜੇ ਇਹ ਚਾਰ ਸਾਲਾਂ ਦੀ ਉਮਰ ਦਾ ਹੋਇਆ ਸੀ ਕਿ ਸੀਤਲਾ ਨਿਕਲਣ ਕਾਰਣ ਅੱਖਾਂ ਦੀ ਜੋਤ ਚਲੀ ਗਈ। ਭਾਵੇਂ ਮਾਤਾ ਪਿਤਾ ਨੇ ਬੜੇ ਇਲਾਜ ਕਰਵਾਏ ਪਰ ਸਾਰੇ ਨਿਸਫ਼ਲ ਗਏ, ਅਰਾਮ ਨਾ ਆਇਆ। ਇਨ੍ਹਾਂ ਦੇ ਪਿਤਾ ਨਾਮਧਾਰੀ ਸੰਪ੍ਰਦਾਇ ਚੋਂ ਆਸਤਕ ਖ਼ਿਆਲੀ ਤੇ ਪੂਰਨ ਗੁਰਸਿੱਖੀ ਜੀਵਨ ਵਾਲੇ ਸਨ। ਭੈਣੀ ਸਾਹਿਬ ਨੂੰ ਜਾਂਦਿਆਂ ਕਈ ਵਾਰ ਰੇਰੂ ਸਾਹਿਬ ਗੁਰਦੁਆਰੇ ਤੇ ਮਹਾਂ-ਪੁਰਸ਼ਾਂ ਦਾ ਦਰਸ਼ਨ ਕੀਤਾ। ਹਜ਼ੂਰ ਦਾ ਗ਼ਰੀਬ ਪਰਵਰ ਤੇ ਕ੍ਰਿਪਾਲੂ ਸੁਭਾਉ ਜਾਣਕੇ ਮਨ ਵਿੱਚ ਇਤਨਾ ਗਹਿਰਾ ਅਸਰ ਹੋਇਆ ਕਿ ਅੱਠ ਸਾਲ ਦੀ ਉਮਰ ਵਿੱਚ ਆਪਣੇ ਬੱਚੇ ਲਛਮਣ ਸਿੰਘ ਨੂੰ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਦੇ ਚਰਨਾਂ ਤੇ ਲਿਆ ਭੇਟਾ ਕੀਤਾ। ਨਾਲ ਹੀ ਅਰਜ਼ ਕੀਤੀ, "ਮਹਾਰਾਜ! ਹੁਣ ਇਹ ਆਪ ਦਾ ਹੀ ਹੈ ਆਪਣੇ ਚਰਨਾਂ ਵਿੱਚ ਰੱਖਕੇ ਸੇਵਾ ਤੇ ਲਾਓ।"

ਸੰਤ ਜੀ ਨੇ ਹੱਸਕੇ ਉੱਤਰ ਦਿਤਾ, "ਚੰਗਾ ਬਈ! ਏਹੋ ਜੇਹੇ ਨਿਮਾਣਿਆਂ ਦਾ ਮਾਣ ਤਾਂ ਕੇਵਲ ਗੁਰੂ ਨਾਨਕ ਦਾ ਦਰ ਹੀ ਹੁੰਦਾ ਹੈ ਸੋ ਛੱਡ ਜਾਓ। ਚੰਗੀ ਕਿਸਮਤ ਵਾਲਾ ਜਾਪਦਾ ਹੈ।" ਹੋਰ ਸੱਜਣ ਕਹਿਣ ਲੱਗੇ, "ਮਹਾਰਾਜ! ਇਹ ਤਾਂ ਨੇਤਰਾਂ ਤੋਂ ਹੀਣਾ ਅਰਥੀ ਬਾਲਕ ਹੈ। ਇਹ ਅਸਥਾਨ ਦੀ ਸੇਵਾ ਕਰੇਗਾ ਜਾਂ ਤੁਹਾਨੂੰ ਇਸਦੀ ਸੇਵਾ ਕਰਨੀ ਪਵੇਗੀ?" ਸੰਤ ਜੀ ਕਹਿਣ ਲੱਗੇ, "ਪ੍ਰੇਮੀਓ! ਕੁਦਰਤ ਦੇ ਰੰਗ ਤੱਕੋ। ਅਸੀਂ ਇਸ ਤੋਂ ਬਹੁਤ ਵੱਡੀ ਸੇਵਾ ਲੈਣੀ ਹੈ। ਜਿਸ ਨੂੰ ਅੱਜ ਕਹਿੰਦੇ ਹੋ ਕਿ ਸਾਨੂੰ ਪਾਲਣਾ ਮੁਸ਼ਕਲ ਹੈ, ਸਮਾਂ ਪਾਕੇ ਏਹੋ ਜੇਹਾ ਪ੍ਰਸਿੱਧ ਰਾਗੀ ਬਣੇਗਾ ਜਿਸਦੀ ਸੰਗਤ ਦੁਆਰਾ ਹੋਰ ਹਜ਼ਾਰਾਂ ਯਤੀਮਾਂ ਦੀ ਰੋਜ਼ੀ ਚਲੇਗੀ।"

ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥

(ਪੰਨਾ ੧੦੬੬)

ਆਉਂਦਿਆਂ ਹੀ ਸੰਤਾਂ ਦਾ ਵਰ ਹੋ ਗਿਆ ਜੋ ਕਦੇ ਖ਼ਾਲੀ ਨਹੀਂ ਸੀ ਗਿਆ। ਉਸੇ ਦਿਨ ਤੋਂ ਸੰਤ ਜੀ ਮਹਾਰਾਜ ਰਾਗਾ ਸਿੰਘ ਆਖਕੇ ਬੁਲਾਇਆ ਕਰਦੇ।

ਇਕ ਦਿਨ ਸ਼ਾਮ ਦੇ ਦੀਵਾਨ ਵਿੱਚ ਕੜਾਹ ਪ੍ਰਸ਼ਾਦਿ ਦੀ ਦੇਗ ਵਰਤੀ। ਸੰਤ ਜੀ ਨੇ ਕਿਣਕਾ ਮਾਤਰ ਲੈ ਕੇ ਬਾਕੀ ਦੀ ਲਛਮਣ ਸਿੰਘ ਨੂੰ ਦੇ ਦਿੱਤੀ ਅਤੇ ਪ੍ਰਸ਼ਾਦ ਵਾਲੇ ਹੱਥ ਮਲਦਿਆਂ ਆਖਿਆ, "ਰਾਗਾ ਸਿੰਘ! ਜਿਵੇਂ ਸਾਡੇ ਹੱਥਾਂ ਵਿੱਚ ਦੇਗ ਦਾ ਘਿਓ ਰਚਿਆ ਹੈ ਇਸੇ ਤਰ੍ਹਾਂ ਤੇਰੇ ਅੰਦਰ ਰਾਗ ਰਚ ਜਾਵੇਗਾ। ਉਸ ਸਮੇਂ ਸੰਤਾਂ ਨੇ ਆਖਿਆ, ਜਿਤਨੀ ਬਹੁਤੀ ਸੇਵਾ ਕਰੋਗੇ ਉਤਨੀ ਛੇਤੀ ਹਿਰਦਾ ਸ਼ੁੱਧ ਹੋ ਕੇ ਰਾਗ ਆਵੇਗਾ।" ਤਾਂ ਇਸਨੇ ਹੋਰ ਸੇਵਾ ਤੋਂ ਬਿਨਾਂ ਲੰਗਰ ਦੇ ਬਰਤਨ ਸਾਫ਼ ਕਰਨੇ, ਖੂਹੀ ਵਿੱਚੋਂ ਜਲ ਕੱਢਣਾ, ਪ੍ਰਸ਼ਾਦੇ ਪਕਾਉਣ ਸਮੇਂ ਪੇੜੇ ਬਣਾਉਣੇ ਤੇ ਨਾਲ-ਨਾਲ ਬਾਣੀ ਦਾ ਪਾਠ ਵੀ ਕਰੀ ਜਾਣਾ। ਫੇਰ ਰਾਗੀ ਤ੍ਰਿਲੋਕ ਸਿੰਘ ਤੋਂ ਕੁਝ ਕੁ ਜੋੜੀ ਦੀਆਂ ਗਤਾਂ ਸਿਖਵਾ ਕੇ ਸੰਤ ਜੀ ਆਪਣੇ ਨਾਲ ਵਜਵਾਇਆ ਕਰਦੇ।

ਇਕ ਸਾਲ 'ਸਾਰਾ ਗੜ੍ਹੀ' ਗੁਰਦੁਆਰੇ ਦੇ ਗ੍ਰੰਥੀ ਪਾਸ ਅੰਮ੍ਰਿਤਸਰ ਭੇਜਕੇ ਰਾਗ ਵਿਦਿਆਲੇ ਚੋਂ ਕੀਰਤਨ ਸਿਖਾਇਆ ਉਪਰੰਤ ਗੁਰਦੁਆਰੇ ਸਾਹਿਬ ਵਾਪਸ ਆ ਕੇ ਦੋਨੋਂ ਸਮੇਂ ਗੁਰੂ ਦਰਬਾਰ ਵਿੱਚ ਕੀਰਤਨ ਦੁਆਰਾ ਹਾਜ਼ਰੀ ਭਰਦੇ ਰਹੇ। ਪਿੰਡਾਂ ਵਿੱਚ ਅਖੰਡ ਪਾਠਾਂ ਦੇ ਭੋਗ ਅਤੇ ਅਨੰਦ ਕਾਰਜਾਂ ਦੇ ਸਮੇਂ ਵੀ ਜਾਂਦੇ। ਸੈਦੂ ਸਾਹਿਬ ਸੰਤ ਜੀ ਮਹਾਰਾਜ ਨਾਲ ਵੀ ਜਾਂਦੇ। ਹਰਿਦੁਆਰ ਦੀ ਯਾਤਰਾ ਸਮੇਂ ਸੰਤ ਭਗਵਾਨ ਸਿੰਘ ਜੀ ਨਾਲ ਏਹੋ ਹੀ ਜੋੜੀ ਵਜਾਇਆ ਕਰਦੇ। ਇਸਨੇ ਲੇਖਕ ਨੂੰ ਦਸਿਆ ਕਿ ਪਰਮ ਕ੍ਰਿਪਾਲੂ ਸੰਤ ਜੀ ਮਹਾਰਾਜ ਨੇ ਮੈਨੂੰ ਗੁਰਬਾਣੀ ਆਪ ਕੰਠ ਕਰਾਈ।

ਇਉਂ ਹਜ਼ੂਰ ਦੇ ਜੋਤੀ-ਜੋਤ ਸਮਾਉਣ ਤੱਕ ਦਸ ਸਾਲ ਸੰਤ ਮਹਾਰਾਜ ਦੇ ਚਰਨਾਂ ਵਿੱਚ ਰਹੇ। ਫੇਰ ਉਨ੍ਹਾਂ ਦੇ ਵਰਾਂ ਸਦਕਾ ਕਈ ਥਾਈਂ ਰਾਗ ਸਿਖਲਾਈ ਦੁਆਰਾ ਨਾਮਣਾ ਪ੍ਰਾਪਤ ਕੀਤਾ। ਉਹ ਕਹਿੰਦੇ ਸਨ, "ਮੈਂ ਕਿਤੋਂ ਰਾਗ ਨਹੀਂ ਸਿੱਖਿਆ ਸਿਰਫ ਉਨ੍ਹਾਂ ਦੇ ਵਰਾਂ ਨਾਲ ਹੀ ਸੰਗਤ ਮਾਣ ਸਤਿਕਾਰ ਕਰਦੀ ਹੈ।"

## ਵਿੱਦਿਆ

੧੯੪੦ ਈਸਵੀ ਵਿੱਚ ਯੂਨੀਵਰਸਿਟੀ ਦੀ ਗਿਆਨੀ ਦਾ ਇਮਤਿਹਾਨ ਦੇ ਕੇ ਕਈ ਜਗ੍ਹਾ ਪੜ੍ਹਾਈ ਵੀ ਕਰਵਾਈ। ਇਸੇ ਤਰ੍ਹਾਂ ਸੰਗੀਤ ਪੁਸਤਕਾਂ ਦੁਆਰਾ ਇਮਤਿਹਾਨ ਦੇ ਕੇ ਗਵਾਲੀਅਰ ਦੇ ਗੰਧਰਬੀ ਦੀ ਡਿਗਰੀ ਪ੍ਰਾਪਤ ਕੀਤੀ। ਦੋ ਸਾਲ ਜ਼ਿਲ੍ਹਾ ਅੰਬਾਲੇ ਵਿੱਚ ਮਾਨਪੁਰ ਪਿੰਡ ਰਾਗ ਸਿਖਾਇਆ।

# ਸੇਵਾਵਾਂ

ਪਹਿਲਾਂ ਤਾਂ ਕੁਝ ਕੁ ਸਾਲ ਲੁਧਿਆਣਾ ਪ੍ਰਾਈਵੇਟ ਵਿਦਿਆਲਾ ਖੋਲ੍ਹ ਕੇ ਰਾਗ ਸਿਖਾਇਆ। ਫੇਰ ਛੇ ਸਾਲ ਲੁਧਿਆਣਾ ਮਾਲੇਰਕੋਟਲਾ ਰੋਡ ਤੇ ਡੇਹਲੋਂ ਦੇ ਪਾਸ ਨਹਿਰ ਦੇ ਕੰਢੇ ਦਸਮ ਪਾਤਸ਼ਾਹ ਜੀ ਦੇ ਪਾਵਨ ਅਸਥਾਨ ਫਲਾਹੀ ਸਾਹਿਬ ਗੁਰਦੁਆਰੇ ਦੀ ਸੇਵਾ ਕਰਦੇ ਰਹੇ। ੧੯੫੭ ਈਸਵੀ ਤੋਂ ੧੯੬੬ ਤੱਕ ਨੌਂ ਸਾਲ ਪਿੰਡ ਆਲਮਗੀਰ ਗੁਰਦੁਆਰਾ ਪਾਤਸ਼ਾਹੀ ਦਸਵੀਂ ਦੀ ਸੇਵਾ ਕਰਵਾਈ। ਏਥੋਂ ਦਾ ਸਰੋਵਰ ਜੋ ਪਹਿਲਾਂ ਕੱਚਾ ਸੀ ਉਹ ਆਪ ਜੀ ਦੇ ਉੱਦਮ ਨਾਲ ਪੱਕਾ ਬਣਿਆ। ਛੇ ਮੰਜਲਾਂ ਗੁਰਦੁਆਰਾ ਸਾਹਿਬ ਤਿਆਰ ਹੋਇਆ। ਲੰਗਰ ਦਾ ਹਾਲ ਮਕੁੰਮਲ ਕੀਤਾ, ਜਿਸਦੀ ਨੀਂਹ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋ ਕੇ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ ਰੱਖੀ। ਇਨ੍ਹਾਂ ਇਮਾਰਤਾਂ ਦੀ ਸੇਵਾ ਤੋਂ ਇਲਾਵਾ ਸਵਾ ਲੱਖ ਸ੍ਰੀ ਜਪੁਜੀ ਸਾਹਿਬ ਦਾ ਪਾਠ ਤੇ ਸਵਾ ਲੱਖ ਬੇਨਤੀ ਚੌਪਈ ਦਾ ਪਾਠ ਸੰਗਤਾਂ ਪਾਸੋਂ ਕਰਵਾਇਆ, ਬੇਅੰਤ ਰਾਗੀ ਬਣਾਏ।

ਅੱਜ ਕਲ੍ਹ ਆਪਣੀ ਜ਼ਰ ਖਰੀਦ ਜ਼ਮੀਨ ਵਿੱਚ ਅਸਥਾਨ ਬਣਾਕੇ ਦਸਮੇਸ਼ ਨਗਰ ਗੁਰੂ ਨਾਨਕ ਦਰਬਾਰ (ਗਿੱਲ ਰੋਡ ਲੁਧਿਆਣਾ ੩) ਰਾਗ ਵਿਦਿਆਲਾ ਖੋਲ੍ਹ ਕੇ ਕੀਰਤਨ ਦੀ ਸਿਖਲਾਈ ਕਰਵਾ ਰਹੇ ਹਨ। ਦੋਨੋਂ ਸਮੇਂ ਕੀਰਤਨ ਦਾ ਪ੍ਰਵਾਹ ਤੇ ਗੁਰੂ ਕਾ ਲੰਗਰ ਚਲਦਾ ਹੈ। ਹਰੇਕ ਸਾਲ ਯਾਤਰਾ ਬੱਸਾਂ ਦੁਆਰਾ ਸੰਗਤ ਨੂੰ ਗੁਰਧਾਮਾਂ ਦੀ ਯਾਤਰਾ ਕਰਵਾਉਂਦੇ ਹਨ।

ਇਉਂ ਇੱਕ ਯਤੀਮ ਤੇ ਅਰਥੀ ਬਾਲਕ ਮਹਾਂ-ਪੁਰਸ਼ਾਂ ਦੀ ਬਖ਼ਸ਼ਿਸ਼ ਦਾ ਸਦਕਾ ਇਤਨੀ ਤਰੱਕੀ ਕਰ ਗਿਆ। ਇਹ ਸਭ ਨਾਮ ਜਪਣ ਵਾਲੇ ਦੀਆਂ ਬਰਕਤਾਂ ਹਨ।

# ਧੰਨਵਾਦਕ-ਪ੍ਰਾਰਥਨਾ

*ਦੋਹਿਰਾ: ਅੱਜ ਪਰਕਿਰਤੀ ਜੜ੍ਹ ਅਹੈ, ਜਾਂਕੀ ਸੱਤਾ ਪਾਇ॥*
*ਕਰੇ ਚੇਸ਼ਟਾ ਭਵ ਵਿਖੇ, ਨਿਰਗੁਣ ਬ੍ਰਹਮ ਸਹਾਇ ॥੧॥*
*ਕਬਿੱਤ: ਦੇਖਿਓ ਸੁਲਤਾਨਪੁਰ ਗ੍ਰਿਹੀ ਔ ਵਪਾਰੀ ਭਾਰੀ,*
*ਲਾਲੋ ਘਰ ਮਾਹਿ ਬ੍ਰਹਮਚਾਰੀ ਕੇ ਸਰੂਪ ਹੈ।*
*ਮੱਕੇ ਮਾਹਿ ਹਾਜੀ ਅਰ ਕਾਜ਼ੀ ਹੈ ਮਦੀਨੇ ਵਿਖੇ,*
*ਕਾਸ਼ੀ ਵਿੱਚ ਬੈਠੇ ਬਣ ਪੰਡਿਤ ਅਨੂਪ ਹੈ।*
*ਅਚਲ ਬਟਾਲੇ ਯੋਗਿਰਾਜ ਮੋਹਿ ਭਾਸਤ ਹੈ,*
*ਬਣਿਓਂ ਕਰਤਾਰ ਪਰ ਭੂਪਨ ਕੋ ਭੂਪ ਹੈ।*
*ਯੱਦਪਿ ਹੈ ਰੂਪ ਰੰਗ ਰਹਿਤ ਅਰੂਪ ਬਾਬਾ,*
*ਤੱਦਪਿ ਬ੍ਰਿਜੇਸ਼ ਆਖ ਦੇਖੋ ਸਭ ਰੂਪ ਹੈ ॥੨॥*
*ਦੋਹਿਰਾ: ਅੰਗਦ ਚੰਦ ਅਮੰਦ ਗੁਰ, ਸਮ ਨਾ ਦੁਤੀਆ ਚੰਦ।*
*ਚੰਦਨ ਸਮ ਸਦ ਸ਼ਾਂਤ ਦਾ, ਸੰਪਟ ਪਾਨਹਿ ਬੰਦ ॥੩॥*
*ਅਮਿਅ ਦ੍ਰਿਸ਼ਟ ਗੁਰ ਅਮਰ ਕੀ, ਆਮੀ ਕੀਏ ਅਨਾਮ।*
*ਅਮਰ ਭਏ ਸਭ ਦਾਸ ਜਿਨ, ਜੁਗਲ ਪਾਦ ਪ੍ਰਣਾਮ ॥੪॥*
*ਸੋਢਬੰਸ ਕੇ ਕਲਸ ਕੋ, ਸਿਮਰੂੰ ਮਨ ਬਚ ਕਾਇ।*
*ਰਾਮਦਾਸ ਸ੍ਰੀ ਸਤਿਗੁਰੂ, ਨਾਮ ਧਯਾਇ ਅਘ ਜਾਇ ॥੫॥*
*ਸ੍ਰੀ ਅਰਜਨ ਅਰਜਨ ਗੁਰੂ, ਅਰਜਨ ਅਰਜਨ ਬਾਨਿ।*
*ਅਰਿਜਨ ਅਰਜਨ ਨਿਜ ਸੁਨੈ, ਬਾਣੀ ਅਰਜਨ ਦਾਨ ॥੬॥*
*ਧਰਨੀ ਭਾਰ ਉਤਾਰਬੇ, ਹਤੇ ਮਲੇਛਨ ਬ੍ਰਿੰਦ।*
*ਪਾਦ ਪਦਮ ਸਮ ਧਯਾਨ ਧਰ, ਨਮੋ ਸ੍ਰੀ ਹਰਗੋਬਿੰਦ ॥੭॥*
*ਰੰਕਹਿ ਕਰੇ ਮਹੀਪਤੇ, ਸ੍ਰੀ ਸਤਿਗੁਰ ਹਰਿਰਾਇ।*
*ਜੁਗਲ ਪਾਦ ਸਮ ਕੋਕ ਨਦ, ਸੀਸ ਨਿਵੈ ਅਘ ਜਾਇ ॥੮॥*
*ਛਟੀ ਧਰੀ ਨਿਜ ਸੀਸ ਪਰ, ਮੂਰਖ ਝੀਵਰ ਜਾਨ।*
*ਗੁਰ ਅਸ਼ਟਮ ਕੇ ਪਦ ਨਮੋ, ਹਤੇ ਵਿਦੂਖਨ ਮਾਨ ॥੯॥*
*ਸ਼ਰਨਪਾਲ ਨਿਜ ਬਿਰਦ ਲਖ, ਰਾਖੀ ਜਿਨ ਹਿੰਦਵੈਨ।*
*ਤੇਗ ਬਾਹਦੁਰ ਬੰਦਨਾ, ਹਰੇ ਮੂਲ ਤੁਰਕੈਨ ॥੧੦॥*
*ਮਾਣ ਨਿਮਾਨਣ ਹਾਨ ਰਿਪ ਧਰੈ ਕੁਦੰਡਿਹ ਬਾਨ।*
*ਤ੍ਰਾਨ ਕਰੈ ਨਿਜ ਦਾਸ ਕੀ, ਗੋਬਿੰਦ ਸਿੰਘ ਮਹਾਨ ॥੧੧॥*
*ਸਿੰਧ ਹੁਤਾਸਨ ਤਾਰਬੇ, ਬਾਨੀ ਰੂਪ ਜਹਾਜ।*
*ਪੜ੍ਹੇ ਸੁਣੇ ਭਵ ਪਾਰ ਹ੍ਵੈ, ਗੁਰੂ ਗ੍ਰੰਥ ਮਹਾਰਾਜ ॥੧੨॥*
*ਕਬਿੱਤ: ਸੂਮ ਮਤਿਹਾਰੀ ਮੇਘ ਛਾਯਾ ਸੀ ਚਪਲ ਮਾਇਆ,*
*ਹੋਇ ਕਰ ਦਾਸੀ ਤੇਰੇ ਪਗ ਮਲਤੀ ਰਹੇ।*
*ਕਾਮ ਜੋ ਅਰੰਭਹਿ ਸੋ ਪੂਰੇ ਹੋਹਿ ਭਲੀ ਭਾਂਤ,*
*ਅਤੇ ਉਨ ਮਾਂਹਿ ਨਾਂਹਿ ਕੋਊ ਗ਼ਲਤੀ ਰਹੇ।*
*ਆਓ ਬੈਠੋ ਖਾਓ ਪੀਓ ਰਹੋ ਪੜ੍ਹੋ ਓਢੋ ਲਓ,*
*ਐਸੇ ਵਾਕ ਬੋਲਨ ਮਹਿੰ ਜੁਬਾਂ ਹਲਤੀ ਰਹੇ।*

*ਬੀਰ ਬਰ ਖਾਲਸਾ ਦੁਲਾਰੇ ਦਸਮੇਸ਼ ਜੂ ਕੇ,*
*ਕੜਛੀ ਕ੍ਰਿਪਾਨ ਤੇਰੀ ਨਿੱਤ ਚਲਤੀ ਰਹੇ॥੧੩॥*
*ਦੋਹਿਰਾ:ਕਰਮ ਮੰਦ ਅਵਿਲੋਕ ਕੈ, ਕਰਮ ਕਰੈ ਧਰ ਹਾਥ।*
*ਕਰਮ ਹਰੀ ਕੇ ਕਮਲ ਪਦ, ਬੰਦ ਨਿਵਾਊ ਮਾਥ ॥੧੪॥*
*ਮਨ ਅਨਗਨ ਸੰਕਲਪ ਬਨ, ਕੰਟਕ ਦੁਖਦ ਅਪਾਰ।*
*ਅਤਰ ਪਾਦ ਕੀ ਰਜ ਕਣੀ,*
*ਅਗਨ ਜਗਨ ਕਰ ਛਾਰ ॥੧੫॥*
*ਬੈਨ ਸੁਣੇ ਮਨ ਚੈਨ ਹ੍ਵੈ, ਕੇਵਲ ਦੈਵਨ ਦਾਸ।*
*ਸਤ ਚਿਤ ਆਨੰਦ ਈਸ ਬਪੁ,*
*ਹਰਹਿ ਕੁਕਰਮਹਿ ਪਾਸ॥੧੬॥*
*ਰਾਜ ਯੋਗ ਮਹਿ ਸਮ ਬਿਰਤ, ਹਰਖ ਸ਼ੋਕ ਨਹਿ ਲੇਸ।*
*ਰਾਮ ਮਲਿੰਦ ਅਰਬਿੰਦ ਪਦ, ਕਿਸ਼ਨ ਹਰੀ ਆਦੇਸ ॥੧੭॥*
*ਮੋਹਨ ਸਮ ਮੋਹ-ਹਨ ਕਰੋ, ਹੇ ਮੋਹਨ ਕੇ ਨਾਥ।*
*ਮੋਹ ਨ ਮਿਟੈ ਤਵ ਸ਼ਰਨ ਬਿਨ, ਮਾਥੈ ਧਰੀਓ ਹਾਥ ॥੧੮॥*

*ਚਰਨ ਰਜ- ਗਿਆਨੀ ਮੋਹਨ ਸਿੰਘ "ਅਜ਼ਾਦ"*

# ਗਿਆਨੀ ਮੋਹਨ ਸਿੰਘ ਜੀ "ਅਜ਼ਾਦ" ਦੀ ਕਲਮ ਤੋਂ ਲਿਖੀਆਂ ਅਦਭੁੱਦ ਪੁਸਤਕਾਂ

*ਪੱਛਮੀ ਪ੍ਰਕਾਸ਼*
*ਅਰਥਾਤ ਹੋਤੀ ਮਰਦਾਨ ਦਾ ਨੂਰ*
*ਜੀਵਨ ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ*
*(ਹੋਤੀ ਮਰਦਾਨ ਵਾਲੇ)*

*ਰੂਹਾਨੀ ਸੰਦੇਸ਼ ਦੋਵੇਂ ਭਾਗ*
*ਸ੍ਰੀ ਹਜ਼ੂਰ ੧੧੧ ਸੰਤ ਮਹਾਰਾਜ ਈਸ਼ਰ ਸਿੰਘ ਜੀ*
*ਅਤੇ ਸੰਤ ਮਹਾਰਾਜ ਕਿਸ਼ਨ ਸਿੰਘ ਜੀ*
*ਰਾੜਾ ਸਾਹਿਬ ਵਾਲਿਆ ਦਾ ਮੁਕੰਮਲ ਜੀਵਨ*

*ਗਿਆਨ ਸੁਧਾਕਰ*
*ਸ੍ਰੀ ਮਾਨ ੧੦੮ ਸੰਤ ਬਾਬਾ ਚੰਦ ਸਿੰਘ ਜੀ*
*ਕੱਟੂ ਵਾਲਿਆਂ ਦਾ ਮੁਕੰਮਲ ਜੀਵਨ*

*ਰੂਹਾਨੀ ਜੀਵਨ ਪ੍ਰਕਾਸ਼*
*ਸੰਤ ਮਹਾਰਾਜ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਤੋਂ ਵਰੋਸਾਏ ਹੋਏ ਸ੍ਰੀ ਮਾਨ ੧੧੧ ਸੰਤ ਬਾਬਾ ਹਰਨਾਮ ਸਿੰਘ ਜੀ ਜਿਆਣ ਵਾਲਿਆਂ ਦਾ ਜੀਵਨ*

*-ਮਿਲਣ ਦਾ ਪਤਾ:*
*ਲਾਇਬਰੇਰੀ ਗੁਰਦੁਆਰਾ ਕਰਮਸਰ (ਰਾੜਾ ਸਾਹਿਬ)*